# ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਿੱਖ ਗੁਰੂ-ਕਾਵਿ ਵਿਚ ਆਏ ਮਿੱਥਕ ਹਵਾਲਿਆਂ ਅਤੇ ਸੰਕੇਤਾਂ ਦਾ ਦਾਰਸ਼ਨਿਕ ਅਧਿਐਨ

# GURU GRANTH SAHIB VICH DARAJ SIKH GURU-KAV VICH AAE MYTHIC HAWALIAN ATE SANKETAN DA DARSHNIK ADHIAN

P. U. LIBRARY CHANDIGARH

**A THESIS**
**Submitted to the**
**FACULTY OF LANGUAGES**
**PANJAB UNIVERSITY, CHANDIGARH**
**for the Degree of**
**DOCTOR OF PHILOSOPHY**
**2007**

**BHUPINDER SINGH**
**SCHOOL OF PANJABI STUDIES**
**PANJAB UNIVERSITY,**
**CHANDIGARH**

# ਸਮਰਪਣ

*

ਆਪਣੇ ਪੂਜਨੀਯ ਪਿਤਾ ਸਵਰਗੀ ਸ੍ਰ. ਮਹਿੰਦਰ ਸਿੰਘ ਜੀ ਨੂੰ ਅਤੇ ਆਪਣੀ ਮਾਤਾ ਸਵਰਗੀ ਸ੍ਰੀਮਤੀ ਗੁਰਦੀਪ ਕੌਰ ਜੀ ਨੂੰ ਜਿਨ੍ਹਾਂ ਆਪਣੇ ਜੀਉਂਦੇ ਜੀ ਇਸ ਖੋਜ-ਕਾਰਜ ਨੂੰ ਕਰਵਾਉਣ ਦਾ ਸੁਪਨਾ ਲਿਆ ਸੀ।

# ਤਤਕਰਾ


ਪੰਨਾ ਨੰਬਰ

ਆਦਿਕਾ 1–4

ਅਧਿਆਇ ਪਹਿਲਾ: 7–48

ਮਿੱਥ ਦਾ ਸਿਧਾਂਤਕ ਪਰਿਪੇਖ

ਅਧਿਆਇ ਦੂਜਾ: 49–100

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ-ਬਾਣੀ ਦਾ ਮਿਥਿਹਾਸਕ ਸਰੂਪ

ਅਧਿਆਇ ਤੀਜਾ: 101–226

ਗੁਰੂ ਗ੍ਰੰਥ ਸਾਹਿਬ ਵਿਚ ਆਏ ਮਿਥਿਹਾਸਕ ਹਵਾਲਿਆਂ ਅਤੇ ਸੰਕੇਤਾਂ ਦਾ ਦਾਰਸ਼ਨਿਕ ਆਧਾਰ

ਅਧਿਆਇ ਚੌਥਾ: 227–318

ਗੁਰੂ ਗ੍ਰੰਥ ਸਾਹਿਬ ਦਰਜ ਗੁਰੂ-ਬਾਣੀ ਦੇ ਮਿਥਿਹਾਸਕ ਉਸਾਰੀ ਪੈਟਰਨ

ਅਧਿਆਇ ਪੰਜਵਾਂ: 319–388

ਗੁਰੂ ਗ੍ਰੰਥ ਸਾਹਬਿ ਵਿਚ ਦਰਜ ਗੁਰੂ-ਬਾਣੀ ਵਿਚਲੇ ਮਿਥਿਹਾਸਕ ਅੰਸ਼ਾਂ ਦਾ ਕਲਾਤਮਕ ਪੱਖ

ਅੰਤਿਕਾ 389–392

ਪੁਸਤਕ ਸੂਚੀ 393–407

# ਆਦਿਕਾ

ਮਿੱਥ ਕਥਾਵਾਂ ਕਿਸੇ ਸਭਿਆਚਾਰ ਦਾ ਮੌਖਿਕ ਭੰਡਾਰ ਹਨ। ਸਮਾਜ ਦੇ ਸਭਿਆਚਾਰਕ ਧਰਾਤਲ ਤੱਕ ਪਹੁੰਚਣ ਲਈ ਅਤੇ ਸਾਹਿਤ ਦੀ ਦਾਰਸ਼ਨਿਕਤਾ ਨੂੰ ਸਮਝਣ ਲਈ ਮਿੱਥ ਕਥਾਵਾਂ ਦਾ ਅਧਿਐਨ ਕਰਨਾ ਜ਼ਰੂਰੀ ਹੈ। ਇਸੇ ਕਰਕੇ ਸੰਤਾਂ, ਮਹਾਂਪੁਰਖਾਂ, ਗੁਰੂਆਂ, ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਇਨ੍ਹਾਂ ਦੀ ਵਰਤੋਂ ਕੀਤੀ ਹੈ। ਗੁਰੂ ਸਾਹਿਬਾਨ ਨੇ ਵੀ ਗੁਰੂ-ਬਾਣੀ ਵਿਚ ਮਿੱਥ ਕਥਾਵਾਂ ਨੂੰ ਬਤੌਰ ਹਵਾਲੇ ਅਤੇ ਸੰਕੇਤਾਂ ਦੇ ਪੇਸ਼ ਕਰਕੇ ਆਪਣਾ ਦਾਰਸ਼ਨਿਕ ਸੰਦੇਸ਼ ਦਿੱਤਾ ਹੈ।

ਗੁਰੂ ਸਾਹਿਬ ਦਾ ਮਿੱਥ ਕਥਾਵਾਂ ਨੂੰ ਗੁਰਮਤਿ ਦੇ ਸੰਦਰਭ ਵਿਚ ਰੱਖ ਕੇ ਵਿਚਾਰਨ ਦਾ ਮਕਸਦ ਗੁਰਮਤਿ ਸਿਧਾਂਤ ਦੀ ਪੁਸ਼ਟੀ ਕਰਵਾਉਣਾ ਹੈ। ਸਮੁੱਚੇ ਅਧਿਐਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਗੁਰੂ ਸਾਹਿਬ ਮਿੱਥ ਕਥਾਵਾਂ ਨੂੰ ਕਿਸੇ ਸਿਧਾਂਤ ਦੀ ਪੁਸ਼ਟੀ ਲਈ ਉਦਾਹਰਣ ਵਜੋਂ ਵਰਤਦੇ ਹਨ। ਗੁਰੂ ਸਾਹਿਬ ਨੇ ਗੁੱਝੀਆਂ ਰਹੱਸਾਤਮਕ ਅਤੇ ਅਧਿਆਤਮਕ ਅਨੁਭੂਤੀਆਂ ਦਾ ਲੋਕ ਮਨ ਤੇ ਸੁਹਜਮਈ ਪ੍ਰਭਾਵ ਪਾਉਣ ਲਈ ਇਨ੍ਹਾਂ ਮਿੱਥ ਕਥਾਵਾਂ ਦੀ ਵਰਤੋਂ ਕੀਤੀ ਹੈ ਅਤੇ ਅਧਿਆਤਮਕ ਵਿਸ਼ੇ ਦੀ ਅਭਿਵਿਅੰਜਨਾ ਲਈ ਮਿੱਥ ਦੇ ਸੁਹਜ ਸੰਕਲਪ ਨੂੰ ਵਰਤੋਂ ਵਿਚ ਲਿਆਂਦਾ ਹੈ। ਗੁਰੂ ਸਾਹਿਬ ਦਾ ਉਦੇਸ਼ ਮਨੁੱਖ ਨੂੰ ਅਧਿਆਤਮਕਤਾ ਦੇ ਡੂੰਘੇ ਅਨੁਭਵ ਦਾ ਅਹਿਸਾਸ ਕਰਵਾਅ ਕੇ ਮਨੁੱਖੀ ਮਨ ਵਿਚ ਤੀਬਰ ਜਗਿਆਸਾ ਜਗਾਉਣਾ ਹੈ।

ਖੋਜ-ਪ੍ਰਬੰਧ ਦੇ ਪਹਿਲੇ ਅਧਿਆਇ 'ਮਿੱਥ ਦਾ ਸਿਧਾਂਤਕ ਪਰਿਪੇਖ' ਵਿਚ ਮਿੱਥ ਦਾ ਸ਼ਬਦਾਰਥਕ ਇਤਿਹਾਸ ਅਤੇ ਅਰਥ, ਮਿੱਥ ਦੀਆਂ ਵੱਖ-ਵੱਖ ਵਿਦਵਾਨਾਂ ਦੁਆਰਾ ਦਿੱਤੀਆਂ

ਪਰਿਭਾਸ਼ਾਵਾਂ, ਮਿੱਥ ਦੀ ਪ੍ਰਕਿਰਤੀ ਤੇ ਮਹੱਤਤਾ ਅਤੇ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਵਿਦਵਾਨਾਂ ਦੁਆਰਾ ਦਿੱਤੇ ਸਿਧਾਂਤਾਂ ਬਾਰੇ ਚਰਚਾ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਖੋਜ-ਪ੍ਰਬੰਧ ਦੇ ਦੂਜੇ ਅਧਿਆਇ 'ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ-ਬਾਣੀ ਦਾ ਮਿਥਿਹਾਸਕ ਸਰੂਪ' ਵਿਚ ਗੁਰੂ-ਬਾਣੀ ਦੀ ਪੂਰਵ ਮਿੱਥਕ ਪਰੰਪਰਾ ਦਾ ਅਧਿਐਨ ਕਰਦਿਆਂ ਪੂਰਵ ਆਰਿਆਈ ਪਰੰਪਰਾ, ਆਰਿਆਈ ਪਰੰਪਰਾ, ਬੋਧੀ/ਜੈਨੀ ਪਰੰਪਰਾ, ਇਸਲਾਮੀ ਪਰੰਪਰਾ, ਯੂਨਾਨੀ ਪਰੰਪਰਾ ਸਬੰਧੀ ਅਧਿਐਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਗੁਰੂ-ਬਾਣੀ ਦੁਆਰਾ ਪੇਸ਼ ਮਿੱਥਾਂ ਦੇ ਸਾਕਾਰਾਤਮਕ ਤੇ ਨਾਕਾਰਾਤਮਕ ਪੱਖ ਬਾਰੇ ਵੀ ਵਿਚਾਰ ਚਰਚਾ ਕੀਤੀ ਜਾਵੇਗੀ। ਸਾਕਾਰਾਤਮਕ ਪੱਖ ਤੋਂ ਗੁਰੂ-ਬਾਣੀ ਮੱਧ ਕਾਲ ਦੇ ਅਵਤਾਰ/ਦੇਵੀ ਦੇਵਤਿਆਂ ਦੇ ਨਾਵਾਂ ਨੂੰ ਬ੍ਰਹਮ ਦੇ ਪ੍ਰਤੀਕ ਅਤੇ ਚਿੰਨ੍ਹ ਵਜੋਂ ਵਰਤਦੇ ਹੋਏ ਭਗਤੀ ਭਾਵ ਨੂੰ ਦ੍ਰਿੜ ਕਰਵਾਉਣ ਅਤੇ ਵਿਸ਼ੇ ਵਿਕਾਰਾਂ ਨੂੰ ਤਿਆਗਣ ਦਾ ਉਪਦੇਸ਼ ਦਿੰਦੀ ਨਜ਼ਰ ਆਉਂਦੀ ਹੈ। ਨਾਕਾਰਾਤਮਕ ਪੱਖ ਦੀ ਪੇਸ਼ਕਾਰੀ ਰਾਹੀਂ ਗੁਰੂ ਸਾਹਿਬ ਅਵਤਾਰ, ਦੇਵੀ ਦੇਵਤਿਆਂ ਦੀਆਂ ਵਿਸ਼ੇ ਵਿਕਾਰ ਦੀਆਂ ਰੁਚੀਆਂ ਨੂੰ ਮਨੁੱਖ ਦੇ ਸਨਮੁਖ ਰੱਖ ਕੇ ਅਵਤਾਰਾਂ, ਦੇਵੀ ਦੇਵਤਿਆਂ ਦੀ ਪੂਜਾ ਛੱਡ ਕੇ ਬ੍ਰਹਮ (ਰੱਬ) ਦੀ ਭਗਤੀ ਕਰਨ ਦਾ ਦਾਰਸ਼ਨਿਕ ਉਪਦੇਸ਼ ਦਿੰਦੇ ਪ੍ਰਤੀਤ ਹੁੰਦੇ ਹਨ।

ਖੋਜ-ਪ੍ਰਬੰਧ ਦੇ ਤੀਸਰੇ ਅਧਿਆਇ 'ਗੁਰੂ ਗ੍ਰੰਥ ਸਾਹਿਬ ਵਿਚ ਆਏ ਮਿਥਿਹਾਸਕ ਹਵਾਲਿਆਂ ਅਤੇ ਸੰਕੇਤਾਂ ਦਾ ਦਾਰਸ਼ਨਿਕ ਆਧਾਰ' ਵਿਚ ਦਰਸ਼ਨ ਦਾ ਅਰਥ; ਪਰਿਭਾਸ਼ਾ; ਖੇਤਰ; ਦਰਸ਼ਨ ਤੇ ਧਰਮ, ਮਿੱਥ ਅਤੇ ਦਰਸ਼ਨ ਦੇ ਆਪਸੀ ਸਬੰਧਾਂ ਦੀ ਪੇਸ਼ਕਾਰੀ ਉਪਰੰਤ ਗੁਰੂ-ਬਾਣੀ ਵਿਚ ਦਰਸ਼ਨ ਦੀ ਭੂਮਿਕਾ ਨੂੰ ਵਿਚਾਰਿਆ ਜਾਵੇਗਾ। ਇਸ ਤੋਂ ਇਲਾਵਾ ਮਿੱਥ ਅਤੇ ਦਰਸ਼ਨ ਅਨੁਸਾਰ ਬ੍ਰਹਮ ਦੇ ਸਰੂਪ; ਬ੍ਰਹਮ, ਸ੍ਰਿਸ਼ਟੀ, ਮਾਇਆ, ਜੀਵਾਤਮਾ, ਮੁਕਤੀ ਦੇ ਸੰਕਲਪ ਬਾਰੇ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਸ ਤੋਂ ਇਲਾਵਾ ਅਵਤਾਰਾਂ, ਦੇਵੀ ਦੇਵਤਿਆਂ,

ਰਿਸ਼ੀਆਂ, ਮੁਨੀਆਂ, ਰਾਜੇ, ਮਹਾਰਾਜਿਆਂ, ਦੈਂਤਾਂ, ਰਾਖਸ਼ਾਂ, ਦਾਨਵਾਂ ਨਾਲ ਸਬੰਧਿਤ ਮਿੱਥਕ ਹਵਾਲਿਆਂ ਅਤੇ ਸੰਕੇਤਾਂ ਦੇ ਦਾਰਸ਼ਨਿਕ ਆਧਾਰ ਦੀ ਪੇਸ਼ਕਾਰੀ ਨੂੰ ਵੀ ਦ੍ਰਿਸ਼ਟੀਗੋਚਰ ਕੀਤਾ ਜਾਵੇਗਾ।

ਖੋਜ-ਪ੍ਰਬੰਧ ਦੇ ਚੌਥੇ ਅਧਿਆਇ 'ਗੁਰੂ-ਬਾਣੀ ਦੇ ਮਿਥਿਹਾਸਕ ਉਸਾਰੀ ਪੈਟਰਨ' ਵਿਚ ਬ੍ਰਹਮ ਦੀ ਏਕਤਾ ਅਤੇ ਸਰਵਉੱਚਤਾ, ਬ੍ਰਹਮ ਦੁਆਰਾ ਸ੍ਰਿਸ਼ਟੀ ਰਚਨਾ, ਗੁਰੂ ਦੀ ਮਹੱਤਤਾ, ਭਗਤੀ ਦੀ ਮਹੱਤਤਾ, ਨਾਮ ਸਿਮਰਨ ਦੀ ਮਹੱਤਤਾ, ਸ਼ਖਸੀ/ਨੈਤਿਕ ਆਚਾਰ, ਨੇਕੀ ਤੇ ਬਦੀ ਸਬੰਧੀ ਮਿਥਿਹਾਸਕ ਉਸਾਰੀ ਪੈਟਰਨਾਂ ਬਾਰੇ ਵਿਚਾਰ ਕੀਤੀ ਜਾਵੇਗੀ।

ਖੋਜ-ਪ੍ਰਬੰਧ ਦੇ ਪੰਜਵੇਂ ਅਧਿਆਇ 'ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ-ਬਾਣੀ ਵਿਚਲੇ ਮਿਥਿਹਾਸਕ ਅੰਸ਼ਾਂ ਦਾ ਕਲਾਤਮਕ ਪੱਖ' ਵਿਚ ਗੁਰੂ ਸਾਹਿਬ ਦੁਆਰਾ ਪੇਸ਼ ਬ੍ਰਹਮ ਤੇ ਉਸਦੇ ਸਰੂਪ, ਬ੍ਰਹਮ ਦੇ ਦਰਬਾਰ, ਧਾਉਲ ਧਰਮ ਦੀ ਮਿੱਥ ਦੀ ਕ੍ਰਮਵਾਰ ਮਿੱਥ ਸਿਰਜਣਾ ਅਤੇ ਨਵ-ਸਿਰਜਣਾ ਦਾ ਵਰਨਣ ਕੀਤਾ ਜਾਵੇਗਾ। ਇਸ ਤੋਂ ਇਲਾਵਾ ਅਵਤਾਰਾਂ/ਦੇਵੀ-ਦੇਵਤਿਆਂ, ਸ੍ਰਿਸ਼ਟੀ ਦੇ ਰਚਨਾ ਕਾਲ, ਸ੍ਰਿਸ਼ਟੀ ਦੀ ਅਨੰਤਤਾ, ਚਾਰ ਯੁਗ, ਸਵਰਗ/ਨਰਕ, ਰਾਵਣ/ਰਾਮ, ਧੌਲ ਧਰਮ, ਕ੍ਰਿਸ਼ਨ/ਗੋਪੀਆਂ, ਜਮਰਾਜ, ਧਰਮਰਾਜ, ਸਮੁੰਦਰ ਮੰਥਨ ਆਰਤੀ ਸਬੰਧੀ ਮਿੱਥਾਂ ਦੇ ਰੂਪਾਂਤਰਣ ਦਾ ਅਧਿਐਨ ਪੇਸ਼ ਕੀਤਾ ਜਾਵੇਗਾ।

ਸਮੁੱਚੇ ਰੂਪ ਵਿਚ ਇਸ ਖੋਜ-ਪ੍ਰਬੰਧ ਵਿਚ ਇਹ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਗੁਰੂ ਸਾਹਿਬ ਬ੍ਰਹਮ, ਸ੍ਰਿਸ਼ਟੀ, ਜੀਵਾਤਮਾ, ਮਾਇਆ, ਮੁਕਤੀ ਆਦਿ ਦੇ ਬਿਖਮ ਦਾਰਸ਼ਨਿਕ ਸੰਕਲਪਾਂ ਨੂੰ ਮਿੱਥਕ ਹਵਾਲੇ ਅਤੇ ਸੰਕੇਤਾਂ ਰਾਹੀਂ ਡੀ ਕੋਡ ਕਰਕੇ, ਸਰਲ ਤੇ ਸੌਖੇ ਢੰਗ ਨਾਲ ਪੇਸ਼ ਕਰਕੇ ਮਨੁੱਖ ਦਾ ਧਿਆਨ ਪ੍ਰਭੂ ਭਗਤੀ, ਨਾਮ ਸਿਮਰਨ ਵੱਲ ਲਗਾਉਣਾ ਲੋਚਦੇ ਹਨ। ਇਸ

ਤਰ੍ਹਾਂ ਗੁਰੂ ਸਾਹਿਬ ਮਿੱਥ ਕਥਾਵਾਂ ਰਾਹੀਂ ਅਧਿਆਤਮਕਤਾ, ਨੈਤਿਕਤਾ, ਸਦਾਚਾਰਕਤਾ ਦਾ ਸੰਦੇਸ਼ ਦੇ ਕੇ ਮਨੁੱਖ ਸਿੱਧੇ ਰਾਹੇ ਪਾਉਣਾ ਚਾਹੁੰਦੇ ਹਨ।

**ਮੈਂ ਇਸ ਖੋਜ-ਪ੍ਰਬੰਧ ਸਬੰਧੀ ਇਕ ਜ਼ਰੂਰੀ ਨੁਕਤਾ ਸਪੱਸ਼ਟ ਕਰਨਾ ਚਾਹਵਾਂਗਾ ਕਿ ਮੇਰੇ ਇਸ ਖੋਜ-ਪ੍ਰਬੰਧ ਨਾਲ ਸਬੰਧਿਤ ਵਿਸ਼ੇ ਵਿਚ ਸਿੱਖ ਗੁਰੂ-ਕਾਵਿ ਸ਼ਬਦ ਵਰਤਿਆ ਗਿਆ ਹੈ। ਮੈਂ ਇਸੇ ਸਦਕਾ ਕੇਵਲ ਗੁਰੂਆਂ ਦੀ ਬਾਣੀ ਨੂੰ ਹੀ ਸ਼ਾਮਲ ਕੀਤਾ ਹੈ, ਭਗਤਾਂ ਦੀ ਬਾਣੀ ਨੂੰ ਨਹੀਂ। ਇਸ ਤੋਂ ਇਲਾਵਾ ਬਾਣੀ ਦੇ ਸਤਿਕਾਰ ਵਜੋਂ ਮੈਂ ਸਿੱਖ ਗੁਰੂ-ਕਾਵਿ ਦੀ ਜਗ੍ਹਾ ਗੁਰੂ-ਬਾਣੀ ਸ਼ਬਦ ਸਮੁੱਚੇ ਖੋਜ-ਪ੍ਰਬੰਧ ਵਿਚ ਵਰਤ ਰਿਹਾ ਹਾਂ ਜਿਸ ਲਈ ਮੈਂ ਖਿਮਾਂ ਦਾ ਜਾਚਕ ਹੋਵਾਂਗਾ। ਖੋਜ-ਪ੍ਰਬੰਧ ਦੇ ਵੱਖੋ-ਵੱਖਰੇ ਅਧਿਆਵਾਂ ਵਿਚ ਕੁਝ ਮਿੱਥਾਂ ਨੂੰ ਵੱਖਰੇ ਸੰਦਰਭ ਵਿਚ ਵਿਚਾਰਿਆ ਹੈ ਇਸ ਲਈ ਇਸ ਨੂੰ ਦੁਹਰਾਓ ਨਾ ਸਮਝਿਆ ਜਾਵੇ।**

ਮੈਂ ਆਪਣੇ ਨਿਗਰਾਨ ਡਾ. ਮਲਕੀਤ ਸਿੰਘ ਬਾਜਵਾ ਜੀ ਦਾ ਤਹਿਦਿਲੋਂ ਸੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਆਪਣਾ ਕੀਮਤੀ ਸਮਾਂ ਕੱਢ ਕੇ ਅਤੇ ਵੱਡਮੁੱਲੇ ਵਿਚਾਰਾਂ ਦੇ ਨਾਲ-ਨਾਲ ਸੁਚੱਜੀ ਅਗਵਾਈ ਦੇ ਕੇ ਇਹ ਖੋਜ ਕਾਰਜ ਨੇਪਰੇ ਚਾੜ੍ਹਨ ਵਿਚ ਮੇਰੀ ਸਹਾਇਤਾ ਕੀਤੀ ਹੈ।

ਮੈਂ ਡਾ. ਨਾਹਰ ਸਿੰਘ ਚੇਅਰਮੈਨ, ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਡਾ. ਨਿਰਮਲ ਸਿੰਘ, ਈਵਨਿੰਗ ਸਟੱਡੀਜ਼ ਅਤੇ ਹੋਰ ਅਧਿਆਪਕਾਂ ਦਾ ਧੰਨਵਾਦੀ ਹਾਂ ਜੋ ਮੈਨੂੰ ਇਸ ਖੋਜ-ਕਾਰਜ ਵਿਚ ਸਹਿਯੋਗ ਦਿੰਦੇ ਰਹੇ ਹਨ।

ਮੈਂ ਡਾ. ਦੀਪਕ ਮਨਮੋਹਨ ਸਿੰਘ ਪ੍ਰੋਫੈਸਰ ਅਤੇ ਚੇਅਰਮੈਨ, ਸੇਖ ਬਾਬਾ ਫ਼ਰੀਦ ਚੇਅਰ (ਸੇਵਾ ਮੁਕਤ) ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦਾ ਸ਼ੁਕਰੀਆ ਅਦਾ ਕਰਦਾ ਹਾਂ ਜੋ ਮੇਰੀਆਂ ਮੁਸ਼ਕਲਾਂ ਨੂੰ ਵਕਤ ਸਿਰ ਹਲ ਕਰਦੇ ਰਹੇ ਹਨ।

ਮੈਂ ਡਾ. ਗੁਰਮੁਖ ਸਿੰਘ ਜ਼ਿਲ੍ਹਾ ਭਾਸ਼ਾ ਅਫ਼ਸਰ (ਸੇਵਾ ਮੁਕਤ) ਦਾ ਰਿਣੀ ਹਾਂ ਜਿਨ੍ਹਾਂ ਮੇਰੀ ਕੇਵਲ ਪੁਸਤਕਾਂ ਮੁਹੱਈਆ ਕਰਵਾਉਣ ਵਿਚ ਹੀ ਮਦਦ ਨਹੀਂ ਕੀਤੀ ਸਗੋਂ ਇਸ ਖੋਜ ਕਾਰਜ ਨਾਲ ਸਬੰਧਿਤ ਵੱਡਮੁੱਲੇ ਵਿਚਾਰ ਦੇ ਕੇ ਇਸ ਕਾਰਜ ਨੂੰ ਪੂਰਾ ਕਰਨ ਵਿਚ ਮੇਰੀ ਸਹਾਇਤਾ ਕੀਤੀ ਹੈ।

ਮੈਂ ਆਪਣੇ ਮਿੱਤਰ ਡਾ. ਸਤਨਾਮ ਸਿੰਘ, ਖੋਜ-ਅਫ਼ਸਰ ਭਾਸ਼ਾ ਵਿਭਾਗ ਦਾ ਸਦਾ ਰਿਣੀ ਰਹਾਂਗਾ ਜਿਸ ਨੇ ਕੇਵਲ ਇਸ ਖੋਜ-ਕਾਰਜ ਨੂੰ ਸ਼ੁਰੂ ਕਰਨ ਵਿਚ ਹੀ ਨਹੀਂ ਸਗੋਂ ਨੇਪਰੇ ਚਾੜ੍ਹਨ ਵਿਚ ਹਰ ਤਰ੍ਹਾਂ ਦੀ ਤਹਿ ਦਿਲੋਂ ਮਦਦ ਕੀਤੀ ਹੈ।

ਮੈਂ ਆਪਣੇ ਮਿੱਤਰਾਂ ਅਤੇ ਸਬੰਧੀਆਂ, ਸਤਨਾਮ ਸਿੰਘ ਲੀਗਲ ਅਫ਼ਸਰ, ਭਾਸ਼ਾ ਵਿਭਾਗ, ਚਰਨ ਸਿੰਘ ਖੋਜ ਅਫ਼ਸਰ, ਭਾਸ਼ਾ ਵਿਭਾਗ, ਬਲਵਿੰਦਰ ਸਿੰਘ ਲੈਕਚਰਰ ਮਾਨ ਖਹਿਰਾ, ਮੈਡਮ ਸੁਰਿੰਦਰ ਕੌਰ ਲੈਕਚਰਾਰ, ਚੰਡੀਗੜ੍ਹ, ਇੰਜੀਨੀਅਰ ਹਰਜਿੰਦਰ ਸਿੰਘ, ਗੁਰਮੁਖ ਸਿੰਘ ਸੈਕਟਰੀ, ਕੁਲਬੀਰ ਸਿੰਘ, ਕਸ਼ਮੀਰ ਸਿੰਘ ਪ੍ਰਧਾਨ, ਮਹਿੰਦਰ ਸਿੰਘ ਹਵਾਲਦਾਰ, ਸੁਖਵਿੰਦਰ ਪਾਲ ਸਿੰਘ ਮਿੰਨਟਾ ਆਦਿ ਦਾ ਧੰਨਵਾਦੀ ਹਾਂ ਜਿਨ੍ਹਾਂ ਮੈਨੂੰ ਇਸ ਕਾਰਜ ਵੱਲ ਕੇਵਲ ਪਰੇਰਿਆ ਹੀ ਨਹੀਂ ਸਗੋਂ ਸਮੇਂ-ਸਮੇਂ ਇਸ ਵਿਸ਼ੇ ਨਾਲ ਵਿਚਾਰ ਚਰਚਾ ਕਰਕੇ ਇਸ ਖੋਜ-ਕਾਰਜ ਨੂੰ ਹੋਰ ਪਕੇਰਾ ਬਣਾਉਣ ਵਿਚ ਮੇਰੀ ਮਦਦ ਕੀਤੀ ਹੈ।

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ, ਪਟਿਆਲਾ,ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਲਾਇਬ੍ਰੇਰੀ ਦੇ ਮੁਖੀਆਂ ਅਤੇ ਸਟਾਫ਼ ਦਾ ਅਭਾਰੀ ਹਾਂ, ਜੋ ਇਸ ਖੋਜ ਕਾਰਜ ਸਮੇਂ ਮੈਨੂੰ ਜ਼ਰੂਰੀ ਪੁਸਤਕਾਂ ਮੁਹੱਈਆ ਕਰਦੇ ਰਹੇ।

ਮੈਂ ਜਗਤਾਰ ਸਿੰਘ ਪੰਜਾਬੀ ਵਿਭਾਗ ਦਾ ਧੰਨਵਾਦੀ ਹਾਂ ਜਿਨ੍ਹਾਂ ਦੀ ਮਿਹਨਤ ਅਤੇ ਸਹਿਯੋਗ ਇਸ ਖੋਜ-ਕਾਰਜ ਦੇ ਰੋਮ ਰੋਮ ਵਿਚ ਰਚਿਆ ਹੋਇਆ ਹੈ।

ਅੰਤ ਵਿਚ ਮੈਂ ਆਪਣੀ ਪਤਨੀ ਰਜਵੰਤ ਕੌਰ ਅਤੇ ਬੱਚੇ ਅਨਮੋਲਦੀਪ ਤੇ ਯਾਦਵਿੰਦਰ ਦੀ ਦੇਣ ਨਹੀਂ ਦੇ ਸਕਦਾ ਜਿਨ੍ਹਾਂ ਪਰਿਵਾਰਕ ਝਮੇਲਿਆਂ ਵਿਚ ਕੇਵਲ ਮੇਰੀ ਮਦਦ ਨਹੀਂ ਕੀਤੀ ਸਗੋਂ ਮੈਨੂੰ ਖੁਲ੍ਹਾ ਸਮਾਂ ਦੇ ਕੇ ਇਹ ਖੋਜ-ਕਾਰਜ ਪੂਰ ਕਰ ਸਕਣ ਦੇ ਯੋਗ ਬਣਾਇਆ।

ਮਿਤੀ/ 30-03-2007

(ਭੁਪਿੰਦਰ ਸਿੰਘ)

# ਅਧਿਆਇ ਪਹਿਲਾ

## ਮਿੱਥ ਦਾ ਸਿਧਾਂਤਕ ਪਰਿਪੇਖ

(ੳ) ਮਿੱਥ ਦਾ ਸ਼ਬਦਾਰਥਕ ਇਤਿਹਾਸ ਅਤੇ ਅਰਥ
(ਅ) ਮਿੱਥ ਦੀ ਪਰਿਭਾਸ਼ਾ
(ੲ) ਮਿੱਥ ਦੀ ਪ੍ਰਕਿਰਤੀ
(ਸ) ਮਿੱਥ ਦੀ ਮਹੱਤਤਾ
(ਹ) ਮਿੱਥ ਦੇ ਸਿਧਾਂਤ

# ਮਿੱਥ ਦਾ ਸਿਧਾਂਤਕ ਪਰਿਪੇਖ

ਗੁਰੂ ਗ੍ਰੰਥ ਸਾਹਿਬ ਸੰਸਾਰ ਦਾ ਸਭ ਤੋਂ ਮਹਾਨ ਦਾਰਸ਼ਨਿਕ ਗ੍ਰੰਥ ਹੈ ਜੋ ਕਿਸੇ ਖਾਸ ਵਰਗ, ਧਰਮ, ਜਾਤ ਜਾਂ ਵਿਅਕਤੀ ਵਿਸ਼ੇਸ਼ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਨਹੀਂ ਰਚਿਆ ਗਿਆ, ਸਗੋਂ ਇਸ ਦਾ ਉਦੇਸ਼ 'ਚੌਹ ਵਰਨਾਂ ਕੋ ਸਾਂਝਾ' ਹੈ। ਇਸ ਤਰ੍ਹਾਂ ਸਮੂਹ ਸ਼੍ਰੇਣੀਆਂ, ਧਰਮਾਂ, ਜਾਤਾਂ, ਵਰਗਾਂ ਨਾਲ ਸਾਂਝਾਂ ਪਾਉਣ ਲਈ ਗੁਰੂ ਗ੍ਰੰਥ ਦੀ ਬਾਣੀ ਲੋਕਧਾਰਕ ਤੱਤਾਂ ਨੂੰ ਅਪਣਾਉਂਦੀ ਹੈ। ਗੁਰੂ ਸਾਹਿਬਾਨ ਲੋਕ ਹਿਰਦੇ ਨੂੰ ਪ੍ਰਭਾਵਤ ਕਰਨ ਲਈ ਲੋਕਧਾਰਾਈ ਵਿਧੀਆਂ ਦੀ ਵਰਤੋਂ ਆਪਣੀ ਬਾਣੀ ਵਿਚ ਕਰਦੇ ਹਨ। ਇਹਨਾਂ ਲੋਕਧਾਰਾਈ ਵਿਧੀਆਂ ਵਿਚੋਂ ਮਿੱਥ ਇਕ ਮਹੱਤਵਪੂਰਨ ਵਿਧੀ ਹੈ ਜਿਸ ਨੂੰ ਗੁਰੂ ਸਾਹਿਬ ਨੇ ਬ੍ਰਹਮ ਦੀ ਏਕਤਾ, ਸ੍ਰਿਸ਼ਟੀ, ਜੀਵ, ਮਾਇਆ, ਅਵਤਾਰ/ਦੇਵੀ ਦੇਵਤਿਆਂ ਦੀ ਉਪਾਸਨਾ ਦਾ ਤਿਆਗ, ਨਿਰਗੁਣ ਭਗਤੀ ਕਰਨ, ਨੈਤਿਕ ਕਦਰਾਂ-ਕੀਮਤਾਂ ਅਪਣਾਉਣ, ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਦਾ ਤਿਆਗ, ਨੇਕੀ ਦੀ ਬਦੀ ਉੱਪਰ ਜਿੱਤ ਦਰਸਾਉਣ ਹਿਤ ਵਰਤਦੇ ਹਨ। ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਮਿੱਥ ਕਥਾਵਾਂ ਦੀ ਵਰਤੋਂ ਹਵਾਲਿਆਂ ਤੇ ਸੰਕੇਤਾਂ ਦੇ ਤੌਰ ਤੇ ਉਪਰੋਕਤ ਸੰਕਲਪਾਂ ਨੂੰ ਸਪੱਸ਼ਟ ਕਰਨ ਹਿਤ ਆਪਣੇ ਸੰਦੇਸ਼ ਦਾ ਸੰਚਾਰ ਕਰਨ ਹਿਤ ਕੀਤੀ ਹੈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ-ਬਾਣੀ ਵਿਚ ਆਏ ਹਵਾਲਿਆਂ ਅਤੇ ਸੰਕੇਤਾਂ ਦਾ ਦਾਰਸ਼ਨਿਕ ਅਧਿਐਨ ਕਰਨ ਤੋਂ ਪਹਿਲਾਂ ਸਾਨੂੰ ਕਥਾ ਦੇ ਸਿਧਾਂਤਕ ਪਰਿਪੇਖ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਉਚਿਤ ਹੋਵੇਗੀ।

## 1. ਮਿੱਥ ਦਾ ਸਿਧਾਂਤਕ ਪਰਿਪੇਖ

### (ੳ) ਮਿੱਥ ਦਾ ਸ਼ਬਦਾਰਥ ਇਤਿਹਾਸ:

ਅੰਗਰੇਜ਼ੀ ਸ਼ਬਦ 'ਮਿਥ' (Myth) ਲਾਤੀਨੀ ਭਾਸ਼ਾ ਰਾਹੀਂ ਹੁੰਦਾ ਹੋਇਆ ਗਰੀਕ ਸ਼ਬਦ 'ਮਾਇਥਾਸ' (Mythos) ਤੋਂ ਆਇਆ ਹੈ[1] ਜਿਸ ਦਾ ਅਰਥ ਹੈ 'ਬੋਲਣਾ', 'ਕਹਾਣੀ', 'ਨੀਤੀ' ਆਦਿ। ਵੱਖ-ਵੱਖ ਵਿਦਵਾਨਾਂ ਵਲੋਂ ਮਿੱਥ ਦੇ ਆਪਣੇ ਆਪਣੇ ਦ੍ਰਿਸ਼ਟੀਕੋਣ ਤੋਂ ਅਰਥ ਕੀਤੇ

ਗਏ ਹਨ। ਧਰਮ ਵਿਗਿਆਨੀਆਂ, ਮਾਨਵ-ਵਿਗਿਆਨੀਆਂ, ਸਮਾਜ ਵਿਗਿਆਨੀਆਂ, ਲੋਕਧਾਰਾ ਵਿਗਿਆਨੀਆਂ ਨੇ ਮਿੱਥ ਦੇ ਅਰਥ 'ਪਵਿੱਤਰ ਪਰੰਪਰਾ', 'ਦੰਤ ਕਥਾ', 'ਲੋਕ ਕਹਾਣੀ', 'ਬਾਤ', 'ਦੈਵੀ ਸੰਦੇਸ਼' ਆਦਰਸ਼ਕ ਨਮੂਨਾ', 'ਹੇਤੂਕੀ' ਆਦਿ ਕੀਤੇ ਹਨ।

ਅੰਗੇਜ਼ੀ ਸ਼ਬਦ 'Myth' ਦੇ ਸਮਨੰਤਰ ਯੂਨਾਨੀ ਭਾਸ਼ਾ ਵਿਚ 'ਮਾਇਥਾਸ' ਸ਼ਬਦ ਹੈ। ਇਸ ਸ਼ਬਦ ਦਾ ਪ੍ਰਯੋਗ ਸ਼ੁਰੂ-ਸ਼ੁਰੂ ਵਿਚ ਉਚਾਰ (utterance) ਦੇ ਅਰਥਾਂ ਵਿਚ ਕੀਤਾ ਜਾਂਦਾ ਸੀ।[2] ਪਲੈਟੋ ਦੇ ਸਮੇਂ ਮਿੱਥ ਤੋਂ ਭਾਵ ਦੇਵਤਿਆਂ ਅਤੇ ਨਾਇਕਾਂ ਨਾਲ ਸਬੰਧਿਤ ਪਰੰਪਰਾਗਤ ਕਹਾਣੀ ਤੋਂ ਲਿਆ ਜਾਂਦਾ ਸੀ। ਪਲੈਟੋ ਨੇ 'ਮਾਈਥੋਲਾਜੀਆ' ਸ਼ਬਦ ਨੂੰ 'ਕਹਾਣੀ ਬਾਰੇ ਬਾਤ ਚੀਤ' ਜਾਂ 'ਕਹਾਣੀ ਬਿਆਨ' ਦੇ ਰੂਪ ਵਿਚ ਵਰਤਿਆ ਹੈ।[3]

ਅਰਸਤੂ ਨੇ ਆਪਣੀ ਪੁਸਤਕ 'ਪੋਇਟਿਕਸ' (Poetics) ਵਿਚ 'ਮਾਇਥਾਸ' ਸ਼ਬਦ ਨੂੰ ਕਿਸੇ ਕਥਾਨਕ, ਬਿਰਤਾਂਤਕ ਸੰਰਚਨਾ ਤੇ ਕਹਾਣੀ (fable) ਰੂਪ ਵਿਚ ਵਰਤਿਆ।[4] ਜਰਮਨ ਵਿਦਵਾਨ ਵੀਕੋ ਨੇ ਮਿੱਥ ਨੂੰ ਕਵਿਤਾ ਵਰਗਾ ਸਤਿ ਆਖ ਕੇ ਇਸ ਦੇ ਅਰਥਾਂ ਵਿਚ ਨਵੀਨਤਾ ਲਿਆਂਦੀ। ਵੀਕੋ ਦੇ ਪ੍ਰਭਾਵ ਨੂੰ ਜਰਮਨ ਦੇ ਰੋਮਾਂਟਿਕ ਸਾਹਿਤਕਾਰਾਂ, ਕਾਲਰਿਜ ਐਮਰਸਨ ਤੇ ਨੀਟਸ਼ੇ ਨੇ ਵੀ ਕਬੂਲਿਆ ਹੈ।

ਉਨ੍ਹੀਵੀਂ ਤੇ ਵੀਹਵੀਂ ਸਦੀ ਵਿਚ ਵਿਦਵਾਨਾਂ ਨੇ ਮਿੱਥ ਦੇ ਅਰਥਾਂ ਵਿਚ ਨਿਸ਼ਚਿਤਤਾ ਲਿਆਉਣ ਦੀ ਕੋਸ਼ਿਸ਼ ਕੀਤੀ, ਪਰ ਫਿਰ ਵੀ ਉਹਨਾਂ ਦੇ ਵਿਚਾਰਾਂ ਵਿਚ ਮਤਭੇਦ ਰਹੇ। ਇਸ ਸਮੱਸਿਆ ਦੇ ਹੱਲ ਲਈ ਸੀ. ਐਸ. ਲੀਵਸ ਨੇ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'ਮਿਥ' (Myth) ਦੀ ਸੀਮਾਂ ਨੂੰ ਸਮਝਦੇ ਹੋਏ ਮਿੱਥ (Myth) ਸ਼ਬਦ ਨੂੰ ਜਿਉਂ ਦਾ ਤਿਉਂ ਨਵੀਨ ਅਰਥਾਂ ਵਿਚ ਪ੍ਰਵਾਨ ਕਰ ਲੈਣ ਲਈ ਕਿਹਾ।[5]

ਪੰਜਾਬੀ ਵਿਚ 'ਮਿਥ' ਸ਼ਬਦ ਅੰਗਰੇਜ਼ੀ ਸ਼ਬਦ (Myth) ਦੇ ਪਰਿਆਇ ਵਜੋਂ ਵਰਤਿਆ ਜਾਂਦਾ ਹੈ। ਹਿੰਦੀ ਭਾਸ਼ਾ ਦੀ ਤਰ੍ਹਾਂ ਪੰਜਾਬੀ ਵਿਚ ਵੀ ਮਿੱਥ ਦੇ ਕਈ ਅਰਥ ਪ੍ਰਚੱਲਿਤ ਹਨ ਜਿਵੇਂ 'ਧਰਮ ਕਥਾ', 'ਮਿਥ ਕਥਾ', 'ਪੁਰਾਣ ਕਥਾ', 'ਦੇਵ ਕਥਾ', 'ਦੰਦ ਕਥਾ', 'ਲੋਕ ਕਹਾਣੀ',

'ਮਿਥਿਹਾਸਕ ਕਥਾ', 'ਪਰੀ ਕਥਾ' 'ਬਾਤ' ਆਦਿ। ਪੰਜਾਬੀ ਭਾਸ਼ਾ ਨੇ ਆਪਣੀ ਵਿਸ਼ੇਸ਼ ਪ੍ਰਤਿਭਾ ਅਨੁਸਾਰ ਇਤਿਹਾਸ ਦੀ ਸਮਦ੍ਰਿਸ਼ਟਤਾ ਉਤੇ ਸ਼ਬਦ 'ਮਿਥਿਹਾਸ' ਜਾਂ 'ਮਿਥਿਆਸ' ਘੜ ਲਿਆ ਹੈ ਜੋ 'ਮਾਈਥਾਲੋਜੀ (Mythology) ਦਾ ਪਰਿਆਇਵਾਚੀ ਹੈ। ਪਰ ਆਧੁਨਿਕ ਪੰਜਾਬੀ ਵਿਦਵਾਨ ਇਸ ਸ਼ਬਦ ਨੂੰ ਪ੍ਰਵਾਨ ਨਹੀਂ ਕਰਦੇ। ਡਾ. ਕਰਨੈਲ ਸਿੰਘ ਥਿੰਦ ਇਸ ਸ਼ਬਦ ਨੂੰ ਅਪ੍ਰਵਾਨ ਕਰਦੇ ਹੋਏ ਲਿਖਦੇ ਹਨ : ਪੁਰਾਣ ਪਦ ਮੂਲ ਰੂਪ ਵਿਚ ਪ੍ਰਾਚੀਨਤਾ ਦਾ ਸੂਚਕ ਹੈ ਅਤੇ 'ਪੁਰਾਣ ਕਥਾ' ਦੇਵਤਿਆਂ, ਦੈਂਤਾਂ ਅਵਤਾਰਾਂ, ਚੰਦਰਵੰਸ਼ੀ ਤੇ ਸੂਰਜਵੰਸ਼ੀ ਰਾਜਿਆਂ, ਪੌਰਾਣਿਕ ਭਗਤਾਂ, ਰਿਸ਼ੀਆਂ ਮੁਨੀਆਂ, ਸ੍ਰਿਸ਼ਟੀ ਰਚਨਾ ਅਤੇ ਪ੍ਰਕਿਰਤੀ ਸਬੰਧੀ ਰਹੱਸਾਂ ਦੇ ਉਤਰਾਂ ਨਾਲ ਸਬੰਧਿਤ ਪਰੰਪਰਾਗਤ ਬਿਰਤਾਂਤ ਲਈ ਪੂਰਾ ਢੁਕਦਾ ਹੈ ..... ਆਦਿ ਕਾਲੀਨ ਮਾਨਵ ਦੀਆਂ ਦੈਵੀ ਪਰੰਪਰਾਵਾਂ ਦੀ ਵਿਆਖਿਆ ਨਾਲ ਜੁੜੀਆਂ ਕਥਾਵਾਂ ਲਈ 'ਪੁਰਾਣ ਕਥਾ' ਪਦ 'ਮਿਥ' ਦੀ ਪਰੰਪਰਾਗਤ ਅਭਿਵਿਅਕਤੀ ਦੇ ਬਿਲਕੁਲ ਅਨੁਕੂਲ ਹੈ ਅਤੇ ਇਸ ਨੂੰ ਅੰਗਰੇਜ਼ੀ ਸ਼ਬਦ 'ਮਿਥ' (Myth) ਦੇ ਪਰਿਆਇ ਵਜੋਂ ਸਵੀਕਾਰ ਕਰ ਲੈਣਾ ਹਰ ਤਰ੍ਹਾਂ ਬਣਦਾ ਹੈ।[6]

ਡਾ. ਵਣਜਾਰਾ ਬੇਦੀ, ਡਾ. ਕਰਨੈਲ ਸਿੰਘ ਥਿੰਦ ਨਾਲ ਅਸਹਿਮਤੀ ਪ੍ਰਗਟ ਕਰਦੇ ਹਨ। ਉਹਨਾਂ ਅਨੁਸਾਰ:

> *ਇਹ ਸ਼ਬਦ (ਪੁਰਾਣ) ਉਹਨਾਂ ਬ੍ਰਿਤਾਂਤਾਂ ਅਤੇ ਕਥਾ ਕਹਾਣੀਆਂ ਲਈ ਰੂੜ ਹੋ ਗਿਆ ਹੈ ਜੋ ਪੁਰਾਣਾਂ ਵਿਚ ਮਿਲਦੀਆਂ ਹਨ। ਪੁਰਾਣ ਕਥਾਵਾਂ ਤੋਂ ਬਾਹਰ ਜੋ ਲੌਕਿਕ ਪੱਧਰ ਉੱਪਰ ਮਿੱਥਾਂ ਸਿਰਜੀਆਂ ਜਾਂਦੀਆਂ ਰਹੀਆਂ ਹਨ ਉਹ ਸਭ ਇਸ ਦੇ ਘੇਰੇ ਵਿਚ ਨਹੀਂ ਸਮਾਂਦੀਆਂ। ਸੋ ਇਹ ਸ਼ਬਦ ਭੁਲੇਖਾ ਪੈਦਾ ਕਰਨ ਵਾਲਾ ਹੋਣ ਕਰਕੇ ਮਿੱਥ ਦਾ ਬਦਲ ਨਹੀਂ ਹੋ ਸਕਦਾ।*[7]

ਉਪਰੋਕਤ ਵਿਚਾਰਾਂ ਤੋਂ ਸਪੱਸ਼ਟ ਹੈ ਕਿ ਡਾ. ਬੇਦੀ ਹੂ-ਬ-ਹੂ ਪੁਰਾਣ ਸ਼ਬਦ ਦੀ ਜਗ੍ਹਾ 'ਮਿਥ' ਸ਼ਬਦ ਨੂੰ ਸਵੀਕਾਰ ਕਰਨ ਲਈ ਕਹਿੰਦੇ ਹਨ। ਡਾ. ਭੂਪਿੰਦਰ ਸਿੰਘ ਖਹਿਰਾ ਵੀ ਮਿੱਥ

ਸ਼ਬਦ ਨੂੰ ਜਿਉਂ ਦਾ ਤਿਉਂ ਸਵੀਕਾਰ ਕਰਨ ਲਈ ਕਹਿੰਦੇ ਹਨ, ਪਰ ਉਹ ਮਿੱਥ ਦੀ ਜਗ੍ਹਾ 'ਮਿੱਥਕ' ਸ਼ਬਦ ਦੀ ਵਰਤੋਂ ਕਰਦੇ ਲਿਖਦੇ ਹਨ:

> *ਸ਼ਬਦ ਕਥਾ ਦੀ ਤਾਂ ਕੋਈ ਵਿਗਿਆਨਕ ਪਰਿਭਾਸ਼ਾ ਹੀ ਨਹੀਂ ਕੀਤੀ ਗਈ। ਇਸ ਲਈ ਅਸੀਂ 'ਕਥਾ' ਨਾਲ ਜੋੜਨੀ ਲਾ ਕੇ ਸ਼ਬਦ 'ਮਿੱਥਕ' ਨਾਲ ਜੋੜ ਦਿੱਤਾ ਤਾਂ ਕਿ ਇਸ ਦੀ ਪਰਿਭਾਸ਼ਾ, ਵਰਤਾਰਾ ਅਤੇ ਅਰਥ ਸੀਮਾਂ ਅੰਗਰੇਜ਼ੀ ਪਦ 'ਮਿਥ' (Myth) ਦੇ ਘੇਰੇ ਤੋਂ ਬਾਹਰ ਨਿਸ਼ਚਿਤ ਨਾ ਕੀਤੀ ਜਾ ਸਕੇ।*[8]

ਇਸ ਤਰ੍ਹਾਂ ਅੰਗਰੇਜ਼ੀ ਸ਼ਬਦ 'Myth' ਪੰਜਾਬੀ ਵਿਦਵਾਨਾਂ ਵਲੋਂ ਹੂ-ਬ-ਹੂ ਪ੍ਰਵਾਨ ਕਰ ਲਿਆ ਹੈ ਕਿਉਂਕਿ ਇਹ ਸ਼ਬਦ ਕਿਸੇ ਵੀ ਤਰ੍ਹਾਂ ਦੀ ਦੁਚਿਤੀ ਪੈਦਾ ਨਹੀਂ ਕਰਦਾ ਅਤੇ ਇਹ 'ਪੁਰਾਣ' ਤੋਂ ਬਾਹਰ ਦੀਆਂ ਪੰਜਾਬੀ ਮਿੱਥਾਂ ਨੂੰ ਵੀ ਆਪਣੇ ਘੇਰੇ ਵਿਚ ਲੈ ਆਉਂਦਾ ਹੈ। ਅੱਜ ਕਲ ਪੰਜਾਬੀ ਵਿਚ ਮਿੱਥ ਨੂੰ ਜਿਵੇਂ ਦਾ ਤਿਵੇਂ ਸਵੀਕਾਰ ਕਰਕੇ ਅਧਿਐਨ ਕੀਤਾ ਜਾ ਰਿਹਾ ਹੈ। ਮੈਂ ਵੀ ਆਪਣੇ ਸ਼ੋਧ-ਪ੍ਰਬੰਧ ਵਿਚ 'ਮਿਥ' ਸ਼ਬਦ ਨੂੰ ਜਿਉਂ ਦਾ ਤਿਉਂ ਅਪਣਾ ਕੇ ਇਸ ਖੋਜ ਨੂੰ ਨੇਪਰੇ ਚਾੜ੍ਹਨ ਦੀ ਕੋਸ਼ਿਸ਼ ਕਰਾਂਗਾ।

**ਮਿੱਥ ਦੀ ਪਰਿਭਾਸ਼ਾ :**

ਮਿੱਥ ਪੁਰਾਤਨ ਸਮੇਂ ਮਨੁੱਖੀ ਜੀਵਨ ਦਾ ਅੰਗ ਰਹੀ ਹੈ। ਇਹ ਵਿਸ਼ਾ ਸ਼ੁਰੂ-ਸ਼ੁਰੂ ਵਿਚ ਚੇਤਨਾ ਰਹਿਤ ਹੋਣ ਕਰਕੇ ਅਣਗੌਲਿਆ ਰਿਹਾ ਹੈ। ਇਸ ਨੂੰ ਭਰਮਯੁਕਤ, ਤਰਕ ਰਹਿਤ ਕਹਿ ਕੇ ਗਿਆਨ ਦੇ ਖੇਤਰ ਤੋਂ ਅਲੱਗ ਸਮਝਿਆ ਜਾਂਦਾ ਰਿਹਾ ਹੈ। ਵੀਹਵੀਂ ਸਦੀ ਵਿਚ ਵੱਖ-ਵੱਖ ਖੇਤਰਾਂ, ਜਿਵੇਂ ਦਰਸ਼ਨ ਸ਼ਾਸਤਰ, ਧਰਮ ਸ਼ਾਸਤਰ, ਸਮਾਜ ਵਿਗਿਆਨ, ਮਨੋਵਿਗਿਆਨ, ਭਾਸ਼ਾ ਵਿਗਿਆਨ, ਮਾਨਵ ਵਿਗਿਆਨ, ਚਿੰਨ੍ਹ ਵਿਗਿਆਨ, ਅਰਥ ਵਿਗਿਆਨ, ਲੋਕਧਾਰਾ ਵਿਗਿਆਨ ਨਾਲ ਸਬੰਧਿਤ ਵਿਦਵਾਨਾਂ ਨੇ ਆਪਣੇ ਆਪਣੇ ਦ੍ਰਿਸ਼ਟੀਕੋਣ ਤੋਂ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਵਿਦਵਾਨ ਮਿੱਥ ਰੂਪੀ ਸ਼ੀਸ਼ੇ ਵਿਚੋਂ ਆਪਣਾ ਆਪਣਾ ਚੇਹਰਾ ਮੋਹਰਾ

ਪਛਾਨਣ ਵੱਲ ਰੁਚਿਤ ਹਨ। ਇਹਨਾਂ ਤੋਂ ਇਲਾਵਾ ਵਿਸ਼ਵ ਕੋਸ਼ ਅਤੇ ਡਿਕਸ਼ਨਰੀਆਂ ਵਿਚ ਵੀ ਮਿੱਥ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਇਹਨਾਂ ਪਰਿਭਾਸ਼ਾਵਾਂ ਤੋਂ ਮਿੱਥ ਨਾਲ ਸਬੰਧਿਤ ਸਿਧਾਂਤਕ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਸਾਡੇ ਵਲੋਂ ਇਨ੍ਹਾਂ ਪਰਿਭਾਸ਼ਾਵਾਂ ਨੂੰ ਵਿਚਾਰਨ ਦਾ ਉਦੇਸ਼ ਕਿਸੇ ਸਾਂਝੇ ਸਿੱਟੇ ਤੇ ਪੁੱਜਣਾ ਹੈ ਤਾਂ ਜੋ ਇਨ੍ਹਾਂ ਨੂੰ ਅਧਾਰ ਬਣਾ ਕੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ-ਬਾਣੀ ਵਿਚ ਆਏ ਮਿੱਥਕ ਹਵਾਲੇ ਤੇ ਸੰਕੇਤਾਂ ਦਾ ਦਾਰਸ਼ਨਿਕ ਅਧਿਐਨ ਕੀਤਾ ਜਾ ਸਕੇ।

ਸਮਾਜ ਵਿਗਿਆਨ ਦੇ ਕੌਮਾਂਤਰੀ ਇਨਸਾਈਕਲੋਪੀਡੀਆ ਅਨੁਸਾਰ ਮਿੱਥ ਇਹ ਕਥਨ ਪ੍ਰਸਤੁਤ ਕਰਦੀ ਹੈ ਕਿ, "ਮਸਲਿਆਂ ਦੀ ਇਕ ਪੜਾਅ ਤੋਂ ਦੂਜੇ ਪੜਾਅ ਦੀ ਉਸਾਰੀ ਕਿਸ ਤਰ੍ਹਾਂ ਹੋਈ। ਅਣਵਸਿਆ ਸੰਸਾਰ ਕਿਸ ਤਰ੍ਹਾਂ ਵਸਿਆ। ਅਨਾਸ਼ਵਾਨਤਾ ਨਾਸ਼ਵਾਨਤਾ ਵਿਚ ਕਿਵੇਂ ਬਦਲੀ। ਮੌਸਮ ਕਿਵੇਂ ਹੋਂਦ ਵਿਚ ਆਏ। ਮਨੁੱਖ ਦੀ ਮੁੱਢ ਵਾਲੀ ਏਕਤਾ ਕੌਮਾਂ ਅਤੇ ਕਬੀਲਿਆਂ ਦੀ ਅਨੇਕਤਾ ਵਿਚ ਕਿਵੇਂ ਬਦਲੀ, ਦੁਲਿੰਗੀ ਤੋਂ ਇਸਤਰੀ ਪੁਰਸ਼ਾਂ ਦੇ ਲਿੰਗਾਂ ਦਾ ਕਿਵੇਂ ਨਿਕਾਸ ਹੋਇਆ।[9]

ਉਪਰੋਕਤ ਪਰਿਭਾਸ਼ਾ ਅਨੁਸਾਰ ਮਿੱਥ ਸੰਸਾਰ ਅਤੇ ਪ੍ਰਕਿਤੀ ਦੀ ਉਤਪਤੀ, ਸਮਾਜ ਤੇ ਸਭਿਆਚਾਰ ਦੀ ਸਿਰਜਣਾ, ਮਨੁੱਖੀ ਵਿਕਾਸ ਅਤੇ ਅਦਭੁਤ ਘਟਨਾਵਾਂ ਦੀ ਪੇਸ਼ਕਾਰੀ ਕਰਦੀ ਹੈ ਪਰ ਇਸ ਪਰਿਭਾਸ਼ਾ ਵਿਚ ਮਿੱਥ ਦਾ ਦੈਵੀ ਸ਼ਕਤੀਆਂ ਅਤੇ ਦੇਵੀ ਦੇਵਤਿਆਂ ਬਾਰੇ ਵਰਨਣ ਨਹੀਂ ਕੀਤਾ ਗਿਆ।

ਐਨਸਾਈਕਲੋਪੀਡੀਆ ਆਫ ਸੋਸ਼ਲ ਸਾਇੰਸਜ਼ ਅਨੁਸਾਰ ਮਿੱਥ ਤੋਂ ਭਾਵ 'ਪਰੀ ਕਥਾ', 'ਲੋਕ ਕਥਾ', 'ਦੰਦ ਕਥਾ' ਨਹੀਂ ਸਗੋਂ ਇਕ ਪਵਿੱਤਰ ਕਥਾ ਹੈ ਜਿਹੜੀ ਆਮ ਕਰਕੇ ਪਵਿੱਤਰ ਹੋਂਦਾਂ ਦੇ ਮਾਧਿਅਮ ਦੁਆਰਾ, 'ਪਵਿੱਤਰ ਜੀਵਾਂ', 'ਅਰਧ-ਦੈਵਿਕ ਨਾਇਕਾਂ' ਅਤੇ 'ਸਮੱਗਰ ਵਸਤਾਂ' ਦੇ ਆਰੰਭ ਬਾਰੇ ਦਸਦੀ ਹੈ। ਮਿੱਥ ਬਿਆਨ ਕਰਦੀ ਹੈ ਕਿ ਸਿਫ਼ਰ ਤੋਂ ਕਿਸ ਤਰ੍ਹਾਂ ਸ੍ਰਿਸ਼ਟੀ ਹੋਂਦ ਵਿਚ ਆਈ; ਕਿਸ ਤਰ੍ਹਾਂ ਮਾਨਵ ਜਾਤੀ ਦੀ ਮੂਲਿਕ ਏਕਤਾ ਕਬੀਲਾਈ ਵਿਵਿਧਤਾ ਵਿਚ ਪਰਿਵਰਤਿਤ ਹੋਈ।[10]

ਇਹ ਪਰਿਭਾਸ਼ਾ ਪਹਿਲੀ ਭਾਸ਼ਾ ਦੀ ਸੁਰ ਵਿਚ ਸੁਰ ਮਿਲਾਉਂਦਿਆਂ ਮਿੱਥ ਨੂੰ ਪਵਿੱਤਰ ਕਥਾ ਬਿਆਨ ਕਰਦੀ ਹੈ ਅਤੇ ਸ੍ਰਿਸ਼ਟੀ ਦੀ ਉਤਪਤੀ ਅਤੇ ਸਭਿਆਚਾਰਕ ਤਬਦੀਲੀਆਂ ਬਾਰੇ ਹੀ ਉਲੇਖ ਕਰਦੀ ਹੈ। ਐਨਸਾਈਕਲੋਪੀਡੀਆ ਅਫ ਬ੍ਰਿਟੈਨਿਕਾ ਅਨੁਸਾਰ :

> *ਮਿੱਥਾਂ ਸੰਪੂਰਨ ਸਤਾ ਦਾ ਉਹ ਬਿਆਨ ਹਨ ਜਿਹੜੇ ਕਥਨ ਨਾਲੋਂ ਵਧੇਰੇ ਪ੍ਰਯੋਗ ਵਿਚ ਲਿਆਂਦੇ ਗਏ ਹਨ। ਇਨ੍ਹਾਂ ਵਿਚ ਉਹ ਘਟਨਾਵਾਂ ਤੇ ਸਥਿਤੀਆਂ ਸ਼ਾਮਲ ਹੁੰਦੀਆਂ ਹਨ ਜੋ ਸਧਾਰਨ ਮਾਨਵੀ ਦੁਨੀਆਂ ਦੀਆਂ ਸੀਮਾਵਾਂ ਤੋਂ ਉੱਪਰ ਹੁੰਦੀਆਂ ਹੋਈਆਂ ਵੀ ਉਸ ਲਈ ਬੁਨਿਆਦੀ ਮਹੱਤਵ ਵਾਲੀਆਂ ਹੁੰਦੀਆਂ ਹਨ। ਜਿਸ ਸਮੇਂ ਵਿਚ ਇਨ੍ਹਾਂ ਕਥਾਵਾਂ ਦੀਆਂ ਘਟਨਾਵਾਂ ਵਾਪਰਦੀਆਂ ਹਨ, ਉਹ ਮਨੁੱਖੀ ਅਨੁਭਵ ਦੇ ਸਧਾਰਨ ਇਤਿਹਾਸਕ ਸਮੇਂ ਤੋਂ ਬਿਲਕੁਲ ਵੱਖਰਾ ਹੁੰਦਾ ਹੈ (ਇਹ ਸਮਾਂ ਜ਼ਿਆਦਾਤਰ ਕਲਪਨਾ ਦੀ ਪਹੁੰਚ ਤੋਂ ਦੂਰ ਦੁਰੇਡੇ ਭੂਤਕਾਲ ਵਿਚ ਚਿਤਵਿਆ ਗਿਆ ਹੁੰਦਾ ਹੈ)। ਇਨ੍ਹਾਂ ਦੇ ਬਿਰਤਾਂਤ ਵਿਚਲੇ ਪਾਤਰ ਆਮ ਕਰਕੇ ਦੇਵਤੇ ਜਾਂ ਦੈਵੀ ਪੁਰਸ਼ ਜਾਂ ਪਸ਼ੂਆਂ ਜਾਂ ਬੂਟਿਆਂ ਵਰਗੇ ਅਸਧਾਰਨ ਜੀਵ ਜੰਤੂ ਜਾਂ ਆਦਿ ਕਾਲੀਨ ਮਨੁੱਖ ਜਾਂ ਐਸੇ ਮਹਾਂਪੁਰਖ ਹੁੰਦੇ ਹਨ, ਜਿਨ੍ਹਾਂ ਮਨੁੱਖੀ ਹੋਣੀ ਨੂੰ ਤਬਦੀਲ ਕਰ ਦਿੱਤਾ ਹੋਵੇ।*[11]

ਉਪਰੋਕਤ ਪਰਿਭਾਸ਼ਾਵਾਂ ਅਨੁਸਾਰ ਮਿੱਥ ਵਿਚ ਪਾਰਲੌਕਿਕਤਾ ਅਤੇ ਦੈਵੀਅਤਾ ਦਾ ਪ੍ਰਗਟਾਵਾ ਕਰਨ ਦੇ ਨਾਲ-ਨਾਲ ਇਹਨਾਂ ਨੂੰ ਮੁੱਢਲੇ ਸਮੇਂ ਨਾਲ ਸਬੰਧਿਤ ਕਰਕੇ ਪਾਰਗਾਮੀ ਦਰਸਾਇਆ ਹੈ ਅਤੇ ਮਿੱਥ ਵਿਚਲੇ ਪਾਤਰਾਂ ਦਾ ਉਲੇਖ ਹੀ ਕੀਤਾ ਗਿਆ ਹੈ।

'ਸਟੈਂਡਰਡ ਡਿਕਸ਼ਨਰੀ ਆਫ ਫੋਕਲੋਕ ਮਾਇਥਾਲੋਜੀ ਐਂਡ ਲੀਜੰਡ' ਅਨੁਸਾਰ:

> *ਮਿੱਥ ਉਹ ਕਹਾਣੀ ਹੈ ਜੋ ਪ੍ਰਾਚੀਨ ਸਮੇਂ ਵਿਚ ਵਾਪਰ ਚੁੱਕੀ ਹੁੰਦੀ ਹੈ। ਇਹ ਲੋਕਾਈ ਦੀਆਂ ਬ੍ਰਹਿਮੰਡਕ ਤੇ ਪਰਾ-ਪ੍ਰਕ੍ਰਿਤਕ ਪਰੰਪਰਾਵਾਂ,*

*ਦੇਵਤਿਆਂ ਤੇ ਨਾਇਕਾਂ, ਸੰਸਕ੍ਰਿਤਕ ਲੱਛਣਾਂ ਅਤੇ ਧਾਰਮਕ ਵਿਸ਼ਵਾਸਾਂ ਆਦਿ ਦੀ ਵਿਆਖਿਆ ਕਰਦੀ ਹੈ।*[12]

ਇਸ ਪਰਿਭਾਸ਼ਾ ਵਿਚ ਮਿੱਥ ਨੂੰ ਪੁਰਾਤਨ ਸਮੇਂ ਵਿਚ ਵਾਪਰਨ ਵਾਲੀ ਘਟਨਾ ਦਰਸਾਅ ਕੇ ਇਸ ਨੂੰ ਬ੍ਰਹਿਮੰਡ ਕੁਦਰਤ, ਪਰੰਪਰਾ, ਦੇਵਤਿਆਂ, ਨਾਇਕਾਂ, ਸਭਿਆਚਾਰਕ ਲੱਛਣਾਂ, ਧਾਰਮਕ ਵਿਸ਼ਵਾਸਾਂ ਦਾ ਵਿਖਿਆਨ ਕਰਨ ਵਾਲੀ ਪ੍ਰਮੁੱਖ ਵਿਧਾ ਵਜੋਂ ਲਿਆ ਗਿਆ ਹੈ।

ਹਿੰਦੀ ਦੇ ਨਾਮਵਰ ਆਲੋਚਕ ਅਤੇ ਚਿੰਤਕ ਡਾ. ਨਗੇਂਦ੍ਰ ਨੇ ਮਿੱਥ ਦੀ ਪਰਿਭਾਸ਼ਾ ਇਸ ਤਰ੍ਹਾਂ ਕੀਤੀ ਹੈ:

*ਸਮਾਨਯ ਰੂਪ ਵਿਚ ਮਿੱਥ ਦਾ ਅਰਥ ਹੈ, ਅਜਿਹੀ ਪਰੰਪਰਾਗਤ ਕਥਾ ਜਿਸ ਦਾ ਸਬੰਧ ਅਤਿ-ਪ੍ਰਾਕ੍ਰਿਤਕ ਘਟਨਾਵਾਂ ਅਤੇ ਭਾਵਾਂ ਨਾਲ ਹੁੰਦਾ ਹੈ। ਮਿੱਥ ਮੂਲ ਰੂਪ ਵਿਚ ਆਦਿਮ ਮਾਨਵ ਦੇ ਸਮਸ਼ਟੀ ਮਨ ਦੀ ਸ੍ਰਿਸ਼ਟ ਹੈ ਜਿਸ ਵਿਚ ਚੇਤਨ ਨਾਲ ਅਚੇਤਨ ਪ੍ਰਕ੍ਰਿਆ ਦੀ ਮਹਾਨਤਾ ਹੁੰਦੀ ਹੈ।*[13]

ਉਪਰਕੋਤ ਪਰਿਭਾਸ਼ਾ ਵਿਚ ਡਾ. ਨਗੇਂਦ੍ਰ ਮਿੱਥ ਨੂੰ ਪਰੰਪਰਾ ਨਾਲ ਜੋੜਦੇ ਹਨ ਅਤੇ ਇਸ ਨੂੰ ਆਦਿ ਮਨੁੱਖ ਦੇ ਮਨ ਦੀ ਰਚਨਾ ਮੰਨਦੇ ਹਨ।

ਲੋਕਧਾਰਾ ਵਿਗਿਆਨੀ ਡਾ. ਕਰਨੈਲ ਸਿੰਘ ਥਿੰਦ ਨੇ ਮਿੱਥ ਦੀ ਪਰਿਭਾਸ਼ਾ ਇਸ ਤਰ੍ਹਾਂ ਕੀਤੀ ਹੈ:

*ਪੂਰਵ-ਇਤਿਹਾਸਕ ਯੁਗ ਵਿਚ ਵਾਪਰੀ ਕਿਸੇ ਘਟਨਾ ਨੂੰ ਜੋ ਲੋਕਾਂ ਦੀਆਂ ਅਲੌਕਿਕ ਪਰੰਪਰਾਵਾਂ ਨਾਲ ਜੁੜੀ ਹੋਈ ਹੋਵੇ ਅਤੇ ਜਿਹੜੀ ਉਨ੍ਹਾਂ ਦੇ ਦੇਵਤਿਆਂ, ਪ੍ਰਾਚੀਨ ਯੋਧਿਆਂ, ਧਾਰਮਕ ਵਿਸ਼ਵਾਸਾਂ ਅਤੇ ਸਾਂਸਕ੍ਰਿਤਕ ਗੁਣਾਂ ਨਾਲ ਸਬੰਧਿਤ ਹੋਵੇ, ਅੰਗਰੇਜ਼ੀ ਵਿਚ ਅਜਿਹੀ ਕਹਾਣੀ ਨੂੰ ਮਿੱਥ (Myth) ਆਖਦੇ ਹਨ।*[14]

ਡਾ. ਵਣਜਾਰਾ ਬੇਦੀ ਵੀ ਮਿੱਥ ਪ੍ਰਤੀ ਇਹੋ ਦ੍ਰਿਸ਼ਟੀ ਰਖਦੇ ਹਨ। ਉਹ ਵੀ ਡਾ. ਥਿੰਦ ਵਾਂਗ ਇਸ ਨੂੰ ਪੂਰਵ-ਇਤਿਹਾਸਕ ਘਟਨਾ ਸਵੀਕਾਰ ਕਰਦੇ ਹਨ। ਉਹਨਾਂ ਅਨੁਸਾਰ:

> *ਮਿੱਥ ਵਿਸ਼ਵਾਸ ਉਪਰ ਅਧਾਰਤ ਦੇਵੀ ਦੇਵਤਿਆਂ ਜਾਂ ਪੌਰਾਣਿਕ ਪਾਤਰਾਂ ਨਾਲ ਸਬੰਧਿਤ ਪੂਰਵ-ਇਤਿਹਾਸਕ ਕਾਲ ਵਿਚ ਵਾਪਰੀ ਕੋਈ ਘਟਨਾ ਜਾਂ ਬਿਰਤਾਂਤ ਹੈ।*[15]

ਮਿੱਥ ਬਾਰੇ ਵਿਚਾਰ ਪੇਸ਼ ਕਰਦਿਆਂ ਉਹ ਵੀ ਕਹਿੰਦੇ ਹਨ ਕਿ:

> *ਮਿੱਥਾਂ ਨਿਰਾ ਸ਼ਾਬਦਿਕ ਪਰਪੰਚ ਨਹੀਂ ਇਕ ਸਥੂਲ ਪ੍ਰੇਰਨਾਤਮਕ ਸ਼ਕਤੀ ਦਾ ਸੋਮਾ ਵੀ ਬਣਦੀਆਂ ਹਨ ਜੋ ਅਪਣੇ ਸਹਿਜ ਪ੍ਰਵਾਹ ਨਾਲ ਸਮੁੱਚੀ ਜਾਤੀ ਦੀਆਂ ਭਾਵਨਾਵਾਂ ਨੂੰ ਸਿੰਚਰਦਾ ਅਤੇ ਸੰਦੇਸ਼ ਦਿੰਦਾ ਰਹਿੰਦਾ ਹੈ।*[16]

ਵਿਦਵਾਨਾਂ ਦੁਆਰਾ ਦਿੱਤੀਆਂ ਉਪਰੋਕਤ ਪਰਿਭਾਸ਼ਾਵਾਂ ਆਪਣੇ ਆਪ ਵਿਚ ਭਾਵੇਂ ਸੰਪੂਰਨ ਹਨ ਪਰ ਫਿਰ ਵੀ ਇਹਨਾਂ ਪਰਿਭਾਸ਼ਾਵਾਂ ਵਿਚ ਮਿੱਥ ਦਾ ਕੋਈ ਨਾ ਕੋਈ ਪੱਖ ਅਣਗੌਲਿਆ ਰਿਹਾ ਹੈ। ਜਿਥੇ ਅੰਗਰੇਜ਼ੀ ਦੇ ਵਿਦਵਾਨ ਮਿੱਥ ਨੂੰ ਸੰਸਾਰ ਦੀ ਉਤਪਤੀ, ਬ੍ਰਹਿਮੰਡ ਅਤੇ ਸਭਿਆਚਾਰ ਤਬਦੀਲੀ ਨਾਲ ਜੋੜਦੇ ਹਨ, ਉਥੇ ਉਹ ਇਸ ਦੇ ਪਰੰਪਰਾਗਤ 'ਪੀੜ੍ਹੀ ਦਰ ਪੀੜ੍ਹੀ', 'ਲੋਕ ਮਨ' ਦੇ ਤੱਤਾਂ ਨੂੰ ਵੀ ਅੱਖੋਂ ਪਰੋਖੇ ਕਰਦੇ ਹਨ। ਦੂਜੇ ਪਾਸੇ ਭਾਰਤੀ/ਪੰਜਾਬੀ ਵਿਦਵਾਨ ਜਿਥੇ ਮਿੱਥ ਨੂੰ ਧਾਰਮਕ ਵਲਗਣ ਵਿਚ ਰਖਦੇ ਹੋਏ ਇਸ ਨੂੰ ਅਵਤਾਰਾਂ/ਦੇਵੀ ਦੇਵਤਿਆਂ ਧਾਰਮਕ ਪੁਰਸ਼ਾਂ ਨਾਲ ਸੰਬੰਧਿਤ ਦਰਸਾਉਂਦੇ ਹਨ ਉਥੇ ਉਹ ਇਸ ਦੇ ਭਾਸ਼ਾਈ ਤੇ ਕਲਾਤਮਕ ਪੱਖ ਨੂੰ ਵੀ ਨਜ਼ਰ-ਅੰਦਾਜ਼ ਕਰਦੇ ਹਨ।

ਇਸ ਤਰ੍ਹਾਂ ਮਿੱਥ ਪੂਰਵ-ਇਤਿਹਾਸਕ ਕਾਲ ਵਿਚ ਵਾਪਰੀ ਵਿਸ਼ਵਾਸ ਉਪਰ ਆਧਾਰਿਤ ਇਕ ਅਜਿਹੀ ਬ੍ਰਿਤਾਂਤਕ ਕਥਾ ਹੈ ਜੋ ਲੋਕ-ਮਨ ਦੀ ਸਿਰਜਣਾ ਹੋਣ ਸਦਕਾ ਪੀੜ੍ਹੀ-ਦਰ-ਪੀੜ੍ਹੀ ਮਨੁੱਖੀ ਮਨ ਦਾ ਬੌਧਿਕ ਤੇ ਮਾਨਸਿਕ ਵਿਕਾਸ ਕਰਦੀ ਹੋਈ ਸਾਡੇ ਤੱਕ ਪਹੁੰਚਦੀ ਹੈ। ਇਹ

ਬ੍ਰਹਮ, ਸ੍ਰਿਸ਼ਟੀ ਪ੍ਰਕਿਰਤੀ ਅਵਤਾਰ/ਦੇਵੀ-ਦੇਵਤਿਆਂ, ਪ੍ਰਾਚੀਨ ਯੋਧਿਆਂ, ਰਿਸ਼ੀਆਂ-ਮੁਨੀਆਂ, ਰਾਜਿਆਂ, ਪੰਛੀਆਂ-ਧਾਰਮਿਕ ਵਿਸ਼ਵਾਸਾਂ, ਸਭਿਆਚਾਰਕ ਗੁਣਾਂ ਦਾ ਉਲੇਖ ਹੀ ਨਹੀਂ ਕਰਦੀ ਸਗੋਂ ਇਹ ਕਲਪਨਾ, ਯਥਾਰਥ, ਇਤਿਹਾਸ ਨੂੰ ਇਕ ਸੂਤਰ ਵਿਚ ਬੰਨ੍ਹਦੀ ਹੈ। ਇਹ ਭਾਸ਼ਾ ਦੀ ਤਰ੍ਹਾਂ ਦੁਜੈਲੇ ਪੱਧਰ ਦਾ ਅਜਿਹਾ ਪ੍ਰਤੀਕ ਪ੍ਰਬੰਧ ਹੈ ਜੋ ਭਾਸ਼ਾ ਦੀ ਤਰ੍ਹਾਂ ਮਨੁੱਖੀ ਭਾਵਾਂ ਦਾ ਸੰਚਾਰ ਵੀ ਕਰਦੀ ਹੈ।

### ਮਿੱਥ ਦੀ ਪ੍ਰਕਿਰਤੀ :

ਮਿੱਥ ਬਾਰੇ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਵਿਦਵਾਨਾਂ ਦੁਆਰਾ ਦਿੱਤੀਆਂ ਪਰਿਭਾਸ਼ਾਵਾਂ ਤੋਂ ਮਿੱਥ ਦੀ ਪ੍ਰਕਿਰਤੀ ਦੀ ਸਮੁੱਚੀ ਤਸਵੀਰ ਨਜ਼ਰ ਆਉਂਦੀ ਹੈ। ਮਿੱਥ ਆਪਣੀ ਪ੍ਰਕਿਰਤੀ ਵਿਚ ਇਕ ਵਿਸ਼ੇਸ਼ ਪ੍ਰਕਾਰ ਦਾ ਸਾਰਥਕ ਗਿਆਨ ਪ੍ਰਬੰਧ ਹੈ। ਇਹ ਗਿਆਨ ਪ੍ਰਬੰਧ ਮਨੁੱਖ ਦੀ ਅਨੁਭਵ ਕੀਤੀ ਜੀਵਨ-ਚੇਤਨਾ ਦੇ ਪ੍ਰਤੱਖਣ ਨੂੰ ਰੂਪਦੀ-ਅਭਿਵਿਅਕਤੀ ਦੇਣ ਨਾਲ ਹੋਂਦ ਵਿਚ ਆਇਆ। ਇਤਿਹਾਸਕ ਦ੍ਰਿਸ਼ਟੀ ਤੋਂ ਮਿੱਥ ਦੀ ਪ੍ਰਕਿਰਤੀ ਅਸੱਭਿਅਕ, ਅਵਾਸਤਵਿਕ ਅਤੇ ਅਪ੍ਰਮਾਣਿਕ ਜਾਪਦੀ ਹੈ, ਕਿਉਂਕਿ ਇਸ ਦੀ ਪੇਸ਼ਕਾਰੀ ਆਂਤਰਿਕ ਤੇ ਰੂਪਕੀ ਪੱਧਰ ਤੇ ਹੁੰਦੀ ਹੈ। ਇਸ ਦਾ ਯਥਾਰਥ ਨਾਲ ਫਿਰ ਵੀ ਡੂੰਘਾ ਸਬੰਧ ਹੈ ਕਿਉਂਕਿ ਮਿੱਥ ਤੇ ਯਥਾਰਥ ਵਿਚਕਾਰ ਕੋਈ ਅੰਤਰ-ਵਿਰੋਧ ਨਹੀਂ, ਸਗੋਂ ਦੋਵੇਂ ਇਕ ਦੂਜੇ ਦੇ ਪੂਰਕ ਹਨ। ਮਿੱਥ ਵਿਚ ਭੂਤ, ਵਰਤਮਾਨ ਤੇ ਭਵਿੱਖ ਸੰਯੁਕਤ ਰੂਪ ਵਿਚ ਸ਼ਾਮਲ ਹੁੰਦਾ ਹੈ ਅਤੇ ਇਹ ਦੁਹਰਾਓਯੁਕਤ ਪ੍ਰਕਿਰਤੀ ਦੀ ਧਾਰਨੀ ਹੋਣ ਕਰਕੇ ਬਾਰ-ਬਾਰ ਦੁਹਰਾਈ ਜਾਂਦੀ ਹੈ। ਮਿੱਥ ਦਾ ਅਮੂਰਤ ਪਸਾਰ ਮਿੱਥ ਦਾ 'ਲੈਂਗ' ਅਰਥਾਤ ਸਿਸਟਮ ਹੈ, ਸਮੂਰਤ ਦ੍ਰਿਸ਼ ਜਾਂ ਘਟਨਾ ਬਿਰਤਾਂਤ ਉਸਦੇ 'ਪੈਰੋਲ' ਅਰਥਾਤ ਉਚਾਰ ਰੂਪ ਹਨ। ਮਿੱਥ ਆਪਣੀ ਮੂਲ ਪ੍ਰਕਿਰਤੀ ਵਿਚ ਭਾਸ਼ਾ ਦਾ ਆਪਹੁਦਰਾ ਚਿਹਨ ਪ੍ਰਬੰਧ ਹੈ।

ਮਿੱਥ ਦੀ ਪ੍ਰਕਿਰਤੀ ਦਾ ਖਾਸ ਗੁਣ ਇਸ ਦਾ ਲਚਕੀਲਾਪਣ ਹੈ। ਆਪਣੀ ਲਚਕੀਲਤਾ ਕਾਰਣ ਮਿੱਥ ਸਮਾਜ ਦੀਆਂ ਬਦਲ ਰਹੀਆਂ ਪਰਿਸਥਿਤੀਆਂ ਅਨੁਸਾਰ ਢਲ ਜਾਂਦੀ ਹੈ। ਇਸੇ

ਪਰਿਵਰਤਨਸ਼ੀਲਤਾ ਕਾਰਨ ਮਿੱਥ ਸਦਾ ਸੱਜਰੀ ਅਤੇ ਸਦਾ ਸੱਚੀ ਅਨੁਭਵ ਕੀਤੀ ਜਾਂਦੀ ਹੈ। ਮਿੱਥ ਦੀ ਪ੍ਰਕਿਰਤੀ ਦੀ ਵਿਲੱਖਣਤਾ ਇਹ ਹੈ ਕਿ ਇਸ ਵਿਚ ਲੋਕ ਕਹਾਣੀਆਂ ਵਾਂਗ ਤਬਦੀਲੀਆਂ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ ਅਤੇ ਇਸ ਦਾ ਮੂਲ ਸਥਿਰ ਰਹਿੰਦਾ ਹੈ।

ਮਿੱਥ ਆਪਣੀ ਮੂਲ ਪ੍ਰਕਿਰਤੀ ਵਿਚ ਬਹੁਪਰਤੀ, ਬਹੁ-ਪ੍ਰਕਾਰਜੀ ਚਰਿਤਰ ਦੀ ਧਾਰਨੀ ਵੀ ਹੈ ਇਸ ਦਾ ਕਾਰਨ ਇਹ ਹੈ ਕਿ ਇਸ ਵਿਚ ਦਰਸ਼ਨ, ਇਤਿਹਾਸ, ਕਵਿਤਾ, ਨੈਤਿਕਤਾ ਤੇ ਸਭਿਆਚਾਰ ਆਦਿ ਤੱਤ ਸਮੁੱਚੇ ਰੂਪ ਵਿਚ ਅਭਿਵਿਅਕਤੀ ਗ੍ਰਹਿਣ ਕਰਦੇ ਹਨ।

ਮਿੱਥ ਆਪਣੀ ਪ੍ਰਕਿਰਤੀ ਵਿਚ ਅਜਿਹਾ ਗਿਆਨ ਪ੍ਰਬੰਧ ਹੈ ਜੋ ਮਾਨਵੀ ਅੰਤਿਮ ਚਿੰਤਾਵਾਂ (ultimate anxieties) ਨਾਲ ਜੁੜਿਆ ਹੋਇਆ ਹੈ। ਮਿੱਥ ਦੀ ਪ੍ਰਕਿਰਤੀ ਕੇਵਲ ਕਲਪਨਾਤਮਕ ਹੀ ਨਹੀਂ ਸਗੋਂ ਯਥਾਰਥ ਨਾਲ ਵੀ ਇਸ ਦਾ ਨਜ਼ਦੀਕੀ ਸਬੰਧ ਹੈ। ਜਿਥੇ ਇਸ ਦੀ ਪ੍ਰਕਿਰਤੀ ਦੁਹਰਾਓਯੁਕਤ, ਬਹੁ-ਪਰਤੀ, ਬਹੁ-ਪ੍ਰਕਾਰਜੀ ਚਰਿਤਰ ਦੀ ਧਾਰਨੀ ਹੈ ਉਥੇ ਇਸ ਦੀ ਪ੍ਰਕਿਰਤੀ ਲਚਕੀਲਤਾ ਵਾਲੀ ਹੋਣ ਸਦਕਾ ਹਰ ਕਾਲ ਵਿਚ ਪਰਿਸਥਿਤੀਆਂ ਅਨੁਸਾਰ ਬਦਲਦੀ ਹੋਈ ਵੀ ਸੱਜਰੀ ਰਹਿੰਦੀ ਹੈ।

### ਮਿੱਥ ਦੀ ਮਹੱਤਤਾ :

ਮਿੱਥ ਮਨੁੱਖੀ ਜੀਵਨ ਵਿਚ ਖਾਸ ਮਹੱਤਤਾ ਰੱਖਦੀ ਹੈ। ਜਿਥੇ ਇਹ ਮਨੁੱਖ ਨੂੰ ਵਿਵਹਾਰਕ ਜੀਵਨ ਵਿਚ ਸੇਧ ਪ੍ਰਦਾਨ ਕਰਦੀ ਹੈ। ਉਥੇ ਇਹ ਸਾਡੇ ਪੂਰਵਜਾਂ ਦੁਆਰਾ ਕਮਾਏ ਹੋਏ ਜੀਵਨ ਅਨੁਭਵ ਨੂੰ ਪੀੜ੍ਹੀਓਂ-ਪੀੜ੍ਹੀ ਅੱਗੇ ਵੀ ਪਹੁੰਚਾਉਂਦੀ ਹੈ ਅਤੇ ਜਦੋਂ ਵੀ ਸਾਡੇ ਜੀਵਨ ਵਿਚ ਕੋਈ ਸੰਕਟ ਆਉਂਦਾ ਹੈ ਤਾਂ ਸਾਡੀ ਅਗਵਾਈ ਕਰਦੀ ਹੈ।

ਮਿੱਥ ਸਮਾਜ ਦੇ ਵਿਅਕਤੀ ਵਿਸ਼ੇਸ਼ ਦੀਆਂ ਗੁਪਤ ਤਾਂਘਾਂ, ਉਮੰਗਾਂ, ਸੱਧਰਾਂ ਨੂੰ ਜੁਗਤਬੰਦ ਕਰਦੀ ਹੈ। ਇਹਨਾਂ ਤਾਂਘਾਂ ਉਮੰਗਾਂ ਦੀ ਪ੍ਰਸਤੁਤੀ ਰਾਹੀਂ ਇਹ ਲੋਕਾਂ ਦਾ ਮਨੋਰੰਜਨ ਵੀ ਕਰਦੀ ਹੈ।

ਮਿੱਥ ਸ੍ਰਿਸ਼ਟੀ ਅਤੇ ਬ੍ਰਹਿਮੰਡ ਦੇ ਭੇਦਾਂ ਨੂੰ ਜਾਨਣ ਦਾ ਮਹੱਤਵਪੂਰਨ ਵਸੀਲਾ ਹੈ। ਇਸ ਰਾਹੀਂ ਸ੍ਰਿਸ਼ਟੀ ਦੀ ਉਤਪਤੀ ਅਤੇ ਬ੍ਰਹਿਮੰਡ ਦੇ ਰਹੱਸਾਤਮਕ ਭੇਦਾਂ ਬਾਰੇ ਜਾਣਕਾਰੀ ਹਾਸਲ ਹੁੰਦੀ ਹੈ। ਇਸ ਤਰ੍ਹਾਂ ਮਿੱਥ ਸ੍ਰਿਸ਼ਟੀ ਤੇ ਬ੍ਰਹਿਮੰਡ ਦੀਆਂ ਗੁੰਝਲਾਂ ਨੂੰ ਖੋਲ੍ਹ ਕੇ ਮਨੁੱਖ ਦਾ ਮਾਨਸਿਕ ਤੇ ਬੌਧਿਕ ਵਿਕਾਸ ਕਰਦੀ ਹੈ।

ਮਿੱਥ ਦੀ ਧਾਰਮਕ ਦ੍ਰਿਸ਼ਟੀ ਤੋਂ ਵਿਸ਼ੇਸ਼ ਮਹੱਤਤਾ ਅਤੇ ਮਹਾਨਤਾ ਹੈ। ਇਹ ਮਨੁੱਖ ਨੂੰ 'ਬ੍ਰਹਮ' ਬਾਰੇ ਗੁਝੇ ਭੇਦ ਦਰਸਾਅ ਕੇ ਉਸ ਦੇ ਅਧਿਆਤਮਕ ਪੱਖ ਨੂੰ ਉੱਚਾ ਚੁੱਕਦੀ ਹੈ ਅਤੇ ਮਨੁੱਖ ਨੂੰ ਲੌਕਿਕ ਬੰਧਨਾਂ ਤੋਂ ਮੁਕਤ ਕਰਕੇ ਪਾਰਲੌਕਿਕ ਤੇ ਸਦਾਚਾਰਕ ਕੀਮਤਾਂ ਨਾਲ ਜੋੜਦੀ ਹੈ।

ਮਿੱਥ ਦੀ ਸਮਾਜਕ ਤੇ ਸਭਿਆਚਾਰਕ ਤਸਵੀਰ ਪੇਸ਼ ਕਰਨ ਵਿਚ ਵੀ ਵਿਸ਼ੇਸ਼ ਮਹੱਤਤਾ ਹੈ। ਇਹ ਸਮਾਜਕ ਪ੍ਰਬੰਧ ਦੇ ਨਿਯਮਾਂ ਨੂੰ ਪ੍ਰਗਟਾਉਣ ਅਤੇ ਪ੍ਰਚਾਰਨ ਦਾ ਮਹੱਤਵਪੂਰਨ ਵਸੀਲਾ ਹੈ। ਇਹ ਕੇਵਲ ਸਭਿਆਚਾਰਕ ਨਿਯਮਾਂ ਨੂੰ ਪਰਪੱਕਤਾ ਹੀ ਪ੍ਰਦਾਨ ਨਹੀਂ ਕਰਦੀ ਸਗੋਂ ਰੀਤੀ-ਰਿਵਾਜਾਂ ਨੂੰ ਵੀ ਯੋਗ ਠਹਿਰਾਉਂਦੀ ਹੈ।

ਮਿੱਥ ਮਨੁੱਖ ਨੂੰ ਨੈਤਿਕ ਉਪਦੇਸ਼ ਵੀ ਦਿੰਦੀ ਹੈ। ਇਹ ਮਨੁੱਖ ਨੂੰ ਨੇਕੀ, ਬਦੀ, ਸਤਿ, ਅਸਤਿ, ਕਾਮ, ਕਰੋਧ, ਲੋਭ, ਮੋਹ, ਹੰਕਾਰ ਆਦਿ ਵਿਸ਼ਿਆਂ ਬਾਰੇ ਦੱਸ ਕੇ ਕਲਿਆਣਕਾਰੀ ਉਪਦੇਸ਼ ਦਿੰਦੀ ਹੈ ਅਤੇ ਮਨੁੱਖ ਨੂੰ ਚੰਗੇਰੇ ਰਾਹ ਉਤੇ ਚਲਣ ਦੀ ਅਗਵਾਈ ਕਰਦੀ ਹੈ।

ਇਸ ਤਰ੍ਹਾਂ ਇਹ ਮਨੁੱਖ ਨੂੰ ਜੋੜਨ ਵਾਲੀ ਪ੍ਰਮੁੱਖ ਕੜੀ ਹੈ, ਜੋ ਅਮਲੀ ਜੀਵਨ ਵਿਚ ਸਥਿਰਤਾ, ਸੁਧਾਰ, ਮਨੋਰੰਜਨ ਅਤੇ ਭਰਮ ਨਿਵਾਰਨ ਦਾ ਕੰਮ ਕਰਦੀ ਹੈ। ਇਹ ਮਨੁੱਖਾਂ ਵਿਚ ਏਕਤਾ ਤੇ ਸਮੂਹਿਕ ਸਹਿਰੂਪਤਾ ਦਾ ਅਹਿਸਾਸ ਪੈਦਾ ਕਰਨ ਦੇ ਨਾਲ-ਨਾਲ ਲੋਕ ਜੀਵਨ ਅਤੇ ਵਾਤਾਵਰਨ ਵਿਚ ਸੁਮੇਲ ਦੀ ਭਾਵਨਾ ਉਜਾਗਰ ਕਰਨ ਵਿਚ ਸਹਾਈ ਹੁੰਦੀ ਹੈ।

ਸਮੁੱਚੇ ਰੂਪ ਵਿਚ ਮਿੱਥ ਦੀ ਮਹੱਤਤਾ ਇਹ ਹੈ ਕਿ ਮਿੱਥ ਜਿਥੇ ਮਨੁੱਖ ਨੂੰ ਵਿਵਹਾਰਕ ਜੀਵਨ ਵਿਚ ਸੇਧ ਪ੍ਰਦਾਨ ਕਰਦੀ ਹੈ, ਉਥੇ ਉਹ ਸ੍ਰਿਸ਼ਟੀ ਬ੍ਰਹਮ ਬਾਰੇ ਵਰਨਣ ਕਰਨ ਤੋਂ ਇਲਾਵਾ

ਧਾਰਮਕ, ਸਮਾਜਕ, ਨੈਤਿਕ ਕਦਰਾਂ-ਕੀਮਤਾਂ, ਰਿਸ਼ਤੇ ਨਾਤੇ ਅਤੇ ਸੱਭਿਆਚਾਰ ਦੀ ਤਸਵੀਰ ਪੇਸ਼ ਕਰਦੀ ਹੋਈ ਮਨੁੱਖ ਨੂੰ ਅਧਿਆਤਮਕ, ਨੈਤਿਕ ਤੇ ਸਦਾਚਾਰ ਦਾ ਉਪਦੇਸ਼ ਵੀ ਦਿੰਦੀ ਹੈ।

**ਮਿੱਥ ਦੇ ਸਿਧਾਂਤ:**

ਮਿੱਥ ਬਾਰੇ ਵੱਖ-ਵੱਖ ਅਨੁਸ਼ਾਸਨਾਂ ਨਾਲ ਸਬੰਧਿਤ ਵੱਖੋ-ਵੱਖ ਵਿਦਵਾਨਾਂ ਨੇ ਮਿਥ-ਸਿਧਾਂਤ ਪੇਸ਼ ਕੀਤੇ ਹਨ। ਮਨੋਵਿਗਿਆਨੀਆਂ, ਧਰਮ ਸ਼ਾਸਤਰੀਆਂ, ਦਰਸ਼ਨ ਸ਼ਾਸਤਰੀਆਂ, ' ਸਮਾਜ ਮਾਨਵ ਵਿਗਿਆਨੀਆਂ, ਭਾਸ਼ਾ ਵਿਗਿਆਨੀਆਂ, ਲੋਕਧਾਰਾ ਵਿਗਿਆਨੀਆਂ, ਸਾਹਿਤਕਾਰਾਂ ਆਦਿ ਨੇ ਆਪੋ-ਆਪਣਾ ਸਿਧਾਂਤ ਪੇਸ਼ ਕੀਤਾ ਹੈ। ਇਹਨਾਂ ਵਿਭਿੰਨ ਅਨੁਸ਼ਾਸਨਾਂ ਨਾਲ ਸਬੰਧਿਤ ਵਿਦਵਾਨਾਂ ਨੇ ਆਪਣੇ ਸਿਧਾਂਤ ਨੂੰ ਉਚਿਤ ਦਰਸਾਉਣ ਦੀ ਕੋਸ਼ਿਸ਼ ਵੀ ਕੀਤੀ ਹੈ। ਇਸ ਤਰ੍ਹਾਂ ਇਹਨਾਂ ਵਿਦਵਾਨਾਂ ਦੁਆਰਾ ਪੇਸ਼ ਕੀਤੇ ਅਧਿਐਨ ਨੂੰ ਵਿਆਪਕ ਦਾਰਸ਼ਨਿਕ ਪਰਿਪੇਖ ਵਿਚ ਵਾਚਣ ਦੀ ਜ਼ਰੂਰਤ ਹੈ।

ਮਿੱਥ ਦੀ ਗਿਆਨਮੂਲਕ ਵਿਆਖਿਆ ਪਹਿਲੀ ਵਾਰ ਗਿਆਨ ਬਿਸਟਾ ਵੀਕੋ (Gian battiesta Vico) ਨੇ ਕੀਤੀ। ਉਸ ਨੇ ਪਹਿਲੀ ਵਾਰ ਮਿੱਥ ਨੂੰ ਇਤਿਹਾਸਕ ਵਿਕਾਸ ਦੇ ਪਰਿਪੇਖ ਵਿਚ ਰੱਖ ਕੇ ਇਸ ਦੀ ਵਿਗਿਆਨਕ ਸਾਰਥਕਤਾ ਨਿਸ਼ਚਿਤ ਕੀਤੀ ਹੈ। ਉਸ ਨੇ ਮਿੱਥ ਨੂੰ ਅਰਥ ਵਿਹੂਣਾ ਪ੍ਰਪੰਚ ਨਹੀਂ ਕਿਹਾ ਸਗੋਂ ਅਜਿਹਾ ਜਟਿਲ ਅਰਥ ਭਰਪੂਰ ਪ੍ਰਬੰਧ ਕਿਹਾ ਹੈ ਜੋ ਮਨੁੱਖੀ ਗਿਆਨ ਦੀ ਪ੍ਰਕਿਰਿਆ ਨੂੰ ਸਮਝਣ ਵਿਚ ਸਹਾਇਕ ਸਿਧ ਹੋਇਆ ਹੈ। ਵੀਕੋ ਅਨੁਸਾਰ:

> *ਮਿੱਥ ਨਾ ਕੋਈ ਅਰਥ ਵਿਹੂਣਾ ਬਿਰਤਾਂਤ ਹੈ ਤੇ ਨਾ ਹੀ ਕੋਈ ਅਨਿਉਕਤੀ, ਸਗੋਂ ਇਹ ਤਾਂ ਇਕ ਵਿਸ਼ੇਸ਼ ਇਤਿਹਾਸਕ ਕਾਲ ਦੀ ਸਮੂਹਿਕ ਮਾਨਸਿਕਤਾ ਦੀ ਅਭਿਵਿਅਕਤੀ ਹੈ। ਮਿੱਥ ਆਦਿ ਮਨੁੱਖ ਦੀ ਕੋਈ ਸਿਰਜਣਾ ਨਹੀਂ, ਇਹ ਤਾਂ ਆਦਿ ਮਨੁੱਖ ਦੇ ਪ੍ਰਤੱਖ ਅਨੁਭਵ ਦੀ ਅਭਿਵਿਅਕਤੀ ਹੈ ਅਤੇ ਇਹ ਆਦਿ ਮਨੁੱਖ ਦੇ ਆਪਣੇ ਭਾਵਾਂ ਨੂੰ ਪ੍ਰਗਟਾਉਣ ਦਾ ਕਾਵਿਮਈ ਪ੍ਰਗਟਾਵਾ ਹੈ।*[17]

ਵੀਕੋ ਦੀ ਮਿੱਥ ਸਬੰਧੀ ਗਿਆਨਮੂਲਕ ਵਿਆਖਿਆ ਉਪਰੰਤ ਮਨੋਵਿਗਿਆਨੀਆਂ ਦਾ ਧਿਆਨ ਵੀ ਮਿੱਥ ਵੱਲ ਕੇਂਦਰਿਤ ਹੋਇਆ। ਇਹਨਾਂ ਵਿਚੋਂ 'ਫਰਾਇਡ' ਤੇ 'ਯੁੰਗ' ਪ੍ਰਮੁੱਖ ਹਨ।

ਸਿਗਮੰਡ ਫਰਾਇਡ (Sigmund Freud) ਨੇ 'ਮਾਨਵ ਅਵਚੇਤਨ ਮਨ' (unconcious mind) ਦੇ ਪਰਿਪੇਖ ਤੋਂ ਮਿੱਥ ਦੀ ਮਨੋਵਿਸ਼ਲੇਸ਼ਣੀ ਦ੍ਰਿਸ਼ਟੀ ਤੋਂ ਵਿਆਖਿਆ ਕੀਤੀ ਹੈ। ਫਰਾਇਡ ਮਨੁੱਖੀ ਮਨ ਨੂੰ ਸੁਚੇਤ, ਅਰਧਚੇਤ, ਅਚੇਤ ਤਿੰਨ ਭਾਗਾਂ ਵਿਚ ਵੰਡਦਾ ਹੈ ਅਤੇ ਅਵਚੇਤਨ ਨੂੰ ਹੀ ਮਨੁੱਖੀ ਮਨ ਦੇ ਅੰਤਹਕਰਨ ਵਿਚ ਦੱਬੀਆਂ ਭਾਵਨਾਵਾਂ ਦਾ ਵਰਤਾਰਾ ਕਹਿੰਦਾ ਹੈ ਜੋ ਕਾਮ ਭਾਵਨਾ ਨਾਲ ਸਿੱਧੇ ਜਾਂ ਅਸਿੱਧੇ ਤੌਰ ਤੇ ਸਬੰਧਿਤ ਹੈ। ਫਰਾਇਡ ਅਨੁਸਾਰ ਮਨੁੱਖੀ ਅਵਚੇਤਨ ਹੀ ਸੁਪਨਿਆਂ ਦਾ ਸਿਰਜਕ ਹੈ। ਸੁਪਨਿਆਂ ਦੇ ਪ੍ਰਤੀਕ ਹੀ ਧਰਮ, ਮਿੱਥ, ਕਲਾਵਾਂ ਅਤੇ ਭਾਸ਼ਾ ਆਦਿ ਵਿਚ ਮਿਸ਼ਰਤ ਹੁੰਦੇ ਰਹਿੰਦੇ ਹਨ। ਇਸ ਤੋਂ ਇਲਾਵਾ ਉਹ ਮਨੁੱਖ ਦੀਆਂ ਬਾਕੀ ਦੀਆਂ ਸਾਰੀਆਂ ਸਭਿਆਚਾਰਕ ਪ੍ਰਾਪਤੀਆਂ (ਮਿੱਥ, ਧਰਮ, ਕਲਾ ਤੇ ਸਾਹਿਤ ਆਦਿ) ਦਾ ਸਬੰਧ ਵੀ ਮਾਨਵੀ ਚੇਤਨ ਨਾਲ ਜੋੜਦਾ ਹੈ।[18] ਉਹ ਮਿੱਥ ਦਾ ਸੁਪਨਿਆਂ ਨਾਲ ਗਹਿਰਾ ਸਬੰਧ ਜੋੜਦੇ ਹੋਏ ਇਹ ਸਥਾਪਨਾ ਬਣਾਉਂਦਾ ਹੈ ਕਿ ਮਿੱਥ ਸੁਪਨਿਆਂ ਦਾ ਹੀ ਬਦਲਿਆ ਰੂਪ ਹੈ। ਇੰਝ ਉਸ ਨੇ ਮਿੱਥ ਦੀ ਪਰਿਭਾਸ਼ਾ 'Secular Dreams of Youthfull Humanity' (ਯੁਵਾ ਮਨੁੱਖਤਾ ਦੇ ਧਰਮ ਨਿਰਪੱਖ ਸੁਪਨੇ)।[19] ਦੇ ਅਰਥਾਂ ਵਿਚ ਪੇਸ਼ ਕਰਕੇ ਆਪਣੇ ਸਿਧਾਂਤ ਦੀ ਪ੍ਰੋੜ੍ਹਤਾ ਕੀਤੀ ਹੈ।

ਫਰਾਇਡ ਨੇ ਜਿਥੇ ਵਿਅਕਤੀਗਤ ਅਵਚੇਤਨ ਮਨ' ਦਾ ਸੰਕਲਪ ਪੇਸ਼ ਕੀਤਾ ਹੈ, ਉਥੇ ਸੀ. ਜੀ. ਯੁੰਗ (C.G. Jung) ਨੇ 'ਸਮੂਹਿਕ ਅਵਚੇਤਨ ਮਨ' ਨੂੰ ਅਧਾਰ ਬਣਾਇਆ ਹੈ। ਉਸ ਅਨੁਸਾਰ, 'ਸਮੂਹਿਕ ਅਵਚੇਤਨ ਮਨ ਚਾਰ ਮੁੱਢਲੇ ਰੂਪਾਂ (Archetypes) (ਮਾਂ, ਪੁਨਰ ਜਨਮ, ਆਤਮਾ ਤੇ ਚਾਲਬਾਜ (Trickster) ਦੇ ਰੂਪ ਵਿਚ ਅਤਿ ਜਟਿਲ ਪ੍ਰਾਪਤੀ ਮੂਲਕ ਵਰਤਾਰਾ ਹੈ। ਮਿੱਥਾਂ ਇਹਨਾਂ ਮੁਢਲੇ ਰੂਪਾਂ (Archetypes) ਦੀ ਠੋਸ ਪ੍ਰਸਤੁਤੀ ਹਨ।[20] ਇਸ ਤਰ੍ਹਾਂ ਯੁੰਗ ਨੇ ਇਹ ਸਥਾਪਨਾ ਬਣਾਈ ਹੈ ਕਿ ਮਿੱਥਾਂ ਇਹਨਾਂ ਮੁਢਲੇ ਰੂਪਾਂ (Archytypes) ਦਾ ਹੀ ਸਮੂਰਤ ਅਭਿਵਿਅਕਤੀ ਰੂਪ ਹੈ ਅਰਥਾਤ ਮਨੁੱਖੀ ਸਿਰਜਣਾਤਮਕ ਕਲਪਨਾ ਇਨ੍ਹਾਂ ਮੁਢਲੇ ਰੂਪਾਂ ਨੂੰ

ਸਮੇਂ-ਸਮੇਂ ਜੀਵੰਤ ਕਰਕੇ ਸਮੂਰਤ ਰੂਪ ਪ੍ਰਦਾਨ ਕਰਦੀ ਹੈ। ਯੁੰਗ ਦਾ ਵਿਸ਼ਵਾਸ ਹੈ ਕਿ ਆਦਿ ਮਨੁੱਖ ਦੀ ਮਾਨਸਿਕਤਾ ਇਹਨਾਂ ਮਿੱਥਾਂ ਨੂੰ ਖੋਜਦੀ ਨਹੀਂ ਸਗੋਂ ਇਨ੍ਹਾਂ ਨੂੰ ਜੀਉਂਦੀ ਹੈ।

ਇਸ ਤਰ੍ਹਾਂ ਮਨੋਵਿਗਿਆਨੀਆਂ ਨੇ ਮਿੱਥਾਂ ਦਾ ਕਲਪਨਾ ਤੇ ਸੁਪਨੇ ਨਾਲ ਗਹਿਰਾ ਸਬੰਧ ਜੋੜਿਆ ਹੈ ਅਤੇ ਮਨੁੱਖੀ ਅਵਚੇਤਨ ਮਨ ਦੀ ਧਾਰਨਾ ਨੂੰ ਮੁੱਖ ਰੱਖਿਆ ਹੈ। ਫਰਾਇਡ ਤੇ ਯੁੰਗ ਤੋਂ ਇਲਾਵਾ ਐਟੋਰੈਂਕ, ਐਰਿਕ ਫੋਰਮੈਨ, ਕਰੈਨ ਹੋਰਨੇ, ਐਡਲਰ, ਐੱਚ. ਐੱਚ ਗੁਸ਼ਲਵੈਨ ਨੇ ਵੀ ਮਿੱਥ ਕਥਾ ਨੂੰ ਮਨੁੱਖੀ ਅਵਚੇਤਨ ਦੇ ਦ੍ਰਿਸ਼ਟੀਕੋਣ ਤੋਂ ਵੇਖਣ ਦਾ ਯਤਨ ਕੀਤਾ ਹੈ।

ਧਰਮ ਸ਼ਾਸਤਰੀਆਂ ਨੇ ਵੀ ਮਨੋਵਿਗਿਆਨੀਆਂ ਦੀ ਤਰ੍ਹਾਂ ਮਿੱਥ ਬਾਰੇ ਆਪਣਾ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ। ਇਹਨਾਂ ਨੇ ਮਿੱਥ ਨੂੰ ਧਰਮ ਦਾ ਜ਼ਰੂਰੀ ਤੱਤ ਮੰਨਦੇ ਹੋਏ ਮਿੱਥ ਤੇ ਧਰਮ ਦੇ ਅੰਤਰਕਾਰਜੀ ਰਿਸ਼ਤੇ ਨੂੰ ਪਛਾਨਣ ਦਾ ਯਤਨ ਕੀਤਾ ਹੈ। ਇਹਨਾਂ ਨੇ ਮਿਥਿਕ-ਸੱਚ ਨੂੰ ਧਾਰਮਕ ਸੱਚ ਵਾਂਗ ਹੀ ਪਰਾ-ਤਾਰਕਿਕ ਤੇ ਪਰਾ-ਪ੍ਰਕਿਰਤਕ ਸਿਧ ਕਰਨ ਲਈ ਆਪੋ-ਆਪਣੇ ਸਿਧਾਂਤ ਪੇਸ਼ ਕੀਤੇ ਹਨ।[21]

ਇਹਨਾਂ ਧਰਮ ਸ਼ਾਸਤਰੀਆਂ ਵਿਚੋਂ ਮਰਸੀਆ ਏਲੀਆਦੇ (Mircea Eliade) ਦੇ ਵਿਚਾਰਾਂ ਨੂੰ ਦ੍ਰਿਸ਼ਟੀਗੋਚਰ ਕੀਤਾ ਜਾ ਸਕਦਾ ਹੈ। ਕਿਉਂਕਿ ਇਸ ਨੇ ਮਿੱਥ ਦੀ ਪ੍ਰਕਿਰਤੀ ਨੂੰ ਸਹੀ ਤੌਰ ਤੇ ਸਮਝਣ ਦਾ ਯਤਨ ਕੀਤਾ ਹੈ। ਮਰਸੀਆ ਏਲੀਆਦੇ ਨੇ ਧਾਰਮਕ-ਮਾਨਵ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਵਿਆਖਿਆ ਕੀਤੀ ਹੈ। ਉਹ ਮਿੱਥ ਨੂੰ ਜਟਿਲ ਸਾਂਸਕ੍ਰਿਤਕ ਯਥਾਰਥ ਕਹਿੰਦਾ ਹੈ। ਉਹ ਆਪਣੀ ਧਾਰਨਾ ਦੀ ਪੁਸ਼ਟੀ ਲਈ ਸ੍ਰਿਸ਼ਟੀ ਰਚਨਾ ਨਾਲ ਸਬੰਧਿਤ ਕਈ ਮਿਥਿਹਾਸਕ ਹਵਾਲੇ ਦਿੰਦਾ ਹੋਇਆ ਕਹਿੰਦਾ ਹੈ:

> *ਮਿੱਥ ਦਸਦੀ ਹੈ ਕਿ ਕਿਸ ਤਰ੍ਹਾਂ ਦ੍ਰਿਸ਼ਟਮਾਨ ਵਾਸਤਵਿਕਤਾ ਹੋਂਦ ਵਿਚ ਆਈ ....।*[22]
>
> *ਉਹ ਮਿੱਥਾਂ ਦਾ ਸਬੰਧ ਦੈਵੀ ਤੇ ਪਰਾ-ਪ੍ਰਕਿਰਤਕ ਸ਼ਕਤੀਆਂ ਨਾਲ ਜੋੜਦਾ ਹੋਇਆ ਇਸ ਨੂੰ ਪਵਿੱਤਰ ਇਤਿਹਾਸ ਮੰਨਦਾ ਹੈ। ਉਸ ਅਨੁਸਾਰ ਮਿੱਥ ਪਵਿੱਤਰ ਹੋਣ ਦੇ ਨਾਲ-ਨਾਲ ਇਤਿਹਾਸਕ ਸਚਾਈ*

*ਵੀ ਹੈ, ਜਿਸ ਦਾ ਵਾਸਤਵਿਕਤਾ ਨਾਲ ਸਿੱਧਾ ਸਬੰਧ ਹੈ। ਦ੍ਰਿਸ਼ਟਮਾਨ ਵਾਸਤਵਿਕਤਾ ਦੀ ਹੋਂਦ ਇਸ ਦੇ ਇਤਿਹਾਸ ਦੀ ਪ੍ਰਮਾਣਿਕਤਾ ਨੂੰ ਸਿੱਧ ਕਰਦੀ ਹੈ।*[23]

ਮਰਸੀਆ ਏਲੀਆਦੇ ਮਿਥਿਕ ਸਿਧਾਂਤ ਪੇਸ਼ ਕਰਦਾ ਹੋਇਆ ਮਿਥ-ਕਥਾ ਨੂੰ ਧਰਮ ਦਾ ਅਟੁੱਟ ਅੰਗ ਮੰਨਦਾ ਹੈ, ਜੋ ਪਰਮ-ਸੱਤਾ ਦੀ ਅਭਿਵਿਅਕਤੀ ਕਰਦਾ ਹੈ। ਉਹ ਮਿੱਥ ਦਾ ਸਬੰਧ ਦੈਵੀ ਤੇ ਗੈਬੀ ਸ਼ਕਤੀਆਂ ਨਾਲ ਜੋੜਦਾ ਹੋਇਆ ਇਸ ਨੂੰ ਪਵਿੱਤਰ ਇਤਿਹਾਸ ਸਵੀਕਾਰ ਕਰਦਾ ਹੈ ਜੋ ਵਾਸਤਵਿਕਤਾ ਉਪਰ ਅਧਾਰਿਤ ਹੈ।

ਦਰਸ਼ਨ ਸ਼ਾਸਤਰੀਆਂ ਵਿਚੋਂ ਅਰਨਸਟ ਕੈਜੀਰਰ ਅਤੇ ਮਿਸਜ ਸੂਸਨ ਕੇ. ਲੈਂਗਰ ਪ੍ਰਮੁੱਖ ਹਨ ਜਿਹਨਾਂ ਨੇ ਮਿੱਥ ਦੀ ਪ੍ਰਤੀਕਮੂਲਕ ਵਿਆਖਿਆ ਪੇਸ਼ ਕੀਤੀ ਹੈ। ਇਸ ਉਦੇਸ਼ ਲਈ ਉਹਨਾਂ ਨੇ ਮਨੁੱਖ ਦੇ ਸਮੁੱਚੇ ਸਾਂਸਕ੍ਰਿਤਕ ਪ੍ਰਸੰਗ ਨੂੰ ਸਾਹਮਣੇ ਰੱਖਿਆ ਹੈ। ਉਹਨਾਂ ਨੇ ਇਹ ਧਾਰਨਾ ਬਣਾਈ ਹੈ ਕਿ ਮਨੁੱਖ ਕੋਲ ਪ੍ਰਤੀਕ ਸਿਰਜਣ ਦੀ ਅਜਿਹੀ ਸਮਰਥਾ ਹੈ ਜੋ ਉਸ ਨੂੰ ਪਸ਼ੂ ਜਗਤ ਤੋਂ ਨਿਖੇੜਦੀ ਹੈ।

ਅਰਨਸਟ ਕੈਜੀਰਰ (Ernst Cassirer) ਨੇ ਮਿੱਥ ਦੀ ਪ੍ਰਤੀਕਮੂਲਕਤਾ (symbolicity) ਦੇ ਪਰਿਪੇਖ ਤੋਂ ਵਿਆਖਿਆ ਕੀਤੀ ਹੈ ਅਤੇ ਇਹ ਧਾਰਨਾ ਬਣਾਈ ਹੈ ਕਿ ਮਨੁੱਖ ਦੀ ਪ੍ਰਤੀਕ ਸਿਰਜਣ ਦੀ ਯੋਗਤਾ ਹੀ ਮਿੱਥ ਸਿਰਜਣ ਦਾ ਆਧਾਰ ਹੈ। ਪ੍ਰਤੀਕ ਸਿਰਜਣ ਕਾਰਣ ਵਸਤੂ ਜਗਤ ਰੂਪਾਂਤਰਣ ਦੀ ਪ੍ਰਕਿਰਿਆ ਵਿਚ ਪੈ ਕੇ ਇਕ ਪ੍ਰਤੀਕ ਪ੍ਰਬੰਧ ਸਿਰਜਦਾ ਹੈ। ਉਸ ਅਨੁਸਾਰ:

*'ਮਿਥ' ਭਾਸ਼ਾ, ਕਲਾ ਤੇ ਧਰਮ ਵਾਂਗ ਇਕ ਵਿਸ਼ੇਸ਼ ਪ੍ਰਕਾਰ ਦਾ ਪ੍ਰਤੀਕ ਰੂਪ ਹੈ।*[24]

*ਜਿਸਦਾ ਆਪਣਾ ਨਵੇਕਲਾ ਪ੍ਰਬੰਧ ਹੈ, ਪਰ ਇਸ ਨੂੰ ਤਾਰਕਿਕ ਰੂਪ-ਵਿਧੀ ਦੇ ਅਰਥਾਂ ਵਿਚ ਗ੍ਰਹਿਣ ਨਹੀਂ ਕੀਤਾ ਜਾ ਸਕਦਾ।*[25]

*ਮਿੱਥ ਦੇ ਇਸ ਪ੍ਰਤੀਕ ਰੂਪ ਵਿਚ ਮਾਨਵੀ ਅਨੁਭਵ ਦੇ ਸੰਕਲਪੀ ਤੇ ਪ੍ਰਤੱਖੀ ਦੋਵੇਂ ਪਸਾਰ ਸ਼ਾਮਲ ਹੋ ਕੇ ਪੇਸ਼ ਹੁੰਦੇ ਹਨ ਅਤੇ ਲੋਕ ਵਿਸ਼ਵਾਸ ਇਸ ਦਾ ਮੂਲ ਅਧਾਰ ਹੋ ਨਿਬੜਦਾ ਹੈ।*[26]

ਕੈਜੀਰਰ ਦਾ ਮਿੱਥ ਪ੍ਰਤੀ ਇਹ ਮਤ ਹੈ ਕਿ ਇਹ ਮਨੁੱਖ ਦੀ ਅਜਿਹੀ ਪ੍ਰਤੀਕਾਤਮਕ ਪ੍ਰਾਪਤੀ ਹੈ, ਜਿਸ ਦੀ ਮਨੁੱਖੀ ਜੀਵਨ ਵਿਚ ਵਿਲੱਖਣ ਸਾਰਥਕਤਾ ਹੈ। ਇਹ ਮਨੁੱਖੀ ਜੀਵਨ ਦੀ ਅਜਿਹੀ ਸ਼ਕਤੀ ਹੈ ਜੋ ਮਨੁੱਖ ਦੀਆਂ ਸਾਰੀਆਂ ਕਿਰਿਆਵਾਂ ਨਾਲ ਜਟਿਲ ਸਬੰਧ ਵਿਚ ਇਉਂ ਬੱਝੀ ਹੈ ਕਿ ਇਸ ਨੂੰ ਕਲਾ, ਕਵਿਤਾ, ਭਾਸ਼ਾ ਅਤੇ ਅਜੋਕੇ ਇਤਿਹਾਸਕ ਚਿੰਤਨ ਤੋਂ ਵੱਖਰਿਆਂ ਨਹੀਂ ਕੀਤਾ ਜਾ ਸਕਦਾ।

ਮਿਸਿਜ਼ ਸੂਸਨ ਕੇ. ਲੈਂਗਰ (Susanne K. Langer) ਨੇ ਮਿੱਥ ਤੇ ਪਰੀ ਕਥਾ ਦਾ ਤੁਲਨਾਤਮਕ ਅਧਿਐਨ ਕਰਕੇ ਆਪਣਾ ਸਿਧਾਂਤ ਪੇਸ਼ ਕੀਤਾ ਹੈ। ਕੈਜੀਰਰ ਵਾਂਗ ਉਹ ਵੀ ਮਿੱਥ ਨੂੰ ਇਕ ਪ੍ਰਤੀਕਮੂਲਕ ਪ੍ਰਾਪਤੀ ਮੰਨਦੀ ਹੈ ਪਰ ਉਹ ਮਿੱਥ ਦੀਆਂ ਜੜ੍ਹਾਂ ਆਦਿਮ-ਗਲਪ ਵਿਧੀਆਂ ਵਿਚੋਂ ਭਾਲਦੀ ਹੈ। ਉਸਨੇ ਮਿੱਥ ਅਤੇ ਪਰੀ ਕਥਾ ਦਾ ਤੁਲਨਾਤਮਕ ਅਧਿਐਨ ਪੇਸ਼ ਕਰਦੇ ਹੋਏ ਦੋਹਾਂ ਦੇ ਪ੍ਰਯੋਜਨ ਤੇ ਪ੍ਰਕਾਰਜ ਵਿਚਲੀ ਭਿੰਨਤਾ ਨੂੰ ਪਛਾਣਦਿਆਂ ਹੋਇਆਂ ਆਪਣਾ ਮਿੱਥ ਸਿਧਾਂਤ ਇਉਂ ਪੇਸ਼ ਕੀਤਾ ਹੈ:

*ਮਿੱਥ ਦੀ ਸਮੱਗਰੀ ਭਾਵੇਂ ਕਲਪਨਾਮਈ ਹੈ ਪਰ ਧਾਰਮਕ ਸੰਜੀਦਗੀ ਸਦਕਾ ਲੋਕ ਮਨ ਇਸ ਨੂੰ ਇਤਿਹਾਸਕ ਤੱਥ ਜਾਂ ਰਹੱਸਾਤਮਕ ਸਚਾਈ ਮੰਨ ਕੇ ਇਸ ਪ੍ਰਤੀ ਆਪਣੀ ਸ਼ਰਧਾ ਰੱਖਦਾ ਹੈ। ਮਿੱਥ ਕਈ ਯੌਟੀਪਨ ਸੰਕਲਪ ਨਹੀਂ ਸਗੋਂ ਤ੍ਰਾਸਦਿਕ ਥੀਮਾਂ ਨੂੰ ਯਥਾਰਥ ਦੀ ਪੱਧਰ ਤੇ ਪੇਸ਼ ਕਰਨ ਵਾਲਾ ਇਕ ਪ੍ਰਤੀਕ ਰੂਪ ਹੈ।*[27]

ਮਿਸਿਜ਼ ਸੂਸਨ ਕੇ. ਲੈਂਗਰ ਦਾ ਮਿੱਥ ਪ੍ਰਤੀ ਦ੍ਰਿਸ਼ਟੀਕੋਣ ਇਹ ਬਣਦਾ ਹੈ ਕਿ ਉਹ ਮਿੱਥ ਨੂੰ ਮਨੁੱਖ ਦੀ ਅਜਿਹੀ ਪ੍ਰਤੀਕਾਤਮਕ ਪ੍ਰਾਪਤੀ ਮੰਨਦੀ ਹੈ, ਜੋ ਕਾਲਪਨਿਕ ਕਥਾ ਨੂੰ ਯਥਾਰਥਕ ਸਾਰਥਕਤਾ ਦੇਣ ਦੇ ਸਿੱਟੇ ਵਜੋਂ ਹੋਂਦ ਵਿਚ ਆਈ।

ਦਰਸ਼ਨ ਸ਼ਾਸਤਰੀਆਂ ਦੇ ਉਪਰੋਕਤ ਸਿਧਾਂਤ ਨੂੰ ਵੇਖਦਿਆਂ ਇਹ ਪਤਾ ਚਲਦਾ ਹੈ ਕਿ ਕੈਜੀਰਰ ਅਤੇ ਮਿਸਿਜ਼ ਲੈਂਗਰ ਦੇ ਵਿਚਾਰਾਂ ਵਿਚ ਸਮਾਨਤਾ ਪਾਈ ਜਾਂਦੀ ਹੈ। ਦੋਵੇਂ ਵਿਦਵਾਨ ਮਿੱਥ ਨੂੰ ਤੱਤ ਮੀਮਾਂਸਾ ਦਾ ਆਦਿਮ ਪੱਖ ਮੰਨਦੇ ਹਨ ਅਤੇ ਭਾਸ਼ਾ ਦੇ ਸਮਾਨਾਂਤਰ ਵਿਕਸਿਤ ਰੂਪ ਸਵੀਕਾਰ ਕਰਦੇ ਹੋਏ ਇਹ ਵੀ ਪ੍ਰਵਾਨ ਕਰਦੇ ਹਨ ਕਿ ਮਿਥਿਕ ਪ੍ਰਤੀਕ ਪ੍ਰਬੰਧ ਵਿਚ ਧਾਰਮਕ ਸੰਜੀਦਗੀ ਅਤੇ ਵਿਸ਼ਵਾਸ ਦੀ ਹੋਂਦ ਕਿਸੇ ਨਾ ਕਿਸੇ ਤਰ੍ਹਾਂ ਬਰਕਰਾਰ ਰਹਿੰਦੀ ਹੈ।

ਦਰਸ਼ਨ ਸ਼ਾਸਤਰੀਆਂ ਤੋਂ ਇਲਾਵਾ ਸਮਾਜ ਵਿਗਿਆਨੀਆਂ ਨੇ ਵੀ ਮਿੱਥ ਸਬੰਧੀ ਆਪਣਾ ਸਿਧਾਂਤ, ਸਮਾਜ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ। ਇਹਨਾਂ ਵਿਦਵਾਨਾਂ ਵਿਚੋਂ ਇਮਾਈਲ ਦਰਖੇਮ (Emile Durkheim), ਲੈਵੀ-ਬ੍ਰਹੁਲ (Levi Bruhl), ਬ੍ਰਿਨਸਲਾਅ ਮੈਲੀਨੋਵਸਕੀ (Brinslaw-Malinowksy) ਆਦਿ ਪ੍ਰਮੁੱਖ ਹਨ। ਇਹਨਾਂ ਵਿਦਵਾਨਾਂ ਨੇ ਮਿੱਥ ਨੂੰ ਪਰੰਪਰਾਗਤ ਰੂਪ ਸਵੀਕਾਰ ਕਰਕੇ ਇਸ ਦੇ ਸਮਾਜਕ ਤੇ ਕਾਰਜਾਤਮਕ ਪੱਖ ਬਾਰੇ ਚਰਚਾ ਕੀਤੀ ਹੈ।

ਸਮਾਜ ਵਿਗਿਆਨੀ ਇਮਾਈਲ ਦਰਖੇਮ (Emile Durkheim) ਮਿੱਥਾਂ ਨੂੰ ਧਾਰਮਕ ਵਿਸ਼ਵਾਸ ਅਤੇ ਰੀਤੀ-ਰਿਵਾਜ ਦਾ ਜ਼ਰੂਰੀ ਤੱਤ ਮੰਨਦੇ ਹੋਏ ਸ੍ਰਿਸ਼ਟੀ ਨੂੰ ਮਿੱਥ ਦਾ ਸਰੋਤ ਸਿਧ ਕਰਦਾ ਹੈ। ਉਸ ਦਾ ਵਿਚਾਰ ਹੈ ਕਿ ਹੋਰ ਸਭਿਆਚਾਰਕ ਵਰਤਾਰਿਆਂ ਵਾਂਗ ਮਿੱਥ ਵੀ ਸਮਾਜ ਦੀ ਸਮੂਹਿਕ ਪ੍ਰਤੀਨਿਧਤਾ ਨੂੰ ਪ੍ਰਤੀਬਿੰਬਤ ਕਰਦੀ ਹੈ। ਮਿੱਥ ਦਾ ਮੂਲ ਪ੍ਰਯੋਜਨ ਮਨੁੱਖ ਦੀ ਸਮਾਜਿਕ ਜ਼ਿੰਦਗੀ ਦਾ ਨਿਰੂਪਣ ਕਰਨਾ ਹੈ।[28]

ਦਰਖੇਮ ਨੇ 'ਸਮੂਹਿਕ ਪ੍ਰਤੀਨਿਧਤਾ' ਦਾ ਸਿਧਾਂਤ ਪੇਸ਼ ਕੀਤਾ ਹੈ। ਉਸਨੇ ਸਮਾਜ ਵਿਗਿਆਨਕ ਦ੍ਰਿਸ਼ਟੀ ਤੋਂ ਸਮੂਹਿਕ ਪ੍ਰਤੀਨਿਧਤਾ ਦੇ ਆਧਾਰ ਤੇ ਮਿੱਥ ਨੂੰ ਪਰਾ-ਪ੍ਰਕਿਰਤਕ ਪ੍ਰਤਿਰੂਪਣ ਨਾ ਮੰਨਦੇ ਹੋਏ ਸਮਾਜਕ ਭੌਤਿਕਤਾ ਦਾ ਪ੍ਰਤਿਰੂਪਣ ਮੰਨਿਆ।

ਲੈਵੀ-ਬ੍ਰਹੁਲ (Levi Bruhl) ਨੇ ਦਰਖੇਮ ਦੁਆਰਾ ਦਿੱਤੀ ਸਮੂਹਿਕ ਪ੍ਰਤੀਨਿਧਤਾ ਦੀ ਧਾਰਨਾ ਨੂੰ ਅੱਗੇ ਤੋਰਿਆ। ਉਸਨੇ ਇਸ ਧਾਰਨਾ ਦੇ ਆਧਾਰ ਤੇ ਆਦਿਮ ਮਾਨਸਿਕਤਾ ਅਤੇ ਮਿੱਥਕ ਚੇਤੰਨਤਾ ਦਾ ਨਿਖੇੜਾ ਕੀਤਾ ਹੈ ਅਤੇ ਆਦਿਮ ਮਨ ਦੀ ਆਂਤਰਿਕਤਾ ਨੂੰ ਮਿੱਥ ਦਾ ਮੂਲ ਅਧਾਰ ਮੰਨਿਆ ਹੈ।[29]

ਲੈਵੀ-ਬ੍ਰਹੁਲ ਨੇ ਆਦਿਮ ਕਬੀਲਿਆਂ ਦੁਆਰਾ ਬੋਲੀ ਜਾਂਦੀ ਭਾਸ਼ਾ ਦਾ ਅਧਿਐਨ ਕਰਦੇ ਹੋਏ ਮਿੱਥ ਤੇ ਭਾਸ਼ਾ ਦੇ ਆਪਸੀ ਸਬੰਧਾਂ ਉੱਪਰ ਜ਼ੋਰ ਦਿੱਤਾ ਹੈ ਅਤੇ ਇਨ੍ਹਾਂ ਭਾਸ਼ਾਵਾਂ ਵਿਚ ਉਹ ਆਦਿਮ-ਮਾਨਸਿਕਤਾ ਵਾਲੀਆਂ ਵਿਸ਼ੇਸ਼ਤਾਵਾਂ ਦੇਖਦਾ ਹੈ।

ਬ੍ਰਿਨਸਲਾਅ ਮੈਲੀਨੋਵਸਕੀ (Brinslaw Malinowsky) ਆਦਿਮ ਸੰਸਕ੍ਰਿਤੀ ਦੇ ਅੰਤਰਗਤ ਮਿੱਥ ਦੀ ਪ੍ਰਕਿਰਤੀ ਤੇ ਪ੍ਰਕਾਰਜ ਨੂੰ ਨਿਰਧਾਰਤ ਕਰਨ ਵੱਲ ਰੁਚਿਤ ਹੈ। ਉਹ ਮਿੱਥ ਨੂੰ ਆਦਿਮ ਯਥਾਰਥ ਦਾ ਬਿਰਤਾਂਤਕ ਪੁਨਰ ਉਥਾਨ ਕਹਿੰਦਾ ਹੋਇਆ ਮਿੱਥ ਬਾਰੇ ਅੱਗੇ ਲਿਖਦਾ ਹੈ:

> *ਮਿੱਥ ਕੋਈ ਸਧਾਰਨ ਕਹਾਣੀ ਮਾਤਰ ਨਹੀਂ ਸਗੋਂ ਮਿਹਨਤ ਨਾਲ ਸਿਰਜੀ ਇਕ ਅਜਿਹੀ ਕਿਰਿਆਤਮਕ ਸ਼ਕਤੀ ਹੈ ਜੋ ਮਨੁੱਖ ਦੇ ਸਮਾਜਕ ਤੇ ਸਾਂਸਕ੍ਰਿਤਕ ਵਿਹਾਰ ਨੂੰ ਕੰਟਰੋਲ ਕਰਦੀ ਹੈ। ਇਹ ਮਨੁੱਖ ਦੀ ਬੌਧਿਕ ਵਿਆਖਿਆ ਜਾਂ ਕਲਾਤਮਕ ਬਿੰਬਾਵਲੀ ਦਾ ਸਿੱਟਾ ਨਹੀਂ, ਸਗੋਂ ਆਦਿਮ ਵਿਸ਼ਵਾਸ ਤੇ ਨੈਤਿਕ ਵਿਵੇਕ ਦੇ ਪ੍ਰਯੋਗਸ਼ੀਲ ਸੁਭਾਅ ਦਾ ਸਿੱਟਾ ਪ੍ਰਤੀਤ ਹੁੰਦੀ ਹੈ। ਉਸ ਨੇ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਮਿੱਥ ਵਿਵਹਾਰਕ ਨਿਯਮਾਂ ਦੀ ਪਾਲਣਾ ਲਈ ਮਨੁੱਖ ਨੂੰ ਯੋਗ ਅਗਵਾਈ ਦਿੰਦੀ ਹੈ।*[30]

ਮੈਲੀਨੋਵਸਕੀ ਮਿੱਥ ਸਬੰਧੀ ਇਹ ਧਾਰਨਾ ਬਣਾਉਂਦਾ ਹੈ ਕਿ ਮਿੱਥ ਆਦਿਮ ਸਮਾਜ ਵਿਚ ਮਹੱਤਵੂਰਨ ਭੂਮਿਕਾ ਨਿਭਾਉਂਦੀ ਹੈ। ਉਹ ਮਨੁੱਖ ਦੇ ਸਮਾਜਿਕ ਤੇ ਸਭਿਆਚਾਰਕ ਵਿਹਾਰ ਤੇ ਨਿਯੰਤਰਣ ਹੀ ਨਹੀਂ ਰਖਦੀ ਸਗੋਂ ਮਨੁੱਖ ਨੂੰ ਵਿਵਹਾਰਕ ਨਿਯਮ ਦੀ ਪਾਲਣਾ ਲਈ ਰਾਹ ਦਿਖਾਉਂਦੀ ਹੋਈ ਮਨੁੱਖ ਦੀਆਂ ਧਾਰਮਕ, ਨੈਤਿਕ, ਸਮਾਜਕ, ਵਿਵਹਾਰਕ ਲੋੜਾਂ ਦੀ ਪੂਰਤੀ ਲਈ ਹੋਂਦ ਵਿਚ ਆਉਂਦੀ ਹੈ।

ਇਸ ਤਰ੍ਹਾਂ ਸਮਾਜ ਵਿਗਿਆਨੀਆਂ ਨੇ ਆਪਣੀ ਟੇਕ ਸਮਾਜ ਉਤੇ ਰੱਖੀ ਹੈ ਅਤੇ ਇਹਨਾਂ ਸਮਾਜ ਵਿਗਿਆਨੀਆਂ ਨੇ ਮੂਲ ਰੂਪ ਵਿਚ ਸਮਾਜਕ ਤੇ ਪ੍ਰਕਾਰਜੀ ਪੱਖਾਂ ਨੂੰ ਆਪਣੇ ਸਿਧਾਂਤ ਦਾ ਕੇਂਦਰ ਬਿੰਦੂ ਬਣਾਇਆ ਹੈ।

ਭਾਸ਼ਾ ਵਿਗਿਆਨੀਆਂ ਨੇ ਵੀ ਬਾਕੀ ਵਿਦਵਾਨਾਂ ਦੀ ਤਰ੍ਹਾਂ ਆਪਣਾ ਸਿਧਾਂਤ ਪੇਸ਼ ਕੀਤਾ ਹੈ। ਇਹਨਾਂ ਵਿਚੋਂ ਸੰਰਚਨਾਵਾਦੀਆਂ, ਚਿਹਨ ਵਿਗਿਆਨੀਆਂ ਦੀ ਪਹੁੰਚ ਵਿਧੀ ਵੱਖਰੀ ਵੱਖਰੀ ਤਰ੍ਹਾਂ ਦੀ ਹੈ। ਭਾਸ਼ਾ ਵਿਗਿਆਨੀ ਮੈਕਸਮੂਲਰ (Max. F. Muller) ਨੇ ਮਿੱਥ ਅਤੇ ਭਾਸ਼ਾ ਦਾ ਤੁਲਨਾਤਮਕ ਅਧਿਐਨ ਕਰਦੇ ਹੋਏ ਆਪਣਾ ਮਿੱਥ ਸਿਧਾਂਤ ਪੇਸ਼ ਕੀਤਾ ਹੈ। ਉਸਦੀ ਮਿੱਥ ਪ੍ਰਤੀ ਪਹੁੰਚ ਨਾਂਹ-ਪੱਖੀ ਹੈ। ਉਸਨੇ ਆਂਤਰਿਕ ਸੰਗਠਨ ਦੇ ਅਧਾਰ ਤੇ ਮਿੱਥ ਨੂੰ ਭਾਸ਼ਾ ਦੇ ਇਤਿਹਾਸਕ ਵਿਕਾਸ ਦਾ ਨਤੀਜਾ ਕਿਹਾ ਹੈ ਅਤੇ ਦੱਸਿਆ ਹੈ ਕਿ ਮਿੱਥ ਜਿਥੇ ਤਾਰਕਿਕ ਚਰਿਤਰ ਦੀ ਧਾਰਨੀ ਹੈ, ਉਥੇ ਉਹ ਅਤਾਰਕਿਕ ਚਰਿਤਰ ਵੀ ਰੱਖਦੀ ਹੈ। ਉਹ ਮਿੱਥ ਨੂੰ ਭਾਸ਼ਾ ਦੇ ਅਵਿਵੇਕੀ ਪਾਸਾਰ ਨਾਲ ਸਬੰਧਿਤ ਕਰਦਾ ਹੋਇਆ ਲਿਖਦਾ ਹੈ:

> *ਮਿੱਥ ਭਾਸ਼ਾ ਦੀ ਵਿਰਾਸਤ ਕਮਜ਼ੋਰੀ ਹੈ। ਇਹ ਮਾਨਵੀ ਬੋਧ ਉਪਰ ਭਾਸ਼ਾ ਦੁਆਰਾ ਅਰੋਪਿਆ ਇਕ ਫੈਂਟਸੀ ਤੇ ਭੁਲੇਵੇਂ ਦਾ ਜਾਲ ਹੈ ਜੋ ਉਦੋਂ ਤੱਕ ਖਤਮ ਨਹੀਂ ਹੁੰਦਾ, ਜਦੋਂ ਤੱਕ ਭਾਸ਼ਾ ਪੂਰਨ ਤੌਰ ਤੇ ਤਾਰਕਿਕ-ਬੋਧ ਨਾਲ ਇਕ ਸੁਰ ਨਹੀਂ ਹੋ ਜਾਂਦੀ। ਇਉਂ ਉਹ ਮਿੱਥ ਨੂੰ ਸਵੈ ਧੋਖੇ ਦਾ ਜਗਤ ਅਤੇ ਭਾਸ਼ਾ ਦਾ ਰੋਗ ਕਹਿੰਦਾ ਹੈ।*[31]

ਪਰ ਐਂਡਰੀਓ ਲੈਂਗ, ਮੈਕਸਮੂਲਰ ਦੇ ਵਿਚਾਰਾਂ ਨਾਲ ਸਹਿਮਤ ਨਹੀਂ। ਉਸ ਅਨੁਸਾਰ ਮਿੱਥ ਭਾਸ਼ਾ ਦਾ ਰੋਗ ਨਹੀਂ, ਇਹ ਤਾਂ ਬ੍ਰਹਿਮੰਡਕ ਤੱਤਾਂ ਦੇ ਮਾਨਵੀਕਰਣ ਦਾ ਨਤੀਜਾ ਹੈ।[32]

ਇਤਿਹਾਸਕ ਭਾਸ਼ਾ ਵਿਗਿਆਨ ਦੇ ਪ੍ਰਤੀਕਰਮ ਵਜੋਂ ਫਰਦੀਨੰਦ ਡੀ ਸੌਸਿਉਰ (Feridinand De Saussure) ਦੇ ਭਾਸ਼ਾ ਵਿਗਿਆਨ ਮਾਡਲ ਦੇ ਨਵੀਨ ਸੰਕਲਪਾਂ ਨੇ ਨਵੀਆਂ ਅਧਿਐਨ ਵਿਧੀਆਂ ਦਾ ਰਾਹ ਖੋਲ੍ਹ ਦਿੱਤਾ। ਇਸ ਦਿਸ਼ਾ ਵਿਚ ਬਹੁਤ ਸਾਰੇ ਵਿਦਵਾਨਾਂ ਨੇ ਅਧਿਐਨ ਸ਼ੁਰੂ ਕਰ ਦਿੱਤਾ। ਇਹਨਾਂ ਵਿਦਵਾਨਾਂ ਵਿਚੋਂ ਮਾਨਵ ਵਿਗਿਆਨੀ ਕਲਾਡ ਲੈਵੀ-ਸਤ੍ਰਾਉਸ (Claud Levi Strauss), ਰੋਲਾਂ ਬਾਰਤ ਆਦਿ ਪ੍ਰਮੁੱਖ ਹਨ। ਲੈਵੀ-ਸਤ੍ਰਾਉਸ ਨੇ ਫਰਦੀਨੰਦ ਡੀ. ਸੌਸਿਉਰ ਦੇ ਭਾਸ਼ਾ ਚਿੰਤਨ ਵਿਚ ਮਿੱਥ ਤੇ ਭਾਸ਼ਾ ਦੀ ਸਮਰੂਪਤਾ ਦਾ ਪ੍ਰਗਟਾਵਾ ਆਪਣੇ ਸਿਧਾਂਤ ਵਿਚ ਕੀਤਾ ਹੈ।

ਲੈਵੀ-ਸਤ੍ਰਾਉਸ ਆਪਣਾ ਸਿਧਾਂਤ ਸਪੱਸ਼ਟ ਕਰਨ ਲਈ ਬੌਧਿਕ ਬ੍ਰਿਕੋਲਾਜ ਦਾ ਸੰਕਲਪ ਪੇਸ਼ ਕਰਦਾ ਹੈ।[33] ਉਸ ਅਨੁਸਾਰ ਬੌਧਿਕ ਬ੍ਰਿਕੋਲਾਜ ਦੀ ਸਿਰਜਣਾ ਅਮੂਰਤ ਸੰਕਲਪਾਂ ਦੀ ਥਾਂ ਸਮੂਰਤ ਚਿਹਨਾਂ ਦੁਆਰਾ ਹੁੰਦੀ ਹੈ। ਮਿੱਥ ਦੀ ਰਚਨਾ ਕਰਨ ਵਾਲਾ ਰਚਨਾ ਕਰਨ ਸਮੇਂ ਬੌਧਿਕ ਜਗਤ ਦੀਆਂ ਵਸਤਾਂ ਤੇ ਜੀਵਾਂ ਆਦਿ ਨੂੰ ਚਿਹਨ ਵਜੋਂ ਆਪਣੀ ਰਚਨਾਂ ਲਈ ਵਰਤਦਾ ਹੈ। ਇਸ ਤਰ੍ਹਾਂ ਮਿੱਥ ਸਮੂਰਤਨ ਦਾ ਵਿਗਿਆਨ ਹੋ ਨਿਬੜਦਾ ਹੈ।[34] ਇਹਨਾਂ ਵਿਚਾਰਾਂ ਰਾਹੀਂ ਲੈਵੀ-ਸਤ੍ਰਾਉਸ ਇਹ ਸਿੱਧ ਕਰਦਾ ਹੈ ਕਿ ਮਿੱਥ ਉਨ੍ਹਾਂ ਅਵਚੇਤਨ ਪਸਾਰਾਂ ਨੂੰ ਚਿਹਨਤ ਕਰਦੀ ਹੈ ਜੋ ਵੱਖ-ਵੱਖ ਭਾਸ਼ਕ, ਸਮਾਜਿਕ ਤੇ ਸਾਂਸਕ੍ਰਿਤਕ ਉਚਾਰਾਂ ਰਾਹੀਂ ਅਭਿਵਿਅਕਤ ਹੋ ਰਹੇ ਹੁੰਦੇ ਹਨ।

ਲੈਵੀ-ਸਤ੍ਰਾਉਸ ਮਿੱਥਾਂ ਦੀ ਸੰਰਚਨਾ ਨੂੰ ਸਪੱਸ਼ਟ ਕਰਦੇ ਹੋਏ ਕਹਿੰਦਾ ਹੈ ਕਿ ਮਿੱਥਾਂ ਦੀ ਆਪਣੀ ਸੰਰਚਨਾ ਹੈ ਜੋ ਉਸ ਦੇ ਅਰਥ ਪਸਾਰ ਨੂੰ ਸੁਨਿਸ਼ਚਿਤ ਕਰਦੀ ਹੈ। ਇਹ ਸੰਰਚਨਾ ਭਾਸ਼ਕ, ਸਮਾਜਕ ਤੇ ਸਭਿਆਚਾਰਕ ਕੋਡਾਂ ਰਾਹੀਂ ਅਭਿਵਿਅਕਤੀ ਗ੍ਰਹਿਣ ਕਰਦੀ ਹੈ। ਇਸ ਤਰ੍ਹਾਂ ਲੈਵੀ-ਸਤ੍ਰਾਉਸ ਮਿੱਥ ਨੂੰ ਉਸਦੇ ਸਮੁੱਚੇ ਸਭਿਆਚਾਰਕ, ਸਮਾਜਕ, ਭਾਸ਼ਕ ਪ੍ਰਸੰਗ ਵਿਚ

ਵਿਚਾਰਦਾ ਹੋਇਆ ਮਿੱਥਾਂ ਨੂੰ ਮਹਿਜ ਬਿਰਤਾਂਤ ਦਾ ਕਥਾ-ਕ੍ਰਮ ਨਾ ਕਹਿ ਕੇ ਭਾਸ਼ਾ ਵਾਂਗ ਸੰਦੇਸ਼ ਸੰਚਾਰ ਕਰਨ ਵਿਧੀ ਵਾਂਗ ਦੇਖਦਾ ਹੈ।[35]

ਇਸ ਤਰ੍ਹਾਂ ਲੈਵੀ-ਸਤ੍ਰਾਉਸ ਮਿੱਥ ਦੇ ਅਧਿਐਨ ਲਈ ਸੰਰਚਨਾਵਾਦੀ ਅਧਿਐਨ ਵਿਧੀ ਸਥਾਪਤ ਕਰਦਾ ਹੈ। ਉਹਨਾਂ ਮਿੱਥ ਨੂੰ ਕਾਵਿ ਸਿਆਣਪ ਮੰਨਦਾ ਹੋਇਆ ਮਿੱਥ ਅਤੇ ਵਿਗਿਆਨ ਨੂੰ ਮਨੁੱਖੀ ਚੇਤਨਾ ਦੇ ਇਤਿਹਾਸ ਵਿਚ ਵੱਖ-ਵੱਖ ਅਵਸਥਾਵਾਂ ਮੰਨਦਾ ਹੈ। ਉਸ ਦੀ ਮਿੱਥ ਪ੍ਰਤੀ ਦ੍ਰਿਸ਼ਟੀ ਪ੍ਰਕਿਰਤੀ ਤੇ ਸਭਿਆਚਾਰ ਦੇ ਵਿਰੋਧ ਉਪਰ ਅਧਾਰਿਤ ਹੈ। ਲੈਵੀ-ਸਤ੍ਰਾਉਸ ਇਕ ਮਿੱਥ ਦੇ ਮਾਈਥੀਮਾਂ ਨੂੰ ਦੂਜੀ ਮਿੱਥ ਦੇ ਮਾਈਥੀਮਾਂ ਨਾਲ ਅਧਿਐਨ ਕਰਕੇ ਉਸ ਨਿਆਂਪੂਰਨ ਸਾਂਝ ਨੂੰ ਉਭਾਰਦਾ ਹੈ ਜਿਹੜੀ ਸਮੁੱਚੀ ਮਾਨਵਜਾਤੀ ਦੀ ਸਾਂਝ ਨੂੰ ਉਜਾਗਰ ਕਰਦੀ ਹੈ। ਇਸ ਲਈ ਲੈਵੀ-ਸਤ੍ਰਾਉਸ ਇਹ ਧਾਰਨਾ ਬਣਾਉਂਦਾ ਹੈ ਕਿ ਮਿੱਥ ਸਮਾਜਕ ਜੁਗਤ ਅਤੇ ਸਮਾਜਕ ਰਿਸ਼ਤਿਆਂ ਨੂੰ ਰੂਪਮਾਨ ਕਰਦੀ ਹੈ।

ਭਾਸ਼ਾ ਵਿਗਿਆਨੀਆਂ ਵਿਚੋਂ ਇਕ ਸੰਰਚਨਾਵਾਦੀ ਚਿਹਨ ਵਿਗਿਆਨੀ ਰੋਲਾਂ ਬਾਰਤ (Roland Barthes) ਨੇ ਸੌਸਿਊਰ ਦੇ ਭਾਸ਼ਾ ਵਿਗਿਆਨਕ ਅਧਿਐਨ ਦਾ ਪ੍ਰਭਾਵ ਕਬੂਲਦੇ ਹੋਏ ਆਪਣਾ ਮਿੱਥ, ਸਿਧਾਂਤ ਪੇਸ਼ ਕੀਤਾ ਹੈ। ਰੋਲਾਂ ਬਾਰਤ ਨੇ ਸੌਸਿਊਰ ਦੇ ਭਾਸ਼ਾ ਵਿਗਿਆਨਕ ਮਾਡਲ ਵਿਚੋਂ 'ਲੈਂਗ ਤੇ ਪੈਰੋਲ', 'ਚਿਹਨਕ ਤੇ ਚਿਹਨਿਤ' ਸਿੰਗਮੈਟਿਕ ਤੇ ਪੈਰਾਡਿਗਮੈਟਿਕ ਤਿੰਨ ਦੁਵੱਲੇ ਜੁੱਟ (Dichotomies) ਵਰਤੇ ਹਨ ਅਤੇ ਚੌਥਾ ਉਸ ਨੇ ਖੁਦ ਸੁਝਾਉਸ਼ੀਲ (conotation) ਤੇ ਸੰਕੇਤਕ-ਕਥਨ (Denotation) ਜੁੱਟ ਆਪ ਵਰਤਿਆ ਹੈ।

ਰੋਲਾਂ ਬਾਰਤ ਮਿੱਥ ਨੂੰ ਇਕ ਚਿਹਨ-ਪ੍ਰਬੰਧ ਮੰਨਦਾ ਹੈ। ਉਸ ਅਨੁਸਾਰ ਜਿਥੇ ਭਾਸ਼ਾ ਚਿੰਨ੍ਹਾਂ ਦਾ ਇਕ ਆਪਹੁਦਰਾ ਪ੍ਰਬੰਧ ਹੈ, ਉਥੇ ਮਿੱਥ ਭਾਸ਼ਾਈ ਚਿੰਨ੍ਹਾਂ ਦੁਆਰਾ ਸਿਰਜਿਆ ਦੁਜੈਲੇ ਪੱਧਰ ਦਾ ਚਿੰਨ੍ਹ ਪ੍ਰਬੰਧ ਹੈ ਭਾਵ ਭਾਸ਼ਾਈ ਚਿੰਨ੍ਹ ਮਿੱਥ ਵਿਚ ਚਿਹਨਕ ਬਣ ਜਾਂਦੇ ਹਨ। ਮਿੱਥਕ ਚਿਨ੍ਹ ਇਕ ਦੋਹਰੀ ਰੂਪ ਵਿਧੀ ਵਿਚ ਪੇਸ਼ ਹੁੰਦੇ ਹਨ। ਉਹ ਇਕੋ ਸਮੇਂ ਅਰਥ ਵੀ ਹੁੰਦੇ ਹਨ ਅਤੇ ਰੂਪ

ਵੀ।[36] ਭਾਸ਼ਾਈ ਪ੍ਰਬੰਧ ਵਜੋਂ ਰੋਲਾਂ ਬਾਰਤ ਚਿਹਨਕ ਨੂੰ ਅਰਥਾਂ ਨਾਲ ਜੋੜਦਾ ਹੈ ਅਤੇ ਮਿਥਿਕ ਪ੍ਰਬੰਧ ਦੇ ਅੰਤਰਗਤ ਰੂਪ ਨਾਲ ਜੋੜਦਾ ਹੈ।

ਰੋਲਾਂ ਬਾਰਤ ਨੇ ਮਿੱਥ ਨੂੰ ਪਰੰਪਰਕ ਅਰਥਾਂ ਨਾਲੋਂ ਤੋੜ ਕੇ ਇਕ ਨਵੇਂ ਪਰਿਪੇਖ ਵਿਚ ਰਖ ਕੇ ਵਾਚਿਆ ਹੈ। ਭਾਸ਼ਾਈ ਦ੍ਰਿਸ਼ਟਾਂਤ ਨੂੰ ਮੁੱਖ ਰੱਖਦੇ ਹੋਏ ਉਸ ਨੇ ਮਿੱਥ ਨੂੰ ਇਕ ਤਰ੍ਹਾਂ ਦਾ ਉਚਾਰ ਮੰਨਿਆ ਹੈ।[37] ਉਹ ਮਨੁੱਖੀ ਇਤਿਹਾਸ ਨੂੰ ਇਸ ਉਚਾਰ ਦਾ ਮੂਲ ਅਧਾਰ ਮੰਨਕੇ ਮਿੱਥਾਂ ਨੂੰ ਇਤਿਹਾਸ ਦੀ ਚੋਣ ਸਵੀਕਾਰ ਕਰਦਾ ਹੈ।[38]

ਇਸ ਤੋਂ ਇਲਾਵਾ ਉਹ ਮਿੱਥ ਨੂੰ ਸੰਚਾਰੂ ਵਿਧੀ ਦੇ ਅਰਥਾਂ ਵਿਚ ਵੀ ਗ੍ਰਹਿਣ ਕਰਦਾ ਹੈ। ਉਸ ਅਨੁਸਾਰ ਮਿੱਥ ਅਜਿਹੀ ਭਾਸ਼ਾ/ਮੈਟਾ ਭਾਸ਼ਾ ਹੈ ਜੋ ਵਿਸ਼ੇਸ਼ ਪ੍ਰਕਾਰ ਦਾ ਸੰਦੇਸ਼ ਸੰਚਾਰ ਕਰਦੀ ਹੈ।[39]

ਇਸ ਤਰ੍ਹਾਂ ਰੋਲਾਂ ਬਾਰਤ ਨੇ ਸੌਸਿਉਰ ਦੇ ਭਾਸ਼ਾਈ ਮਾਡਲ ਨੂੰ ਅਧਾਰ ਬਣਾਉਂਦਿਆਂ ਇਸ ਨੂੰ ਦੂਹਰੇ ਪ੍ਰਕਾਰ ਦਾ ਚਿੰਨ੍ਹ ਪ੍ਰਬੰਧ ਮੰਨਿਆ ਹੈ ਅਤੇ ਆਪਣਾ ਸਮੁੱਚਾ ਸਿਧਾਂਤ ਚਿੰਨ੍ਹ-ਵਿਗਿਆਨਕ ਵਿਧੀ ਰਾਹੀਂ ਪੇਸ਼ ਕੀਤਾ ਹੈ। ਉਸ ਨੇ ਮਿੱਥ ਨੂੰ ਇਕ ਅਜਿਹਾ ਪ੍ਰਬੰਧ ਕਿਹਾ ਹੈ, ਜਿਹੜਾ ਚਿੰਨ੍ਹ ਵਿਗਿਆਨਕ ਪ੍ਰਬੰਧ ਵਿਚ ਕਾਰਜਸ਼ੀਲ ਹੁੰਦਾ ਹੈ। ਇਸੇ ਤਰ੍ਹਾਂ ਉਹ ਮਿੱਥ ਨੂੰ ਇਕ ਪੈਗਾਮ ਵੀ ਸਮਝਦਾ ਹੈ ਜਿਹੜੀ ਕਿ ਸੰਚਾਰ ਕਾਰਜ ਨਿਭਾਉਂਦੀ ਹੈ।

ਸਾਹਿਤਕਾਰਾਂ ਨੇ ਵੀ ਬਾਕੀ ਵਿਦਵਾਨਾਂ ਦੀ ਤਰ੍ਹਾਂ ਮਿੱਥ ਪ੍ਰਤੀ ਆਪਣਾ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ। ਇਹਨਾਂ ਸਾਹਿਤਕਾਰਾਂ ਵਿਚੋਂ ਨਾਰਥੋ ਫਰਾਈ (Northrop Frye) ਮਹੱਤਵਪੂਰਨ ਵਿਦਵਾਨ ਹੈ। ਉਹ ਆਪਣੇ ਚਿੰਤਨ ਨੂੰ ਮਿੱਥ ਦੇ ਕਥਾਤਮਕ ਪਹਿਲੂਆਂ ਤਕ ਹੀ ਸੀਮਤ ਰਖਦਾ ਹੈ। ਉਹ ਤ੍ਰਾਸਦੀ, ਕਾਮਦੀ, ਰੁਮਾਂਸ ਤੇ ਆਇਰਨੀ ਆਦਿ ਸਾਹਿਤ, ਦੇ ਵੱਖ-ਵੱਖ ਰੂਪਾਕਾਰਾਂ ਵਿਚ ਮਿੱਥ ਦੀ ਕਾਰਜਸ਼ੀਲਤਾ ਨੂੰ ਦਰਸਾਉਣ ਲਈ ਕਲਾਸੀਕਲ ਪੱਛਮੀ ਯੂਨਾਨੀ ਕਾਵਿ ਸ਼ਾਸਤਰੀ ਨੇਮਾਂ ਨੂੰ ਮਾਡਲ ਵਜੋਂ ਵਰਤ ਕੇ ਉਸ ਦੀ ਪੁਨਰ ਵਿਆਖਿਆ ਕਰਨ ਵੱਲ ਰੁਚਿਤ ਹੈ।[40] ਉਹ ਮਿੱਥ ਨੂੰ ਬਿਰਤਾਂਤਕ/ਗਾਲਪਨਿਕ ਰੂਪ ਸਵੀਕਾਰ ਕਰਦਾ ਹੋਇਆ ਮਿੱਥ ਨੂੰ ਸੰਸਾਰ ਭਰ ਦੇ ਸਾਹਿਤ ਦੀ ਆਦਿ ਰਚਨਾ ਮੰਨਦਾ ਹੈ। ਉਸ ਅਨੁਸਾਰ, "ਮਿਥ ਕਾਰਜਸ਼ੀਲਤਾ ਗ੍ਰਹਿਣ ਕਰਕੇ

ਸਾਹਿਤਕ ਰਚਨਾ ਬਣ ਜਾਂਦੀ ਹੈ ਅਤੇ ਸਮੁੱਚਾ ਸਾਹਿਤ ਹੀ ਇਕ ਤਰ੍ਹਾਂ ਦੀ ਸਥਾਨਾਂਤਰਿਤ ਮਿੱਥ ਹੈ।[41] ਉਸ ਅਨੁਸਾਰ, ਮਿੱਥ ਸਾਹਿਤ ਦਾ ਅਟੁਟ ਅੰਗ ਹੈ ਅਤੇ ਸਾਹਿਤ ਦੇ ਸੰਰਚਨਾਤਮਕ ਨੇਮ ਇਕੱਲੇ-ਇਕਹਰੇ ਰੂਪ ਵਿਚ ਮਿੱਥ ਵਿਚ ਦੇਖਣ ਨੂੰ ਮਿਲਦੇ ਹਨ ਜੋ ਸੰਭਾਵਿਤਾ ਦੇ ਪ੍ਰਸੰਗ ਵਿਚ ਯਥਾਰਥ ਨਾਲੋਂ ਅਲੱਗ ਹੁੰਦੇ ਹਨ।[42]

ਨਾਰਥੋ ਫਰਾਈ ਅਰਸਤੂ ਦੇ ਸਿਧਾਂਤ ਨੂੰ ਅਪਣਾਉਂਦਿਆਂ ਮਿੱਥ ਨੂੰ ਮਾਈਥੋਸ ਦੇ ਅਰਥਾਂ ਵਿਚ ਗ੍ਰਹਿਣ ਕਰਦਾ ਹੋਇਆ ਲਿਖਦਾ ਹੈ ਕਿ 'ਮਾਈਥੋਸ' ਸਾਹਿਤ ਰਚਨਾ ਦਾ ਉਹ ਸੰਰਚਨਾਤਮਕ ਤੱਤ ਹੈ ਜੋ ਸਮੁੱਚੀ ਰਚਨਾ ਨੂੰ ਕੰਟਰੋਲ ਕਰਦਾ ਹੈ ਅਤੇ ਗਤੀਸ਼ੀਲਤਾ ਪ੍ਰਦਾਨ ਕਰਦਾ ਹੈ। ਇਉਂ ਮਿੱਥ ਇਕ ਪੂਰਵ ਸਾਹਿਤ-ਸੰਗਠਨ ਪ੍ਰਬੰਧ ਹੋ ਨਿਬੜਦਾ ਹੈ।[43]

ਨਾਰਥੋ ਫਰਾਈ ਦੇ ਸਮੁੱਚੇ ਸਿਧਾਂਤ ਨੂੰ ਜਾਨਣ ਉਪਰੰਤ ਇਹ ਗਲ ਸਪੱਸ਼ਟ ਹੁੰਦੀ ਹੈ ਕਿ ਉਹ ਮਿੱਥ ਦੀ ਸਾਹਿਤਕ ਪਛਾਣ ਨਿਸ਼ਚਿਤ ਕਰਦਾ ਹੋਇਆ ਮਿੱਥ ਨੂੰ ਸਾਹਿਤ ਦੀ ਪਹਿਲੀ ਰਚਨਾ ਮੰਨਦਾ ਹੈ। ਉਹ ਇਹ ਸਿੱਧ ਕਰਦਾ ਹੈ ਕਿ ਸਮੁੱਚਾ ਸਾਹਿਤ ਹੀ ਇਸ ਤਰ੍ਹਾਂ ਨਾਲ ਸਥਾਨਾਂਤਰਿਤ ਮਿੱਥ ਹੈ। ਇਸ ਤਰ੍ਹਾਂ ਉਹ ਮਿੱਥ ਨੂੰ ਇਕ ਅਜਿਹੀ ਪ੍ਰਤੱਖਣ ਵਿਧੀ ਦੇ ਅਰਥਾਂ ਵਿਚ ਗ੍ਰਹਿਣ ਕਰ ਰਿਹਾ ਹੈ ਜੋ ਪ੍ਰਕਿਰਤੀ ਨੂੰ ਮਨੁੱਖੀ ਰੂਪ ਪ੍ਰਦਾਨ ਕਰਨ ਦੀ ਸਮਰਥਾ ਰੱਖਦੀ ਹੈ ਉਹ ਮਿੱਥਾਂ ਨੂੰ ਇਕ ਗਿਆਨ ਵਿਧੀ ਵੀ ਮੰਨਦਾ ਹੈ ਜੋ ਸ੍ਰਿਸ਼ਟੀ ਨੂੰ ਸਮਝਣ ਵਿਚ ਸਹਾਈ ਹੁੰਦੀ ਹੈ।

ਲੋਕਧਾਰਾ ਵਿਗਿਆਨੀਆਂ ਨੇ ਵੀ ਮਿੱਥ ਸਿਧਾਂਤ ਪੇਸ਼ ਕਰਕੇ ਆਪਣੀ ਵਿਲੱਖਣ ਪਹਿਚਾਣ ਬਣਾਈ ਹੈ। ਮਿੱਥ ਕਥਾ ਲੋਕਧਾਰਾ ਦਾ ਅਟੁੱਟ ਅੰਗ ਹੋਣ ਸਦਕਾ ਸਭ ਤੋਂ ਪਹਿਲਾਂ ਮਿੱਥ ਕਥਾਵਾਂ, ਲੋਕ ਕਹਾਣੀਆਂ ਦਾ ਅਧਿਐਨ ਸ਼ੁਰੂ ਹੋਇਆ। ਇਸ ਖੇਤਰ ਵਿਚ ਗਰਿਮ ਭਰਾਵਾਂ ਵਿਲੀਅਮ ਗਰਿਮ, ਜੈਕਬ ਗਰਿਮ (Wilhelm Grimm, Jakob Grimm) ਦੇ ਨਾਂ ਵੇਖਣਯੋਗ ਹਨ, ਜਿਨ੍ਹਾਂ ਨੇ ਸਾਰੇ ਯੂਰਪ ਦਾ ਧਿਆਨ ਇਸ ਖੇਤਰ ਵੱਲ ਖਿਚਿਆ। ਉਹ ਇਸ ਸਿੱਟੇ ਤੇ ਪਹੁੰਚੇ ਕਿ ਮਿੱਥ ਕਥਾਵਾਂ, ਲੋਕ ਕਹਾਣੀਆਂ ਦਾ ਇਕ ਸਾਂਝਾ ਸਥਾਨ ਹੈ, ਜੋ ਸਾਰੇ ਯੂਰਪ, ਧੁਰ ਏਸ਼ੀਆ

ਤੱਕ ਫੈਲਿਆ ਹੋਇਆ ਹੈ। ਉਨ੍ਹਾਂ ਇਹ ਵੀ ਸਥਾਪਤ ਕੀਤਾ ਕਿ ਲੋਕ ਕਹਾਣੀਆਂ ਦੀ ਉਤਪਤੀ ਆਮ ਤੌਰ ਤੇ ਪ੍ਰਾਚੀਨ ਮਿੱਥ ਕਥਾਵਾਂ ਦੇ ਗਲਬੇ ਵਿਚੋਂ ਹੋਈ ਅਤੇ ਮਿੱਥਾਂ ਨੂੰ ਹੀ ਕਹਾਣੀਆਂ ਵਿਚ ਇਕ ਤਰਕਪੂਰਨ ਰੂਪ ਵਿਚ ਪੇਸ਼ ਕੀਤਾ ਗਿਆ ਹੈ।[44]

ਇਹਨਾਂ ਤੋਂ ਬਾਅਦ ਮਾਈਥਾਲੋਜੀਕਲ (Mythological) ਸੰਪਰਦਾਇ ਦੇ ਵਿਦਵਾਨਾਂ ਨੇ ਮਿੱਥ ਕਥਾਵਾਂ ਦੇ ਅਧਿਐਨ ਨੂੰ ਆਪਣੇ ਵਿਚਾਰ ਦਾ ਵਿਸ਼ਾ ਬਣਾਇਆ। ਇਹਨਾਂ ਵਿਚੋਂ ਮੈਕਸਮੂਲਰ (Maxmuller), ਏ ਐਨ ਅਫਨਾਸਪੋਵ (Afnaspov) ਅਤੇ ਓ. ਐਫ. ਮਿਲਰ (O.F Miller), ਮਾਨਹਾਟ (Mann Hardt) ਹਨ। ਮੈਕਸਮੂਲਰ ਦੁਆਰਾ ਦਿੱਤੇ ਗਏ ਸਿਧਾਂਤ ਵਿਚ ਇਹ ਪੇਸ਼ ਕੀਤਾ ਗਿਆ ਹੈ ਕਿ ਮਿੱਥ ਕਥਾਵਾਂ ਉਤਰਕਾਲੀਨ ਯੂਰਪੀਅਨ ਭਾਸ਼ਾਵਾਂ ਦੇ ਯੁੱਗ ਵਿਚ ਉਦੈ ਹੋਈਆਂ ਅਤੇ ਉਨ੍ਹਾਂ ਭਾਸ਼ਾਵਾਂ ਵਿਚੋਂ ਜੋ ਉਪ ਬੋਲੀਆਂ ਉਭਰੀਆਂ ਉਨ੍ਹਾਂ ਦਾ ਉਹ ਮਿੱਥਾਂ ਵਿਰਸਾ ਬਣ ਗਈਆਂ ਅਤੇ ਜਿਥੇ ਵੀ ਇਹ ਬੋਲੀਆਂ ਬੋਲਣ ਵਾਲੇ ਲੋਕ ਗਏ, ਉਥੇ ਇਹ ਕਥਾਵਾਂ ਪਸਾਰ ਕਰ ਗਈਆਂ। ਇਸੇ ਕਾਰਣ ਵੱਖ-ਵੱਖ ਦੇਸ਼ਾਂ ਵਿਚ ਇਕੋ ਜਿਹੀਆਂ ਮਿੱਥ ਕਥਾਵਾਂ ਮਿਲਦੀਆਂ ਹਨ। ਇਸ ਤਰ੍ਹਾਂ ਉਸ ਨੇ ਇਹ ਸਿੱਧ ਕੀਤਾ ਹੈ ਕਿ ਸਾਰੀਆਂ ਮਿੱਥ ਕਥਾਵਾਂ ਦਾ ਮੂਲ ਸਥਾਨ ਇਕੋ ਹੀ ਹੈ ਅਤੇ ਸਾਰੀਆਂ ਮਿੱਥ ਕਥਾਵਾਂ ਦੀ ਬੁਨਿਆਦ ਕੋਈ ਨਾ ਕੋਈ ਪ੍ਰਕਿਰਤਕ ਵਰਤਾਰਾ ਹੈ। ਮੈਕਸਮੂਲਰ ਦੀ ਆਲੋਚਨਾ ਐਂਡਰੀਓ ਲੈਂਗ ਨੇ ਕਰਦੇ ਹੋਏ ਆਪਣਾ ਸਿਧਾਂਤ ਪੇਸ਼ ਕੀਤਾ ਹੈ ਕਿ ਮਿੱਥ ਸ਼ਬਦ ਦੀ ਉਤਪਤੀ ਸ਼ਬਦ ਤੋਂ ਨਹੀਂ ਹੋਈ। ਮਿੱਥ ਦੀ ਉਤਪਤੀ ਲੋਕ ਮਨ ਦੀਆਂ ਪ੍ਰਵਿਰਤੀਆਂ ਤੋਂ ਹੋਈ ਹੈ ਅਤੇ ਇਨ੍ਹਾਂ ਦਾ ਮੁੱਢ ਪੂਰਵ-ਇਤਿਹਾਸਕ ਕਾਲ ਵਿਚ ਆਦਿ ਮਨੁੱਖ ਤੋਂ ਬੱਝਾ ਹੈ।[45]

ਏ. ਬੀ. ਕੀਥ (A.B. Keith) ਨੇ ਭਾਰਤ ਦੀਆਂ 'ਜਾਤਕ ਕਥਾਵਾਂ', ਪ੍ਰਾਚੀਨ ਯੂਨਾਨੀ ਕਥਾਨਕ ਰੂੜੀਆਂ ਵਿਚਲੀ ਸਮਾਨਤਾ ਦਰਸਾਉਂਦੇ ਹੋਏ, ਉਨ੍ਹਾਂ ਦੇ ਮੂਲ ਸਥਾਨ ਦੇ ਨਾਲ ਨਾਲ ਪ੍ਰਸਾਰ ਤੇ ਵੀ ਚਾਨਣਾ ਪਾਇਆ ਹੈ।[46]

ਲੋਕਧਾਰਾ ਵਿਗਿਆਨੀ ਥੀਓਡੋਰ ਬੇਨਫੇ (Theodor Beeyf) ਨੇ 'ਪੰਚ ਤੰਤਰ' ਦਾ ਜਰਮਨੀ ਵਿਚ ਅਨੁਵਾਦ ਪ੍ਰਕਾਸ਼ਿਤ ਕਰਦੇ ਸਮੇਂ ਉਪਰੋਕਤ ਧਾਰਨਾ ਨੂੰ ਗਲਤ ਸਿਧ ਕੀਤਾ ਕਿ ਸਮਾਨ ਧਰਮ ਵਾਲੀਆਂ ਮਿੱਥ ਕਥਾਵਾਂ ਵਾਲੀਆਂ ਜਾਤੀਆਂ ਇਕ ਹੀ ਪਰਿਵਾਰ ਦੀਆਂ ਹਨ। ਉਨ੍ਹਾਂ ਦੇ ਵਿਚਾਰ ਅਨੁਸਾਰ ਇਹ ਜਾਤੀਆਂ ਕਈ ਨਸਲਾਂ ਦੀਆਂ ਹੋ ਸਕਦੀਆਂ ਹਨ। ਇਨ੍ਹਾਂ ਦੀਆਂ ਮਿੱਥ ਕਥਾਵਾਂ ਇਕੋ ਜਿਹੀਆਂ ਇਸ ਲਈ ਹਨ ਕਿ ਉਨ੍ਹਾਂ ਨੇ ਇਕ ਮੂਲ ਸ੍ਰੋਤ ਤੋਂ ਇਨ੍ਹਾਂ ਨੂੰ ਗ੍ਰਹਿਣ ਕੀਤਾ ਹੈ। ਇਸ ਧਾਰਨਾ ਅਨੁਸਾਰ ਇਨ੍ਹਾਂ ਕਥਾਵਾਂ ਦਾ ਮੂਲ ਕੇਂਦਰ ਭਾਰਤ ਸੀ। ਬੇਨਫੇ ਨੇ ਇਹ ਸਥਾਪਤ ਕੀਤਾ ਕਿ ਮਿੱਥ ਕਥਾਵਾਂ ਤੇ ਲੋਕ ਕਹਾਣੀਆਂ ਕਿਸੇ ਇਕ ਸਥਾਨ ਤੋਂ ਉਤਪੰਨ ਹੋਈਆਂ ਅਤੇ ਉਥੋਂ ਹੀ ਦੂਜੇ ਖੇਤਰਾਂ ਵਿਚ ਫੈਲ ਗਈਆਂ। ਉਸ ਨੇ ਹੋਰ ਕਈ ਪਹਿਲੂਆਂ ਦਾ ਅਧਿਐਨ ਵੀ ਕੀਤਾ। ਇਸ ਅਧਿਐਨ ਵਿਧੀ ਦੇ ਪ੍ਰਮੁੱਖ ਵਿਦਵਾਨਾਂ ਵਿਚੋਂ ਗੋਸਟਨ (Gostan), ਪੇਰਿਸ (Paris), ਏਮੇਨੂਯਲ (Amanual) ਕਾਸਕਿਵਨ (Kaskivin), ਲੇਨਡਓ (Lanedew), ਕਲੋਟਸ (Clotos) ਆਦਿ ਸ਼ਾਮਲ ਹਨ। ਉਪਰੋਕਤ ਵਿਧੀਆਂ ਦੇ ਪ੍ਰਤੀਕਰਮ ਵਜੋਂ ਏ. ਬੀ. ਟੇਲਰ (A.B. Tylor) ਦੀ ਰਚਨਾ 'ਪਰਿਮਟਿਵ ਕਲਚਰ' (Primitive Culture) ਅਤੇ ਜੇਮਜ. ਜੀ. ਫਰੇਜਰ (Jamej G. Frazer) 'ਦੀ ਗੋਲਡਨ ਬੱਗ (The Golden Bough) ਪ੍ਰਕਾਸ਼ਿਤ ਹੋਈ। ਇਸ ਵਿਧੀ ਦੇ ਵਿਦਵਾਨਾਂ ਅਨੁਸਾਰ ਹਰੇਕ ਜਾਤੀ ਨੇ ਆਪਣੇ ਲੋਕਧਾਰਾ ਦੇ ਤੱਤਾਂ ਦਾ ਨਿਰਮਾਣ ਆਪਣੇ ਵਿਸ਼ੇਸ਼ ਭੂਗੋਲਿਕ ਖਿੱਤੇ ਵਿਚ ਸੁਤੰਤਰ ਰੂਪ ਵਿਚ ਕੀਤਾ ਹੈ। ਉਹਨਾਂ ਅਨੁਸਾਰ ਮਿੱਥ ਕਥਾਵਾਂ ਦਾ ਮੂਲ ਕੇਂਦਰ ਕੋਈ ਇਕ ਸਥਾਨ ਨਹੀਂ ਹੈ।[47]

ਇਹਨਾਂ ਉਪਰੋਕਤ ਵਿਦਵਾਨਾਂ ਤੋਂ ਇਲਾਵਾ ਲੋਕਧਾਰਕ ਦ੍ਰਿਸ਼ਟੀ ਤੋਂ ਮਿੱਥ ਦੀ ਵਿਆਖਿਆ ਫਰਾਸ ਬੁਆਸ (Frass Buass), ਗੋਲਡਮਾਨ (Goldman), ਮੈਕਸ ਰਾਫੇਲ (Max Rafail) ਆਦਿ ਨੇ ਵੀ ਕੀਤੀ ਹੈ। ਇਹਨਾਂ ਵਿਦਵਾਨਾਂ ਨੇ ਮਿੱਥ ਨੂੰ ਇਕ ਸੁਤੰਤਰ ਵਿਧਾਨ ਵਜੋਂ ਵਿਚਾਰਿਆ ਹੈ। ਉਪਰੋਕਤ ਵਿਦਵਾਨਾਂ ਵਿਚੋਂ ਕੁਝ ਵਿਦਵਾਨ ਮਿੱਥਾਂ ਦਾ ਸਾਂਝਾ ਸਥਾਨ ਦਰਸਾਉਂਦੇ ਹਨ ਪਰ ਕੁਝ ਵਿਦਵਾਨ ਮੂਲ ਕੇਂਦਰ ਇਕ ਨਹੀਂ ਮੰਨਦੇ ਪਰ ਉਹ ਇਸ ਗਲ

ਤੇ ਸਹਿਮਤ ਹਨ ਕਿ ਮਿੱਥਾਂ ਦੀ ਉਤਪਤੀ ਲੋਕ ਮਨ ਤੋਂ ਹੁੰਦੀ ਹੈ ਅਤੇ ਇਨ੍ਹਾਂ ਦਾ ਮੁੱਢ ਆਦਿ ਮਨੁੱਖ ਤੋਂ ਬੱਝਾ ਹੈ।

ਪੰਜਾਬੀ ਦੀਆਂ ਮਿੱਥ ਕਥਾਵਾਂ ਦਾ ਅਧਿਐਨ ਸਭ ਤੋਂ ਪਹਿਲਾਂ ਸਰ ਰਿਚਰਡ ਟੈਂਪਲ ਦੁਆਰਾ ਕੀਤਾ ਗਿਆ। ਸਰ ਰਚਰਡ ਟੈਂਪਲ ਨੇ 'ਲਿਜਿੰਡਜ ਆਫ ਪੰਜਾਬ' ਦੀਆਂ ਤਿੰਨ ਜਿਲਦਾਂ ਵਿਚ ਜਿਥੇ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿਚੋਂ ਦੰਤ ਕਥਾਵਾਂ/ਮਿੱਥ ਕਥਾਵਾਂ ਇਕੱਤਰ ਕੀਤੀਆਂ ਉਥੇ ਉਸ ਨੇ ਪੰਜਾਬੀ ਮਿੱਥ ਕਹਾਣੀਆਂ ਸੰਖੇਪ ਵਿਚ ਦੇ ਕੇ ਮਿੱਥਾਂ ਦੇ ਅਧਿਐਨ ਦੀ ਨਵੀਂ ਪਿਰਤ ਪਾਈ। ਉਸਦੇ ਅਧਿਐਨ ਦਾ ਅਧਾਰ 'ਮਿਥਾਲਜੀਕਲ ਸਿਧਾਂਤ' ਸੀ। ਫਲੈਗ ਸਟੀਲ ਨੇ ਅੰਗਰੇਜ਼ੀ ਵਿਚ ਲਿਖੀ ਪੁਸਤਕ 'ਟੇਲ ਆਫ ਪੰਜਾਬ' (Tale of Punjab), ਵਿਲੀਅਮ ਕਰੁਕ ਨੇ ਫੋਕਟੇਲ ਫਰਾਮ ਦੀ ਸਿੰਧ ਘਾਟੀ ਵਲੀ (Folk to talks from the Indus Vally) ਵਿਚ ਕਈ ਥਾਈਂ ਮਿਥਿਹਾਸਕ ਹਵਾਲੇ ਦੇ ਕੇ ਟਿਪਣੀਆਂ ਸਹਿਤ ਅਧਿਐਨ ਕੀਤਾ ਹੈ।[48]

ਪੱਛਮੀ ਵਿਦਵਾਨਾਂ ਤੋਂ ਇਲਾਵਾ ਪੰਜਾਬੀ ਵਿਦਵਾਨਾਂ ਨੇ ਵੀ ਮਿੱਥਾਂ ਬਾਰੇ ਵਿਚਾਰ ਪ੍ਰਗਟ ਕੀਤੇ ਹਨ। ਡਾ. ਕਰਨੈਲ ਸਿੰਘ ਥਿੰਦ ਨੇ ਮਿੱਥ ਨੂੰ ਪੁਰਾਣ ਕਥਾ ਦੀ ਸੰਗਿਆ ਦਿੰਦੇ ਹੋਏ ਆਪਣਾ ਮਿੱਥ ਸਿਧਾਂਤ ਲੋਕਧਾਰਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ। ਡਾ. ਥਿੰਦ ਮਿੱਥ ਦੀ ਸੰਰਚਨਾ ਬਿਆਨ ਕਰਦੇ ਹੋਏ ਲਿਖਦੇ ਹਨ:

> *ਪੁਰਾਣ ਕਥਾ ਦੀ ਖਾਸੀਅਤ ਇਹ ਹੈ ਕਿ ਇਸ ਦਾ ਮੂਲ ਸਥਿਰ ਰਹਿੰਦਾ ਹੈ। ਇਸ ਦੇ ਮੂਲ ਤੱਤ ਇਸ ਵਿਚਲੀ ਗੋਂਦ ਜਾਂ ਸ਼ੈਲੀ ਦੁਆਰਾ ਨਹੀਂ ਸਗੋਂ ਬਿਆਨ ਕੀਤੇ ਗਏ ਬਿਰਤਾਂਤ ਰਾਹੀਂ ਜਾਣੇ ਜਾਂਦੇ ਹਨ।*[49]

ਇਸ ਤੋਂ ਇਲਾਵਾ ਡਾ.ਥਿੰਦ ਮਿੱਥ ਨੂੰ ਲੋਕ ਮਨ ਦੀ ਅਭਿਵਿਅਕਤੀ ਸਵੀਕਾਰ ਕਰਦੇ ਹੋਏ ਮਿੱਥ ਨੂੰ ਲੋਕ ਕਲਪਨਾ ਦਾ ਬੁਨਿਆਦੀ ਤੱਤ ਮੰਨਦੇ ਹਨ ਅਤੇ ਇਨ੍ਹਾਂ ਵਿਚਲੀਆਂ ਘਟਨਾਵਾਂ ਦੇ ਅਤਿਕਥਨੀ ਤੇ ਰਹੱਸਮਈ ਬਿਆਨ ਦੀ ਪ੍ਰਤੀਕਾਤਮਕ ਸਾਰਥਕਤਾ ਨੂੰ ਸਵੀਕਾਰ

ਕਰਦੇ ਹਨ। ਇਸ ਤੋਂ ਇਲਾਵਾ ਉਹ ਮਿੱਥ ਦਾ ਸਬੰਧ ਮਨੁੱਖੀ ਚੇਤਨਾ ਨਾਲ ਜੋੜਦੇ ਹਨ।[50] ਉਹ ਮਿੱਥ ਕਥਾ ਨੂੰ ਪਵਿੱਤਰ ਮੰਨਦੇ ਹੋਏ ਇਸ ਦੀ ਧਾਰਮਕਤਾ ਨੂੰ ਉਭਾਰਦੇ ਹੋਏ ਲਿਖਦੇ ਹਨ:

> *ਪੁਰਾਣ ਕਥਾ ਅਧਿਆਤਮਕ ਸਥਾਈ ਦੇ ਮੂਲ ਸਿਧਾਂਤ ਨੂੰ ਦ੍ਰਿਸ਼ਟਾਂਤਮਈ ਢੰਗ ਨਾਲ ਪ੍ਰਤੀਕਾਂ ਦੁਆਰਾ ਰੂਪਮਾਨ ਕਰਦੀ ਹੈ।*[51]

ਡਾ.ਸੋਹਿੰਦਰ ਸਿੰਘ ਵਣਜਾਰਾ ਬੇਦੀ ਦੀ ਮਿੱਥ ਪ੍ਰਤੀ ਦ੍ਰਿਸ਼ਟੀ ਵੀ ਡਾ. ਕਰਨੈਲ ਸਿੰਘ ਥਿੰਦ ਵਾਲੀ ਹੀ ਹੈ। ਉਹ ਵੀ ਮਿੱਥ ਨੂੰ ਪੂਰਵ-ਇਤਿਹਾਸਕ ਘਟਨਾ ਸਵੀਕਾਰ ਕਰਦੇ ਹੋਏ ਲਿਖਦੇ ਹਨ:

> *ਮਿੱਥ ਜੋ ਦੇਵ ਕਥਾ ਹੋਣ ਕਰਕੇ ਪੂਰਵ-ਇਤਿਹਾਸਕ ਯੁਗ ਵਿਚ ਵਾਪਰੀ ਮੰਨੀ ਜਾਂਦੀ ਹੈ ਅਤੇ ਇਹ ਰੱਬ, ਮਨੁੱਖ, ਵਿਸ਼ਵ ਤੇ ਪ੍ਰਕਿਰਤੀ ਨਾਲ ਸਬੰਧਿਤ ਸ਼ੰਕਿਆਂ ਤੇ ਰਹੱਸਾਂ ਦਾ ਕਲਪਨਾ ਦੀ ਪੱਧਰ ਉਤੇ ਸਪੱਸ਼ਟੀਕਰਣ ਕਰਦੀ ਹੈ।*[52]
>
> *ਇਸ ਵਿਚ ਬ੍ਰਹਿਮੰਡ, ਪ੍ਰਕਿਰਤੀ ਅਤੇ ਪ੍ਰਾਣੀ ਜਗਤ ਦੇ ਰਹੱਸਾਂ ਨੂੰ ਕਲਪਨਾ ਦੀ ਪੱਧਰ ਉੱਪਰ ਸਮਝਣ ਦੀ ਚੇਸ਼ਟਾ ਕੀਤੀ ਜਾਂਦੀ ਹੈ, ਜਿਸ ਕਰਕੇ ਇਹ ਤਥ ਨਾਲੋਂ ਵਧੇਰੇ ਕਾਲਪਨਿਕ ਹੁੰਦੀ ਹੈ। ਲੋਕਮਨ ਦੀ ਅਭਿਵਿਅਕਤੀ ਹੋਣ ਕਰਕੇ ਮਿੱਥ ਵਿਚ ਇਕ ਤਾਂ ਕਲਪਨਾ, ਯਥਾਰਥ, ਇਤਿਹਾਸ ਨੂੰ ਬਿਨਾਂ ਕਿਸੇ ਨਿਖੇੜੇ ਦੇ ਸੰਜੁਗਤ ਕਰ ਦਿੱਤਾ ਜਾਂਦਾ ਹੈ। ਇਸ ਵਿਚ 'ਅਮੂਰਤ ਭਾਵਨਾ', 'ਕਲਪਿਤ ਵਸਤੂਆਂ', 'ਜੜ੍ਹ', 'ਬਨਸਪਤੀ' ਤੇ 'ਦ੍ਰਿਸ਼ਟਮਾਨ' ਆਦਿ ਸਮੂਰਤ ਅਤੇ ਪ੍ਰਾਣਧਾਰੀ ਰੂਪ ਵਿਚ ਵਿਚਰਦੇ ਹਨ।*[53]

ਡਾ. ਬੇਦੀ ਆਪਣੇ ਮਿੱਥ ਚਿੰਤਨ ਵਿਚ ਮਿੱਥ ਨੂੰ ਨਿਰੋਲ ਦੇਵਤਿਆਂ ਦੀ ਕਥਾ ਸਵੀਕਾਰ ਨਹੀਂ ਕਰਦੇ ਸਗੋਂ ਉਹ ਇਸ ਨੂੰ ਅਸੁਰਾਂ ਤੇ ਸ਼ਰਧਾ ਦੀ ਕਥਾ ਵੀ ਬਿਆਨ ਕਰਦੇ ਹਨ। ਉਹ ਮਿੱਥ

ਨੂੰ ਮਨੁੱਖ ਦੁਆਰਾ ਸਿਰਜਿਆ ਭਰਮ ਜਾਲ ਕਹਿੰਦੇ ਹਨ ਜਿਸ ਵਿਚ ਉਹ ਸ਼ਰਧਾ ਰਖ ਕੇ ਖ਼ੁਦ 'ਕਹਿਣੇ' ਵਾਂਗ ਭਟਕਦਾ ਹੈ।[54]

ਇਸ ਤਰ੍ਹਾਂ ਡਾ. ਕਰਨੈਲ ਸਿੰਘ ਥਿੰਦ ਅਤੇ ਵਣਜਾਰਾ ਬੇਦੀ ਦੀ ਮਿੱਥ ਚਿੰਤਨ ਦ੍ਰਿਸ਼ਟੀ ਕੁਝ ਵਖਰੇਵੇਂ ਦੇ ਬਾਵਜੂਦ ਵੀ ਇਕੋ ਜਿਹੀ ਹੈ। ਦੋਵੇਂ ਵਿਦਵਾਨ ਮਿੱਥ ਨੂੰ ਇਕ ਕਥਾ ਰੂਪ ਵਿਚ ਗ੍ਰਹਿਣ ਕਰਦੇ ਹੋਏ ਤੱਤਾਂ ਰਾਹੀਂ ਮਿੱਥ ਦੀ ਪ੍ਰਕਿਰਤੀ ਨੂੰ ਸਮਝਣ ਦੇ ਯਤਨ ਵਿਚ ਹਨ।

ਡਾ. ਕੁਲਵੰਤ ਸਿੰਘ ਮਿੱਥ ਦੇ ਅਧਿਐਨ ਨੂੰ ਮਿੱਥ ਕਥਾ ਨਾਲ ਜੋੜਦੇ ਹਨ, ਕਿਉਂਕਿ ਉਨ੍ਹਾਂ ਦਾ ਅਧਿਐਨ ਮਿੱਥ ਦੇ ਕਥਾ-ਪ੍ਰਧਾਨ ਸਰੂਪ ਵੱਲ ਰੁਚਿਤ ਹੈ। ਉਹ ਮਿੱਥ ਨੂੰ ਅਜਿਹੀ ਪਰੰਪਰਾਗਤ ਕਹਾਣੀ ਸਵੀਕਾਰ ਕਰਦੇ ਹਨ ਜਿਸ ਵਿਚ ਪਵਿੱਤਰਤਾ, ਦੈਵੀਅਤਾ, ਆਦਰਸ਼ਮੁਕਤਾ, ਵਿਸ਼ਵਾਸ ਅਤੇ ਸਮਾਜਿਕ ਪ੍ਰਕਾਰਜਾਤਮਕਤਾ ਦੇ ਗੁਣ ਸਮੋਏ ਹੋਏ ਹੁੰਦੇ ਹਨ।[55] ਉਹ ਮਿੱਥ ਨੂੰ ਇਕ ਮਹਾਂ ਦ੍ਰਿਸ਼ਟੀ ਕਹਿੰਦੇ ਹਨ, ਜੋ ਬਾਹਰਲੇ ਜਗਤ ਦੇ ਯਥਾਰਥ ਨੂੰ ਸਮਝਣ ਤੇ ਪਰਖਣ ਤੋਂ ਇਲਾਵਾ ਅਪਣੱਤ ਦਾ ਰਿਸ਼ਤਾ ਕਾਇਮ ਕਰਦੀ ਹੈ। ਧਰਮ, ਸਾਹਿਤ ਤੇ ਵਿਗਿਆਨ ਵਾਂਗ ਇਹ ਵੀ ਵਾਸਤਵਿਕਤਾ ਦੇ ਨੇਮਾਂ ਤਕ ਪਹੁੰਚਣ ਦੀ ਇਕ ਵਿਧੀ ਵੀ ਹੈ। ਮਿੱਥ ਕਥਾ ਇਸ ਬ੍ਰਹਿਮੰਡ ਦੇ ਪਸਾਰੇ ਪ੍ਰਤੀ ਸੰਜੁਗਤੀ ਦਾ ਸੰਸਾਰ ਹੈ ਜੋ ਇਕੋ ਸਮੇਂ ਏਕ-ਅਰਥੀ ਹੁੰਦਿਆਂ ਹੋਇਆਂ ਵੀ ਬਹੁ-ਅਰਥੀ ਕਾਰਜ ਵਿਚ ਉਲਝੀ ਹੁੰਦੀ ਹੈ। ਧਾਰਮਕ ਤੇ ਸਾਹਿਤਕ ਭਾਵਨਾ ਨਾਲ ਓਤ-ਪੋਤ ਮਿਥ-ਕਥਾ ਬਹੁ-ਪੱਖੀ ਕਾਰਜ ਨੂੰ ਵੀ ਨਿਭਾਉਂਦੀ ਹੈ।[56]

ਡਾ. ਮਨਜੀਤ ਸਿੰਘ ਮਿੱਥ ਨੂੰ ਇਕ ਵਿਸ਼ੇਸ਼ ਪ੍ਰਕਾਰ ਦਾ ਸਾਰਥਕ ਗਿਆਨ ਪ੍ਰਬੰਧ ਦਸਦੇ ਹਨ, ਜੋ ਮਨੁੱਖ ਦੀ ਅਨੁਭਵ ਕੀਤੀ ਜੀਵਨ-ਚੇਤਨਾ ਤੇ ਪ੍ਰਤੱਖਣ ਨੂੰ ਰੂਪਕੀ ਅਭਿਵਿਅਕਤੀ ਦੇਣ ਨਾਲ ਹੋਂਦ ਵਿਚ ਆਇਆ। ਇਸ ਰੂਪਕੀ ਰਚਨਾ ਦੀ ਵਿਸ਼ੇਸ਼ਤਾ ਆਪਣੇ ਜਟਿਲ ਚਰਿਤਰ ਕਰਕੇ ਹੈ। ਉਸ ਅਨੁਸਾਰ, ਸਮੂਹਕ-ਵਿਸ਼ਵਾਸ' ਮਿਥਿਕ ਰੂਪ ਰਚਨਾ ਦਾ ਇਕ ਉਘੜਵਾਂ ਤੇ ਅਨਿਖੜ ਤੱਤ ਹੈ। ਇਸ ਤੱਤ ਦੀ ਹੋਂਦ ਮਿੱਥ ਦੇ ਆਪਹੁਦਰੇ-ਪ੍ਰਬੰਧ ਹੋਣ ਕਰਕੇ ਹੈ, ਜੋ ਇਸ

ਦਵੱਲੀ ਸਾਂਝ ਦਾ ਸੂਚਕ ਹੈ। ਇਸ ਤੋਂ ਇਲਾਵਾ ਡਾ. ਮਨਜੀਤ ਸਿੰਘ ਮਿੱਥ ਨੂੰ ਇਕ ਜਟਿਲ ਸੰਰਚਨਾ ਬਿਆਨ ਕਰਦੇ ਹੋਏ ਲਿਖਦੇ ਹਨ:

> *ਇਸ ਸੰਰਚਨਾ ਦੇ ਆਪਣੇ ਨੇਮ ਹਨ, ਜਿਨ੍ਹਾਂ ਸਦਕਾ ਮਿੱਥ ਸਵੈ-ਸੰਚਾਲਤ ਹੋਣ ਦੀ ਵਿਸ਼ੇਸ਼ਤਾ ਰੱਖਦੀ ਹੈ। ਸੰਰਚਨਾ ਦੇ ਰੂਪ ਵਿਚ ਮਿੱਥ ਅਗੋਂ ਹੋਰ ਕਈ ਸੰਰਚਨਾਵਾਂ ਨੂੰ ਜਨਮ ਦੇਣ ਦੀ ਸਮਰਥਾ ਰੱਖਦੀ ਹੈ ਅਤੇ ਇਸ ਵਿਚ ਨਿਰੰਤਰ ਰੂਪਾਂਤਰਣ ਹੁੰਦਾ ਰਹਿੰਦਾ ਹੈ। ਇਸ ਰੂਪਾਂਤਰਣ ਸਦਕਾ ਮਿੱਥ ਸਤੱਈ ਪੱਧਰ ਤੇ ਪ੍ਰਵਰਤਿਤ ਹੁੰਦੀ ਰਹਿੰਦੀ ਹੈ ਪਰ ਇਸ ਦੇ ਬਾਵਜੂਦ ਇਸ ਦੀ ਮਿੱਥਕਤਾ ਮਰਦੀ ਨਹੀਂ।*[57]

ਡਾ. ਭੂਪਿੰਦਰ ਸਿੰਘ ਖਹਿਰਾ ਮਿੱਥ ਕਥਾ ਨੂੰ ਅਜਿਹਾ ਵਰਤਾਰਾ ਕਹਿੰਦੇ ਹਨ ਜੋ ਕਿਸੇ ਸਮਾਜ ਦੇ ਬੋਧ-ਵਿਕਾਸ ਅਤੇ ਸਭਿਆਚਾਰ ਵਿਚਕਾਰ ਤਾਲਮੇਲ ਪੈਦਾ ਕਰਦਾ ਹੈ। ਉਹ ਮਿੱਥ ਬਾਰੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਲਿਖਦੇ ਹਨ:

> *ਮਿੱਥ ਕਥਾ ਮਨੁੱਖੀ ਮਨ ਤੇ ਕੰਮ ਕਰ ਰਹੀਆਂ ਪ੍ਰਤੀਕਿਰਿਆਵਾਂ ਵਿਚ ਇਕਸੁਰਤਾ ਪੈਦਾ ਕਰਨ ਦੇ ਨਾਲ-ਨਾਲ ਨੈਤਿਕ ਕਦਰਾਂ-ਕੀਮਤਾਂ, ਧਾਰਮਕ ਅਤੇ ਸਭਿਆਚਾਰਕ ਰਿਸ਼ਤੇ, ਮਨੁੱਖ ਦੀਆਂ ਆਸਾਂ ਉਮੰਗਾਂ ਤੇ ਪ੍ਰਵਿਰਤੀਆਂ ਨੂੰ ਨਵੀਂ ਤੇ ਪੁਰਾਣੀ ਸਭਿਆਚਾਰਕ ਚੇਤਨਾ ਦੇ ਸੰਦਰਭ ਵਿਚ ਤੋਲਦੀ ਹੈ। ਇਹ ਸਮੇਂ ਅਨੁਸਾਰ ਸਮੂਹ ਦੇ ਭਾਵਾਂ ਅਤੇ ਵਿਚਾਰਾਂ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਦੀ ਹੈ।*[58]

ਡਾ. ਖਹਿਰਾ ਮਿੱਥ ਦੀ ਸੰਰਚਨਾ ਨੂੰ ਬਿਆਨ ਕਰਦੇ ਹੋਏ ਅੱਗੇ ਲਿਖਦੇ ਹਨ:

> *ਮਿੱਥ ਕਥਾਵਾਂ ਵਿਚ ਦੋ ਜੁਗਤਾਂ ਦਾ ਸੰਜੋਗ ਮਿਲਦਾ ਹੈ। ਇਕ ਹੈ ਕੇਂਦਰੀ ਜੁਗਤ ਜਿਸ ਨੂੰ ਬੰਦ ਜੁਗਤ ਵੀ ਕਿਹਾ ਜਾ ਸਕਦਾ ਹੈ। ਇਸ ਵਿਚ ਰਿਸ਼ਤੇ ਤੇ ਕਦਰਾਂ-ਕੀਮਤਾਂ ਆਰਥਿਕਤਾ ਦਾ ਅਨੁਕੂਲਣ ਹਨ,*

*ਆਰਥਕ ਢਾਂਚਾ ਬਦਲਣ ਨਾਲ ਕਦਰਾਂ-ਕੀਮਤਾਂ ਬਦਲਦੀਆਂ ਵਿਗਸਦੀਆਂ ਹਨ। ਦੂਸਰੀ ਜੁਗਤ ਇਨ੍ਹਾਂ ਕੀਮਤਾਂ ਦੇ ਪ੍ਰਤੀਵਾਦ ਦੀ ਜੁਗਤ ਹੈ। ਉਸ ਨੂੰ ਬਾਹਰੀ ਜਾਂ ਖੁਲ੍ਹੀ ਜੁਗਤ ਵੀ ਕਿਹਾ ਜਾਂਦਾ ਹੈ।*[59]

ਡਾ. ਖਹਿਰਾ ਮਾਰਕਸਵਾਦੀ ਵਿਚਾਰਧਾਰਾ ਦੇ ਪ੍ਰਭਾਵ ਨੂੰ ਕਬੂਲਦੇ ਹੋਏ ਮਿੱਥ ਨੂੰ ਆਰਥਿਕਤਾ ਦੇ ਸਿਧਾਂਤ ਨਾਲ ਜੋੜਦੇ ਹੋਏ ਮਿੱਥ ਕਥਾਵਾਂ ਦਾ ਚਿੰਨ੍ਹ ਵਿਗਿਆਨਕ ਅਧਿਐਨ ਪੇਸ਼ ਕਰਦੇ ਹਨ। ਸਾਹਿਤਕ ਚਿੰਤਕ ਹਰਿਭਜਨ ਸਿੰਘ ਦੀ ਮਿੱਥ ਚਿੰਤਨ ਦੀ ਦ੍ਰਿਸ਼ਟੀ ਉਪਰੋਕਤ ਵਿਦਵਾਨਾਂ ਤੋਂ ਵੱਖਰੀ ਤਰ੍ਹਾਂ ਦੀ ਹੈ। ਉਹ ਮਿੱਥ ਸਿਰਜਣ ਦੇ ਇਤਿਹਾਸ ਨੂੰ ਦੋ ਸਖਣੇ ਪੈਟਰਨਾਂ ਰਾਹੀਂ ਸਮਝਣ ਦਾ ਯਤਨ ਕਰਦੇ ਹਨ। ਉਸ ਅਨੁਸਾਰ:

ਮਨੁੱਖ ਦਾ ਸਾਰਾ ਮਿੱਥ ਸਿਰਜਣ ਉਸਦੇ ਆਲੇ ਦੁਆਲੇ ਪਸਰੇ ਯਥਾਰਥ ਨੂੰ ਸਮਝਣ ਤੇ ਸਮਝਾਉਣ ਦੇ ਉਦੇਸ਼ ਤੋਂ ਹੋਇਆ ਹੈ।[60] ਇਸ ਯਥਾਰਥ ਨੂੰ ਸਮਝਣ ਲਈ ਮਨੁੱਖ ਨੇ ਇਸ ਪਿਛੇ ਲੁਕੀ ਕਿਸੇ ਆਦਰਸ਼ ਤੇ ਵਿਹਾਰਕ ਹੋਂਦ ਦੀ ਕਲਪਨਾ ਕੀਤੀ। ਇਹ ਆਦਰਸ਼ਕ ਤੇ ਵਿਹਾਰਕ ਹੋਂਦ 'ਬ੍ਰਹਮ' ਹੈ। ਇਸ ਤਰ੍ਹਾਂ ਬ੍ਰਹਮ ਸਿਰਜਣਾ ਮਿੱਥ ਸਿਰਜਣ ਦਾ ਪਹਿਲਾ ਪੜਾਅ ਹੈ। ਮਿੱਥ ਸਿਰਜਣ ਦੇ ਪਹਿਲੇ ਪੜਾਅ ਉਤੇ ਬ੍ਰਹਮ ਦੀ ਵਿਚਾਰਕ ਹੋਂਦ ਨੂੰ ਆਦਰਸ਼ (ਵਿਚਾਰਕ) ਗੁਣ ਪ੍ਰਦਾਨ ਕਰਕੇ ਪੇਸ਼ ਕਰ ਦਿੱਤਾ ਗਿਆ ਹੈ।[61]

ਇਸ ਤਰ੍ਹਾਂ ਵਿਚਾਰਕ ਹੋਂਦਾਂ ਨੂੰ 'ਵਿਚਾਰਕ ਗੁਣ ਪ੍ਰਦਾਨ ਕਰਨ ਅਤੇ ਭੌਤਿਕ ਹੋਂਦਾਂ ਨੂੰ ਵਿਚਾਰਕ/ਆਦਰਸ਼ਕ ਗੁਣ ਪ੍ਰਦਾਨ ਕਰਨ ਦੋ ਅਜਿਹੇ ਸੱਖਣੇ ਪੈਟਰਨ ਹਨ ਜਿਨ੍ਹਾਂ ਰਾਹੀਂ ਡਾ. ਹਰਿਭਜਨ ਸਿੰਘ ਨੇ ਮਿੱਥ ਸਿਰਜਣਾ ਦੇ ਇਤਿਹਾਸ ਨੂੰ ਸਪੱਸ਼ਟ ਕੀਤਾ ਹੈ।

ਉਪਰੋਕਤ ਸਿਧਾਂਤਕ ਚਰਚਾ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਉਪਰੋਕਤ ਵਿਦਵਾਨ ਜਿਥੇ ਕੁਝ ਮਿੱਥਾਂ ਦੀ ਗਿਆਨਮੂਲਕ ਤੇ ਇਤਿਹਾਸਕ ਵਿਆਖਿਆ ਕਰਦੇ ਹਨ, ਉਥੇ ਮਨੋਵਿਗਿਆਨੀ ਮਿੱਥ ਨੂੰ ਮਨੁੱਖੀ ਮਨ ਨਾਲ ਜੋੜਦੇ ਹੋਏ ਅਤੇ 'ਸਮੂਹਿਕ ਅਵਚੇਤਨ ਮਨ' ਨੂੰ ਆਧਾਰ ਬਣਾਉਂਦੇ ਹੋਏ ਮਿੱਥ ਨੂੰ ਸੁਪਨਿਆਂ ਦਾ ਹੀ ਬਦਲਿਆ ਰੂਪ ਦਰਸਾਉਣ ਵਲ ਰੁਚਿਤ

ਹਨ। ਉੱਧਰ ਧਰਮ ਸ਼ਾਸਤਰੀ ਧਰਮ ਨੂੰ ਮਹੱਤਵਪੂਰਨ ਅੰਗ ਮੰਨਦੇ ਹੋਏ ਮਿੱਥ ਤੇ ਧਰਮ ਦੇ ਆਪਸੀ ਰਿਸ਼ਤੇ ਨੂੰ ਪਛਾਨਣ ਦੇ ਨਾਲ-ਨਾਲ ਇਸ ਨੂੰ ਦੈਵੀ ਅਤੇ ਪਰਾ-ਪ੍ਰਕ੍ਰਿਤਕ ਸ਼ਕਤੀਆਂ ਨਾਲ ਸਬੰਧਿਤ ਦਰਸਾਅ ਕੇ ਇਸ ਨੂੰ 'ਪਵਿੱਤਰ ਇਤਿਹਾਸ' ਸਵੀਕਾਰ ਕਰਦੇ ਹਨ। ਦਰਸ਼ਨ ਸ਼ਾਸਤਰੀਆਂ ਨੇ ਮਿੱਥ ਦੀ ਪ੍ਰਤੀਕਮੂਲਕ ਪਰਿਪੇਖ ਤੋਂ ਵਿਆਖਿਆ ਕਰਕੇ ਇਸ ਨੂੰ ਪ੍ਰਤੀਕਾਤਮਕ ਪ੍ਰਾਪਤੀ ਦੱਸਿਆ ਹੈ ਜੋ ਭਾਸ਼ਾ ਤੇ ਕਲਾ ਵਾਂਗ ਇਕ ਖਾਸ ਤਰ੍ਹਾਂ ਦਾ ਪ੍ਰਬੰਧ ਰੱਖਦੀ ਹੈ। ਉਨ੍ਹਾਂ ਅਨੁਸਾਰ ਇਹ ਕੇਵਲ ਇਤਿਹਾਸਕ ਜਾਂ ਰਹੱਸਾਤਮਕ ਸਚਾਈ ਹੀ ਨਹੀਂ ਸਗੋਂ ਤ੍ਰਾਸਦਿਕ ਥੀਮਾਂ ਨੂੰ ਯਥਾਰਥ ਦੀ ਪੱਧਰ ਤੇ ਪੇਸ਼ ਕਰਨ ਵਾਲਾ ਇਕ ਪ੍ਰਤੀਕ ਵੀ ਹੈ ਜੋ ਤੱਤ-ਮੀਮਾਂਸਾ ਦਾ ਆਦਿ ਪੱਖ ਹੈ। ਸਮਾਜ ਵਿਗਿਆਨੀ ਮਿੱਥ ਨੂੰ ਧਾਰਮਕ ਵਿਸ਼ਵਾਸ ਅਤੇ ਰੀਤੀ ਰਿਵਾਜਾਂ ਦਾ ਜ਼ਰੂਰੀ ਤੱਤ ਮੰਨਦੇ ਹੋਏ ਕਹਿੰਦੇ ਹਨ ਕਿ ਇਹ ਸਮਾਜ ਦੀ ਸਮੂਹਿਕ ਪ੍ਰਤੀਨਿਧਤਾ ਨੂੰ ਪ੍ਰਤੀਬਿੰਬਤ ਕਰਦੀ ਹੋਈ ਮਨੁੱਖ ਦੇ ਸਮਾਜਿਕ ਤੇ ਸਾਂਸਕ੍ਰਿਤਕ ਵਿਹਾਰ ਨੂੰ ਕੰਟਰੋਲ ਕਰਦੀ ਹੈ ਅਤੇ ਮਨੁੱਖ ਨੂੰ ਵਿਵਹਾਰਕ ਨਿਯਮਾਂ ਦੀ ਪਾਲਣਾ ਕਰਨ ਲਈ ਯੋਗ ਅਗਵਾਈ ਦਿੰਦੀ ਹੈ। ਭਾਸ਼ਾ ਵਿਗਿਆਨੀਆਂ ਨੇ ਮਿੱਥ ਨੂੰ ਭਾਸ਼ਾ ਦੇ ਇਤਿਹਾਸਕ ਵਿਕਾਸ ਦਾ ਨਤੀਜਾ ਦੱਸਦੇ ਹੋਏ ਇਸ ਨੂੰ ਤਾਰਕਿਕ ਤੇ ਅਤਾਰਕਿਕ ਚਰਿਤਰ ਦੀ ਧਾਰਨੀ ਦਰਸਾਇਆ ਹੈ। ਉਨ੍ਹਾਂ ਅਨੁਸਾਰ ਮਿੱਥ ਅਵਚੇਤਨ ਪਾਸਾਰਾਂ ਨੂੰ ਚਿਹਨਤ ਕਰਦੀ ਹੈ ਜੋ ਵੱਖ-ਵੱਖ ਭਾਸ਼ਕ, ਸਮਾਜਿਕ ਤੇ ਸਾਂਸਕ੍ਰਿਤਕ ਉਚਾਰਾਂ ਰਾਹੀਂ ਅਭਿਵਿਅਕਤ ਹੋ ਰਹੇ ਹੁੰਦੇ ਹਨ। ਉਨ੍ਹਾਂ ਅਨੁਸਾਰ ਇਸ ਦੀ ਆਪਣੀ ਸੰਰਚਨਾ ਹੈ ਜੋ ਉਸ ਦੇ ਅਰਥ ਪਾਸਾਰ ਨੂੰ ਸੁਨਿਚਿਤ ਕਰਦੀ ਹੈ। ਇਹ ਸੰਰਚਨਾ ਭਾਸ਼ਕ ਸਮਾਜਿਕ ਤੇ ਸਭਿਆਚਾਰਕ ਕੋਡਾਂ ਰਾਹੀਂ ਅਭਿਵਿਅਕਤੀ ਗ੍ਰਹਿਣ ਕਰਦੀ ਹੈ। ਇਸ ਤੋਂ ਇਲਾਵਾ ਉਹ ਮਿੱਥ ਨੂੰ ਇਕ ਕਥਾ-ਕ੍ਰਮ ਨਾ ਕਹਿ ਕੇ ਸੰਦੇਸ਼ ਸੰਚਾਰ ਦੀ ਵਿਧੀ ਦਸਦੇ ਹਨ। ਸੰਰਚਨਾਵਾਦੀਆਂ ਨੇ, ਸੌਸਿਉਰ ਦੇ ਮਾਡਲ ਨੂੰ ਆਧਾਰ ਬਣਾ ਕੇ ਆਪਣਾ ਸਿਧਾਂਤ ਪੇਸ਼ ਕਰਦਿਆਂ ਹੋਇਆਂ ਮਿੱਥ ਨੂੰ ਦੁਜੈਲੇ ਪੱਧਰ ਦਾ ਚਿੰਨ੍ਹ ਪ੍ਰਬੰਧ ਕਿਹਾ ਹੈ। ਉਨ੍ਹਾਂ ਨੇ ਮਿੱਥ ਨੂੰ ਪਰੰਪਰਕ ਅਰਥਾਂ ਨਾਲੋਂ ਤੋੜ ਕੇ

ਨਵੇਂ ਸੰਦਰਭ ਵਿਚ ਵੇਖਦੇ ਹੋਏ ਇਸ ਨੂੰ ਇਤਿਹਾਸ ਦੀ ਚੋਣ ਸਵੀਕਾਰ ਕੀਤਾ ਹੈ। ਉਹ ਮਿੱਥ ਨੂੰ ਸੰਚਾਰ ਵਿਧੀ ਦੇ ਅਰਥਾਂ ਵਿਚ ਗ੍ਰਹਿਣ ਕਰਦੇ ਹੋਏ ਇਸ ਨੂੰ ਅਜਿਹੀ ਮੈਟਾਭਾਸ਼ਾ ਕਹਿੰਦੇ ਹਨ ਜੋ ਸੰਦੇਸ਼ ਸੰਚਾਰ ਕਰਦੀ ਹੈ। ਸਾਹਿਤਕਾਰਾਂ ਨੇ ਮਿੱਥ ਚਿੰਤਨ ਨੂੰ ਕਥਾਤਮਕ ਪਹਿਲੂਆਂ ਤੱਕ ਸੀਮਤ ਰੱਖ ਕੇ, ਪੱਛਮੀ/ਯੂਨਾਨੀ ਕਾਵਿ ਸ਼ਾਸਤਰੀ ਨੇਮਾਂ ਨੂੰ ਮਾਡਲ ਵਜੋਂ ਵਰਤ ਕੇ ਮਿੱਥ ਦੀ ਪੁਨਰ ਵਿਆਖਿਆ ਕੀਤੀ ਹੈ। ਉਹ ਮਿੱਥ ਨੂੰ ਬਿਰਤਾਂਤਕ/ਗਾਲਪਨਿਕ ਰੂਪ ਵਿਚ ਸਵੀਕਾਰ ਕਰਦੇ ਹੋਏ ਸਮੁੱਚੇ ਸਾਹਿਤ ਨੂੰ 'ਸਥਾਨਤਰਿਤ ਮਿੱਥ ਕਹਿੰਦੇ ਹਨ। ਉਹ ਮਿੱਥ ਨੂੰ ਗਿਆਨਮੂਲਕ ਵਿਧੀ ਮੰਨਦੇ ਹੋਏ ਕਹਿੰਦੇ ਹਨ ਕਿ ਮਿੱਥ ਪ੍ਰਕਿਰਤੀ ਨੂੰ ਮਨੁੱਖੀ ਰੂਪ ਪ੍ਰਦਾਨ ਕਰਨ ਦੀ ਸਮਰਥਾ ਰੱਖਦੀ ਹੈ। ਲੋਕਧਾਰਾ ਵਿਗਿਆਨੀਆਂ ਵਿਚੋਂ ਜਿਥੇ ਕੁਝ ਵਿਦਵਾਨ ਮਿੱਥਾਂ ਦਾ ਸਾਂਝਾ ਮੂਲ ਸ੍ਰੋਤ ਮੰਨਦੇ ਹਨ ਉਥੇ ਕੁਝ ਵਿਦਵਾਨ ਇਸ ਨਾਲ ਅਸਹਿਮਤ ਹਨ, ਪਰ ਸਭ ਇਸ ਗੱਲ ਨਾਲ ਸਹਿਮਤ ਹਨ ਕਿ ਮਿੱਥਾਂ ਦੀ ਉਤਪਤੀ ਲੋਕ ਮਨ ਤੋਂ ਹੋਈ ਹੈ ਅਤੇ ਇਨ੍ਹਾਂ ਦਾ ਮੁੱਢ ਆਦਿ ਮਨੁੱਖ ਤੋਂ ਬੱਝਾ ਹੈ। ਭਾਰਤੀ/ਪੰਜਾਬੀ ਵਿਦਵਾਨ ਇਸ ਨੂੰ ਪੂਰਵ ਇਤਿਹਾਸਕ ਘਟਨਾਵਾਂ ਸਵੀਕਾਰ ਕਰਦੇ ਹੋਏ ਇਨ੍ਹਾਂ ਨੂੰ ਬ੍ਰਹਮ-ਸ੍ਰਿਸ਼ਟੀ ਦੇਵੀ-ਦੇਵਤਿਆਂ/ਅਵਤਾਰਾਂ, ਰਿਸ਼ੀਆਂ ਮੁਨੀਆਂ, ਭਗਤਾਂ, ਰਾਜਿਆਂ ਨਾਲ ਸੰਬੰਧਿਤ ਦੱਸਦੇ ਹਨ। ਉਹ ਮਿੱਥ ਨੂੰ ਲੋਕ ਮਨ ਦੀ ਅਭਿਵਿਅਕਤੀ ਅਤੇ ਪਵਿੱਤਰ ਕਥਾ ਸਵੀਕਾਰ ਕਰਦੇ ਹੋਏ ਕਹਿੰਦੇ ਹਨ ਕਿ ਇਸ ਵਿਚ ਕਲਪਨਾ, ਯਥਾਰਥ ਇਤਿਹਾਸ ਸੰਜੁਗਤ ਰੂਪ ਵਿਚ ਵਿਦਮਾਨ ਹੈ। ਉਨ੍ਹਾਂ ਅਨੁਸਾਰ ਮਿੱਥਾਂ ਦਾ ਮੂਲ ਸਥਿਰ ਰਹਿੰਦਾ ਹੈ ਅਤੇ ਇਹ ਅਧਿਆਤਮਕ ਸਚਾਈ ਦੇ ਮੂਲ ਸਿਧਾਂਤ ਨੂੰ ਦ੍ਰਿਸ਼ਟਮਾਨ ਢੰਗ ਨਾਲ ਪ੍ਰਤੀਕਾਂ ਦੁਆਰਾ ਰੂਪਮਾਨ ਕਰਦੀ ਹੈ,

ਸਮੁੱਚੀ ਚਰਚਾ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਭਾਰਤੀ/ਪੰਜਾਬੀ ਮਿੱਥ ਕਥਾਵਾਂ ਸਬੰਧੀ ਉਪਰੋਕਤ ਪੇਸ਼ ਸਿਧਾਂਤ ਭਾਵੇਂ ਥੋੜ੍ਹੇ ਬਹੁਤੇ ਲਾਗੂ ਹੁੰਦੇ ਹਨ ਪਰ ਦਰਸ਼ਨ ਸ਼ਾਸਤਰੀਆਂ ਅਤੇ ਧਰਮ ਸ਼ਾਸਤਰੀਆਂ ਦੁਆਰਾ ਪੇਸ਼ ਸਿਧਾਂਤ ਪੂਰਨ ਤੌਰ ਤੇ ਲਾਗੂ ਹੁੰਦਾ ਹੈ। ਇਸ ਦਾ ਮੁੱਖ

ਕਾਰਨ ਇਹ ਹੈ ਕਿ ਭਾਰਤੀ/ਪੰਜਾਬੀ ਮਿੱਥ ਕਥਾਵਾਂ ਵਧੇਰੇ ਧਰਮ ਨਾਲ ਸਬੰਧਿਤ ਹਨ। ਇਹਨਾਂ ਮਿੱਥ ਕਥਾਵਾਂ ਦੀ ਰਚਨਾ ਹੀ ਧਰਮ ਦੇ ਪ੍ਰਚਾਰ ਹਿਤ ਹੋਈ ਹੈ। ਹਰ ਇਕ ਧਰਮ ਦੇ ਪੈਰੋਕਾਰਾਂ ਨੇ ਆਪਣੇ ਆਪਣੇ ਧਰਮ ਦਾ ਧਰਮ ਪ੍ਰਚਾਰ ਕਰਨ, ਨੈਤਿਕ ਤੇ ਧਾਰਮਕ ਉਪਦੇਸ਼ ਦੇਣ ਅਤੇ ਆਪਣੇ ਧਰਮ ਦੀ ਫਿਲਾਸਫੀ ਨੂੰ ਲੋਕਾਂ ਤੱਕ ਪਹੁੰਚਾਉਣ ਹਿਤ ਮਿੱਥ ਕਥਾਵਾਂ ਦੀ ਵਰਤੋਂ ਕੀਤੀ। ਇਹਨਾਂ ਪੈਰੋਕਾਰਾਂ ਨੇ ਮਿੱਥ ਨੂੰ ਇਕ ਸਾਧਨ ਵਜੋਂ ਵਰਤਿਆ ਕਿਉਂਕਿ ਪ੍ਰਾਚੀਨ ਕਾਲ ਅਤੇ ਮਧ ਕਾਲ ਵਿਚ ਮਿੱਥ, ਲੋਕ-ਮਨਾਂ ਵਿਚ ਘਰ ਕਰ ਚੁੱਕੀ ਸੀ।

ਭਾਰਤੀ/ਪੰਜਾਬੀ ਮਿੱਥ ਕਥਾਵਾਂ ਦਾ ਅਧਿਐਨ ਕੀਤਿਆਂ ਇਹ ਪਤਾ ਚਲਦਾ ਹੈ ਕਿ ਇਹਨਾਂ ਦੀਆਂ ਤਿੰਨ ਪਰੰਪਰਾਵਾਂ ਚਲੀਆਂ ਆਉਂਦੀਆਂ ਹਨ। ਪਹਿਲੀ ਮੁਖ ਪਰੰਪਰਾ 'ਸ਼ਾਸਤਰੀ ਪਰੰਪਰਾ' ਹੈ, ਜਿਸ ਵਿਚ 'ਵੇਦ', 'ਪੁਰਾਣ', 'ਸਿਮਰਤੀਆਂ', 'ਬੋਧੀ' ਜੈਨ ਕਥਾਵਾਂ, 'ਵੱਡਕਹਾ', 'ਪੰਚਤੰਤਰ', 'ਬੇਤਾਲ ਪਾਚੀਸੀ' ਆਦਿ ਆਉਂਦੇ ਹਨ। ਦੂਸਰੀ ਪੰਰਪਰਾ 'ਲੋਕਧਾਰਕ ਪਰੰਪਰਾ' ਹੈ ਜਿਸ ਵਿਚ ਲੋਕ ਆਪਣੇ ਪੂਰਵਜਾਂ ਤੋਂ ਮੌਖਿਕ ਰੂਪ ਵਿਚ ਸੁਣੀਆਂ ਸੁਣਾਈਆਂ ਮਿੱਥਾਂ ਦੀ ਨਵ ਸਿਰਜਣਾ ਕਰਦੇ ਹੋਏ ਪੀੜ੍ਹੀਓਂ ਪੀੜ੍ਹੀ, ਅੱਗੇ ਤੋਰਦੇ ਰਹੇ ਹਨ। ਤੀਸਰੀ ਪਰੰਪਰਾ ਸਾਮੀ/ਯੂਨਾਨੀ ਮਿੱਥਾਂ ਦੀ ਹੈ ਜਿਸ ਵਿਚ ਯੂਨਾਨ ਦੀਆਂ 'ਈਸਪ ਕਹਾਣੀਆਂ', 'ਨੀਤੀ ਕਥਾਵਾਂ'; ਇਸਲਾਮ ਦੇ 'ਪੁਰਾਣ ਸ਼ਾਸਤਰ', 'ਅਲਫ਼ ਲੈਲਾ', 'ਤੂਤੀਨਾਮਾ', 'ਹਾਤਮਨਾਮਾ' ਆਦਿ ਪਾਏ ਜਾਂਦੇ ਹਨ। ਇਹਨਾਂ ਤਿੰਨਾਂ ਪਰੰਪਰਾਵਾਂ ਤੋਂ ਭਾਰਤੀ/ਪੰਜਾਬੀ ਮਿੱਥ ਕਥਾਵਾਂ ਦਾ ਉਥਾਨ ਹੋਇਆ ਹੈ। ਪੰਜਾਬੀ ਦੀਆਂ ਮਿੱਥ ਕਥਾਵਾਂ ਤਾਂ ਪੂਰਨ ਰੂਪ ਵਿਚ ਇਹਨਾਂ ਤਿੰਨਾਂ ਪਰੰਪਰਾਵਾਂ ਦਾ ਮਿਲਗੋਭਾ ਹਨ।

ਉਪਰੋਕਤ ਸਾਮੀ/ਭਾਰਤੀ ਗ੍ਰੰਥਾਂ ਵਿਚ ਪੇਸ਼ ਮਿੱਥ ਕਥਾਵਾਂ ਦਾ ਅਧਿਐਨ ਕਰਨ ਉਪਰੰਤ ਪਤਾ ਚਲਦਾ ਹੈ ਕਿ ਹਿੰਦੂ, ਬੁੱਧ, ਜੈਨ ਅਤੇ ਇਸਲਾਮ ਧਰਮ ਦੇ ਪੈਰੋਕਾਰਾਂ ਨੇ ਆਪਣੇ ਆਪਣੇ ਧਰਮ ਦਾ ਧਾਰਮਕ ਅਤੇ ਨੈਤਿਕ ਉਪਦੇਸ਼ ਦੇਣ, ਧਰਮ ਦੀ ਦਾਰਸ਼ਨਿਕ ਪੇਸ਼ਕਾਰੀ ਕਰਨ ਅਤੇ

ਆਪਣੇ ਆਪਣੇ ਦੇਵਤਿਆਂ, ਗੁਰੂ-ਪੀਰਾਂ ਦੀ ਉਸਤਿਤ ਕਰਨ ਹਿਤ ਕਈ ਤਰ੍ਹਾਂ ਦੀਆਂ ਮਿੱਥ ਕਥਾਵਾਂ ਦੀ ਸਿਰਜਣਾ ਕੀਤੀ। ਇਸੇ ਪ੍ਰਥਾ ਨੂੰ ਅਪਣਾਉਂਦੇ ਹੋਏ ਸਿੱਖ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਗੁਰਮਤਿ ਫਿਲਾਸਫੀ ਦਾ ਪ੍ਰਚਾਰ ਕਰਨ, ਨੈਤਿਕ, ਧਾਰਮਕ ਸਦਾਚਾਰਕ ਉਪਦੇਸ਼ ਦੇਣ ਲਈ ਬਤੌਰ ਮਿੱਥਕ ਹਵਾਲਿਆਂ ਅਤੇ ਸੰਕੇਤਾਂ ਦੀ ਵਰਤੋਂ ਕੀਤੀ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਦਰਸ਼ਨ ਸ਼ਾਸਤਰੀਆਂ ਅਤੇ ਧਰਮ ਸ਼ਾਸਤਰੀਆਂ ਦੁਆਰਾ ਦਿੱਤਾ ਗਿਆ ਸਿਧਾਂਤ ਭਾਰਤੀ/ਪੰਜਾਬੀ ਮਿੱਥ ਕਥਾਵਾਂ ਉਪਰ ਪੂਰਾ ਉਤਰਦਾ ਹੈ।

# ਹਵਾਲੇ ਅਤੇ ਟਿੱਪਣੀਆਂ

1. ***ਐਨਸਾਈਕਲੋਪੀਡੀਆ ਬ੍ਰਿਟੇਨਿਕਾ***, ਪੰ. 715
2. Warner Berthoff, 'Fiction, History, Myth' in Morton W. Bloomfield (ed.), The Interpretation of Narrative: ***Theory and Practice***, pp.275-276
3. G.S. Kirk, ***The Nature of Greek Myths***, p. 22
4. ***Theory of Literature***, p. 195
5. ***An Experiment in Criticism***, p. 43
6. ***ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ***, ਪੰ. 53-54
7. ***ਮਧਕਾਲੀਨ ਕਥਾ ਰੂਪ ਤੇ ਪਰੰਪਰਾ***, ਪੰ. 126
8. ***ਪੰਜਾਬੀ ਮਿਥਿਕ ਕਥਾਵਾਂ ਦੀ ਚਿੰਨ੍ਹ ਜੁਗਤ***, ਪੰ. 2
9. "Myth relate how one state of affairs become another: how an unpeopled world became populated: how chaos become cosmos; how immortals become mortal; how the seasons come to replace a climate without reasons; how the original unity of mankind become a plurality of tribes or nations; how androgynous beings became" men and women; and so on."

   ***International Encyclopaedia of the Social Sciences, Vol. 10***, p. 576
10. "Myth treat of origins but derive from transitions. By "myths" I do not, of course, mean Marchen, fairy tales, folk tales, sagen or legends but sacred narratives telling."

    ***Encyclopaedia of Social Sciences, Vol. 10***, p. 576
11. "Myth are accounts with an absolute authority that is implied rather then stated; they relate events and states of affairs surpassing the

ordinary human world, yet basic to that world, the time in which the related events take place in altogether different from the ordinary historical time of human experience (and in most cases in unimaginably long ago); the actors in the narrative are usually gods or other extraordinary beings (such as animals, plants, the very first people or specific great men who changed the human condition."

***Encylopaedia Britannica, Vol. 12***, p. 794

12. "A story presented as having actually occured in a previous age, explaining the consomological and supernatural traditions of the people, their gods, heroes, cultural traits, religious beliefs etc."

    ***Standard Dictionary of Folklore***, p. 778

13. ***ਮਿੱਥ ਔਰ ਸਾਹਿਤਯ***, ਪੰ. 7

14. ***ਲੋਕਯਾਨ ਤੇ ਮਧਕਾਲੀਨ ਪੰਜਾਬੀ ਸਾਹਿਤ***, ਪੰ. 53

15. ***ਮੱਧਕਾਲੀਨ ਕਥਾ ਰੂਪ ਤੇ ਪਰੰਪਰਾ***, ਪੰ. 71

16. ਉਹੀ, ਪੰ. 126-127

17. "........ There is no pre-existent, 'given' human essence no pre-determined human nature ........ which manifests it self as the capacity and the neccessity to generate myths and to use language metaphorically........."

    ***Terence Hawakes, 'Introduction', Structuralism and Semiotics***, p. 13-15

18. Darshan Singh Mani, 'The limits of Psycho analytical Analysis', ***Twentieth Century American Criticism*** (Ed. by Raj Nath), p. 223

19. "The Study of constructions of folk-psychology such as there is far from being complete, but it is extremly probable that myths, far

instance, are distorted vestiges of the wishful phontasies of whole nations, the secular dreams of youthful humanity."
"Creative Writers and Day Dreaming" in the Standard Edition of the complete Psychological work of Sigmund Freud, ed. James Straches. Vol. 18, p. 152

20. "Another well known expression of the archetypes is myth .... The term archetype thus applies only indirectly to the representations colectives........"
***'Introduction', Four Archetypes***,p. 4-5
21. "Myth is an extremely complex cultural reality, which can be approached and interpreted from various and complementary view points."
***Myth & Reality***, p. 5
22. "Myth then is always an account of 'creation'; it relates how something was produced, began to be"
Ibid, p. 6
23. "Myth is a 'sacred history' (and hence saturated with being ........ and power), and to relate a sacred history is equivalent to revealing a mystery ..... they are godes or cultral heroes."
***International Encyclopaedia of the Social Science***, p. 578
24. ***The validity and form of mythical thought in the Modern Tradition***, ed., pp. 635-40
25. "No longer in a merely physical universe, man lives in a symbolic universe. Language, Myth, Art and Religion are parts of this universe. They are varied threads which weave the symbolic net, the tangled web of human experience. All uman progress in thought and experience refines upon and strengthens this net."
***An Essay of Man***, p. 25 (R H4)
26. Ibid, p. 75-77

27. "Myth on the one hand, whether literary believed or not is taken with religious seriousness, either as historic fact or as a 'Mystic' truth. Its typical theme is tragic,m not utopian; and its personages tend to fuse into stable personalities of supernatural characters;"

*Philosopohy in a New Kye,* pp. 175-76

28. *Elementary Form of Religious Life*, pp. 82-83

29. "There is nothing mystical in the fact that premitive man could defferentiate himself from nature around him as a rational creature by transforming his activities to a tool his other."

Victor, G. Panov, *Myth and Logic, Emotions Myth and Theories,* p.139

30. *"The Social Psychology of Myth" in the Modern Tradition*, pp. 632-635

31. "Mythology, which was the bone of the ancient world, is in truth a disease of language, A myth means a word, but a word which, from being a name or an attribute has been allowed to assume a more substantial existence. Most of the Greek, Roman, the Indian and other heathen gods are nothing but poetical names, which were gradually allowed to assume a divine personality never contemplated by their original inventors."

*The Science of Language*, p. 11

32. *Encyclopaedia Britannica*, Ibid, p. 1133

33. "The characteristic feature of Mythical thought is that it expresses itself by means of a heterogeneous repertoire, which, even if extensive, is nevertheless limited. It has to use this repertoir, however, whatever the task in hand because it has nothing else at its disposal. Mythical athought is therefore a kind of intellectual

'Bricolage' which explains the relation which can be perceived between the two ......"

***The Savage Mind***, p. 17

34. Ibid, p. 19-20

35. "Indeed myths and rites can also be treated as modes of the communication from gods to men (myths) or from men to gods (rites) with this difference, however, that divine interlocutors are not partners, like others within the same system of communication;"

    Ibid, ***Structural Anthropology, Vol. 2***, p. 66

36. "In myth we find tri demensional pattersn; the Signifier, the signified and the sign. But myth is a peculier system ... second order semiologicl system."

    ***Myth Today, Mythologies***, p. 114

37. Ibid, pp. 109-111

38. "We reach here the very principle of Myth: It transforms history into nature."

    "Ibid, pp. 127-131

39. "But what must be firmly established at the start is that myth is a system of communication that it is a message."

    Ibid, p. 109

40. "There are two broad division of literary works which may be called fictional and theematic ... each division has its own type of myth, but we shall be concerned here with only the fictional part of literature and with myth on its more common and easily recognized form as certain kind of narrative."

    ***Myth Fiction and Displacement, Twentieth Century Criticism***, p.

41. "By displacement I mean techniques a writer uses to make his story credible logically motivated or morally acceptable lifelike in short, I call it displacement for many reasons, but one is that fidelity to the credible is a feature of literature that can affect only content."
Ibid, *"Myth, Fiction and Displacement" in Twentieth Century Criticism*, pp. 164-68

42. "In myth we see the structural principles of literature isolated, in realism we see the structural principles (not similar ones) fitting into a context of plausibility."
Ibid, *Anatomy of Criticism*, p. 136

43. Ibid, *Myth, Fiction and Displacement in Twentieth Century Criticism*, p. 157

44. ਲੋਕਧਾਰਾ ਅਧਿਐਨ (ਥੀਮ ਪਰਚਾ) *ਪੰਜਾਬ ਦੀ ਲੋਕਧਾਰਾ* (ਛੇਵੀਂ ਪੰਜਾਬੀ ਵਿਕਾਸ ਕਾਨਫਰੰਸ), ਪੰ. 132

45. ਉਹੀ, ਪੰ. 2-3

46. *History of Sanskrit Literature*, p. 352-371

47. ਸਤੇਂਦ੍ਰ, *ਲੋਕ ਸਾਹਿਤਯ ਵਿਗਿਆਨ*, ਪੰ. 99-102

48. ਭੁਪਿੰਦਰ ਸਿੰਘ, *ਪੰਜਾਬੀ ਲੋਕਧਾਰਾ ਦੇ ਇਕੱਤਰਣ ਸੰਪਾਦਨ ਅਤੇ ਅਧਿਐਨ ਵਿਚ ਹੋਏ ਕੰਮ ਦਾ ਸਰਵੇਖਣ*, ਪੰ. 53-54

49. *ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ*, ਪੰ. 54-55

50. ਉਹੀ, ਪੰ. 54-55

51. ਉਹੀ, ਪੰ. 56

52. *ਮਧਕਾਲੀਨ ਪੰਜਾਬੀ ਕਥਾ: ਰੂਪ ਤੇ ਪਰੰਪਰਾ*, ਪੰ. 19

53. ਉਹੀ, ਪੰ. 126

54. *ਮਧਕਾਲੀਨ ਪੰਜਾਬੀ ਕਥਾ: ਰੂਪ ਤੇ ਪਰੰਪਰਾ*, ਪੰ. 125-126

55. *ਮਿੱਥ ਅਧਿਐਨ ਤੇ ਵਾਰਾਂ ਭਾਈ ਗੁਰਦਾਸ*, ਪੰ. 57

56. ਉਹੀ, ਪੰ. 224

57. *ਜਨਮਸਾਖੀ/ਮਿੱਥ ਵਿਗਿਆਨ*, ਪੰ. 50

58. *ਲੋਕਯਾਨ ਭਾਸ਼ਾ ਅਤੇ ਸਭਿਆਚਾਰ*, ਪੰ. 37-38

59. ਉਹੀ, ਪੰ. 43

60. ਤਰਲੋਕ ਸਿੰਘ ਕੰਵਰ (ਸੰਪਾ.), *ਵਿਹਾਰਕੀ*, ਪੰ. 97

61. ਉਹੀ, ਪੰ. 98

# ਅਧਿਆਇ ਦੂਜਾ

## ਗੁਰੂ ਗ੍ਰੰਥ ਸਾਹਿਬ ਵਿਚ ਗੁਰੂ-ਬਾਣੀ

## ਦਾ ਮਿਥਿਹਾਸਕ ਸਰੂਪ:

(ੳ) ਗੁਰੂ-ਬਾਣੀ ਪੂਰਵ ਮਿੱਥਕ ਪਰੰਪਰਾ

(ਅ) ਗੁਰੂ-ਬਾਣੀ ਵਿਚ ਮਿੱਥ

(ੲ) ਗੁਰੂ-ਬਾਣੀ ਵਿਚ ਮਿੱਥ ਦਾ ਵੱਖਰਾ ਪਰਿਪੇਖ

- (i) ਸਕਾਰਾਤਮਕ
- (ii) ਨਕਾਰਾਤਮਕ

(ਸ) ਗੁਰੂ-ਬਾਣੀ ਮਿੱਥ ਕਥਾਵਾਂ ਰਾਹੀਂ ਅਲੌਕਿਕਤਾ ਦਾ ਸੰਦੇਸ਼

# ਗੁਰੂ ਗ੍ਰੰਥ ਸਾਹਿਬ ਵਿਚ ਗੁਰੂ-ਬਾਣੀ

# ਦਾ ਮਿਥਿਹਾਸਕ ਸਰੂਪ

ਗੁਰੂ ਗ੍ਰੰਥ ਸਾਹਿਬ ਲੋਕਧਾਰਾ ਦਾ ਮਹੱਤਵਪੂਰਨ ਖਜ਼ਾਨਾ ਹੈ। ਇਸ ਸਦਕਾ ਗੁਰੂ-ਬਾਣੀ ਵਿਚ ਪੂਰਵ ਮਿੱਥਕ ਪਰੰਪਰਾ ਨੂੰ ਅਪਣਾਉਂਦੇ ਹੋਏ ਮਿੱਥ ਕਥਾਵਾਂ ਦੀ ਵਰਤੋਂ ਵੱਡੀ ਪੱਧਰ ਤੇ ਹੋਈ ਹੈ। ਗੁਰੂ-ਬਾਣੀ ਦੇ ਮਿਥਿਹਾਸਕ ਸਰੂਪ ਤੇ ਪੜਚੋਲੀ ਨਜ਼ਰ ਮਾਰਿਆਂ ਇਹ ਸਪੱਸ਼ਟ ਹੁੰਦਾ ਹੈ ਕਿ ਗੁਰੂ-ਬਾਣੀ ਵਿਚ ਮਿੱਥ ਕਥਾਵਾਂ ਨੂੰ ਕੇਵਲ ਬਤੌਰ ਹਵਾਲਿਆਂ, ਸੰਕੇਤਾਂ ਦੇ ਤੌਰ 'ਤੇ ਹੀ ਨਹੀਂ ਵਰਤਿਆ ਗਿਆ ਸਗੋਂ ਇਨ੍ਹਾਂ ਦੀ ਵਰਤੋਂ ਪ੍ਰਤੀਕਾਂ, ਬਿੰਬਾਂ, ਦ੍ਰਿਸ਼ਟਾਂਤਾਂ, ਰੂਪਕਾਂ, ਵਿਅੰਗਾਂ ਦੇ ਤੌਰ ਤੇ ਹੋਈ ਹੈ।

ਗੁਰੂ-ਬਾਣੀ ਵਿਚਲੀਆਂ ਮਿੱਥ ਕਥਾਵਾਂ ਸੰਦੇਸ਼ ਸੰਚਾਰ ਕਰਨ ਤੋਂ ਇਲਾਵਾ ਮਿੱਥ ਸਿਰਜਣਾ, ਨਵ ਸਿਰਜਣਾ ਅਤੇ ਮਿੱਥ ਵਿਸਥਾਪਨ ਵੀ ਕਰਦੀਆਂ ਹਨ। ਇਸ ਤੋਂ ਇਲਾਵਾ ਗੁਰੂ-ਬਾਣੀ ਵਿਚ ਮਿੱਥ ਕਥਾਵਾਂ ਦੇ ਦੁਵੱਲੇ ਦ੍ਰਿਸ਼ਟੀਕੋਣ ਸਦਕਾ ਅਵਤਾਰ/ਦੇਵੀ ਦੇਤਿਆਂ ਪ੍ਰਤੀ ਮੰਡਨਾਤਮਕ/ਸਾਕਾਰਾਤਮਕ ਦ੍ਰਿਸ਼ਟੀਕੋਣ ਵੀ ਅਪਣਾਇਆ ਗਿਆ ਹੈ। ਇਹ ਦ੍ਰਿਸ਼ਟੀਕੋਣ ਬ੍ਰਹਮ ਦੇ ਨਿਰਗੁਣ/ਸਰਗੁਣ ਦੇ ਵੱਖਰੇ-ਵੱਖਰੇ ਸਰੂਪ ਤੋਂ ਇਲਾਵਾ ਬ੍ਰਹਮ ਦੇ ਨਿਰਗੁਣ/ਸਰਗੁਣ ਦੇ ਮਿਲਵੇਂ ਸਰੂਪ ਕਾਰਨ ਵੀ ਹੈ।

ਇਸ ਤਰ੍ਹਾਂ ਗੁਰੂ-ਬਾਣੀ ਵਿਚ ਗੁਰੂ ਸਾਹਿਬ ਮਿੱਥ ਕਥਾਵਾਂ ਰਾਹੀਂ ਅਲੌਕਿਕਤਾ ਦਾ ਸੰਦੇਸ਼ ਦਿੰਦੇ ਹੋਏ ਇਕ ਪਰਮਾਤਮਾ (ਬ੍ਰਹਮ) ਦੀ ਭਗਤੀ ਕਰਨ, ਨਾਮ ਸਿਮਰਨ, ਹਉਮੈ, ਕਾਮ ਕਰੋਧ ਦਾ ਤਿਆਗ ਕਰਨ ਅਤੇ ਗੁਰੂ ਦੀ ਮਹੱਤਤਾ ਉਪਰ ਜ਼ੋਰ ਦਿੰਦੇ ਹਨ।

## ਗੁਰੂ-ਬਾਣੀ ਪੂਰਵ ਮਿੱਥਕ ਪਰੰਪਰਾ:

ਗੁਰੂ-ਬਾਣੀ ਪੂਰਵ ਮਿੱਥਕ ਪਰੰਪਰਾ ਬਹੁਤ ਪੁਰਾਣੀ ਹੈ। ਪ੍ਰਾਚੀਨ ਕਾਲ ਤੋਂ ਲੈ ਕੇ ਆਧੁਨਿਕ ਕਾਲ ਤੱਕ ਭਾਰਤੀ-ਪੰਜਾਬੀ ਮਿੱਥ ਕਥਾਵਾਂ ਸਭਿਅਚਾਰਕ ਪਰਿਵਰਤਨ ਕਾਰਣ

ਵਿਭਿੰਨ ਰੂਪ ਪਰਿਵਰਤਨ ਕਰਦੀਆਂ ਹੋਈਆਂ ਸਾਡੇ ਤੱਕ ਪਹੁੰਚੀਆਂ ਹਨ। ਇਨ੍ਹਾਂ ਮਿੱਥ ਕਥਾਵਾਂ ਵਿਚ ਵਿਸ਼ੇ ਤੇ ਰੂਪ ਪੱਖੋਂ ਕਈ ਤਰ੍ਹਾਂ ਦੇ ਪਰਿਵਰਤਨ ਆਏ ਹਨ।

ਗੁਰੂ-ਬਾਣੀ ਵਿਚ ਪੇਸ਼ ਮਿੱਥ ਕਥਾਵਾਂ ਦਾ ਅਧਿਐਨ ਉਨੀ ਦੇਰ ਤੱਕ ਅਧੂਰਾ ਰਹੇਗਾ, ਜਿੰਨਾ ਚਿਰ ਅਸੀਂ ਗੁਰੂ-ਬਾਣੀ ਪੂਰਵ ਮਿੱਥਕ ਪਰੰਪਰਾ ਦਾ ਅਧਿਐਨ ਨਹੀਂ ਕਰ ਲੈਂਦੇ। ਗੁਰੂ-ਬਾਣੀ ਪੂਰਵ ਮਿੱਥ ਪਰੰਪਰਾ ਇਸ ਤਰ੍ਹਾਂ ਹੈ:

(ੳ) ਮੌਖਿਕ ਪਰੰਪਰਾ

(ਅ) ਪੂਰਵ ਆਰਿਆਈ ਪਰੰਪਰਾ

(ੲ) ਆਰਿਆਈ ਪਰੰਪਰਾ

(ਸ) ਯੂਨਾਨੀ ਪਰੰਪਰਾ

(ੲ) ਇਸਲਾਮੀ ਪਰੰਪਰਾ

## (ੳ) ਮੌਖਿਕ ਪਰੰਪਰਾ

ਮੌਖਿਕ ਪਰੰਪਰਾ ਉਹ ਪਰੰਪਰਾ ਹੈ, ਜੋ ਅਲਿਖਤ ਰੂਪ ਵਿਚ ਇਕ ਤੋਂ ਦੂਜੇ ਤੱਕ ਪੀੜ੍ਹੀਓਂ ਪੀੜ੍ਹੀ ਪਹੁੰਚਦੀ ਹੈ। ਇਹ ਪਰੰਪਰਾ ਲੋਕ ਸਾਹਿਤ ਦੇ ਹਰ ਖੇਤਰ ਵਿਚ ਪਾਈ ਜਾਂਦੀ ਹੈ। ਲੋਕ ਸਾਹਿਤ ਦੇ ਖੇਤਰ ਵਿਚ ਮਿੱਥ ਕਥਾ ਇਕ ਅਜਿਹਾ ਲੋਕ ਸਾਹਿਤ ਰੂਪ ਹੈ ਜੋ ਭਾਰਤੀ/ਪੰਜਾਬੀ ਜਨ-ਜੀਵਨ ਵਿਚ ਮਹੱਤਵਪੂਰਨ ਮਨੋਰੰਜਨ ਦਾ ਸਾਧਨ ਰਿਹਾ ਹੈ। ਭਾਰਤ/ਪੰਜਾਬ ਦੇ ਲੋਕਾਂ ਨੇ ਆਪਣੇ ਅਵਤਾਰਾਂ/ਦੇਵੀ ਦੇਵਤਿਆਂ, ਗੁਰੂ-ਪੀਰਾਂ, ਦੈਂਤਾਂ ਅਤੇ ਕੁਦਰਤੀ ਸ਼ਕਤੀਆਂ ਨਾਲ ਸਬੰਧਿਤ ਕਈ ਮਿੱਥ ਕਥਾਵਾਂ ਦੀ ਸਿਰਜਣਾ ਕੀਤੀ ਹੈ। ਉਹ ਇਨ੍ਹਾਂ ਮਿੱਥ ਕਥਾਵਾਂ ਨੂੰ ਮਨੋਰੰਜਨ ਦੇ ਸਾਧਨ ਦੇ ਤੌਰ ਤੇ ਇਕ ਦੂਜੇ ਨੂੰ ਵੀ ਸੁਣਾਉਂਦੇ ਸਨ। ਇਸ ਤਰ੍ਹਾਂ ਭਾਰਤੀ/ਪੰਜਾਬੀ ਲੋਕਾਂ ਨੇ ਮਿੱਥ ਕਥਾਵਾਂ ਨੂੰ ਪੀੜ੍ਹੀਓਂ ਪੀੜ੍ਹੀ ਮੌਖਿਕ ਰੂਪ ਵਿਚ ਸਾਡੇ ਤੱਕ ਪਹੁੰਚਾਇਆ ਹੈ। ਆਦਿ ਕਾਲ ਤੋਂ ਹੀ ਮਿੱਥ ਕਥਾਵਾਂ ਲੋਕ ਮਨ ਵਿਚ ਐਨੀਆਂ ਸਮਾ ਚੁੱਕੀਆਂ ਸਨ ਕਿ ਇਸ ਨੂੰ ਸਮੇਂ-ਸਮੇਂ ਤੇ ਲਿਖਤੀ ਰੂਪ ਦਿੱਤਾ ਜਾਣ ਲੱਗਾ। ਪ੍ਰਾਚੀਨ ਕਾਲ ਤੇ ਮੱਧ ਕਾਲ ਦੇ ਸਾਹਿਤਕਾਰ ਵੱਡੀ ਮਾਤਰਾ

ਵਿਚ ਇਨ੍ਹਾਂ ਮਿੱਥ ਕਥਾਵਾਂ ਦੀ ਵਰਤੋਂ ਆਪਣੀਆਂ ਰਚਨਾਵਾਂ ਵਿਚ ਕਰਨ ਲੱਗੇ। ਗੁਰੂ-ਬਾਣੀ ਵੀ ਮੌਖਿਕ ਪਰੰਪਰਾ ਤੋਂ ਪ੍ਰਭਾਵਿਤ ਹੋਈ ਅਤੇ ਸਿੱਖ ਗੁਰੂ ਸਾਹਿਬਾਨ ਨੇ ਲੋਕ ਮਨ ਵਿਚ ਸਮਾ ਚੁੱਕੀਆਂ ਰਚਨਾਵਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਵਾਲਿਆਂ ਅਤੇ ਸੰਕੇਤਾਂ ਦੇ ਰੂਪ ਵਿਚ ਪੇਸ਼ ਕੀਤਾ ਹੈ।

**(ਅ) ਪੂਰਵ ਆਰਿਆਈ ਪਰੰਪਰਾ:**

ਪੂਰਵ ਆਰਿਆਈ ਪਰੰਪਰਾ ਦੇ ਅੰਤਰਗਤ ਸਿੰਧ ਘਾਟੀ ਦੀ ਸਭਿਅਤਾ ਸਮੇਂ ਪ੍ਰਚੱਲਿਤ ਮਿੱਥ ਕਥਾਵਾਂ ਆ ਜਾਂਦੀਆਂ ਹਨ। ਸਿੰਧ ਘਾਟੀ ਦੀ ਸਭਿਅਤਾ ਮਿੱਥ ਕਥਾਵਾਂ ਦਾ ਵਡਮੁੱਲਾ ਖਜ਼ਾਨਾ ਹੈ। ਸਿੰਧ ਘਾਟੀ ਦੀ ਖੋਜ ਅੰਗਰੇਜ਼ ਵਿਦਵਾਨਾਂ ਦੁਆਰਾ ਕੀਤੀ ਗਈ। ਉਨ੍ਹਾਂ ਪੁਰਾਤੱਤਵ ਵਿਭਾਗ ਦੀ ਸਥਾਪਨਾ ਕੀਤੀ ਜਿਸ ਦਾ ਮੁੱਖੀ ਸਰ ਜਾਨ ਮਾਰਸ਼ਲ ਨੂੰ ਲਗਾਇਆ ਗਿਆ। ਸਰ ਜਾਨ ਮਾਰਸ਼ਲ ਦੀ ਅਗਵਾਈ ਹੇਠ ਪੁਰਾਤੱਤਵ ਵਿਭਾਗ ਦੇ ਖੋਜੀਆਂ ਨੇ ਇਥੋਂ ਕਈ ਪ੍ਰਕਾਰ ਦੀ ਸਮੱਗਰੀ, ਜਿਵੇਂ - ਭਾਂਡੇ, ਠੀਕਰ, ਮੋਹਰਾਂ, ਸਿੱਕੇ, ਖਿਡੌਣੇ, ਮੂਰਤੀਆਂ ਆਦਿ ਖੋਜ ਕਰਕੇ ਕਢਵਾਈਆਂ। ਡਾ. ਆਰ. ਸੀ. ਮਜੂਮਦਾਰ ਇਸ ਬਾਰੇ ਲਿਖਦੇ ਹਨ:

> *ਸਿੰਧ ਘਾਟੀ ਦੀ ਸਭਿਅਤਾ ਤੋਂ ਕੋਈ ਪੰਜ ਹਜ਼ਾਰ ਦੇ ਕਰੀਬ ਮੋਹਰਾਂ ਪ੍ਰਾਪਤ ਹੋਈਆਂ ਹਨ। ਇਹ ਪਕਾਈ ਮਿੱਟੀ ਦੀਆਂ ਬਣੀਆਂ ਹਨ ਅਤੇ ਸਾਈਜ਼ ਵਿਚ ਛੋਟੀਆਂ ਹਨ, ਇਹਨਾਂ ਕੁਝ ਉਤੇ ਪਸ਼ੂਆਂ ਦੇ ਵਧੀਆ ਚਿੱਤਰ ਉੱਕਰੇ ਹੋਏ ਹਨ - ਜੋ ਮਿੱਥਕ ਅਤੇ ਯਥਾਰਥਕ ਦੋਵੇਂ ਲਗਦੇ ਹਨ।*

ਇਸ ਤਰ੍ਹਾਂ ਉਪਰੋਕਤ ਸਮੱਗਰੀ ਉਪਰ ਉਕਰੇ ਚਿੱਤਰ ਕਿਸੇ ਮਿੱਥਕ ਪਾਤਰਾਂ ਜਾਂ ਮਿੱਥ-ਕਥਾ ਨੂੰ ਰੂਪਮਾਨ ਕਰਦੇ ਪ੍ਰਤੀਤ ਹੁੰਦੇ ਹਨ। ਇਸ ਗਲ ਦੀ ਗਵਾਹੀ ਡਾ. ਵਣਜਾਰਾ ਬੇਦੀ ਲੋਕਧਾਰਾ-ਵਿਗਿਆਨੀ ਕਈ ਉਦਾਹਰਣਾਂ ਦੇ ਕੇ ਭਰਦੇ ਹਨ। ਇਨ੍ਹਾਂ ਉਦਾਹਰਣਾਂ ਵਿਚੋਂ ਇਕ ਉਦਾਹਰਣ 'ਯਖਸ਼ ਅਤੇ ਬਘਿਆੜ ਦੀ ਹੇਠ ਲਿਖਤ ਦੇਖੀ ਜਾ ਸਕਦੀ ਹੈ:

*ਇਕ ਭਘਿਆੜ ਜੀਵਨ-ਰੁਖ ਦੀਆਂ ਸ਼ਾਖਾਂ ਚੁਰਾਣ ਦੀ ਤਾੜ ਵਿਚ ਹੈ। ਉਹ ਇਸ ਦਰਖਤ ਹੇਠਾਂ ਖਲੋਤਾ ਉੱਪਰ ਬੈਠੇ ਰਾਖੇ (ਯਖਸ਼) ਵਲ ਵੇਖ ਰਿਹਾ ਹੈ। ਯਖਸ਼ ਵੀ ਇਕ ਹੱਥ ਨਾਲ ਬ੍ਰਿਛ ਦੀ ਟਹਿਣੀ ਨੂੰ ਥੰਮੀ ਅਤੇ ਦੂਜੇ ਹੱਥ ਨੂੰ ਪਸਾਰੀ, ਭਘਿਆੜ ਨੂੰ ਮੰਤਰ ਮੁਗਧ ਅਤੇ ਨਿਸ਼ਕ੍ਰਿਆ ਬਨਾਉਣ ਵਿਚ ਰੁਝਿਆ ਵਿਖਾਈ ਦਿੰਦਾ ਹੈ। ਯਖਸ਼ ਦਾ ਇਕ ਗੋਡਾ ਟਹਿਣੀ ਉਪਰ ਟਿਕਿਆ ਹੋਇਆ ਹੈ ਅਤੇ ਦੂਜਾ ਉੱਪਰ ਵੱਲ ਉਠਿਆ ਹੋਇਆ ਜਿਵੇਂ ਕੋਈ ਵੀਰਾਸਨ ਤੇ ਬੈਠਾ ਹੋਵੇ।*[2]

ਯਖਸ਼ ਅਤੇ ਭਘਿਆੜ ਦੀ ਕਥਾ ਕਿਸੇ ਮਿੱਥ ਕਥਾ ਨੂੰ ਪ੍ਰਤੀਤ ਕਰਦੀ ਨਜ਼ਰ ਆਉਂਦੀ ਹੈ ਅਤੇ ਇਸ ਮਿੱਥ ਕਥਾ ਦਾ ਵਿਸ਼ਾ ਵੈਦਿਕ ਕਾਲ ਵਿਚ ਦੇਵਤਿਆਂ ਵਲੋਂ ਦਾਨਵਾਂ ਤੋਂ ਅੰਮ੍ਰਿਤ ਦੀ ਰੱਖਿਆ ਵਾਲਾ ਹੀ ਜਾਪਦਾ ਹੈ।

ਅਜਿਹੇ ਹੋਰ ਵੀ ਕਈ ਤਰ੍ਹਾਂ ਦੇ ਮਿੱਥਕ ਚਿੱਤਰ ਮਿਲਦੇ ਹਨ ਜੋ ਕਿਸੇ ਨਾ ਕਿਸੇ ਮਿੱਥ ਕਥਾ ਨੂੰ ਪੇਸ਼ ਕਰਦੇ ਪ੍ਰਤੀਤ ਹੁੰਦੇ ਹਨ ਜਿਵੇਂ :

*ਇਕ ਜਟਿਲ ਦ੍ਰਿਸ਼ ਵਿਚ ਇਕ ਮੋਰ-ਮੁਖ ਪ੍ਰਾਣੀ ਸੱਜੇ ਪਾਸੇ ਵੱਲ ਮੂੰਹ ਕਰਕੇ ਖੜ੍ਹਾ ਹੈ। ਜਿਸ ਦਾ ਸਿਰ, ਮੂੰਹ, ਬਾਹਵਾਂ ਮੋਰ ਦੀਆਂ ਹਨ, ਬਾਕੀ ਸਾਰਾ ਧੜ ਮਨੁੱਖ ਦਾ ਹੈ ਸਿਰ ਉਤੇ ਟੇਡੀਆਂ ... ਖੱਬੇ ਪਾਸੇ ਵੱਲ ਦੇ ਪਸ਼ੂ ਉਪਰ ਇਕ ਭਿਆਨਕ ਕੁੱਤਾ ਧਾਵਾ ਬੋਲ ਕੇ ਉਸ ਦੀ ਪੂਛਲ ਕਟਣ ਦੀ ਚੇਸ਼ਟਾ ਕਰ ਰਿਹਾ ਹੈ।*[3]

ਭਾਵੇਂ ਅਜਿਹੇ ਚਿੱਤਰਾਂ ਤੋਂ ਮਿੱਥ ਕਥਾ ਦਾ ਬ੍ਰਿਤਾਂਤਕ ਵਿਸਥਾਰ ਕਰਨਾ ਕੋਈ ਸੌਖੀ ਗਲ ਨਹੀਂ ਫਿਰ ਵੀ ਅਜਿਹੇ ਚਿੱਤਰ ਇਸ ਗਲ ਦਾ ਸਬੂਤ ਪੇਸ਼ ਕਰਦੇ ਹਨ ਕਿ ਸਿੰਧ ਘਾਟੀ ਦੀ ਸਭਿਅਤਾ ਸਮੇਂ ਮਿੱਥ ਕਥਾਵਾਂ ਮੌਜੂਦ ਸਨ। ਡਾ. ਵਣਜਾਰਾ ਬੇਦੀ ਇਸ ਬਾਰੇ ਲਿਖਦੇ ਹਨ:

*ਹੜੱਪਾ ਦੀ ਪ੍ਰਧਾਨ ਪ੍ਰਵਿਰਤੀ ਮਿਸ਼ਰਣ ਪਾਤਰਾਂ ਤੋਂ ਨਾਇਕਾਂ ਦੇ ਸਿਰਜਣ ਵੱਲ ਸੀ। ਇਸੇ ਲਈ ਜੇ ਸਿਰ ਸ਼ੇਰ ਦਾ ਹੈ ਤਾਂ ਧੜ ਮਨੁੱਖ ਦਾ,*

*ਜੇ ਮੂੰਹ ਉਲੂ ਦਾ ਹੈ ਤਾਂ ਵਿਭਿੰਨ ਅੰਗ ਕਿਸੇ ਹੋਰ ਜੀਵ ਦੇ, ਜੇ ਸਿਰ ਮੂੰਹ ਤੇ ਹੱਥ ਮੋਰ ਦੇ ਹਨ ਤਾਂ ਬਾਕੀ ਕਾਇਆ ਮਨੁੱਖ ਦੀ ........ ਇਨ੍ਹਾਂ ਚਿਤਰਾਂ ਤੋਂ ਪ੍ਰਗਟ ਹੁੰਦਾ ਹੈ ਕਿ ਹੜੱਪਾ ਯੁਗ ਦੀ ਕਥਾ ਸੁਭਾਅ ਵਿਚ ਮਿੱਥਕ ਸੀ।*[4]

ਇਸ ਤਰ੍ਹਾਂ ਅਸੀਂ ਆਖ ਸਕਦੇ ਹਾਂ ਕਿ ਭਾਰਤੀ/ਪੰਜਾਬੀ ਮਿੱਥ ਕਥਾਵਾਂ ਦੀਆਂ ਜੜ੍ਹਾਂ ਸਿੰਧ ਘਾਟੀ ਦੀ ਸਭਿਅਤਾ ਸਮੇਂ ਮੌਜੂਦ ਸਨ ਅਤੇ ਇਸ ਸਮੇਂ ਭਾਰਤੀ/ਪੰਜਾਬੀ ਮਿੱਥ ਕਥਾਵਾਂ ਬਚਪਨ ਵਾਲੀ ਅਵਸਥਾ ਤੋਂ ਜਵਾਨ ਅਵਸਥਾ ਵਿਚ ਪਹੁੰਚ ਚੁੱਕੀਆਂ ਨਜ਼ਰ ਆਉਂਦੀਆਂ ਹਨ। ਉਪਰੋਕਤ ਤੋਂ ਸਪੱਸ਼ਟ ਹੈ ਕਿ ਇਸ ਸਮੇਂ ਉਪਲਬਧ ਸਮੱਗਰੀ ਦੇ ਚਿੱਤਰ ਕਿਸੇ ਨਾ ਕਿਸੇ ਮਿੱਥਕ ਪਾਤਰ ਅਤੇ ਮਿੱਥ ਕਥਾ ਨੂੰ ਪੇਸ਼ ਕਰਦੇ ਨਜ਼ਰ ਆਉਂਦੇ ਹਨ। ਇਸ ਤੋਂ ਪੰਜਾਬੀ ਮਿੱਥ ਕਥਾ ਦਾ ਆਰੰਭ ਅਤੇ ਵਿਕਾਸ ਨਜ਼ਰ ਆਉਂਦਾ ਹੈ।

**(ੲ) ਆਰਿਆਈ ਪਰੰਪਰਾ:**

ਪੂਰਵ ਆਰਿਆਈ ਪਰੰਪਰਾ ਤੋਂ ਬਾਅਦ ਦੂਜੀ ਪਰੰਪਰਾ ਆਰਿਆਈ ਪਰੰਪਰਾ ਹੈ। ਆਰਿਆਈ ਪਰੰਪਰਾ ਨੇ ਪੂਰਵ-ਆਰਿਆਈ ਪਰੰਪਰਾ ਦੇ ਕੁਝ ਮਿੱਥਕ ਤੱਤਾਂ ਅਤੇ ਪਾਤਰਾਂ ਨੂੰ ਇੰਨ ਬਿੰਨ ਅਤੇ ਕੁਝ ਨੂੰ ਨਵੀਨਤਾ ਸਹਿਤ ਪ੍ਰਵਾਨ ਕਰ ਲਿਆ। ਉਦਾਹਰਣ ਦੇ ਤੌਰ ਤੇ ਜਿਵੇਂ 'ਨਰ ਸਿੰਘ' ਪਾਤਰ, ਜਿਸ ਦਾ ਧੜ ਸ਼ੇਰ ਦਾ ਅਤੇ ਮੁੱਖ ਮਾਨਵ ਦਾ ਹੈ। ਨਰ ਸਿੰਘ ਪਾਤਰ ਹੜੱਪਾ ਖੁਦਾਈ ਚੋਂ ਮਿਲੀਆਂ ਠੀਕਰਾਂ, ਮੋਹਰਾਂ ਉਤੇ ਮਿਲਦਾ ਹੈ। ਇਸ ਪਾਤਰ ਦਾ ਬਾਅਦ ਵਿਚ ਆਰਿਆਈ ਸੰਸਕ੍ਰਿਤੀ ਵਿਚ ਉਦਾਤੀਕਰਣ ਹੋ ਗਿਆ ਹੈ ਅਤੇ ਪੁਰਾਣਾਂ ਵਿਚ ਇਹ ਵਿਸ਼ਨੂੰ ਦੇ ਅਵਤਾਰ ਦੇ ਰੂਪ ਵਿਚ ਪ੍ਰਕਾਸ਼ਵਾਨ ਹੋਇਆ।[5] ਇਸੇ ਤਰ੍ਹਾਂ ਸ਼ਿਵ ਦੇਵਤਾ ਜੋ ਸਿੰਧ ਘਾਟੀ ਦੀ ਸਭਿਅਤਾ ਸਮੇਂ 'ਪਸ਼ੂਪਤੀ ਮਹਾਦੇਵ' ਦੇ ਤੌਰ ਤੇ ਜਾਣਿਆ ਜਾਂਦਾ ਸੀ, ਆਰਿਆਈ ਪਰੰਪਰਾ ਸਮੇਂ ਪ੍ਰਵਾਨ ਕਰ ਲਿਆ ਗਿਆ। ਸ਼ਾਇਦ ਇਸੇ ਆਧਾਰ ਤੇ ਡਾ. ਆਰ. ਸੀ. ਮਜੂਮਦਾਰ ਨੇ ਕਿਹਾ ਹੈ:

*ਆਧੁਨਿਕ ਹਿੰਦੂ ਧਰਮ ਕਿਸੇ ਹੋਂਦ ਤੱਕ ਸਿੰਧ ਘਾਟੀ ਦੀ ਸਭਿਅਤਾ ਦਾ ਰਿਣੀ ਹੈ ਕਿਉਂਕਿ ਆਰਿਆਈ ਪਰੰਪਰਾ ਦੇ ਭਗਤੀ ਮਤ ਅਤੇ ਪੁਨਰ ਜਨਮ ਵਰਗੇ ਦਾਰਸ਼ਨਿਕ ਸਿਧਾਂਤ ਦੇ ਗੁਣ ਮੋਹੰਜਦੜੋ ਵਿਚ ਵੀ ਪਾਏ ਜਾਂਦੇ ਸਨ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਆਧੁਨਿਕ ਧਰਮ ਅਤੇ ਸਿੰਧ ਘਾਟੀ ਸਭਿਅਤਾ ਵਿਚ ਬੁਨਿਆਦੀ ਸਬੰਧ ਸੀ।*

ਅਰਿਆਈ ਪਰੰਪਰਾ ਦੌਰਾਨ ਕਈ ਗ੍ਰੰਥ ਹੋਂਦ ਵਿਚ ਆਏ ਜਿਨ੍ਹਾਂ ਵਿਚ ਚਾਰ ਵੇਦ (ਰਿਗਵੇਦ, ਸਾਮਵੇਦ, ਯਜੁਰਵੇਦ, ਅਥਰਵੇਦ) ਬ੍ਰਾਹਮਣ, 'ਉਪਨਿਸ਼ਦ', ਪੁਰਾਣ ਖਾਸ ਮਹੱਤਤਾ ਵਾਲੇ ਹਨ। ਰਿਗਵੇਦ ਵੇਦਾਂ ਵਿਚੋਂ ਪ੍ਰਮੁੱਖ ਹੈ। ਰਿਗਵੇਦ ਆਰਿਆਈ ਪਰੰਪਰਾ ਦਾ ਸਭ ਤੋਂ ਪ੍ਰਾਚੀਨ ਗ੍ਰੰਥ ਹੈ।

ਰਿਗਵੇਦ ਦੀ ਰਚਨਾ ਪੰਜਾਬ ਦੇ ਖੇਤਰ ਵਿਚ ਹੋਈ ਜਦੋਂ ਆਰੀਅਨ ਲੋਕਾਂ ਨੇ ਇਥੇ ਆਪਣਾ ਨਿਵਾਸ ਕੀਤਾ। ਇਸ ਗ੍ਰੰਥ ਦੀ ਰਚਨਾ ਨਾਲ ਹੀ ਪੰਜਾਬੀ ਮਿੱਥ ਕਥਾ ਪਰੰਪਰਾ ਦਾ ਆਰੰਭ ਅਤੇ ਵਿਕਾਸ ਲਿਪੀਬਧ ਰੂਪ ਵਿਚ ਹੋਇਆ। ਇਸ ਗ੍ਰੰਥ ਵਿਚ ਕਈ ਮਿੱਥਕ ਕਥਾਵਾਂ ਸੰਕੇਤਕ ਰੂਪ ਵਿਚ ਮਿਲਦੀਆਂ ਹਨ ਜਿਨ੍ਹਾਂ ਵਿਚ ਨਚਕੇਤਾ ਅਤੇ 'ਸੋਭਰੀ ਦੀ ਕਥਾ' ਪ੍ਰਮੁੱਖ ਹੈ। ਇਸ ਦੀ ਗਵਾਹੀ ਡਾ. ਵਣਜਾਰਾ ਬੇਦੀ ਭਰਦੇ ਹਨ:

*ਰਿਗਵੇਦ ਨਾਲ ਸਬੰਧਿਤ ਕਥਾ-ਪਸਾਰ ਮੂਲ ਰੂਪ ਵਿਚ ਪੰਜਾਬੀ ਦੀ ਹੀ ਆਰਿਆਈ ਪਰੰਪਰਾ ਹੈ। ਰਿਗਵੇਦ ਦੀਆਂ ਮੁੱਢਲੀਆਂ ਰਿਚਾਂ ਸਿੰਧ-ਸਾਗਰ ਦੁਆਬ ਵਿਚ ਜਿਹਲਮ ਅਤੇ ਸੂਆਂ ਦੇ ਕੰਢਿਆਂ ਉਪਰ ਰਚੀਆਂ ਗਈਆਂ ਅਤੇ ਬਾਅਦ ਦਾ ਭਾਗ ਸਰਸਵਤੀ ਨਦੀ ਦੇ ਕੰਢੇ। ਰਿਗਵੇਦ ਦੁਆਰਾ ਪੰਜਾਬੀ ਕਹਾਣੀ ਦੇ ਆਦਿ-ਰੂਪ ਲਿਖਤੀ ਜਾਮੇ ਵਿਚ ਸਾਡੇ ਤੱਕ ਪੁੱਜੇ ਹਨ। ਵੈਦਿਕ ਸਾਹਿਤ ਵਿਚ ਪੰਜਾਬੀ ਕਥਾ ਲਿਪੀਬਧ ਰੂਪ ਵਿਚ ਉਦੈ*

*ਹੁੰਦੀ ਹੈ ਅਤੇ ਕਈ ਅਜਿਹੇ ਸੂਤਰ ਮਿਲਦੇ ਹਨ ਜਿਨ੍ਹਾਂ ਵਿਚ ਦੋ ਜਾਂ ਤਿੰਨ ਪਾਤਰਾਂ ਦੀ ਪਰਸਪਰ ਵਾਰਤਾਲਾਪ ਵਿਚ ਕਥਾ ਸੰਕੇਤ ਮਾਤਰ ਲੁਪਤ ਹੈ। ਰਿਗਵੇਦ ਦੇ ਇਕ ਸੂਕਤ ਵਿਚ 'ਸੌਭਰੀ ਦੀ ਕਥਾ' ਸੰਕੇਤ ਰੂਪ ਵਿਚ ਹੈ।*[7]

ਰਿਗਵੇਦ ਤੋਂ ਇਲਾਵਾ ਬਾਕੀ ਵੇਦਾਂ ਵਿਚ ਵੀ ਕਿਤੇ ਕਿਤੇ ਮਿਥਿਹਾਸਕ ਕਥਾਵਾਂ ਦੇ ਸੰਕੇਤ ਮਿਲਦੇ ਹਨ ਪਰ ਰਿਗਵੇਦ ਵਿਚ ਜ਼ਿਆਦਾ ਮਿੱਥਕ ਹਵਾਲੇ ਤੇ ਸੰਕੇਤ ਹਨ। ਇਸ ਤੋਂ ਬਾਅਦ ਉਪਨਿਸ਼ਦ ਸਾਹਿਤ ਆਉਂਦਾ ਹੈ।

**ਉਪਨਿਸ਼ਦ ਅਤੇ ਬ੍ਰਾਹਮਣ:**

ਉਪਨਿਸ਼ਦ ਵੇਦਾਂ ਦੇ ਉਤਰ-ਅਧਿਕਾਰੀ ਹਨ। ਇਨ੍ਹਾਂ ਵਿਚ ਭਾਰਤੀ ਦਰਸ਼ਨ ਦਾ ਵਰਨਣ ਹੈ। ਇਸ ਦੇ ਦਰਸ਼ਨ ਨੂੰ ਵੇਦਾਂਤ ਵੀ ਕਿਹਾ ਜਾਂਦਾ ਹੈ ਭਾਵ 'ਵੇਦਾਂ ਦਾ ਅੰਤ'। ਉਪਨਿਸ਼ਦ ਵਿਚ ਸ੍ਰਿਸ਼ਟੀ, ਬ੍ਰਹਮ, ਜੀਵ, ਆਤਮਾ, ਕਰਮ ਆਦਿ ਬਾਰੇ ਉਲੇਖ ਹੈ। ਇਸ ਤੋਂ ਇਲਾਵਾ ਇਨ੍ਹਾਂ ਵਿਚ ਮਿੱਥਕ ਕਥਾਵਾਂ ਦਾ ਵਰਨਣ ਵੀ ਮਿਲਦਾ ਹੈ। ਇਨ੍ਹਾਂ ਮਿੱਥ ਕਥਾਵਾਂ ਵਿਚੋਂ 'ਨਚਕੇਤਾ' ਦੀ ਕਥਾ ਸਭ ਤੋਂ ਵੱਧ ਪ੍ਰਸਿੱਧ ਹੈ।

ਬ੍ਰਾਹਮਣ ਵਿਚ ਮਿੱਥ ਕਥਾਵਾਂ ਦਾ ਵਰਨਣ ਵੀ ਮਿਲਦਾ ਹੈ। ਸਤਪਥ ਬ੍ਰਾਹਮਣ ਵਿਚ 'ਪੁਰੂਰਵ ਤੇ ਉਰਵਸ਼ੀ' ਦੀ ਕਥਾ ਮਿਲਦੀ ਹੈ। ਇਸ ਤੋਂ ਇਲਾਵਾ ਏਤਰਯ ਬ੍ਰਾਹਮਣ ਵਿਚ 'ਸੁਨਹਸ਼ੇਪ ਦੀ ਕਥਾ' ਦਾ ਵਰਨਣ ਵੀ ਹੈ।

**ਪੁਰਾਣ :** ਪੁਰਾਣ ਸ਼ਬਦ ਤੋਂ ਭਾਵ ਹੈ 'ਪੁਰਾਤਨ'। ਨਿਰੁਕਤਕਾਰ ਨਾਸ਼ਕ ਅਚਾਰੀਆ ਨੇ 'ਪੁਰਾ' ਨੂੰ ਪਹਿਲਾਂ ਰੱਖ ਕੇ 'ਨੂ' ਧਾਤੂ ਨਾਲ ਪੁਰਾਣ ਸ਼ਬਦ ਸਿੱਧ ਕੀਤਾ ਹੈ। ਇਸ ਦੀ ਵਿਉਂਤਪਤ ਹੈ ਪੁਰਾਣਮ (पुराण) ਪੁਰਾ ਨਮ ਭਵਤੀ; ਭਾਵ ਜੋ ਅਤਿਅੰਤ ਪ੍ਰਾਚੀਨ ਕਾਲ ਵਿਚ ਨਵਾਂ ਸੀ। ਇਸ ਦਾ ਭਾਵ ਇਹ ਹੋਇਆ ਕਿ "ਅਤਿਅੰਤ ਪੁਰਾਣੇ ਸਮੇਂ ਵਿਚ ਜੋ ਕਿਹਾ ਹੈ। ਕੋਸ਼ਕਾਰਾਂ ਅਨੁਸਾਰ ਜੋ ਅਤਿਅੰਤ ਪੁਰਾਣੀ ਵਸਤੂ ਹੋਵੇ ਉਸ ਨੂੰ ਪੁਰਾਣ ਕਹਿੰਦੇ ਹਨ।"[8]

ਪੁਰਾਣ ਦੀ ਗਿਣਤੀ ਅਨੁਸਾਰ ਭਾਰਤੀ ਪਰੰਪਰਾ ਵਿਚ 18 ਮਹਾਂਪੁਰਾਣ ਅਤੇ 18 ਉਪ-ਪੁਰਾਣਾਂ ਦੀ ਪਰਿਕਲਪਨਾ ਕੀਤੀ ਗਈ ਹੈ। ਇਥੇ 18 ਮਹਾਂਪੁਰਾਣ ਦਾ ਵਰਨਣ ਦਿੱਤਾ ਜਾ ਰਿਹਾ ਹੈ –

(1) ਬ੍ਰਹਮ ਪੁਰਾਣ (2) ਪਦਮ ਪੁਰਾਣ (3) ਵਿਸ਼ਨੂੰ ਪੁਰਾਣ (4) ਸ਼ਿਵ ਪੁਰਾਣਕ (5) ਭਾਗਵਤ ਪੁਰਾਣ (6) ਨਾਰਦ ਪੁਰਾਣ (7) ਮਾਰਕੰਤਬ ਪੁਰਾਣ (8) ਅਗਨੀ ਪੁਰਾਣ (9) ਭਵਿਸ਼ਯ ਪੁਰਾਣ (10) ਬ੍ਰਹਮ ਵੈਂਤਰਤ ਪੁਰਾਣ (11) ਲਿੰਗ ਪੁਰਾਣ, (12) ਵਰਾਹ ਪੁਰਾਣ, (13) ਸਕੰਦ ਪੁਰਾਣ, (14) ਵਾਮਨ ਪੁਰਾਣ (15) ਕੂਰਮ ਪੁਰਾਣ (16) ਮਤਸਯ ਪੁਰਾਣ (17) ਗਰੜ੍ਹ ਪੁਰਾਣ (18) ਬ੍ਰਹਮੰਡ ਪੁਰਾਣ।[9]

ਪੁਰਾਣਾਂ ਦੇ ਰਚਨਾ ਕਾਲ ਬਾਰੇ ਵਿਦਵਾਨਾਂ ਵਿਚ ਮਤਭੇਦ ਹਨ। ਭਾਰਤੀ ਵਿਦਵਾਨ ਪੁਰਾਣਾਂ ਦੇ ਰਚਨਾ ਕਾਲ ਨੂੰ ਵੇਦਾਂ ਨਾਲ ਜੋੜ ਕੇ ਦੇਖਦੇ ਹਨ। ਨਰਾਇਣ ਪ੍ਰਸਾਦਿ ਬਲੂਨੀ ਅਨੁਸਾਰ 'ਪੁਰਾਣਾਂ ਦਾ ਸਮਾਂ 600 ਈਸਵੀ ਪੂਰਵ ਤੋਂ ਲੈ ਕੇ 700 ਈ. ਪੂਰਵ ਤੱਕ ਦਾ ਹੈ।[10] ਪੱਛਮੀ ਵਿਦਵਾਨਾਂ ਵਿਚੋਂ ਐਚ. ਐਸ. ਵਿਲਕਿਨਜ਼ (W.J. Wilkins) ਅਨੁਸਾਰ, "ਪੁਰਾਣ ਕਥਾਵਾਂ ਦੇ ਸਮੇ. ਨੂੰ ਸਹੀ ਤੌਰ ਤੇ ਦੱਸਿਆ ਨਹੀਂ ਜਾ ਸਕਦਾ ਪਰੰਤੂ ਇਹ ਵੇਦਾਂ ਤੋਂ ਬਾਅਦ ਦੀਆਂ ਰਚਨਾਵਾਂ ਹਨ। ਇਹ ਪੁਰਾਣ ਕਥਾਵਾਂ 8ਵੀਂ ਸਦੀ ਏ. ਡੀ. ਤੋਂ ਪੁਰਾਣੀਆਂ ਹਨ ਅਤੇ ਕੁਝ ਕਥਾਵਾਂ ਬਾਅਦ ਦੀਆਂ ਹਨ।"[11]

ਪੁਰਾਣਾਂ ਦਾ ਲੋਕਧਾਰਾਈ ਅਧਿਐਨ ਤੋਂ ਖਾਸ ਮਹੱਤਵ ਹੈ। ਇਹ ਕੇਵਲ ਦਾਰਸ਼ਨਿਕ ਵਿਚਾਰਾਂ ਦੀ ਪੇਸ਼ਕਾਰੀ ਹੀ ਨਹੀਂ ਕਰਦੇ ਸਗੋਂ ਸਮਾਜਿਕ, ਧਾਰਮਕ ਅਤੇ ਸਭਿਆਚਾਰਕ ਵਿਚਾਰਾਂ ਦੀ ਪੇਸ਼ਕਾਰੀ ਵੀ ਕਰਦੇ ਹਨ। ਪੁਰਾਣਾਂ ਵਿਚ ਪੇਸ਼ ਮਿੱਥ ਕਥਾਵਾਂ ਧਰਮ ਨਾਲ ਜੁੜੀਆਂ ਹੋਣ ਕਰਕੇ ਵਿਸ਼ੇਸ਼ ਮਹੱਤਵ ਰੱਖਦੀਆਂ ਹਨ। ਇਸੇ ਕਰਕੇ ਇਨ੍ਹਾਂ ਮਿੱਥ ਕਥਾਵਾਂ ਦੀ ਸਦੀਵਤਾ ਮਜਬੂਤ ਹੋਈ ਹੈ ਅਤੇ ਇਹ ਆਧੁਨਿਕ ਕਾਲ ਤੱਕ ਜਿੰਦਾਂ ਹਨ। ਪੰਜਾਬੀ ਮਿੱਥ ਕਥਾ ਪਰੰਪਰਾ

ਵਿਚ ਇਨ੍ਹਾਂ ਪੁਰਾਣਾਂ ਦੀ ਸਭਿਆਚਾਰਕ ਅਤੇ ਧਾਰਮਕ ਪੱਖੋਂ ਵਿਸ਼ੇਸ਼ ਮਹੱਤਤਾ ਹੈ। ਇਸ ਬਾਰੇ ਡਾ. ਵਣਜਾਰਾ ਬੇਦੀ ਲਿਖਦੇ ਹਨ:

> *ਪੁਰਾਣ ਪੰਜਾਬੀ ਕਲਪਨਾ ਤੇ ਭਾਵਨਾ ਵਿਚ ਇਤਨੇ ਬਲਵਾਨ ਰੂਪ ਵਿਚ ਸਮਾਏ ਹੋਏ ਸਨ ਕਿ ਮੱਧ ਕਾਲ ਵਿਚ ਮਹਾਂਪੁਰਸ਼ਾਂ ਦੇ ਜੀਵਨ ਪੁਰਾਣ ਪੁਰਸ਼ਾਂ ਦੇ ਅਨੁਕਰਣ ਵਿਚ ਹੀ ਢਾਲੇ ਗਏ। ਕੋਈ ਵੀ ਇਤਿਹਾਸਕ ਤਥ ਜਾਂ ਯਥਾਰਥ ਪੌਰਾਣਿਕ ਰੂੜ੍ਹੀਆਂ ਦੀ ਛੋਹ ਤੋਂ ਮੁਕਤ ਨਹੀਂ ਰਹਿ ਸਕਿਆ। ਹਰ ਤਥ ਜਾਂ ਵਿਅਕਤੀ ਦੁਆਲੇ ਪੌਰਾਣਿਕ ਰੂੜ੍ਹੀਆਂ ਦੁਆਰਾ ਅਜਿਹਾ ਸੰਘਣਾ ਜਾਲਾ ਬੁਣ ਦਿੱਤਾ ਗਿਆ ਕਿ ਮੂਲ ਨੁਹਾਰ ਪਛਾਣਨੀ ਅਸੰਭਵ ਹੋ ਗਈ। ਗੁਰੂ, ਪੀਰ, ਸਾਧ, ਸੰਤ ਆਦਿ ਨੂੰ ਅਦਭੁਤ ਤੇ ਅਲੌਕਿਕ ਰੂਪ ਵਿਚ ਪੇਸ਼ ਕਰਨ ਦੀ ਪ੍ਰਵਿਰਤੀ ਪੁਰਾਣ ਚੇਤਨਾ ਦਾ ਹੀ ਫਲ ਹੈ।*[12]

ਉਪਰੋਕਤ ਵਿਚਾਰਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਹਰ ਪੈਰੋਕਾਰ ਨੇ ਆਪਣੇ ਅਵਤਾਰਾਂ/ਦੇਵੀ ਦੇਵਤਿਆਂ ਦੀ ਉਸਤਿਤ ਵਿਚ ਮਿੱਥ ਕਥਾਵਾਂ ਰਚ ਕੇ ਉਨ੍ਹਾਂ ਨੂੰ ਸਰਵਉੱਚ ਦਰਸਾਉਣ ਦੀ ਕੋਸ਼ਿਸ਼ ਕੀਤੀ, ਜਿਸ ਦੇ ਸਿੱਟੇ ਵਜੋਂ ਹਿੰਦੂ ਧਰਮ ਦੇ ਵੱਖ-ਵੱਖ ਸੱਤਾਂ ਨਾਲ ਸਬੰਧਿਤ 'ਭਾਗਵਤ ਪੁਰਾਣ', 'ਬ੍ਰਹਮ ਪੁਰਾਣ', 'ਵਿਸ਼ਨੂੰ ਪੁਰਾਣਾਂ', 'ਸ਼ਿਵ ਪੁਰਾਣਾਂ', 'ਵਾਯੂ-ਪੁਰਾਣ', 'ਗਰੜ ਪੁਰਾਣ' ਆਦਿ ਹੋਂਦ ਵਿਚ ਆਏ। ਇਨ੍ਹਾਂ ਦਾ ਮੱਧਕਾਲ ਵਿਚ ਬਾਰ-ਬਾਰ ਅਨੁਵਾਦ ਕਰਵਾਇਆ ਗਿਆ, ਜੋ ਅਜੇ ਵੀ ਖਰੜਿਆਂ ਦੇ ਰੂਪ ਵਿਚ ਉਪਲੱਭਦ ਹੈ। ਇਨ੍ਹਾਂ ਵਿਚ ਰਾਜੇ 'ਹਰੀਸ ਚੰਦਰ', 'ਗੌਤਮ ਅਹੱਲਿਆ', 'ਵਿਸ਼ਵਾਮਿਤਰ', 'ਧਰੂ ਭਗਤ', 'ਸੁਕਦੇਵ' ਜਨਕ ਨਾਰਦ, ਪ੍ਰਹਿਲਾਦ, ਜਨਮੇਜਾ, ਵਿਸ਼ਨੂੰ, ਬ੍ਰਹਮਾ, ਸ਼ਿਵ, ਰਾਮ ਚੰਦਰ, ਕ੍ਰਿਸ਼ਨ ਆਦਿ ਦੀਆਂ ਮਿੱਥ ਕਥਾਵਾਂ ਦਰਜ ਹਨ।

ਇਸੇ ਤਰ੍ਹਾਂ ਸੰਸਕ੍ਰਿਤ ਦੇ ਕੁਝ ਹੋਰ ਵੀ ਗ੍ਰੰਥ ਸਨ, ਜਿਨ੍ਹਾਂ ਵਿਚੋਂ ਵਡਕਹਾ ਸਭ ਤੋਂ ਮਹਾਨ ਤੇ ਵੱਡਾ ਗ੍ਰੰਥ ਸੀ ਜਿਸ ਵਿਚ ਹਜ਼ਾਰਾਂ ਦੇ ਕਰੀਬ ਮਿੱਥ ਕਥਾਵਾਂ ਸਨ। ਕੁਝ ਕਾਰਣਾਂ ਕਰਕੇ ਇਸ ਦਾ ਕੁਝ ਹਿੱਸਾ ਨਸ਼ਟ ਹੋ ਗਿਆ। ਪਰ ਇਸ ਦਾ ਕੁਝ ਹਿੱਸਾ 'ਬ੍ਰਿਹਤ ਕਥਾ', 'ਬ੍ਰਿਹਤ ਕਥਾ ਮੰਜਰੀ', 'ਕਥਾ ਸਾਹਿਤ ਸਾਗਰ' ਦੇ ਰੂਪ ਵਿਚ ਮੌਜੂਦ ਹੈ। ਇਨ੍ਹਾਂ ਗ੍ਰੰਥਾਂ ਤੋਂ ਇਲਾਵਾ 'ਪੰਚਤੰਤਰ' 'ਹਿਤ ਉਪਦੇਸ਼', 'ਬੇਤਾਲ ਪਾਚੀਸੀ' 'ਸੂਕਾ ਸਪਤੀ', ਕਥਾ ਸਹਿਤ ਸਾਗਰ, ਸਿੰਘਾਸਨ ਬਤੀਸੀ, ਸੂਕਾ ਸਪਤੀ ਆਦਿ ਵਰਨਣਯੋਗ ਹਨ।[13]

ਉਪਰੋਕਤ ਮਿੱਥ ਕਥਾਵਾਂ ਲੋਕ ਮਨ ਵਿਚ ਏਨੀਆਂ ਵਸ ਚੁੱਕੀਆਂ ਸਨ ਕਿ ਮੱਧਕਾਲੀਨ ਸਾਹਿਤ ਵਿਚ ਇਨ੍ਹਾਂ ਨੂੰ ਨੈਤਿਕ ਅਤੇ ਸਦਾਚਾਰਕ ਸੰਦੇਸ਼ ਦੇਣ ਲਈ ਬਤੌਰ ਹਵਾਲਿਆਂ, ਸੰਕੇਤਾਂ, ਦ੍ਰਿਸ਼ਟਾਂਤਾਂ, ਪ੍ਰਤੀਕਾਂ ਦੇ ਰੂਪ ਵਿਚ ਵਰਤਿਆ ਗਿਆ।

### ਬੋਧੀ/ਜੈਨੀ ਮਿੱਥਕ ਪਰੰਪਰਾ:

ਬੋਧੀ/ਜੈਨੀ ਮਿੱਥਕ ਪਰੰਪਰਾ ਦਾ ਵੀ ਪੰਜਾਬੀ ਮਿੱਥ ਕਥਾ ਪਰੰਪਰਾ ਤੇ ਵੇਖਣ ਨੂੰ ਮਿਲਦਾ ਹੈ। ਬੁੱਧ 'ਜਾਤਕ ਕਥਾਵਾਂ' ਬੁੱਧ ਦੇ ਪੂਰਬਲੇ ਜਨਮਾਂ ਨਾਲ ਸਬੰਧਿਤ ਹਨ। ਇਹ 547 ਕਥਾਵਾਂ ਦਾ ਸੰਗ੍ਰਹਿ ਹੈ। ਇਸੇ ਤਰ੍ਹਾਂ 'ਬੋਧੀ ਅਵਦਾਨ ਸ਼ਤਕ', 'ਦਿਵਯਾਵਦਾਨ' ਅਤੇ 'ਅਵਦਾਨ ਕਲਪਤਾ' ਵਿਚ ਵੀ ਬੋਧੀ ਕਥਾਵਾਂ ਦਰਜ ਹਨ। ਇਸੇ ਤਰ੍ਹਾਂ ਜੈਨ ਧਰਮ ਨਾਲ ਸਬੰਧਿਤ 'ਜੈਨ ਕਥਾ ਕੋਸ਼', 'ਜੈਨ ਬ੍ਰਤ ਕਥਾ', 'ਦਾਨ ਕਥਾਏਂ ਪ੍ਰਣਯਾਸ਼ਰਵ ਕਥਾ ਕੋਸ਼', 'ਰਤਨਤ੍ਰਯ ਕਥਾ ਮੰਜਰੀ', 'ਜੈਨ ਪਰਵ ਕਥਾਏਂ, 'ਭਵਤਾਮਰ ਸਤੱਤਰ ਕਥਾਏਂ" ਆਦਿ ਅਨੇਕ ਗ੍ਰੰਥ ਹਨ, ਜਿਨ੍ਹਾਂ ਵਿਚ ਜੈਨ ਤੀਰਥੰਕਰਾਂ ਦੇ ਚਰਿੱਤਰ, ਪੂਰਬਲੇ ਜਨਮਾਂ ਦੇ ਕਰਮਾਂ ਅਤੇ ਉਨ੍ਹਾਂ ਦੇ ਫਲ ਨਾਲ ਸਬੰਧਿਤ ਮਿੱਥ ਕਥਾਵਾਂ ਹਨ।[14] ਇਨ੍ਹਾਂ ਮਿੱਥ ਕਥਾਵਾਂ ਦਾ ਨੈਤਿਕ ਤੇ ਸਦਾਚਾਰਕ ਪ੍ਰਭਾਵ ਪੰਜਾਬੀ ਮਿੱਥ ਕਥਾਵਾਂ ਉੱਪਰ ਦੇਖਿਆ ਜਾ ਸਕਦਾ ਹੈ। ਡਾ. ਵਣਜਾਰਾ ਬੇਦੀ ਇਸ ਪ੍ਰਭਾਵ ਬਾਰੇ ਲਿਖਦੇ ਹਨ:

*ਬੋਧ ਜਾਤਕ ਕਥਾਵਾਂ ਵਿਚ ਮਹਾਤਮਾ ਬੁੱਧ ਦੇ ਪੂਰਬਲੇ ਜਨਮਾਂ ਦੇ ਪ੍ਰਸੰਗ ਦਰਜ ਹਨ। ....... । ਪੰਜਾਬੀ ਦੇ ਸਾਖੀ ਸਾਹਿਤ ਅਤੇ ਕਥਾ ਪ੍ਰਵਾਹ ਵਿਚ ਅਨੇਕਾਂ ਇਤਿਹਾਸਕ ਪਾਤਰਾਂ ਦੇ ਪੂਰਬਲੇ ਜਨਮਾਂ ਦਾ ਵੇਰਵੇ ਭਰਿਆ ਵਰਨਣ ਇਸੇ ਬਲਵਾਨ ਪਰੰਪਰਾ ਦਾ ਫਲ ਜਾਪਦਾ ਹੈ।[15] ਇਸੇ ਤਰ੍ਹਾਂ ਪ੍ਰਸਿੱਧ ਕਥਾ ਪੂਰਨ-ਲੂਣਾ ਮੂਲ ਰੂਪ ਵਿਚ ਬੋਧੀ ਅਵਦਾਨ ਪਰੰਪਰਾ ਦੀ ਹੀ ਇਕ ਰੂੜ ਕਥਾ ਹੈ।[16]*

ਇਸ ਤਰ੍ਹਾਂ ਬੋਧੀ ਅਤੇ ਜੈਨੀ ਕਥਾਵਾਂ ਦਾ ਪ੍ਰਭਾਵ ਪੰਜਾਬੀ ਮਿੱਥ ਕਥਾ ਪਰੰਪਰਾ ਉਪਰ ਪੈਂਦਾ ਸਪੱਸ਼ਟ ਦਿਖਾਈ ਦਿਖਾਈ ਦਿੰਦਾ ਹੈ।

**(ਸ) ਯੂਨਾਨੀ ਪਰੰਪਰਾ :**

ਪੰਜਾਬੀ ਮਿੱਥ ਕਥਾਵਾਂ ਉਪਰ ਯੂਨਾਨੀ ਪ੍ਰਭਾਵ ਵੀ ਵੇਖਣ ਨੂੰ ਮਿਲਦਾ ਹੈ । ਆਰੀਅਨ ਤੋਂ ਬਾਅਦ ਪੰਜਾਬ ਵਿਚ ਅਨੇਕ ਜਾਤੀਆਂ ਆਈਆਂ ਜਿਨ੍ਹਾਂ ਵਿਚ ਯੂਨਾਨੀ, ਸ਼ਕ, ਹੂਨ ਆਦਿ ਸਨ। ਇਨ੍ਹਾਂ ਵਿਚੋਂ ਸਭ ਤੋਂ ਵੱਧ ਯੂਨਾਨੀਆਂ ਨੇ ਪ੍ਰਭਾਵਿਤ ਕੀਤਾ। ਪੰਜਾਬ ਸਭ ਤੋਂ ਵੱਧ ਯੂਨਾਨੀਆਂ ਦੇ ਪ੍ਰਭਾਵ ਹੇਠ ਆਇਆ ਕਿਉਂਕਿ ਪੰਜਾਬ ਦਾ ਵਧੇਰੇ ਇਲਾਕਾ ਯੂਨਾਨੀਆਂ ਦੇ ਕਬਜੇ ਹੇਠ ਰਿਹਾ। ਯੂਨਾਨੀ ਨੇ ਇਥੇ ਕਈ ਤਰ੍ਹਾਂ ਦੇ ਸਾਹਿਤ ਦੀ ਰਚਨਾ ਕੀਤੀ ਅਤੇ ਇਥੇ ਕਈ ਯੂਨਾਨੀ ਨਾਟਕੀ ਮਿੱਥਾਂ ਨਾਟਕੀ ਰੂਪ ਵਿਚ ਪੰਜਾਬ ਦੀ ਧਰਤੀ ਉਤੇ ਖੇਡੀਆਂ ਗਈਆਂ। ਇਸ ਬਾਰੇ ਡਾ. ਵਣਜਾਰਾ ਬੇਦੀ ਲਿਖਦੇ ਹਨ:

*ਯੂਕਰੇਟਾਈਡਸ ਨੇ ਆਪਣੇ ਵੈਰੀ ਕਡ੍ਰੀਮਿਟਰੀਅਸ ਨੂੰ ਹਰਾ ਕੇ ਜਦੋਂ ਸਿੰਧ ਤੇ ਪੰਜਾਬ ਨੂੰ ਆਪਣੇ ਰਾਜ ਨਾਲ ਮਿਲਾ ਤਾਂ ਇਸ ਖੁਸ਼ੀ ਵਿਚ ਥਾਂ ਪਰ ਥਾਂ ਰੌਣਕ ਮੇਲੇ ਅਤੇ ਖੇਡ ਤਮਾਸ਼ੇ ਕਰਨ ਦਾ ਹੁਕਮ ਦਿੱਤਾ। ਇਹਨਾਂ ਖੇਡਾਂ ਵਿਚ ਕੁਝ ਨਕਲੀਆਂ ਨੇ ਇਕ*

*ਨਕਲ ਅਜਿਹੀ ਲਾਹੀ ਜਿਸ ਦਾ ਸਬੰਧ ਯੂਨਾਨੀ ਮਿਥਿਹਾਸ ਨਾਲ ਸੀ।*[17]

ਇਸ ਪ੍ਰਭਾਵ ਸਦਕਾ 'ਈਸਪ ਦੀਆਂ ਨੀਤੀ ਕਥਾਵਾਂ' ਆਦਿ ਪੰਜਾਬੀ ਮਿੱਥ ਕਥਾਵਾਂ ਦਾ ਅੰਗ ਬਣ ਗਈਆਂ। ਯੂਨਾਨੀ ਮਿੱਥ ਕਥਾਵਾਂ ਦਾ ਅਨੁਵਾਦ ਭਾਰਤੀ/ਪੰਜਾਬੀ ਭਾਸ਼ਾਵਾਂ ਵਿਚ ਹੋਣ ਲੱਗਾ ਅਤੇ ਬਹੁਤ ਸਾਰੀਆਂ ਯੂਨਾਨੀ ਮਿੱਥ ਕਥਾਵਾਂ ਲੋਕਾਂ ਦੇ ਮੂੰਹ ਚੜ੍ਹ ਗਈਆਂ ਅਤੇ ਪੰਜਾਬੀ ਸਾਹਿਤ ਵਿਚ ਸ਼ਾਮਲ ਹੋ ਗਈਆਂ।

**(ਹ) ਇਸਲਾਮੀ ਪਰੰਪਰਾ:**

ਮੁਸਲਮਾਨਾਂ ਦੇ ਭਾਰਤ ਵਿਚ ਆਉਣ ਨਾਲ ਇਸਲਾਮੀ ਪ੍ਰਭਾਵ ਵੀ ਵੇਖਣ ਨੂੰ ਮਿਲਦਾ ਹੈ। ਇਸ ਸਮੇਂ ਭਾਰਤ ਦੇ ਕਈ ਹਿੰਦੂ ਜਬਰਦਸਤੀ ਮੁਸਲਮਾਨ ਬਣਾਏ ਗਏ ਅਤੇ ਕਈਆਂ ਨੇ ਸੂਫ਼ੀ ਵਿਚਾਰਧਾਰਾ ਅਧੀਨ ਇਸਲਾਮ ਨੂੰ ਕਬੂਲਿਆ। ਫਲਸਰੂਪ ਇਕ ਮਿਸ਼ਰਤ ਸਭਿਆਚਾਰ ਹੋਂਦ ਵਿਚ ਆਇਆ। ਇਸ ਸਦਕਾ ਹੀ ਪੰਜਾਬੀ ਮਿੱਥ ਕਥਾਵਾਂ ਦੀ ਨੁਹਾਰ ਬਦਲ ਗਈ। ਇਸਲਾਮੀ ਪੁਰਾਣ ਸ਼ਾਸਤਰਾਂ, 'ਸਾਹਨਾਮਾ', 'ਅਲਫ ਲੈਲਾ', 'ਅਨੁਵਾਰ ਸਹੇਲੀ', 'ਤੂਤੀ ਨਾਮਾ', 'ਹਾਤਮ ਨਾਮਾ' ਆਦਿ ਇਸਲਾਮੀ ਪੁਸਤਕਾਂ ਦੀਆਂ ਮਿੱਥ ਕਥਾਵਾਂ ਪੰਜਾਬੀ ਕਥਾ ਪਰੰਪਰਾ ਦਾ ਅੰਗ ਬਣ ਗਈਆਂ ਅਤੇ ਇਸਲਾਮੀ ਪਾਤਰ ਪੰਜਾਬੀ ਮਿੱਥ ਕਥਾਵਾਂ ਦਾ ਹਿੱਸਾ ਬਣ ਗਏ। ਡਾ. ਵਣਜਾਰਾ ਬੇਦੀ ਸਾਮੀ ਮਿੱਥ ਕਥਾਵਾਂ ਦਾ ਪ੍ਰਭਾਵ ਦੱਸਦੇ ਹੋਏ ਲਿਖਦੇ ਹਨ:

*ਪੰਜਾਬ ਦੀ ਕਥਾ-ਪਰੰਪਰਾ ਮਿਸੀ ਹੋ ਗਈ ਅਤੇ ਅਨੇਕਾਂ ਫ਼ਰਿਸ਼ਤਿਆਂ, ਪੈਗ਼ੰਬਰਾਂ, ਨਬੀਆਂ ਤੋਂ ਇਲਾਵਾ 'ਆਦਮ', 'ਹਵਾ', 'ਸੁਲੇਮਾਨ', 'ਮੂਸਾ', 'ਕਾਰੂੰ' ਆਦਿ ਇਸਲਾਮੀ ਪੁਰਾਨ ਪੁਰਸ਼ ਪੰਜਾਬੀ ਮਿੱਥ ਕਥਾਵਾਂ ਵਿਚ ਵਿਚਰਣ ਲੱਗੇ।"*[18]

ਇਸ ਤਰ੍ਹਾਂ ਇਸਲਾਮੀ ਪ੍ਰਭਾਵ ਸਦਕਾ 'ਲੈਲਾ ਮਜਨੂੰ' 'ਸੈਫ਼ੁਲ ਮਲੂਕ', 'ਸੀਰੀਂ ਫਰਿਹਾਦ', 'ਯੂਸਫ ਜ਼ੁਲੈਖਾ', 'ਬਦਰੇ ਮੁਨੀਰ', 'ਸਾਹ ਬਹਿਰਾਮ', 'ਮਲਕਜ਼ਾਦਾ ਸਾਹਪੁਰੀ' ਆਦਿ ਮਿੱਥ

ਕਥਾਵਾਂ ਪੰਜਾਬੀ ਕਥਾ ਪਰੰਪਰਾ ਵਿਚ ਰਚ ਗਈਆਂ ਅਤੇ ਨਵੀਆਂ ਮਿੱਥ ਕਥਾਵਾਂ ਦੀ ਸਿਰਜਣਾ ਹੋਈ। 'ਹੀਰ ਰਾਂਝਾ', 'ਸੋਹਣੀ ਮਹੀਂਵਾਲ', 'ਮਿਰਜ਼ਾ ਸਾਹਿਬਾਂ', 'ਸੱਸੀ ਪੁੰਨੂੰ' ਵਰਗੀਆਂ ਮਿੱਥ ਕਥਾਵਾਂ ਇਸੇ ਸਮੇਂ ਦੀ ਪੈਦਾਵਾਰ ਹਨ, ਜੋ ਆਪਣੀ ਮੂਲ ਇਸਲਾਮੀ ਪਛਾਣ ਗਵਾ ਕੇ ਨਵੇਂ ਰੂਪ ਵਿਚ ਉਦੈ ਹੋਈਆਂ ਹਨ।

ਸਮੁੱਚੀ ਵਿਚਾਰ ਚਰਚਾ ਉਪਰੰਤ ਇਹ ਸਪੱਸ਼ਟ ਹੀ ਹੈ ਕਿ ਉਪਰੋਕਤ ਸਾਰੀਆਂ ਪਰੰਪਰਾਵਾਂ ਦਾ ਪ੍ਰਭਾਵ ਸਾਹਿਤ ਅਤੇ ਸਭਿਆਚਾਰ ਉਤੇ ਪਿਆ। ਇਸ ਪ੍ਰਭਾਵ ਨੂੰ ਮੱਧਕਾਲੀਨ ਕਾਲ ਦੇ ਸੰਤਾਂ, ਕਵੀਆਂ ਸਾਹਿਤਕਾਰਾਂ ਨੇ ਕਬੂਲਿਆ। ਡਾ. ਨਾਹਰ ਸਿੰਘ ਇਸ ਬਾਬਤ ਲਿਖਦੇ ਹਨ, "ਮਧਕਾਲੀਨ ਪੰਜਾਬ ਵਿਚ ਭਗਤੀ ਲਹਿਰ ਦੇ ਉਠਣ ਨਾਲ ਉਦੈ ਹੋਈ ਨਵੀਂ ਚਿੰਤਨਧਾਰਾ (ਗੁਰਮਤ ਦਰਸ਼ਨ) ਨੇ ਆਪਣੀ ਵਿਲੱਖਣ ਸਾਂਸਕ੍ਰਿਤਕ ਪਛਾਣ (ਸਿੱਖ ਸੰਸਕ੍ਰਿਤੀ) ਕਾਇਮ ਕੀਤੀ ਜਿਸ ਵਿਚ ਆਰੀਅਨ ਤੇ ਇਸਲਾਮੀ ਦੋਵੇਂ ਸੰਸਕ੍ਰਿਤਕ ਧਾਰਾਵਾਂ ਦੀਆਂ ਵੱਖ-ਵੱਖ ਰੂੜ੍ਹੀਆਂ ਦਾ ਸੰਸਲੇਸ਼ਣ ਹੋਇਆ ਹੈ।[19] ਗੁਰੂ ਸਾਹਿਬਾਨ ਨੇ ਵੀ ਆਪਣੀਆਂ ਰਚਨਾਵਾਂ ਵਿਚ ਮਿੱਥ ਕਥਾਵਾਂ ਦੀ ਵਰਤੋਂ ਕੀਤੀ। ਸਿੱਖ ਗੁਰੂ ਸਾਹਿਬਾਨ ਨੇ ਵੀ ਪੂਰਵ ਪਰੰਪਰਾ ਦੇ ਪ੍ਰਭਾਵ ਨੂੰ ਕਬੂਲਿਆ ਅਤੇ ਮਿੱਥ ਕਥਾਵਾਂ ਨੂੰ ਬਤੌਰ ਹਵਾਲਿਆਂ, ਸੰਕੇਤਾਂ ਪ੍ਰਤੀਕਾਂ, ਅਲੰਕਾਰਾਂ, ਬਿੰਬਾਂ ਆਦਿ ਦੇ ਰੂਪ ਵਿਚ ਵਰਤਿਆ।

P.U. LIBRARY CHANDIGARH
691984
25/2/01

## ਗੁਰੂ-ਬਾਣੀ ਅਤੇ ਮਿੱਥ:

ਗੁਰੂ-ਬਾਣੀ ਧਰਮ ਤੇ ਮਿੱਥ ਦਾ ਮਿਲਿਆ ਜੁਲਿਆ ਜਗਤ ਹੈ। ਮਿੱਥ ਚੇਤਨਾ ਉਸ ਨੂੰ ਪਰੰਪਰਾ ਤੋਂ ਮਿਲੀ ਹੋਣ ਸਦਕਾ ਅਚੇਤ ਹੀ ਕਾਵਿ ਸੰਰਚਨਾ ਦਾ ਅੰਗ ਬਣ ਗਈ ਹੈ। ਕਾਵਿ ਸੰਰਚਨਾ ਵਿਚ ਮਿੱਥਕ ਰੂੜ੍ਹੀਆਂ, ਕੋਡ, ਨੇਮ ਆਦਿ ਅਚੇਤ ਹੀ ਸਮਾ ਗਏ। ਇਸ ਕਰਕੇ ਗੁਰੂ ਸਾਹਿਬਾਨ ਗੁਰੂ-ਬਾਣੀ ਵਿਚ ਮਿੱਥਕ ਹਵਾਲਿਆਂ, ਸੰਕੇਤਾਂ, ਪ੍ਰਤੀਕਾਂ, ਚਿੰਨ੍ਹਾਂ, ਬਿੰਬਾਂ, ਦ੍ਰਿਸ਼ਟਾਂਤਾਂ, ਰੂਪਾਂ, ਵਿਅੰਗਾਂ ਦੀ ਵਰਤੋਂ ਆਪਣੇ ਸੰਦੇਸ਼ ਸੰਚਾਰ ਲਈ ਕਰਦੇ ਹਨ। ਗੁਰੂ ਸਾਹਿਬਾਨ ਨੇ ਕੇਵਲ ਪੁਰਾਤਨ ਮਿੱਥਾਂ ਦੀ ਵਰਤੋਂ ਹੀ ਨਹੀਂ ਕੀਤੀ, ਸਗੋਂ ਮਿੱਥਾਂ ਦੀ ਸਿਰਜਣਾ ਨਵ-ਸਿਰਜਣਾ ਅਤੇ ਮਿੱਥ ਵਿਸਥਾਪਨ ਵੀ ਕੀਤਾ ਹੈ।

ਗੁਰੂ-ਬਾਣੀ ਵਿਚ ਜ਼ਿਆਦਾ ਵਰਤੋਂ ਮਿੱਥਕ ਹਵਾਲਿਆਂ ਤੇ ਸੰਕੇਤਾਂ ਦੇ ਰੂਪ ਵਿਚ ਹੋਈ ਹੈ। ਮਿੱਥਕ ਹਵਾਲਿਆਂ ਦੀ ਵਰਤੋਂ ਕਰਦੇ ਹੋਏ ਗੁਰੂ ਸਾਹਿਬ ਇਕ ਇਕ ਸ਼ਬਦ ਵਿਚ ਕਈ-ਕਈ ਮਿੱਥਕ ਹਵਾਲੇ ਦੇ ਜਾਂਦੇ ਹਨ। ਇਸ ਦੀ ਉਦਾਹਰਣ ਇਸ ਸ਼ਬਦ ਵਿਚੋਂ ਵੇਖੀ ਜਾ ਸਕਦੀ ਹੈ।

ਗਨਿਕਾਂ ਉਧਰੀ ਹਰਿ ਕਹੈ ਤੋਤ।
ਗਜਇੰਦ੍ਰ ਧਿਆਇਓ ਹਰਿ ਕੀਓ ਮੋਖ।
ਬਿਪ੍ਰ ਸੁਦਾਮੇ ਦਾਲਦੁ ਭੰਜ ਰੇ ਮਨ ਤੂ ਭੀ ਭਜੁ ਗੋਬਿੰਦ ।੨।
ਬਧਿਕੁ ਉਧਾਰਿਓ ਖਮਿ ਪ੍ਰਹਾਰ। ਕੁਬਿਜਾ ਉਧਰੀ ਅੰਗੁਸਟ ਧਾਰਿ
ਬਿਦਰੁ ਉਧਾਰਿਓ ਦਾਸਤ ਭਾਇ। ਰੇ ਮਨ ਤੂ ਭੀ ਹਰਿ ਧਿਆਇ।੩।[20]

ਇਸੇ ਤਰ੍ਹਾਂ ਗੁਰੂ-ਬਾਣੀ ਮਿੱਥਕ ਸੰਕੇਤਾਂ ਦੀ ਵਰਤੋਂ ਵੀ ਵੱਡੀ ਪੱਧਰ ਤੇ ਹੋਈ ਹੈ। ਸਿੱਖ ਗੁਰੂ ਸਾਹਿਬਾਨ ਨੇ ਇਹ ਸੰਕੇਤਕ ਵਰਤੋਂ ਇਸ ਕਰਕੇ ਕੀਤੀ ਹੈ ਕਿਉਂਕਿ ਮਿੱਥਕ ਕਥਾਵਾਂ ਪਹਿਲਾਂ ਹੀ ਲੋਕ ਮਨ ਵਿਚ ਵਸ ਚੁਕੀਆਂ ਸਨ। ਗੁਰੂ ਸਾਹਿਬ ਦਾ ਮਿੱਥਕ ਕਥਾਵਾਂ ਨੂੰ ਵਿਸਥਾਰ ਸਹਿਤ ਵਰਨਣ ਕਰਨ ਦੀ ਥਾਂ ਸੰਕੇਤਕ ਕਰਨ ਦਾ ਭਾਵ ਇਹ ਸੀ ਕਿ ਲੋਕ ਮਨ ਵਿਚ ਪਹਿਲਾਂ ਹੀ ਵਸ ਚੁੱਕੀਆਂ ਮਿੱਥ ਕਥਾਵਾਂ ਨੂੰ ਨਵਾਂ ਰੂਪ ਦੇਣਾ ਅਤੇ ਉਸ ਦਾ ਸੰਦੇਸ਼ ਤਬਦੀਲ ਕਰਨਾ। ਗੁਰੂ-ਬਾਣੀ ਵਿਚ ਇਕ ਇਕ ਤੁਕ ਵਿਚ ਚਾਰ-ਚਾਰ ਪੰਜ-ਪੰਜ ਮਿੱਥਕ ਸੰਕੇਤ ਵੇਖਣ ਨੂੰ ਮਿਲਦੇ ਹਨ ਜਿਸ ਦੀ ਇਕ ਉਦਾਹਰਣ ਪੇਸ਼ ਹੈ:

ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ ਸਨਾਤਨ
ਸਨਤਕੁਮਾਰ, ਤਿਨ ਕਉ ਮਹਲੁ ਦਲਭਾਵਉ।[21]

ਗੁਰੂ-ਬਾਣੀ ਵਿਚ ਮਿੱਥਕ ਕਥਾਵਾਂ ਦੀ ਵਰਤੋਂ ਪ੍ਰਤੀਕਾਂ ਦੇ ਤੌਰ ਤੇ ਵੀ ਹੋਈ ਹੈ। ਗੁਰੂ-ਬਾਣੀ ਵਿਚ ਕਈ ਮਿੱਥਕ ਪ੍ਰਤੀਕ ਵਰਤੇ ਗਏ ਜਿਨ੍ਹਾਂ ਵਿਚੋਂ ਹਰਿਚੰਦਉਰੀ ਅਤੇ ਕਉਲਾਬਪੁਰੀ ਪ੍ਰਮੁੱਖ ਹਨ। 'ਮਾਇਆ' ਨੂੰ 'ਹਰਿਚੰਦਉਰੀ' ਅਤੇ 'ਕਉਲਾਬਪੁਰੀ' ਦੇ ਪ੍ਰਤੀਕ ਵਜੋਂ ਵਰਤਿਆ ਗਿਆ ਹੈ। ਇਹ ਪ੍ਰਤੀਕ ਇਸ ਦੇ ਛਲਣਾਤਮਕ ਸੁਭਾਅ ਕਾਰਣ ਕਰਕੇ ਵਰਤੇ ਗਏ ਹਨ:

ਮਾਇਆ ਮੋਹ ਭੂਲੋ ਅਵਰੈ ਹੀਤ।

ਹਰਿਚੰਦਉਰੀ ਬਨ ਹਰ ਪਾਤ ਰੇ ਇਹੈ ਤੁਹਾਰੋ ਬੀਤ।[22]

ਕਉਲਾ ਬਪਰੀ ਸੰਤਾ ਛਲੀ।[23]

ਇਸ ਤੋਂ ਇਲਾਵਾ ਮਿੱਥਕ ਚਿੰਨ੍ਹਾਂ ਦੀ ਵਰਤੋਂ ਵੀ ਗੁਰੂ-ਬਾਣੀ ਵਿਚ ਮਿਲਦੀ ਹੈ। ਦੇਵਤਿਆਂ ਦੁਆਰਾ ਸਮੁੰਦਰ ਰਿੜਕਣ ਸਮੇਂ ਨਿਕਲੇ 'ਅੰਮ੍ਰਿਤ' ਨੂੰ ਗੁਰੂ-ਬਾਣੀ ਵਿਚ ਮਿੱਥਕ ਚਿੰਨ੍ਹ ਦੇ ਤੌਰ ਤੇ ਵਰਤਿਆ ਗਿਆ ਹੈ। ਗੁਰੂ-ਬਾਣੀ ਵਿਚ ਅਨੇਕ ਥਾਵਾਂ ਤੇ 'ਅੰਮ੍ਰਿਤ' ਨਾਲ 'ਮਥ' ਸ਼ਬਦ ਵੀ ਆਇਆ ਹੈ ਜੋ ਇਸ ਗੱਲ ਦਾ ਸੰਕੇਤ ਕਰਦਾ ਹੈ ਕਿ ਇਹ 'ਅੰਮ੍ਰਿਤ' ਮਿਥਿਹਾਸ ਵਿਚੋਂ ਉਪਜਿਆ ਇਕ ਚਿੰਨ੍ਹ ਹੈ ਜੋ ਗੁਰੂ ਜੀ ਨੇ ਨਵੇਂ ਅਰਥਾਂ ਵਿਚ ਇਸ ਤਰ੍ਹਾਂ ਪ੍ਰਯੋਗ ਕੀਤਾ ਹੈ।

ਹਰਿ ਕਾ ਨਾਮੁ ਨਿਧਾਨੁ ਹੈ ਪੂਰੈ ਗੁਰਿ ਦੀਆ

ਨਾਨਕ ਨਾਮੁ ਨ ਵੀਸਰੈ ਮਥਿ ਅੰਮ੍ਰਿਤ ਪੀਆ।[24]

ਮਿਥ ਅੰਮ੍ਰਿਤ ਪੀਆ ਇਹੁ ਮਨੁ ਦੀਆ

ਗੁਰ ਪਹਿ ਮੇਲੁ ਕਰਾਇਆ।[25]

ਉਪਰੋਕਤ ਤੋਂ ਇਲਾਵਾ ਹੋਰ ਮਿੱਥਕ ਪ੍ਰਤੀਕਾਂ ਦੀ ਵਰਤੋਂ ਵੀ ਗੁਰੂ-ਬਾਣੀ ਵਿਚ ਮਿਲਦੀ ਹੈ।

ਗੁਰੂ-ਬਾਣੀ ਵਿਚ ਮਿੱਥਕ ਬਿੰਬਾਂ ਦੀ ਵਰਤੋਂ ਵੀ ਮਿਲਦੀ ਹੈ। ਗੁਰੂ ਸਾਹਿਬਾਨ ਨੇ ਨੇਕ ਤੇ ਕਰੂਰ ਬੰਦੇ ਤਰਤੀਬਵਾਰ ਗੁਰਮੁਖ ਤੇ ਮਨਮੁਖ ਦੇ ਬਿੰਬਾਂ ਰਾਹੀਂ ਰੂਪਮਾਨ ਕੀਤੇ ਹਨ। ਇਸੇ ਤਰ੍ਹਾਂ ਇਸ ਦੀਆਂ ਹੋਰ ਉਦਾਹਰਣਾਂ ਅਸੀਂ ਗੁਰੂ ਨਾਨਕ ਸਾਹਿਬ ਦੀ ਗਾਉੜੀ ਰਾਗ ਦੀ ਅਸਟਪਦੀ ਵਿਚ ਵੇਖ ਸਕਦੇ ਹਾਂ, ਜਿਸ ਵਿਚ ਅਨੇਕ ਮਿਥਿਹਾਸਕ ਬਿੰਬਾਂ ਦੀ ਵਰਤੋਂ ਹੋਈ ਹੈ। ਇਸ ਦੀ ਇਕ ਉਦਾਹਰਣ ਦੇਖੀ ਜਾ ਸਕਦੀ ਹੈ:

ਬਲਿ ਰਾਜਾ ਮਾਇਆ ਅਹੰਕਾਰੀ

ਜਗਨ ਕਰੈ ਬਹੁ ਭਾਰ ਅਫਾਰੀ

ਬਿਨੁ ਗੁਰ ਪੂਛੈ ਜਾਇ ਪਇਆਰੀ

ਹਰੀਚੰਦੁ ਦਾਨੁ ਕਰੈ ਜਸੁ ਲੇਵੈ

ਬਿਨੁ ਗੁਰ ਅੰਤ ਨ ਪਾਇ ਅਭੇਵੈ

ਆਪ ਭੁਲਾਇ ਆਪੇ ਮਤਿ ਦੇਵੈ।[26]

ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਦਾਨ ਅਤੇ ਯੱਗ ਦੀ ਮਹਾਨ ਕਥਾ ਉਤੇ ਮਿਥਿਹਾਸਕ ਬਿੰਬਾਂ ਰਾਹੀਂ ਕਰਾਰੀ ਸੱਟ ਮਾਰੀ ਹੈ। ਉਨ੍ਹਾਂ ਅਨੁਸਾਰ ਯੱਗ ਤੇ ਦਾਨ ਵਿਚ ਪ੍ਰਸਿੱਧੀ ਪ੍ਰਾਪਤ ਕਰਨ ਨਾਲ ਮੁਕਤੀ ਨਹੀਂ ਮਿਲ ਸਕਦੀ।

ਮਿਥਿਹਾਸਕ ਦ੍ਰਿਸ਼ਟਾਂਤਾਂ ਦੀ ਵਰਤੋਂ ਵੀ ਗੁਰੂ-ਬਾਣੀ ਵਿਚ ਵੇਖੀ ਜਾ ਸਕਦੀ ਹੈ। ਸਿੱਖ ਗੁਰੂ ਸਾਹਿਬਾਨ ਇਹ ਦ੍ਰਿਸ਼ਟਾਤ ਪ੍ਰਭੂ ਸਿਮਰਨ, ਹਉਮੈ ਤਿਆਗ ਅਤੇ ਭਗਤ ਵਛਲਤਾ ਦੇ ਪ੍ਰਸੰਗ ਵਰਗੇ ਸਿਧਾਂਤਾਂ ਨੂੰ ਦ੍ਰਿੜ ਕਰਵਾਉਣ ਹਿਤ ਵਰਤਦੇ ਹਨ। ਇਸ ਦੀ ਇਕ ਉਦਾਹਰਣ ਵੇਖੀ ਜਾ ਸਕਦੀ ਹੈ:

ਬਧਿਕੁ ਉਧਾਰਿਓ ਖਮਿ ਪ੍ਰਹਾਰ। ਕੁਬਿਜਾਂ ਉਧਰੀ ਅੰਗੁਸਦ ਧਾਰ।

ਬਿਦਰੁ ਉਧਾਰਿਓ ਦਾਸਤ ਭਾਇ। ਰੇ ਮਨ ਤੂ ਭੀ ਹਰਿ ਧਿਆਇ।[27]

ਇਸੇ ਤਰ੍ਹਾਂ ਗੁਰੂ-ਬਾਣੀ ਵਿਚ ਰੂਪਕ ਤੌਰ ਤੇ ਮਿੱਥਾਂ ਦੀ ਵਰਤੋਂ ਹੋਈ ਹੈ। ਗੁਰੂ-ਬਾਣੀ ਵਿਚ 'ਪਾਰਜਾਤ' ਰੁੱਖ ਦੀ ਵਰਤੋਂ ਰੂਪਕ ਦੇ ਤੌਰ ਤੇ ਹੋਈ ਹੈ ਜੋ ਸਰਬ ਇਛਾਵਾਂ ਨੂੰ ਪੂਰੀਆਂ ਕਰਨ ਵਾਲਾ ਮੰਨਿਆ ਜਾਂਦਾ ਹੈ। ਸਮੁੰਦਰ ਮੰਥਨ ਸਮੇਂ ਇਹ ਵੀ ਸਮੁੰਦਰ ਵਿਚੋਂ ਦੇਵਤਿਆਂ ਨੂੰ ਪ੍ਰਾਪਤ ਹੋਇਆ ਹੈ। ਗੁਰੂ-ਬਾਣੀ ਵਿਚ ਗੁਰੂ ਨੂੰ ਪਾਰਜਾਤ ਦੇ ਬਰਾਬਰ ਮੰਨਿਆ ਗਿਆ ਹੈ ਜੋ ਇਛਾਵਾਂ ਪੂਰੀਆਂ ਕਰਦਾ ਹੈ। ਗੁਰੂ ਸਾਹਿਬ ਇਸ ਬਾਰੇ ਫੁਰਮਾਉਂਦੇ ਹਨ:

ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰੁ।[28]

ਗੁਰੂ ਸਾਹਿਬਾਨ ਨੇ ਮਿੱਥਾਂ ਦੀ ਵਰਤੋਂ ਵਿਅੰਗ ਰੂਪ ਵਿਚ ਕੀਤੀ ਹੈ। ਪਰਮਾਤਮਾ ਨੂੰ ਉਚਤਮ ਦਰਸਾਉਣ ਅਤੇ ਅਵਤਾਰਵਾਦੀ ਭਾਵਨਾ ਦਾ ਖੰਡਨ ਕਰਨ ਹਿਤ ਕਈ ਤਰ੍ਹਾਂ ਦੇ

ਵਿਅੰਗਾਤਮਕ ਹਵਾਲੇ ਦਿੱਤੇ ਹਨ। ਇਸ ਦੀ ਇਕ ਉਦਾਹਰਣ ਗੁਰੂ ਨਾਨਕ ਸਾਹਿਬ ਦੁਆਰਾ ਕ੍ਰਿਸ਼ਨ ਨੂੰ ਕੀਤੇ ਵਿਅੰਗ ਰਾਹੀਂ ਭੀ ਦੇਖੀ ਜਾ ਸਕਦੀ ਹੈ:

ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ। ਕਾਨ ਕ੍ਰਿਸਨੁ ਜਾਦਮੁ ਭਇਆ।

ਪਾਰਜਾਤੁ ਗੋਪੀ ਲੈ ਆਇਆ। ਬ੍ਰਿਦਾਬਨ ਮਹਿ ਰੰਗ ਕੀਆ।[29]

ਗੁਰੂ-ਬਾਣੀ ਮਿੱਥ ਕਥਾਵਾਂ ਰਾਹੀਂ ਆਪਣੇ ਸੰਦੇਸ਼ ਦਾ ਸੰਚਾਰ ਵੀ ਕਰਦੀ ਹੈ। ਗੁਰੂ ਸਾਹਿਬਾਨ ਨੇ 'ਬ੍ਰਹਮ', 'ਜੀਵ', 'ਜਗਤ', 'ਮਾਇਆ', 'ਨਾਮ', 'ਭਗਤੀ' ਗੁਰੂ ਆਦਿ ਦੇ ਸੰਕਲਪਾਂ ਨੂੰ ਮਿੱਥ ਕਥਾਵਾਂ ਰਾਹੀਂ ਸਰਲ ਰੂਪ ਵਿਚ ਸਪੱਸ਼ਟ ਕਰਕੇ ਲੋਕਾਂ ਤੱਕ ਆਪਣੇ ਸੰਦੇਸ਼ ਦਾ ਸੰਚਾਰ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਨੇ ਦੇਵੀ-ਦੇਵਤਿਆਂ/ਅਵਤਾਰਾਂ ਪ੍ਰਤੀ ਪਏ ਅੰਧ-ਵਿਸ਼ਵਾਸ ਨੂੰ ਤੋੜਿਆ ਅਤੇ ਇਕ ਪਰਮਾਤਮਾ ਦੀ ਭਗਤੀ ਕਰਨ ਉੱਪਰ ਜ਼ੋਰ ਦਿੱਤਾ। ਸਿੱਖ ਗੁਰੂ ਸਾਹਿਬਾਨ ਨੇ ਧਰੂ, ਪ੍ਰਹਿਲਾਦ, ਦਰੋਪਦੀ, ਪੂਤਨਾ ਆਦਿ ਦੇ ਮਿੱਥਕ ਪ੍ਰਸੰਗ ਪੇਸ਼ ਕਰਕੇ ਭਗਤੀ ਭਾਵਨਾ ਨੂੰ ਦ੍ਰਿੜ ਕਰਵਾਇਆ।

ਗੁਰੂ-ਬਾਣੀ ਮਿੱਥ ਸਿਰਜਣਾ ਵੀ ਕਰਦੀ ਹੈ। ਗੁਰੂ ਸਾਹਿਬਾਨ ਨੇ ਕੇਵਲ ਪੁਰਾਣੀਆਂ ਮਿੱਥਾਂ ਦੀ ਵਰਤੋਂ ਹੀ ਨਹੀਂ ਕੀਤੀ ਸਗੋਂ ਨਵੀਆਂ ਮਿੱਥਾਂ ਦੀ ਸਿਰਜਣਾ ਅਤੇ ਪੁਨਰ ਸਿਰਜਣਾ ਵੀ ਕੀਤੀ ਹੈ। ਇਸ ਦੀ ਉਦਾਹਰਣ 'ਜਪੁਜੀ', ਆਸਾ ਦੀ ਵਾਰ', 'ਸੋਦੁਰ', 'ਮਾਰੂ ਰਾਗ ਦੇ ਸੋਹਲਿਆਂ' ਆਦਿ ਵਿਚ ਵੇਖੀ ਜਾ ਸਕਦੀ ਹੈ। ਇਹਨਾਂ ਵਿਚ ਸ੍ਰਿਸ਼ਟੀ ਰਚਨਾ ਅਤੇ 'ਬ੍ਰਹਿਮੰਡ' ਬਾਰੇ ਨਵੀਂ ਮਿੱਥਕ ਸਿਰਜਣਾ ਕੀਤੀ ਗਈ ਹੈ।

ਗੁਰੂ-ਬਾਣੀ ਮਿੱਥ ਵਿਸਥਾਪਨ ਵੀ ਕਰਦੀ ਹੈ। ਗੁਰੂ ਨਾਨਕ ਦੇਵ ਜੀ ਨੇ 'ਆਸਾ ਦੀ ਵਾਰ' ਵਿਚ ਯੁਗ ਚਿਤਰਣ ਦਾ ਵਰਨਣ ਕਰਕੇ ਮਿੱਥ ਵਿਸਥਾਪਨ ਕੀਤਾ ਹੈ। ਇਸੇ ਤਰ੍ਹਾਂ 'ਜਪੁਜੀ' ਸਾਹਿਬ ਦੇ ਸ਼ਬਦ 'ਧੌਲ ਧਰਮ ਦਇਆ ਕਾ ਪੂਤ' ਸ਼ਬਦ ਵਿਚ ਇਸ ਦੀ ਉਦਾਹਰਣ ਦੇਖਣਯੋਗ ਹੈ।

ਗੁਰੂ-ਬਾਣੀ ਵਿਚ ਪੇਸ਼ ਮਿੱਥਾਂ ਦਾ 'ਰੂਪਾਂਤਰਣ' ਵੱਡੀ ਪੱਧਰ ਤੇ ਹੋਇਆ ਹੈ। ਇਹ 'ਰੂਪਾਂਤਰਣ' ਅਵਤਾਰ/ਦੇਵੀ-ਦੇਵਤਿਆਂ, ਸ੍ਰਿਸ਼ਟੀ, ਚਾਰ ਯੁੱਗ, ਨਰਕ ਸਵਰਗ, ਧੌਲ ਧਰਮ, ਰਾਵਣ-ਰਾਮ, ਕ੍ਰਿਸ਼ਨ-ਗੋਪੀਆਂ, ਆਰਤੀ, ਜਮਰਾਜ, ਸਮੁੰਦਰ ਮੰਥਨ ਆਦਿ ਨਾਲ ਸਬੰਧਿਤ ਮਿੱਥ ਕਥਾਵਾਂ ਵਿਚ ਵੇਖਣ ਨੂੰ ਮਿਲਦਾ ਹੈ।

ਇਸ ਤੋਂ ਇਲਾਵਾ ਗੁਰੂ-ਬਾਣੀ ਵਿਚ ਮਿੱਥ ਕਥਾਵਾਂ ਦਾ 'ਪਰਿਰੂਪਣ' ਵੀ ਦੇਖਣ ਨੂੰ ਮਿਲਦਾ ਹੈ। ਇਹ 'ਪਰਿਰੂਪਣ' ਸ਼ਬਦ ਵਾਕ ਅਤੇ ਬਿਰਤਾਂਤ ਦੀ ਪੱਧਰ ਤੇ ਹੋਇਆ ਹੈ।

ਉਪਰੋਕਤ ਚਰਚਾ ਤੋਂ ਇਹ ਸਪੱਸ਼ਟ ਹੈ ਕਿ ਮਿੱਥ ਕਥਾਵਾਂ ਅਤੇ ਗੁਰੂ-ਬਾਣੀ ਦਾ ਗੂੜ੍ਹਾ ਸਬੰਧ ਹੈ। ਇਸ ਵਿਚ ਗੁਰੂ ਸਾਹਿਬਾਨ ਨੇ ਉਪਰੋਕਤ ਮਿੱਥਕ ਸੰਕਲਪਾਂ ਨਵੇਂ ਪ੍ਰਸੰਗਾਂ ਭਾਵ ਡੀਕੋਡ ਕਰਕੇ ਆਪਣੇ ਵਿਚਾਰਾਂ ਨੂੰ ਦ੍ਰਿੜ੍ਹ ਕਰਵਾਉਣ ਅਤੇ ਵਿਚਾਰਾਂ ਦੀ ਪੁਸ਼ਟੀ ਹਿਤ ਗੁਰੂ-ਬਾਣੀ ਵਿਚ ਵਰਤਿਆ। ਗੁਰੂ ਸਾਹਿਬ ਨੇ ਮਿੱਥਾਂ ਦੀ ਵਰਤੋਂ ਮਿੱਥਾਂ ਦੇ ਪ੍ਰਚਾਰ ਹਿਤ ਨਹੀਂ ਕੀਤੀ ਸਗੋਂ ਗੁਰੂ ਸਾਹਿਬਾਨ ਮਿੱਥਾਂ ਨੂੰ ਨਵੇਂ ਅਰਥਾਂ ਰਾਹੀਂ ਵਰਤ ਕੇ ਗੁਰੂ-ਬਾਣੀ ਵਿਚਲੇ ਸੰਦੇਸ਼ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣਾ ਚਾਹੁੰਦੇ ਹਨ। ਉਨ੍ਹਾਂ ਦੀ ਬਾਣੀ ਦਾ ਮੂਲ ਉਦੇਸ਼ ਪ੍ਰਭੂ ਭਗਤੀ ਅਤੇ ਨਰੋਏ ਸਮਾਜ ਦੀ ਸਿਰਜਣਾ ਕਰਨਾ ਹੈ। ਉਪਰੋਕਤ ਸਾਰੇ ਸੰਕਲਪਾਂ ਨੂੰ ਵਿਸਥਾਰ ਸਹਿਤ ਅਸੀਂ ਅਗਲਿਆਂ ਅਧਿਆਇਆਂ ਵਿਚ ਪੇਸ਼ ਕਰਾਂਗੇ।

### (3) ਗੁਰੂ-ਬਾਣੀ ਵਿਚ ਮਿੱਥ ਦਾ ਵਖਰਾ ਪਰਿਪੇਖ :

ਗੁਰੂ-ਬਾਣੀ ਵਿਚ ਮਿੱਥ ਦੀ ਵਰਤੋਂ ਇਕ ਵੱਖਰੇ ਪਰਿਪੇਖ ਵਿਚ ਹੋਈ ਹੈ। ਗੁਰੂ-ਬਾਣੀ ਵਿਚ ਨਿਰਗੁਣ ਬ੍ਰਹਮ ਅਤੇ ਸਰਗੁਣ ਬ੍ਰਹਮ ਸਰੂਪਾਂ ਦੀ ਪੇਸ਼ਕਾਰੀ ਤੋਂ ਇਲਾਵਾ ਨਿਰਗੁਣ-ਸਰਗੁਣ ਵਾਲੇ ਮਿਲਵੇਂ ਸਰੂਪਾਂ ਨੂੰ ਵੀ ਪੇਸ਼ ਕੀਤਾ ਗਿਆ ਹੈ। (ਇਸ ਬਾਰੇ ਵਰਨਣ ਤੀਸਰੇ ਅਧਿਆਇ ਵਿਚ ਕੀਤਾ ਜਾਵੇਗਾ।) ਗੁਰੂ ਸਾਹਿਬਾਨ ਦੁਆਰਾ ਅਪਣਾਏ ਉਪਰੋਕਤ ਦ੍ਰਿਸ਼ਟੀਕੋਣ ਸਦਕਾ ਸਿੱਖ, ਗੁਰੂ-ਬਾਣੀ ਵਿਚ ਪੇਸ਼ ਮਿੱਥ ਕਥਾਵਾਂ ਦਾ ਦੁਵੱਲਾ ਦ੍ਰਿਸ਼ਟੀਕੋਣ ਦੇਖਣ ਨੂੰ ਮਿਲਦਾ ਹੈ ਜਿਸ ਨੂੰ ਅਸੀਂ ਦੋ ਪਹਿਲੂਆਂ ਤੋਂ ਵਿਚਾਰ ਸਕਦੇ ਹਾਂ:

(ੳ) ਸਾਕਾਰਾਤਮਕ

(ਅ) ਨਾਕਾਰਾਤਮਕ

ਉਪਰੋਕਤ ਦ੍ਰਿਸ਼ਟੀਕੋਣ ਗੁਰੂ-ਬਾਣੀ ਵਿਚ ਇਸ ਕਰਕੇ ਅਪਣਾਇਆ ਗਿਆ ਕਿਉਂਕਿ ਮੱਧ-ਕਾਲ ਦੇ ਸੰਤਾਂ ਖਾਸ ਕਰਕੇ ਭਗਤੀ ਲਹਿਰ ਦੇ ਸੰਤਾਂ ਨੇ ਦੇਵੀ-ਦੇਵਤਿਆਂ/ਅਵਤਾਰਾਂ ਦਾ ਮਿੱਥ ਕਥਾਵਾਂ ਦੀ ਵਰਤੋਂ ਸਾਕਾਰਾਤਮਕ ਤੇ ਨਾਕਰਾਤਮਕ ਤੌਰ ਤੇ ਕੀਤੀ ਹੈ। ਇਸੇ ਦ੍ਰਿਸ਼ਟੀਕੋਣ ਨੂੰ ਗੁਰੂ ਸਾਹਿਬ ਨੇ ਵੀ ਅਪਣਾਇਆ, ਜੋ ਇਸ ਪ੍ਰਕਾਰ ਹੈ। ਇਸੇ ਦ੍ਰਿਸ਼ਟੀਕੋਣ ਨੂੰ ਅਪਣਾਉਂਦਿਆਂ ਸਿੱਖ ਗੁਰੂ ਸਾਹਿਬਾਨ ਨੇ ਦੇਵਤਿਆਂ/ਅਵਤਾਰਾਂ ਨਾਲ ਜੁੜੀਆਂ ਮਿੱਥ ਕਥਾਵਾਂ ਰਾਹੀਂ ਖੰਡਨ/ਮੰਡਨ ਕਰਦੇ ਹੋਏ ਆਪਣੇ ਸਿਧਾਂਤ ਦੀ ਪ੍ਰੋੜਤਾ ਹਿਤ ਇਨ੍ਹਾਂ ਮਿੱਥ ਕਥਾਵਾਂ ਦੀ ਵਰਤੋਂ ਆਪਣੀ ਬਾਣੀ ਵਿਚ ਕੀਤੀ।

**(ੳ) ਸਾਕਾਰਾਤਮਕ ਦ੍ਰਿਸ਼ਟੀਕੋਣ :** ਸਿੱਖ ਗੁਰੂ ਸਾਹਿਬਾਨ ਨੇ ਸਾਕਾਰਾਤਮਕ ਦ੍ਰਿਸ਼ਟੀਕੋਣ ਇਸ ਕਰਕੇ ਅਪਣਾਇਆ ਕਿਉਂਕਿ ਮੱਧ ਕਾਲ ਵਿਚ ਦੇਵੀ-ਦੇਵਤਿਆਂ ਦੀ ਪੂਜਾ ਸਿਖਰ ਤੇ ਸੀ। ਹਰੇਕ ਧਰਮ ਅਤੇ ਮੱਤਾਂ ਦੇ ਪੈਰੋਕਾਰ ਆਪਣੇ-ਆਪਣੇ ਦੇਵੀ-ਦੇਵਤਿਆਂ, ਅਵਤਾਰਾਂ, ਪੀਰਾਂ, ਮੁਰਸ਼ਦਾਂ, ਗੁਰੂਆਂ ਨੂੰ ਸਰਵਉੱਚ ਦਰਸਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਸਨ। ਵੈਸ਼ਨਵ ਭਗਤੀ ਅਤੇ ਸ਼ਿਵ ਭਗਤੀ ਦੇ ਪੈਰੋਕਾਰਾਂ ਵਿਚ ਇਹ ਗਲ ਵਧੇਰੇ ਵੇਖਣ ਨੂੰ ਮਿਲਦੀ ਹੈ। ਇਹ ਧਰਮ ਅਤੇ ਮੱਤ ਆਪਣੇ ਆਪਣੇ ਦੇਵੀ-ਦੇਵਤਿਆਂ/ਗੁਰੂ-ਪੀਰ, ਮੁਰਸ਼ਦ ਨੂੰ ਸ਼ੋਭਾ ਵਧਾਉਣ ਲਈ ਕਈ ਤਰ੍ਹਾਂ ਦੀਆਂ ਮਿੱਥ ਕਥਾਵਾਂ ਦੀ ਰਚਨਾ ਕਰ ਚੁੱਕੇ ਸਨ ਅਤੇ ਕਰ ਰਹੇ ਹਨ। ਸਿੱਖ ਗੁਰੂ ਸਾਹਿਬਾਨ ਨੇ ਮੱਧ-ਕਾਲ ਦੇ ਸਮੇਂ ਦੀ ਨਿਜਾਕਤ ਨੂੰ ਸਮਝਦੇ ਹੋਏ ਸਾਕਾਰਾਤਮਕ ਦ੍ਰਿਸ਼ਟੀਕੋਣ ਅਪਣਾਇਆ ਤਾਂ ਕਿ ਦੇਵੀ-ਦੇਵਤੇ/ਅਵਤਾਰਾਂ ਦੇ ਨਾਵਾਂ ਦੀ ਪੇਸ਼ਕਾਰੀ ਕਰਕੇ ਲੋਕਾਂ ਨੂੰ ਆਕਰਸ਼ਿਤ ਕੀਤਾ ਜਾ ਸਕੇ ਅਤੇ ਵੱਖ-ਵੱਖ ਧਰਮਾਂ, ਮੱਤਾਂ ਵਿਚ ਬ੍ਰਹਮ ਸਬੰਧੀ ਪ੍ਰਚੱਲਿਤ ਨਾਵਾਂ ਦੇ ਭਰਮ ਭੁਲੇਖੇ ਨੂੰ ਦੂਰ ਕਰਕੇ ਦੇਵਵਾਦ ਨੂੰ ਇਕ ਬ੍ਰਹਮ ਦੇ ਰੂਪ ਵਿਚ ਪੇਸ਼ ਕੀਤਾ ਜਾ ਸਕੇ।

ਸਿੱਖ ਗੁਰੂ ਸਾਹਿਬਾਨ ਨੇ ਸਮਕਾਲੀ ਸਮਾਜ ਅਤੇ ਧਰਮ ਵਿਚ ਪ੍ਰਚੱਲਿਤ ਨਾਵਾਂ ਜਿਵੇਂ 'ਰਾਮ', 'ਲੀਲਾਧਰ' , 'ਗੋਬਿੰਦ', 'ਨਰਹਰਿ', 'ਓਮ', 'ਮੁਕੰਦ', 'ਭਗਵੰਤ', 'ਗੁਸਾਈ', 'ਨਰਾਇਣ', 'ਮਾਧੋ', 'ਹਰਿ', 'ਗੋਪਾਲ', 'ਕ੍ਰਿਸ਼ਨ', 'ਗੋਸਾਈ', 'ਵਾਸੂਦੇਵ', 'ਮੁਰਲੀ ਮਨੋਹਰ', 'ਗਿਰਧਾਰੀ', 'ਗੋਪੀ ਨਾਥ', 'ਦਮੋਦਰ', 'ਰਿਖੀ ਕੇਸ਼', 'ਲਖਮੀਵਾਰ', 'ਬਨਵਾਲੀ', 'ਜੰਗਨਾਥ', 'ਬਨਵਾਰੀ', 'ਮੁਰਾਰੀ', 'ਅਲਾਹ', 'ਕਰੀਮ', 'ਰਹੀਮ' 'ਖੁਦਾ' ਆਦਿ ਦੀ ਵਰਤੋਂ ਗੁਰੂ-ਬਾਣੀ ਵਿਚ ਕੀਤੀ। ਉਨ੍ਹਾਂ ਨੇ ਇਨ੍ਹਾਂ ਨਾਵਾਂ ਦਾ ਆਦਰ ਸਹਿਤ ਸਮਰਥਨ ਇਸ ਕਰਕੇ ਕੀਤਾ ਕਿਉਂਕਿ ਇਹ ਨਾਮ ਲੋਕਾਂ ਦੇ ਮਨਾਂ ਵਿਚ ਘਰ ਕਰ ਚੁਕੇ ਸਨ ਅਤੇ ਮੱਧ ਕਾਲ ਦੇ ਧਾਰਮਕ ਸੰਤਾਂ ਅਤੇ ਪੈਰੋਕਾਰਾਂ ਇਨ੍ਹਾਂ ਨੇ ਨਾਵਾਂ ਦੀ ਵਰਤੋਂ ਸੰਦੇਸ਼ ਸੰਚਾਰ ਲਈ ਅਤੇ ਆਪਣੇ ਧਰਮ ਦੇ ਉਪਦੇਸ਼ ਦੇਣ ਲਈ ਕਰ ਰਹੇ ਸਨ। ਗੁਰੂ ਸਾਹਿਬ ਨੇ ਵੀ ਮਿੱਥਕ ਸ਼ਬਦਾਂ ਦੀ ਵਰਤੋਂ ਆਪਣੇ ਸੰਦੇਸ਼ ਸੰਚਾਰ ਅਤੇ ਉਪਦੇਸ਼ ਦੇਣ ਹਿੱਤ ਕੀਤੀ। ਗੁਰੂ-ਬਾਣੀ ਵਿਚ ਇਨ੍ਹਾਂ ਨਾਵਾਂ ਵੱਲ ਸੰਕੇਤ ਕਰਨ ਵਾਲਾ ਇਕ ਸ਼ਬਦ ਅਸੀਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਵੇਖ ਸਕਦੇ ਹਾਂ:

ਕਾਰਨ ਕਰਮ ਕਰੀਮ। ਸਰਬ ਪ੍ਰਤਿਪਾਲ ਰਹੀਮ।
ਅਲਹ ਅਲਖ ਅਪਾਰ। ਖੁਦਿ ਖੁਦਾਇ ਵਡ ਬੇਸੁਮਾਰ।
ਓੁਂ ਨਮੋ ਭਗਵੰਤ ਗੁਸਾਈ। ਖਾਲਕੁ ਰਵਿ ਰਹਿਆ ਸਰਬਠਾਈ।੧। ਰਹਾਉ।
ਜਗੰਨਾਥ ਜਗਜੀਵਨ ਮਾਧੋ। ਭਉ ਭੰਜਨ ਰਿਦ ਮਹਿ ਅਰਾਧੋ।
ਰਿਖੀਕੇਸ਼ ਗੋਪਾਲ ਗੋਬਿੰਦ। ਪੂਰਨ ਸਰਬਤ, ਮੁਕੰਦ।
ਮਿਹਰਬਾਨ ਮਾਉਲਾ ਤੂਹੀ ਏਕ। ਪੀਰ ਪੈਗੰਬਰ ਸੇਖ
ਦਿਲਾ ਕਾ ਮਾਲਕੁ ਕਰੇ ਹਾਕ। ਕੁਰਾਨ ਕਤੇਬ ਤੇ ਪਾਕੁ ।੨।

.........................................................

......................................................... [30]

ਇਸ ਤੁਕ ਵਿਚ ਦਿਤੇ ਨਾਮ ਵਿਅਕਤੀਗਤ ਅਤੇ ਨਿਰਵਿਅਕਤੀਗਤ ਦੋਵੇਂ ਤਰ੍ਹਾਂ ਦੇ ਹਨ। 'ਕਾਰਣ-ਕਰਣ', 'ਕਰੀਮ', 'ਸਰਬ ਪ੍ਰਤਿਪਾਲ', 'ਰਹੀਮ', 'ਅਲਖ, ਅਪਾਰ', 'ਖ਼ੁਦਾ', 'ਗੁਸਾਈ', 'ਓਮ', 'ਭਗਵੰਤ', 'ਖਾਲਿਕ' ਆਦਿ ਨਾਂ ਨਿਰਵਿਅਕਤੀਗਤ ਹਨ ਜਦੋਂ ਕਿ 'ਭਵ-ਭੰਜਨ', 'ਮੁਕੰਦ', 'ਮਾਧਵ', 'ਕੇਸ', 'ਗੋਪਾਲ', 'ਰਿਸ਼ੀ', 'ਗੋਬਿੰਦ', 'ਨਰਹਰਿ', 'ਰਾਮ', 'ਵਾਸੁਦੇਵ' ਆਦਿ ਨਾਂਵ ਭਾਵੇਂ ਵਿਅਕਤੀਗਤ ਲਗਦੇ ਹਨ ਪਰੰਤੂ ਉਪਰੋਕਤ ਤੁਕ ਦੀ ਆਖਰੀ ਪੰਗਤੀ ਵਿਚ 'ਕਹੁ ਨਾਨਕ ਗੁਰ ਖੋਏ ਭਰਮਾ ਏਕੋ ਅਲਹੁ ਪਾਰਬ੍ਰਹਮ' ਕਹਿ ਕੇ ਇਹਨਾਂ ਨਾਵਾਂ ਨੂੰ ਅਲਹੁ, ਪਾਰਬ੍ਰਹਮ ਵਰਗੇ ਨਿਰਵਿਅਕਤੀਗਤ ਸੰਚੇ ਵਿਚ ਢਾਲ ਲਿਆ ਹੈ।

ਗੁਰੂ-ਬਾਣੀ ਅਵਤਾਰਾਂ/ਦੇਵੀ-ਦੇਵਤਿਆਂ ਦਾ ਉਲੇਖ ਪ੍ਰਭੂ ਭਗਤਾਂ ਦੀ ਰੱਖਿਆ, ਦੈਂਤਾਂ ਦਾ ਸੰਘਾਰ ਕਰਨ ਅਤੇ ਦੁਰਵਿਰਤੀ ਦਾ ਦਮਨ ਆਦਿ ਕਰਨ ਹਿਤ ਕੀਤਾ ਗਿਆ ਹੈ ਨਾ ਕਿ ਅਵਤਾਰ/ਦੇਵਤਿਆਂ ਦੀ ਪ੍ਰਸ਼ੰਸਾ ਕਰਨ ਹਿਤ ਕੀਤਾ ਗਿਆ ਹੈ। ਇਨ੍ਹਾਂ ਅਵਤਾਰਾਂ/ਦੇਵੀ-ਦੇਵਤਿਆਂ ਪ੍ਰਤੀ ਅਪਣਾਏ ਸਾਕਾਰਾਤਮਕ ਦ੍ਰਿਸ਼ਟੀਕੋਣ ਬਾਰੇ ਵਿਸਥਾਰ ਸਹਿਤ ਜਾਣਕਾਰੀ ਇਸ ਪ੍ਰਕਾਰ ਹੈ।

ਸ੍ਰੀ ਵਿਸ਼ਨੂੰ ਦੀ ਗੁਰੂ-ਬਾਣੀ ਵਿਚ ਅਵਤਾਰ ਰੂਪ ਵਿਚ ਵਰਨਣ ਮਿਲਦਾ ਹੈ। 'ਵਿਸ਼ਨੂੰ' ਹਿੰਦੂ ਦੇਵੀ ਦੇਵਤਿਆਂ ਵਿਚੋਂ ਪ੍ਰਮੁੱਖ ਦੇਵਤਾ ਹੈ। ਇਸ ਨੂੰ 'ਨਰਾਇਣ', 'ਕਮਲਨੈਨ', 'ਬਾਵਨ' ਆਦਿ ਕਹਿ ਕੇ ਬੁਲਾਇਆ ਜਾਂਦਾ ਹੈ। ਹਿੰਦੂ ਧਰਮ ਵਿਚ ਵਿਸ਼ਨੂੰ ਦੇ 24 ਅਵਤਾਰ ਮੰਨੇ ਗਏ ਹਨ ਪਰ ਇਨ੍ਹਾਂ ਵਿਚੋਂ 10 ਅਵਤਾਰ ਪ੍ਰਮੁੱਖ ਹਨ। ਇਹ ਦਸ ਅਵਤਾਰ – 'ਮੱਛ', 'ਕੱਛ', 'ਵਰਾਹ', 'ਨਰ ਸਿੰਘ', 'ਵਾਮਨ', 'ਪਰਸੁਰਾਮ', 'ਰਾਮ ਚੰਦਰ', 'ਕ੍ਰਿਸ਼ਨ', 'ਬੁੱਧ', 'ਕਲਕੀ', ਅਵਤਾਰ ਰੂਪ ਵਿਚ ਸੰਸਾਰ ਤੇ ਆਏ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਅਵਤਾਰਾਂ ਦਾ ਉਲੇਖ ਇਸ ਤਰ੍ਹਾਂ ਮਿਲਦਾ ਹੈ:

ਸੁੰਨਹੁ ਉਪਜੇ ਦਸ ਅਵਤਾਰਾ।। ਸ੍ਰਿਸਟਿ ਉਪਾਰਿ ਕੀਆ ਪਸਾਰਾ।[31]

ਮਛੁ ਕਛੁ ਕੂਰਮੁ ਆਗਿਆ ਅਉਤਰਾਸੀ।[32]

ਸ੍ਰੀ ਵਿਸ਼ਨੂੰ ਦੁਆਰਾ ਖੀਰ ਸਾਗਰ ਮੰਥਨ ਸਮੇਂ ਦੈਂਤਾਂ ਦੇਵਤਿਆਂ ਦੀ ਸਹਾਇਤਾ ਨੂੰ ਗੁਰੂ-ਬਾਣੀ ਵਿਚ ਪੇਸ਼ ਕੀਤਾ ਗਿਆ ਹੈ। ਇਕ ਮਿੱਥ ਕਥਾ ਅਨੁਸਾਰ "ਜਦੋਂ ਦੈਂਤ ਅਤੇ ਦੇਵਤੇ ਰਲਕੇ ਖੀਰ ਸਮੁੰਦਰ ਰਿੜਕਣ ਲੱਗੇ ਤਾਂ ਵਿਸ਼ਨੂੰ ਦੀ ਆਗਿਆ ਅਨੁਸਾਰ ਉਨ੍ਹਾਂ ਮੰਦ੍ਰਾਚਲ ਪਰਬਤ ਦੀ ਮਧਾਣੀ ਤੇ ਸ਼ੇਸ਼ਨਾਗ ਦੇ ਬਾਸਕਾਂ ਦਾ ਨੇੜਾ ਬਣਾਇਆ। ਜਦੋਂ ਸਮੁੰਦਰ ਰਿੜਕਣਾ ਸ਼ੁਰੂ ਕੀਤਾ ਤਾਂ ਮੰਦ੍ਰਾਚਲ ਕਿਤੇ ਨਾ ਟਿਕੇ, ਅੰਤ ਵਿਸ਼ਨੂੰ ਭਗਵਾਨ ਨੇ ਕੱਛ ਦਾ ਰੂਪ ਧਾਰ ਕੇ ਮੰਦ੍ਰਾਚਲ ਪਹਾੜ ਨੂੰ ਆਪਣੀ ਪਿੱਠ ਦਾ ਆਸਰਾ ਦੇਈ ਰੱਖਿਆ। ਇਸ ਤਰ੍ਹਾਂ ਦੇਵਤੇ ਦੈਂਤ ਸਾਗਰ ਮੰਥਨ ਕਰਨ ਵਿਚ ਸਫਲ ਹੋ ਗਏ ਤੇ ਉਨ੍ਹਾਂ 14 ਰਤਨ ਕੱਢ ਲਏ।[33] ਗੁਰੂ-ਬਾਣੀ ਵਿਚ ਵਿਸ਼ਨੂੰ ਦਾ ਇਸ ਕਾਜ ਬਾਰੇ ਮਿੱਥਕ ਸੰਕੇਤ ਇਸ ਤਰ੍ਹਾਂ ਦਿੱਤਾ ਹੈ।

ਪਾਣੀ ਵਿਚ ਰਤਨ ਉਪੰਨੇ ਮੇਰੁ ਕੀਆ ਮਾਧਾਣੀ।[34]

ਇਸੇ ਤਰ੍ਹਾਂ ਵਿਸ਼ਨੂੰ ਦੁਆਰਾ 'ਹਿਰਣਯੱਕਸ਼ਪ' ਜਾਂ ਹਿਰਨਾਖਸ਼ ਦੈਂਤ ਤੋਂ ਕੀਤੀ ਧਰਤੀ ਦੀ ਰੱਖਿਆ ਬਾਰੇ ਪ੍ਰਸੰਸਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੇਖਣ ਨੂੰ ਮਿਲਦੀ ਹੈ। ਇਕ ਮਿੱਥ ਕਥਾ ਅਨੁਸਾਰ ਹਿਰਣਯਕੱਸ਼ਪ ਜਾਂ ਹਿਰਨਾਖਸ਼ ਦੈਂਤ ਨੇ ਧਰਤੀ ਨੂੰ ਪਤਾਲ ਵਿਚ ਡੁਬੋ ਦਿੱਤਾ ਤੇ ਬਰਾਹ ਅਵਤਾਰ ਨੇ ਹਜ਼ਾਰ ਵਰ੍ਹੇ ਲੜਾਈ ਕਰਕੇ ਆਪਣੀ ਦਾੜ੍ਹ ਨਾਲ ਧਰਤੀ ਨੂੰ ਚੁੱਕ ਕੇ ਵਾਪਸ ਲਿਆਂਦਾ ਅਤੇ ਇਸ ਨੂੰ ਉਸਦੀ ਅਸਲੀ ਥਾਂ ਟਿਕਾ ਦਿੱਤਾ।[35] ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਵਰਣਨ ਇਸ ਤਰ੍ਹਾਂ ਮਿਲਦਾ ਹੈ:

ਧਰਣੀਧਰ ਈਸ ਨਰਸਿੰਘ ਨਾਰਾਇਣ
ਦਾੜ੍ਹਾ ਅਗੇ ਪ੍ਰਿਥਮਿ ਧਰਾਇਣ।[36]

ਵਿਸ਼ਨੂੰ ਨੂੰ ਬ੍ਰਹਮ ਦੇ ਪ੍ਰਤੀਕ ਵਜੋਂ ਵਰਤ ਕੇ ਗੁਰੂ ਸਾਹਿਬ ਨੇ ਉਪਰੋਕਤ ਦੋਵਾਂ ਮਿੱਥਾਂ ਰਾਹੀਂ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਪਰਮਾਤਮਾ ਵਿਸ਼ਨੂੰ ਦੀ ਤਰ੍ਹਾਂ ਕਿਸੇ ਰੂਪ ਵਿਚ ਆਪਣੇ ਭਗਤ ਦੀ ਰੱਖਿਅ ਕਰਦਾ ਹੈ। ਇਨ੍ਹਾਂ ਮਿੱਥਾਂ ਨੂੰ ਗੁਰੂ ਸਾਹਿਬ ਨੇ ਪਰਮਾਤਮਾ ਦੀ ਦ੍ਰਿੜ੍ਹਤਾ ਬਾਰੇ ਵਰਤਿਆ ਹੈ।

ਉਪਰੋਕਤ ਦੀ ਤਰ੍ਹਾਂ ਵਿਸ਼ਨੂੰ ਦੁਆਰਾ ਭਗਤ ਪ੍ਰਹਿਲਾਦ ਦੀ ਭਗਤ ਵਸਲਤਾ ਦੇ ਪ੍ਰਸੰਗ ਵਿਚ ਕੀਤੀ ਰੱਖਿਆ ਬਾਰੇ ਵਰਨਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਿਲਦਾ ਹੈ। ਇਕ ਮਿੱਥ ਕਥਾ ਅਨੁਸਾਰ ਪ੍ਰਹਿਲਾਦ ਵਿਸ਼ਨੂੰ ਦਾ ਅਨਿਨ ਭਗਤ ਸੀ। ਇਸ ਕਰਕੇ ਉਸ ਦਾ ਪਿਤਾ ਹਿਰਣਯਕੱਸ਼ਪ ਜਾਂ ਹਰਣਾਖਸ਼ ਉਸ ਨਾਲ ਨਰਾਜ ਰਹਿੰਦਾ ਸੀ। ਉਸ ਨੇ ਪ੍ਰਹਿਲਾਦ ਨੂੰ ਵਿਸ਼ਨੂੰ ਭਗਤੀ ਵਲੋਂ ਮੋੜਨ ਲਈ ਬਹੁਤ ਸਮਝਾਇਆ। ਪਰ ਉਹ ਨਾ ਮੰਨਿਆ। ਹਿਰਣਯਕੱਸ਼ਪ ਜਾਂ ਹਰਣਾਖਸ਼ ਨੇ ਪ੍ਰਹਿਲਾਦ ਨੂੰ ਇਕ ਥੰਮ ਨਾਲ ਬੰਨ੍ਹ ਦਿੱਤਾ ਤੇ ਪੁਛਿਆ ਕੀ ਦੱਸ ਤੇਰਾ ਵਿਸ਼ਨੂੰ ਭਗਵਾਨ ਕਿਥੇ ? ਕਹਿੰਦੇ ਹਨ ਕਿ ਉਸ ਵੇਲੇ ਭਗਵਾਨ ਨਰ ਸਿੰਘ ਦਾ ਰੂਪ ਵਿਚ ਪ੍ਰਗਟ ਹੋਇਆ ਤੇ ਉਸ ਨੇ ਹਿਰਣਯਕੱਸ਼ਪ ਜਾਂ ਹਰਨਾਖਸ਼ ਨੂੰ ਨਹੁੰਦਰਾਂ ਨਾਲ ਮਾਰ ਦਿੱਤਾ।[37]

ਗੁਰੂ ਸਾਹਿਬ ਇਸ ਮਿੱਥ ਕਥਾ ਬਾਰੇ ਇਸ ਤਰ੍ਹਾਂ ਫੁਰਮਾਉਂਦੇ ਹਨ:

ਹਰ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ।

ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦ ਤੁਰਾਇਆ।[38]

ਇਸੇ ਤਰ੍ਹਾਂ ਸ੍ਰੀ ਵਿਸ਼ਨੂੰ ਜੀ ਦੁਆਰਾ 'ਅਜਾਮਲ' ਪਾਪੀ ਦਾ ਉਧਾਰ ਕਰਨ ਬਾਰੇ ਵੀ ਇਕ ਮਿੱਥ ਕਥਾ ਪ੍ਰਚੱਲਿਤ ਹੈ। ਅਜਾਮਲ ਇਕ ਸਮਝਦਾਰ ਬ੍ਰਾਹਮਣ ਸੀ। ਪ੍ਰੰਤੂ ਉਸ ਨੇ ਵੇਸਵਾ ਨਾਲ ਵਿਆਹ ਕਰ ਲਿਆ। ........ ਉਸ ਦੇ ਪੰਜ ਲੜਕੇ ਪੈਦਾ ਹੋਏ। ਛੇਵੀਂ ਵਾਰ ਜਦੋਂ ਵੇਸਵਾ ਗਰਭਵਤੀ ਹੋਈ ਤਾਂ ਇਕ ਮਹਾਤਮਾ ਉਨ੍ਹਾਂ ਦੇ ਘਰ ਆ ਗਿਆ। ਅਜਾਮਲ ਨੇ ਉਸਦੀ ਸੇਵਾ ਕੀਤੀ ਅਤੇ ਮਹਾਤਮਾ ਨੇ ਖੁਸ਼ ਹੋ ਕੇ ਅਜਾਮਲ ਨੂੰ ਕਿਹਾ ਕਿ ਉਹ ਇਸ ਵਾਰ ਆਪਣੇ ਲੜਕੇ ਦਾ ਨਾਂ 'ਨਰਾਇਣ' ਰੱਖੇ। ਅਜਾਮਲ ਨੇ ਅਪਣੇ ਪੁੱਤਰ ਦਾ ਨਾਂ 'ਨਰਾਇਣ' ਰੱਖ ਦਿੱਤਾ। ਅਖੀਰਲੇ ਸਮੇਂ ਜਦੋਂ ਜਮਦੂਤ ਅਜਾਮਲ ਨੂੰ ਲੈਣ ਆਏ ਤਾਂ ਘਬਰਾਅ ਕੇ ਉਸ ਨੇ ਪੁੱਤਰ ਦੇ ਮੋਹ ਦੇ ਕਾਰਣ 'ਨਰਾਇਣ' ਕਹਿ ਕੇ ਪੁਕਾਰਨਾ ਸ਼ੁਰੂ ਕਰ ਦਿੱਤਾ। ਇਹ ਪੁਕਾਰ ਸੁਣ ਕੇ 'ਨਰਾਇਣ' ਦੇ ਸੇਵਕ ਵੀ ਆ ਪਹੁੰਚੇ ਅਤੇ ਉਹ ਅਜਾਮਲ ਨੂੰ ਜਮਦੂਤਾਂ ਤੋਂ ਛੁਡਾ ਕੇ ਸਵਰਗ ਵਿਚ ਲੈ ਗਏ।[39] ਅਜਾਮਲ

ਦਾ ਉਧਾਰ ਕਰਨ ਦਾ ਇਹ ਹਵਾਲਾ ਗੁਰੂ ਗ੍ਰੰਥ ਸਾਹਿਬ ਵਿਚ ਇਸ ਪ੍ਰਕਾਰ ਪ੍ਰਸਤੁਤ ਕੀਤਾ ਗਿਆ ਹੈ।

ਬੇਸੁਆ ਰਵਤ ਅਜਾਮਲੁ ਉਪਰਿਓ

ਮੁਖ ਬੋਲੈ ਨਰਾਇਣੁ ਨਰਹਰੇ।[40]

ਸ੍ਰੀ ਰਾਮ ਚੰਦਰ ਜੀ ਬਾਰੇ ਵੀ ਗੁਰੂ-ਬਾਣੀ ਵਿਚ ਸਾਕਰਾਤਮਕ ਦ੍ਰਿਸ਼ਟੀਕੋਣ ਵੇਖਣ ਨੂੰ ਮਿਲਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਰਾਮ ਦੇ ਨਾਮ ਵਿਅਕਤਿਕ ਅਤੇ ਨਿਰਵਿਅਕਤਿਕ ਦੋਵਾਂ ਤਰ੍ਹਾਂ ਨਾਲ ਆਏ ਹਨ। ਉਹ ਨਾਮ ਇਸ ਤਰ੍ਹਾਂ ਹਨ 'ਸੀਤਾ ਰਾਮ', 'ਰਾਜਾ ਰਾਮ', 'ਰਾਮ ਰਾਜੇ', 'ਸੀਧਰ', 'ਰਘੁਰਾਏ', 'ਹਰੀਰਾਏ', 'ਰਘੁਨਾਥ', 'ਪਰਸੋਤਮ', 'ਸਾਰੰਗਾਧਰ', 'ਹਰਿ', 'ਨਰਹਰੇ', 'ਨਿਰੰਕਾਰ', 'ਏਕੰਕਾਰ' ਆਦਿ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਮ ਦਾ ਵਰਨਣ 1758 ਵਾਰ ਆਇਆ।[41] ਇਸ ਵਰਨਣ ਵਿਚ ਸ੍ਰੀ ਰਾਮ ਜੀ ਦਾ ਨਾਂ ਬ੍ਰਹਮ ਦੇ ਪ੍ਰਤੀਕ ਵਜੋਂ ਵਰਤ ਕੇ ਉਸ ਦੀ ਪ੍ਰਸ਼ੰਸਾ ਕੀਤੀ ਗਈ ਹੈ ਜਿਸ ਦੀਆਂ ਕੁਝ ਉਦਾਹਰਣਾਂ ਪੇਸ਼ ਹਨ:

ਹਰ ਜੁਗ ਜਗੁ ਭਗਤ ਉਪਾਇਆ।

ਪੈਜ ਰਖਦਾ ਆਇਆ ਰਾਮ ਰਾਜੇ।[42]

ਰਾਮੁ ਰਾਜਾ ਨਉ ਨਿਧਿ ਮੇਰੈ।[43]

ਰਾਮਿ ਨਾਮਿ ਚਿਤ ਰਾਪੈ ਜਾ ਕਾ।

ਉਪਜੰਪਿ ਦਰਸਨ ਕੀਜੈ ਤਾ ਕਾ।

ਰਾਮ ਨਾਮ ਜਪਹੁ ਅਭਾਗੁ ਤੁਮਾਰਾ।

ਜੁਗਿ ਜੁਗਿ ਦਾਤਾ ਪ੍ਰਭੁ ਰਾਮੁ ਹਮਾਰਾ।[44]

ਭਾਵੇਂ ਉਪਰੋਕਤ ਨਾਂ ਪ੍ਰਭੂ ਨੂੰ ਸੰਬੋਧਨ ਕਰਕੇ ਪੇਸ਼ ਕੀਤੇ ਗਏ ਹਨ ਪਰ ਇਸ ਤੋਂ ਇਲਾਵਾ ਭਗਤ ਵਸਲਤਾ ਦੇ ਪ੍ਰਸੰਗ ਵਿਚ ਵੀ ਇਹ ਨਾਂ ਪੇਸ਼ ਕੀਤੇ ਗਏ ਹਨ। ਗੁਰੂ ਸਾਹਿਬ ਬ੍ਰਹਮ ਲਈ 'ਰਾਮ' ਨਾਂ ਵਰਤਦੇ ਹੋਏ ਬ੍ਰਹਮ ਨੂੰ ਸਾਰੀਆਂ ਮੁਸ਼ਕਲਾਂ ਦਾ ਹੱਲ ਕਰਨ ਵਾਲਾ ਦਰਸਾਅ ਕੇ।

ਨਿਰਗੁਣ ਬ੍ਰਹਮ ਦੀ ਭਗਤੀ ਨੂੰ ਦ੍ਰਿੜ੍ਹ ਕਰਵਾਉਣਾ ਚਾਹੁੰਦੇ ਹਨ। ਇਸੇ ਲਈ ਆਪ ਰਾਮ ਨਾਲ ਸਬੰਧਿਤ ਮਿੱਥਕ ਹਵਾਲੇ ਦਿੰਦੇ ਹਨ। ਇਨ੍ਹਾਂ ਵਿਚ ਇਕ ਮਿੱਥ ਕਥਾ ਇਸ ਪਕਾਰ ਹੈ। ਪ੍ਰਚੱਲਿਤ ਮਿੱਥ ਕਥਾ ਅਨੁਸਾਰ ਸ੍ਰੀ ਰਾਮ ਚੰਦਰ ਨੇ ਬਦੀ ਦੇ ਪ੍ਰਤੀਕ ਰਾਵਣ ਦਾ ਨਾਸ ਕਰਕੇ ਅੰਤ ਭਗਤੀ ਭਾਵ ਨਾਲ ਸਬੰਧਿਤ ਬਭੀਖਣ ਨੂੰ ਰਾਜ ਦਿੱਤਾ। ਇਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਨਣ ਆਉਂਦਾ ਹੈ:

ਗੁਰਮੁਖਿ ਬਾਧਿਓ ਸੇਤੁ ਬਿਧਾਤੈ। ਲੰਕਾ ਲੂਟੀ ਦੈਤ ਸੰਤਾਪੈ।

ਰਾਮਚੰਦਿ ਮਾਰਿਓ ਅਹਿ ਰਾਵਣ। ਭੇਦੁ ਬਭੀਖਣ ਗੁਰਮਖਿ ਪਰਚਾਇਣ।[45] ਸ੍ਰੀ 'ਕ੍ਰਿਸ਼ਨ' ਅਵਤਾਰ ਬਾਰੇ ਵੀ ਸਾਕਾਰਾਤਮਕ ਦ੍ਰਿਸ਼ਟੀਕੋਣ ਵੇਖਣ ਨੂੰ ਮਿਲਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਕ੍ਰਿਸ਼ਨ ਜੀ ਦੇ ਨਾਂ ਵਿਅਕਤਿਕ ਅਤੇ ਨਿਰਵਿਅਕਤਿਕ ਰੂਪ ਵਿਚ ਆਏ ਹਨ ਜਿਵੇਂ: 'ਕਾਨ', 'ਮੋਹਨ', 'ਗੋਪਾਲ', 'ਮੁਰਾਰ', 'ਸਿਆਮ', 'ਸੁੰਦਰ', 'ਸਮੀਆ', 'ਪੰਜੇ', 'ਦਮੋਦਰ', 'ਮਧਸੂਦਨ', 'ਰਿਖੀਕੇਸ', 'ਵਾਸੁਦੇਵ', 'ਬੀਠਲ', 'ਏਕੰਕਾਰ', 'ਜਗਦੀਪਾ', 'ਮੁਰਲੀ ਮਨੋਹਰ', 'ਹਰੀ', 'ਗੋਵਰਧਨ', ਮਾਧੋ ਆਦਿ।

ਸ੍ਰੀ ਕ੍ਰਿਸ਼ਨ ਜੀ ਬਾਰੇ ਵਰਨਣ ਦਰੋਪਦੀ ਦੀ ਰੱਖਿਆ ਕਰਨ ਹਿਤ ਆਉਂਦਾ ਹੈ। ਇਕ ਮਿੱਥ ਕਥਾ ਅਨੁਸਾਰ, "ਦਰੋਪਦੀ ਪੰਜਾਂ ਪਾਂਡਵਾਂ ਦੀ ਪਤਨੀ ਸੀ, ਕੌਰਵਾਂ ਦੇ ਰਾਜੇ ਦੁਰਯੋਧਨ ਨਾਲ ਪਾਂਡਵ ਜੂਆ ਖੇਡਣ ਲੱਗੇ ਤੇ ਦਰੋਪਦੀ ਨੂੰ ਵੀ ਇਨ੍ਹਾਂ ਜੂਏ ਵਿਚ ਹੀ ਲਾ ਦਿੱਤਾ। ਇਸ ਕਰਕੇ ਇਸ ਨੂੰ ਦੁਰਯੋਧਨ ਦੀ ਦਾਸੀ ਬਣਨਾ ਪਿਆ। ਦੁਰਯੋਧਨ ਨੂੰ ਅਚਾਰ ਵਿਹਾਰ ਦਾ ਕੋਈ ਖਿਆਲ ਨਾ ਰਿਹਾ। ਇਸ ਲਈ ਉਸਨੇ ਧਿੰਗਜੋਰੀ ਦਰੋਪਦੀ ਨੂੰ ਸਭਾ ਵਿਚ ਬੁਲਾਇਆ ਤੇ ਬੇਪਤ ਕਰਨ ਲਈ ਕਪੜੇ ਉਤਾਰਨ ਦਾ ਹੁਕਮ ਦਿੱਤਾ। ਦਰੋਪਦੀ ਨੇ ਕ੍ਰਿਸ਼ਨ ਭਗਵਾਨ ਅੱਗੇ ਅਰਦਾਸ ਕੀਤੀ। ਭਗਵਾਨ ਨੇ ਆਪਣੇ ਕੌਤਕ ਰਾਹੀਂ ਦਰੋਪਦੀ ਨੂੰ ਨਗਨ ਹੋਣ ਤੋਂ ਬਚਾਇਆ।[46] ਇਸ ਬਾਬਤ ਗੁਰੂ ਗ੍ਰੰਥ ਸਾਹਿਬ ਹਵਾਲਾ ਇਸ ਤਰ੍ਹਾਂ ਮਿਲਦਾ ਹੈ:

ਜਿਉ ਪਕਰਿ ਦ੍ਰੋਪਤੀ ਦੁਸਟਾਂ ਆਨੀ

ਹਰਿ ਹਰਿ ਲਾਜ ਨਿਵਾਰੇ।[47]

ਇਸੇ ਤਰ੍ਹਾਂ ਕ੍ਰਿਸ਼ਨ ਜੀ ਦੁਆਰਾ 'ਕੁਬਜਾਂ' ਦਾ ਉਧਾਰ ਕਰਨ ਹਿਤ ਗੁਰੂ-ਬਾਣੀ ਵਿਚ ਵਰਨਣ ਆਉਂਦਾ ਹੈ। ਇਕ ਮਿੱਥ ਕਥਾ ਅਨੁਸਾਰ, "ਕੁਬਜਾਂ ਰਾਜੇ ਕੰਸ ਦੀ ਮਾਲਣ ਸੀ। ਕੰਸ ਦੇ ਮਰਨ ਤੋਂ ਬਾਅਦ ਉਹ ਪਿਆਰ ਨਾਲ ਸ੍ਰੀ ਕ੍ਰਿਸ਼ਨ ਲਈ ਫੁੱਲ ਆਦਿ ਲਿਆਉਂਦੀ ਰਹੀ। ਸ੍ਰੀ ਕ੍ਰਿਸ਼ਨ ਜੀ ਉਸਦੀ ਸੇਵਾ ਨਾਲ ਖੁਸ਼ ਹੋਏ ਅਤੇ ਇਕ ਦਿਨ ਉਨ੍ਹਾਂ ਨੇ ਉਸ ਦੇ ਅੰਗੂਠੇ ਉਤੇ ਆਪਣਾ ਪੈਰ ਰੱਖ ਕੇ ਠੋਡੀ ਨੂੰ ਹੋਠਾਂ ਤੋਂ ਉਪਰ ਝਟਕਾ ਦਿੱਤਾ ਅਤੇ ਉਸ ਦਾ ਕੁਬ ਕੱਢ ਦਿੱਤਾ।"[48]

ਕੁਬਜਿਾ ਉਸਰੀ ਅੰਗੁਸਟ ਧਾਰ।[49]

ਉਪਰੋਕਤ ਤੋਂ ਇਲਾਵਾ ਸ੍ਰੀ ਕ੍ਰਿਸ਼ਨ ਜੀ ਬਾਰੇ ਸਾਕਾਰਾਤਮਕ ਵਰਨਣ ਬਦੀ ਦੇ ਪ੍ਰਤੀਕ 'ਕੰਸ' ਨੂੰ ਮਾਰਨ ਹਿਤ ਆਉਂਦਾ ਹੈ। ਇਕ ਮਿੱਥ ਕਥਾ ਅਨੁਸਾਰ, "ਕੰਸ ਮਥਰਾ ਦੇ ਰਾਜੇ ਨੇ ਉਗ੍ਰਸੈਨ ਦਾ ਪੁੱਤਰ ਸੀ, ਜੋ ਪਿਛਲੇ ਜਨਮ ਵਿਚ ਕਾਲਨੇਮ ਦੈਂਤ ਸੀ। ....... । ਇਕ ਵਾਰ ਜੋਤਸ਼ੀਆਂ ਇਸ ਨੂੰ ਦੱਸਿਆ ਕਿ ਤੇਰੀ ਭੈਣ ਦੇਵਕੀ ਦਾ ਪੁੱਤਰ ਤੇਰਾ ਕਾਤਿਲ ਬਣੇਗਾ। ਇਸ ਕਰਕੇ ਇਸ ਨੇ ਆਪਣੀ ਭੈਣ ਦੇਵਕੀ ਅਤੇ ਉਸ ਦੇ ਪਤੀ ਨੂੰ ਕੈਦ ਵਿਚ ਸੁੱਟ ਦਿੱਤਾ। ਇਸ ਦੇ ਛੇ ਬੱਚੇ ਹੋਏ ਜੋ ਵਾਰੀ-ਵਾਰੀ ਮਰਵਾ ਦਿੱਤੇ ਗਏ। ਸੱਤਵਾਂ ਬੱਚਾ ਬਲਭੱਦ੍ਰ ਸੀ ਜਿਸ ਨੂੰ ਕਿਸੇ ਤਰੀਕੇ ਨਾਲ ਬਚਾਕੇ ਬਾਹਰ ਭੇਜ ਦਿੱਤਾ ਗਿਆ ਤੇ ਵਾਸੁਦੇਵ ਦੀ ਦੂਜੀ ਪਤਨੀ ਰੋਹਣੀ ਨੇ ਇਸ ਦੀ ਪਾਲਣਾ ਕੀਤੀ। ਅੱਠਵੀਂ ਥਾਂ ਕ੍ਰਿਸ਼ਨ ਜੀ ਪੈਦਾ ਹੋਏ ..... । ਸ੍ਰੀ ਕ੍ਰਿਸ਼ਨ ਦੇ ਧਨੁੱਖ ਯੱਗ ਵਿਚ ਪੁੱਜ ਕੇ ਕੰਸ ਨੂੰ ਕੇਸਾਂ ਤੋਂ ਪਕੜ ਲਿਆ ਤੇ ਥਾਂ ਪਟਕਾ ਮਾਰਿਆ ਅਤੇ ਉਹ ਮਰ ਗਿਆ। ਰਾਜਾ ਉਗ੍ਰਸੈਨ ਜੋ ਕ੍ਰਿਸ਼ਨ ਜੀ ਦਾ ਨਾਨਾ ਲੱਗਦਾ ਸੀ ਤੇ ਉਂਜ ਭਗਤੀ ਭਾਵ ਵਾਲਾ ਸੀ, ਨੂੰ ਬੰਦੀਖਾਨੇ ਵਿਚੋਂ ਕੱਢ ਕੇ ਰਾਜ-ਗੱਦੀ ਉਤੇ ਬਿਠਾਇਆ।[50] ਇਸ ਮਿੱਥ ਕਥਾ ਬਾਰੇ ਵਰਨਣ ਇਸ ਕਾਰਜ ਦੀ ਉਸਤਿਤ ਗੁਰੂ-ਬਾਣੀ ਵਿਚ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ:

ਦੁਆਪੁਰਿ ਕ੍ਰਿਸਨ ਮੁਰਾਰਿ ਕੰਸ ਕ੍ਰਿਤਾਰਥ ਕੀਓ,

ਉਗ੍ਰਸੈਣ ਕਉ ਰਾਜੁ, ਅਭੈ ਭਗਤਹ ਜਨ ਦੀਓ।[51]

ਇਸੇ ਤਰ੍ਹਾਂ 'ਗਨਕਾ' ਵੇਸਵਾ ਦਾ ਉਧਾਰ ਕਰਨ ਬਾਰੇ ਵਰਨਣ ਸਿੱਖ-ਗੁਰੂ-ਬਾਣੀ ਵਿਚ ਆਉਂਦਾ ਹੈ। ਇਕ ਮਿੱਥ ਕਥਾ ਅਨੁਸਾਰ 'ਗਨਕਾ' ਇਕ ਸੁੰਦਰ ਵੈਸ਼ਿਆ ਸੀ, ਜੋ ਬੜਾ ਭੈੜਾ ਜੀਵਨ ਬਤੀਤ ਕਰਦੀ ਸੀ। ਉਸ ਨੂੰ ਸ਼ਰਮ ਧਰਮ ਦਾ ਕੋਈ ਖਿਆਲ ਨਹੀਂ ਸੀ। ਇਕ ਵਾਰ ਅਚਾਨਕ ਉਸ ਦੇ ਘਰ ਸੰਤ ਮਹਾਂ-ਪੁਰਸ਼ ਆ ਗਏ। ਉਨ੍ਹਾਂ ਵੈਸ਼ਿਆ ਦੀ ਸਾਰੀ ਹਾਲਤ ਤੱਕੀ ਤੇ ਮਨ ਹੀ ਮਨ ਵਿਚ ਉਸ ਦਾ ਇਲਾਜ ਸੋਚਿਆ। ਉਨ੍ਹਾਂ ਆਪਣਾ ਪਾਲਿਆ ਹੋਇਆ ਤੋਤਾ ਉਸ ਨੂੰ ਦੇਂਦਿਆਂ ਕਿਹਾ ਕਿ ਅੱਗੋਂ ਲਈ ਤੂੰ ਇਸ ਨੂੰ ਰਾਮ-ਰਾਮ ਸਿਖਾਇਆ ਕਰ। ਤੇਰਾ ਉਧਾਰ ਹੋ ਜਾਵੇਗਾ। ਸੰਤਾਂ ਦੀ ਸਿੱਖਿਆ ਦਾ ਅਜਿਹਾ ਪ੍ਰਭਾਵ ਪਿਆ ਕਿ ਉਹ ਰਾਮ ਸਿਖਾਉਂਦੀ ਖੁਦ ਰਾਮ ਨਾਲ ਇਕਮਿਕ ਹੋ ਗਈ ਤੇ ਉਸ ਨੇ ਵਿਸ਼ੇ ਵਿਕਾਰਾਂ ਦਾ ਗੰਦਾ ਚੋਲਾ ਉਤਾਰ ਦਿੱਤਾ।[52] ਇਸ ਮਿੱਥ ਕਥਾ ਬਾਰੇ ਗੁਰੂ-ਬਾਣੀ ਵਿਚ ਇਸ ਤਰ੍ਹਾਂ ਵਰਨਣ ਮਿਲਦਾ ਹੈ:

ਗਨਿਕਾ ਉਧਰੀ ਹਰਿ ਕਹੈ ਤੋਤ।[53]

ਉਪਰੋਕਤ ਤੋਂ ਇਲਾਵਾ ਸ੍ਰੀ ਕ੍ਰਿਸ਼ਨ ਦੁਆਰਾ ਆਪਣੇ ਭਗਤ 'ਬਿਦਰ' ਦੇ ਗੁਣਾਂ ਤੇ ਮੋਹਿਤ ਹੋ ਕੇ ਦੁਰਯੋਧਨ ਦੇ ਘਰ ਦਾ ਵਧੀਆ ਭੋਜਨ ਛੱਕ ਕੇ 'ਬਿਦਰ' ਪਾਸੋਂ ਅਲੂਣਾ ਸਾਗ ਸਵੀਕਾਰ ਕਰਨ ਬਾਰੇ ਵਰਨਣ ਵੀ ਗੁਰੂ-ਬਾਣੀ ਵਿਚ ਮਿਲਦਾ ਹੈ। ਇਕ ਮਿੱਥ ਕਥਾ ਅਨੁਸਾਰ 'ਬਿਦਰ' ਬਿਆਸ ਰਿਸ਼ੀ ਦਾ ਪੁੱਤਰ ਸੀ। ......... ਇਹ ਸਦਾ ਕੌਰਵਾਂ ਪਾਂਡਵਾਂ ਨੂੰ ਆਪਸ ਵਿਚ ਠੀਕ ਵਿਉਹਾਰ ਕਰਨ ਦੀ ਸਿੱਖਿਆ ਦਿੰਦਾ ਰਹਿੰਦਾ ਸੀ। ਜਦ ਪਾਂਡਵਾਂ ਨੂੰ ਦੁਰਯੋਧਨ ਨੇ ਲਾਖ ਦੇ ਕਿਲ੍ਹੇ ਅੰਦਰ ਸਾੜਨ ਦੀ ਸਾਜ਼ਸ ਕੀਤੀ 'ਤਦੋਂ' ਇਸ ਨੇ ਬਚਾਇਆ। ਜਦੋਂ ਦੁਸਾਸ਼ਨ ਦਰੋਪਤੀ ਨੂੰ ਬੇਪਤ ਕਰਨ ਲਈ ਸਭਾ ਵਿਚ ਲਿਆਇਆ। ਤਦੋਂ ਬਿਦਰ ਨੇ ਹੀ ਇਸ ਕੁਕਰਮ ਵਿਰੁਧ ਆਵਾਜ਼ ਉਠਾਈ। ਸ੍ਰੀ ਕ੍ਰਿਸ਼ਨ ਜੀ ਨੇ ਬਿਦਰ ਦੇ ਉੱਚੇ ਆਚਾਰ ਨੂੰ ਤਰਜੀਹ ਦਿੰਦਿਆਂ ਰਾਜੇ ਦੁਰਯੋਧਨ ਦੀ ਥਾਂ ਬਿਦਰ ਦੇ ਘਰ ਟਿਕਾਣਾ ਕੀਤਾ ਤੇ ਉਸ ਦੇ ਸਾਦੇ ਸਾਗ ਨੂੰ ਪ੍ਰਵਾਨ ਕੀਤਾ।[54] ਇਸ ਬਾਬਤ ਗੁਰੂ-ਬਾਣੀ ਵਿਚ ਇਸ ਤਰ੍ਹਾਂ ਵਰਨਣ ਮਿਲਦਾ ਹੈ:

ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖ ਬਿਹਾਤ।[55]

ਪੂਛਹੁ ਬਿਦਰ ਦਾਸੀ ਸੁਤੈ ਕ੍ਰਿਸਨੁ ਉਤਰਿਆ ਘਰ ਜਿਸੁ ਜਾਇ।[56]

ਸ੍ਰੀ ਕ੍ਰਿਸ਼ਨ ਜੀ ਦੁਆਰਾ 'ਬਧਿਕ' ਦਾ ਉਧਾਰ ਕਰਨ ਬਾਰੇ ਵਰਨਣ ਗੁਰੂ-ਬਾਣੀ ਵਿਚ ਮਿਲਦਾ ਹੈ। ਇਕ ਮਿੱਥ ਕਥਾ ਅਨੁਸਾਰ ਜਦੋਂ ਸ੍ਰੀ ਕ੍ਰਿਸ਼ਨ ਜੀ ਦੀ ਕੁਲ ਦੇ ਸਾਰੇ ਯਾਦਵ ਪਰਭਾਸ ਖੇਤਰ ਵਿਚ ਸ਼ਰਾਬ ਪੀ ਕੇ ਆਪਸ ਵਿਚ ਲੜ ਮਰੇ ਤਾਂ ਸ੍ਰੀ ਕ੍ਰਿਸ਼ਨ ਜੀ ਉਦਾਸ ਹੋ ਕੇ ਨੇੜੇ ਦੇ ਜੰਗਲਾਂ ਵਿਚ ਜਾ ਲੰਮੇ ਪਏ। ਬਧਿਕ ਨੇ ਹਿਰਨ ਦਾ ਸ਼ਿਕਾਰ ਕਰਦਿਆਂ ਇਕ ਤੀਰ ਮਾਰਿਆ, ਜੋ ਕਿ ਸ੍ਰੀ ਕ੍ਰਿਸ਼ਨ ਜੀ ਦੇ ਪੈਰ ਵਿਚ ਲੱਗਾ। ਬਧਿਕ ਬੜਾ ਪਛਤਾਇਆ। ਪਰ ਸ੍ਰੀ ਕ੍ਰਿਸ਼ਨ ਜੀ ਨੇ ਉਸ ਨੂੰ ਬਖਸ਼ ਦਿੱਤਾ ਤੇ ਮੁਕਤੀ ਪ੍ਰਦਾਨ ਕੀਤੀ।[57] ਇਸ ਮਿੱਥ ਕਥਾ ਬਾਰੇ ਸਿੱਖ ਗੁਰੂ ਸਾਹਿਬਾਨ ਨੇ ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਵਰਨਣ ਕੀਤਾ ਹੈ:

ਬਧਿਕੁ ਉਧਾਰਿਓ ਖਮਿ ਪ੍ਰਹਾਰ।[58]

ਗੁਰੂ-ਬਾਣੀ ਵਿਚ ਸ੍ਰੀ ਕ੍ਰਿਸ਼ਨ ਦੁਆਰਾ 'ਸੁਦਾਮਾ' ਦਾ ਉਧਾਰ ਕਰਨ ਹਿਤ ਵੀ ਉਲੇਖ ਮਿਲਦਾ ਹੈ। ਇਕ ਮਿੱਥ ਕਥਾ ਅਨੁਸਾਰ 'ਸੁਦਾਮਾ' ਇਕ ਗਰੀਬ ਬ੍ਰਾਹਮਣ ਸੀ ਜੋ ਕ੍ਰਿਸ਼ਨ ਜੀ ਦੇ ਬਚਪਨ ਦਾ ਮਿਤਰ ਸੀ। ਗਰੀਬੀ ਨੇ ਸੁਦਾਮੇ ਦਾ ਖਹਿੜਾ ਨਾ ਛੱਡਿਆ। ਇਕ ਦਿਨ ਇਨ੍ਹਾਂ ਦੀ ਘਰ ਵਾਲੀ ਨੇ ਪ੍ਰੇਰਨਾ ਦਿੱਤੀ ਕਿ ਤੁਸੀਂ ਆਖਦੇ ਹੋ ਕਿ ਸ੍ਰੀ ਕ੍ਰਿਸ਼ਨ ਤੁਹਾਡੇ ਪੁਰਾਣੇ ਮਿਤਰ ਹਨ ਤਾਂ ਤੁਸੀਂ ਉਨ੍ਹਾਂ ਦੀ ਸਹਾਇਤਾ ਕਿਉਂ ਨਹੀਂ ਲੈਂਦੇ। ਘਰ ਵਾਲੀ ਦੀ ਗੱਲ ਮੰਨ ਕੇ ਸੁਦਾਮਾ ਥੋੜ੍ਹੇ ਜਿਹੇ ਚੌਲ ਪੋਟਲੀ ਵਿਚ ਬੰਨ੍ਹ ਕੇ ਦੁਆਰਕਾ ਨੂੰ ਤੁਰ ਪਿਆ। ਅੱਗੇ ਜਦ ਰਾਜ-ਦੁਆਰ ਨੇ ਜਾ ਕੇ ਖਬਰ ਦਿੱਤੀ ਤਾਂ ਸ੍ਰੀ ਕ੍ਰਿਸ਼ਨ ਜੀ ਆਪ ਸਿੰਘਾਸਨ ਤੋਂ ਉੱਠ ਕੇ ਆਪਣੇ ਮਿਤਰ ਨੂੰ ਲੈਣ ਆਏ। ਗਲਵਕੜੀ ਪਾ ਕੇ ਮਿਲੇ ਤੇ ਆਪਣੇ ਦੋਸਤ ਦੇ ਲਿਆਂਦੇ ਚੌਲ ਆਪ ਨੇ ਆਦਰ ਨਾਲ ਪ੍ਰਵਾਨ ਕੀਤੇ। ਸੁਦਾਮਾ ਕੁਝ ਦਿਨ ਦੁਆਰਕਾ ਠਹਿਰਿਆ। ਕਹਿੰਦੇ ਹਨ ਜਦ ਉਹ ਵਾਪਸ ਆਪਣੇ ਘਰ ਆਇਆ ਤਾਂ ਉਸ ਦੀ ਕੱਖਾਂ ਕਾਨਿਆਂ ਦੀ ਕੁਟੀਆ ਸੁੰਦਰ ਮਹੱਲ ਬਣ ਚੁੱਕੀ ਸੀ। ਇਸ ਤਰ੍ਹਾਂ

ਭਗਵਾਨ ਕ੍ਰਿਸ਼ਨ ਨੇ ਅਪਣੇ ਪਿਆਰੇ ਮਿਤਰ ਦੀ ਕੰਗਾਲੀ ਨੂੰ ਦੂਰ ਕੀਤਾ।[59] ਸਿੱਖ ਗੁਰੂ ਸਾਹਿਬਾਨ ਇਸ ਮਿੱਥ ਕਥਾ ਬਾਰੇ ਇਸ ਤਰ੍ਹਾਂ ਬਿਆਨ ਕਰਦੇ ਹਨ:

ਦਾਲਦੁ ਭੰਜਿ ਸੁਦਾਮੇ ਮਿਲਿਓ ਭਗਤੀ ਭਾਇ ਤਰੇ।[60]

ਉਪਰੋਕਤ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਿੱਖ ਗੁਰੂ ਸਾਹਿਬਾਨ ਨੇ ਸਮੇਂ ਦੀ ਨਜਾਕਤ ਨੂੰ ਸਮਝਦੇ ਹੋਏ ਦੇਵੀ-ਦੇਵਤਿਆਂ/ਅਵਤਾਰਾਂ ਪ੍ਰਤੀ ਸਾਕਾਰਾਤਮਕ ਦ੍ਰਿਸ਼ਟੀਕੋਣ ਅਪਣਾਇਆ ਹੈ, ਉਹ ਅਤੇ ਭਗਤ ਵਸਲਤਾ ਦੇ ਪ੍ਰਸੰਗ ਹਿਤ ਅਪਣਾਇਆ ਹੈ।

ਡਾ. ਮਨਮੋਹਨ ਸਿੰਘ ਸਹਿਗਲ ਲਿਖਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਉਸ ਸਮੇਂ ਦੇ ਪ੍ਰਚੱਲਿਤ ਨਾਵਾਂ ਦਾ ਆਦਰ ਸਹਿਤ ਸਮਰਥਨ ਇਸ ਲਈ ਕੀਤਾ ਗਿਆ ਹੈ ਕਿ ਵਿਅਕਤਿਕ ਦੇਵਵਾਦ ਨੂੰ ਇਕ ਬ੍ਰਹਮ ਦੇ ਰੂਪ ਵਿਚ ਪੇਸ਼ ਕਰਕੇ ਹਿੰਦੂਆਂ, ਮੁਸਲਮਾਨਾਂ ਜਾਂ ਹਿੰਦੂਆਂ, ਦੇ ਵੱਖ-ਵੱਖ ਮਤ-ਮਤਾਂਤਰਾਂ ਦੇ ਅੱਡ ਅੱਡ ਪੂਜਣ ਯੋਗ ਨਾਵਾਂ ਦੇ ਕਾਰਨ ਪੈਦਾ ਹੋਈ ਰੂਪ ਸਬੰਧੀ ਵੱਖਰਤਾ ਦੇ ਭਰਮ ਨੂੰ ਦੂਰ ਕੀਤਾ ਜਾ ਸਕੇ।[61]

ਡਾ. ਸ਼ੇਰ ਸਿੰਘ ਸ਼ੇਰ ਲਿਖਦੇ ਹਨ ਕਿ "ਗੁਰੂ ਸਾਹਿਬਾਨ ਨੇ ਇਹ ਸਾਰੇ ਨਾਉਂ ਇਕ ਅਕਾਲ ਪੁਰਖ ਲਈ ਹੀ ਵਰਤੇ ਹਨ। ਪੁਰਾਣੇ ਨਾਵਾਂ ਨੂੰ ਨਵੇਂ ਤੇ ਉਚੇਰੇ ਅਰਥਾਂ ਵਿਚ ਵਰਤਿਆ ਸੀ। ਕੁਦਰਤ-ਪੂਜਾ ਨਾਲ ਸਬੰਧ ਰੱਖਣ ਵਾਲੇ ਨਾਉਂ 'ਇੰਦਰ', 'ਰੁਦਰ', 'ਰਵਿੰਦ੍', 'ਭਾਨ', 'ਭਾਨ ਭਾਨੇ', 'ਸੁਰਜ', 'ਸੂਰਜ ਸੂਰਜੇ' ਆਦਿ ਹਨ। ਪੌਰਾਣਿਕ ਸਾਖੀਆਂ ਨਾਲ ਸਬੰਧਿਤ ਨਾਉਂ ਹਨ 'ਬਾਵਨ ਰੂਪ', 'ਬ੍ਰਾਹ', 'ਗਜਪਤਿ', 'ਨਰ ਸਿੰਘ', 'ਕੁਰਮ', 'ਮੱਛ', 'ਕੱਛ' 'ਚਤੁਰਭੁਜ', 'ਕਮਲਾਕੰਤ', 'ਲਖਮੀਬਰ', 'ਚਾਰ ਚਰਨ', 'ਅਸਪਤਿ', 'ਪੀਰ', 'ਚੱਕ੍ਰਧਰ, ਚੱਕ੍ਰ ਪਾਣਿ' ਆਦਿ ਹਨ।[62]

ਡਾ. ਕੁਲਵੰਤ ਸਿੰਘ ਲਿਖਦੇ ਹਨ ਕਿ "ਬਾਣੀ ਵਿਚ ਪ੍ਰਭੂ ਵਾਸਤੇ ਕਈ ਪੌਰਾਣਿਕ ਸ਼ਬਦ ਪਰਿਆਏਵਾਚੀ ਰੂਪ ਵਿਚ ਵਰਤੇ ਗਏ ਹਨ। ਅਜਿਹੇ ਸ਼ਬਦ ਭਾਰਤੀ ਪਰੰਪਰਾ ਵਿਚ ਮਿੱਥ ਕਥਾਵਾਂ ਤੋਂ ਬਾਹਰ ਪ੍ਰਭੂ ਦੇ ਗੁਣਵਾਚੀ ਨਾਵਾਂ ਦੇ ਸਰੂਪ ਵਿਚ ਰੂੜ੍ਹ ਹੋ ਚੁੱਕੇ ਹਨ। ਉਨ੍ਹਾਂ ਦਾ

ਅਰਥ ਵਿਸ਼ੇਸ਼ ਪੌਰਾਣਿਕ ਮਿੱਥਾਂ ਨਾਲ ਸਬੰਧਿਤ ਹੁੰਦਾ ਹੋਇਆ ਵੀ ਪ੍ਰਭੂ ਦਾ ਪ੍ਰਤੀਕ ਬਣ ਗਿਆ ਹੈ।"[63]

ਅੰਤ ਸਿੰਘ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਸਾਹਿਬਾਨ ਦੁਆਰਾ ਸਾਕਾਰਾਤਮਕ ਦ੍ਰਿਸ਼ਟੀਕੋਣ ਅਪਣਾਉਣਾ ਸਮੇਂ ਦੀ ਲੋੜ ਸੀ ਕਿਉਂਕਿ ਦੇਵੀ ਦੇਵਤੇ/ਅਵਤਾਰ ਲੋਕ ਮਨਾਂ ਵਿਚ ਵਸ ਚੁੱਕੇ ਸਨ। ਲੋਕ ਅਵਤਾਰਵਾਦੀ ਨਾਵਾਂ (ਰਾਮ, ਕ੍ਰਿਸ਼ਨ, ਵਿਸ਼ਨੂੰ, ਸ਼ਿਵ) ਦੀ ਸ਼ਰਧਾ ਸਹਿਤ ਪੂਜਾ ਕਰ ਰਹੇ ਸਨ। ਗੁਰੂ ਸਾਹਿਬ ਨੇ ਇਹ ਨਾਂ ਨਵੇਂ ਉਚੇਰੇ ਅਰਥਾਂ ਵਿਚ ਵਰਤੇ। ਆਪ ਨੇ ਇਨ੍ਹਾਂ ਨਾਵਾਂ ਨੂੰ ਪ੍ਰਤੀਕ ਦੇ ਤੌਰ ਤੇ ਵਰਤ ਕੇ ਬ੍ਰਹਮ ਦੀ ਉਸਤਿਤ ਕੀਤੀ ਹੈ। ਗਰੂ ਸਾਹਿਬਾਨ ਨੇ ਇਹ ਦ੍ਰਿਸ਼ਟੀਕੋਣ ਪ੍ਰਭੂ ਭਗਤ ਵਸਲਤਾ ਦੇ ਪ੍ਰਸੰਗ ਹਿਤ, ਨੇਕੀ ਦੀ ਬਦੀ ਉਤੇ ਜਿੱਤ, ਦੈਂਤਾਂ ਦਾ ਸੰਘਾਰ ਕਰਨ ਹਿੱਤ ਅਤੇ ਆਪਣੇ ਸਿਧਾਂਤ ਦੀ ਪ੍ਰੋੜ੍ਹਤਾ ਹਿਤ ਅਪਣਾਇਆ ਹੈ।

**ਨਾਕਾਰਾਤਮਕ ਦ੍ਰਿਸ਼ਟੀਕੋਣ:** ਗੁਰੂ-ਬਾਣੀ ਵਿਚ ਅਵਤਾਰ ਦੇਵੀ-ਦੇਵਤਿਆਂ ਪ੍ਰਤੀ ਨਾਕਾਰਾਤਮਕ ਦ੍ਰਿਸ਼ਟੀਕੋਣ ਵੀ ਮਿਲਦਾ ਹੈ। ਸਿੱਖ ਗੁਰੂ ਸਾਹਿਬਾਨ ਨੇ ਮੱਧ-ਕਾਲ ਸਮੇਂ ਅਵਤਾਰਾਂ/ਦੇਵੀ-ਦੇਵਤਿਆਂ ਪ੍ਰਤੀ ਪਾਏ ਅੰਧ-ਵਿਸ਼ਵਾਸਾਂ ਨੂੰ ਤੋੜਨ ਅਤੇ ਨਿਰਗੁਣਵਾਦੀ ਵਿਚਾਰਧਾਰਾ ਨੂੰ ਫੈਲਾਉਣ ਲਈ ਇਸ ਦ੍ਰਿਸ਼ਟੀਕੋਣ ਨੂੰ ਅਪਣਾਇਆ ਹੈ। ਗੁਰੂ ਸਾਹਿਬਾਨ ਨੇ ਬਹੁ-ਦੇਵੀ ਦੇਵਤਿਆਂ ਦੀ ਪੂਜਾ ਨੂੰ ਨਕਾਰਿਆ ਹੈ। ਉਹਨਾਂ ਨੇ ਇਹ ਦੱਸਿਆ ਕਿ ਸ੍ਰਿਸ਼ਟੀ ਨੂੰ ਚਲਾਉਣ ਵਾਲਾ ਕੇਵਲ ਇਕ ਪਰਮਾਤਮਾ ਹੈ, ਦੇਵੀ ਦੇਵਤੇ ਸਭ ਉਸਦੇ ਅਧੀਨ ਹਨ। ਗੁਰੂ ਸਾਹਿਬਾਨ ਨੇ ਇਹਨਾਂ ਅਵਤਾਰਾਂ ਨੂੰ ਹਉਮੈ, ਕਾਮ, ਕਰੋਧ, ਲੋਭ, ਮੋਹ ਵਿਚ ਲੀਨ ਦਰਸਾਇਆ ਹੈ। ਇਸ ਬਾਬਤ ਵਿਸਥਾਰ ਸਹਿਤ ਜਾਣਕਾਰੀ ਅਸੀਂ ਅੱਗੇ ਪ੍ਰਾਪਤ ਕਰਾਂਗੇ।

ਗੁਰੂ-ਬਾਣੀ ਵਿਚ ਹਰ ਅਵਤਾਰ/ਦੇਵੀ-ਦੇਵਤੇ ਦੀਆਂ ਊਣਤਾਈਆਂ ਦੀ ਪੇਸ਼ਕਾਰੀ ਇਸ ਪ੍ਰਕਾਰ ਮਿਲਦੀ ਹੈ। ਇਸ ਸੰਦਰਭ ਵਿਚ ਅਸੀਂ ਸਭ ਤੋਂ ਪਹਿਲਾਂ 'ਬ੍ਰਹਮਾ' ਦੇਵਤੇ ਬਾਰੇ ਵਿਚਾਰ ਕਰ ਰਹੇ ਹਾਂ।

'ਬ੍ਰਹਮਾ' ਹਿੰਦੂ ਦੇਵੀ ਦੇਵਤਿਆਂ ਵਿਚ ਸਭ ਤੋਂ ਮਹਾਨ ਦੇਵਤਾ ਹੈ। ਇਸ ਨੂੰ ਸ੍ਰਿਸ਼ਟੀ ਉਤਪੰਨ ਕਰਨ ਵਾਲਾ ਦੇਵਤਾ ਮੰਨਿਆ ਜਾਂਦਾ ਹੈ। ਇਕ ਮਿੱਥ ਕਥਾ ਅਨੁਸਾਰ ਜਦੋਂ ਬ੍ਰਹਮਾ ਦੀ ਉਤਪਤੀ ਨਾਭ ਕਮਲ ਤੋਂ ਹੋਈ ਤਾਂ ਉਸ ਨੇ ਇਸ ਗਲ ਨੂੰ ਮੰਨਣੋ ਇਨਕਾਰ ਕਰਦਿਆਂ ਨਾਭੀ ਨੂੰ ਹੀ ਅਹੰਕਾਰ ਵਿਚ ਲੱਤ ਕੱਢ ਮਾਰੀ। ਬ੍ਰਹਮਾ ਕਮਲ ਦੀ ਨਾਭੀ ਵਿਚ ਲਹਿ ਗਿਆ ਅਤੇ, ਕਈ ਯੁਗਾਂ ਤੱਕ ਹੇਠਾਂ ਉਤਰਨ ਦੇ ਬਾਵਜੂਦ ਉਹ ਨਾਭੀ ਦਾ ਅੰਤਲਾ ਸਿਰਾ ਨਾ ਲੱਭ ਸਕਿਆ। ਬ੍ਰਹਮ ਦੇ ਨਾਭੀ ਵਿਚ ਖੁਭਣ ਤੋਂ ਲੈ ਕੇ ਬਾਹਰ ਨਿਕਲਣ ਤੱਕ ਛੱਤੀ ਯੁਗ ਤੱਕ ਸੰਸਾਰ ਵਿਚ ਅੰਧਕਾਰ ਛਾਇਆ ਰਿਹਾ। ਅਖੀਰ ਬ੍ਰਹਮਾ ਦਾ ਅਹੰਕਾਰ ਟੁਟਿਆ।[64] ਗੁਰੂ ਸਾਹਿਬਾਨ ਇਸ ਮਿੱਥ ਕਥਾ ਵੱਲ ਸੰਕੇਤ ਕਰਦੇ ਹੋਏ ਬ੍ਰਹਮਾ ਦੇ ਹੰਕਾਰ ਦੀ ਪ੍ਰਸਤੁਤੀ ਇਸ ਤਰ੍ਹਾਂ ਕਰਦੇ ਹਨ:

ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ। ਬ੍ਰਹਮ ਕਮਲੁ ਪਇਆਲ ਨ ਪਾਇਆ।
ਆਗਿਆ ਨਹੀ ਲੀਨੀ ਭਰਮ ਭੁਲਾਇਆ।[65]

ਗੁਰੂ ਸਾਹਿਬਾਨ ਅੱਗੇ ਲਿਖਦੇ ਹਨ ਕਿ ਬ੍ਰਹਮਾ ਵੀ ਮਰਨ ਜੰਮਣ ਦੇ ਚੱਕਰ ਵਿਚ ਰਿਹਾ ਅਤੇ ਕਈ ਵਾਰ ਇਸ ਸੰਸਾਰ 'ਤੇ ਆਇਆ। ਅਜਿਹਾ ਮਹਾਨ ਦੇਵਤਾ ਵੀ ਸ਼ਕਤੀ ਪ੍ਰਾਪਤ ਨਹੀਂ ਕਰ ਸਕਿਆ ਅਤੇ ਪ੍ਰਭੂ ਪਰਮਾਤਮਾ ਦਾ ਅੰਤ ਨਹੀਂ ਪਾ ਸਕਿਆ:

ਨਾਭਿ ਕਮਲ ਤੇ ਬ੍ਰਹਮਾ ਉਪਜੇ। ਬੇਦ ਪੜਹਿ ਮੁਖ ਕੰਠਿ ਸਵਾਰ।
ਤਾ ਕੋ ਅੰਤ ਨਾ ਜਾਈ ਲਖਣਾ ਆਵਤ ਜਾਤ ਰਹੇ ਗੁਬਾਰਿ।[66]

'ਇੰਦਰ' ਦੇਵਤੇ ਦੇ ਕਾਰਨਾਮਿਆਂ ਨੂੰ ਵੀ ਗੁਰਬਾਣੀ ਵਿਚ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ। ਇੰਦਰ ਦੇਵਤਾ ਜੋ ਕਿ ਦੇਵਤਿਆਂ ਵਿਚ ਸਭ ਤੋਂ ਲੋਕ ਪ੍ਰਿਯ ਹੈ। ਇਸ ਨੂੰ ਵਰਖਾ ਦਾ ਦੇਵਤਾ ਵੀ ਕਿਹਾ ਜਾਂਦਾ ਹੈ। ਇਕ ਮਿੱਥ ਕਥਾ ਅਨੁਸਾਰ, "ਅਹੱਲਿਆ ਗੌਤਮ ਰਿਸ਼ੀ ਦੀ ਪਤਨੀ ਸੀ। ਇੰਦਰ ਦੇਵਤੇ ਨੇ ਉਸ ਦੀ ਸੁੰਦਰਤਾ ਦੀ ਖਬਰ ਚੰਦਰਮਾ ਪਾਸੋਂ ਸੁਣੀ ਤੇ ਰਮਣ ਦਾ ਨਿਸ਼ਚਾ ਕੀਤਾ। ਉਸ ਦਾ ਮੇਲ ਅਸਾਨੀ ਨਾਲ ਨਹੀਂ ਸੀ ਹੋ ਸਕਦਾ। ਇਸ ਲਈ ਉਸ ਨੇ ਅਹੱਲਿਆ ਦੇ ਪਤੀ ਗੌਤਮ ਦਾ ਰੂਪ ਧਾਰਨ ਕੀਤਾ। ਕਈ ਥਾਈਂ ਵਰਨਣ ਆਉਂਦਾ ਹੈ ਕਿ ਚੰਦਰਮਾ ਨੇ ਇੰਦਰ

ਦੀ ਸਹਾਇਤਾ ਖਾਤਰ ਕੁੱਕੜ ਦਾ ਸਵਾਂਗ ਬਣਾਇਆ ਅਤੇ ਤੜਕਸਾਰ ਤੋਂ ਪਹਿਲਾਂ ਹੀ ਅੱਧੀ ਰਾਤ ਨੂੰ ਬਾਂਗ ਦਿੱਤੀ ਜਿਸ ਕਾਰਨ ਗੌਤਮ ਪੂਜਾ ਪਾਠ ਅਤੇ ਇਸ਼ਨਾਨ ਕਰਨ ਲਈ ਤੁਰ ਗਿਆ ਅਤੇ ਇੰਦਰ ਉਸ ਦੇ ਘਰ ਚਲਾ ਗਿਆ। ਗੌਤਮ ਨੂੰ ਜਦੋਂ ਇੰਦਰ ਦੀ ਚਾਲ ਦਾ ਪਤਾ ਲੱਗਾ ਤਾਂ ਉਸ ਨੇ ਇੰਦਰ ਨੂੰ ਸਰਾਪ ਦਿੱਤਾ ਕਿ ਤੂੰ ਇਥੇ ਇਕ ਭੱਗ ਖਾਤਰ ਆਇਆ ਹੈ, ਤੇਰੇ ਸਰੀਰ ਉਤੇ ਹਜ਼ਾਰਾਂ ਭੱਗਾਂ ਹੋ ਜਾਣ।"[67] ਗੁਰੂ ਸਾਹਿਬਾਨ ਉਪਰੋਕਤ ਕਾਰਜ ਦੀ ਨਿੰਦਾ ਕਰਦੇ ਹੋਏ ਇਸ ਮਿੱਥ ਕਥਾ ਵੱਲ ਸੰਕੇਤ ਇਸ ਤਰ੍ਹਾਂ ਕਰਦੇ ਹਨ:

ਗੌਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ।
ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ।[68]

'ਵਿਸ਼ਨੂੰ' ਦੇਵਤੇ ਬਾਰੇ ਵੀ ਇਸੇ ਤਰ੍ਹਾਂ ਦਾ ਦ੍ਰਿਸ਼ਟੀਕੋਣ ਦੇਖਣ ਨੂੰ ਮਿਲਦਾ ਹੈ, ਜਿਸ ਵਿਚ ਵਿਸ਼ਨੂੰ ਦੁਆਰਾ ਕੀਤੇ ਛਲ ਕਪਟ ਨੂੰ ਦਰਸਾਇਆ ਗਿਆ ਹੈ। ਇਕ ਮਿੱਥ ਕਥਾ ਅਨੁਸਾਰ 'ਰਾਜਾ ਬਲ' ਪ੍ਰਹਿਲਾਦ ਭਗਤ ਦਾ ਪੋਤਾ ਅਤੇ ਵਿਮੋਚਨ ਦਾ ਪੁੱਤਰ ਸੀ। ਇਸ ਨੇ ਬਹੁਤ ਯੱਗ ਕੀਤੇ। ਇਹ ਐਸਾ ਪ੍ਰਤਾਪੀ ਰਾਜਾ ਸੀ ਜਿਸ ਨੇ ਇੰਦਰ ਨੂੰ ਜਿੱਤ ਕੇ ਤਿੰਨ ਲੋਕਾਂ ਵਿਚ ਆਪਣਾ ਰਾਜ ਥਾਪਿਆ। ਇੰਦਰ ਸਾਰੇ ਦੇਵਤਿਆਂ ਨੂੰ ਲੈ ਕੇ ਵਿਸ਼ਨੂੰ ਭਗਵਾਨ ਦੀ ਸ਼ਰਨ ਵਿਚ ਗਿਆ ਅਤੇ ਆਪਣੀ ਦਰਦ ਭਰੀ ਕਹਾਣੀ ਸੁਣਾਈ। ਦੇਵਤਿਆਂ ਦੇ ਆਖੇ ਵਿਸ਼ਨੂੰ ਜੀ ਨੇ 'ਬਲਿ' ਨੂੰ ਛਲਣ ਲਈ 'ਵਾਮਨ' (ਬੋਣਾ) ਅਵਤਾਰ ਧਾਰਿਆ ਅਤੇ ਰਾਜਾ 'ਬਲਿ' ਤੋਂ ਢਾਈ ਅਥਵਾ ਤਿੰਨ ਕਦਮ ਜ਼ਮੀਨ ਮੰਗੀ। 'ਬਲਿ' ਨੇ ਦੈਂਤ ਗੁਰੂ 'ਸੁਕਰ' ਦੇ ਵਰਜਣ ਉਤੇ ਵੀ ਜਮੀਨ ਦੇਣ ਦਾ ਸੰਕਲਪ 'ਵਾਮਨ' ਜੀ ਨੂੰ ਦੇ ਦਿੱਤਾ। 'ਵਾਮਨ' ਨੇ ਆਪਣਾ ਸਰੀਰ ਵਧਾ ਕੇ ਦੋ ਕਦਮ ਨਾਲ ਪ੍ਰਿਥਵੀ ਅਤੇ ਅਕਾਸ਼ ਮਿਣ ਲਏ ਅਤੇ ਤੀਜੇ ਕਦਮ ਵਿਚ 'ਬਲਿ' ਦਾ ਸਰੀਰ ਮਾਪ ਕੇ ਲੈ ਲਿਆ।[69] ਵਿਸ਼ਨੂੰ ਦੇ ਇਸ ਛਲਕਪਟ ਦੇ ਕਾਰਜ ਵੱਲ ਸੰਕੇਤ ਗੁਰੂ ਸਾਹਿਬ ਇਸ ਤਰ੍ਹਾਂ ਕਰਦੇ ਹਨ:

ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪ ਬਹਾਨੈ।
ਕਿਉ ਪਇਆਲ ਜਾਇ ਕਿਉ ਛਲੀਐ ਜੇ ਬਲ ਰੂਪ ਪਛਾਨੈ।[70]

ਸ਼ਿਵ ਬਾਰੇ ਵੀ ਗੁਰੂ-ਬਾਣੀ ਵਿਚ ਨਾਕਾਰਾਤਮਕ ਦ੍ਰਿਸ਼ਟੀਕੋਣ ਮਿਲਦਾ ਹੈ। ਸ਼ਿਵ ਜਿਸ ਨੂੰ 'ਮਹਾਂਦੇਵ', 'ਰੁਦਰ', 'ਮਹੇਸ਼' ਆਦਿ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਕ ਮਿੱਥ ਕਥਾ ਅਨੁਸਾਰ ਸ਼ਿਵ ਦੀ ਪਤਨੀ ਪਾਰਵਤੀ ਨੇ ਆਪਣੇ ਸਰੀਰ ਦੀ ਮੈਲ ਤੋਂ ਇਕ ਬਾਲਕ ਬਣਾ ਕੇ ਦਰਵਾਜੇ ਉਪਰ ਪਹਿਰੇ ਲਈ ਬਿਠਾ ਦਿੱਤਾ। ਸ਼ਿਵ ਜਦ ਆਏ ਤਾਂ ਬਾਲਕ ਨੇ ਅੰਦਰ ਜਾਣੋਂ ਰੋਕਿਆ। ਇਸ ਪੁਰ ਮਹਾਂਦੇਵ ਨੇ ਗੁੱਸੇ ਵਿਚ ਬਾਲਕ ਦਾ ਸਿਰ ਵੱਡ ਦਿੱਤਾ। ਪਾਰਵਤੀ ਦਾ ਵਿਰਲਾਪ ਸੁਣ ਕੇ ਸ਼ਿਵ ਨੇ ਹਾਥੀ ਦਾ ਸਿਰ ਧੜ ਨਾਲ ਜੋੜ ਕੇ ਨਾਉਂ ਗਣੇਸ਼ ਥਾਪਿਆ।"[71] ਉਪਰੋਕਤ ਕਥਾ ਤੋਂ ਸ਼ਿਵ ਦੇ ਅਹੰਕਾਰ ਵਿਚ ਗੁਸੇ ਹੋਣ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਗੁਰੂ-ਬਾਣੀ ਵਿਚ ਵੀ ਸ਼ਿਵ ਦੇ ਅਹੰਕਾਰ ਨੂੰ ਇਸ ਤਰ੍ਹਾਂ ਦਰਸਾਇਆ ਹੈ:

ਮਹਾਦੇਉ ਗਿਆਨੀ ਵਰਤੈ ਘਰਿ ਆਪਣੈ ਤਾਮਸੁ ਬਹੁਤ ਅਹੰਕਾਰ।[72]

ਸ੍ਰੀ ਰਾਮ ਅਵਤਾਰ ਬਾਰੇ ਵੀ ਗੁਰੂ-ਬਾਣੀ ਵਿਚ ਨਾਕਾਰਾਤਮਕ ਦ੍ਰਿਸ਼ਟੀਕੋਣ ਦੇਖਣ ਵਿਚ ਆਇਆ ਹੈ। ਇਸ ਮਿੱਥ ਕਥਾ ਅਨੁਸਾਰ ਸ੍ਰੀ 'ਰਾਮ' ਰਾਜੇ 'ਦਸਰਥ' ਦੇ ਸੱਭ ਤੋਂ ਵੱਡੇ ਪੁੱਤਰ ਅਤੇ ਸੂਰਜ ਵੰਸ਼ੀ ਅਯੁੱਧਿਆ ਦੇ ਰਾਜਾ ਸਨ ਉਸ ਦਾ ਵਿਆਹ ਰਾਜਾ ਜਨਕ ਦੀ ਪੁੱਤਰੀ ਸੀਤਾ ਨਾਲ ਹੋਇਆ। ਉਹਨਾਂ ਨੇ ਆਪਣੀ ਮਤਰੇਈ ਮਾਂ ਕੈਕਈ ਦੇ ਕਾਰਣ 14 ਸਾਲ ਦਾ ਬਨਵਾਸ ਹੋਇਆ। ਬਨਵਾਸ ਸਮੇਂ ਉਹਨਾਂ ਦੀ ਪਤਨੀ ਦਾ ਹਰਨ ਸ੍ਰੀ ਲੰਕਾ ਦੇ ਰਾਜੇ 'ਰਾਵਣ' ਨੇ ਕੀਤਾ। ਅੰਤ ਉਹਨਾਂ ਨੂੰ ਸੰਗ੍ਰੀਵ ਅਤੇ ਹਨੂੰਮਾਨ ਦੀ ਸਹਾਇਤਾ ਲਈ। ਇਸ ਲੜਾਈ ਵਿਚ ਇਕ ਵਾਰ ਲਛਮਣ ਮੂਰਛਾ ਹੋ ਗਿਆ ਅਤੇ ਰਾਮ ਜੀ ਨੂੰ ਵਾਰਲਾਪ ਕਰਨਾ ਪਿਆ। ਅੰਤ ਰਾਵਣ ਨੂੰ ਮਾਰ ਕੇ ਸ੍ਰੀ ਰਾਮ ਚੰਦਰ ਨੇ ਜਿੱਤ ਪ੍ਰਾਪਤ ਕੀਤੀ ਅਤੇ ਸੀਤਾ ਨੂੰ ਵਾਪਸ ਲਿਆਂਦਾ ਗਿਆ।"[73] ਗੁਰੂ-ਬਾਣੀ ਵਿਚ ਸ੍ਰੀ ਰਾਮ ਜੀ ਦੁਆਰਾ ਉਪਰੋਕਤ ਕਸ਼ਟਾਂ ਸਮੇਂ ਰੋਣ ਕੁਰਲਾਉਣ ਬਾਰੇ ਵਰਨਣ ਇਸ ਤਰ੍ਹਾਂ ਕੀਤਾ ਗਿਆ ਹੈ:

ਰੋਵੈ ਰਾਮੁ ਨਿਕਾਲਾ ਭਇਆ। ਸੀਤਾ ਲਛਮਣੁ ਵਿਛੁੜਿ ਗਇਆ।[74]

ਮਨ ਮਹਿ ਝੂਰੈ ਰਾਮ ਚੰਦੁ ਸੀਤਾ ਲਛਮਣ ਜੋਗੁ।

ਹਣਵੰਤਰ ਆਰਾਧਿਆ ਆਇਆ ਕਰ ਸੰਯੋਗੁ।[75]

ਗੁਰੂ ਸਾਹਿਬਾਨ ਦਾ ਉਪਰੋਕਤ ਵਰਣਨ ਕਰਨ ਦਾ ਭਾਵ ਇਹ ਹੈ ਕਿ ਰਾਮ ਜਿਹੇ ਮਹਾਨ ਅਵਤਾਰ ਨੂੰ ਵੀ ਕਈ ਤਰ੍ਹਾਂ ਦੇ ਕਸ਼ਟ ਝਲਣੇ ਪਏ ਅਤੇ ਰੋਣਾ ਕੁਰਲਾਉਣਾ ਪਿਆ। ਗੁਰੂ ਸਾਹਿਬਾਨ ਫੁਰਮਾਉਂਦੇ ਹਨ ਕਿ ਜੇਕਰ ਸ੍ਰੀ ਰਾਮ ਆਪ ਪਰਮਾਤਮਾ ਹੁੰਦੇ ਤਾਂ ਉਨ੍ਹਾਂ ਨੂੰ ਉਪਰੋਕਤ ਕਸ਼ਟ ਨਾ ਝਲਣੇ ਪੈਂਦੇ ਅਤੇ ਸੀਤਾ ਨੂੰ ਛਡਾਉਣ ਲਈ ਹਨੂੰਮਾਨ ਦੀ ਸਹਾਇਤਾ ਨਾ ਲੈਣੀ ਪੈਂਦੀ। ਗੁਰੂ ਸਾਹਿਬ ਇਸ ਬਾਬਤ ਫੁਰਮਾਉਂਦੇ ਹਨ:

ਰਾਮੁ ਝੁਰੈ ਦਲ ਮੇਲਵੈ ਅੰਤਰਿ ਬਲੁ ਅਧਿਕਾਰ।
ਬੰਤਰ ਕੀ ਸੈਨਾ ਸੇਵੀਐ ਮਨਿ ਤਨ ਜੁਝ ਅਪਾਰੁ।
ਸੀਤਾ ਲੈ ਗਇਆ ਦਹਿਸਰੋ ਲਛਮਣੁ ਮੂਓ ਸਰਾਪਿ।
ਨਾਨਕ ਕਰਤਾ ਕਰਣਹਾਰ- ਕਰਿ ਵੇਖੈ ਥਾਪਿ ਉਥਾਪਿ।[76]

ਇਸ ਤਰ੍ਹਾਂ ਗੁਰੂ ਸਾਹਿਬਾਨ ਸ੍ਰੀ ਰਾਮ ਚੰਦਰ ਦੁਆਰਾ ਰਾਵਣ ਨੂੰ ਮਾਰਨ ਦੀ ਘਟਨਾ ਨੂੰ ਤੁਸ਼ ਮਾਤਰ ਦੱਸਦੇ ਹਨ। ਉਨ੍ਹਾਂ ਅਨੁਸਾਰ ਉਨ੍ਹਾਂ ਦਾ ਨਿਜੀ ਸੁਆਰਥ ਸੀ:

ਅੰਧੁਲੈ ਦਹਸਿਰਿ ਮੁੰਡੁ ਕਟਾਇਆ
ਰਾਵਣੁ ਮਾਰਿ ਕਿਆ ਵਡਾ ਭਇਆ। [77]

ਗੁਰੂ ਸਾਹਿਬਾਨ ਨੇ ਤਾਂ ਸ੍ਰੀ ਰਾਮ ਅਤੇ ਰਾਵਣ ਨੂੰ ਬਰਾਬਰ ਲਿਆ ਖੜ੍ਹਾ ਕੀਤਾ ਹੈ। ਉਨ੍ਹਾਂ ਅਨੁਸਾਰ ਸ੍ਰੀ ਰਾਮ ਵੀ ਰਾਵਣ ਦੀ ਤਰ੍ਹਾਂ ਆਮ ਮਨੁੱਖ ਹੀ ਸੀ ਜੋ ਨਿਜੀ ਸੁਆਰਥ ਹਿਤ ਲੜਦਾ ਰਿਹਾ ਅਤੇ ਰੋਂਦਾ ਕੁਰਲਾਉਂਦਾ ਰਿਹਾ ਅਤੇ ਉਹ ਵੀ ਆਮ ਮਨੁੱਖ ਦੀ ਤਰ੍ਹਾਂ ਇਸ ਸੰਸਾਰ ਤੋਂ ਚਲਾ ਗਿਆ। ਗੁਰੂ ਸਾਹਿਬਾਨ ਲਿਖਦੇ ਹਨ:

ਰਾਮੁ ਗਇਓ ਰਾਵਨੁ ਗਇਓ, ਜਾ ਕਉ ਬਹੁ ਪਰਿਵਾਰੁ
ਕਹੁ ਨਾਨਕ ਥਿਰੁ ਕਿਛੁ ਨਹੀ ਸੁਪਨੇ ਜਿਉ ਸੰਸਾਰ।[78]

ਸ੍ਰੀ ਕ੍ਰਿਸ਼ਨ ਅਵਤਾਰ ਬਾਰੇ ਵੀ ਗੁਰੂ-ਬਾਣੀ ਵਿਚ ਕਈ ਨਾਕਾਰਾਤਮਕ ਹਵਾਲੇ ਮਿਲਦੇ ਹਨ। ਗੁਰੂ ਸਾਹਿਬਾਨ ਚੰਦਰਾਵਲ ਅਤੇ ਸ੍ਰੀ ਕ੍ਰਿਸ਼ਨ ਦੀ ਮਿੱਥ ਕਥਾ ਵੱਲ ਸੰਕੇਤ ਕਰਦੇ ਹੋਏ ਸ੍ਰੀ ਕ੍ਰਿਸ਼ਨ ਦੇ ਛਲਕਪਟ ਦੇ ਕਾਰਜ ਦੀ ਪੇਸ਼ਕਾਰੀ ਕਰਦੇ ਹਨ। "ਚੰਦਰਾਵਲੀ ਇੰਦੰਮਤੀ ਦੇ ਉਦਰ ਤੋਂ ਪੈਦਾ ਹੋਈ ਚਦ੍ਰਭਾਨ ਦੀ ਕੰਨਿਆ, ਇਕ ਗੋਪੀ ਸੀ ਜਿਸ ਉਪਰ ਸ੍ਰੀ ਕ੍ਰਿਸ਼ਨ ਜੀ ਮੋਹਿਤ ਹੋ ਗਏ ਅਤੇ ਅਨੇਕ ਉਪਾਵਾਂ ਅਤੇ ਨੀਤੀਆਂ ਨਾਲ ਇਸ ਨੂੰ ਕ੍ਰਿਸ਼ਨ ਜੀ ਨੇ ਆਣ ਕਾਬੂ ਕੀਤਾ ਸੀ।[79] ਇਸ ਛਲਕਪਟ ਦੇ ਕਾਰਜ ਬਾਬਤ ਗੁਰੂ ਸਾਹਿਬਾਨ ਇਸ ਤਰ੍ਹਾਂ ਸੰਕੇਤ ਕਰਦੇ ਹਨ:

ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ਹ ਕ੍ਰਿਸਨੁ, ਜਾਦਮੁ ਭਇਆ।
ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ।[80]

ਇਸ ਤਰ੍ਹਾਂ ਗੁਰੂ ਸਾਹਿਬਾਨ ਕੰਸ ਨੂੰ ਮਾਰਨ ਵਰਗੇ ਕਾਰਜਾਂ ਨੂੰ ਤੁਛ ਦੱਸਦੇ ਹਨ ਉਹ ਫੁਰਮਾਉਂਦੇ ਹਨ : ( ਇਸ ਕਥਾ ਬਾਰੇ ਪਿਛੇ ਦੱਸਿਆ ਜਾ ਚੁੱਕਾ ਹੈ)

ਆਗੇ ਅੰਤੁ ਨਾ ਪਾਇਓ ਤਾ ਕਾ ਕੰਸੁ ਛੇਦਿ ਕਿਆ ਵਡਾ ਭਇਆ।[81]

ਉਪਰੋਕਤ ਦੀ ਤਰ੍ਹਾਂ ਗੁਰੂ ਸਾਹਿਬਾਨ ਸ੍ਰੀ ਕ੍ਰਿਸ਼ਨ ਦੁਆਰਾ 'ਕਾਲੀ ਨਾਗ' ਨੂੰ ਮਾਰਨ ਦੇ ਕਾਰਜ ਨੂੰ ਕੋਈ ਮਹਾਨ ਕਾਰਜ ਨਹੀਂ ਸਮਝਦੇ। ਇਕ ਮਿੱਥ ਕਥਾ ਅਨੁਸਾਰ 'ਕਾਲੀ ਨਾਗ ਗਰੜ ਭਗਵਾਨ ਤੋਂ ਡਰਦਾ ਹੋਇਆ ਬ੍ਰਿੰਦਾਬਨ ਦੇ ਲਾਗੇ ਜਮਨਾ ਨਦੀ ਵਿਚ ਸਪ ਆ ਗਿਆ ... ਇਕ ਦਿਨ ਸ੍ਰੀ ਕ੍ਰਿਸ਼ਨ ਜੀ ਨੇ ਇਸ ਜਹਿਰੀਲੇ ਨਾਗ ਤੋਂ ਛੁਟਕਾਰਾ ਪਾਉਣ ਲਈ ਗੇਂਦ ਖੇਡਦਿਆਂ ਖੇਡਦਿਆਂ ਜਮਨਾ ਨਦੀ ਵਿਚ ਸੁੱਟ ਦਿੱਤੀ ਅਤੇ ਇਸ ਨੂੰ ਫੜਨ ਲਈ ਮਗਰ ਛਾਲ ਮਾਰ ਦਿੱਤੀ। ਬਾਲਾਂ ਵਿਚ ਹਾਹਾਕਾਰ ਮਚ ਗਈ .... ਪਰ ਸ੍ਰੀ ਕ੍ਰਿਸ਼ਨ ਨੇ ਉਸਦੇ ਫੱਨਾਂ ਉਪਰ ਨਾਚ ਕਰਕੇ ਅੰਤ ਉਸ ਨੂੰ ਨੱਥ ਲਿਆ।[82] ਗੁਰੂ ਸਾਹਿਬਾਨ ਇਸ ਕਾਰਜ ਸਬੰਧੀ ਇਸ ਤਰ੍ਹਾਂ ਫੁਰਮਾਉਂਦੇ ਹਨ:

ਜੀਅ ਉਪਾਇ ਜੁਗਤਿ ਹਥਿ ਕੀਨੀ ਕਾਲੀ ਨਥਿ ਕਿਆ ਵਡਾ ਭਇਆ।[83]

ਗੁਰੂ ਸਾਹਿਬਾਨ ਸ੍ਰੀ ਕ੍ਰਿਸ਼ਨ ਅਵਤਾਰ ਬਾਰੇ ਅੱਗੇ ਬਿਆਨ ਹਨ ਕਿ ਸ੍ਰੀ ਕ੍ਰਿਸ਼ਨ ਅਵਤਾਰ ਧਾਰ ਕੇ ਜੰਮਣ ਮਰਨ ਦੇ ਚੱਕਰ ਵਿਚ ਹੀ ਪਏ ਰਹੇ ਹਨ ਉਹ ਆਪ ਮੁਕਤੀ ਪ੍ਰਾਪਤ ਨਹੀਂ ਕਰ

ਸਕੇ ਤਾਂ ਉਹ ਕਿਸੇ ਹੋਰ ਮਨੁੱਖ ਨੂੰ ਮੁਕਤੀ ਦੀ ਪ੍ਰਾਪਤੀ ਕਿਵੇਂ ਕਰਵਾ ਸਕਦੇ ਹਨ। ਇਸ ਬਾਰੇ ਗੁਰੂ-ਬਾਣੀ ਵਿਚ ਇਸ ਤਰ੍ਹਾਂ ਹਵਾਲਾ ਦਿੱਤਾ ਗਿਆ ਹੈ:

ਕ੍ਰਿਸ਼ਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ।[84]

ਉਪਰੋਕਤ ਨਕਾਰਾਤਮਕ ਦ੍ਰਿਸ਼ਟੀਕੋਣ ਰਾਹੀਂ ਗੁਰੂ ਸਾਹਿਬਾਨ ਨੇ ਅਵਤਾਰੀ ਦੇਵੀ ਦੇਵਤਿਆਂ ਵਿਚ ਪਾਈਆਂ ਜਾਂਦੀਆਂ ਊਣਤਾਈਆਂ ਦਾ ਉਲੇਖ ਕੀਤਾ ਹੈ। ਗੁਰੂ ਸਾਹਿਬਾਨ ਨੇ ਇਸ ਰਾਹੀਂ ਇਹ ਸਮਝਾਉਣ ਦਾ ਯਤਨ ਕੀਤਾ ਹੈ ਕਿ ਅਵਤਾਰ/ਦੇਵੀ ਦੇਵਤੇ ਆਮ ਜੀਵਾਂ ਦੀ ਤਰ੍ਹਾਂ ਹਉਮੈ/ਮਾਇਆ/ਮੋਹ/ਹੰਕਾਰ/ਛਲ ਕਪਟ/ਜੰਮਣ ਮਰਨ ਦੇ ਚੱਕਰਾਂ ਵਿਚ ਫਸੇ ਹੋਏ ਹਨ। ਲੋਕਮਾਨਸ ਵਿਚ ਉਹਨਾਂ ਬਾਰੇ ਬਣੇ ਵਿਚਾਰ ਕਿ ਇਹ ਅਵਤਾਰ ਪਰਮਾਤਮਾ ਦੇ ਮਨੁੱਖੀ ਰੂਪ ਸਨ, ਨੂੰ ਖਤਮ ਕਰਨ ਲਈ ਹੀ ਆਮ ਸਧਾਰਣ ਮਨੁੱਖਾਂ ਵਾਂਗ ਕਾਰਜ ਕਰਦੇ ਵਿਖਾਇਆ ਹੈ। ਉਪਰੋਕਤ ਵਿਚਾਰਾਂ ਦੀ ਪ੍ਰੋੜ੍ਹਤਾ ਕਰਦੇ ਹੋਏ ਡਾ. ਸ਼ੇਰ ਸਿੰਘ ਸ਼ੇਰ ਲਿਖਦੇ ਹਨ:

> *'ਬ੍ਰਹਮਾ', 'ਵਿਸ਼ਨੂੰ', 'ਸ਼ਿਵ' ਆਦਿ ਦੇਵਤਿਆਂ ਨੂੰ ਸਧਾਰਣ ਮਨੁੱਖਾਂ ਵਾਂਗ ਤੜਪਦੇ, ਕੁਰਲਾਂਦੇ ਦੱਸਿਆ ਹੈ ਤੇ ਅਕਾਲ ਪੁਰਖ ਦੀ ਰਚਨਾ ਵਿਚ ਇਹਨਾਂ ਦੀ ਗਿਣਤੀ ਲੱਖਾਂ ਕਰੋੜਾਂ ਤੱਕ ਦੱਸੀ ਹੈ। ਇਹ ਵੀ ਦੱਸਿਆ ਹੈ ਕਿ ਇਹਨਾਂ ਦੇਵੀ ਦੇਵਤਿਆਂ ਵਿਚੋਂ ਕਿਸੇ ਨੂੰ ਭੀ ਸਤ-ਵਸਤੂ ਦਾ ਗਿਆਨ ਨਹੀਂ ਸੀ ਹੋਇਆ। ਉਹ ਆਮ ਬੰਦਿਆਂ ਵਾਂਗ ਅਗਿਆਨ ਦੇ ਹਨੇਰੇ ਵਿਚ ਹੱਡ ਗੋਡੇ ਰਗੜਦੇ ਫਿਰਦੇ ਸਨ।[86]*

ਭਗਤ ਸਿੰਘ ਹੀਰਾ ਲਿਖਦੇ ਹਨ ਜਿਥੋਂ ਤੱਕ ਬ੍ਰਹਮਾ ਵਿਸ਼ਨੂੰ, ਸ਼ਿਵ ਆਦਿ ਦੇਵਤਿਆਂ ਦਾ ਗੁਰਮਤਿ ਨਾਲ ਸਬੰਧ ਹੈ ਉਥੇ ਗੁਰਮਤਿ ਉਨ੍ਹਾਂ ਨੂੰ ਸਧਾਰਨ ਮਨੁੱਖਾਂ ਵਾਂਗ ਹੀ ਵਿਚਰਦੇ ਦੁਖ ਸੁਖ ਵਿਚ ਗਲਤਾਨ ਤੜਪਦੇ ਤੇ ਕੁਰਲਾਂਦੇ ਦਰਸਾਂਦੇ ਹਨ।[78]

ਇਸ ਤਰ੍ਹਾਂ ਸਿੱਖ ਗੁਰੂ ਸਾਹਿਬਾਨ ਦਾ ਨਾਕਾਰਾਤਮਕ ਦ੍ਰਿਸ਼ਟੀਕੋਣ ਅਪਣਾਉਣ ਦਾ ਉਦੇਸ਼ ਲੋਕਾਂ ਵਿਚ ਅਵਤਾਰ/ਦੇਵੀ ਦੇਵਤਿਆਂ ਪ੍ਰਤੀ ਪਾਏ ਭਰਮ ਭੁਲੇਖੇ, ਅੰਧ-ਵਿਸ਼ਵਾਸ ਨੂੰ

ਦੂਰ ਕਰਨ ਦਾ ਸੀ, ਤਾਂ ਜੋ ਲੋਕ ਅਵਤਾਰ/ਦੇਵੀ ਦੇਵਤਿਆਂ ਦੇ ਮਾੜੇ ਕਰਮਾਂ ਅਤੇ ਊਣਤਾਈਆਂ ਪ੍ਰਤੀ ਜਾਗ੍ਰਿਤ ਹੋ ਸਕਣ। ਗੁਰੂ ਸਾਹਿਬਾਨ ਇਹ ਸਮਝਾਉਣਾ ਚਾਹੁੰਦੇ ਹਨ ਕਿ ਲੋਕ ਮਨ ਦਾ ਸਮਰਪਣ ਨੁਕਤਾ ਅਵਤਾਰ/ਦੇਵੀ-ਦੇਵਤੇ ਨਹੀਂ ਸਗੋਂ ਇਕ ਹੋਰ ਪਰਮ ਸਤਾ 'ਪ੍ਰਮਾਤਮਾ' (ਬ੍ਰਹਮ) ਹੈ। ਜਿਸ ਅੱਗੇ ਦੇਵਤੇ ਵੀ ਸਿਰ ਝੁਕਾਉਂਦੇ ਹਨ।

ਗੁਰੂ-ਬਾਣੀ ਦਾ ਉਪਰੋਕਤ ਵਖਰਾ ਪਰਿਪੇਖ ਜਾਨਣ ਤੋਂ ਇਹ ਪਤਾ ਚਲਦਾ ਹੈ ਕਿ ਗੁਰੂ-ਬਾਣੀ ਸਾਕਾਰਾਤਮਕ/ਨਾਕਾਰਾਤਮਕ ਦ੍ਰਿਸ਼ਟੀਕੋਣ ਅਪਣਾਉਂਦਾ ਹੋਇਆ ਸਰਗੁਣ/ਨਿਰਗੁਣ ਦੇ ਮਿਲਵੇਂ ਸਰੂਪ ਦੀ ਪੇਸ਼ਕਾਰੀ ਕਰਦਾ ਹੈ। ਗੁਰੂ-ਬਾਣੀ ਵਿਚ ਜਿਥੇ ਕਿਤੇ ਸਾਕਾਰਾਤਮਕ ਦ੍ਰਿਸ਼ਟੀਕੋਣ ਅਪਣਾਇਆ ਗਿਆ ਹੈ, ਉਹ ਪ੍ਰਭੂ-ਭਗਤ ਵਸਲਤਾ ਦੇ ਪ੍ਰਸੰਗ ਹਿਤ ਨੇਕੀ ਦੀ ਬਦੀ ਤੇ ਜਿੱਤ ਦੇ ਪ੍ਰਸੰਗ ਹਿਤ, ਦੈਂਤਾਂ ਦਾ ਸੰਘਾਰ ਕਰਨ ਹਿਤ ਅਪਣਾਇਆ ਗਿਆ ਹੈ। ਜਿਥੋਂ ਤੱਕ ਨਾਕਾਰਾਤਮਕ ਦ੍ਰਿਸ਼ਟੀਕੋਣ ਅਪਣਾਉਣ ਦਾ ਸਬੰਧ ਹੈ, ਉਹ ਅਵਤਾਰ/ਦੇਵੀ ਦੇਵਤਿਆਂ ਪ੍ਰਤੀ ਪਏ ਭਰਮ ਭੁਲੇਖੇ, ਅੰਧ ਵਿਸ਼ਵਾਸ ਤੇ ਦੂਰ ਕਰਨ ਦਾ ਸੀ। ਉਨ੍ਹਾਂ ਦਾ ਉਦੇਸ਼ ਅਵਤਾਰ/ਦੇਵੀ ਦੇਵਤਿਆਂ ਦੀ ਭੰਡੀਕਰਨ ਦਾ ਨਹੀਂ ਸੀ ਸਗੋਂ ਸਮੂਹਿਕ ਅਵਚੇਤਨ ਨੂੰ ਸੁਚੇਤ ਕਰਨ ਤੋਂ ਸੀ, ਕਿ ਇਹ ਅਵਤਾਰ/ਦੇਵੀ-ਦੇਵਤੇ ਆਮ ਮਨੁੱਖਾਂ ਵਾਂਗ ਕਾਮ, ਕਰੋਧ, ਲੋਭ, ਮੋਹ, ਹੰਕਾਰ ਦਾ ਸ਼ਿਕਾਰ ਹਨ ਅਤੇ ਆਮ ਜੀਵਾਂ ਦੀ ਤਰ੍ਹਾਂ ਹੀ ਪੈਦਾ ਹੋਏ।

ਉਪਰੋਕਤ ਦੀ ਪੁਸ਼ਟੀ ਹਿਤ ਪ੍ਰੋ. ਸ਼ੇਰ ਸਿੰਘ ਆਪਣੇ ਵਿਚਾਰ ਪੇਸ਼ ਕਰਦੇ ਹੋਏ ਲਿਖਦੇ ਹਨ:

> *ਗੁਰੂ ਸਾਹਿਬ ਨੇ ਪੌਰਾਣਿਕ ਸਾਖੀਆਂ ਨੂੰ ਕਿਸੇ ਖਾਸ ਸਿਧਾਂਤ ਦੀ ਪੁਸ਼ਟੀ ਲਈ ਬਤੌਰ ਉਦਾਹਰਣ ਦੇ ਭੀ ਵਰਤਿਆ ਹੈ। ਗੁਰੂ ਸਾਹਿਬ ਜਿਸ ਥਾਂ ਜਿਸ ਧਰਮ ਦੇ ਬੰਦੇ ਨੂੰ ਉਪਦੇਸ਼ ਦਿੰਦੇ ਸਨ, ਉਸ ਨੂੰ ਉਸ ਦੇ ਖਿਆਲਾਂ ਅਨੁਸਾਰ ਉਸ ਦੇ ਅਨੁਕੂਲ ਪ੍ਰਮਾਣ ਦੇ ਕੇ ਅਸਲੀ ਸੱਚ ਨੂੰ ਦ੍ਰਿੜਾਂਦੇ ਸਨ। ਸਿੱਖਿਆ ਆਪਣੀ ਦੇਣੀ ਪਰ ਸਪੱਸ਼ਟਤਾ ਤੇ ਪਕਿਆਈ ਵਾਸਤੇ ਉਸ ਆਦਮੀ ਦੇ ਨਿਸ਼ਚਿਆਂ ਤੇ ਪਦਾਰਥਾਂ ਨੂੰ ਵਰਤਣਾ।*[87]

ਡਾ. ਰਤਨ ਸਿੰਘ ਜੱਗੀ ਦਾ ਮੱਤ ਹੈ:

> *ਨਿਰਗੁਣਵਾਦੀ ਸੰਤਾਂ ਨੇ ਆਪਣੀਆਂ ਰਹੱਸਾਤਮਕ ਅਤੇ ਅਧਿਆਤਮਕ ਅਨੁਭੂਤੀਆਂ ਨੂੰ ਲੋਕਾਂ ਲਈ ਸਮਝਣਯੋਗ ਬਨਾਉਣ ਲਈ ਰਾਮ, ਕ੍ਰਿਸ਼ਨ ਆਦਿ ਅਵਤਾਰਾਂ ਦੇ ਪ੍ਰਤੀਕਾਂ ਦੇ ਮਾਧਿਅਮ ਦੁਆਰਾ ਪ੍ਰਗਟ ਕੀਤਾ ਹੈ। ਇਹ ਪ੍ਰਤੀਕ ਉਨ੍ਹਾਂ ਅਵਿਅਕਤ ਬ੍ਰਹਮ ਦੇ ਨਾਂ-ਮਾਤਰ ਹਨ। ਉਨ੍ਹਾਂ ਨੂੰ ਪੁਰਾਣਾਂ ਵਿਚ ਵਰਣਿਤ ਅਵਤਾਰੀ ਲੀਲਾਵਾਂ ਵਿਚ ਕਿਸੇ ਕਿਸਮ ਦੀ ਸ਼ਰਧਾ ਨਹੀਂ ਹੈ। ਪਰ ਫਿਰ ਵੀ ਜਦ ਕਦੇ ਬ੍ਰਹਮ ਪ੍ਰਤਿ ਪ੍ਰੇਮ ਵਸ ਹੋ ਕੇ ਉਸ ਦੀ ਵਡਿਆਈ ਦੱਸਣ ਦੀ ਇੱਛਾਂ ਉਤਪੰਨ ਹੁੰਦੀ ਹੈ ਤਾਂ ਉਸ ਦੇ ਪ੍ਰਸਿੱਧ ਅਵਤਾਰੀ ਗੁਣਾਂ ਜਾਂ ਕਾਰਜਾਂ ਨੂੰ ਚੇਤੇ ਕਰ ਲੈਂਦੇ ਹਨ।*[88]

ਡਾ. ਮੈਕਲੋਡ ਵੀ ਉਪਰੋਕਤ ਮਤ ਦਾ ਸਪਰਥਨ ਕਰਦੇ ਹੋਏ ਲਿਖਦੇ ਹਨ:

> *ਸਿੱਖ ਗੁਰੂ ਮਿੱਥਾਂ ਦਾ ਪ੍ਰਯੋਗ ਕੇਵਲ ਬਤੌਰ ਚਿੰਨ੍ਹ ਹੀ ਕਰਦੇ ਹਨ। ਪਰਮਾਤਮਾ ਦੇ ਸਰੂਪ ਅਤੇ ਵਿਸ਼ੇਸ਼ ਦੈਵੀ ਕ੍ਰਿਆ ਪੇਸ਼ ਕਰਨ ਲਈ ਮਿੱਥਕ ਘਟਨਾਵਾਂ ਆਦਿ ਦਾ ਚਿਹਨਾਤਮਕ ਰੂਪ ਵਿਚ ਵਰਨਣ ਕੀਤਾ ਗਿਆ ਹੈ।*[89]

ਡਾ. ਮਲਕੀਤ ਸਿੰਘ ਬਾਜਵਾ ਜੀ ਆਪਣੇ ਵਿਚਾਰਾਂ ਰਾਹੀਂ ਉਪਰੋਕਤ ਮੱਤ ਦੀ ਪੁਸ਼ਟੀ ਕਰਦੇ ਹੋਏ ਲਿਖਦੇ ਹਨ:

> *ਗੁਰਦੇਵ ਭਾਵੇਂ ਭਾਰਤੀ ਮਿਥਿਹਾਸ ਦੀਆਂ ਹੱਦਾਂ ਵਿਚਲੇ ਰੂਪਕ ਅਤੇ ਉਪਮਾਵਾਂ ਵਰਤ ਰਹੇ ਹਨ ਪਰ ਉਹ ਆਪਣੀ ਕਲਪਨਾ ਉਡਾਰੀ ਰਾਹੀਂ ਭਾਰਤੀ-ਮਿਥਿਹਾਸਕਤਾ ਦੀ ਸੀਮਾ ਟੱਪ ਕੇ ਪਰਾਭੌਤਿਕ ਪ੍ਰਸੰਗ ਵਿਚ ਪ੍ਰਭੂ-ਪਿਆਰ ਵਿਚ ਗੜੂੰਦ, ਮਨੁੱਖ ਨੂੰ ਸੁਝਾਉਣੀ ਕਰ ਰਹੇ ਹਨ ਕਿ "ਨਾਨਕ ਦਾਸ ਦਾਮਨ ਕੋ ਕਹੀਅਹੁ ਹਰਿ ਭਾਣੈ ਦਾਸਾ ਰਾਖੁ ਸੰਗਾ।"*[90]

ਉਪਰੋਕਤ ਚਰਚਾ ਤੋਂ ਇਹ ਸਪੱਸ਼ਟ ਹੈ ਕਿ ਸਿੱਖ ਗੁਰੂ-ਸਾਹਿਬਾਨ ਨੇ ਮਿੱਥਕ ਹਵਾਲਿਆਂ ਸੰਕੇਤਾਂ ਰਾਹੀਂ ਸਾਕਾਰਾਤਮਕ/ਨਾਕਾਰਾਤਮਕ ਦ੍ਰਿਸ਼ਟੀਕੋਣ ਦੀ ਪੇਸ਼ਕਾਰੀ ਇਸ ਕਰਕੇ ਕੀਤੀ ਹੈ ਕਿ ਲੋਕਾਂ ਨੂੰ ਅਧਿਆਤਮਕਤਾ ਦੇ ਡੂੰਘੇ ਅਨੁਭਵ ਤੋਂ ਜਾਣੂ ਕਰਵਾਇਆ ਜਾ ਸਕੇ ਅਤੇ ਮਨੁੱਖੀ ਮਨ ਵਿਚ 'ਇਕ ਬ੍ਰਹਮ' ਦੀ ਜਗਿਆਸਾ ਦਾ ਡੂੰਘਾ ਅਹਿਸਾਸ ਪੈਦਾ ਕੀਤਾ ਜਾ ਸਕੇ। ਇਸ ਤਰ੍ਹਾਂ ਉਨ੍ਹਾਂ ਸਾਕਾਰਾਤਮਕ/ਨਾਕਾਰਾਤਮਕ ਦੀਆਂ ਦੋਵੇਂ ਰੁਚੀਆਂ ਅਪਣਾ ਕੇ ਅਧਿਆਤਮਕ ਰਹੱਸ ਦੇ ਚੇਹਰੇ ਨੂੰ ਸਫਲਤਾ ਨਾਲ ਬੇਨਕਾਬ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਿੱਖ ਗੁਰੂ ਸਾਹਿਬਾਨ ਨੇ ਅਜਿਹਾ ਪ੍ਰਯੋਗ ਕਰਕੇ ਸਰਗੁਣ/ਨਿਰਗੁਣ ਦੇ ਮਿਲਵੇਂ ਸਰੂਪ ਦੀ ਪੇਸ਼ਕਾਰੀ ਕੀਤੀ ਹੈ, ਪਰ ਉਹ ਵਧੇਰੇ ਜੋਰ ਨਿਰਗੁਣਵਾਦੀ ਸਰੂਪ ਨੂੰ ਹੀ ਅਪਣਾਉਣ ਲਈ ਦਿੰਦੇ ਹਨ।

## ਗੁਰੂ-ਬਾਣੀ ਦਾ ਮਿੱਥ ਕਥਾਵਾਂ ਰਾਹੀਂ ਅਲੌਕਿਕਤਾ ਦਾ ਸੰਦੇਸ਼ :

ਮੱਧਕਾਲੀਨ ਭਾਰਤੀ ਸਮਾਜ ਕਰਮਕਾਂਡ, ਪੂਜਾਵਾਦ, ਬਹੁਦੇਵਵਾਦ, ਅੰਧ-ਵਿਸ਼ਵਾਸ ਵਿਚ ਵੰਡਿਆ ਹੋਇਆ ਸੀ। ਅਵਤਾਰ/ਦੇਵੀ-ਦੇਵਤਿਆਂ ਦੀ ਆੜ ਵਿਚ ਧਰਮ ਦੇ ਠੇਕੇਦਾਰ ਲੋਕਾਂ ਨੂੰ ਲੁੱਟ ਰਹੇ ਸਨ। ਹਰ ਧਰਮ ਦੇ ਪੈਰੋਕਾਰ ਆਪਣੇ-ਆਪਣੇ ਪੈਰੋਕਾਰਾਂ ਨੂੰ ਸਰਵਉੱਚ ਦਰਸਾਉਣ ਲਈ ਮਿੱਥਕ ਕਥਾਵਾਂ ਦਾ ਸਹਾਰਾ ਲੈ ਕੇ ਆਪਣੇ ਸੰਦੇਸ਼ ਦਾ ਸੰਚਾਰ ਕਰ ਰਹੇ ਸਨ। ਸਿੱਖ ਗੁਰੂ ਸਾਹਿਬਾਨ ਨੇ ਵੀ ਆਪਣੀ ਅਲੌਕਿਕਤਾ ਦੇ ਸੰਦੇਸ਼ ਦਾ ਸੰਚਾਰ ਕਰਨ ਲਈ ਮਿੱਥ ਕਥਾਵਾਂ ਦੀ ਵਰਤੋਂ ਕੀਤੀ।

ਸਿੱਖ ਗੁਰੂ ਸਾਹਿਬਾਨ ਮਿੱਥਕ ਹਵਾਲੇ ਦੇ ਕੇ 'ਇਕ ਪਰਮਾਤਮਾ' ਦੀ ਭਗਤੀ ਕਰਨ ਤੇ ਜ਼ੋਰ ਦਿੰਦੇ ਹਨ। ਗੁਰੂ ਸਾਹਿਬਾਨ ਇਨ੍ਹਾਂ ਮਿੱਥ ਕਥਾਵਾਂ ਰਾਹੀਂ ਅਵਤਾਰ/ਦੇਵੀ ਦੇਵਤਿਆਂ ਪ੍ਰਤੀ ਪਾਏ ਅੰਧ-ਵਿਸ਼ਵਾਸਾਂ ਨੂੰ ਦੂਰ ਕਰਦੇ ਹੋਏ ਮਨੁੱਖ ਨੂੰ ਸਮਝਾਉਂਦੇ ਹਨ ਕਿ ਮਨੁੱਖ ਨੂੰ ਉਸ ਪਰਮਾਤਮਾ ਦੀ ਪੂਜਾ ਕਰਨੀ ਚਾਹੀਦੀ ਹੈ, ਜੋ ਜਨਮ ਮਰਨ ਤੋਂ ਰਹਿਤ ਹੈ:

ਏਕੋ ਸਿਮਰਹੁ ਭਾਇਰਹੁ ਤਿਸ ਬਿਨ ਅਵਰੁ ਨ ਕੋਇ।[91]

ਅਵਤਾਰ/ਦੇਵੀ-ਦੇਵਤੇ ਤਾਂ ਜੰਮਣ ਮਰਨ ਦੇ ਚੱਕਰ ਵਿਚ ਫਸੇ ਹੋਏ ਹਨ ਅਤੇ ਉਹ ਮੁੜ-ਮੁੜ ਜਨਮ ਲੈਂਦੇ ਹਨ। ਉਹ ਕਾਲ ਦੇ ਚੱਕਰਾਂ ਤੋਂ ਮੁਕਤ ਨਹੀਂ ਹੋ ਸਕੇ। ਗੁਰੂ ਸਾਹਿਬਾਨ ਬ੍ਰਹਮਾ ਵਰਗੇ ਦੇਵਤੇ ਕਾਲ ਵਿਚ ਫਸੇ ਹੋਣ ਦੀ ਉਦਾਹਰਣਾ ਦਿੰਦੇ ਹਨ।

ਪ੍ਰਥਮੈ ਬ੍ਰਹਮਾ ਕਾਲੈ ਘਰਿ ਆਇਆ।[92]

ਗੁਰੂ ਸਾਹਿਬ ਲਿਖਦੇ ਹਨ ਕਿ ਇਨ੍ਹਾਂ ਅਵਤਾਰਾਂ/ਦੇਵੀ ਦੇਵਤਿਆਂ ਦੀ ਉਤਪਤੀ ਇਕ ਪਰਮਾਤਮਾ (ੴ) ਤੋਂ ਹੋਈ ਹੈ। ਓਅੰਕਾਰ ਤੋਂ ਹੀ ਸ੍ਰਿਸ਼ਟੀ ਪਰਬਤਾਂ ਤੇ ਵੇਦਾਂ ਦਾ ਨਿਰਮਾਣ ਹੋਇਆ ਹੈ।

ਓਅੰਕਾਰਿ ਬ੍ਰਹਮਾ ਉਤਪਤਿ, ਓਅੰਕਾਰੁ ਕੀਆ ਜਿਨਿ ਚਿਤਿ

ਓਅੰਕਾਰਿ ਸੈਲ ਜੁਗ ਭਏ, ਓਅੰਕਾਰਿ ਬੇਦ ਨਿਰਮਏ।[93]

ਸਿੱਖ ਗਰੂ-ਬਾਣੀ ਵਿਚ ਪੇਸ਼ ਮਿੱਥ ਕਥਾਵਾਂ ਨਾਮ ਦੀ ਮਹਿਮਾ ਸਬੰਧੀ ਅਲੌਕਿਕਤਾ ਦਾ ਸੰਦੇਸ਼ ਵੀ ਦਿੰਦੀਆਂ ਹਨ। ਇਸ ਵਿਚ ਨਾਮ ਦੀ ਮਹਿਮਾ ਨੂੰ ਸਰਵਉੱਚ ਦਰਸਾਇਆ ਗਿਆ ਹੈ। ਗੁਰਮਤਿ ਵਿਚ 'ਨਾਮ' ਕੇਵਲ ਸੰਗਿਆ ਮਾਤਰ ਨਾ ਹੋ ਕੇ ਇਕ ਵਿਸਮਾਦਕ ਸ਼ਕਤੀ ਹੈ, ਜੋ ਸਾਧਕ ਨੂੰ ਵਿਸਮਾਦ ਅਵਸਥਾ ਵਿਚ ਭੇਜ ਕੇ ਅਭੇਦ ਕਰਦੀ ਹੈ। 'ਨਾਮ' ਤੇ 'ਨਾਮੀ' ਤਾਤਵਿਕ ਰੂਪ ਵਿਚ ਤਦਰੂਪ ਹੋ ਜਾਂਦੇ ਹਨ। ਨਾਮ ਸਰਬਵਿਆਪਕ ਸ਼ਕਤੀ ਹੈ ਜਿਸ ਤੇ ਅਧਾਰਤ ਸਾਰੀ ਸ੍ਰਿਸ਼ਟੀ ਹੈ ਅਤੇ ਜੀਵ ਹਨ।

ਨਾਮ ਕੇ ਧਾਰੇ ਸਗਲੇ ਜੰਤ ਨਾਮ ਕੇ ਧਾਰੇ ਖੰਡ ਬ੍ਰਹਮੰਡ।

ਨਾਮ ਕੇ ਧਾਰੇ ਸਿਮ੍ਰਿਤ ਬੇਦ ਪੁਰਾਨ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ।

ਨਾਮ ਕੇ ਧਾਰੇ ਆਗਾਸ ਪਾਤਾਲ ਨਾਮ ਕੇ ਧਾਰੇ ਸਗਲ ਆਕਾਰ।[94]

ਸਿੱਖ ਗੁਰ-ਬਾਣੀ ਮਿਥਿਹਾਸਕ ਹਵਾਲਿਆਂ ਰਾਹੀਂ 'ਨਾਮ ਦੀ ਮਹਿਮਾ' ਨੂੰ ਪੇਸ਼ ਕਰਦੀ ਹੈ। ਗੁਰੂ ਸਾਹਿਬਾਨ ਹੇਠ ਲਿਖਤ ਸ਼ਬਦ ਵਿਚ ਨਾਮ ਦੀ ਅਰਾਧਨਾ ਦੁਆਰਾ ਤਰ ਚੁਕੇ ਮਿੱਥਕ ਪਾਤਰਾਂ/ਭਗਤਾਂ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:

ਧ੍ਰੂ ਕਉ ਮਿਲਿਆ ਹਰ ਨਿਸੰਗ। ਤੇਰਿਆ ਸੰਤਾ ਜਾਚਉ ਚਰਨ ਰੇਨ।

ਲੇ ਮਸਤਿਕ ਲਾਵਉ ਕਰਿ ਕ੍ਰਿਪਾ ਦੇਨ।।੧।। ਰਹਾਉ।।

ਗਨਿਕਾ ਉਧਰੀ ਹਰਿ ਕਹੈ ਤੋਤ।

ਗਜਇੰਦ੍ਰ ਧਿਆਇਓ ਹਰਿ ਕਓ ਮੋਖ।

ਬਿਪ੍ਰ ਸੁਦਾਮੇ ਦਾਲਦੁ ਭੰਜ। ਰੇ ਮਨ ਤੂ ਭੀ ਭਜੁ ਗੋਬਿੰਦ ।੨।

ਬਧਿਕੁ ਉਧਾਰਿਓ ਖਮਿ ਪ੍ਰਹਾਰ। ਕੁਬਿਜਾ ਉਧਰੀ ਅੰਗੁਸਟ ਧਾਰ।

ਬਿਦਰੁ ਉਧਾਰਿਓ ਦਾਸਤ ਭਾਇ । ਰੇ ਮਨ ਤੂ ਭੀ ਹਰਿ ਧਿਆਇ।੩। [95]

ਉਪਰੋਕਤ ਸ਼ਬਦ ਰਾਹੀਂ 'ਧ੍ਰੂ' , 'ਗਨਕਾ', 'ਇੰਦ੍ਰ', 'ਸੁਦਾਮਾ', 'ਕੁਬਜਾ', 'ਬਧਿਕ' 'ਬਿਦਰ' ਆਦਿ ਦੁਆਰਾ ਨਾਮ ਸਿਮਰਨ ਵਿਚ ਨਿਸਚਾ ਕਰਨ ਹਿਤ, ਪ੍ਰਭੂ ਦੁਆਰਾ ਉਨ੍ਹਾਂ ਦੀ ਰੱਖਿਆ ਕਰਨ ਵਰਗੇ ਪ੍ਰਕਾਰਜਾਂ ਨੂੰ ਪੇਸ਼ ਕਰਕੇ ਨਾਮ ਦੀ ਸਰਵਉੱਚਤਾ ਨੂੰ ਦਰਸਾਇਆ ਗਿਆ ਹੈ। ਗੁਰੂ ਸਾਹਿਬ ਦਾ ਨਾਮ ਦੀ ਮਹਿਮਾ ਕਰਨ ਦਾ ਉਦੇਸ਼ ਸੀ ਕਿ ਲੋਕ ਇਕ ਪਰਮਾਤਮਾ ਦਾ ਨਾਮ ਜਪਣ ਅਤੇ ਪਰਮਾਤਮਾ ਵਿਚ ਵਲੀਨ ਹੋ ਜਾਣ। ਸਿੱਖ ਗੁਰਬਾਣੀ ਅਨੁਸਾਰ ਨਾਮ ਮੁਕਤੀ ਦਾ ਇਕ ਮਾਤਰ ਸਾਧਨ ਹੈ। ਨਾਮ ਦੁਆਰਾ ਸਹਿਜ ਅਵਸਥਾ, ਬ੍ਰਹਮ ਗਿਆਨ ਅਤੇ ਸਦੀਵੀ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:

ਐਸਾ ਨਾਮੁ ਮਨ ਸਦਾ ਧਿਆਈਐ

ਨਾਨਕ ਗੁਰਮੁਖ ਪਰਮ ਗਤਿ ਪਾਈਐ।।[96]

ਗੁਰੂ-ਬਾਣੀ ਅਨੁਸਾਰ ਨਾਮ ਦੀ ਪ੍ਰਾਪਤੀ ਗੁਰੂ ਦੀ ਕ੍ਰਿਪਾ ਦੁਆਰਾ ਹੁੰਦੀ ਹੈ। ਨਾਮ ਸਿਮਰਨ ਦਾ ਫਲ ਗੁਰੂ ਦੀ ਦੱਸੀ ਵਿਧੀ ਅਨੁਸਾਰ ਮਿਲਦਾ ਹੈ।

ਗੁਨ ਗੋਬਿੰਦ ਕੀਰਤਨੁ ਜਨੁ ਗਾਵੈ

ਗੁਰ ਪ੍ਰਸਾਦਿ ਨਾਨਕ ਫਲੁ ਪਾਵੇ।[97]

ਮਨੁੱਖ ਦੇ ਜੀਵਨ ਵਿਚ ਨਾਮ ਦੀ ਖਾਸ ਮਹੱਤਤਾ ਰੱਖਦਾ ਹੈ। ਮਨੁੱਖ ਵੀ ਪ੍ਰਭੂ ਭਗਤੀ ਕਰਨ ਵਾਲੇ ਉਪਰੋਕਤ ਪਾਤਰਾਂ ਦੀ ਤਰ੍ਹਾਂ ਕਰ ਸਕਦਾ ਹੈ। ਨਾਮ ਦੀ ਪ੍ਰਾਪਤੀ ਮਨੁੱਖ ਗੁਰੂ ਦੇ ਸਹਿਯੋਗ ਅਤੇ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਕਰ ਸਕਦਾ ਹੈ ਜਿਸ ਤੋਂ ਉਸ ਨੂੰ ਲੌਕਿਕ ਅਤੇ ਅਲੌਕਿਕ ਫਲਾਂ ਦੀ ਪ੍ਰਾਪਤੀ ਹੁੰਦੀ ਹੈ।

ਇਸ ਤਰ੍ਹਾਂ ਸਿੱਖ-ਗੁਰੂ ਸਾਹਿਬਾਨ ਨੇ 'ਹਉਮੈ ਦਾ ਤਿਆਗ' ਕਰਨ ਸਬੰਧੀ ਵੀ ਅਲੌਕਿਕਤਾ ਦਾ ਸੰਦੇਸ਼ ਮਿੱਥਕ ਹਵਾਲਿਆਂ ਅਤੇ ਸੰਕੇਤਾਂ ਰਾਹੀਂ ਦਿੱਤਾ ਹੈ। ਆਪ ਅਨੁਸਾਰ 'ਹਉਮੈ ਕਰਨ ਵਾਲਾ ਵਿਅਕਤੀ ਪਰਮਾਤਮਾ ਨੂੰ ਕਦੇ ਨਹੀਂ ਪਾ ਸਕਦਾ। ਹਉਮੈ ਦਾ ਨਤੀਜਾ ਬੰਧਨ ਹੈ ਅਤੇ ਬੰਧਨ ਵਿਚ ਬੱਝਿਆ ਵਿਅਕਤੀ ਵਾਰ-ਵਾਰ ਜਨਮ ਲੈਂਦਾ ਹੈ।

ਸਿੱਖ ਗੁਰਬਾਣੀ ਹਉਮੈ ਵਿਚ ਗ੍ਰਸੇ ਦੇਵੀ-ਦੇਵਤਿਆਂ ਦੀਆਂ ਉਦਾਹਰਣਾਂ ਮਿੱਥਕ ਹਵਾਲਿਆਂ ਰਾਹੀਂ ਦਿੰਦੀ ਹੈ।

ਗੁਰੂ ਸਾਹਿਬ 'ਬਲਰਾਜਾ', 'ਹਰੀਸ਼ਚੰਦਰ', 'ਹਰਣਾਖਸ', 'ਰਾਵਣ', 'ਸਹਸਬਾਹੁ', 'ਮਧੁਕੀਟ', 'ਮਹਿਖਾਸੁਰ', 'ਜਰਾਸੰਧ', 'ਜਨਮੇਜਾ' ਦੁਰਯੋਧਨ', 'ਕੰਸ' ਆਦਿ ਵਿਅਕਤੀਆਂ ਦੇ ਮਿੱਥਕ ਹਵਾਲੇ ਦਿੰਦੇ ਹਨ ਜੋ ਹਉਮੈ ਦਾ ਸ਼ਿਕਾਰ ਹੋਏ ਹਨ। ਆਪ ਅਨੁਸਾਰ ਹਉਮੈ ਰੱਖਣ ਵਾਲੇ ਵਿਅਕਤੀ ਦਾ ਪ੍ਰਭੂ ਨਾਲ ਮਿਲਾਪ ਨਹੀਂ ਹੋ ਸਕਦਾ ਅਤੇ ਮਨੁੱਖ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ। ਇਸ ਲਈ ਹਉਮੈ ਦਾ ਤਿਆਗ ਜ਼ਰੂਰੀ ਹੈ:

ਜਿਹਿ ਪ੍ਰਾਨੀ ਹਉਮੈ ਤਜੀ, ਕਰਤਾ ਰਾਮੁ ਪਛਾਨਿ
ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ।[98]

ਹਉਮੈ ਵਿਚ ਪ੍ਰਭੂ ਭਗਤੀ ਨਹੀਂ ਹੋ ਸਕਦੀ।

ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ।[99]

'ਹਉਮੈ ਦਾ ਤਿਆਗ' ਪਰਮਾਤਮਾ ਦੀ ਕ੍ਰਿਪਾ ਦੁਅਰਾ ਹੀ ਹੁੰਦਾ ਹੈ। ਜਦੋਂ ਪਰਮਾਤਮਾ ਦੀ ਕ੍ਰਿਪਾ ਹੁੰਦੀ ਹੈ ਤਾਂ ਮਨੁੱਖ ਦਾ ਪੂਰਨ ਗੁਰੂ ਨਾਲ ਮਿਲਾਪ ਹੁੰਦਾ ਹੈ। ਗੁਰੂ ਦੇ ਸ਼ਬਦ ਰੂਪੀ ਅਨਹਦ ਬਾਣੀ ਦੀ ਪ੍ਰਾਪਤੀ ਨਾਲ ਹਉਮੈ ਦਾ ਤੁਰੰਤ ਨਾਸ ਹੋ ਜਾਂਦਾ ਹੈ:

ਅਨਹਦ ਬਾਣੀ ਪਾਇਐ ਤਹ ਹਉਮੈ ਹੋਇ ਬਿਨਾਸੁ।[100]

ਇਸ ਤਰ੍ਹਾਂ ਗੁਰੂ ਸਾਹਿਬ ਅਨੁਸਾਰ ਗੁਰੂ ਦੇ ਉਪਦੇਸ਼ ਦੁਆਰਾ ਜਦੋਂ ਹਉਮੈ ਨਸਟ ਹੋ ਜਾਂਦੀ ਹੈ ਤਾਂ ਸਾਧਕ ਪਰਮਾਤਮਾ ਦਾ ਨਾਮ ਧਿਆਉਂਦਾ ਹੈ। ਉਹ ਨਾਮ ਦੀ ਅਰਾਧਨਾ ਕਰਦਾ ਹੋਇਆ ਪਰਮਸੁਖ ਪ੍ਰਾਪਤ ਕਰ ਲੈਂਦਾ ਹੈ। ਅਰਥਾਤ ਮੁਕਤ ਹੋ ਜਾਂਦਾ ਹੈ।

ਗੁਰੂ-ਬਾਣੀ 'ਕਾਮ', 'ਕ੍ਰੋਧ' ਦਾ ਤਿਆਗ, ਕਰਨ ਹਿਤ ਵੀ ਅਲੌਕਿਕਤਾ ਦਾ ਸੰਦੇਸ਼ ਮਿੱਥ ਕਥਾਵਾਂ ਰਾਹੀਂ ਦਿੰਦੀ ਹੈ। ਗੁਰੂ ਸਾਹਿਬ ਮਿੱਥਕ ਹਵਾਲੇ ਦੇ ਕੇ ਦੱਸਣਾ ਚਾਹੁੰਦੇ ਹਨ ਕਿ ਮਹਾਨ ਦੇਵੀ ਦੇਵਤੇ/ਅਵਤਾਰ ਵੀ ਇਨ੍ਹਾਂ ਤੱਤਾਂ ਤੋਂ ਮੁਕਤ ਨਹੀਂ ਹੋ ਸਕੇ। ਇਸ ਸੰਬੰਧੀ ਗੁਰੂ ਸਾਹਿਬ ਨੇ ਇੰਦਰ ਦੇ ਅਹੱਲਿਆ ਉੱਪਰ ਮੋਹਿਤ ਹੋ ਕੇ ਕਾਮ ਵਸ ਕਾਰਜ ਕਰਨ ਅਤੇ ਸ਼ਿਵ ਦੁਆਰਾ ਕ੍ਰੋਧ ਵਿਚ ਆਪਣੇ ਪੁੱਤਰ ਗਣੇਸ਼ ਦਾ ਸਿਰ ਕੱਟਣ ਬਾਰੇ ਮਿੱਥਕ ਹਵਾਲੇ ਦੇ ਕੇ ਮਨੁੱਖ ਨੂੰ ਇਨ੍ਹਾਂ ਵਿਕਾਰਾਂ ਨੂੰ ਤਿਆਗਣ ਦਾ ਉਪਦੇਸ਼ ਦਿੰਦੇ ਹਨ।

ਇਨ੍ਹਾਂ ਸੰਬੰਧੀ ਕਈ ਮਿੱਥਕ ਕਥਾਵਾਂ ਪੇਸ਼ ਕੀਤੀਆਂ ਜਾ ਚੁੱਕੀਆਂ ਹਨ।

ਆਪ ਅਨੁਸਾਰ ਕਾਮ ਕ੍ਰੋਧ ਆਦਿ ਨੂੰ ਤਿਆਗਣ ਅਤੇ ਸਤਿਗੁਰ ਦੀ ਸਰਣ ਗ੍ਰਹਿਣ ਕਰਨ ਨਾਲ ਹੀ ਮਨੁੱਖ ਦਾ ਪਾਰ ਉਤਾਰਾ ਹੋ ਸਕਦਾ ਹੈ ਅਤੇ ਭਵਜਲ ਤੋਂ ਤਰਿਆ ਜਾ ਸਕਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ:

ਛੋਡਹੁ ਕਾਮ ਕ੍ਰੋਧ ਬੁਰਿਆਈ ਹਉਮੈ ਧੰਧੁ ਛੋਡਹੁ ਲੰਪਟਾਈ
ਸਤਿਗੁਰੁ ਸਰਣਿ ਪਰਹੁ ਤਾ ਉਬਰਹੁ ਇਉ ਤਰੀਐ ਭਵਜਲੁ ਭਾਏ ਹੇ।[101]

ਇਸ ਤੋਂ ਇਲਾਵਾ ਗੁਰੂ-ਬਾਣੀ ਮਿੱਥਕ ਹਵਾਲਿਆਂ ਰਾਹੀਂ 'ਗੁਰੂ ਦੀ ਮਹੱਤਤਾ' ਸਬੰਧੀ ਅਲੌਕਿਕਤਾ ਦਾ ਸੰਦੇਸ਼ ਵੀ ਦਿੰਦੀ ਹੈ।

ਇਸ ਸਬੰਧੀ ਪੇਸ਼ ਮਿੱਥ ਕਥਾਵਾਂ ਇਹ ਸੰਦੇਸ਼ ਦਿੰਦੀਆਂ ਹਨ ਕਿ ਗੁਰੂ ਦੀ ਆਗਿਆ ਅਨੁਸਾਰ ਹੀ ਮਨੁੱਖ ਨੂੰ ਕੋਈ ਵੀ ਕੰਮ ਕਰਨਾ ਚਾਹੀਦਾ ਹੈ ਕਿਉਂਕਿ ਗੁਰੂ ਪੱਥ ਪ੍ਰਦਰਸ਼ਕ ਹੈ ਜੋ

ਮਨੁੱਖ ਦਾ ਰਾਹ ਅਲੌਕਿਕ ਕਰਦਾ ਹੈ। ਗੁਰੂ ਦੁਆਰਾ ਦਿੱਤੇ ਨਾਮ ਰੂਪੀ ਖਜ਼ਾਨੇ ਦੁਆਰਾ ਗਿਆਨ ਦੀ ਪ੍ਰਾਪਤੀ ਹੁੰਦੀ ਹੈ:

ਮਾਈ ਗੁਰ ਬਿਨੁ ਗਿਆਨੁ ਨ ਪਾਈਐ।[102]

ਗੁਰੂ ਹਉਮੈ ਦੀ ਮੈਲ ਦੂਰ ਕਰਦਾ ਹੈ, ਮਨ ਨਿਰਮਲ ਕਰਦਾ ਹੈ ਅਤੇ ਮਨੁੱਖ ਦੇ ਮਨ ਵਿਚ ਪ੍ਰੇਮ ਭਾਵਨਾ ਪੈਦਾ ਕਰਦਾ ਹੈ। ਗੁਰੂ ਮੁਕਤੀ ਦਾ ਦਾਤਾ ਹੈ। ਗੁਰੂ ਤੋਂ ਬਿਨਾਂ ਕੋਈ ਵੀ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ:

ਬਿਨੁ ਗੁਰ ਮੁਕਤਿ ਨ ਕੋਊ ਪਾਵੈ ਮਨਿ ਵੇਖਹੁ ਕਰਿ ਬੀਚਾਰੀ।[103]

ਗੁਰੂ ਦੀ ਕ੍ਰਿਪਾ ਦੁਆਰਾ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ। ਆਵਾਗਵਨ ਦਾ ਚੱਕਰ ਖਤਮ ਹੋ ਜਾਂਦਾ ਹੈ। ਪ੍ਰਭੂ ਦਾ ਨਾਮ ਰੂਪੀ ਹੀਰਾ ਰਤਨ ਪ੍ਰਾਪਤ ਹੋ ਜਾਂਦਾ ਹੈ।

ਗੁਰੂ ਪਰਸਾਦਿ ਰਤਨ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜਿਆਰਾ।[104]

ਗੁਰੂ ਸਾਹਿਬ ਗੁਰੂ-ਬਾਣੀ ਵਿਚ ਮਿੱਥਕ ਹਵਾਲਿਆਂ ਰਾਹੀਂ ਅਲੌਕਿਕਤਾ ਦਾ ਸੰਦੇਸ਼ ਦੇ ਕੇ ਮਨੁੱਖ ਨੂੰ ਅਵਤਾਰ/ਦੇਵੀ ਦੇਵਤਿਆਂ ਦੀ ਉਪਾਸਨਾ ਛੱਡ ਇਕ ਪਰਮਾਤਮਾ ਦੀ ਭਗਤੀ ਕਰਨ, ਨਾਮ ਸਿਮਰਨ ਕਰਨ, ਹਉਮੈ, ਕਾਮ ਕ੍ਰੋਧ ਆਦਿ ਦਾ ਤਿਆਗ ਕਰਕੇ ਗੁਰੂ ਦੀ ਸਹਾਇਤਾ ਨਾਲ ਮੁਕਤੀ ਪ੍ਰਾਪਤ ਕਰਨ ਅਤੇ ਪ੍ਰਭੂ ਮਿਲਾਪ ਕਰਨ ਉਪਰ ਜ਼ੋਰ ਦਿੰਦੇ ਹਨ।

ਉਪਰੋਕਤ ਸਮੁੱਚੀ ਚਰਚਾ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਗੁਰੂ-ਬਾਣੀ ਪਰੰਪਰਾ ਨੂੰ ਅਪਣਾਉਂਦੀ ਹੋਈ ਮਿੱਥ ਕਥਾਵਾਂ ਦੀ ਵਰਤੋਂ ਕੇਵਲ ਹਵਾਲਿਆਂ, ਸੰਕੇਤਾਂ ਦੇ ਤੌਰ ਤੇ ਹੀ ਨਹੀਂ ਕਰਦੀ ਸਗੋਂ ਇਨ੍ਹਾਂ ਦੀ ਵਰਤੋਂ ਪ੍ਰਤੀਕਾਂ, ਚਿੰਨ੍ਹਾਂ, ਬਿੰਬਾਂ, ਦ੍ਰਿਸ਼ਟਾਤਾਂ, ਰੂਪਕਾਂ ਦੇ ਤੌਰ ਤੇ ਵੀ ਕਰਦੀ ਹੈ। ਇਸਤੋਂ ਇਲਾਵਾ ਗੁਰੂ-ਬਾਣੀ ਵਿਚ ਬ੍ਰਹਮ ਦੇ ਨਿਰਗੁਣ/ਸਰਗੁਣ ਸਰੂਪ ਸਦਕਾ ਗੁਰੂ-ਬਾਣੀ ਵਿਚ ਮਿੱਥ ਕਥਾਵਾਂ ਦਾ ਦੁਵੱਲਾ ਦ੍ਰਿਸ਼ਟੀਕੋਣ ਵੀ ਦੇਖਣ ਨੂੰ ਮਿਲਦਾ ਹੈ। ਸਾਕਾਰਾਤਮਕ ਦ੍ਰਿਸ਼ਟੀਕੋਣ ਅਪਨਾਉਂਦਿਆਂ ਗੁਰੂ ਸਾਹਿਬ ਨੇ ਜੋ 'ਰਾਮ', 'ਕ੍ਰਿਸ਼ਨ', 'ਵਿਸ਼ਨੂੰ' ਆਦਿ ਨਾਵਾਂ ਨੂੰ ਗੁਰੂ-ਬਾਣੀ ਵਿਚ ਵਰਤਿਆ ਹੈ, ਉਨ੍ਹਾਂ ਇਨ੍ਹਾਂ ਨਾਵਾਂ ਨੂੰ ਬ੍ਰਹਮ ਦੇ ਪ੍ਰਤੀਕ ਵਜੋਂ

ਵਰਤਿਆ ਹੈ। ਗੁਰੂ-ਬਾਣੀ ਵਿਚ ਜੋ ਵੀ ਮਿਥਿਹਾਸਕ ਨਾਂ ਆਏ ਹਨ, ਉਹ ਸਭ ਬ੍ਰਹਮ ਦੇ ਪ੍ਰਸੰਗ ਹਿਤ (ਪੂਰਨ-ਪਰਮਾਤਮਾ ਦੇ ਰੂਪ ਵਿਚ) ਆਏ ਹਨ, ਭਾਵ ਉਹ ਅਵਤਾਰ ਦੇ ਤੌਰ ਤੇ ਨਹੀਂ ਵਰਤੇ ਗਏ ਸਗੋਂ ਇਹਨਾਂ ਸ਼ਬਦਾਂ ਦੀ ਵਰਤੋਂ 'ਬ੍ਰਹਮ' ਸ਼ਬਦ ਦੇ ਪ੍ਰਸੰਗ ਵਿਚ ਹੋਈ ਹੈ। ਗੁਰੂ ਸਾਹਿਬ ਨੇ ਨਾਕਾਰਾਤਮਕ ਦ੍ਰਿਸ਼ਟੀਕੋਣ ਰਾਹੀਂ ਅਵਤਾਰਾਂ/ਦੇਵੀ-ਦੇਵਤਿਆਂ ਦੀਆਂ ਕੁਰੀਤੀਆਂ ਨੂੰ ਉਜਾਗਰ ਕਰਕੇ ਜਿਥੇ ਅੰਧ ਵਿਸ਼ਵਾਸ, ਮੂਰਤੀ ਪੂਜਾ ਉਪਰ ਕਰਾਰੀ ਚੋਟ ਕੀਤੀ ਹੈ ਉਥੇ ਇਹ ਅਵਤਾਰ/ਦੇਵੀ-ਦੇਵਤਿਆਂ ਦੀ ਪੂਜਾ ਨੂੰ ਛੱਡ ਇਕ ਬ੍ਰਹਮ ਦੀ ਪੂਜਾ ਕਰਨ ਵੱਲ ਪ੍ਰੇਰਿਤ ਵੀ ਕੀਤਾ ਹੈ। ਇਸ ਤਰ੍ਹਾਂ ਗੁਰੂ-ਬਾਣੀ ਦੇ ਮਿਥਿਹਾਸਕ ਸਰੂਪ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਿੱਖ ਗੁਰੂ ਸਾਹਿਬਾਨ ਮਿੱਥ ਕਥਾਵਾਂ ਰਾਹੀਂ ਅਲੌਕਿਕਤਾ ਦਾ ਸੰਦੇਸ਼ ਦੇ ਕੇ ਮਨੁੱਖ ਨੂੰ ਇਕ ਪਰਮਾਤਮਾ ਦੀ ਭਗਤੀ, ਨਾਮ ਸਿਮਰਨ, ਹਉਮੈ, ਕਾਮ ਕ੍ਰੋਧ ਦਾ ਤਿਆਗ ਅਤੇ ਗੁਰੂ ਦੀ ਮਹੱਤਤਾ ਉਪਰ ਜ਼ੋਰ ਦਿੰਦੇ ਹਨ।

# ਹਵਾਲੇ ਅਤੇ ਟਿੱਪਣੀਆਂ

1. "More then five hundred seal have been discovered. These are made of terracotta and small in size. Some contain five representations of animal figures-both mythical & seal engraved on them."
   Advance History of India, p. 19
2. *ਮਧ ਕਾਲੀਨ ਪੰਜਾਬੀ ਕਥਾ-ਰੂਪ ਤੇ ਪਰੰਪਰਾ*, ਪੰ. 39
3. ਉਹੀ, ਪੰ. 40
4. ਉਹੀ, ਪੰ. 40
5. ਉਹੀ, ਪੰ. 41
6. "It is obvious, therefore, that modren hinduism which possesses all the features mentioned above, was indebeted to a great extent, to the Indus Vally culture, Indications of the existence of the Bhakti Cult (loving devotion to the personal God) and even of some philosopohical doctrine like metempsychosis, have also been found at Mohenjo-daro, we must therefore hold that there is an organic relationship betwen the ancient culture of the Indus vally and the hinduism of today".
   ***Advance History of India***, p. 21
7. *ਮਧਕਾਲੀਨ ਪੰਜਾਬੀ ਕਥਾ: ਰੂਪ ਤੇ ਪਰੰਪਰਾ*, ਪੰ. 41
8. ਮੁਖਬੈਨ ਸਿੰਘ, ਮਿੱਥ, *ਦਰਸ਼ਨ ਤੇ ਚਿਹਨ ਸ਼ਾਸਤਰ*, ਪੰ. 28 ਉਦਹਰਿਤ
9. ਪਿਆਰਾ ਸਿਘ ਪਦਮ ਤੇ ਹੋਰ, *ਗੁਰੂ ਗ੍ਰੰਥ ਸਾਹਿਬ ਸੰਕੇਤ ਕੋਸ਼*, ਪੰ. 26 (ਉਦਹਰਿਤ)
10. *ਪ੍ਰਾਚੀਨ ਭਾਰਤੀ ਸਾਹਿਤ ਔਰ ਸੰਸਕ੍ਰਿਤੀ ਕੀ ਏਕ ਝਲਕ*, ਪੰ. 126
11. ***Hindu Mythology***, p. 90

12. ਸੋਹਿੰਦਰ ਸਿੰਘ ਵਣਜਾਰਾ ਬੇਦੀ, ਉਹੀ, ਪੰ. 43 (ਉਦਹਰਿਤ)

13. ਉਹੀ, ਪੰ. 47-48

14. ਉਹੀ, ***ਪੰਜਾਬੀ ਲੋਕਧਾਰਾ ਵਿਸ਼ਵ ਕੋਸ਼***, ਪੰ. 976

15. ਉਹੀ, ਪੰ. 985

16. ਉਹੀ, ਪੰ. 986

17. ਉਹੀ, ***ਮਧਕਾਲੀਨ ਪੰਜਾਬੀ ਕਥਾ ਰੂਪ ਤੇ ਪਰੰਪਰਾ***, ਪੰ. 50 (ਫੁਟ ਨੋਟ 23)

18. ਉਹੀ, ਪੰ. 51

19. ਨਾਹਰ ਸਿੰਘ (ਡਾ.), ***ਲੋਕ ਕਾਵਿ-ਸਿਰਜਣ ਪ੍ਰਕ੍ਰਿਆ*** 'ਆਰੰਭਕਾ', ਪੰ. 18

20. ਗੁਰੂ ਗ੍ਰੰਥ ਸਾਹਿਬ, ਪੰ. 1192

21. ਉਹੀ, ਪੰ. 401

22. ਉਹੀ, ਪੰ. 673

23. ਉਹੀ, ਪੰ. 392

24. ਉਹੀ, ਪੰ. 419

25. ਉਹੀ, ਪੰ. 766

26. ਉਹੀ, ਪੰ. 224

27. ਉਹੀ, ਪੰ.1192

28. ਉਹੀ, ਪੰ. 52

29. ਉਹੀ, ਪੰ. 470

30. ਉਹੀ, ਪੰ. 896-97

31. ਉਹੀ, ਪੰ. 1038

32. ਉਹੀ, ਪੰ. 1082

33. *ਗੁਰੂ ਗ੍ਰੰਥ ਸੰਕੇਤ ਕੋਸ਼*, ਪੰ. 80

34. *ਗੁਰੂ ਗ੍ਰੰਥ ਸਾਹਿਬ*, ਪੰ. 150

35. *ਗੁਰੂ ਗ੍ਰੰਥ ਸੰਕੇਤ ਕੋਸ਼*, ਪੰ. 209

36. *ਗੁਰੂ ਗ੍ਰੰਥ ਸਾਹਿਬ*, ਪੰ. 1082

37. *ਗੁਰੂ ਗ੍ਰੰਥ ਸੰਕੇਤ ਕੋਸ਼*, ਪੰ. 194

38. *ਗੁਰੂ ਗ੍ਰੰਥ ਸਾਹਿਬ*, ਪੰ. 451

39. ਮਨਮੋਹਨ ਸਹਿਗਲ (ਡਾ.) *ਗੁਰੂ ਗ੍ਰੰਥ ਸਾਹਿਬ: ਇਕ ਸਭਿਆਚਾਰਕ ਸਰਵੇਖਣ*, ਪੰ. 454-55

40. *ਗੁਰੂ ਗ੍ਰੰਥ ਸਾਹਿਬ*, ਪੰ. 995

41. *ਗੁਰੂ ਗ੍ਰੰਥ ਸਾਹਿਬ ਕੰਪਿਊਟਰ ਸੀ. ਡੀ.* ਪੰਜਾਬੀ ਯੂਨੀਵਰਸਿਟੀ, ਪਟਿਆਲਾ

42. *ਗੁਰੂ ਗ੍ਰੰਥ ਸਾਹਿਬ*, ਪੰ. 451

43. ਉਹੀ, ਪੰ. 1158

44. ਉਹੀ, ਪੰ. 228

45. ਉਹੀ, ਪੰ. 942

46. *ਗੁਰੂ ਗ੍ਰੰਥ ਸੰਕੇਤ ਕੋਸ਼*, ਪੰ. 164

47. *ਗੁਰੂ ਗ੍ਰੰਥ ਸਾਹਿਬ*, ਪੰ. 982

48. *ਗੁਰੂ ਗ੍ਰੰਥ ਸਾਹਿਬ: ਇਕ ਸਭਿਆਚਾਰਕ ਸਰਵੇਖਣ*, ਪੰ. 454

49. *ਗੁਰੂ ਗ੍ਰੰਥ ਸਾਹਿਬ*, ਪੰ. 1192

50. *ਗੁਰੂ ਗ੍ਰੰਥ ਸੰਕੇਤ ਕੋਸ਼*, ਪੰ. 102-103

51. *ਗੁਰੂ ਗ੍ਰੰਥ ਸਾਹਿਬ*, ਪੰ. 1390

52. *ਗੁਰੂ ਗ੍ਰੰਥ ਸੰਕੇਤ ਕੋਸ਼*, ਪੰ. 112

53. ***ਗੁਰੂ ਗ੍ਰੰਥ ਸਾਹਿਬ***, ਪੰ. 1192

54. ***ਗੁਰੂ ਗ੍ਰੰਥ ਸੰਕੇਤ ਕੋਸ਼***, ਪੰ.215

55. ***ਗੁਰੂ ਗ੍ਰੰਥ ਸਾਹਿਬ***, ਪੰ. 1306

56. ਉਹੀ, ਪੰ. 733

57. ***ਗੁਰੂ ਗ੍ਰੰਥ ਸੰਕੇਤ ਕੋਸ਼***, ਪੰ.208

58. ***ਗੁਰੂ ਗ੍ਰੰਥ ਸਾਹਿਬ***, ਪੰ. 1192

59. ***ਗੁਰੂ ਗ੍ਰੰਥ ਸੰਕੇਤ ਕੋਸ਼***, ਪੰ. 62-63

60. ***ਗੁਰੂ ਗ੍ਰੰਥ ਸਾਹਿਬ***, ਪੰ. 995

61. ***ਗੁਰੂ ਗ੍ਰੰਥ ਸਾਹਿਬ: ਇਕ ਸਭਿਆਚਾਰਕ ਸਰਵੇਖਣ***, ਪੰ. 430

62. ***ਗੁਰਮਤਿ ਦਰਸ਼ਨ***, ਪੰ. 310

63. ***ਮਿੱਥ ਵਿਗਿਆਨ ਤੇ ਸਾਹਿਤ***, ਪੰ. 41

64. ਵਣਜਾਰਾ ਬੇਦੀ (ਡਾ.), ***ਲੋਕ ਤੱਤ ਤੇ ਗੁਰੂ ਨਾਨਕ***, ਪੰ. 95

65. ***ਗੁਰੂ ਗ੍ਰੰਥ ਸਾਹਿਬ***, ਪੰ. 227

66. ਉਹੀ, ਪੰ. 489

67. ***ਗੁਰੂ ਗ੍ਰੰਥ ਸੰਕੇਤ ਕੋਸ਼***, ਪੰ.21-22

68. ***ਗੁਰੂ ਗ੍ਰੰਥ ਸਾਹਿਬ***, ਪੰ. 1344

69. ਕਾਲਾ ਸਿੰਘ ਬੇਦੀ, ***ਗੁਰੂ ਨਾਨਕ ਸ਼ਬਦ ਰਤਨਾਕਰ***, ਪੰ. 266-67

70. ***ਗੁਰੂ ਗ੍ਰੰਥ ਸਾਹਿਬ***, ਪੰ. 1343-44

71. ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼***, ਪੰ. 394

72. ***ਗੁਰੂ ਗ੍ਰੰਥ ਸਾਹਿਬ***, ਪੰ. 559

73. ਸਰ ਜੌਨ ਡੋਸਿਨ, ***ਹਿੰਦੂ ਮਿਥਿਹਾਸ ਕੋਸ਼***, ਪੰ. 464-71

74. ***ਗੁਰੂ ਗ੍ਰੰਥ ਸਾਹਿਬ***, ਪੰ. 953

75. ਉਹੀ, ਪੰ. 1412

76. ਉਹੀ, ਪੰ. 1412

77. ਉਹੀ, ਪੰ. 350-51

78. ਉਹੀ, ਪੰ. 1428

79. ***ਗੁਰੂ ਨਾਨਕ ਸ਼ਬਦ ਰਤਨਾਕਰ***, ਪੰ. 176

80. ***ਗੁਰੂ ਗ੍ਰੰਥ ਸਾਹਿਬ***, ਪੰ. 470

81. ਉਹੀ, ਪੰ. 350-51

82. ***ਗੁਰੂ ਨਾਨਕ ਸ਼ਬਦ ਰਤਨਾਕਰ***, ਪੰ. 134

83. ***ਗੁਰੂ ਗ੍ਰੰਥ ਸਾਹਿਬ***, ਪੰ. 350-51

84. ਉਹੀ, ਪੰ. 589

85. ***ਗੁਰਮਤਿ ਦਰਸ਼ਨ***, ਪੰ. 151

86. ***ਗੁਰਮਤਿ ਵਿਚਾਰਧਾਰਾ***, ਪੰ. 200

87. ***ਗੁਰਮਤਿ ਦਰਸ਼ਨ***, ਪੰ. 151

88. ***ਵਿਚਾਰਧਾਰਾ***, ਪੰ. 114-115

89. "It should not suggest any nation of Implicit monotheism expressed plurality of deities, except in the sense that the deities as Hindu mythology are occasionally used as symbols to represent particular aspects of the divine activity."
***Guru Nanak and the Sikh Religion***, p. 165

90. ਮਲਕੀਤ ਸਿੰਘ ਬਾਜਵਾ (ਡਾ.), ***ਗੁਰੂ ਅਰਜਨ ਬਾਣੀ ਤੇ ਸਰੋਦਿਕਤਾ***, ਪੰ. 67

91. ***ਗੁਰੂ ਗ੍ਰੰਥ ਸਾਹਿਬ***, ਪੰ. 1092

92. *ਗੁਰੂ ਗ੍ਰੰਥ ਸਾਹਿਬ*, ਪੰ. 227

93. ਉਹੀ, ਪੰ. 929-30

94. ਉਹੀ, ਪੰ. 284

95. ਉਹੀ, ਪੰ. 1192

96. ਉਹੀ, ਪੰ. 264

97. ਉਹੀ, ਪੰ. 285

98. ਉਹੀ, ਪੰ. 1427

99. ਉਹੀ, ਪੰ. 560

100. ਉਹੀ, ਪੰ. 21

101. ਉਹੀ, ਪੰ. 1026

102. ਉਹੀ, ਪੰ. 532

103. ਉਹੀ, ਪੰ. 495

104. ਉਹੀ, ਪੰ. 353

# ਅਧਿਆਇ ਤੀਜਾ

## ਗੁਰੂ ਗ੍ਰੰਥ ਸਾਹਿਬ ਵਿਚ ਆਏ ਮਿਥਿਹਾਸਕ ਹਵਾਲਿਆਂ ਅਤੇ ਸੰਕੇਤਾਂ ਦਾ ਦਾਰਸ਼ਨਿਕ ਆਧਾਰ

I. (ੳ) ਦਰਸ਼ਨ ਦਾ ਅਰਥ, ਪਰਿਭਾਸ਼ਾ, ਖੇਤਰ

(ਅ) ਦਰਸ਼ਨ ਤੇ ਧਰਮ

(ੲ) ਮਿੱਥ ਅਤੇ ਦਰਸ਼ਨ

(ਸ) ਗੁਰੂ-ਬਾਣੀ ਅਤੇ ਦਰਸ਼ਨ

II. (ੳ) ਮਿੱਥ ਅਤੇ ਦਰਸ਼ਨ ਅਧਾਰਿਤ ਬ੍ਰਹਮ ਦਾ ਸੰਕਲਪ

ਬ੍ਰਹਮ ਦਾ ਮਿੱਥਕ ਅਤੇ ਸਰੂਪ

(i) ਨਿਰਗੁਣ ਬ੍ਰਹਮ

(ii) ਸਰਗੁਣ ਬ੍ਰਹਮ

(iii) ਨਿਰਗੁਣ-ਸਰਗੁਣ ਬ੍ਰਹਮ

(ਅ) ਮਿੱਥ ਅਤੇ ਦਰਸ਼ਨ ਆਧਾਰਿਤ ਸ੍ਰਿਸ਼ਟੀ ਦਾ ਸੰਕਲਪ

(i) ਸ੍ਰਿਸ਼ਟੀ ਰਚਨਾ ਤੋਂ ਪੂਰਵ ਅਵਸਥਾ ਸੰਬੰਧੀ ਦਾਰਸ਼ਨਿਕ ਮਿੱਥਕ ਸਿਧਾਂਤ

(ii) ਸ੍ਰਿਸ਼ਟੀ ਦੇ ਕਰਤਾ ਸੰਬੰਧੀ ਦਾਰਸ਼ਨਿਕ ਮਿੱਥਕ ਸਿਧਾਂਤ

(iii) ਸ੍ਰਿਸ਼ਟੀ ਰਚਨਾ-ਪ੍ਰਕ੍ਰਿਆ ਸਬੰਧੀ ਦਾਰਸ਼ਨਿਕ ਮਿੱਥਕ ਸਿਧਾਂਤ

(iv) ਸ੍ਰਿਸ਼ਟੀ ਰਚਨਾ-ਕਾਲ ਸਬੰਧੀ ਦਾਰਸ਼ਨਿਕ ਮਿੱਥਕ ਸਿਧਾਂਤ

(v) ਸ੍ਰਿਸ਼ਟੀ ਨਾਲ ਸਬੰਧਿਤ ਚਾਰ ਯੁਗਾਂ ਦਾ ਦਾਰਸ਼ਨਿਕ ਮਿੱਥਕ ਸਿਧਾਂਤ

(vi) ਸ੍ਰਿਸ਼ਟੀ ਨਾਲ ਸਬੰਧਿਤ ਧੌਲ ਧਰਮ ਦੀ ਮਿੱਥ ਸਬੰਧੀ ਦਾਰਸ਼ਨਿਕ ਮਿੱਥਕ ਸਿਧਾਂਤ

(vii) ਸ੍ਰਿਸ਼ਟੀ ਦੀ ਅਨੰਤਤਾ ਸਬੰਧੀ ਦਾਰਸ਼ਨਿਕ ਮਿੱਥਕ ਸਿਧਾਂਤ

(ੲ) ਮਿੱਥ ਅਤੇ ਦਰਸ਼ਨ ਆਧਾਰਿਤ ਮਾਇਆ ਦਾ ਸੰਕਲਪ

(i) ਮਿੱਥ ਅਧਾਰਿਤ ਮਾਇਆ ਦਾ ਸਰੂਪ

(ii) ਮਿੱਥ ਅਧਾਰਿਤ ਮਾਇਆ ਦਾ ਕਰਤਾ

(iii) ਮਾਇਆ ਤ੍ਰੈਗੁਣਾਤਮਿਕ ਸ਼ਕਤੀ

(iv) ਮਾਇਆ ਵਿਭਿੰਨ ਰੂਪ

**(ਸ) ਮਿੱਥ ਅਤੇ ਦਰਸ਼ਨ ਅਧਾਰਿਤ ਜੀਵਾਤਮਾ ਦਾ ਸੰਕਲਪ**

(i) ਮੌਤ ਉਪਰੰਤ ਜੀਵ ਆਤਮਾ ਦੀ ਸਥਿਤੀ ਸਬੰਧੀ ਮਿੱਥਕ ਤੇ ਦਾਰਸ਼ਨਿਕ ਸੰਕਲਪ

(ii) ਮੌਤ ਉਪਰੰਤ ਜੀਵਾਤਮਾ ਨਾਲ ਸਬੰਧਿਤ ਮਿੱਥਕ ਪਾਤਰ ਅਤੇ ਮਿੱਥਕ ਅਤੇ ਦਾਰਸ਼ਨਿਕ ਸੰਕਲਪ

(iii) ਆਵਾਗਵਣ ਦਾ ਮਿੱਥਕ ਅਤੇ ਦਾਰਸ਼ਨਿਕ ਸੰਕਲਪ

(iv) 84 ਲੱਖ ਜੂਨ ਦੀ ਮਿੱਥ ਦਾ ਮਿੱਥਕ ਅਤੇ ਦਾਰਸ਼ਨਿਕ ਸੰਕਲਪ

(v) ਸਵਰਗ/ਨਰਕ ਦਾ ਮਿੱਥਕ ਅਤੇ ਦਾਰਸ਼ਨਿਕ ਸੰਕਲਪ

**(ਹ) ਮਿੱਥ ਅਧਾਰਿਤ ਮੁਕਤੀ ਦਾ ਮਿੱਥਕ ਅਤੇ ਦਾਸ਼ਨਿਕ ਸੰਕਲਪ**

ਜੀਵਨ-ਮੁਕਤੀ

**(ਕ) ਗੁਰੂ-ਬਾਣੀ ਵਿਚ ਆਏ ਮਿਥਿਹਾਸਕ ਹਵਾਲਿਆਂ ਅਤੇ ਸੰਕੇਤਾਂ ਦਾ ਦਾਰਸ਼ਨਿਕ ਅਧਾਰ**

(i) ਅਵਤਾਰ ਧਾਰਨੀ ਮਿੱਥ ਕਥਾਵਾਂ ਤੇ ਉਨ੍ਹਾਂ ਦਾ ਦਾਰਸ਼ਨਿਕ ਅਧਾਰ

(ii) ਦੇਵੀ-ਦੇਵਤਿਆਂ ਦੀਆਂ ਮਿੱਥ ਕਥਾਵਾਂ ਤੇ ਉਨ੍ਹਾਂ ਦਾ ਦਾਰਸ਼ਨਿਕ ਆਧਾਰ

(iii) ਰਿਸ਼ੀਆਂ ਮੁਨੀਆਂ ਦੀਆਂ ਮਿੱਥ ਕਥਾਵਾਂ ਤੇ ਉਨ੍ਹਾਂ ਦਾ ਦਾਰਸ਼ਨਿਕ ਆਧਾਰ

(iv) ਰਾਜੇ ਮਹਾਰਾਜਿਆਂ ਦੀਆਂ ਮਿੱਥ ਕਥਾਵਾਂ ਤੇ ਉਨ੍ਹਾਂ ਦਾ ਦਾਰਸ਼ਨਿਕ ਆਧਾਰ

(v) ਦੈਂਤਾਂ, ਰਾਖਸਾਂ, ਦਾਨਵਾਂ ਦੀਆਂ ਮਿੱਥ ਕਥਾਵਾਂ ਤੇ ਉਨ੍ਹਾਂ ਦਾ ਦਾਰਸ਼ਨਿਕ ਆਧਾਰ

# ਗੁਰੂ ਗ੍ਰੰਥ ਸਾਹਿਬ ਵਿਚ ਆਏ ਮਿਥਿਹਾਸਕ ਹਵਾਲਿਆਂ ਅਤੇ ਸੰਕੇਤਾਂ ਦਾ ਦਾਰਸ਼ਨਿਕ ਆਧਾਰ

ਗੁਰੂ ਗ੍ਰੰਥ ਸਾਹਿਬ ਭਾਰਤੀ ਅਤੇ ਇਸਲਾਮੀ ਸਭਿਆਚਾਰ ਦੀ ਪੇਸ਼ਕਾਰੀ ਕਰਨ ਵਾਲਾ ਮਹਾਨ ਗ੍ਰੰਥ ਹੈ। ਇਸ ਵਿਚ ਪੇਸ਼ ਮਿੱਥਕ ਹਵਾਲੇ ਅਤੇ ਸੰਕੇਤਾਂ ਦਾ ਦਾਰਸ਼ਨਿਕ ਆਧਾਰ ਹੈ। ਗੁਰੂ ਸਾਹਿਬ ਨੇ ਇਨ੍ਹਾਂ ਹਵਾਲੇ ਅਤੇ ਸੰਕੇਤਾਂ ਨੂੰ ਇਸ ਕਰਕੇ ਆਪਣੀ ਰਚਨਾ ਦਾ ਆਧਾਰ ਬਣਾਇਆ ਅਤੇ ਪੇਸ਼ ਕੀਤਾ ਤਾਂ ਕਿ ਇਨ੍ਹਾਂ ਪਿੱਛੇ ਲੁਪਤ ਦਾਰਸ਼ਨਿਕ ਵਿਚਾਰਾਂ ਨੂੰ ਉਘਾੜ ਕੇ ਗੁਰਮਤਿ ਅਨੁਸਾਰ ਸਰਲ ਅਤੇ ਸੌਖੇ ਢੰਗ ਨਾਲ ਲੋਕਾਂ ਦੇ ਸਨਮੁੱਖ ਪੇਸ਼ ਕੀਤਾ ਜਾ ਸਕੇ।

**ਦਾਰਸ਼ਨ ਦਾ ਅਰਥ :**

ਦਰਸ਼ਨ ਦਾ ਅਰਥ ਹੈ ਵੇਖਣਾ, ਕਿਸੇ ਵਸਤੂ ਦਾ ਪ੍ਰਤੱਖ ਜਾਂ ਅਨੁਭਵ ਗਿਆਨ ਹੈ। ਦਰਸ਼ਨ ਸ਼ਬਦ ਸੰਸਕ੍ਰਿਤ ਦੇ 'ਦ੍ਰਿਸ਼' ਧਾਤੂ ਦੇ ਕਰਣ ਅਰਥ ਵਿਚ 'ਲਯੂਟ' ਪ੍ਰਤਸਯ ਲਾ ਕੇ ਬਣਿਆ ਹੈ ਜਿਸ ਦੇ ਅਰਥ ਹਨ 'ਜਿਸ ਦੇ ਦੁਆਰਾ ਵੇਖਿਆ ਜਾਵੇ।[1]

ਫਿਲਾਸਫੀ (Philosophy) ਸ਼ਬਦ ਯੂਨਾਨੀ ਭਾਸ਼ਾ ਤੋਂ ਆਇਆ ਹੈ। ਇਹ ਸ਼ਬਦ Philo ਜਿਸ ਦਾ ਅਰਥ ਹੈ ਪ੍ਰੇਮ ਅਤੇ Sophia ਜਿਸ ਦਾ ਅਰਥ 'ਅਕਲ ਜਾਂ ਗਿਆਨ' ਦੇ ਸੁਮੇਲ ਤੋਂ ਬਣਿਆ ਹੈ। ਇਸ ਤਰ੍ਹਾਂ ਫਿਲਾਸਫੀ ਦਾ ਅਰਥ ਹੈ ਗਿਆਨ ਨਾਲ ਪ੍ਰੇਮ।[2]

ਉਮੇਸ਼ ਮਿਸ਼ਰ ਅਨੁਸਾਰ, "ਦਰਸ਼ਨ ਸ਼ਬਦ ਦਾ ਅਰਥ ਅੰਤਰ ਦ੍ਰਿਸ਼ਟੀ ਹੈ। ਇਹ ਉਹ ਅਧਿਆਤਮਕ ਪ੍ਰਤੱਖ ਅਨੁਭਵ ਹੈ ਜਿਸ ਵਿਚ ਕਿਸੇ ਸਚਾਈ ਦਾ ਸੰਪੂਰਨ ਤਤਕਾਲਿਕ ਗਿਆਨ ਪ੍ਰਾਪਤ ਹੁੰਦਾ ਹੈ।"[3]

ਇਸ ਤਰ੍ਹਾਂ ਦਰਸ਼ਨ ਅਧਿਆਤਮਕਤਾ ਦਾ ਬੌਧਿਕ ਗਿਆਨ ਹੈ। ਅੰਤਰ ਦ੍ਰਿਸ਼ਟੀ ਦੁਆਰਾ ਅਨੁਭਵ ਕੀਤੇ ਗਿਆਨ ਦਾ ਬੌਧਿਕ ਪ੍ਰਗਟਾਅ 'ਦਰਸ਼ਨ' ਅਖਵਾਉਂਦਾ ਹੈ। ਇਸੇ ਕਰਕੇ 'ਦਰਸ਼ਨ' ਸ਼ਬਦ ਅੰਤਰ ਦ੍ਰਿਸ਼ਟੀ ਅਨੁਭਵ ਦਾ ਪ੍ਰਤੱਖ ਸੰਪੂਰਨ ਗਿਆਨ ਹੈ।

**ਦਰਸ਼ਨ ਦੀ ਪਰਿਭਾਸ਼ਾ:**

ਡਾ. ਰਾਧਾ ਕ੍ਰਿਸ਼ਨਨ ਨੇ ਦਰਸ਼ਨ ਦੀ ਪਰਿਭਾਸ਼ਾ ਇਸ ਤਰ੍ਹਾਂ ਕੀਤੀ ਹੈ ਕਿ ਦਰਸ਼ਨ ਅੰਤਰ ਗਿਆਨ ਨੂੰ ਤਰਕ ਦੇ ਅਧਾਰ ਉਤੇ ਸਿੱਧ ਕਰਨਾ ਅਤੇ ਉਸ ਦਾ ਪ੍ਰਚਾਰ ਕਰਨਾ ਹੈ। ਦਰਸ਼ਨ ਦਾ ਮੂਲ ਤੱਤਵ ਮਨੁੱਖੀ ਅਨੁਭਵ ਦਾ ਤਾਰਕਿਕ ਵਿਸ਼ਲੇਸ਼ਣ ਹੈ। ਇਹ ਅਨੁਭਵ ਤਿੰਨ ਪ੍ਰਕਾਰ ਦਾ ਹੈ: (1) ਇੰਦਰੀ ਅਨੁਭਵ, (2) ਬੌਧਿਕ ਅਨੁਭਵ ਅਤੇ (3) ਅਧਿਆਤਮਕ ਅਨੁਭਵ।[4] ਪ੍ਰਕਿਰਤੀਵਾਦੀ ਪ੍ਰਤੱਖ ਨੂੰ ਪ੍ਰਮਾਣ ਮੰਨਦੇ ਹਨ। ਭਾਵੇਂ ਪ੍ਰਤੱਖ ਗਿਆਨ ਲਈ ਤਰਕ ਦੀ ਲੋੜ ਨਹੀਂ ਪਰ ਇਸ ਵਿਚ ਵੀ ਕੁਝ ਅਜਿਹੇ ਤੱਤ ਹਨ ਜਿਨ੍ਹਾਂ ਲਈ ਤਰਕ ਤੇ ਵਿਚਾਰ ਆਵਸ਼ਕ ਹੈ। ਬੌਧਿਕ ਗਿਆਨ ਆਪਣੇ ਆਪ ਵਿਚ ਤਰਕ ਤੇ ਅਧਾਰਤ ਹੈ। ਅਧਿਆਤਮਕ ਅਨੁਭਵ ਜਾਂ ਅੰਤਰ ਗਿਆਨ ਕਿਸੇ ਦਲੀਲ ਦਾ ਮੁਥਾਜ ਨਹੀਂ। ਇਹ ਤਾਂ ਗੂੰਗੇ ਦੀ ਮਠਿਆਈ ਖਾਣ ਵਾਂਗ ਹੈ। ਪਰ ਇਸ ਦਾ ਅਰਥ ਇਹ ਨਹੀਂ ਸਮਝਣਾ ਚਾਹੀਦਾ ਕਿ ਇਸ ਦਾ ਵਿਧੀ ਪੂਰਵਕ ਅਧਿਐਨ ਅਸੰਭਵ ਹੈ। ਅਧਿਆਤਮਕ ਅਨੁਭਵ ਨੂੰ ਬੌਧਿਕ ਦ੍ਰਿਸ਼ਟੀ ਤੋਂ ਵਿਚਾਰਿਆ ਤੇ ਸਿੱਧ ਕੀਤਾ ਜਾ ਸਕਦਾ ਹੈ।

ਇਸ ਤਰ੍ਹਾਂ ਦਰਸ਼ਨ ਇਕ ਅਜਿਹਾ ਗਿਆਨ ਹੈ ਜਿਹੜਾ ਤਾਰਕਿਕ ਦ੍ਰਿਸ਼ਟੀ ਤੋਂ ਪ੍ਰਤੱਖ ਸਿੱਧ ਕੀਤਾ ਜਾ ਸਕਦਾ ਹੈ। ਦਰਸ਼ਨ ਬੌਧਿਕ ਪੱਧਰ ਤੇ ਯਥਾਰਥ ਨੂੰ ਸਮਝਣ ਦਾ ਉਪਰਾਲਾ ਹੈ ਭਾਵੇਂ ਉਹ ਪ੍ਰਕ੍ਰਿਤਕ, ਬੌਧਿਕ ਅਤੇ ਅਧਿਆਤਮਕ ਯਥਾਰਥ ਹੋਵੇ।

**ਦਰਸ਼ਨ ਦਾ ਖੇਤਰ:**

ਦਰਸ਼ਨ ਵਿਚ ਜੀਵਨ ਦੇ ਮੂਲ ਤੱਤਾਂ ਦਾ ਅਧਿਐਨ ਹੁੰਦਾ ਹੈ। ਜੀਵਨ ਕੀ ਹੈ? ਇਸ ਦਾ ਆਰੰਭ ਕਿਵੇਂ ਹੋਇਆ? ਦੁੱਖ ਸੁੱਖ ਕਿਉਂ ਪੈਦਾ ਹੁੰਦਾ ਹੈ? ਜੀਵ ਦਾ ਆਦਿ ਅਤੇ ਅੰਤ ਕੀ ਹੈ? ਜਗਤ ਦੀ ਉਤਪਤੀ ਦਾ ਮੂਲ ਕਾਰਣ ਕੀ ਹੈ? ਜੀਵ ਅਤੇ ਜਗਤ ਦੀ ਰਚਨਾ ਕੌਣ ਕਰਦਾ ਹੈ? ਇਸ ਜਗਤ ਦੀ ਰਚਨਾ ਕਰਨ ਵਾਲਾ ਪਰਾਭੌਤਿਕ ਤੱਤਵ ਕੀ ਹੈ? ਇਹ ਪਰਾਭੌਤਿਕ ਤੱਤ ਦਾ ਸਰੂਪ ਕੀ ਹੈ? ਅਜਿਹੇ ਕਈ ਪ੍ਰਸ਼ਨ ਦਰਸ਼ਨ ਦੇ ਖੇਤਰ ਵਿਚ ਆਉਂਦੇ ਹਨ। ਦਰਸ਼ਨ ਇਨ੍ਹਾਂ

ਉਪਰੋਕਤ ਪ੍ਰਸ਼ਨਾਂ ਦਾ ਅਧਿਐਨ ਤਾਰਕਿਕ ਵਿਧੀ ਨਾਲ ਕਰਦਾ ਹੈ ਜਿਸ ਨਾਲ ਪ੍ਰਮਾਣਾਂ ਦੀ ਪੁਸ਼ਟੀ ਹੁੰਦੀ ਹੈ।

**ਦਰਸ਼ਨ ਤੇ ਧਰਮ :**

ਧਰਮ ਅਤੇ ਦਰਸ਼ਨ ਦਾ ਅਟੁੱਟ ਰਿਸ਼ਤਾ ਹੈ। ਦੋਵਾਂ ਦਾ ਆਦਿ ਅਤੇ ਅੰਤ ਇਕੋ ਹੀ ਹੈ। ਦੋਵੇਂ ਜੀਵਨ ਦੀ ਅਗਵਾਈ ਕਰਦੇ ਹਨ ਅਤੇ ਪਰਾਭੌਤਿਕ ਤੱਤਾਂ ਦਾ ਮਾਰਗ ਦਰਸ਼ਨ ਕਰਦੇ ਹਨ। ਦੋਵਾਂ ਦਾ ਵਿਕਾਸ ਜੀਵਨ ਨਾਲ ਹੀ ਸੰਭਵ ਹੈ। ਦਰਸ਼ਨ ਮਨੁੱਖੀ ਜੀਵਨ ਦਾ ਅੰਤਮ ਉਦੇਸ਼ ਸਥਾਪਤ ਕਰਦਾ ਹੈ ਅਤੇ ਸਾਧਨਾ ਦੀ ਭਾਲ ਕਰਦਾ ਹੈ। ਜਦੋਂ ਕਿ ਧਰਮ ਜੀਵਨ ਉਦੇਸ਼ ਦੀ ਪ੍ਰਾਪਤੀ ਲਈ ਅਮਲੀ ਰੂਪ ਵਿਚ ਸਿਧਾਂਤਾਂ ਦਾ ਪ੍ਰਤੀਪਾਦਨ ਕਰਦਾ ਹੈ। ਧਰਮ ਵਿਵਹਾਰਕ ਭਾਵਕ ਤੇ ਨਿਜੀ ਹੈ, ਦਰਸ਼ਨ ਸਿਧਾਂਤਕ ਬੌਧਿਕ ਤੇ ਨਿਯਮੱਤ ਹੈ। ਡਾ. ਬਲਦੇਵ ਉਪਾਧਿਆਇ ਲਿਖਦੇ ਹਨ:

> *ਕਿ ਦਰਸ਼ਨ ਵਿਚਾਰਾਂ ਦਾ ਪ੍ਰਤੀਪਾਦਨ ਕਰਦਾ ਹੈ ਅਤੇ ਇਨ੍ਹਾਂ ਦੇ ਅਨੁਸਾਰ ਆਚਾਰਾਂ ਦੀ ਵਿਵਸਥਾ ਕਰਨਾ ਧਰਮ ਦਾ ਕੰਮ ਹੈ। ਦਰਸ਼ਨ ਸਿਧਾਂਤ ਦਾ ਪ੍ਰਤੀਪਾਦਕ ਹੈ ਤਾਂ ਧਰਮ ਵਿਵਹਾਰ ਦਾ ਪ੍ਰਦਰਸ਼ਕ ਹੈ। ਧਰਮ ਦੀ ਇਮਾਰਤ ਖੜ੍ਹੀ ਕਰਨ ਲਈ ਦਰਸ਼ਨ ਨੀਂਹ ਰੱਖਦਾ ਹੈ।*[6]

ਡਾ. ਮਹਿੰਦਰ ਕੌਰ ਅਨੁਸਾਰ:

> *ਧਰਮ ਦਾ ਆਧਾਰ ਅਣਵੇਖੇ ਉਪਰ ਵਿਸ਼ਵਾਸ ਹੈ ਤੇ ਦਰਸ਼ਨ ਦੀ ਅਣਵੇਖੇ ਪ੍ਰਤੀ ਭਾਲ।*[6]
>
> *ਦਰਸ਼ਨ ਸਾਨੂੰ ਕੁਝ ਸੰਕਲਪ ਦੇਂਦਾ ਹੈ। ਜਿਨ੍ਹਾਂ ਦੇ ਆਸਰੇ ਅਸੀਂ ਸਮਝਣ ਬੁੱਝਣ ਦੇ ਯੋਗ ਹੋ ਜਾਂਦੇ ਹਾਂ। ਧਰਮ ਇਨ੍ਹਾਂ ਸੰਕਲਪਾਂ ਦੇ ਨਾਲ ਨਾਲ ਵਿਅਕਤੀ ਅਤੇ ਜਗਤ ਵਿਚ ਇਕਸੁਰਤਾ ਕਾਇਮ ਕਰਦਾ ਹੈ।*[7]

ਭਾਵੇਂ ਦੋਵੇਂ ਇਕ ਦੂਜੇ ਦੇ ਪੂਰਕ ਹਨ ਅਤੇ ਹਰ ਤਰ੍ਹਾਂ ਇਕ ਦੂਜੇ ਤੇ ਨਿਰਭਰ ਕਰਦੇ ਹਨ ਪਰ ਦੋਵੇਂ ਇਕ ਦੂਜੇ ਉਤੇ ਅਧਾਰਿਤ ਹੁੰਦਿਆਂ ਵੀ ਦੋਵਾਂ ਦੇ ਵਿਕਾਸ ਦੀਆਂ ਪੱਧਤੀਆਂ ਵੱਖ

ਵੱਖ ਹਨ। ਦਰਸ਼ਨ ਦੀ ਸਿੱਧੀ ਤਰਕ 'ਤੇ ਨਿਰਭਰ ਕਰਦੀ ਹੈ ਜਦੋਂ ਕਿ ਧਰਮ ਵਿਚ 'ਤਰਕ' ਨੂੰ ਕੋਈ ਮਹੱਤਵ ਨਹੀਂ ਦਿੱਤਾ ਜਾਂਦਾ।

ਧਰਮ ਦਾ ਆਪਣਾ ਨੈਤਿਕ ਵਿਧਾਨ ਹੁੰਦਾ ਹੈ ਜੋ ਧਰਮ ਨਿਯਮ ਸਥਾਪਤ ਕਰਦਾ ਹੈ, ਦਰਸ਼ਨ ਉਨ੍ਹਾਂ ਨੂੰ ਤਰਕ ਅਤੇ ਦਲੀਲ ਦੁਆਰਾ ਸਿੱਧ ਕਰਦਾ ਹੈ।

ਫਿਰ ਵੀ ਧਰਮ ਅਤੇ ਦਰਸ਼ਨ ਦਾ ਖੇਤਰ ਸਾਂਝਾ ਹੈ ਜਿਸ ਦੀ ਅਗਵਾਈ ਧਰਮ ਕਰਦਾ ਹੈ ਤੇ ਜਿਸ ਦਾ ਪ੍ਰਤੀਪਾਦਨ ਦਰਸ਼ਨ ਕਰਦਾ ਹੈ। ਦੋਹਾਂ ਦਾ ਆਦਿ ਅਤੇ ਅੰਤ ਇਕੋ ਹੀ ਹੈ।

**ਮਿੱਥ ਅਤੇ ਦਰਸ਼ਨ:**

ਮਿੱਥ ਅਤੇ ਦਰਸ਼ਨ ਦਾ ਰਿਸ਼ਤਾ ਬਹੁਤ ਪੁਰਾਣਾ ਅਤੇ ਅਟੁੱਟ ਹੈ। ਮਿੱਥ ਅਤੇ ਦਰਸ਼ਨ ਦਾ ਜਨਮ ਇਕੋ ਸਮੇਂ ਹੋਇਆ ਹੈ। ਆਦਿ ਮਨੁੱਖ ਨੇ ਜਦੋਂ ਬ੍ਰਹਮ ਅਤੇ ਸ੍ਰਿਸ਼ਟੀ ਦੇ ਰਹੱਸ ਨੂੰ ਭਾਵਕ ਤੇ ਬੌਧਿਕ ਪੱਧਰ ਉਤੇ ਸਮਝਣ ਦਾ ਯਤਨ ਕੀਤਾ ਤਾਂ ਉਸ ਵਿਚੋਂ ਮਿੱਥ ਅਤੇ ਦਰਸ਼ਨ ਦਾ ਜਨਮ ਹੋਇਆ। ਮਨੁੱਖ ਨੇ ਜਦੋਂ ਬ੍ਰਹਮ ਨੂੰ ਪ੍ਰਤੀਕ ਮਿੱਥ ਕੇ ਉਸ ਦੀ ਪੂਜਾ ਸ਼ੁਰੂ ਕਰ ਦਿੱਤੀ ਤਾਂ ਉਸ ਨਾਲ ਸਬੰਧਿਤ ਕਈ ਦਾਰਸ਼ਨਿਕ ਅਤੇ ਮਿੱਥਕ ਵਿਚਾਰ ਹੋਂਦ ਵਿਚ ਆਏ। ਇਸੇ ਤਰ੍ਹਾਂ ਬ੍ਰਹਮ ਦੇ ਸੰਕਲਪ, ਸਰੂਪ, ਸ੍ਰਿਸ਼ਟੀ ਦੀ ਪੂਰਵ ਅਵਸਥਾ, ਉਸ ਦੇ ਕਰਤਾ, ਉਸ ਦੀ ਰਚਨਾ-ਪ੍ਰਕ੍ਰਿਆ ਅਤੇ ਕਾਲ ਨਾਲ ਸੰਬੰਧਿਤ ਕਈ ਪ੍ਰਤੀਕ ਸਿਰਜੇ ਗਏ, ਜਿਨ੍ਹਾਂ ਨਾਲ ਸੰਬੰਧਿਤ ਕਈ ਦਾਰਸ਼ਨਿਕ ਅਤੇ ਮਿੱਥਕ ਵਿਚਾਰ ਹੋਂਦ ਵਿਚ ਆਏ। ਇਸ ਤੋਂ ਇਲਾਵਾ ਮਾਇਆ, ਮੁਕਤੀ ਜੀਵ-ਆਤਮਾ ਬਾਰੇ ਵੀ ਅਜਿਹੀ ਪ੍ਰਤੀਕ ਸਿਰਜਣਾ ਹੋਈ ਅਤੇ ਕਈ ਮਿੱਥਕ ਤੇ ਦਾਰਸ਼ਨਿਕ ਵਿਚਾਰਾਂ ਦਾ ਜਨਮ ਹੋਇਆ।

ਮਨੁੱਖ ਦੁਆਰਾ ਮਿੱਥ ਦੀ ਇਸ ਪ੍ਰਤੀਕ ਸਿਰਜਣ ਦੀ ਯੋਗਤਾ ਬਾਰੇ ਦਰਸ਼ਨ ਸ਼ਾਸਤਰੀ ਅਰਨਸਟ ਕੈਜਰੀਰ ਨੇ ਆਪਣੇ ਵਿਚਾਰ ਇਸ ਤਰ੍ਹਾਂ ਪੇਸ਼ ਕੀਤੇ ਹਨ:

*"ਮਨੁੱਖ ਕੋਲ ਪ੍ਰਤੀਕ ਸਿਰਜਣ ਦੀ ਇਕ ਅਜਿਹੀ ਸਮਰਥਾ ਹੈ ਜੋ ਉਸ ਨੂੰ ਸਮੁੱਚੇ ਪਸ਼ੂ-ਜਗਤ ਤੋਂ ਨਿਖੇੜਦੀ ਹੈ। ਇਸ ਪ੍ਰਤੀਕ-ਪ੍ਰਬੰਧ ਦੇ ਆਧਾਰ ਤੇ ਉਹ ਵਸਤੂ ਜਗਤ ਨੂੰ*

*ਰੂਪਾਂਤਰਿਤ ਕਰਨ ਦੀ ਪ੍ਰਕ੍ਰਿਆ ਵਿਚ ਨਿਰੰਤਰ ਪਿਆ ਰਹਿੰਦਾ ਹੈ।"* [8] ਉਹ ਅੱਗੇ ਲਿਖਦਾ ਹੈ *"ਪ੍ਰਤੀਕ ਕੋਈ ਯਥਾਰਥ ਦਾ ਪੱਖ ਨਹੀਂ ਸਗੋਂ ਆਪ ਇਕ ਯਥਾਰਥ ਹੈ।"* [9]

ਮਿਸਿਜ਼ ਸੂਸ਼ਨ ਕੇ. ਲੈਂਗਰ (Susanne K. Langer) ਵੀ ਮਿੱਥ ਨੂੰ ਅਜਿਹੀ ਪ੍ਰਤੀਕਾਤਮਕ ਪ੍ਰਾਪਤੀ ਮੰਨਦੀ ਹੈ ਜੋ ਕਾਲਪਨਿਕ ਕਥਾ ਨੂੰ ਯਥਾਰਥਕ ਸਾਰਥਕਤਾ ਦੇਣ ਦੇ ਸਿੱਟੇ ਵਜੋਂ ਹੋਂਦ ਵਿਚ ਆਈ। ਕੈਜੀਰਰ ਵਾਂਗ ਮਿਸਿਜ਼ ਲੈਂਗਰ ਵੀ ਮਿੱਥ ਨੂੰ ਤੱਤ-ਮੀਮਾਂਸਾ ਦਾ ਆਦਿਮ-ਪੱਖ ਮੰਨਦੀ ਹੈ।[10] ਇਸ ਤਰ੍ਹਾਂ ਇਨ੍ਹਾਂ ਵਿਦਵਾਨਾਂ ਨੇ ਇਹ ਸਿਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਮਿੱਥ ਨਿਰੀ ਕਲਪਨਾ ਹੀ ਨਹੀਂ ਸਗੋਂ ਇਸ ਵਿਚ ਯਥਾਰਥ ਦੇ ਅੰਸ਼ ਮੌਜੂਦ ਹੋਣ ਸਦਕਾ ਇਹ ਆਦਿਮ ਸਮਾਜ ਦਾ ਮੁੱਢਲਾ ਦਰਸ਼ਨ ਹੈ।

ਉਪਰੋਕਤ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਮਿੱਥ ਕਥਾਵਾਂ ਨਿਰੀਆਂ ਕਾਲਪਨਿਕ ਹੀ ਨਹੀਂ ਸਗੋਂ ਇਹ ਕਿਸੇ ਨਾ ਕਿਸੇ ਰੂਪ ਵਿਚ ਦਾਰਸ਼ਨਿਕਤਾ ਦੀ ਪੇਸ਼ਕਾਰੀ ਕਰਦੀਆਂ ਹਨ। ਵੇਦਾਂ ਉਪਨਿਸ਼ਦਾਂ, ਸਿਮਰਤੀਆਂ, ਪੁਰਾਣਾਂ ਆਦਿ ਵਿਚ ਪੇਸ਼ ਮਿੱਥ ਕਥਾਵਾਂ 'ਬ੍ਰਹਮ', 'ਜਗਤ', 'ਜੀਵ-ਆਤਮਾ' ਵਰਗੇ ਦਾਰਸ਼ਨਿਕ ਵਿਸ਼ਿਆਂ ਦੀ ਪੇਸ਼ਕਾਰੀ ਕਰਦੀਆਂ ਹਨ। ਇਸ ਦੀ ਗਵਾਹੀ ਮਿਸਿਜ਼ ਲੈਂਗਰ ਭਰਦੀ ਹੋਈ ਲਿਖਦੀ ਹੈ:

> *ਮਿੱਥ ਮਾਨਵ ਜੀਵਨ ਅਤੇ ਬ੍ਰਹਿਮੰਡ ਨਾਲ ਸਬੰਧਿਤ ਮੌਤ, ਜੀਵਨ, ਉਤਪਤੀ ਆਦਿ ਜਿਹੇ ਸੰਜੀਦੇ ਵਿਸ਼ਿਆਂ ਦੀ ਪੇਸ਼ਕਾਰੀ ਕਰਦੀ ਹੈ।*[11]

ਪ੍ਰਾਚੀਨ ਤੇ ਮੱਧ-ਕਾਲੀਨ ਬੋਧ ਧਰਮ ਅਤੇ ਵਿਸ਼ਵਾਸ ਉਪਰ ਉਸਰਿਆ ਹੋਇਆ ਹੈ। ਇਸ ਬੋਧ ਦੀ ਪ੍ਰਕਿਰਤੀ ਮਿੱਥਕ ਬੋਧ ਵਿਚ ਨਿਹਿਤ ਹੋਣ ਸਦਕਾ ਇਹ ਸਾਰੇ ਬ੍ਰਹਿਮੰਡਕ ਪਰਪੰਚ ਨੂੰ ਆਪਣੀ ਵਿਸ਼ੇਸ਼ ਦ੍ਰਿਸ਼ਟੀ ਤੋਂ ਵੇਖਦਾ ਹੈ। ਇਸ ਵਿਸ਼ੇਸ਼ ਦ੍ਰਿਸ਼ਟੀ ਸਦਕਾ ਹੀ ਮਿਥਿਹਾਸ ਅਤੇ ਦਰਸ਼ਨ ਇਕ ਦੂਜੇ ਦੇ ਖੱਪਿਆਂ ਨੂੰ ਪੂਰਿਆਂ ਕਰਨ ਲਈ ਇਕ ਦੂਜੇ ਦੀ ਸਮੇਂ ਸਮੇਂ ਤੇ ਵਰਤੋਂ ਕਰਦੇ ਰਹਿੰਦੇ ਹਨ। ਇਸੇ ਲਈ ਭਾਰਤੀ ਦਰਸ਼ਨ ਗ੍ਰੰਥਾਂ ਵਿਚ ਮਿਥਿਹਾਸਕ ਕਥਾਵਾਂ ਦਾ ਵਰਨਣ ਆ ਜਾਂਦਾ ਹੈ।

ਇਸ ਤਰ੍ਹਾਂ ਮਿੱਥ ਅਤੇ ਦਰਸ਼ਨ ਦਾ ਸਬੰਧ ਅਟੁੱਟ ਹੈ। ਮਿੱਥ ਕਥਾਵਾਂ ਜਿਥੇ ਦਰਸ਼ਨ ਨੂੰ ਆਮ ਆਦਮੀ ਤੱਕ ਪਹੁੰਚਾਣ ਦਾ ਉਪਰਾਲਾ ਹਨ ਉਥੇ ਉਹ ਦਰਸ਼ਨ ਨੂੰ ਰੂਪਾਂਤਰਣ ਦੀ ਪ੍ਰਕ੍ਰਿਆ ਰਾਹੀਂ ਲੋਕਾਂ ਤੱਕ ਪਹੁੰਚਾਅ ਕੇ ਉਸ ਨੂੰ ਚਿਰੰਜੀਵਤਾ ਪ੍ਰਦਾਨ ਕਰਦੀਆਂ ਹਨ। ਦਾਰਸ਼ਨਿਕਤਾ ਦੀ ਪੇਸ਼ਕਾਰੀ ਕਰਦੇ ਸਮੇਂ ਜਿਥੇ ਕਿਤੇ ਦਾਰਸ਼ਨਿਕ ਪ੍ਰਵਚਨਾਂ ਦੁਆਰਾ ਨੀਰਸਤਾ ਆ ਜਾਂਦੀ ਹੈ ਉਥੇ ਮਿੱਥਾਂ ਬਿਰਤਾਂਤ ਰਾਹੀਂ ਇਸ ਦੀ ਨੀਰਸਤਾ ਨੂੰ ਭੰਗ ਕਰਦੀਆਂ ਹਨ ਅਤੇ ਸਰੋਤੇ ਤੇ ਪਾਠਕ ਵਿਚ ਦਿਲਚਸਪੀ ਵਧਾਉਂਦੀਆਂ ਹਨ।

ਉਪਰੋਕਤ ਸਬੰਧਾਂ ਸਦਕਾ ਹੀ ਭਾਰਤ ਦੇ ਪ੍ਰਾਚੀਨ ਗ੍ਰੰਥਾਂ ਵੇਦ, ਉਪਨਿਸਦਾਂ, ਪੁਰਾਣਾਂ, ਸਿਮਰਤੀਆਂ ਆਦਿ ਵਿਚ ਦਾਰਸ਼ਨਿਕ ਤੇ ਮਿਥਿਹਾਸਕ ਅੰਸ਼ ਮੌਜੂਦ ਹਨ। ਜਿਥੇ ਇਹ ਗ੍ਰੰਥ ਦਾਰਸ਼ਨਿਕਤਾ ਦੀ ਪੇਸ਼ਕਾਰੀ ਕਰਦੇ ਹਨ, ਉਥੇ ਨਾਲ ਹੀ ਇਹ ਦਰਸ਼ਨ ਨੂੰ ਮਿਥਿਹਾਸ ਵਿਚ ਰੂਪਾਂਤਰਿਤ ਕਰਦੇ ਵੀ ਨਜ਼ਰ ਆਉਂਦੇ ਹਨ। ਡਾ. ਵਣਜਾਰਾ ਬੇਦੀ ਅਨੁਸਾਰ:

> *ਪ੍ਰਾਚੀਨ ਸਮਿਆਂ ਵਿਚ ਸਾਰੇ ਭਾਰਤੀ ਰਿਸ਼ੀਆਂ, ਮੁਨੀਆਂ ਨੇ ਪਰਮ ਸੱਤਾ ਦੇ ਰਹੱਸ ਨੂੰ ਭਾਉਕ ਤੇ ਬੌਧਿਕ ਦੁਹਾ ਪੱਧਰਾਂ ਉਤੇ ਸਮਝਣ ਦਾ ਯਤਨ ਕੀਤਾ। ਰਿਗਵੇਦ ਦੀਆਂ ਮੁੱਢਲੀਆਂ ਰਿਚਾ ਭਾਉਕ ਪੱਧਰ ਉਤੇ ਬ੍ਰਹਿਮੰਡ ਦੇ ਰਹੱਸ ਨੂੰ ਖੋਲਦੀਆਂ ਹਨ। ਉਪਨਿਸ਼ਦਾਂ ਤੇ ਖਟ ਸ਼ਾਸਤਰਾਂ ਵਿਚ ਦਾਰਸ਼ਨਿਕ ਸਿਧਾਂਤ ਹਨ, ਜੋ ਪਰਮ ਸਤਾ ਅਥਵਾ ਬ੍ਰਹਿਮੰਡ ਦੇ ਰਹੱਸ ਨੂੰ ਬੌਧਿਕ ਪੱਧਰ ਤੇ ਸਮਝਣ ਦਾ ਯਤਨ ਹਨ। ਪੁਰਾਣ, ਸਿਮਰਤੀਆਂ ਤੇ ਗ੍ਰਹਿ ਸੂਤਰਾਂ ਵਿਚ ਕਥਾਵਾਂ, ਕਰਮ-ਕਾਂਡਾਂ, ਸੰਸਕਾਰਾਂ ਤੇ ਰਹੁ-ਰੀਤੀਆਂ ਦਾ ਵਰਨਣ ਹੈ।*[12]

ਇਸ ਤਰ੍ਹਾਂ ਮੱਧ ਕਾਲ ਦੇ ਗ੍ਰੰਥਾਂ ਵਿਚ ਵੀ ਦਾਰਸ਼ਨਿਕਤਾ ਦੇ ਨਾਲ ਨਾਲ ਮਿੱਥ ਕਥਾਵਾਂ ਦੀ ਪੇਸ਼ਕਾਰੀ ਹੋਈ ਹੈ। ਮੱਧ ਕਾਲ ਦੇ ਸੰਤਾਂ, ਭਗਤਾਂ ਨੇ ਵੀ ਦਾਰਸ਼ਨਿਕ ਵਿਚਾਰਾਂ ਦੀ ਪੇਸ਼ਕਾਰੀ ਲਈ ਮਿੱਥ ਕਥਾਵਾਂ ਦਾ ਸਹਾਰਾ ਲਿਆ ਹੈ। ਗੁਰੂ-ਬਾਣੀ ਨੇ ਵੀ ਇਸੇ ਪਰੰਪਰਾ ਨੂੰ ਅਪਣਾਉਂਦੇ

ਹੋਏ ਆਪਣੇ ਦਾਰਸ਼ਨਿਕ ਵਿਚਾਰਾਂ ਦੀ ਪੇਸ਼ਕਾਰੀ ਲਈ ਮਿੱਥਕ ਕਥਾਵਾਂ ਨੂੰ ਬਤੌਰ ਹਵਾਲਿਆਂ, ਸੰਕੇਤਾਂ ਤੇ ਦ੍ਰਿਸ਼ਟਾਂਤਾਂ ਪ੍ਰਤੀਕਾਂ ਬਿੰਬਾਂ ਦੇ ਰੂਪ ਵਿਚ ਵਰਤ ਕੇ ਗੁਰਬਾਣੀ ਦੇ ਵਿਚਾਰਾਂ ਨੂੰ ਸਪੱਸ਼ਟ ਕੀਤਾ ਹੈ।

### ਗੁਰੂ-ਬਾਣੀ ਅਤੇ ਦਰਸ਼ਨ:

ਗੁਰੂ-ਬਾਣੀ ਦੇ ਦਾਰਸ਼ਨਿਕ ਪਰਿਪੇਖ ਨੂੰ ਵਾਚਣ ਤੋਂ ਪਹਿਲਾਂ ਸਾਨੂੰ ਭਾਰਤੀ ਦਰਸ਼ਨ ਦੀ ਵਿਚਾਰਧਾਰਾ ਬਾਰੇ ਜਾਨਣਾ ਅਤੀ ਜ਼ਰੂਰੀ ਹੈ। ਭਾਰਤੀ ਦਰਸ਼ਨ ਵਿਚ ਧਰਮ ਅਤੇ ਦਰਸ਼ਨ ਸਾਂਝੇ ਰੂਪ ਵਿਚ ਪਾਏ ਜਾਂਦੇ ਹਨ। ਇਨ੍ਹਾਂ ਨੂੰ ਵੱਖ-ਵੱਖ ਕਰਨਾ ਕੇਵਲ ਅਸੰਭਵ ਹੀ ਨਹੀਂ ਸਗੋਂ ਅਤੀਅੰਤ ਕਠਿਨ ਵੀ ਹੈ। ਭਾਰਤੀ ਦਰਸ਼ਨ ਵਿਚ ਪੱਛਮੀ ਦਰਸ਼ਨ ਦੀ ਤਰ੍ਹਾਂ ਧਰਮ ਅਤੇ ਦਰਸ਼ਨ ਨੂੰ ਨਿਖੇੜਨ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਇਸ ਦਾ ਅਸਲ ਕਾਰਨ ਇਹ ਹੈ ਕਿ ਜਿਥੇ ਪੱਛਮ ਵਿਚ ਦਰਸ਼ਨ ਦਾ ਉਥਾਨ 'ਵਿਸਮਾਦ' (ਹੈਰਾਨਗੀ) ਨਾਲ ਜੁੜਿਆ ਹੋਇਆ ਹੈ ਉਥੇ ਭਾਰਤੀ ਦਰਸ਼ਨ 'ਦੁੱਖ' ਦੇ ਅਹਿਸਾਸ ਉਪਰ ਅਧਾਰਿਤ ਹੈ। ਜਿੱਥੇ ਪੱਛਮੀ ਪਰੰਪਰਾ ਕਿਆਸਆਰਾਈਆਂ ਵਿਚ ਜੁਟ ਜਾਂਦੀ ਹੈ, ਉਥੇ ਭਾਰਤੀ ਪਰੰਪਰਾ ਮਾਨਵ ਦੇ ਅਧਿਆਤਮਕ ਦੁਖ ਦਾ ਦਾਰੂ ਲੱਭਣ ਲਈ ਤੁਰ ਪੈਂਦੀ ਹੈ।

ਭਾਰਤੀ ਦਾਰਸ਼ਨਿਕਤਾ ਮਾਨਵ ਦੀ ਅਧਿਆਤਮਕ ਸਮੱਸਿਆ ਨਾਲ ਜੁੜੇ ਰਹਿਣ ਕਾਰਣ ਧਰਮ ਨੂੰ ਦਰਸ਼ਨ ਤੋਂ ਵੱਖ ਨਹੀਂ ਕਰ ਸਕੀ। ਇਸੇ ਕਾਰਨ ਯਥਾਰਥ ਦੀ ਮੀਮਾਂਸਾ ਸੁਤੰਤਰ ਹੋ ਕੇ ਵਿਚਰ ਨਹੀਂ ਸਕੀ। ਇਹ ਮਾਨਵ ਦੇ ਮੁੱਖ ਮਾਰਗ ਨਾਲ ਜੁੜ ਕੇ ਧਾਰਮਕ ਪਰਿਕਲਪਨਾ ਦੇ ਰੰਗ ਵਿਚ ਭਿਜੀ ਰਹੀ ਹੈ। ਗੁਰੂ-ਬਾਣੀ ਵੀ ਭਾਰਤੀ ਕਾਰਸ਼ਨਿਕ ਪਰੰਪਰਾ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਦਿਖਾਈ ਦਿੰਦੀ ਹੈ ਜਿਸ ਦੇ ਸਿੱਟੇ ਵਜੋਂ ਉਸ ਦੀ ਵਿਚਾਰਧਾਰਾ ਵੀ ਧਰਮ ਦੇ ਖੇਤਰ ਨਾਲ ਜੁੜੀ ਹੋਈ ਹੈ।

ਗੁਰੂ-ਬਾਣੀ ਦੀ ਪ੍ਰਕਿਰਤੀ ਭਾਵੇਂ ਸ਼ੁੱਧ ਦਰਸ਼ਨ ਸ਼ਾਸਤਰ ਵਾਲੀ ਨਹੀਂ ਪਰ ਫਿਰ ਵੀ ਇਸ ਦੇ ਸਿਰਜਤ ਮੰਡਲ ਵਿਚ ਦਾਰਸ਼ਨਿਕ ਪਰਿਪੇਖ ਉਘੜਵੇਂ ਰੂਪ ਵਿਚ ਹਾਜ਼ਰ ਦਿਖਾਈ ਦਿੰਦਾ ਹੈ।

ਸਿੱਖ ਗੁਰੂ ਸਾਹਿਬਾਨ ਦੁਆਰਾ ਰਚਿਆ ਅਤੇ ਸੰਪਾਦਿਤ ਕੀਤਾ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ' ਕਿਸੇ ਵਿਸ਼ੇਸ਼ ਦਾਰਸ਼ਨਿਕ ਪ੍ਰਬੰਧ ਅਧੀਨ ਰਚੀ ਗਈ ਰਚਨਾ ਨਹੀਂ ਹੈ ਅਤੇ ਨਾ ਹੀ ਇਹ ਰਚਨਾ ਕਿਸੇ ਸ਼ਾਸਤ੍ਰਕ-ਪ੍ਰਬੰਧ ਅਨੁਸਾਰ ਸੰਪਾਦਿਤ ਕੀਤੀ ਗਈ ਹੈ ਪਰ ਫਿਰ ਵੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹੋਣ ਵਾਲੇ ਪਰਾਭੌਤਿਕ ਸੂਤਰਾਂ ਬਾਰੇ ਅਧਿਆਤਮਕ ਤੱਤਾਂ ਸਦਕਾ ਇਸ ਵਿਚ ਦਾਰਸ਼ਨਿਕਤਾ ਦੇ ਅੰਸ਼ ਮੌਜੂਦ ਹਨ। ਡਾ. ਤਾਰਨ ਸਿੰਘ ਇਸ ਤੱਥ ਦੀ ਪੁਸ਼ਟੀ ਕਰਦੇ ਹੋਏ ਲਿਖਦੇ ਹਨ:

> *ਸਾਡੀ ਇਹ ਪਰੰਪਰਾ ਗਾਥਾ (ਗੁਰੂ ਗ੍ਰੰਥ ਸਾਹਿਬ) ਬਾਹਰਮੁਖੀ ਰੂਪ ਵਿਚ ਕਹਾਣੀ ਹੈ ਪਰ ਅੰਤਰੀਵ ਰੂਪ ਵਿਚ ਦਰਸ਼ਨ ਹੈ, ਰਹੱਸ ਹੈ, ਫਲਸਫਾ ਹੈ।*[13]

ਗੁਰੂ ਗ੍ਰੰਥ ਸਾਹਿਬ ਦਾ ਸਰੂਪ ਵੇਦਾਂ ਦਾ ਹੈ, ਸ਼ਾਸਤਰਾਂ ਦਾ ਨਹੀਂ। ਜਿਵੇਂ ਰਿਗਵੇਦ ਵਿਚ ਦੇਵਤਿਆਂ ਤੇ ਬ੍ਰਹਮ ਦੀ ਉਪਾਸਨਾ ਹੈ ਉਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਪਰਮਾਤਮਾ (ਬ੍ਰਹਮ) ਦੀ ਭਗਤੀ, ਨਾਮ ਮਹਿਮਾ ਦਾ ਵਰਨਣ ਹੈ। ਜਿਵੇਂ ਵੇਦ ਬਾਣੀ ਵਿਚੋਂ ਸੂਤਰ ਕੱਢ ਕੇ ਸ਼ਾਸਤਰਾਂ ਦਾ ਨਿਰਮਾਣ ਕੀਤਾ ਗਿਆ ਹੈ, ਉਸੇ ਤਰ੍ਹਾਂ ਹੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਫਲਸਫੇ ਜਾਂ ਸ਼ਾਸਤਰ ਦਾ ਨਿਰਮਾਣ ਕੀਤਾ ਜਾ ਸਕਦਾ ਹੈ। ਇਸ ਲਈ ਜੇਕਰ ਇਹ ਗ੍ਰੰਥ ਬ੍ਰਹਮ ਦੀ ਭਗਤੀ ਭਾਵਾਂ ਦਾ ਪ੍ਰਗਟਾਵਾ ਕਰਦਾ ਹੈ ਤਾਂ ਕੁਝ ਪ੍ਰਸ਼ਨ ਇਸ ਵਿਚ ਜ਼ਰੂਰ ਹਨ ਕਿ ਆਖਰ ਬ੍ਰਹਮ ਨੂੰ ਪ੍ਰੇਮ ਕਿਓਂ ਕੀਤਾ ਜਾਵੇ? ਉਸ ਬ੍ਰਹਮ ਦੀ ਸਤਾ ਕੀ ਹੈ? ਉਸ ਦੀ ਸਮਰਥਾ ਕੀ ਹੈ ਅਤੇ ਮਨੁੱਖ ਨਾਲ ਉਸ ਦਾ ਕੀ ਸਬੰਧ ਹੈ? ਸ੍ਰਿਸ਼ਟੀ ਰਚਨਾ ਦਾ ਕਰਤਾ, ਧਰਤਾ, ਹਰਤਾ ਕੌਣ ਹੈ? ਆਦਿ। ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਆਪਣੇ ਆਪ ਹੀ ਦਾਰਸ਼ਨਿਕ ਸਿਧਾਂਤ ਦਾ ਰੂਪ ਧਾਰਨ ਕਰ ਲੈਂਦੇ ਹਨ। ਅਸਲ ਵਿਚ ਗੁਰੂ ਸਾਹਿਬਾਨ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕਰਨ ਦੀ ਭਾਵਨਾ ਕਿਸੇ ਦਰਸ਼ਨ ਸ਼ਾਸਤਰ ਦਾ ਨਿਰਮਾਣ ਕਰਨ ਦੀ ਨਹੀਂ ਸੀ ਪਰ ਇਸ ਗ੍ਰੰਥ ਵਿਚ ਬ੍ਰਹਮ ਨਾਲ ਪ੍ਰੇਮ ਹੋਣ ਸਦਕਾ ਇਸ ਵਿਚੋਂ ਦਰਸ਼ਨ ਦੇ ਤੱਤ ਲੱਭੇ ਜਾ ਸਕਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਦਰਸ਼ਨ ਦੇ ਤਿੰਨ ਭਾਗ ਹਨ। ਪਹਿਲਾ ਭਾਗ ਨਿਰੋਲ ਸ਼ਾਸਤਰ ਜਾਂ (Metaphysics) ਹੈ। ਇਸ ਦਾ ਸਬੰਧ ਅਧਿਆਤਮਕਤਾ ਨਾਲ ਹੈ। ਇਸ ਵਿਚ ਇਹ ਨਿਰਣਾ ਕੀਤਾ ਗਿਆ ਹੈ ਕਿ ਸਾਰੇ ਜਗਤ, ਬ੍ਰਹਿਮੰਡ ਦੇ ਪਸਾਰੇ ਪਿਛੇ ਉਤਮ ਵਸਤੂ ਕੌਣ ਹੈ ਅਤੇ ਕੀ ਹੈ? ਉਸਦਾ ਪਸਾਰੇ ਨਾਲ ਕੀ ਸਬੰਧ ਹੈ। ਦੂਸਰਾ ਭਾਗ ਧਰਮ ਸ਼ਾਸਤਰ ਹੈ। ਇਸ ਵਿਚ ਇਹ ਦੱਸਿਆ ਗਿਆ ਹੈ ਕਿ ਜੀਵ ਇਸ ਸੰਸਾਰ ਦੀ ਕੈਦ ਵਿਚੋਂ ਕਿਵੇਂ ਨਿਕਲ ਕੇ ਉਸ ਸਰਵ-ਵਿਆਪੀ ਬ੍ਰਹਮ ਨਾਲ ਜਾ ਮਿਲਦਾ ਹੈ। ਇਸ ਭਾਗ ਵਿਚ ਮੁਕਤੀ ਪ੍ਰਾਪਤੀ ਦੇ ਸਾਧਨ ਨੂੰ ਦੱਸਿਆ ਗਿਆ ਹੈ। ਤੀਸਰੇ ਭਾਗ ਵਿਚ ਸਦਾਚਾਰਕ ਪੱਖ ਨੂੰ ਦੱਸਿਆ ਗਿਆ ਹੈ ਜੋ ਇਹ ਨਿਰੂਪਨ ਕਰਦਾ ਹੈ ਕਿ ਮਾਨਵੀ ਧਰਮ ਕੀ ਹੈ? ਮਨੁੱਖ ਦਾ ਹੋਰ ਮਨੁੱਖਾਂ ਤੇ ਕੁਦਰਤ ਨਾਲ ਕੀ ਸਬੰਧ ਹੋਣਾ ਚਾਹੀਦਾ ਹੈ?

ਇਸ ਅਧਿਆਇ ਵਿਚ ਕੇਵਲ ਨਿਰੋਲ ਸ਼ਾਸਤਰ, ਧਰਮ ਸ਼ਾਸਤਰ ਦਾ ਵਰਨਣ ਕੀਤਾ ਜਾ ਰਿਹਾ ਹੈ ਜਿਸ ਵਿਚ 'ਬ੍ਰਹਮ', 'ਸ੍ਰਿਸ਼ਟੀ', 'ਮਾਇਆ', 'ਜੀਵ-ਆਤਮਾ', 'ਮੁਕਤੀ' ਆਦਿ ਦੇ ਮਿੱਥਕ ਤੇ ਦਾਰਸ਼ਨਿਕ ਸੰਕਲਪਾਂ ਦੀ ਪੇਸ਼ਕਾਰੀ ਇਸ ਤਰ੍ਹਾਂ ਕੀਤੀ ਗਈ ਹੈ:-

## ਮਿੱਥ ਅਤੇ ਦਰਸ਼ਨ ਆਧਾਰਿਤ ਬ੍ਰਹਮ ਦਾ ਸੰਕਲਪ :

ਬ੍ਰਹਮ ਦੀ ਵਿਉਂਤਪਤੀ ਬ੍ਰਿਹ ਧਾਤੂ ਤੋਂ ਬਣੀ ਹੋਈ ਹੈ ਜਿਸ ਦਾ ਭਾਵ ਹੈ: 'ਸਭ ਤੋਂ ਵਧਿਆ ਹੋਇਆ', 'ਕਰਤਾਰ', 'ਜਗਨਨਾਥ', 'ਵਾਹਿਗੁਰੂ', 'ਈਸ਼ਵਰ', 'ਪਰਮਾਤਮਾ'।[14]

ਬ੍ਰਹਮ ਦਾ ਸੰਕਲਪ ਆਦਿ ਕਾਲ ਤੋਂ ਮਨੁੱਖ ਲਈ ਮਿੱਥ ਬਣਿਆ ਹੋਇਆ ਹੈ। ਆਦਿ ਮਨੁੱਖ ਪ੍ਰਾਚੀਨ ਕਾਲ ਤੋਂ ਕੁਦਰਤ ਦੇ ਹਰ ਕ੍ਰਿਸ਼ਮੇ ਵਿਚੋਂ ਕਿਸੇ ਅਪਾਰ ਦੀ ਹੋਂਦ ਨੂੰ ਮਹਿਸੂਸ ਕਰਦਾ ਰਿਹਾ ਹੈ। ਇਸ ਸ਼ਕਤੀ ਦੀ ਦਖਲ ਅੰਦਾਜ਼ੀ ਉਸ ਨੂੰ ਵਧੇਰੇ ਤੰਗ ਕਰਦੀ ਅਤੇ ਕਦੀ ਉਸ ਵਾਸਤੇ ਲਾਭਦਾਇਕ ਸਿਧ ਹੁੰਦੀ ਹੈ। ਇਸ ਸ਼ਕਤੀ ਦੇ ਮੁਕਾਬਲੇ ਤੇ ਉਸ ਨੂੰ ਆਪਣੀ ਹਸਤੀ ਤੁਛ ਅਤੇ ਹੀਣ ਮਹਿਸੂਸ ਹੋਈ। ਮੌਤ ਵਰਗੀ ਭਿਆਨਕ ਵਸਤੂ ਨੇ ਉਸ ਦੇ ਅਸਤਿਤਵ ਨੂੰ ਹੋਰ ਛੋਟਾ ਕਰ ਦਿੱਤਾ। ਮਿੱਥ ਸਿਰਜਣਾ ਅਜਿਹੇ ਹਲਾਤਾਂ ਸਮੇਂ ਹੋਂਦ ਵਿਚ ਆਈ। ਡਾ. ਹਰਭਜਨ ਸਿੰਘ ਅਨੁਸਾਰ:

*ਅਨਿਸਚੈ ਦੇ ਸੰਦਰਭ ਵਿਚ ਵਿਚਰਦਾ ਸ਼ਕਤੀਹੀਨ ਮਨੁੱਖ ਦਿਬ ਸਿਰਜਣ ਵੇਲੇ ਨਿਸਚੈ-ਆਤਮਕ ਸੰਦਰਭ ਦੀ ਰਚਨਾ ਕਰਦਾ ਹੈ ਅਤੇ ਆਪਣੀ ਸ਼ਕਤੀਹੀਨਤਾ ਦੇ ਐਨ ਉਲਟ ਸਰਬ ਸ਼ਕਤੀ-ਸੰਪਨ ਹੋਂਦ ਦੀ ਰਚਨਾ ਕਰਦਾ ਹੈ।* [15]

ਦਰਖੇਮ, ਫਰਾਇਡ ਤੇ ਯੁੰਗ ਨੇ ਇਸ ਪਰਮ ਸ਼ਕਤੀ ਨੂੰ 'ਮਾਨਾ ਸ਼ਕਤੀ' ਕਿਹਾ ਹੈ।[16]

ਪ੍ਰਸਿੱਧ ਵਿਦਵਾਨ ਰੁਡਾਲਫ ਓਟੋ (Rudolf Otto) ਨੇ ਇਸ ਨੂੰ ਪਰਮ ਸ਼ਕਤੀ ਕਿਹਾ ਹੈ। ਜੋ ਪਵਿੱਤਰ, ਭੈਦਾਇਕ ਹੁੰਦੀ ਹੋਈ ਵੀ ਖਿਚ ਭਰਪੂਰ ਹੈ।[17] ਮਨੁੱਖ ਨੇ ਅੰਤਿਮ ਸ਼ਕਤੀ ਦੇ ਇਸ ਅਨੁਭਵ ਦੇ ਆਧਾਰ ਤੇ ਇਸ ਨਾਲ 'ਭੈ' ਅਤੇ ਪਿਆਰ ਵਾਲਾ ਦੁਵੱਲਾ ਰਿਸ਼ਤਾ ਸਥਾਪਤ ਕੀਤਾ ਹੈ। ਮਨੁੱਖ ਨੇ ਉਸ ਸ਼ਕਤੀ ਨੂੰ ਆਪਣਾ ਸੰਗੀ ਸਮਝਦੇ ਹੋਏ ਵੀ ਪਰਾ (Beyond), ਸੰਪੂਰਨ ਰੂਪ ਵਿਚ ਵਖਰਾ (Wholly other) ਮਹਿਸੂਸ ਕੀਤਾ। ਇਹ ਦਿਬ ਹੋਂਦ ਪਵਿੱਤਰ, ਸਰਬਸ਼ਕਤੀਮਾਨਤਾ, ਬਹੁ-ਅਰਥਤਤਾ ਅਨੁਪਯੋਗਤਾ, ਇੰਦੀ-ਅਤੀਤਤਾ ਆਦਿ ਗੁਣਾਂ ਦੀ ਪ੍ਰਤੀਕ ਹੈ ਅਤੇ 'ਭੈ' ਮਿਸ਼ਰਤ ਹੋਣ ਕਾਰਨ ਆਦਰ ਦੀ ਅਧਿਕਾਰੀ ਹੈ।"[18]

ਬ੍ਰਹਮ ਦੇ ਸੰਕਲਪ ਬਾਰੇ ਭਾਰਤ ਦੇ ਪ੍ਰਾਚੀਨ ਗ੍ਰੰਥਾਂ ਵਿਚ ਕਈ ਮਿੱਥਕ ਹਵਾਲੇ ਮਿਲਦੇ ਹਨ:

ਰਿਗਵੇਦ ਵਿਚ ਬ੍ਰਹਮ ਬਾਰੇ ਮਿੱਥ ਅਨੁਸਾਰ "ਹਿਰਣਾਯ-ਗਰਭ ਹੀ ਸ੍ਰਿਸ਼ਟੀ ਦੇ ਆਦਿ ਵਿਚ, ਸਰਵ ਪ੍ਰਾਣੀਆਂ ਦੇ ਕਰਤਾ ਦੇ ਰੂਪ ਵਿਚ ਦ੍ਰਿਸ਼ਟਮਾਨ ਹੋਇਆ ਹੈ। ਇਸ ਨੇ ਹੀ ਸਵਰਗ ਤੇ ਪ੍ਰਿਥਵੀ ਨੂੰ ਚੁੱਕਿਆ ਹੋਇਆ ਹੈ। ਇਹ ਹੀ ਜੀਵਨ ਅਤੇ ਪ੍ਰਾਣਾਂ ਦਾ ਦੇਣਹਾਰ ਹੈ। ਇਸ ਦੀ ਆਗਿਆ ਨੂੰ ਦੇਵਤੇ ਵੀ ਮੰਨਦੇ ਹਨ ਅਤੇ ਇਹ ਦੇਵਤਿਆਂ ਦਾ ਵੀ ਦੇਵਤਾ ਹੈ।"[19]

ਸਤਪਥ ਬ੍ਰਾਹਮਣਾਂ ਵਿਚ ਪੇਸ਼ ਮਿੱਥ ਅਨੁਸਾਰ 'ਉਸ ਪਰਮ ਆਤਮਾ ਸ੍ਵੈ-ਭੂ (ਬ੍ਰਹਮ) ਨੇ ਪਹਿਲਾ ਪਾਣੀ ਪੈਦਾ ਕੀਤਾ ਅਤੇ ਉਸ ਵਿਚ ਇਕ ਬੀਜ ਸੁਟਿਆ। ਉਹ ਬੀਜ ਸੁਨਿਹਰੀ ਅੰਡਾ ਬਣ ਗਿਆ ਜਿਸ ਵਿਚੋਂ ਉਹ ਆਪ ਸਾਰੇ ਲੋਕਾਂ ਦਾ ਕਰਤਾ ਬ੍ਰਹਮ ਦੇ ਰੂਪ ਵਿਚ ਪ੍ਰਗਟ ਹੋਇਆ

ਕਿਉਂਕਿ ਪਾਣੀ (ਨਰ) ਹੀ ਉਸ ਦੀ ਪ੍ਰਕ੍ਰਿਆਵਾਂ ਦੀ ਥਾਂ ਸੀ; ਇਸੇ ਕਰਕੇ ਉਸ ਨੂੰ ਨਰਾਯਣ ਕਿਹਾ ਗਿਆ।"[20]

ਭਗਵਤ ਪੁਰਾਣ ਵਿਚ ਇਸ ਸਬੰਧੀ ਮਿੱਥ ਇਸ ਪ੍ਰਕਾਰ ਪੇਸ਼ ਹੈ। ਇਸ ਵਿਚ ਵਿਸ਼ਵ-ਅੰਡੇ (Mundane Egg) ਦੀ ਗੱਲ ਕੀਤੀ ਗਈ ਹੈ। ਇਹ ਪ੍ਰਕਿਰਤੀ ਦਾ ਇਕ ਪ੍ਰਧਾਨ ਤੱਤ ਸੀ ਜਿਸ ਦੇ ਅੱਗੋਂ ਤਿੰਨ ਤੱਤ - 'ਸੱਤ੍ਵ', 'ਰਜਸ' ਤੇ 'ਤਮਸ' ਸਨ। ਇਹ ਤਿੰਨੇ ਨਿਸ਼ਕ੍ਰਿਆ ਰੂਪ ਵਿਚ ਇਸ ਪ੍ਰਧਾਨ ਤੱਤ ਵਿਚ ਸਮਾਏ ਹੁੰਦੇ ਸਨ। ਪ੍ਰਕਿਰਤੀ ਤੇ ਤ੍ਰੈਕਾਲ ਦੇ ਉਪਰ ਇਕ ਸਿਰਜਣਾਤਮਕ ਸ਼ਕਤੀ ਸੀ ਜੋ ਕ੍ਰਿਆ-ਰਹਿਤ ਨਹੀਂ ਰਹਿ ਸਕਦੀ ਸੀ। ਇਸ ਦੇ ਕ੍ਰਿਆ ਵਿਚ ਆਉਣ ਕਾਰਣ 'ਮਹਾਤੱਤ' ਹੋਂਦ ਵਿਚ ਆਏ। ਇਸ ਤੋਂ ਅੱਗੇ ਲੰਮੀ ਕ੍ਰਿਆਤਮਕ ਵਿਧੀ ਦੁਆਰਾ 'ਤਨਮਾਤਰਾਂ ਪੈਦਾ ਹੋਈਆਂ। ਇਨ੍ਹਾਂ ਪੰਜੇ ਤੱਤਾਂ ਨੂੰ ਜਦੋਂ ਉਸ ਦੈਵੀ ਸ਼ਕਤੀ ਨਾਲ ਮਿਲਾਇਆ ਗਿਆ ਤਾਂ ਵਿਸ਼ਵ ਅੰਡਾ ਹੋਂਦ ਵਿਚ ਆਇਆ। ਬ੍ਰਹਿਮੰਡ ਦਾ ਕਰਤਾ ਬਹੁਤ ਸਮਾਂ ਇਸ ਅੰਡੇ ਵਿਚ ਕ੍ਰਿਆ-ਰਹਿਤ ਰੂਪ ਵਿਚ ਸਮੁੰਦਰ ਵਿਚ ਤਰਦਾ ਰਿਹਾ।"[21]

ਗੁਰਬਾਣੀ ਵਿਚ ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਦੀ ਬ੍ਰਹਮ ਦੀ ਸਥਿਤੀ ਬਾਰੇ ਵਿਚਾਰ ਪ੍ਰਗਟ ਕੀਤੇ ਗਏ ਹਨ। ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਬ੍ਰਹਮ ਘੁੱਪ ਹਨੇਰੇ ਦੀ ਅਵਸਥਾ ਵਿਚ ਨਿਰਵਿਕਲਪ ਸੁੰਨ ਸਮਾਧੀ ਵਿਚ ਲੀਨ ਸੀ।

- ਕੇਤੜਿਆ ਜੁਗ ਧੰਧੂਕਾਰੈ
  ਤਾੜੀ ਲਾਈ ਸਿਰਜਣਹਾਰੇ।
- ਕੇਤੜਿਆ ਜੁਗੇ ਵਰਤੇ ਗੁਬਾਰੇ॥[22]
  ਕੇਤੜਿਆ ਦਿਨ ਸੁੰਨਿ ਸਮਾਇਆ॥[23]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਾਧੀ ਵਾਲੀ ਅਵਸਥਾ ਨੂੰ ਸੁੰਨ ਮੰਨਿਆ ਹੈ। ਉਨ੍ਹਾਂ ਅਨੁਸਾਰ ਇਸ ਸਮੇਂ ਧੁੰਧੂਕਾਰ ਸੀ, ਨਾ ਧਰਤੀ, ਨਾ ਆਸਮਾਨ, ਨਾ ਦਿਨ, ਨਾ ਰਾਤ, ਨਾ ਪੌਣ, ਨਾ ਪਾਣੀ, ਨਾ ਚੰਦ, ਨਾ ਸੂਰਜ ਸੀ:

ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ ਹੁਕਮੁ ਅਪਾਰਾ॥

ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥ [24]

ਸ੍ਰੀ ਗੁਰੂ ਰਾਮਦਾਸ ਜੀ ਇਸ ਅਵਸਥਾ ਦਾ ਜ਼ਿਕਰ ਕਰਦੇ ਹਨ ਕਿ 36 ਯੁਗਾਂ ਤੱਕ ਪਰਮਾਤਮਾ ਸੁੰਨ ਅਵਸਥਾ ਵਿਚ ਰਿਹਾ, ਜਿਥੇ ਨਾ ਵੇਦ, ਨਾ ਪੁਰਾਣ, ਨਾ ਸ਼ਾਸਤਰ ਸਨ ਅਤੇ ਪਰਮਾਤਮਾ ਹੀ ਤਾੜੀ ਲਾਈ ਬੈਠਾ ਸੀ:

ਜੁਗ ਛਤੀਹ ਗੁਬਾਰੁ ਕਰਿ ਵਰਤਿਆ ਸੁੰਨਾਹਰਿ।

ਓਥੈ ਵੇਦ ਪੁਰਾਨ ਨ ਸਾਸਤਾ ਆਪੇ ਹਰ ਨਰਹਰਿ।

ਬੈਠਾ ਤਾੜੀ ਲਾਇ ਆਪਿ ਸਭ ਦੂ ਹੀ ਬਾਹਰਿ।[25]

## ਬ੍ਰਹਮ ਦਾ ਮਿੱਥਕ ਅਤੇ ਦਾਰਸ਼ਨਿਕ ਸਰੂਪ :

ਪਰਮ ਮਨੁੱਖ ਨੇ ਆਦਿ ਕਾਲ ਤੋਂ ਹੀ ਉਪਾਸਨਾ ਲਈ ਕਿਸੇ ਨਾ ਕਿਸੇ ਪਰਮ ਸੱਤਾ ਦੀ ਕਲਪਨਾ ਕਰਨੀ ਆਰੰਭ ਕਰ ਦਿੱਤੀ ਸੀ ਅਤੇ ਉਸ ਦਾ ਮਿੱਥਕ ਸਰੂਪ ਚਿਤਰਣਾ ਸ਼ੁਰੂ ਕਰ ਦਿੱਤਾ ਸੀ। ਇਹ ਕਲਪਨਾ ਸਮੇਂ ਸਮੇਂ ਸਥਾਨਕ ਭੇਦਾਂ ਨਾਲ ਵਿਕਾਸ ਕਰਦੀ ਰਹੀ। ਇਸੇ ਕਰਕੇ ਬ੍ਰਹਮ ਦੇ ਵੱਖ-ਵੱਖ ਨਾਂ ਰੱਖੇ ਗਏ ਅਤੇ ਇਸ ਦੇ ਮਿੱਥਕ ਸਰੂਪ ਸਬੰਧੀ ਵੱਖ-ਵੱਖ ਮੱਤਾਂ ਅਤੇ ਵਿਦਵਾਨਾਂ ਨੇ ਆਪਣੇ ਆਪਣੇ ਦ੍ਰਿਸ਼ਟੀਕੋਣ ਨਾਲ ਚਿਤਰਣ ਕੀਤਾ। ਵੇਦਾਂ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੱਕ ਅਨੇਕ ਨਾਵਾਂ ਅਤੇ ਸਰੂਪਾਂ ਦਾ ਚਿਤਰਣ ਮਿਲਦਾ ਹੈ।

ਉਪਨਿਸ਼ਦਾਂ ਵਿਚ ਬ੍ਰਹਮ ਦੇ 'ਵਿਅਕਤ', 'ਅਵਿਅਕਤ', 'ਨਿਰਗੁਣ', ਨਿਰੰਕਾਰ', 'ਅਜਨਮਾ', 'ਅਕਰਤਾ' ਆਦਿ ਸਰੂਪ ਦੱਸੇ ਗਏ ਹਨ। ਤੈਤਰੀਯ ਉਪਨਿਸ਼ਦ (3/1) ਵਿਚ ਸੰਪੂਰਣ ਵਿਸ਼ਵ ਦੀ ਉਤਪਤੀ, ਗਤਿ, ਪਾਲਕ, ਸਥਿਤੀ ਅਤੇ ਨਾਸ ਦੇ ਕਾਰਣ ਨੂੰ ਬ੍ਰਹਮ ਕਿਹਾ ਗਿਆ ਹੈ। ਅਸਲ ਵਿਚ ਸਾਰਾ ਵਿਸ਼ਵ ਬ੍ਰਹਮ ਹੀ ਹੈ।[26]

ਜੈਨ ਮਤ ਵਾਲੇ ਪਰਮਾਤਮਾ ਨੂੰ ਨਹੀਂ ਮੰਨਦੇ। ਉਹ ਆਪਣੇ ਤੀਰਥੰਕਰਾਂ ਨੂੰ ਬ੍ਰਹਮ ਮੰਨਦੇ ਹਨ। ਇਨ੍ਹਾਂ ਸਾਧੂਆਂ ਵਿਚ ਤੀਰ ਥੰਕਰਾਂ ਦਾ ਪਦ ਸਭ ਤੋਂ ਵੱਡਾ ਹੈ। ਇਨ੍ਹਾਂ ਦੇ ਅਨੁਸਾਰ ਤੀਰ

ਥੰਕਰ ਵੀ ਈਸ਼ਵਰ ਦੀ ਤਰ੍ਹਾਂ ਸਰਵੱਗ ਅਤੇ ਸਰਵ-ਸ਼ਕਤੀਮਾਨ ਹੁੰਦੇ ਹਨ।[27] ਬੁੱਧ ਧਰਮ ਦੀ ਮਹਾਯਾਨ ਸਾਖਾ ਦੇ ਪ੍ਰਵਰਤਕ ਨਾਗਾਰਾਜਨ ਨੇ ਪਰਮ ਸਤਾ (ਬ੍ਰਹਮ) ਨੂੰ ਸ਼ੂਨਯ ਸੱਤਯ ਮੰਨ ਕੇ ਚੌਹਾਂ ਕੋਟੀਆਂ ਤੋਂ ਵਿਲੱਖਣ ਕਿਹਾ ਹੈ। ਉਨ੍ਹਾਂ ਦਾ ਸ਼ੂਨਯ ਨਾ ਸਤਿ ਹੈ ਨਾ ਅਸਤਿ ਹੈ ਜਾਂ ਸਤਿ ਅਤੇ ਨਾ ਦੋਵਾਂ ਤੋਂ ਭਿੰਨ ਹੈ।[28]

ਸ੍ਰੀ ਮੱਦ ਭਗਵਤ ਗੀਤਾ ਵਿਚ ਬ੍ਰਹਮ ਦਾ ਵਿਰਾਟ ਸਰੂਪ ਚਿਤਰਿਆ ਹੈ। ਉਹ ਅਨੇਕ ਬਾਹਵਾਂ, ਅਨੇਕ ਪੇਟਾਂ, ਅਨੇਕ ਮੁੰਖਾਂ, ਅਨੇਕ ਨੇਤਰਾਂ ਵਾਲਾ ਅਨੰਤ ਰੂਪ ਚੌਹਾਂ ਪਾਸਿਆਂ ਵੱਲ ਵੇਖਿਆ ਜਾ ਸਕਦਾ ਹੈ। ਪਰ ਉਸ ਦਾ ਨਾ ਆਦਿ, ਨਾ ਮੱਧ, ਅਤੇ ਨਾ ਹੀ ਅੰਤ ਦਿਸਦਾ ਹੈ।[29]

ਇਸਲਾਮ ਮੱਤ ਦਾ ਬ੍ਰਹਮ ਅੱਲਾ ਹੈ। ਉਹ ਇਕ ਹੈ, ਉਹ ਸਰਵਸ਼ਕਤੀਮਾਨ, ਜੋਤ ਸਰੂਪ, ਸਰਵ ਵਿਆਪਕ ਰੱਖਿਅਕ ਪਾਲਕ ਹੈ। ਸਭ ਦੀ ਉਤਪਤੀ ਅਤੇ ਵਿਨਾਸ ਦਾ ਕਾਰਣ ਉਹ ਆਪ ਹੈ। ਜੀਵਨ ਤੇ ਮੌਤ ਉਸ ਦੇ ਹੱਥਾਂ ਵਿਚ ਹੈ। ਸਭ ਜੜ ਚੇਤਨ ਉਸ ਦੀ ਆਗਿਆ ਵਿਚ ਹਨ। ਉਹ ਸਭ ਦਾ ਰੱਖਿਅਕ, ਪਾਲਣਹਾਰ, ਮੁਆਫ ਕਰਨ ਵਾਲਾ ਹੈ।[30]

ਈਸਾਈ ਮਤ ਇਕ ਬ੍ਰਹਮ (God) ਵਿਚ ਵਿਸ਼ਵਾਸ ਰੱਖਦਾ ਹੈ। ਇਸ ਦਾ ਇਕ ਪਰਮਾਤਮਾ (ਬ੍ਰਹਮ) ਤ੍ਰੈਨਿਤੀ (Trinity) ਹੈ। ਉਹ ਪਿਤਾ ਵੀ ਹੈ, ਪੁੱਤਰ ਵੀ ਹੈ ਅਤੇ ਦੋਹਾਂ ਤੋਂ ਭਿੰਨ ਆਤਮਾ ਵੀ ਹੈ। ਉਹ God (ਪਰਮਾਤਮਾ), Logos (ਬ੍ਰਹਮ) ਅਤੇ Holy Ghost (ਪਵਿੱਤਰ ਆਤਮਾ) ਤਿੰਨਾਂ ਦਾ ਪਵਿੱਤਰ ਸੁਮੇਲ ਹੈ।[31]

ਗੁਰਬਾਣੀ ਵਿਚ ਸਿੱਖ ਗੁਰੂ ਸਾਹਿਬਾਨ ਨੇ ਬ੍ਰਹਮ ਦੇ ਸਰੂਪ ਦਾ ਚਿਤਰਣ ਵਿਲੱਖਣ ਰੂਪ ਵਿਚ ਕੀਤਾ ਹੈ। ਉਨ੍ਹਾਂ ਅਨੁਸਾਰ ਬ੍ਰਹਮ ਇਕ ਹੈ ਜੋ ਅਮਰ, ਅਜੋਨੀ, ਅਗੰਮ, ਅਗੋਚਰ ਅਤੇ ਰੂਪ ਰਹਿਤ, ਅਦੁੱਤੀ ਹੈ। ਉਹ ਹਰ ਪਾਸੇ ਵਿਆਪ ਰਿਹਾ ਹੈ। ਉਸ ਦਾ ਨਾਮ ਸਤਿ ਹੈ, ਉਹ ਸ੍ਰਿਸ਼ਟੀ ਦਾ ਕਰਤਾ, ਹਰਤਾ ਧਰਤਾ ਹੈ, ਨਿਰਭਓ, ਨਿਰੰਕਾਰ ਹੈ। ਉਹ ਹਰ ਮਨੁੱਖ ਜੀਵ-ਜੰਤੂ ਆਦਿ ਵਿਚ ਵਿਦਮਾਨ ਹੈ। ਗੁਰੂ-ਬਾਣੀ ਦਾ ਬ੍ਰਹਮ ਨਿਰਗੁਣ ਵੀ ਹੈ ਅਤੇ ਸਰਗੁਣ ਵੀ ਹੈ। ਇਸ ਤੋਂ ਇਲਾਵਾ ਇਸ ਵਿਚ ਨਿਰਗੁਣ/ਸਰਗੁਣ ਦੇ ਮਿਲਵੇਂ ਸਰੂਪ ਦੀ ਪੇਸ਼ਕਾਰੀ ਵੀ ਕੀਤੀ ਗਈ ਹੈ।

ਨਿਰਗੁਣ ਬ੍ਰਹਮ:

ਨਿਰਗੁਣ ਦਾ ਸ਼ਾਬਦਿਕ ਅਰਥ ਹੈ – ਗੁਣ ਰਹਿਤ ਮਾਇਆ ਦੇ ਸਤ, ਰਜ, ਤਮ ਗੁਣਾਂ ਤੋਂ ਰਹਿਦ।[32] ਪਰਿਭਾਸ਼ਕ ਰੂਪ ਵਿਚ ਇਸ ਦਾ ਅਰਥ ਗੁਣ-ਅਤੀਤ ਹੈ, ਜੋ ਗੁਣਾਂ ਦੀ ਸੀਮਾ ਵਿਚ ਬੰਨਿਆ ਨਾ ਜਾ ਸਕੇ। ਉਪਾਸਨਾ ਖੇਤਰ ਵਿਚ ਇਹ ਇਕ ਅਜਿਹੀ ਅਨਿਰਵਚਨੀਯ ਸਤਾ ਦੀ ਸੰਗਿਆ ਦਾ ਬੌਧਿਕ ਹੈ ਜੋ ਸਾਖ ਦਰਸ਼ਨ ਦੇ ਸਤੋ, ਰਜੋ, ਤਮੋ ਨਾਂ ਦੇ ਤਿੰਨ ਗੁਣਾਂ ਜਾਂ ਵੈਸੋਵਿਕ ਦਰਸ਼ਨ ਦੇ ਰੂਪ, ਰਸ, ਗੰਧ, ਸਪਰਤਾ, ਪਰਿਣਾਮ ਆਦਿ 24 ਗੁਣਾਂ ਤੋਂ ਪਰੇ ਸਮਝੀ ਜਾਂਦੀ ਅਤੇ ਜਿਸ ਨੂੰ ਆਮ ਕਰਕੇ ਪਰਮਾਤਮਾ, ਬ੍ਰਹਮ ਜਾਂ ਪਰਮਤੱਤ੍ਵ ਦਾ ਨਾਮ ਦਿੱਤਾ ਗਿਆ ਹੈ।[33]

ਬ੍ਰਹਮ ਦੇ ਸਰੂਪ ਦਾ ਵਰਨਣ ਜਪੁਜੀ ਸਾਹਿਬ ਦੇ ਮੂਲ ਮੰਤਰ ਵਿਚ ਸਪੱਸ਼ਟ ਦਿੱਤਾ ਗਿਆ ਹੈ:

> ੧ਓ ਸਤਿ ਨਾਮ, ਕਰਤਾ ਪੁਰਖੁ, ਨਿਰਭਉ, ਨਿਰਵੈਰੁ,
> ਅਕਾਲ ਮੂਰਤਿ, ਅਜੂਨੀ ਸੈਭੰ ਗੁਰ ਪ੍ਰਸਾਦਿ।[34]

ਗੁਰਬਾਣੀ ਅਨੁਸਾਰ ਨਿਰਗੁਣ ਬ੍ਰਹਮ ਇਕ ਹੈ ਜੋ 'ਨਿਰਾਕਾਰ', 'ਗੁਣਾਤੀਤ' ਹੈ। ਨਿਰਗੁਣ ਦੇ ਜੋ ਗੁਣ ਹਨ ਉਹ ਇਨ੍ਹਾਂ ਸ਼ਬਦਾਂ ਦੁਆਰਾ ਪ੍ਰਗਟ ਹੁੰਦੇ ਹਨ: 'ਅਲਖ', 'ਅਗੰਮ', 'ਅਗੋਚਰ', 'ਅਭੇਖ', 'ਅਲੇਖ', 'ਅਡੋਲ', 'ਅਛੰਦ', 'ਅਖੰਡ', 'ਅਚੱਲ', 'ਅਨਾਦੀ', 'ਅਨੰਤ', 'ਅਰੂਪ', 'ਨਿਰੰਜਨ', 'ਅਥਾਹ', 'ਬੇਸ਼ੁਮਾਰ', 'ਅਥਾਹ', 'ਅਗਨਤ', 'ਅਤੋਲ' ਆਦਿ।

> (ੳ) ਅਲਖ, ਅਪਾਰ, ਅਗੰਮ, ਅਗੋਚਰ ਨਾ ਤਿਸੁ ਕਾਲੁ ਨ ਕਰਮਾ
> ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ
> ..........................................................
> ..........................................................
> ਨਾ ਤਿਸ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ
> ਅਕਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ।[35]

ਨਿਰਾਹਾਰ ਨਿਰਵੈਰੁ, ਸੁਖਦਾਈ

ਤਾਕੀ ਕੀਮਤਿ ਕਿਨੈ ਨਾ ਪਾਈ।[36]

**ਜੋਤਿ ਸਰੂਪ ਬ੍ਰਹਮ :**

ਗੁਰਬਾਣੀ ਵਿਚ ਨਿਰਗੁਣ ਬ੍ਰਹਮ ਨੂੰ ਜੋਤਿ ਸਰੂਪ ਮੰਨਿਆ ਹੈ। ਜੋਤਿ ਸਰੂਪ ਬ੍ਰਹਮ (ਪਰਮਾਤਮਾ) ਆਪਣੀ ਜੋਤਿ ਵਿਚ ਸਮਾਇਆ ਹੋਇਆ ਹੈ ਅਤੇ ਉਸ ਦੀ ਜੋਤਿ ਸਭ ਵਿਚ ਪ੍ਰਕਾਸ਼ਵਾਨ ਹੈ:

ਜਹ ਜੋਤਿ ਸਰੂਪੀ ਜੋਤਿ ਸੰਗਿ ਸਮਾਵੈ।[37]

ਇਹ ਜੋਤਿ ਹਰ ਜੀਵ-ਜੰਤੂ, ਜੜ੍ਹ ਚੇਤੰਨ ਵਿਚ ਸਮਾਈ ਹੋਈ ਹੈ ਅਤੇ ਸਭ ਨੂੰ ਪ੍ਰਕਾਸ਼ਮਾਨ ਕਰ ਰਹੀ ਹੈ। ਬ੍ਰਹਮ ਜੋਤਿ ਸਰੂਪ ਹੋ ਕੇ ਕਣ ਕਣ ਵਿਚ ਆਪਣੀ ਰਚਨਾ ਵਿਚ ਵਲੀਨ ਹੋਇਆ ਹੈ:

ਸਰਬ ਜੋਤਿ ਮਹਿ ਜਾ ਕੀ ਜੋਤਿ।

ਧਾਰਿ ਰਹਿਓ ਸੁਆਮੀ ਓਤਿ ਪੋਤਿ।[38]

ਜੋਤਿ ਨੂੰ ਪ੍ਰਤੱਖ ਰੂਪ ਵਿਚ ਵੇਖਣ ਲਈ ਗੁਰੂ ਦੀ ਸਹਾਇਤਾ ਦੀ ਲੋੜ ਹੈ, ਜੋ ਸਭ ਵਿਚ ਸਮਾਈ ਹੋਈ ਹੈ ਅਤੇ ਉਸਦਾ ਚਾਨਣ ਨਾਲ ਸਭ ਜੜ੍ਹ ਚੇਤੰਨ ਪ੍ਰਕਾਸ਼ਮਾਨ ਹੁੰਦਾ ਹੈ। ਇਸ ਤਰ੍ਹਾਂ ਗੁਰੂ ਦੁਆਰਾ ਇਸ ਜੋਤਿ ਦੀ ਪ੍ਰਤੀਤੀ ਹੋ ਸਕਦੀ ਹੈ:

ਸਭ ਮਹਿ ਜਤਿ ਜੋਤਿ ਹੈ ਸੋਇ

ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ।

ਗੁਰ ਸਾਖੀ ਜੋਤਿ ਪਰਗਟੁ ਹੋਇ।[39]

**ਸਿਰਜਣਹਾਰ ਬ੍ਰਹਮ:**

ਗੁਰੂ-ਬਾਣੀ ਵਿਚ ਗੁਰੂ ਸਾਹਿਬ ਨੇ ਨਿਰਗੁਣ ਬ੍ਰਹਮ ਲਈ 'ਓਅੰਕਾਰ ਸ਼ਬਦ ਵਰਤਿਆ ਹੈ। 'ਓਅੰਕਾਰ' ਸ਼ਬਦ ਸੰਸਕ੍ਰਿਤ ਭਾਸ਼ਾ ਦਾ ਹੈ ਅਤੇ ਇਸਦੇ ਹੋਰ ਅਰਥਾਂ ਤੋਂ ਇਲਾਵਾ ਇਕ ਅਰਥ

ਬ੍ਰਹਮ ਅਥਵਾ 'ਪ੍ਰਣਵ' ਵੀ ਹੈ।[40] ਗੁਰੂ ਅਮਰ ਦਾਸ ਜੀ ਅਨੁਸਾਰ ਇਸ ਸ੍ਰਿਸ਼ਟੀ ਦੀ ਰਚਨਾ 'ਓਅੰਕਾਰ' ਦੁਆਰਾ ਹੋਈ ਹੈ।

ਓਅੰਕਾਰਿ ਸਭ ਸ੍ਰਿਸਟਿ ਉਪਾਈ।[41]

ਗੁਰੂ ਅਰਜਨ ਦੇਵ ਜੀ ਨੇ ਵੀ ਉਪਰੋਕਤ ਵਿਚਾਰ ਦੀ ਪੁਸ਼ਟੀ ਕੀਤੀ ਹੈ:

ਉਅੰਕਾਰਿ ਉਤਪਾਤੀ, ਕੀਆ ਦਿਨਸੁ ਸਭ ਰਾਤੀ
ਵਣੁ ਤ੍ਰਿਣ ਤ੍ਰਿਭਵਣ ਪਾਣੀ। ਚਾਰਿ ਬੇਦ ਚਾਰੇ ਖਾਣੀ।
ਖੰਡ ਦੀਪ ਸਭਿ ਲੋਆ। ਏਕ ਕਵਾਵੇ ਤੇ ਸਭਿ ਹੋਆ।[42]

ਗੁਰੂ ਨਾਨਕ ਸਾਹਿਬ ਇਸੇ ਵਿਚਾਰ ਨੂੰ ਹੋਰ ਦ੍ਰਿੜ ਕਰਦੇ ਹੋਏ ਲਿਖਦੇ ਹਨ ਕਿ ਓਅੰਕਾਰ ਨੇ ਬ੍ਰਹਮਾ, ਵੇਦ, ਪਰਬਤ ਦੀ ਰਚਨਾ ਕੀਤੀ ਹੈ ਅਤੇ 'ਓਅੰਕਾਰ' ਸ਼ਬਦ ਦੁਅਰਾ ਹੀ ਮਨੁੱਖ ਦਾ ਉਧਾਰ ਹੁੰਦਾ ਹੈ।

ਓਅੰਕਾਰਿ ਬ੍ਰਹਮਾ ਉਤਪਤਿ। ਉਅੰਕਾਰੁ ਕੀਆ ਜਿਨਿ ਚਿਤਿ।
ਓਅੰਕਾਰਿ ਸੈਲ ਜੁਗ ਭਏ। ਓਅੰਕਾਰ ਬੇਦ ਨਿਰਮਏ
ਓਅੰਕਾਰਿ ਸ਼ਬਦਿ ਉਧਰੇ। ਓਅੰਕਾਰਿ ਗੁਰਮੁਖਿ ਤਰੇ।[43]

ਗੁਰੂ ਸਾਹਿਬ ਅੱਗੇ ਲਿਖਦੇ ਹਨ ਕਿ ਓਂਕਾਰ (ਬ੍ਰਹਮ) ਨੇ ਜੋ ਇਹ ਰਚਨਾ ਪੈਦਾ ਕੀਤੀ ਹੈ ਉਹ ਇਨ੍ਹਾਂ ਨੂੰ ਪੈਦਾ ਕਰਦਾ ਹੈ ਅਤੇ ਉਹ ਹੀ ਇਨ੍ਹਾਂ ਦਾ ਵਿਨਾਸ ਕਰਦਾ ਹੈ।

- ਸਸੈ ਸਭੁਜਗੁ ਸਹਜਿ ਉਪਾਇਆ
  ਤੀਨਿ ਭਵਨ ਇਕ ਜੋਤੀ।[44]
- ਜੋ ਉਸਾਰੇ ਸੋ ਢਾਹਸੀ
  ਤਿਸੁ ਬਿਨੁ ਅਵਰ ਨਾ ਕੋਇ।[45]

**ਸਰਗੁਣ ਬ੍ਰਹਮ:**

ਸਰਗੁਣ ਤੋਂ ਭਾਵ ਹੈ ਗੁਣ ਸਾਹਿਤ। ਸਰਗੁਣ ਪ੍ਰਦਾਨ ਜਾਂ ਸਾਰੇ ਗੁਣਾਂ ਨਾਲ ਭਰਪੂਰ।[46] ਸਰਗੁਣ ਬ੍ਰਹਮ ਉਹ ਰੂਪ ਹੈ ਜਦੋਂ ਪਰਮਾਤਮਾ (ਬ੍ਰਹਮ) ਆਪਣੀ ਸੁੰਨ ਅਵਸਥਾ ਦੇ ਮਗਨ ਰੂਪ ਤੋਂ ਵਿਵਹਾਰਕ ਰੂਪ ਵਿਚ ਆਇਆ।

ਬ੍ਰਹਮ ਦਾ ਸਰਗੁਣ ਰੂਪ ਪ੍ਰਾਚੀਨ ਕਾਲ ਤੋਂ ਚਿਤਰਿਤ ਹੁੰਦਾ ਆਇਆ ਹੈ ਅਤੇ ਸਮੇਂ ਸਮੇਂ ਤੇ ਇਸ ਦੇ ਵਿਵਹਾਰਕ ਰੂਪ ਨੇ ਏਨਾ ਪ੍ਰਬਲ ਰੂਪ ਧਾਰਨ ਕੀਤਾ ਕਿ ਮੂਲ ਰੂਪ ਦਬ ਕੇ ਰਹਿ ਗਿਆ। ਉਸ ਦੀ ਥਾਂ ਵਿਵਹਾਰਕ ਰੂਪ ਹੀ ਭਰਮ ਵਸ ਮੂਲ ਰੂਪ ਸਮਝਿਆ ਜਾਣ ਲੱਗਾ। ਇਸ ਪ੍ਰਕਾਰ ਬਹੁ-ਦੇਵਵਾਦੀ ਸਿਧਾਂਤ ਦਾ ਵਿਕਾਸ ਹੋਇਆ। ਇਸ ਸਮੇਂ ਭਗਤਾਂ ਨੇ ਪਰਮਾਤਮਾ (ਬ੍ਰਹਮ) ਦੇ ਅਨੇਕ ਗੁਣਾਂ ਦਾ ਮਾਲਕ ਸਮਝ ਕੇ ਉਸ ਦੇ ਸਰਗੁਣ ਰੂਪ ਦੀ ਕਲਪਨਾ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਕਈ ਸਰਗੁਣਵਾਦੀ ਮੱਤ ਹੋਂਦ ਵਿਚ ਆਏ। ਇਨ੍ਹਾਂ ਸਰਗੁਣਵਾਦੀਆਂ ਨੇ ਆਪਣੇ ਆਪਣੇ ਇਸ਼ਟ-ਦੇਵ, ਦੇਵੀ ਦੇਵਤੇ, ਅਵਤਾਰ ਨੂੰ ਸਰਵਉੱਚ ਦਰਸਾਉਣ ਲਈ ਉਸਦੇ ਕਈ ਸਰਗੁਣ ਰੂਪਾਂ ਨੂੰ ਪੇਸ਼ ਕੀਤਾ। ਉਨ੍ਹਾਂ ਨੇ ਸਰਗੁਣ ਬ੍ਰਹਮ ਨੂੰ ਭਗਤ ਰੱਖਿਅਕ ਦੇ ਤੌਰ ਤੇ ਦਰਸਾਉਣ ਸਦਕਾ ਉਸ ਨੂੰ ਅਵਤਾਰ ਰੂਪ ਵਿਚ ਪੇਸ਼ ਕੀਤਾ। ਇਸ ਤਰ੍ਹਾਂ ਕਈ ਅਵਤਾਰ ਹੋਂਦ ਵਿਚ ਆਏ। ਸਰਗੁਣਵਾਦੀਆਂ ਦੀ ਪਰੰਪਰਾ ਤੇ ਚਲਦੇ ਹੋਏ ਨਿਰਗੁਣਵਾਦੀਆਂ ਨੇ ਵੀ ਲੋਕ ਭਾਵਨਾ ਨੂੰ ਮੁੱਖ ਰਖ ਕੇ ਆਪਣੇ ਨਿਰਗੁਣ ਬ੍ਰਹਮ ਉਤੇ ਕਈ ਗੁਣਾਂ ਨੂੰ ਅਰੋਪਿਤ ਕਰਕੇ ਉਸ ਨੂੰ ਭਗਤ ਰੱਖਿਅਕ ਦੇ ਤੌਰ ਤੇ ਪੇਸ਼ ਕੀਤਾ ਤਾਂ ਕਿ ਉਨ੍ਹਾਂ ਦਾ ਮਤ ਲੋਕਾਂ ਵਿਚ ਵੱਧ ਤੋਂ ਵੱਧ ਪ੍ਰਚੱਲਿਤ ਹੋ ਸਕੇ।[47] ਸਿੱਖ ਗੁਰੂ ਸਾਹਿਬਾਨ ਨੇ ਵੀ ਉਪਰੋਕਤ ਪਰੰਪਰਾ ਤੇ ਚਲਦੇ ਹੋਏ ਸਰਗੁਣ ਬ੍ਰਹਮ ਦੇ ਵਿਭਿੰਨ ਰੂਪਾਂ ਦੀ ਪੇਸ਼ਕਾਰੀ ਕੀਤੀ।

ਗੁਰੂ-ਬਾਣੀ ਦਾ ਸਰਗੁਣ ਬ੍ਰਹਮ ਨਿਰਗੁਣ ਤੋਂ ਉਪਜਿਆ ਵਿਵਹਾਰਕ ਰੂਪ ਹੈ। ਉਹ ਕਾਲਪਨਿਕ ਨਹੀਂ, ਵਿਵਹਾਰਕ ਹੈ। ਉਹ ਗੁਣਾਤੀਤ ਅਤੇ ਸਰਵ ਸੰਪਨ ਹੈ ਜੋ ਜਨਮ ਮਰਨ ਤੋਂ ਰਹਿਤ ਅਤੇ ਜੂਨਾਂ ਵਿਚ ਆਉਣ ਵਾਲਾ ਨਹੀਂ। ਉਹ ਨਿਰਵਿਕਾਰ ਹੈ, ਸੰਸਾਰਿਕ ਗਤੀ ਵਿਧੀ ਉਸ ਦੀ ਲੀਲਾ ਹੈ।

ਗੁਰੂ-ਬਾਣੀ ਵਿਚ ਸਰਗੁਣ ਬ੍ਰਹਮ ਦੇ ਕਈ ਰੂਪਾਂ ਦੀ ਕਲਪਨਾ ਕੀਤੀ ਗਈ ਹੈ ਜੋ ਨਿਮਨ ਅਨੁਸਾਰ ਹੈ:

(ੳ) ਭਾਵਨਾ-ਮੂਲਕ ਸਰਗੁਣ ਬ੍ਰਹਮ ਰੂਪ :

ਸਿੱਖ ਗੁਰੂ ਸਾਹਿਬਾਨ ਇਸ ਰੂਪ ਵਿਚ ਆਪਣੇ ਪਰਮਾਤਮਾ ਵਿਚ ਸਰਵਸ੍ਰੇਸ਼ਟ ਅਤੇ ਮਾਨਵ ਉਚਿਤ ਵਿਸ਼ੇਸ਼ਤਾਵਾਂ ਦਾ ਆਰੋਪ ਕਰਦੇ ਹੋਏ ਆਪਣੇ ਆਪ ਨੂੰ ਉਸ ਦੇ ਮੁਕਾਬਲੇ ਵਿਚ ਸੇਵਾ, ਭਗਤੀ ਅਤੇ ਆਤਮ ਸਮਰਪਨ ਦੀ ਭਾਵਨਾ ਨਾਲ ਤੁਛ ਰੂਪ ਵਿਚ ਪੇਸ਼ ਕਰਦੇ ਹਨ। ਇਸ ਦੇ ਨਾਲ ਹੀ ਉਹ ਉਸ ਨਾਲ ਅਨੇਕ ਪ੍ਰਕਾਰ ਦੇ ਮਾਨਵੀ ਸਬੰਧਾਂ ਦੀ ਕਲਪਨਾ ਵੀ ਕਰਦੇ ਹਨ। ਗੁਰੂ ਸਾਹਿਬਾਨ ਨੇ ਪਰਮਾਤਮਾ ਨਾਲ 'ਸੁਆਮੀ' ਮਾਤਾ, ਪਿਤਾ, ਪਤੀ, ਪ੍ਰੀਤਮ, ਦਾਤਾਰ, ਮਿੱਤਰ, ਭਗਤ ਆਦਿ ਦੇ ਸਬੰਧ ਸਥਾਪਿਤ ਕੀਤੇ ਹਨ। ਗੁਰੂ ਸਾਹਿਬ ਇਨ੍ਹਾਂ ਸਬੰਧਾਂ ਬਾਰੇ ਫੁਰਮਾਉਂਦੇ ਹਨ:

- ਪਿਰੁ ਘਰਿ ਨਹੀ ਆਵੈ<br>ਧਨ ਕਿਉ ਸੁਖ ਪਾਵੈ<br>ਬਿਰਹਿ ਬਿਰੋਧ ਤਨੁ ਛੀਜੈ।[48]
- ਤੂੰ ਮੇਰਾ ਪਿਤਾ ਤੂਹੈ ਮੇਰਾ ਮਾਤਾ<br>ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ<br>ਤੂੰ ਮੇਰਾ ਰਾਖਾ ਸਭਨੀ ਥਾਈ।<br>ਨਾ ਭਉ ਕੇਹਾ ਕਾੜਾ ਜੀਉ।।[49]
- ਸਾਜਨ ਮੀਤੁ ਸੁਜਾਣ ਸਖਾ ਤੂੰ<br>ਸਚਿ ਮਿਲੈ ਵਡਿਆਈ।[50]
- ਸਭਿ ਅਵਗਣ ਮੈਂ ਗੁਣ ਨਹੀ ਕੋਈ<br>ਕਿਉ ਕਰਿ ਕੰਤ ਮਿਲਾਵਾ ਹੋਈ।[51]

ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਪਰਮਾਤਮਾ ਲਈ 'ਪਰਖਣਹਾਰ', 'ਪ੍ਰਤਿਪਾਲਕ', 'ਬਖਸ਼ਣਹਾਰ', 'ਕਰਨ-ਕਾਰਨ', ਸਮਰਥ ਆਦਿ ਰੂਪ ਇਸ ਤਰ੍ਹਾਂ ਵਰਤੇ ਹਨ:

– ਇਕਿ ਖੋਟੇ ਇਕਿ ਖਰੇ ਆਪੇ <u>ਪਰਖਣਹਾਰ</u>।[52]

– ਤੂੰ ਆਦਿ ਜੁਗਾਦਿ ਕਰਹਿ <u>ਪ੍ਰਤਿਪਾਲਾ</u>।[53]

– ਸਾਹਿਬੁ ਰਿਦੈ ਵਸਾਇ ਨ ਪਛੋਤਾਵਹੀ,
ਗੁਨਹਾਂ <u>ਬਖਸ਼ਣਹਾਰੁ</u> ਸ਼ਬਦ ਕਮਾਵਹੀ।[54]

### (ਅ) ਵਿਰਾਟ-ਰੂਪ ਬ੍ਰਹਮ:

ਬ੍ਰਹਮ ਦੇ ਵਿਰਾਟ ਰੂਪ ਦੀ ਪੁਰਾਤਨ ਪਰੰਪਰਾ ਹੈ। ਰਿਗਵੇਦ ਦੇ ਪੁਰਸ਼-ਸੂਤਕ ਵਿਚ ਕਿਹਾ ਗਿਆ ਹੈ ਕਿ ਪੁਰਸ਼ ਦੇ ਸੌ ਮਸਤਕ ਹੈ, ਸੋ ਨੇਤਰ ਹੈ, ਸੌ ਪੈਰ ਹੈ ਅਤੇ ਉਸ ਨੇ ਪ੍ਰਿਥਵੀ ਨੂੰ ਸਾਰੇ ਪਾਸਿਓਂ ਘੇਰਿਆ ਹੋਇਆ ਹੈ। [55] ਉਪਨਿਸ਼ਦਾਂ ਅਤੇ ਗੀਤਾ ਵਿਚ ਵੀ ਇਸ ਪ੍ਰਕਾਰ ਦੇ ਕਈ ਵਰਨਣ ਮਿਲਦੇ ਹਨ। ਇਸ ਵਿਚ ਬ੍ਰਹਮ ਦਾ ਇਹ ਰੂਪ ਬੁੱਧੀ ਦੇ ਆਧਾਰ ਤੇ ਚਿਤਰਿਆ ਗਿਆ ਹੈ।[56] ਗੁਰੂ-ਬਾਣੀ ਵਿਚ ਵੀ ਬ੍ਰਹਮ ਦੇ ਵਿਰਾਟ ਰੂਪ ਦਾ ਚਿਤਰਣ ਹੋਇਆ ਹੈ। ਗੁਰੂ ਨਾਨਕ ਸਾਹਿਬ ਨੇ ਬ੍ਰਹਮ ਦੇ ਵਿਰਾਟ ਰੂਪ ਦਾ ਚਿਤਰਣ ਧਨਾਸਰੀ ਰਾਗ ਵਿਚ ਆਰਤੀ ਦੁਆਰਾ ਕੀਤਾ ਹੈ। ਗੁਰੂ ਜੀ ਅਨੁਸਾਰ ਅਕਾਸ਼ ਰੂਪੀ ਥਾਲ ਵਿਚ ਸੂਰਜ ਅਤੇ ਤਾਰਿਆਂ ਦਾ ਮੰਡਨ ਥਾਲ ਵਿਚਲੇ ਮੋਤੀਆਂ ਦੀ ਤਰ੍ਹਾਂ ਹੈ। ਚੰਦਨ ਦੀ ਸੁਗੰਧੀ ਰੂਪ ਦੇ ਬਰਾਬਰ ਹੈ ਅਤੇ ਹਵਾ ਚੌਰ ਝੁਲਾ ਰਹੀ ਹੈ।

ਗਗਨ ਮੈ ਥਾਲੁ ਰਵਿ ਚੰਦ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ
ਧੂਪੁ ਮਲਆਨਲੋ ਪਵਣੁ ਚਵਰੋਕਰੇ, ਸਗਲ ਬਨਰਾਇ ਫੂਲੰਤ ਜੋਤੀ।[57]

ਵਿਰਾਟ ਚਿਤਰਨ ਦਾ ਦੂਜਾ ਰੂਪ ਪਰਮਾਤਮਾ ਦੀ ਮਹਾਨਤਾ ਵਿਚ ਵੇਖਿਆ ਜਾ ਸਕਦਾ ਹੈ। ਗੁਰੂ ਨਾਨਕ ਸਾਹਿਬ ਨੇ ਆਸਾ ਰਾਗ ਵਿਚ ਫੁਰਮਾਇਆ ਹੈ ਕਿ ਬ੍ਰਹਮ ਏਨਾ ਵੱਡਾ ਹੈ ਕਿ ਇਸ ਦਾ ਅਸਲੀ ਗਿਆਨ ਕੋਈ ਨਹੀਂ ਪਾ ਸਕਦਾ। ਉਸ ਦੀ ਨਾ ਹੀ ਕੋਈ ਕੀਮਤ ਪਾਈ ਜਾ ਸਕਦੀ ਹੈ ਅਤੇ ਨਾ ਹੀ ਉਸ ਬਾਰੇ ਕੁਝ ਕਿਹਾ ਜਾ ਸਕਦਾ ਹੈ। ਉਹ ਪਰਮਾਤਮਾ ਬਹੁਤ ਹੀ ਗਹਿਰ ਗੰਭੀਰ ਅਤੇ ਅਨੇਕ ਗੁਣਾਂ ਵਾਲਾ ਹੈ। ਕੋਈ ਵੀ ਨਹੀਂ ਜਾਣਦਾ ਕਿ ਉਸ ਦਾ ਕਿੰਨਾ ਵੱਡਾ ਵਿਸਤਾਰ ਹੈ। ਉਸ ਦੇ ਵੱਡੇਪਣ ਦੀ ਕੀਮਤ ਵੇਦਾਂ ਅਤੇ ਸ਼ਾਸਤਰਾਂ ਨੇ ਪਾਉਣ ਦਾ ਯਤਨ ਕੀਤਾ,

ਗਿਆਨੀ-ਧਿਆਨੀ ਗੁਰੂਆਂ ਨੇ ਉਸ ਦੇ ਮਹੱਤਵ ਨੂੰ ਜਾਨਣ ਦੀ ਕੋਸ਼ਿਸ਼ ਕੀਤੀ ਪਰ ਉਹ ਵੀ ਉਸ ਦੀ ਵਡਿਆਈ ਨੂੰ ਤਿਲ ਮਾਤਰ ਵੀ ਨਾ ਜਾਣ ਸਕੇ :

ਸੁਣਿ ਵਡਾ ਆਖੈ ਸਭੁ ਕੋਇ।

ਕੇਵਡੁ ਵਡਾ ਡੀਠਾ ਹੋਇ।

......................

ਕਹਣ ਨ ਜਾਈ ਤੇਰੀ

ਤੇਰੀ ਤਿਲੁ ਵਡਿਆਈ।[58]

ਗੁਰੂ ਅਰਜਨ ਦੇਵ ਜੀ ਬਿਆਨ ਕਰਦੇ ਹਨ ਕਿ ਮੈਂ ਮੋਹਨ (ਭਾਵ ਬ੍ਰਹਮ) ਨੂੰ ਆਪ ਵੇਖਿਆ ਹੈ। ਅੰਤ ਵਿਚ ਬਹੁਤ ਲੱਭਣ ਤੋਂ ਬਾਅਦ ਉਸ ਦੇ ਬਰਾਬਰ ਮੈਨੂੰ ਕੋਈ ਨਹੀਂ ਮਿਲਿਆ। ਉਹ ਬਹੁਤ ਵੱਡਾ ਅਨੰਤ ਅਤੇ ਉੱਚਾ ਹੈ।

ਮੈਂ ਪੇਖਿਓ ਰੀ ਊਚਾ ਮੋਹਨੁ, ਸਭ ਤੇ ਊਚਾ

ਆਨ ਨਾ ਸਮਸਰਿ ਕੋਊ ਲਾਗੈ ਢੂਢਿ ਰਹੇ ਹਮ ਮੂਚਾ।। ਰਹਾਓ।।

ਬਹੁ ਬੇਅੰਤੁ ਅਤਿ ਬਡੋ ਗਾਹਰੋ ਥਾਹ ਨਹੀ ਅਗਹੂਚਾ

ਤੋਲ ਨਾ ਤੁਲੀਐ ਮੋਲਿ ਨਾ ਮੁਲੀਐ ਕਤ ਪਾਈਐ ਮਨ ਰੂਚਾ।[59]

ਬ੍ਰਹਮ ਦੇ ਵਿਰਾਟ ਰੂਪ ਦਾ ਤੀਜਾ ਵਰਨੇਣ ਉਨ੍ਹਾਂ ਪਦਾਂ ਵਿਚ ਵੇਖਿਆ ਜਾ ਸਕਦਾ ਹੈ, ਜਿਥੇ ਗੁਰੂ ਜੀ ਨੇ ਪਰਮਾਤਮਾ ਦੇ ਗੁਣ ਗਾਇਨ ਕਰਨ ਵਿਚ ਸਾਰੇ ਦੇਵੀ ਦੇਵਤੇ ਅਤੇ ਜੜ੍ਹ ਚੇਤਨ ਪੂਰੀ ਤਰ੍ਹਾਂ ਲੀਨ ਦੱਸੇ ਹਨ। ਇਸ ਦੀ ਉਦਾਹਰਣ ਇਹ ਹੈ:

ਗਾਵਹਿ ਤੁਨਹੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ।

ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ।

ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ

ਗਾਵਹਿ ਇੰਦ ਇੰਦਾਸਣਿ ਬੈਠੇ ਦੇਵਤਿਆ ਦਰਿ ਨਾਲੇ।[60]

(ੲ) ਕਰਤਾ-ਪੁਰਖ ਰੂਪ :

ਗੁਰੂ-ਬਾਣੀ ਵਿਚ ਗੁਰੂ ਸਾਹਿਬ ਨੇ ਬ੍ਰਹਮ ਨੂੰ ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ ਕਿਹਾ ਹੈ। ਉਸ ਨੂੰ ਆਦਿ ਪੁਰਖ ਵੀ ਕਿਹਾ ਹੈ ਤੇ ਉਹ ਅਪਰੰਪਰ ਵੀ ਹੈ।

ਮੇਰਾ ਮਨ ਮੇਰਾ ਮਨੋ ਰਾਤਾ ਰਾਮ ਪਿਆਰੇ ਰਾਮ
ਸਚੁ ਸਾਹਿਬੋ ਆਦਿ ਪੁਰਖੁ ਅਪਰੰਪਰੋ ਧਾਰੇ ਰਾਮ।[61]

ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:

ਆਪੇ ਸਤਿਗੁਰੁ ਆਪੇ ਸੇਵਕੁ ਆਪੇ ਸ੍ਰਿਸਟਿ ਉਪਾਈ ੀ।[62]

ਗੁਰੂ ਸਾਹਿਬ ਲਿਖਦੇ ਹਨ ਕਿ ਜੋ ਵਾਰਤਾਲਾਪ ਵਿਚ ਜੋ ਕੁਝ ਬੀਤੇ ਵਿਚ ਹੋ ਚੁਕਿਆ ਹੈ ਤੇ ਆਉਣ ਵਾਲੇ ਸਮੇਂ ਵਿਚ ਜੋ ਕੁਝ ਹੋਵੇਗਾ, ਸਭ ਕਰਤਾ ਪੁਰਖ ਹੀ ਹੈ:

- ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ
  ਰੰਗ ਪਰੰਗ ਉਪਾਰਜਨਾ ਬਹੁ-ਬਹੁ ਬਿਧਿ ਭਾਤੀ।
  ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ।[63]
- ਆਪੈ ਕਰਤਾ ਪੁਰਖ ਬਿਧਾਤਾ ਜਿਨਿ ਆਪੇ ਆਪਿ ਉਪਾਇ ਪਛਾਤਾ
  ਆਪੈ ਕਰਤਾ ਸ੍ਰਿਸਟਿ ਸਿਰਜਿ ਜਿਨਿ ਗੋਈ[64]

ਗੁਰੂ ਸਾਹਿਬ ਅਨੁਸਾਰ ਪਰਮਾਤਮਾ ਕੇਵਲ ਸ੍ਰਿਸ਼ਟੀ ਕਰਤਾ ਹੀ ਨਹੀਂ ਸੰਘਾਰਕ ਵੀ ਹੈ। ਉਹ ਜਿਥੇ ਸ੍ਰਿਸ਼ਟੀ ਦੀ ਸਿਰਜਣਾ ਕਰਦਾ ਹੈ ਉਥੇ ਉਸ ਨੂੰ ਨਸ਼ਟ ਕਰਕੇ ਆਪਣੇ ਆਪ ਵਿਚ ਮਿਲਾਂਦਾ ਵੀ ਹੈ ਅਤੇ ਫਿਰ ਰਚਨਾ ਵੀ ਕਰਦਾ ਹੈ। ਉਸ ਤੋਂ ਬਿਨ੍ਹਾਂ ਇਸ ਸੰਸਾਰ ਵਿਚ ਕੋਈ ਵੀ ਦੂਜੀ ਸ਼ਕਤੀ ਨਹੀਂ ਹੈ।

ਜਿਨੀ ਸਿਰਜੀ ਤਿਨਿਹੀ ਫੁਨਿ ਗੋਈ
ਤਿਸ ਬਿਨ ਦੂਜਾ ਅਵਰ ਨਾ ਕੋਈ।[65]

ਗੁਰੂ ਸਾਹਿਬ ਅਨੁਸਾਰ ਸੁੰਨ ਮੰਡਲ ਵਿਚ ਇਕ ਯੋਗੀ ਬਿਰਾਜਮਾਨ ਹੈ। ਨਾ ਉਹ ਇਸਤਰੀ ਹੈ ਨਾ ਉਹ ਪੁਰਸ਼ ਹੈ। ਉਸ ਦੇ ਸਬੰਧ ਵਿਚ ਕੋਈ ਵੀ ਕੁਝ ਵੀ ਨਹੀਂ ਕਹਿ ਸਕਦਾ। ਤਿੰਨ ਲੋਕ ਉਸ ਦੀ ਜੋਤਿ ਵਿਚ ਧਿਆਨ ਲਗਾਈ ਰਖਦੇ ਹਨ। ਕੀ ਦੇਵਤਾ, ਕੀ ਮਨੁੱਖ ਅਤੇ ਕੀ ਨਾਥ, ਸਾਰੇ ਉਸ ਦੀ ਸ਼ਰਨ ਵਿਚ ਪਏ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ:

ਸੁੰਨ ਮੰਡਲ ਇਕ ਜੋਗੀ ਬੈਸੇ ਨਾਰਿ ਨ ਪੁਰਖੁ ਕਹਹੁ ਕੋਊ ਕੈਸੇ।

ਤ੍ਰਿਭਵਣ ਜੋਤਿ ਰਹੇ ਲਿਵ ਲਾਈ, ਗੁਰਿ ਨਰ ਨਾਥ ਸਦੇ ਸਰਣਾਈ।[66]

ਸਿੱਖ ਗੁਰੂ ਸਾਹਿਬਾਨ ਦੁਆਰਾ ਪੇਸ਼ ਬ੍ਰਹਮ ਦੇ ਉਪਰੋਕਤ ਸਰਗੁਣ ਸਰੂਪ ਤੋਂ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਗੁਰੂ ਸਾਹਿਬਾਨ ਅਵਤਾਰਵਾਦ ਜਾਂ ਮੂਰਤੀ ਪੂਜਾ ਦੇ ਹੱਕ ਵਿਚ ਸਨ। ਗੁਰੂ ਸਾਹਿਬਾਨ ਨੇ ਭਗਤੀ ਵਸ ਹੀ ਬ੍ਰਹਮ ਦੀ ਵਿਵਹਾਰਕ ਸੱਤਾ ਦਾ ਪ੍ਰਤੀਪਾਦਨ ਕੀਤਾ ਹੈ। ਉਨ੍ਹਾਂ ਨੇ ਪ੍ਰਭੂ ਪ੍ਰੇਮ ਦੀ ਭਾਵਨਾ ਅਧੀਨ ਬ੍ਰਹਮ ਨਾਲ ਕਈ ਸਬੰਧਾਂ ਦੀ ਸਥਾਪਨਾ ਕੀਤੀ ਹੈ। ਉਨ੍ਹਾਂ ਨੇ ਸਰਗੁਣ ਭਾਵਨਾ ਦਾ ਸਥੂਲ ਅਤੇ ਇੰਦਰੀਆਂ ਦੁਆਰਾ ਗ੍ਰਹਿਣ ਕੀਤਾ ਜਾ ਸਕਣ ਵਾਲਾ ਚਿਤਰਣ ਕਿਤੇ ਵੀ ਨਹੀਂ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਕਿਤੇ ਵੀ ਬੌਧਿਕ ਦ੍ਰਿਸ਼ਟੀ ਤੋਂ ਪਰਮਤੱਤ੍ਵ ਦਾ ਵਿਸ਼ਲੇਸ਼ਣ ਨਹੀਂ ਕੀਤਾ। ਬ੍ਰਹਮ ਦਾ ਭਗਤ ਹੋਣ ਕਰਕੇ ਉਨ੍ਹਾਂ ਦਾ ਵਿਸ਼ਵਾਸ ਸ਼ਰਧਾ ਭਾਵਨਾ ਵਾਲਾ ਸੀ। ਡਾ. ਰਤਨ ਸਿੰਘ ਜੱਗੀ ਇਸ ਬਾਬਤ ਲਿਖਦੇ ਹਨ:

> *ਭਾਵੇਂ ਗੁਰੂ ਨਾਨਕ ਨੇ ਭਗਤੀ ਭਾਵਨਾ ਦੀ ਅਭਿਵਿਅਕਤੀ ਲਈ ਨਿਰਗੁਣ ਬ੍ਰਹਮ ਵਿਚ ਗੁਣਾਂ ਦਾ ਆਰੋਪ ਕੀਤਾ ਹੈ, ਪਰ ਅਜਿਹਾ ਕਰਨ ਵਿਚ ਉਨ੍ਹਾਂ ਦਾ ਬ੍ਰਹਮ ਉਸ ਅਰਥ ਵਿਚ ਸਗੁਣ ਨਹੀਂ ਬਣ ਸਕਿਆ ਜਿਹੋ ਜਿਹਾ ਅਵਤਾਰਵਾਦੀਆਂ ਅਤੇ ਮੂਰਤੀ ਪੂਜਕਾਂ ਦਾ ਭਗਵਾਨ ਹੁੰਦਾ ਹੈ।*[67]

ਇਸ ਤਰ੍ਹਾਂ ਗੁਰੂ ਸਾਹਿਬ ਨੇ ਭਗਤੀ ਭਾਵਨਾ ਵਸ ਬ੍ਰਹਮ ਦੀ ਪਰਮ-ਸੱਤਾ ਪ੍ਰਤੀ ਵਿਸ਼ਵਾਸ ਨੂੰ ਦ੍ਰਿੜ ਕਰਵਾਉਣ ਲਈ ਅਤੇ ਉਸ ਨਾਲ ਆਪਣੇ ਕਈ ਪ੍ਰਕਾਰ ਦੇ ਭਾਵਾਤਮਕ

ਸਬੰਧ ਸਥਾਪਤ ਕਰਨ ਲਈ ਸਰਗੁਣ ਬ੍ਰਹਮ ਦੇ ਰੂਪ ਦੀ ਪੇਸ਼ਕਾਰੀ ਕੀਤੀ ਹੈ। ਉਨ੍ਹਾਂ ਦਾ ਸਰਗੁਣ ਬ੍ਰਹਮ ਜਨਮ ਮਰਨ ਦੇ ਚੱਕਰ ਤੋਂ ਮੁਕਤ ਹੈ। ਉਹ ਨਿਰਵਿਕਾਰ ਹੈ। ਉਹ ਸਰਵ-ਗੁਣਤੀਤ, ਸਰਵ-ਸੰਪਨ ਹੈ। ਉਹ ਕਿਸੇ ਅਵਤਾਰ ਰੂਪ ਵਿਦ ਨਹੀਂ ਆਉਂਦਾ। ਉਹ ਨਿਰਗੁਣ ਤੋਂ ਹੀ ਸਰਗੁਣ ਰੂਪ ਵਿਚ ਪ੍ਰਗਟ ਹੋਇਆ ਹੈ।

**ਨਿਰਗੁਣ-ਸਰਗੁਣ ਬ੍ਰਹਮ :**

ਗੁਰੂ-ਬਾਣੀ ਵਿਚ ਨਿਰਗੁਣ/ਸਰਗੁਣ ਦੇ ਵੱਖ-ਵੱਖ ਸਰੂਪਾਂ ਤੋਂ ਇਲਾਵਾ ਨਿਰਗੁਣ-ਸਰਗੁਣ ਦੇ ਮਿਲਵੇਂ ਸਰੂਪ ਦੀ ਪੇਸ਼ਕਾਰੀ ਵੀ ਹੋਈ ਹੈ। ਗੁਰੂ-ਬਾਣੀ ਵਿਚ ਭਾਵੇਂ ਨਿਰਗੁਣ/ਸਰਗੁਣ ਦੇ ਵੱਖ-ਵੱਖ ਰੂਪਾਂ ਦਾ ਵਰਨਣ ਹੋਇਆ ਹੈ ਪਰ ਇਸ ਦਾ ਇਹ ਭਾਵ ਨਹੀਂ ਹੈ ਕਿ ਗੁਰੂ-ਬਾਣੀ ਦਾ ਬ੍ਰਹਮ ਅਵਤਾਰ ਧਾਰ ਕੇ ਸੰਸਾਰ ਵਿਚ ਆਉਂਦਾ ਹੈ। ਗੁਰੂ-ਬਾਣੀ ਦਾ ਨਿਰਗੁਣ ਬ੍ਰਹਮ ਉਹ ਹੈ ਜੋ ਗੁਣਾਂ ਦੀ ਜੱਦ ਤੋਂ ਬਾਹਰ ਹੈ। ਉਹ ਸਰਗੁਣ ਵੀ ਹੈ ਕਿਉਂਕਿ ਉਹ ਸਰਵ ਵਿਆਪਕ ਹੈ। ਇਸ ਨਿਰਗੁਣ-ਸਰਗੁਣ ਬ੍ਰਹਮ ਦੇ ਮਿਲਵੇਂ ਸਰੂਪ ਬਾਰੇ ਸਿੱਖ ਗੁਰੂ ਸਾਹਿਬਾਨ ਇਸ ਤਰ੍ਹਾਂ ਵਰਨਣ ਕਰਦੇ ਹਨ। ਗੁਰੂ ਨਾਨਕ ਸਾਹਿਬ ਇਸ ਬਾਰੇ ਫੁਰਮਾਉਂਦੇ ਹਨ:

ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣੁ ਥੀਆ।[68]

ਗੁਰੂ ਅਮਰਦਾਸ ਜੀ ਇਸ ਸਬੰਧੀ ਆਪਣੇ ਵਿਚਾਰ ਪੇਸ਼ ਕਰਦੇ ਹੋਏ ਲਿਖਦੇ ਹਨ:

ਨਿਰਗੁਣ ਸਰਗੁਣੁ ਆਪੇ ਸੋਈ।[69]

ਗੁਰੂ ਰਾਮਦਾਸ ਜੀ ਨੇ ਵੀ ਬ੍ਰਹਮ ਦੇ ਦੋਹਾਂ ਸਰੂਪਾਂ ਨੂੰ ਸਵੀਕਾਰ ਇਸ ਤਰ੍ਹਾਂ ਕਰਦੇ ਹਨ:

ਤੂੰ ਆਪੇ ਹੀ ਸਿਧ ਸਾਧਿਕੋ ਤੂ ਆਪੇ ਹੀ ਜੁਗ ਜੋਗੀਆ।
ਤੂੰ ਆਪੇ ਹੀ ਰਸ ਰਸੀਅੜਾ ਤੂੰ ਆਪੇ ਹੀ ਭੋਗ ਭੋਗੀਆ।[70]

ਗੁਰੂ ਅਰਜਨ ਦੇਵ ਜੀ ਨੇ ਵੀ ਨਿਰਗੁਣ ਸਰਗੁਣ ਨੂੰ ਇਕ ਲੜੀ ਵਿਚ ਪਰੋ ਦਿੱਤਾ ਹੈ। ਉਨ੍ਹਾਂ ਨਿਰਗੁਣ ਸਰਗੁਣ ਦਾ ਕੋਈ ਭੇਦ ਨਹੀਂ ਰੱਖਿਆ। ਉਨ੍ਹਾਂ ਅਨੁਸਾਰ ਬ੍ਰਹਮ ਦੋਹਾਂ ਵਿਵਸਥਾਵਾਂ ਵਿਚ ਇਕੋ ਰੂਪ ਹੈ। ਕੇਵਲ ਭਿੰਨ ਭਿੰਨ ਅਵਸਥਾਵਾਂ ਕਾਰਨ ਭਿੰਨ ਭਿੰਨ ਨਾਉਂ ਹਨ:

- ਸਰਗੁਣ ਨਿਰਗੁਣ ਥਾਪੈ ਨਾਉ

  ਦੁਹ ਮਿਲਿ ਏਕੈ ਕੀਨੋ ਨਾਉ।[71]

- ਈਘੈ ਨਿਰਗੁਨ ਉਘੈ ਸਰਗੁਨ

  ਕੇਲ ਕਰਤ ਬਿਚਿ ਸੁਆਮੀ ਮੇਰਾ।[72]

ਗੁਰੂ ਅਰਜਨ ਦੇਵ ਜੀ ਨੇ ਨਿਰਗੁਣ ਸਰਗੁਣ ਨੂੰ ਇਕੋ ਥਾਂ ਇਕੱਠਿਆਂ ਹੀ ਪ੍ਰਗਟ ਕੀਤਾ ਹੈ ਜਿਸ ਨਾਲ ਦੋਹਾਂ ਰੂਪਾਂ ਦੀਆਂ ਸਮਾਨ ਵਿਸ਼ੇਸ਼ਤਾਵਾਂ ਦੀ ਅਭਿਵਿਅਕਤੀ ਹੋਈ ਹੈ। ਆਪ ਫੁਰਮਾਉਂਦੇ ਹਨ:

- ਨਿਰਗੁਣ ਆਪਿ ਸਰਗੁਨੁ ਭੀ ਓਹੀ

  ਕਲਾ ਧਾਰਿ ਜਿਨਿ ਸਗਲੀ ਮੋਹੀ।[73]

- ਨਿਰੰਕਾਰ ਅਕਾਰ ਆਪਿ ਨਿਰਗੁਣ ਸਰਗੁਣ ਏਕ

  ਏਕਹਿ ਏਕ ਬਖਾਨਕੋ ਨਾਨਕ ਏਕ ਅਨੇਕ।[74]

ਗੁਰੂ-ਬਾਣੀ ਦੁਅਰਾ ਪੇਸ਼ ਉਪਰੋਕਤ ਨਿਰਗੁਣ-ਸਰਗੁਣ ਸਰੂਪ ਬਾਰੇ ਵੱਖ-ਵੱਖ ਵਿਦਵਾਨਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ:


ਡਾ. ਮਨਮੋਹਨ ਸਹਿਗਲ ਅਨੁਸਾਰ, "ਬਾਣੀ ਦੀ ਨਿਜੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਉਸ ਵਿਚ ਬ੍ਰਹਮ ਦੇ ਨਿਰਗੁਣ ਅਤੇ ਸਰਗੁਣ ਰੂਪਾਂ ਤੋਂ ਇਲਾਵਾ ਇਕ ਨਿਰਗੁਣ-ਸਰਗੁਣ ਵਾਲੇ ਮਿਲਵੇਂ ਰੂਪ ਦੀ ਕਲਪਨਾ ਵੀ ਕੀਤੀ ਗਈ ਹੈ। ਬਿਜਲੀ ਦੀ ਸ਼ਕਤੀ ਦੀ ਘਰ ਘਰ ਵਿਚ ਵੱਖੋ-ਵੱਖਰੇ ਰੂਪਾਂ ਵਿਚ ਕੰਮ ਆਉਣ ਵਾਲੀ ਊਰਜਾ ਅਤੇ ਪਾਣੀ ਵਿਚ ਨਿਰਾਕਾਰ ਰੂਪ ਵਿਚ ਅਦਿੱਖ ਊਰਜਾ ਦੇ ਅਭੇਦ ਵਾਂਗ ਸ੍ਰਿਸ਼ਟੀ ਦੇ ਸਾਰੇ ਅਕਾਰਾਂ ਵਿਚ ਪ੍ਰਗਟ ਹੋਣ ਵਾਲਾ ਬ੍ਰਹਮ ਅਤੇ ਨਿਰਾਕਾਰ ਅਦਿੱਖ ਸੱਤਾ-ਰੂਪ ਵਿਚ ਮੌਜੂਦ ਰਹਿਣ ਵਾਲੇ ਬ੍ਰਹਮ ਵਿਚ ਕੋਈ ਫਰਕ ਨਹੀਂ।"[75]

ਡਾ. ਕੁਲਵੰਤ ਸਿੰਘ ਅਨੁਸਾਰ, "ਸਿੱਖ ਗੁਰੂਆਂ ਨੇ ਨਿਰਗੁਣ ਸਰੂਪ ਨੂੰ ਕ੍ਰਿਆਸ਼ੀਲ ਪਰਮ ਸੱਤਾ ਮੰਨਿਆ ਹੈ, ਜੋ ਅਵਿਅਕਤ ਹੁੰਦਿਆਂ ਹੋਇਆਂ ਵੀ ਨਿਸ਼ਕ੍ਰਿਆ ਨਹੀਂ ਸਗੋਂ ਕਰਤਾ ਰੂਪ

ਵਿਚ ਸਾਰੀ ਸ੍ਰਿਸ਼ਟੀ ਦੀ ਸੰਚਾਲਕ ਸ਼ਕਤੀ ਹੈ। ਇਸ ਦਾ ਗਿਆਨ ਇੰਦਰੀਆਂ ਤੋਂ ਅਤੀਤ ਹੈ। ਇਸ ਪ੍ਰਕਾਰ ਅਵਿਅਕਤ ਨਿਰਗੁਣ ਬ੍ਰਹਮ ਅਤੇ ਅਵਿਅਕਤ ਸਰਗੁਣ ਬ੍ਰਹਮ ਦੇ ਪ੍ਰਮੁੱਖ ਸਰੂਪ ਹਨ ਜੋ ਵਖਰੇ ਨਹੀਂ ਬਲਕਿ ਇਕੋ ਹੀ ਹਸਤੀ ਦੇ ਦੋ ਵੱਖ-ਵੱਖ ਕਾਰਜ ਹਨ।"[76]

ਡਾ. ਸ਼ੇਰ ਸਿੰਘ ਸ਼ੇਰ ਨੇ ਬ੍ਰਹਮ ਦੇ ਸਰਗੁਣ-ਨਿਰਗੁਣ ਸਰੂਪ ਨੂੰ ਗਣਿਤ ਵਿਦਿਆ ਦੇ ਇਕ ਪ੍ਰਮਾਣ ਰਾਹੀਂ ਸਪੱਸ਼ਟ ਕੀਤਾ ਹੈ। ਉਹ ਲਿਖਦੇ ਹਨ:

ਨਿਰੀ ਜਾਤ ਜਾਂ ਸਤ ਸਰੂਪ ਵਿਚ ਅਕਾਲ ਪੁਰਖ ਸਿਫ਼ਤਾਂ ਤੋਂ ਬਿਨਾਂ ਹੈ, ਗੁਣਾਂ ਤੋਂ ਰਹਿਤ ਹੈ, ਨਿਰਗੁਣ ਹੈ। ਏਸ ਲਈ ਬੁੱਧੀ ਜਾਂ ਗਿਆਨ ਦਾ ਵਿਸ਼ਾ ਨਹੀਂ ਹੈ। ਏਸ ਰੂਪ ਵਿਚ ਅਕਾਲ ਪੁਰਖ ਨੂੰ ਅਸੀਂ ਸਿਫਰ '0' ਸ਼ੂੰਨਯ ਸ਼ਮਝ ਲਈਏ। ਸਿਫਰ ਦਾ ਗਿਆਨ ਗੁਣਾਨਵਾਦ ਵਿੱਚ ਕੋਈ ਨਹੀਂ ਹੈ ਪਰ ਜਦ ਇਕ ਸਿਫ਼ਰ (ਬਿੰਦੀ) ਵਿਸਥਾਰ ਕਰਦੀ ਹੈ ਤਾਂ ਜਾਨਿਆ ਜਾਂਦਾ ਹੈ। ਸਿਫਰ ਦਾ ਖਿਲਾਰ ਹੈ (੧) ਏਕਾ। ਅਰਥਾਤ ਉਹੋ ਸਿਫਰ ਬਹੁ ਸਿਫਰੀ ਰੂਪ ਵਿਚ ਏਕ ਹੈ ਤੇ ਏਕਾ ਬਹੁ-ਸਰੂਪੀ ਢੰਗ ਨਾਲ ਸਾਰਾ ਮਾਇਕ ਸੰਸਾਰ ਅਨੇਕ ਹੈ। ਉਹੋ ਸਿਫਰ ਏਕੇ ਵਿਚ ਮੌਜੂਦ ਹੈ ਤੇ ਏਕਾ ਬਾਕੀ ਸਾਰੇ ਅੰਗਾਂ ਵਿਚ ਪ੍ਰਵਿਰਤ ਹੈ। ਸਿਫਰ ਤੋਂ ਏਕ, ਏਕ ਤੋਂ ਦੱਸ, ਸੌ, ਹਜ਼ਾਰ, ਲੱਖ, ਕ੍ਰੋੜ, ਅਸੰਖ, ਨੀਲ, ਅਨੀਲ ਸਭ ਕੁਝ ਹੋ ਜਾਂਦਾ ਹੈ ਫਿਰ ਵਿਸਥਾਰ ਸੰਕੋਚਦਾ ਹੈ, ਆਕਰਖਦਾ ਹੈ ਤਾਂ ਅਨੀਲ ਤੋਂ ਲੀਲ, ਫਿਰ ਅਸੰਖ - ਹਜ਼ਾਰ, ਸੌ, ਦਸ, ਏਕ ਤੋਂ ਫਿਰ ਸਿਫ਼ਰ। ਨਿਰਗੁਣ-ਸਰਗੁਣ -ਨਿਰਗੁਣ। ਅਸਲ ਤਾਂ ਸਾਰਾ ਅਮਲ ਚੱਕਰ ਵਿਚ ਹੈ:



## 1. Being – Becoming- Being

ਸਿਫਰ ਦੀ ਤਰ੍ਹਾਂ ਅਕਾਲ ਪੁਰਖ ਇਕ ਭੀ ਹੈ ਤੇ ਅਨੇਕ ਵੀ ਹੈ।[77]

ਡਾ. ਰਤਨ ਸਿੰਘ ਜੱਗੀ ਅਨੁਸਾਰ ਗੁਰੂ ਸਾਹਿਬਾਨ ਨੇ ਬ੍ਰਹਮ ਦੇ ਵਿਅਕਤ ਅਥਵਾ ਸਗੁਣ ਸਰੂਪ ਨੂੰ ਵੀ ਚਿਤਰਿਆ ਹੈ। ਇਹ ਸਗੁਣ, ਨਿਰਗੁਣ ਤੋਂ ਹੀ ਉਪਜਿਆ ਹੈ। ਇਸ ਲਈ ਇਹ ਉਸ ਤੋਂ ਵੱਖ ਨਹੀਂ, ਦੋਵੇਂ ਇਕੋ ਹਨ। ਸ੍ਰਿਸ਼ਟੀ ਰਚਨਾ ਤੋਂ ਪੂਰਬ ਬ੍ਰਹਮ ਦਾ ਸਰੂਪ ਨਿਰਗੁਣ ਹੈ ਅਤੇ ਬਾਅਦ ਦਾ ਸਗੁਣ। ਇਹ ਸਗੁਣ ਨਿਰਗੁਣ ਤੋਂ ਉਤਪੰਨ ਹੋ ਕੇ ਫਿਰ ਉਸੇ ਵਿਚ ਹੀ ਸਮਾ ਜਾਂਦਾ ਹੈ।[78]

ਡਾ. ਜਗਬੀਰ ਸਿੰਘ ਲਿਖਦੇ ਹਨ, "ਨਾਨਕ ਨੇ ਨਿਰਗੁਣ ਅਤੇ ਸਗੁਣ-ਬ੍ਰਹਮ ਨੂੰ ਦੋ ਵੱਖ-ਵੱਖ ਸ਼ਕਤੀਆਂ ਨਹੀਂ ਮੰਨਿਆ ਸਗੋਂ ਇਕ ਹੀ ਈਸ਼ਵਰ ਦੀਆਂ ਦੋ ਅਵਸਥਾਵਾਂ ਮੰਨੀਆਂ ਹਨ। ਪਹਿਲੀ ਅਵਸਥਾ (ਅਰਥਾਤ ਨਿਰਗੁਣ) ਸ੍ਰਿਸ਼ਟੀ ਰਚਨਾ ਤੋਂ ਪੂਰਬਲੀ ਅਵਸਥਾ ਹੈ ਜਦੋਂ ਕਿ ਈਸ਼ਵਰ ਆਪ ਹੀ ਵਿਦਵਾਨ ਸੀ ਅਤੇ ਸੁੰਨ ਸਮਾਧੀ ਵਿਚ ਲੀਨ ਸੀ। ਦੂਸਰੀ ਅਵਸਥਾ ਸ੍ਰਿਸ਼ਟੀ ਰਚਨਾ ਤੋਂ ਬਾਅਦ ਦੀ ਦੱਸੀ ਗਈ ਹੈ ਜਿਸ ਵਿਚ ਈਸ਼ਵਰ ਆਪ ਸਗੁਣ ਰੂਪ ਵਿਚ ਵਿਦਮਾਨ ਸੀ।"[79]

ਉਪਰੋਕਤ ਵਿਚਾਰਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਗੁਰੂ-ਬਾਣੀ ਵਿਚ ਭਾਵੇਂ ਬ੍ਰਹਮ ਦੇ ਨਿਰਗੁਣ, ਸਰਗੁਣ ਅਤੇ ਨਿਰਗੁਣ-ਸਰਗੁਣ ਮਿਸ਼ਰਤ ਰੂਪਾਂ ਦਾ ਵਰਨਣ ਕੀਤਾ ਗਿਆ ਹੈ। ਪਰ ਗੁਰੂ-ਬਾਣੀ ਦਾ ਬ੍ਰਹਮ ਸਰਗੁਣ ਨਿਰਾਕਾਰ ਹੈ, ਸਰਗੁਣ ਸਾਕਾਰ ਨਹੀਂ ਅਰਥਾਤ ਉਹ ਅਵਤਾਰ ਅਤੇ ਅਵਤਾਰੀ ਰੂਪ ਵਿਚ ਸਰਗੁਣ ਨਹੀਂ ਹੈ। ਇਸ ਲਈ ਗੁਰੂ-ਬਾਣੀ ਦਾ ਨਿਰਗੁਣ, ਸਰਗੁਣ ਬ੍ਰਹਮ ਇਕ ਹੀ ਹੈ। ਇਹ ਇਕ ਹੀ ਸਤਾ ਦੇ ਦੋ ਰੂਪ ਹਨ। ਇਹਨਾਂ ਵਿਚਲਾ ਫ਼ਰਕ ਕੇਵਲ ਸਥਿਤੀ ਦਾ ਹੈ। ਸ੍ਰਿਸ਼ਟੀ ਸਿਰਜਣ ਤੋਂ ਪਹਿਲੀ ਬ੍ਰਹਮ ਦੀ ਸਥਿਤੀ ਨਿਰਗੁਣ ਹੈ ਅਤੇ ਬਾਅਦ ਦੀ ਸਰਗੁਣ ਹੈ। ਇਸ ਤਰ੍ਹਾਂ ਸਿੱਖ ਗੁਰੂ ਸਾਹਿਬਾਨ ਭਾਵੇਂ ਨਿਰਗੁਣ-ਸਰਗੁਣ ਦੋਹਾਂ ਰੂਪਾਂ ਦੀ ਪੇਸ਼ਕਾਰੀ ਕਰਦੇ ਹਨ, ਪਰ ਉਹ ਪ੍ਰਭੂ ਭਗਤੀ ਲਈ ਬ੍ਰਹਮ ਦੇ ਨਿਰਗੁਣ ਸਰੂਪ ਉਪਰ ਹੀ ਜ਼ੋਰ ਦਿੰਦੇ ਹਨ।

## ਮਿੱਥ ਅਤੇ ਦਰਸ਼ਨ ਅਧਾਰਿਤ ਸ੍ਰਿਸ਼ਟੀ ਦਾ ਸੰਕਲਪ:

ਪ੍ਰਾਚੀਨ ਕਾਲ ਤੋਂ ਹੀ ਸ੍ਰਿਸ਼ਟੀ ਦੀ ਰਚਨਾ ਸਬੰਧੀ ਮਨੁੱਖ ਦੀ ਜਗਿਆਸਾ ਬਣੀ ਰਹੀ ਹੈ। ਕੁਦਰਤ ਦੇ ਕ੍ਰਿਸ਼ਮਿਆ ਨੂੰ ਵੇਖ ਕੇ ਮਨੁੱਖ ਦੇ ਮਨ ਵਿਚ ਅਨੇਕਾਂ ਪ੍ਰਸ਼ਨ ਉਠਦੇ। ਬਦਲਾਂ ਤੋਂ ਮੀਂਹ ਅਤੇ ਬਿਜਲੀ ਪੈਦਾ ਹੁੰਦੀ ਵੇਖ, ਫਸਲਾਂ ਨੂੰ ਖੇਤਾਂ ਵਿਚ ਉਗਦਾ ਵੇਖ, ਗਰਭ ਤੋਂ ਮਨੁੱਖ ਅਤੇ ਪਸ਼ੂ ਦੀ ਉਤਪਤੀ ਹੁੰਦੀ ਵੇਖ ਆਦਿ ਸਬੰਧੀ ਮਨੁੱਖ ਨੂੰ ਸ੍ਰਿਸ਼ਟੀ ਦੇ ਕਾਰਜ ਅਤੇ ਕਾਰਣ ਸਬੰਧੀ ਵਿਸ਼ੇ ਬਾਰੇ ਸੋਚਣ ਲਈ ਮਜਬੂਰ ਹੋਣਾ ਪਿਆ।

ਵੈਦਿਕ ਰਿਸ਼ੀਆਂ ਮੁਨੀਆਂ ਦੇ ਮਨ ਵਿਚ ਉਪਰੋਕਤ ਵਿਸ਼ਿਆਂ ਸਬੰਧੀ ਕਈ ਪ੍ਰਸ਼ਨ ਆਏ ਜਿਵੇਂ: ਸ੍ਰਿਸ਼ਟੀ ਦੀ ਪੂਰਵ ਅਵਸਥਾ ਦੀ ਸੀ? ਸ੍ਰਿਸ਼ਟੀ ਨੂੰ ਕਿਸ ਨੇ ਅਤੇ ਕਦੋਂ ਬਣਾਇਆ? ਉਹ ਕਦੀ ਬ੍ਰਹਮਾ, ਕਦੀ ਸ਼ਿਵ, ਕਦੀ ਵਿਸ਼ਨੂੰ, ਕਦੀ ਵਰਣ, ਕਦੀ ਮਿਤਰ, ਕਦੀ ਅਗਨੀ, ਕਦੀ ਸੂਰਜ ਆਦਿ ਨੂੰ ਸ੍ਰਿਸ਼ਟੀ ਦਾ ਕਰਤਾ ਮੰਨਦੇ। ਉਨ੍ਹਾਂ ਨੇ ਇਨ੍ਹਾਂ ਕੁਦਰਤੀ ਸ਼ਕਤੀਆਂ ਨੂੰ ਕਈ ਨਾਮ ਦਿੱਤੇ। ਉਨ੍ਹਾਂ ਉਪਰੋਕਤ ਕੁਦਰਤੀ ਸ਼ਕਤੀਆਂ ਅਤੇ ਸ੍ਰਿਸ਼ਟੀ ਨਾਲ ਸਬੰਧਿਤ ਕਈ ਮਿੱਥ ਕਥਾਵਾਂ ਵੀ ਸਿਰਜ ਲਈਆਂ। ਇਸ ਤਰ੍ਹਾਂ ਸ੍ਰਿਸ਼ਟੀ ਨਾਲ ਸਬੰਧਿਤ ਕਈ ਮਿੱਥਕ ਤੇ ਦਾਰਸ਼ਨਿਕ ਵਿਚਾਰ ਹੋਂਦ ਵਿਚ ਆਏ ਜਿਨ੍ਹਾਂ ਦੀ ਪੇਸ਼ਕਾਰੀ ਪ੍ਰਾਚੀਨ ਕਾਲ ਦੇ ਗ੍ਰੰਥਾਂ ਵਿਚ ਮਿਲਦੀ ਹੈ ਜੋ ਇਸ ਪ੍ਰਕਾਰ ਹੈ:

## ਸ੍ਰਿਸ਼ਟੀ ਰਚਨਾ ਤੋਂ ਪੂਰਵ ਅਵਸਥਾ ਸਬੰਧੀ ਦਾਰਸ਼ਨਿਕ ਅਤੇ ਮਿੱਥਕ ਸਿਧਾਂਤ:

ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੀ ਸਥਿਤੀ ਬਾਰੇ ਆਦਿ ਕਾਲ ਤੋਂ ਕਈ ਤਰ੍ਹਾਂ ਤਰ੍ਹਾਂ ਦੇ ਵਿਚਾਰਾਂ ਦੀ ਪੇਸ਼ਕਾਰੀ ਮਿਲਦੀ ਹੈ। ਭਾਰਤੀ ਤੇ ਪੱਛਮੀ ਮੱਤਾਂ ਨੇ ਆਪਣੇ ਆਪਣੇ ਦ੍ਰਿਸ਼ਟੀਕੋਣ ਤੋਂ ਇਸ ਅਵਸਥਾ ਬਾਰੇ ਆਪਣਾ ਆਪਣਾ ਮਿੱਥਕ ਸਿਧਾਂਤ ਪੇਸ਼ ਕੀਤਾ ਹੈ ਜਿਵੇਂ:

ਰਿਗਵੇਦ ਦੇ 'ਨਾਸਦਯ ਸੂਕਤ' ਵਿਚ ਇਸ ਅਵਸਥਾ ਬਾਰੇ ਲਿਖਿਆ ਹੈ ਕਿ ਉਦੋਂ ਨਾ ਅਨਿਸਤੱਤਵ ਸੀ, ਨਾ ਅਸਤਿੱਤਵ। ਨਾ ਵਾਯੂ ਮੰਡਲ ਸੀ, ਨਾ ਉਸ ਤੋਂ ਪਰੇ ਕੋਈ ਅਕਾਸ਼ ਸੀ। ਕੁਝ ਵੀ ਨਹੀਂ ਸੀ। ਨਾ ਹੀ ਜਲ ਸੀ, ਨਾ ਹੀ ਮ੍ਰਿਤੂ ਸੀ, ਨਾ ਹੀ ਕੋਈ ਅਮਰਤਾ ਦਾ ਅਸਤਿੱਤਵ

ਸੀ। ਦਿਨ ਰਾਤ ਵੀ ਕੋਈ ਨਹੀਂ ਸੀ। ਕੇਵਲ ਮਾਤਰ ਈਸ਼ਵਰ ਕ੍ਰਿਆ ਰਹਿਤ ਵਿਦਮਾਨ ਸੀ। ਉਸ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਸੀ।[80]

ਐਤਰੀਯ ਉਪਨਿਸ਼ਦ ਅਨੁਸਾਰ ਆਰੰਭ ਵਿਚ ਕੇਵਲ ਇਕ ਆਤਮਾ ਹੀ ਸੀ ਹੋਰ ਕੁਝ ਵੀ ਨਹੀਂ ਸੀ।[81] ਤੈਤਰੀਯ ਉਪਨਿਸ਼ਦ ਵਿਚ ਇਉਂ ਵੀ ਲਿਖਿਆ ਹੈ ਕਿ ਰਚਨਾ ਦੀ ਪਹਿਲੀ ਅਵਸਥਾ ਅਸਤਿ ਅਥਵਾ ਅਵਿਅਕਤ ਰੂਪ ਵਿਚ ਸੀ।[82]

ਗੋਰਖ ਮਤ ਵਿਚ ਅਵਸਥਾ ਨੂੰ 'ਮਹਾ ਸੂੰਨਯ' ਕਿਹਾ ਹੈ, ਜੋ ਸਮੇਂ ਮਹਾ ਸੁੰਨਯ ਥਾ। ਆਕਾਸ਼, ਆਦਿ ਮਹਾ ਪੰਚ ਭੂਤ ਅਰ ਤਿੰਨ ਹੀ, ਪੰਚ ਭਤਨ ਮਯ ਈਸ਼ਵਰ ਅਰ ਜੀਵਾਦ ਕੋਈ ਨਾ ਥਾਂ।"[83]

ਪੱਛਮੀ ਦਾਰਸ਼ਨਿਕ ਪਰੰਪਰਾ ਵਿਚ ਵੀ ਸ੍ਰਿਸ਼ਟੀ ਤੋਂ ਪਹਿਲਾਂ ਦੀ ਸਥਿਤੀ ਅੰਧਕਾਰ-ਮਈ ਦਰਸਾਈ ਹੈ। ਬਾਈਬਲ ਅਨੁਸਾਰ ਆਦਿ ਵਿਚ ਇਕ 'ਸ਼ਬਦ' ਸੀ ਅਤੇ ਸ਼ਬਦ ਈਸ਼ਵਰ ਕੋਲ ਸੀ ਅਤੇ 'ਸ਼ਬਦ' ਈਸ਼ਵਰ ਸੀ।[84]

ਗੁਰੂ-ਬਾਣੀ ਵਿਚ ਵੀ ਇਸ ਅਵਸਥਾ ਦਾ ਜ਼ਿਕਰ ਆਉਂਦਾ ਹੈ। ਗੁਰੂ ਸਾਹਿਬ ਨੇ ਇਸ ਅਵਸਥਾ ਨੂੰ 'ਸੂੰਨਯ' ਕਿਹਾ ਹੈ। ਜਦਂ ਪਰਮਾਤਮਾ ਨਿਰਗੁਣ ਅਵਸਥਾ ਵਿਚ ਸਮਾਧੀ ਵਿਚ ਲੀਨ ਸੀ। ਇਹ ਅਵਸਥਾ ਵਿਸਮਾਦ ਪੂਰਨ ਅਤੇ ਅਸਚਰਜ ਭਰੀ ਸੀ। ਉਦੋਂ ਬ੍ਰਹਮ ਆਪਣੇ ਆਪ ਵਿਚ ਨਿਵਾਸ ਕਰ ਰਿਹਾ ਸੀ ਅਤੇ ਆਪਣੀ ਮਹਿਮਾ ਵਿਚ ਲੀਨ ਸੀ। ਗੁਰੂ ਸਾਹਿਬ ਇਸ ਬਾਬਤ ਫੁਰਮਾਉਂਦੇ ਹਨ:

ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ।[85]

ਆਪ ਅੱਗੇ ਇਸ ਅਵਸਥਾ ਦਾ ਜ਼ਿਕਰ ਕਰਦੇ ਹੋਏ ਅੱਗੇ ਲਿਖਦੇ ਹਨ ਕਿ ਇਸ ਸਮੇਂ ਘੁਪ ਹਨੇਰਾ ਸੀ, ਨਾ ਉਦੋਂ ਪ੍ਰਿਥਵੀ ਸੀ, ਨਾ ਹੀ ਆਕਾਸ਼, ਨਾ ਦਿਨ ਸੀ, ਨਾ ਰਾਤ ਸੀ, ਨਾ ਚੰਦ੍ਰਮਾ, ਨਾ ਸੂਰਜ ਸੀ। ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿ ਕੁਝ ਵੀ ਨਹੀਂ ਸੀ। ਕੇਵਲ ਪਰਮਾਤਮਾ ਹੀ ਸੀ।

ਇਸ ਸੁੰਨ ਅਵਸਥਾ ਵਿਚੋਂ ਉਸ ਨੇ ਪੰਜ ਤੱਤ ਪਾਉਣ, ਪਾਣੀ, ਅਗਨੀ ਆਦਿ ਤੇ ਸਾਰੀ ਸ੍ਰਿਸ਼ਟੀ

ਸੁੰਨ ਕਲਾ ਅਪਰੰਪਰਿ ਧਾਰੀ। ਆਪਿ ਨਿਰਾਲਮੁ ਅਪਰ ਅਪਾਰੀ।
ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ।
ਪਾਉਣੁ ਪਾਣੀ ਸੁੰਨੈ ਤੇ ਸਾਜੇ, ਸ੍ਰਿਸਟਿ ਉਪਾਇ ਕਾਇਆ ਗੜ ਰਾਜੇ।
ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ।

.......................................................

.......................................................

ਸੁੰਨੇ ਅਲਖ ਆਪਾਰ ਨਿਰਾਲਮੁ ਸੁੰਨੇ ਤਾੜੀ ਲਾਇਦਾ।[86]

ਗੁਰੂ ਅਮਰਦਾਸ ਜੀ ਨੇ ਇਸ ਅਵਸਥਾ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ। ਆਪ ਫੁਰਮਾਉਂਦੇ ਹਨ:

ਆਪਣਾ ਆਪੁ ਉਪਾਓਨੁ ਤਦਹੁ ਹੋਰੁ ਨ ਕੋਈ।।
ਮਤਾ ਮਸੂਰਤਿ ਆਪਿ ਕਰੇ ਜੋ ਕੇ ਸੋ ਹੋਈ।।
ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ ਲੋਈ।।
ਤਦਹੁ ਆਪੇ ਆਪਿ ਨਿਰੰਕਾਰੁ ਹੈ ਨਾ ਓਪਤਿ ਹੋਈ।।
ਜਿਉ ਤਿਸੁ ਭਾਵੇ ਤਿਵੈ ਕਰੇ ਤਿਸ ਬਿਨੁ ਅਵਰੁ ਨ ਕੋਈ।।[87]

ਗੁਰੂ ਅਰਜਨ ਦੇਵ ਜੀ ਵੀ ਇਸ ਅਵਸਥਾ ਦਾ ਵਰਨਣ ਇਸ ਤਰ੍ਹਾਂ ਕਰਦੇ ਹਨ:

ਕੇਤੜਿਆ ਦਿਨ ਗੁਪਤ ਕਹਾਇਆ।
ਕੇਤੜਿਆ ਦਿਨ ਸੁੰਨਿ ਸਮਾਇਆ।
ਕੇਤੜਿਆ ਦਿਨ ਧੁੰਧੂਕਾਰਾ ਆਪੇ ਕਰਤਾ ਪਰਗਟੜਾ।[88]

ਇਸ ਤਰ੍ਹਾਂ ਉਪਰੋਕਤ ਚਰਚਾ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਬ੍ਰਹਮ ਨਿਰਗੁਣ ਅਵਸਥਾ ਵਿਚ ਸਮਾਧੀ ਵਿਚ ਲੀਨ ਸੀ ਅਤੇ ਉਸ ਸਮੇਂ ਉਸ ਤੋਂ ਬਿਨਾਂ ਕੁਝ ਵੀ ਨਹੀਂ ਸੀ।

**ਸ੍ਰਿਸ਼ਟੀ ਦੇ ਕਰਤਾ ਸਬੰਧੀ ਦਾਰਸ਼ਨਿਕ ਅਤੇ ਮਿੱਥਕ ਸਿਧਾਂਤ :**

ਭਾਰਤੀ ਦਰਸ਼ਨ ਵਿਚ ਸ੍ਰਿਸ਼ਟੀ ਸਬੰਧੀ ਅਨੇਕਾਂ ਮਿੱਥਕ ਤੇ ਦਾਰਸ਼ਨਿਕ ਸਿਧਾਂਤ ਦਾ ਨਿਰੂਪਣ ਹੋਇਆ ਹੈ। ਹਰ ਇਕ ਮਤ ਨੇ ਆਪਣੇ-ਆਪਣੇ ਵਿਚਾਰਾਂ ਨਾਲ ਆਪਣੇ ਸਿਧਾਂਤ ਨੂੰ ਪ੍ਰਮਾਣਿਕ ਦੱਸਣ ਦੀ ਕੋਸ਼ਿਸ਼ ਕੀਤੀ ਹੈ ਜਿਸ ਦਾ ਵਰਨਣ ਇਸ ਪ੍ਰਕਾਰ ਹੈ।

ਰਿਗਵੇਦ ਦੇ ਸੂਤਕ ਵਿਚ ਸਪੱਸ਼ਟ ਵਰਨਣ ਮਿਲਦਾ ਹੈ ਕਿ ਸ੍ਰਿਸ਼ਟੀ ਦੇ ਸ਼ੁਰੂ ਵਿਚ ਕੋਈ ਅਵਿਅਕਤ ਚੇਤਨ ਸੀ ਜਿਸ ਤੋਂ ਕਾਲ-ਅੰਤਰ ਵਿਚ ਸ੍ਰਿਸ਼ਟੀ ਦੀ ਅਭਿਵਿਅਕਤੀ ਹੋਈ। ਉਸ ਅਵਿਅਕਤ ਚੇਤਨ ਨੂੰ 'ਤਪਸ' ਕਿਹਾ ਗਿਆ ਹੈ। ਅਸਲ ਵਿਚ ਇਹ ਸ਼ਕਤੀ ਸਰਵ-ਵਿਆਪੀ ਹੈ। ਇਸ ਤੋਂ ਹੀ ਗਿਆਨ-ਸ਼ਕਤੀ, ਇੱਛਾ-ਸ਼ਕਤੀ ਤੇ ਕ੍ਰਿਆ-ਸ਼ਕਤੀ' ਦੀ ਅਭਿਵਿਅਕਤੀ ਹੋਈ।[89] ਪ੍ਰੰਤੂ ਵੇਦਾਂ ਵਿਚ ਇਕ ਮਤ ਨਹੀਂ ਹੈ। ਕਿਸੇ ਨੇ ਅਗਨੀ ਤੋਂ, ਕਿਸੇ ਨੇ ਸੋਮ ਤੋਂ, ਜਲ ਤੋਂ, ਇੰਦਰ ਤੋਂ, ਵਰਣ ਤੋਂ ਜਗਤ ਦੀ ਉਤਪਤੀ ਮੰਨੀ ਹੈ।

ਉਪਨਿਸ਼ਦਾਂ ਵਿਚ ਵੀ ਵੇਦਾਂ ਵਾਂਗ ਇਕ ਮਤ ਨਹੀਂ। ਇਨ੍ਹਾਂ ਵਿਚ ਜਗਤ ਦੀ ਉਤਪਤੀ ਬ੍ਰਹਮ ਜਾਂ ਆਤਮਾ ਦੁਆਰਾ ਦੱਸੀ ਗਈ ਹੈ। ਇਨ੍ਹਾਂ ਵਿਚ ਪੰਜ ਮਹਾਂਭੂਤਾਂ ਦਾ ਜ਼ਿਕਰ ਆਉਂਦਾ ਹੈ। ਸ੍ਰਿਸ਼ਟੀ ਦੇ ਇਹ ਪੰਜ ਮਹਾ ਭੂਤਾਂ (ਭਾਵ ਤੱਤਾਂ) ਦਾ ਕ੍ਰਮ ਤੈਤਰੀਯ ਉਪਨਿਸ਼ਦ ਵਿਚ ਮਿਲਦਾ ਹੈ ਜਿਸ ਵਿਚ ਆਤਮ-ਰੂਪੀ ਬ੍ਰਹਮ ਤੋਂ ਆਕਾਸ਼,ਆਕਾਸ਼ ਤੋਂ ਹਵਾ, ਹਵਾ ਤੋਂ ਅਗਨੀ, ਅਗਨੀ ਤੋਂ ਜਲ, ਜਲ ਤੋਂ ਪ੍ਰਿਥਵੀ, ਪ੍ਰਿਥਵੀ ਤੋਂ ਬਨਸਪਤੀ, ਬਨਸਪਤੀ ਤੋਂ ਅੰਨ ਅਤੇ ਅੰਨ ਤੋਂ ਪੁਰਸ਼ ਦੀ ਉਤਪਤੀ ਦਾ ਵਰਨਣ ਮਿਲਦਾ ਹੈ। ਇਸ ਤਰ੍ਹਾਂ ਤੈਤਰੀਯ ਉਪਨਿਸ਼ਦ ਦਾ ਸ੍ਰਿਸ਼ਟੀ ਕ੍ਰਮ ਮੰਨਣਯੋਗ ਜਾਪਦਾ ਹੈ।"[90]

ਗੀਤਾ ਵਿਚ ਸ੍ਰਿਸ਼ਟੀ ਦੀ ਉਤਪਤੀ ਸਬੰਧੀ ਵਰਨਣ ਮਿਲਦਾ ਹੈ। ਗੀਤਾ ਅਨੁਸਾਰ ਸ੍ਰਿਸ਼ਟੀ ਦੀ ਉਤਪਤੀ ਭਗਵਾਨ ਤੋਂ ਹੋਈ ਹੈ। ਇਸ ਵਿਚ ਵਰਨਣ ਆਉਂਦਾ ਹੈ ਕਿ ਮੈਂ ਸੰਪੂਰਨ

ਸ੍ਰਿਸ਼ਟੀ ਦੀ ਉਤਪਤੀ ਅਤੇ ਪ੍ਰਲੈ ਦਾ ਸਥਾਨ ਹਾਂ। ਭਗਵਾਨ ਦਾ ਕਹਿਣਾ ਹੈ ਕਿ ਸ੍ਰਿਸ਼ਟੀ ਦੀ ਸਭ ਜੜ੍ਹ ਤੇ ਚੇਤ ਵਸਤੂਆਂ ਪੁਰਸ਼ੋਤਮ ਦੇ ਸਰੂਪ ਹਨ। ਹੋਰ ਵੀ ਵਰਨਣ ਮਿਲਦਾ ਹੈ ਕਿ ਕਲਪ ਦੇ ਅੰਤ ਵਿਚ ਸਾਰੇ ਭੂਤ ਮੇਰੀ ਪ੍ਰਕਿਰਤੀ ਨੂੰ ਪ੍ਰਾਪਤ ਹੁੰਦੇ ਹਨ ਅਤੇ ਕਲਪ ਦੇ ਆਦਿ ਵਿਚ ਮੈਂ ਮੁੜ ਉਤਪੰਨ ਕਰਦਾ ਹਾਂ।[91]

ਜੈਨ ਮਤ ਵਾਲੇ ਵੱਖ-ਵੱਖ ਪ੍ਰਕਾਰ ਦੇ ਦ੍ਰਵਯ-ਸੰਯੋਗ ਤੋਂ ਸ੍ਰਿਸ਼ਟੀ ਦੀ ਉਤਪਤੀ ਮੰਨਦੇ ਹਨ ਕਿਉਂਕਿ ਦ੍ਰਵਯ-ਗੁਣ ਪਰਿਵਰਤਨਸ਼ੀਲ ਨਹੀਂ ਹੁੰਦੇ। ਇਸ ਲਈ ਇਸ ਦ੍ਰਿਸ਼ਟੀ ਤੋਂ ਸ੍ਰਿਸ਼ਟੀ ਸਥਿਰ ਹੈ ਪਰ ਉਨ੍ਹਾਂ ਦੇ ਪ੍ਰਯਾਯ ਬਦਲਦੇ ਰਹਿੰਦੇ ਹਨ। ਇਸ ਵਾਸਤੇ ਸ੍ਰਿਸ਼ਟੀ ਸਥਿਰ ਹੀ ਨਹੀਂ ਪਰਿਵਰਤਨਸ਼ੀਲ ਵੀ ਹੈ। ਇਸ ਸਮੁੱਚੇ ਦਾ ਅਰਥ ਇਹ ਹੈ ਕਿ ਜੈਨ ਮਤ ਵਾਲੇ ਇਕ ਦ੍ਰਿਸ਼ਟੀ ਤੋਂ ਸ੍ਰਿਸ਼ਟੀ ਨੂੰ ਨਿਤ (ਸਥਿਰ) ਅਤੇ ਦੂਜੀ ਦ੍ਰਿਸ਼ਟੀ ਤੋਂ ਅਨਿਤ (ਅਸਥਿਰ) ਮੰਨਦੇ ਹਨ।[92]

ਬੁੱਧ ਮਤ ਵਿਚ ਸ੍ਰਿਸ਼ਟੀ ਦੀ ਸਤਾ ਨੂੰ ਪਰਿਵਰਤਨਸ਼ੀਲ ਦੱਸਿਆ ਹੈ। ਉਨ੍ਹਾਂ ਅਨੁਸਾਰ ਹਰ ਇਕ ਵਸਤੂ ਕਿਸੇ ਕਾਰਣ ਤੋਂ ਪੈਦਾ ਹੋਈ ਹੈ। ਇਸ ਲਈ ਸ੍ਰਿਸ਼ਟੀ ਵਿਚ ਕੋਈ ਵੀ ਵਸਤੂ ਸਥਿਰ ਨਹੀਂ, ਸਭ ਵਸਤੂਆਂ ਪਰਿਵਰਤਨਸ਼ੀਲ ਹਨ।[93]

ਨਿਆਇ ਦਰਸ਼ਨ ਅਨੁਸਾਰ ਸ੍ਰਿਸ਼ਟੀ ਦਾ ਕਰਤਾ ਸਰਵੱਗ ਈਸ਼ਵਰ ਹੈ। ਈਸ਼ਵਰ ਵਿਸ਼ਵ ਦਾ ਨਿਰਮਾਣ ਪ੍ਰਮਾਣੂਆਂ, ਆਕਾਸ਼ ਆਦਿ ਤੋਂ ਕਰਦਾ ਹੈ। ਜੀਵ ਆਪਣੇ ਕਰਮਾਂ ਅਨੁਸਾਰ ਸੁੱਖ, ਦੁੱਖ, ਭੋਗ ਸਕੇ, ਇਸ ਲਈ ਸੰਸਾਰ ਦੀ ਰਚਨਾ ਈਸ਼ਵਰ ਕਰਦਾ ਹੈ।[94]

ਯੋਗ ਦਰਸ਼ਨ ਅਤੇ ਸ਼ਾਂਖ ਦਰਸ਼ਨ ਵਾਲੇ ਪੁਰਖ ਅਤੇ ਪ੍ਰਕਿਰਤੀ ਦੇ ਸੰਜੋਗ ਤੋਂ ਸ੍ਰਿਸ਼ਟੀ ਦਾ ਆਰੰਭ ਮੰਨਦੇ ਹਨ ਅਤੇ ਸੰਜੋਗ ਦੇ ਅੰਤ ਹੋਣ ਤੇ ਪਰਲੌ ਦੀ ਸਥਿਤੀ ਮੰਨਦੇ ਹਨ।[95]

ਸ਼ਾਂਖ ਮਤ ਵਾਂਗ ਸੈਵ ਮਤ ਵੀ ਸ੍ਰਿਸ਼ਟੀ ਦਾ ਮੂਲ ਧਾਰ ਸ਼ਿਵ ਤੇ ਸ਼ਕਤੀ ਨੂੰ ਮੰਨਦਾ ਹੈ। ਸ਼ਾਂਖ ਵਿਚ ਪੁਰਸ਼ ਤੇ ਪ੍ਰਕਿਰਤੀ ਨਿੱਤ ਤੇ ਸੁਤੰਤਰ ਮੰਨੇ ਗਏ ਹਨ ਪਰ ਸੈਵ ਦਰਸ਼ਨ ਵਿਚ ਇਹ ਅਨਿੱਤ ਅਤੇ ਪਰਤੰਤਰ ਹਨ। ਸ਼ਿਵ ਸ਼ਕਤੀ ਨਾਲ ਮਿਲ ਕੇ ਸਮੁੱਚੇ ਵਿਸ਼ਵ ਦੀ ਅਭਿਵਿਅਕਤੀ

ਕਰਦਾ ਹੈ। ਵਾਸਤਵ ਵਿਚ ਇਹ ਜਗਤ ਸ਼ਿਵ ਦੀ ਸ਼ਕਤੀ ਦਾ ਹੀ ਵਿਸਤਿਰਿਤ ਰੂਪ ਹੈ ਜਿਸ ਨੂੰ ਪਰਮ ਸ਼ਿਵ ਨੇ ਆਪਣੀ ਸਵੈ-ਇੱਛਾ ਨਾਲ ਪੈਦਾ ਕੀਤਾ ਹੈ।[96]

ਗੁਰੂ-ਬਾਣੀ ਵਿਚ ਸ੍ਰਿਸ਼ਟੀ ਦੇ ਕਰਤਾ ਬਾਰੇ ਵਰਨਣ ਮਿਲਦਾ ਹੈ। ਗੁਰੂ ਸਾਹਿਬਾਨ ਅਨੁਸਾਰ ਸ੍ਰਿਸ਼ਟੀ ਦੀ ਉਤਪਤੀ ਬ੍ਰਹਮ ਦੁਆਰਾ ਹੋਈ ਹੈ ਅਤੇ ਅੰਤ ਵੀ ਬ੍ਰਹਮ ਦੁਆਰਾ ਹੀ ਹੁੰਦਾ ਹੈ। ਗੁਰੂ ਨਾਨਕ ਸਾਹਿਬ ਇਸ ਬਾਬਤ ਫੁਰਮਾਉਂਦੇ ਹਨ:

ਤੁਧ ਤੇ ਉਪਜਹਿ ਤੁਝ ਮਾਹਿ ਸਮਾਵਹਿ।[97]

ਗੁਰੂ ਅਰਜਨ ਦੇਵ ਜੀ ਨੇ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕੀਤੇ ਹਨ:

ਤੁਧ ਆਪੇ ਸਿਰਜੀ ਆਪੇ ਗੋਈ।[98]

ਗੁਰੂ ਰਾਮਦਾਸ ਜੀ ਇਸ ਸਬੰਧੀ ਵਿਚਾਰ ਇਸ ਤਰ੍ਹਾਂ ਪ੍ਰਗਟ ਕੀਤੇ ਹਨ:

ਤੁਧ ਆਪੈ ਸ੍ਰਿਸਟਿ ਸਭ ਉਪਾਈ ਜੀ

ਤੁਧ ਆਪੈ ਸਿਰਜਿ ਸਭ ਗੋਈ।[99]

ਗੁਰੂ ਅਰਜਨ ਦੇਵ ਜੀ ਨੇ ਵੀ ਇਸ ਸ਼ਬਦ ਰਾਹੀਂ ਆਪਣੇ ਵਿਚਾਰਾਂ ਦਾ ਖੁਲਾਸਾ ਕੀਤਾ ਹੈ:

ਪ੍ਰਭ ਤੇ ਹੋਏ ਪ੍ਰਭਿ ਮਾਹਿ ਸਮਾਤਿ।[100]

ਸਿੱਖ ਗੁਰੂ ਸਾਹਿਬਾਨ ਸੈਵ ਮਤ ਨਾਲ ਸਹਿਮਤ ਨਹੀਂ ਹਨ। ਉਨ੍ਹਾਂ ਨੇ ਸ਼ਿਵ-ਸ਼ਕਤੀ ਤੋਂ ਸ੍ਰਿਸ਼ਟੀ ਦੀ ਉਤਪਤੀ ਨੂੰ ਸਵੀਕਾਰ ਨਹੀਂ ਕੀਤਾ। ਉਨ੍ਹਾਂ ਨੇ ਇਨ੍ਹਾਂ ਨੂੰ ਪਰਮਾਤਮਾ ਤੋਂ ਉਤਪੰਨ ਹੋਏ ਦੱਸਿਆ ਹੈ। ਗੁਰੂ ਸਾਹਿਬ ਅਨੁਸਾਰ ਸ਼ਿਵ-ਸ਼ਕਤੀ ਪਰਮਾਤਮਾ ਦੇ ਹੁਕਮ ਅਨੁਸਾਰ ਚਲਦੇ ਹਨ ਗੁਰੂ ਅਮਰਦਾਸ ਜੀ ਇਸ ਬਾਬਤ ਫੁਰਮਾਉਂਦੇ ਹਨ:

ਸਿਵ ਸ਼ਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ।[101]

ਗੁਰੂ ਅਰਜਨ ਦੇਵ ਜੀ ਲਿਖਦੇ ਹਨ ਕਿ ਪਰਮਾਤਮਾ (ਬ੍ਰਹਮ) ਜਦੋਂ ਨਿਰਗੁਣ ਅਵਿਕਤ ਰੂਪ ਵਿਚ ਸੀ ਤਾਂ ਉਦੋਂ ਸ਼ਿਵ-ਸ਼ਕਤੀ ਤੇ ਹੋਰ ਤੱਤ ਪਾਉਣ, ਪਾਣੀ, ਧਰਤੀ ਆਦਿ ਨਹੀਂ ਸਨ। ਇਹ ਸਾਰੇ ਬਾਅਦ ਵਿਚ ਬ੍ਰਹਮ ਦੁਆਰਾ ਹੋਂਦ ਵਿਚ ਆਏ।

ਨਹ ਸਿਵ ਸਕਤੀ ਜਲੁ ਨਹੀ ਪਵਨਾ ਤਹ ਅਕਾਰੁ ਨਹੀ ਮੇਦਨੀ।

ਸਤਿਗੁਰ ਜੋਗ ਕਾ ਤਹਾ ਨਿਵਾਸਾ ਜਹ ਅਵਿਗਤ ਨਾਥੁ ਅਗਮ ਧਨੀ।[102]

ਇਸ ਤਰ੍ਹਾਂ ਗੁਰੂ-ਬਾਣੀ ਸ੍ਰਿਸ਼ਟੀ ਦੀ ਰਚਨਾ ਓਅੰਕਾਰ (ਬ੍ਰਹਮ) ਤੋਂ ਹੋਈ ਮੰਨਦੀ ਹੈ। ਗੁਰੂ ਸਾਹਿਬ ਅਨੁਸਾਰ ਬ੍ਰਹਮਾ, ਪਰਬਤਾਂ, ਵੇਦਾਂ ਦਾ ਨਿਰਮਾਣ ਓਅੰਕਾਰ (ਬ੍ਰਹਮ) ਤੋਂ ਹੀ ਹੋਇਆ ਹੈ।

ਓਅੰਕਾਰਿ ਬ੍ਰਹਮਾ ਉਤਪਤਿ, ਓਅੰਕਾਰੁ ਕੀਆ ਜਿਨਿ ਚਿਤਿ

ਓਅੰਕਾਰਿ ਸੈਲ ਜੁਗ ਭਏ, ਓਅੰਕਾਰਿ ਬੇਦ ਨਿਰਮਏ।[103]

ਉਪਰੋਕਤ ਚਰਚਾ ਤੋਂ ਇਹ ਸਪੱਸ਼ਟ ਹੈ ਕਿ ਸ੍ਰਿਸ਼ਟੀ ਦਾ ਕਰਤਾ ਉਹ ਬ੍ਰਹਮ ਆਪ ਹੈ ਜਿਸ ਨੇ ਸ੍ਰਿਸ਼ਟੀ ਦੀ ਸਾਜਨਾ ਕੀਤੀ ਹੈ। ਉਹ ਆਪ ਹੀ ਅੰਡਜ਼ ਜੇਰਜ਼, ਸੇਤਜ਼, ਉਤਭੁਜ ਹੈ। ਉਹ ਆਪ ਹੀ ਸ੍ਰਿਸ਼ਟੀ ਅਤੇ ਇਸ ਦੇ ਸਮਸਤ ਖੰਡ ਆਦਿ ਹੈ।

ਆਪੇ ਅੰਡਜ ਜੇਰਜ ਸੇਤਜ ਉਤਭੁਜ ਆਪੇ ਖੰਡ ਆਪੇ ਸਭ ਲੋਇ।[104]

## ਸ੍ਰਿਸ਼ਟੀ ਰਚਨਾ-ਪ੍ਰਕ੍ਰਿਆ ਸਬੰਧੀ ਦਾਰਸ਼ਨਿਕ ਅਤੇ ਮਿੱਥਕ ਸਿਧਾਂਤ:

ਸ੍ਰਿਸ਼ਟੀ ਰਚਨਾ-ਪ੍ਰਕ੍ਰਿਆ ਸਬੰਧੀ ਕਈ ਦਾਰਸ਼ਨਿਕ ਅਤੇ ਮਿੱਥਕ ਸਿਧਾਂਤ ਆਦਿ ਕਾਲ ਤੋਂ ਆਧੁਨਿਕ ਕਾਲ ਤੱਕ ਪੇਸ਼ ਹੁੰਦੇ ਆਏ ਹਨ ਜੋ ਇਸ ਪ੍ਰਕਾਰ ਹਨ:

ਤੈਤਿਰਯ ਬ੍ਰਾਹਮਣ ਅਨੁਸਾਰ ਸ੍ਰਿਸ਼ਟੀ ਦੀ ਉਤਪਤੀ ਆਦਿ-ਪੁਰਸ਼ 'ਬ੍ਰਹਮਾ' ਤੋਂ ਹੋਈ ਹੈ। ਇਸ ਵਿਚ ਅਸੁਰ, ਪਿੱਤਰ ਅਤੇ ਦੇਵਾਂ ਦੀ ਉਤਪਤੀ ਦਾ ਬਿਆਨ ਹੈ। ਪਰਜਾਪਤੀ ਨੇ ਉਪਾਸਨਾ ਆਰੰਭ ਕੀਤੀ ਅਤੇ ਘੋਰ ਤਪੱਸਿਆ ਕਰਕੇ ਉਸ ਨੇ ਪ੍ਰਾਣ-ਜੀਵੰਤਤਾ ਪ੍ਰਾਪਤ ਕਰ ਲਏ। ਉਨ੍ਹਾਂ ਪ੍ਰਾਣਾਂ (ਅਸੂ) ਨਾਲ 'ਅਸੁਰ' ਪੈਦਾ ਕੀਤੇ। ਅਸੁਰ ਪੈਦਾ ਕਰਕੇ ਉਸ ਨੇ ਆਪਣੇ ਆਪ ਨੂੰ ਉਨ੍ਹਾਂ ਦਾ ਪਿਤਾ ਮਹਿਸੂਸ ਕੀਤਾ। ਇਸ ਲਈ 'ਪਿੱਤਰ' ਹੋਂਦ ਵਿਚ ਆਏ। ਫਿਰ ਉਸ ਨੇ ਸੋਚ ਵਿਚਾਰ ਕੇ

'ਮਨੁੱਖ' ਪੈਦਾ ਕੀਤੇ। ਮਨੁੱਖ ਪੈਦਾ ਕਰਨ ਸਮੇਂ ਸਵਰਗ ਵਿਚ ਦਿਨ ਵਿਖਾਈ ਦਿੱਤਾ। ਉਸ ਨੇ 'ਦੇਵ' ਪੈਦਾ ਕੀਤੇ।[105]

ਪੁਰਸ਼ ਸੂਕਤ ਅਨੁਸਾਰ ਦੇਵਤਿਆਂ ਨੇ ਯੱਗ ਵਿਚ ਇਕ ਵਿਰਾਟ ਆਕਾਰ ਦੇ ਦੈਂਤ ਦੀ ਬਲੀ ਦਿੱਤੀ। ਇਸ ਦੈਂਤ ਦੇ ਸਰੀਰ ਤੋਂ 'ਧਰਤੀ ਅਤੇ ਆਕਾਸ਼' ਦੀ ਉਤਪਤੀ ਹੋਈ। ਦੈਂਤ ਦਾ ਉਪਰਲਾ ਧੜ ਆਕਾਸ਼ ਬਣਿਆ, ਪੈਰ ਧਰਤੀ ਅਤੇ ਨਾਭੀ ਪੌਣ ਬਣੀ, ਹਿਰਦੇ ਵਿਚੋਂ ਚੰਨ, ਅੱਖ ਵਿਚੋਂ ਸੂਰਜ, ਮੂੰਹ ਵਿਚੋਂ ਇੰਦਰ ਤੇ ਅਗਨੀ ਅਤੇ ਸਾਹ ਵਿਚੋਂ ਪੌਣ ਦੀ ਉਤਪਤੀ ਹੋਈ। ਚਾਰੇ ਜਾਤੀਆਂ ਵੀ ਇਸੇ ਦੈਂਤ ਦੇ ਵਿਭਿੰਨ ਅੰਗਾਂ ਤੋਂ ਉਤਪੰਨ ਹੋਈਆਂ।[106]

ਸਤਪਥ ਬ੍ਰਾਹਮਣ ਅਨੁਸਾਰ ਬ੍ਰਹਿਮੰਡ ਵਿਚ ਸਤਿ ਤੋਂ ਪਹਿਲਾਂ ਆਦਿ-ਪੁਰਸ਼ ਇਕੱਲਾ ਸੀ। ਆਦਿ ਪੁਰਸ਼ ਖੁਸ਼ ਨਹੀਂ ਸੀ ਅਤੇ ਡਰਿਆ ਹੋਇਆ ਸੀ। ਫਿਰ ਉਸ ਨੇ ਸੋਚਿਆ ਕਿ ਹੋਰ ਦੂਸਰਾ ਕੋਈ ਨਹੀਂ ਹੈ। ਇਸ ਨੇ ਆਪਣੇ ਸਰੀਰ ਦੇ ਦੋ ਹਿੱਸੇ ਕੀਤੇ ਅਤੇ ਇਕ ਔਰਤ ਹੋਂਦ ਵਿਚ ਆਈ। ਇਨ੍ਹਾਂ ਦੋਹਾਂ ਨੇ ਮਿਲ ਕੇ ਵੱਖ-ਵੱਖ ਰੂਪਾਂ ਵਿਚ ਸੰਭੋਗ ਕੀਤਾ ਜਿਸ ਤੋਂ ਸ੍ਰਿਸ਼ਟੀ ਵਿਚ ਵੱਖ-ਵੱਖ ਜੀਵ-ਜੰਤੂ, ਪਸ਼ੂ, ਪੰਛੀ ਆਦਿ ਹੋਂਦ ਵਿਚ ਆਏ। [107]

ਭਾਗਵਤ ਪੁਰਾਣ ਅਨੁਸਾਰ 'ਬ੍ਰਹਮਾ' ਸਹਸ ਸੂਰਜ ਦੀ ਚਮਕ ਵਾਲੇ ਕਮਲ ਫੁੱਲ ਤੋਂ ਪੈਦਾ ਹੋਇਆ ਅਤੇ ਸ੍ਰਿਸ਼ਟੀ ਦੀ ਰਚਨਾ ਕਰਨ ਲਈ ਉਸ ਨੇ ਚਾਰ ਮੁਨੀਆਂ - ਸਨਨ, ਸਨੰਦ, ਸਨਾਤਨ ਤੇ ਸਨੰਤ ਕੁਮਾਰ ਦੀ ਉਤਪਤੀ ਕੀਤੀ ਪਰ ਇਹ ਚਾਰੇ ਮੁਨੀ ਸ੍ਰਿਸ਼ਟੀ ਦੀ ਸਿਰਜਣਾ ਕਰਨ ਦੀ ਥਾਂ ਤਪੱਸਿਆ ਵਿਚ ਰੁਝ ਗਏ ਅਤੇ ਵਾਸੂਦੇਵ ਦੀ ਪੂਜਾ ਕਰਨ ਲੱਗੇ। ਇਹ ਵੇਖ ਬ੍ਰਹਮਾ ਕ੍ਰੋਧ ਵਿਚ ਆਇਆ। ਫਲਸਰੂਪ ਰੁਦਰ ਦੇਵਤੇ ਦਾ ਜਨਮ ਹੋਇਆ ਬ੍ਰਹਮਾ ਨੇ ਇਸ ਤੋਂ ਇਲਾਵਾ 'ਯਕਸ', 'ਅਸੁਰ', 'ਰਾਕਸ਼ਸ਼', 'ਦੇਵ', 'ਦੇਂਤ', 'ਗੰਧਰਵ', 'ਪਿਸਾਚ' ਵੱਖ-ਵੱਖ ਪ੍ਰਕਾਰ ਦੇ ਜੀਵ-ਜੰਤੂ, ਬਨਸਪਤੀ ਪੈਦਾ ਕੀਤੇ।[108]

ਮਨੂੰ ਸਿਮਰਤੀ ਅਨੁਸਾਰ ਪਰਜਾਪਤੀ ਦੇ ਮਨ ਵਿਚ ਸੰਸਾਰ ਰਚਨ ਦੀ ਇਛਾ ਜਾਗੀ। ਪਹਿਲਾ ਪਰਜਾਪਤੀ ਨੇ ਪਾਣੀ ਉਤਪੰਨ ਕੀਤਾ, ਫਿਰ ਉਸ ਵਿਚ ਇਕ ਬੀਜ ਸੁਟਿਆ। ਇਹ ਬੀਜ

ਇਕ ਸੁਨਿਹਰੀ ਅੰਡੇ ਦਾ ਰੂਪ ਧਾਰਨ ਕਰ ਗਿਆ ਜੋ ਸੂਰਜ ਵਾਂਗ ਚਮਕਣ ਲੱਗਾ। ਇਸ ਬੀਜ ਵਿਚੋਂ ਪਰਜਾਪਤੀ ਖੁਦ 'ਬ੍ਰਹਮ' ਪੈਦਾ ਹੋਇਆ। ਬ੍ਰਹਮਾ ਪੂਰਾ ਇਕ ਦੇਵ ਵਰ੍ਹਾ ਅੰਡੇ ਵਿਚ ਵਿਦਮਾਨ ਰਿਹਾ। ਫਿਰ ਇਸ ਅੰਡੇ ਦੇ ਦੋ ਹਿੱਸੇ ਹੋ ਗਏ ਜਿਸ ਤੋਂ ਆਕਾਸ਼, ਧਰਤੀ ਬਣੇ। ਫਿਰ ਬ੍ਰਹਮਾ ਆਪਣੇ ਹੀ ਸਰੀਰ ਤੋਂ ਅੱਧਾ ਇਸਤਰੀ ਅਤੇ ਮਰਦ ਬਣਿਆ।[109]

ਗੁਰੂ-ਬਾਣੀ ਵਿਚ ਵੀ ਰਚਨਾ-ਪ੍ਰਕ੍ਰਿਆ ਸਬੰਧੀ ਸਿਧਾਂਤ ਪੇਸ਼ ਹੋਇਆ ਹੈ। ਉਨ੍ਹਾਂ ਦਾ ਸਿਧਾਂਤ ਉਪਰੋਕਤ ਸਿਧਾਂਤ ਤੋਂ ਵਿਲੱਖਣ ਹੈ। ਗੁਰੂ ਸਾਹਿਬ ਕਿਸੇ ਦੇਵ, ਅਵਤਾਰ ਦੁਆਰਾ ਸ੍ਰਿਸ਼ਟੀ ਦੀ ਰਚਨਾ-ਪ੍ਰਕ੍ਰਿਆ ਨੂੰ ਨਹੀਂ ਮੰਨਦੇ। ਉਨ੍ਹਾਂ ਅਨੁਸਾਰ ਸ੍ਰਿਸ਼ਟੀ ਦੀ ਰਚਨਾ-ਪ੍ਰਕ੍ਰਿਆ ਬ੍ਰਹਮ ਦੁਆਰਾ ਹੋਈ ਹੈ। ਬ੍ਰਹਮ ਨੇ ਜਗਤ ਰੂਪੀ ਅੰਡੇ ਨੂੰ ਤੋੜ ਕੇ ਉਸ ਦੇ ਜੁੜੇ ਹੋਏ ਭਾਗਾਂ ਨੂੰ ਅੱਡ ਅੱਡ ਕਰ ਦਿੱਤਾ ਅਤੇ ਇਹ ਧਰਤੀ, ਆਕਾਸ਼ ਨੂੰ ਰਹਿਣ ਦੀਆਂ ਥਾਵਾਂ ਬਣਾਇਆ। ਫਿਰ ਉਸ ਨੇ ਰਾਤ, ਦਿਨ, ਭੈ, ਪ੍ਰੇਮ ਉਤਪੰਨ ਕੀਤੇ। ਇਸ ਤੋਂ ਇਲਾਵਾ ਉਸ ਨੇ ਤ੍ਰਿਦੇਵ ਅਤੇ ਹੋਰ ਦੇਵੀ ਦੇਵਤੇ ਉਤਪੰਨ ਕੀਤੇ ਅਤੇ ਅਨੇਕ ਜੋਤਮਈ ਜਾਤੀਆਂ ਦੀ ਰਚਨਾ ਕੀਤੀ। ਇਸ ਤੋਂ ਬਾਅਦ ਚਾਰ ਵੇਦਾਂ, ਚਾਰ ਖਾਣੀਆਂ ਅਨੇਕਾਂ ਬੋਲੀਆਂ, ਅਠਾਰਾਂ ਪੁਰਾਣ, ਛੇ ਸ਼ਾਸਤਰਾਂ ਅਤੇ ਤਿੰਨ ਗੁਣਾਂ ਦੀ ਉਤਪਤੀ ਕੀਤੀ। ਗੁਰੂ ਸਾਹਿਬ ਲਿਖਦੇ ਹਨ:

ਅੰਡਜ ਫੋੜਿ ਜੋੜਿ ਵਿਛੋੜਿ।ਧਰਤਿ ਆਕਾਸੁ ਕੀਏ ਬੈਸਣ ਕਉ ਥਾਉ।
ਰਾਤਿ ਦਿਨੰਤ ਕੀਏ ਭਉ ਭਾਉ। ਜਿਨਿ ਕੀਏ ਕਰਿ ਵੇਖਣਹਾਰਾ।
ਅਵਰੁ ਨ ਦੂਜਾ ਸਿਰਜਣਹਾਰਾ। ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ।
ਦੇਵੀ ਦੇਵ ਉਪਾਏ ਵੇਸਾ। ਜੋਤੀ ਜਾਤੀ ਗਣਤ ਨ ਆਵੈ।
ਜਿਨਿ ਸਾਜੀ ਸੋ ਕੀਮਤਿ ਪਾਵੈ। ਕੀਮਤਿ ਪਾਇ ਰਹਿਆ ਭਰਪੂਰਿ।
ਕਿਸੁ ਨੇੜੈ ਕਿਸੁ ਆਖਾ ਦੂਰਿ। ਚਉਥਿ ਉਪਾਏ ਚਾਰੇ ਬੇਦਾ।
ਖਾਣੀ ਚਾਰੇ ਬਾਣੀ ਭੇਦਾ। ਅਸਟ ਦਸਾ ਖਟੁ ਤੀਨਿ ਉਪਾਏ।
ਸੋ ਬੁਝੈ ਜਿਸੁ ਆਪਿ ਬੁਝਾਏ। ਤੀਨਿ ਸਮਾਵੈ ਚਉਥੈ ਵਾਸਾ।

ਪ੍ਣਵਤਿ ਨਾਨਕ ਹਮ ਤਾ ਕੇ ਦਾਸਾ।[110]

ਭਾਵੇਂ ਗੁਰੂ-ਬਾਣੀ ਵਿਚ ਉਪਰੋਕਤ ਸ੍ਰਿਸ਼ਟੀ ਰਚਨਾ ਪ੍ਰਕ੍ਰਿਆ ਸੰਬੰਧੀ ਸਿਧਾਂਤ ਪੇਸ਼ ਕੀਤਾ ਗਿਆ ਹੈ ਪਰ ਗੁਰੂ ਸਾਹਿਬ ਇਸ ਰਚਨਾ-ਪ੍ਰਕ੍ਰਿਆ ਨੂੰ ਕਿਸੇ ਖਾਸ ਸੀਮਾ ਤੱਕ ਪ੍ਰਵਾਨ ਨਹੀਂ ਕਰਦੇ। ਉਨ੍ਹਾਂ ਅਨੁਸਾਰ ਸ੍ਰਿਸ਼ਟੀ ਦੀ ਪ੍ਰਕ੍ਰਿਆ ਬੇਅੰਤ ਹੈ। ਗੁਰੂ ਨਾਨਕ ਸਾਹਿਬ ਨੇ ਸ੍ਰਿਸ਼ਟੀ ਦੀ ਅਨੰਤਤਾ ਦਾ 'ਜਪੁਜੀ' ਬਾਣੀ ਵਿਚ ਵਿਸਥਾਰ ਸਹਿਤ ਵਰਨਣ 17, 18 19, 24 ਵੀਂ ਪਉੜੀ ਵਿਚ ਕੀਤਾ ਹੈ। ਉਨ੍ਹਾਂ ਨੇ ਇਨ੍ਹਾਂ ਪਉੜੀਆਂ ਵਿਚ ਹਜ਼ਾਰਾਂ 'ਸਤੋਗੁਣੀ' ਰੁਚੀਆਂ ਵਾਲੇ 'ਜੱਪੀਆਂ', 'ਤੱਪੀਆਂ, 'ਮੋਨੀਆਂ', 'ਸੂਰਬੀਰਾਂ', 'ਦਾਨੀਆਂ', 'ਭਗਤਾਂ', 'ਗਿਆਨੀਆਂ', 'ਯੋਗੀਆਂ', ਤਮੋਗੁਣੀ ਰੁਚੀਆਂ ਵਾਲੇ ਚੋਰਾਂ', 'ਹਰਾਮਖੋਰਾਂ', ਜਬਰਦਸਤੀ ਹੁਕਮ ਮਨਾਉਣ ਵਾਲੇ ਕਾਤਲਾਂ', 'ਪਾਪੀਆਂ', 'ਕੂੜੀਆਂ', 'ਮਲੇਛਾਂ', 'ਨਿੰਦਕਾਂ' ਆਦਿ ਦਾ ਵਰਨਣ ਕੀਤਾ ਹੈ। ਜੋ ਇਸ ਪ੍ਰਕਾਰ ਹੈ:

ਅਸੰਖ ਜੋਗ ਮਨਿ ਰਹਿਉ ਉਦਾਸ॥

ਅਸੰਖ ਭਗਤ ਗੁਣ ਗਿਆਨ ਵੀਚਾਰ॥

..................................

.................................

ਅਸੰਖ ਨਿੰਦਕ ਸਿਰਿ ਕਰਹਿ ਭਾਰ

ਨਾਨਕੁ ਨੀਚੁ ਕਹੈ ਵੀਚਾਰੁ।[111]

ਇਸੇ ਤਰ੍ਹਾਂ ਸ੍ਰਿਸ਼ਟੀ ਦੀ ਅਨੰਤਤਾ ਦਾ ਵਿਸ਼ਲੇਸ਼ਣ ਜਪੁਜੀ ਦੀ 35 ਪਾਉੜੀ ਵਿਚ ਵੀ ਵਿਸਥਾਰ ਸਹਿਤ ਮਿਲਦਾ ਹੈ। ਗੁਰੂ ਜੀ ਨੇ ਇਸ ਪਉੜੀ ਵਿਚ ਦੱਸਿਆ ਹੈ ਕਿ ਪਰਮਾਤਮਾ (ਬ੍ਰਹਮ) ਨੇ ਕਿਤਨੇ ਹੀ 'ਵਾਯੂਦੇਵ', 'ਵਰੁਣਦੇਵ', 'ਅਗਨੀ ਦੇਵ', 'ਕਾਨ', 'ਮਹੇਸ', 'ਬ੍ਰਹਮਾ', 'ਇੰਦਰ', 'ਧ੍ਰੂ', 'ਸਿੱਧ', 'ਬੁੱਧ', 'ਦੇਵੀਆਂ', 'ਦੇਵ', 'ਦਾਨਵਾਂ', 'ਮੁਨਿ', 'ਮੰਡਲ', 'ਰਤਨ',

'ਸਮੁੰਦਰ', 'ਪਾਣੀਆਂ', 'ਬਾਣੀਆਂ', 'ਰਾਜੇ', 'ਬਾਦਸ਼ਾਹ', 'ਸੁਰਤੀਆਂ' ਤੇ ਸੇਵਕ ਪੈਦਾ ਕੀਤੇ ਹਨ। ਇਸ ਤਰ੍ਹਾਂ ਪਰਮਾਤਮਾ ਦਾ ਕੋਈ ਅੰਤ ਨਹੀਂ ਹੈ।

ਕੇਤੇ ਪਵਣ ਪਾਣੀ ਵੈਸੰਤਰ॥
ਕੇਤੇ ਕਾਨ ਮਹੇਸ॥
ਕੇਤੇ ਬ੍ਰਹਮੇ ਘਾੜਤਿ ਘੜੀਅਹਿ॥
ਰੂਪ ਰੰਗ ਕੇ ਵੇਸ॥
..............................
..............................
ਕੇਤੀਆ ਸੁਰਤੀ ਸੇਵਕ ਕੇਤੇ
ਨਾਨਕ ਅੰਤੁ ਨਾ ਅੰਤੁ।[112]

ਗੁਰੂ ਅਰਜਨ ਦੇਵ ਜੀ ਨੇ ਵੀ ਇਸ ਤਰ੍ਹਾਂ ਸ੍ਰਿਸ਼ਟੀ ਦੀ ਅਨੰਤਤਾ ਦਾ ਵੇਰਵਾ ਦਿੱਤਾ ਹੈ। ਸੁਖਮਨੀ ਸਾਹਿਬ ਵਿਚ ਆਪ ਨੇ ਹਜ਼ਾਰਾਂ, ਕਰੋੜਾਂ, 'ਆਕਾਸ਼', 'ਪਾਤਾਲ', 'ਖੰਡਾਂ', 'ਖਾਣੀਆਂ' 'ਅਵਤਾਰਾਂ', 'ਧਰਤੀਆਂ', 'ਦੇਸ਼', 'ਮੰਡਲ', 'ਸੂਰਜ', 'ਚੰਨ', 'ਤਾਰੇ' ਆਦਿ ਦਾ ਵਰਨਣ ਇਸ ਪ੍ਰਕਾਰ ਕੀਤਾ ਹੈ:

ਕਈ ਕੋਟਿ ਪਾਣੀ ਅਰੁ ਖੰਡ।
ਕਈ ਕੋਟਿ ਅਕਾਸ ਬ੍ਰਹਮੰਡ।
..........................
...........................
ਕਈ ਕੋਟਿ ਸਸੀਅਰ ਸੂਰ ਨਖਤ੍ਰ
ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ।[113]

ਗੁਰੂ ਸਾਹਿਬ ਅੱਗੇ ਫੁਰਮਾਉਂਦੇ ਹਨ ਕਿ ਬ੍ਰਹਮ ਦੀ ਇਹ ਲੀਲਾ ਬੇਅੰਤ ਹੈ। ਉਸ ਦੀ ਲੀਲਾ ਵੇਖ ਕੇ ਦੇਵਤੇ ਵੀ ਥੱਕ ਗਏ ਹਨ ਪਰ ਉਹ ਵੀ ਸ੍ਰਿਸ਼ਟੀ ਦਾ ਥਾਹ ਨਹੀਂ ਪਾ ਸਕੇ। ਆਪ ਫੁਰਮਾਉਂਦੇ ਹਨ:

ਜਾ ਕੀ ਲੀਲਾ ਕੀ ਮਿਤਿ ਨਾਹਿ॥।

ਸਗਲ ਦੇਵ ਹਾਰੇ ਅਵਗਾਹਿ॥

..................................[114]

## ਸ੍ਰਿਸ਼ਟੀ ਦੇ ਰਚਨਾ-ਕਾਲ ਸਬੰਧੀ ਦਾਰਸ਼ਨਿਕ ਤੇ ਮਿੱਥਕ ਸਿਧਾਂਤ :

ਸ੍ਰਿਸ਼ਟੀ ਦੇ ਰਚਨਾ-ਕਾਲ ਸਬੰਧੀ ਵੱਖ-ਵੱਖ ਮੱਤਾਂ ਤੇ ਧਰਮਾਂ ਨੇ ਆਪਣੇ-ਆਪਣੇ ਵਿਚਾਰਾਂ ਦੀ ਪੇਸ਼ਕਾਰੀ ਕੀਤੀ ਹੈ।

ਹਿੰਦੂ ਮਿਥਿਹਾਸ ਅਨੁਸਾਰ ਹਿੰਦੂ ਲੇਖਕਾਂ ਨੇ ਹਿਸਾਬ ਲਾਇਆ ਹੈ ਕਿ ਸੰਨ 1928 ਵਿਚ ਦੁਨੀਆਂ ਨੂੰ ਇਕ ਅਰਬ ਛਿਆਨਵੇਂ ਕਰੋੜ ਅੱਠ ਲੱਖ ਤ੍ਰਿਵੰਜਾ ਹਜ਼ਾਰ ਅਤੇ ਅਠਾਰੀ ਵਰ੍ਹੇ ਹੋਏ ਹਨ।[115]

ਈਸਾਈ ਮਤ ਵਾਲੇ ਛੇ ਹਜ਼ਾਰ ਸਾਲ, ਮੁਸਲਮਾਨ ਮੱਤ ਅਨੁਸਾਰ ਚੌਦਾਂ ਹਜ਼ਾਰ ਸਾਲ, ਪੱਛਮੀ ਲੇਖਕਾਂ ਵਿਚੋਂ ਡਾ. ਕੇਰਲ ਅਨੁਸਾਰ ਸੱਤ ਕਰੋੜ ਸਾਲ, ਵਿਲੀਅਮ ਟਾਮਸ ਅਨੁਸਾਰ ਦਸ ਕਰੋੜ ਸਾਲ ਅਤੇ ਹਿਲਰ ਅਨੁਸਾਰ ਦੋ ਕਰੋੜ ਸਾਲ ਸ੍ਰਿਸ਼ਟੀ ਰਚਨਾ-ਕਾਲ ਨੂੰ ਮੰਨਦੇ ਹਨ।[116]

ਗੁਰੂ-ਬਾਣੀ ਵਿਚ ਰਚਨਾ-ਕਾਲ ਸਬੰਧੀ ਵਿਲੱਖਣ ਦ੍ਰਿਸ਼ਟੀਕੋਣ ਮਿਲਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਸ੍ਰਿਸ਼ਟੀ ਦੇ ਰਚਨਾ-ਕਾਲ ਮਿਤੀ, ਵਾਰ ਸਬੰਧੀ ਕੇਵਲ ਬ੍ਰਹਮ ਨੂੰ ਹੀ ਪਤਾ ਹੈ ਕਿਉਂਕਿ ਉਸ ਨੇ ਹੀ ਇਸ ਸ੍ਰਿਸ਼ਟੀ ਦੀ ਸਾਜਣਾ ਕੀਤੀ ਹੈ।

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰ

ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ।

..................................................

ਗੁਰੂ ਸਾਹਿਬ ਅੱਗੇ ਵਿਚਾਰ ਪੇਸ਼ ਕਰਦੇ ਹਨ ਕਿ ਨਾ ਪੁਰਾਣਾ ਦੇ ਰਚਨਹਾਰ ਪੰਡਤਾਂ ਨੂੰ ਕੋਈ ਗਿਆਨ ਹੈ ਤੇ ਨਾ ਕੁਰਾਨ ਦੇ ਰਚੈਤਾ ਕੁਝ ਜਾਣਦੇ ਹਨ। ਇਸ ਬਾਰੇ ਜੋਗੀ ਵੀ ਕੁਝ ਨਹੀਂ ਕਹਿ ਸਕਦੇ ਕਿ ਉਹ ਕਿਹੜੀ ਥਿਤ ਸੀ, ਕੀ ਵਾਰ ਸੀ, ਕਿਹੜਾ ਮਹੀਨਾ ਸੀ ਜਦੋਂ ਸ੍ਰਿਸ਼ਟੀ ਦੀ ਰਚਨਾ ਹੋਈ। ਇਹ ਕੇਵਲ ਬ੍ਰਹਮ ਹੀ ਜਾਣਦਾ ਹੈ।

ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣ।
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ।
ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ
ਜਾ ਕਰਤਾ ਸ੍ਰਿਸਠੀ ਕਉ ਸਾਜੇ ਆਪੇ ਜਾਣੈ ਸੋਈ।[118]

ਗੁਰੂ ਅਰਜਨ ਦੇਵ ਜੀ ਇਸ ਬਾਬਤ ਫੁਰਮਾਉਂਦੇ ਹਨ ਕਿ ਇਕ ਬੇਟਾ ਪਿਓ ਦੇ ਜਨਮ ਬਾਰੇ ਕਿਵੇਂ ਜਾਣ ਸਕਦਾ ਹੈ ਕਿਉਂਕਿ ਪੁੱਤਰ ਤਾਂ ਪਿਤਾ ਤੋਂ ਬਾਅਦ ਸੰਸਾਰ ਵਿਚ ਆਇਆ ਹੈ। ਇਸੇ ਤਰ੍ਹਾਂ ਮਨੁੱਖ ਪਰਮਾਤਮਾ ਬਾਰੇ ਨਹੀਂ ਜਾਣ ਸਕਦਾ।

- ਪਿਤਾ ਕਾ ਜਨਮੁ ਕਿ ਜਾਨੈ ਪੂਤ।।[119]
- ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ।।[120]

## ਸ੍ਰਿਸ਼ਟੀ ਨਾਲ ਸਬੰਧਿਤ ਚਾਰ ਯੁਗਾਂ ਦਾ ਦਾਰਸ਼ਨਿਕ ਅਤੇ ਮਿੱਥਕ ਸਿਧਾਂਤ :

ਭਾਰਤ ਦੇ ਰਿਸ਼ੀਆਂ ਮੁਨੀਆਂ, ਸਾਧ, ਸੰਤਾਂ, ਵਿਦਵਾਨਾਂ ਨੇ ਸ੍ਰਿਸ਼ਟੀ ਨਾਲ ਸਬੰਧਿਤ ਚਾਰ ਯੁੱਗਾਂ ਦਾ ਸਿਧਾਂਤ ਪੇਸ਼ ਕੀਤਾ ਹੈ। ਹਿੰਦੂ ਧਰਮ ਨੇ ਇਸ ਨੂੰ ਚਾਰ ਯੁਗਾਂ ਵਿਚ ਵੰਡਣ ਦਾ ਸਿਧਾਂਤ ਪੇਸ਼ ਕੀਤਾ ਹੈ। ਇਹ ਯੁਗ ਹਨ: 'ਸਤਿਯੁਗ', 'ਤ੍ਰੇਤਾ ਯੁਗ', 'ਦੁਆਪਰ ਯੁੱਗ', 'ਕਲਿਯੁਗ'। ਇਨ੍ਹਾਂ ਯੁਗਾਂ ਦਾ ਸਮਾਂ ਕ੍ਰਮਵਾਰ 4800, 3600, 2400, 1200 ਸਾਲ ਹੈ। ਇਹ ਸਾਲ ਦੇਵਤਿਆਂ ਦੇ ਹਨ ਜੋ ਲੋਕਾਂ ਦੇ 360 ਵਰ੍ਹਿਆਂ ਦੇ ਬਰਾਬਰ ਹੈ।[121] ਇਨ੍ਹਾਂ ਯੁੱਗਾਂ ਨਾਲ ਸਬੰਧਿਤ ਰਮਾਇਣ, ਮਹਾਂਭਾਰਤ, ਸਿਮ੍ਰਤੀਆਂ ਅਤੇ ਪੁਰਾਣਾਂ ਆਦਿ ਵਿਚ ਮਿੱਥਕ ਵੇਰਵੇ ਮਿਲਦੇ ਹਨ। ਸਮੁੱਚੇ ਤੌਰ ਤੇ

ਸਤਿਯੁਗ ਨੂੰ ਸਭਿਅਤਾ ਦਾ ਪ੍ਰਤੀਨਿਧ ਯੁਗ ਮਿੱਥਿਆ ਗਿਆ ਹੈ। ਇਸ ਵਿਚ ਧਰਮ ਆਪਣੇ ਸੰਪੂਰਨ ਦਲ-ਬਲ ਸਹਿਤ ਸਤਾ-ਰੂੜ੍ਹ ਹੈ। ਤ੍ਰੇਤਾ ਯੁੱਗ ਵਿਚ ਧਰਮ ਦਾ ਚੌਥਾ ਪੈਰ ਘਟ ਗਿਆ ਅਤੇ ਦੁਆਪਰ ਵਿਚ ਧਰਮ ਦੇ ਕੇਵਲ ਦੋ ਪੈਰ ਹੀ ਰਹਿ ਗਏ। ਕਲਿਯੁਗ ਵਿਚ ਧਰਮ ਅਤੇ ਨੇਕੀ ਦਾ ਕੇਵਲ ਚੌਥਾ ਹਿੱਸਾ ਬਾਕੀ ਰਹਿ ਗਿਆ। ਇਸ ਯੁਗ ਵਿਚ ਪੁੰਨ ਦੇ ਕਰਮ ਬੰਦ ਹੋ ਗਏ। ਲੋਕ ਪਾਪਾਂ, ਰੋਗਾਂ, ਦੁੱਖਾਂ, ਕਲੇਸ਼ਾਂ ਨਾਲ ਗ੍ਰਸ ਗਏ ਹਰ ਯੁੱਗ ਵਿਚ ਉਮਰ ਘਟਦੀ ਗਈ। ਸਤਿਯੁਗ ਵਿਚ ਇਹ 400 ਵਰ੍ਹੇ, ਤ੍ਰੇਤਾ ਵਿਚ 300 ਵਰ੍ਹੇ, ਦੁਆਪਰ ਵਿਚ 200 ਵਰ੍ਹੇ ਅਤੇ ਕਲਿਯੁਗ ਵਿਚ 100 ਵਰ੍ਹੇ ਹੀ ਰਹਿ ਗਈ।[122]

ਗੁਰੂ-ਬਾਣੀ ਵਿਚ ਭਾਵੇਂ ਚਾਰ ਯੁਗਾਂ ਦਾ ਵਰਨਣ ਆਇਆ ਹੈ ਪਰ ਇਹ ਵਰਨਣ ਦੂਜਿਆਂ ਨਾਲੋਂ ਵਿਲੱਖਣ ਹੈ। ਗੁਰੂ ਸਾਹਿਬ ਨੇ ਇਸ ਮਿੱਥਕ ਸੰਕਲਪ ਦੀ ਪੁਨਰ ਸਿਰਜਣਾ ਕੀਤੀ ਹੈ ਅਤੇ ਪੁਰਾਤਨ ਮਿੱਥਕ ਸੰਕਲਪ ਨੂੰ ਤੋੜ ਕੇ ਮੌਲਿਕ ਤੇ ਵਿਗਿਆਨ ਸੰਕਲਪ ਪੇਸ਼ ਕੀਤਾ ਹੈ ਜੋ ਇਸ ਪ੍ਰਕਾਰ ਹੈ:

ਸਤਿਯੁਗ ਬਾਰੇ ਵਰਨਣ ਕਰਦੇ ਹੋਏ ਗੁਰੂ ਸਾਹਿਬਾਨ ਬਿਆਨ ਕਰਦੇ ਹਨ ਕਿ ਇਸ ਯੁੱਗ ਵਿਚ ਮਨੁੱਖਾਂ ਦੇ ਸਰੀਰਾਂ ਵਿਚ ਸਤਿ ਅਤੇ ਸੰਤੋਖ ਦੀ ਪ੍ਰਮੁੱਖਤਾ ਹੁੰਦੀ ਹੈ। ਲੋਕ ਗਹਿਰ ਗੰਭੀਰ, ਅਤੇ ਸਭਿਅਕ ਹੁੰਦੇ ਹਨ। ਬ੍ਰਹਮ ਉਨ੍ਹਾਂ ਦੀ ਸਚਾਈ ਨੂੰ ਪਰਖ ਕੇ ਉਨ੍ਹਾਂ ਤੇ ਆਪਣਾ ਸੱਚਾ ਹੁਕਮ ਚਲਾਉਂਦਾ ਹੈ। ਉਦੋਂ ਸਤਿਗੁਰੂ ਸੱਚਾ, ਸੰਤੋਖ ਅਤੇ ਸਭ ਪੱਖੋਂ ਪੂਰਣ ਹੁੰਦਾ ਹੈ ਜੋ ਵਿਅਕਤੀ ਅਜਿਹੇ ਗੁਰੂ ਦੀ ਸਿੱਖਿਆ ਮੰਨਦਾ ਹੈ ਉਹ ਅਧਿਆਤਮਕ ਯੁੱਗ ਵਿਚ ਸੂਰਬੀਰ ਕਿਹਾ ਜਾਂਦਾ ਹੈ। ਸਤਿਯੁਗੀ ਲੋਕ ਸੱਚੀ ਦਰਗਾਹ ਅਤੇ ਸੱਚੇ ਪਰਮਾਤਮਾ ਦਾ ਨਿਵਾਸ ਮੰਨ ਕੇ ਉਸ ਦੇ ਹੁਕਮ ਦੀ ਪਾਲਦਾ ਕਰਦੇ ਹਨ। ਇਸ ਯੁੱਗ ਵਿਚ ਸਾਰੇ ਸੱਚ ਬੋਲਦੇ ਹਨ ਪਰ ਸੱਚਾ ਉਹੀ ਹੋ ਸਕਦਾ ਹੈ ਜੋ ਸਭਿਅਕ-ਪੂਰਣ ਵਿਵਹਾਰ ਕਰਦਾ ਹੈ ਕਿਉਂਕਿ ਉਹ ਆਪਣੇ ਇਸ ਵਿਵਹਾਰ ਦੁਆਰਾ 'ਭਰਮ' ਅਤੇ 'ਭੈਅ' ਨੂੰ ਖਤਮ ਕਰ ਦਿੰਦਾ ਹੈ। ਅਜਿਹੇ ਗੁਰਮੁਖਾਂ ਲਈ ਸਚ ਹੀ ਸਹਾਇਕ ਸਿੱਧ ਹੁੰਦਾ ਹੈ:

ਸਤਿਜੁਗ ਸਭੁ ਸੰਤੋਖ ਸਰੀਰਾ। ਸਤਿ ਸਤਿ ਵਰਤੈ ਗਹਿਰ ਗੰਭੀਰਾ।

ਸਚਾ ਸਾਹਿਬ ਸਚੁ ਪਰਖੈ ਸਾਚੈ ਹੁਕਮਿ ਚਲਾਈ ਹੈ।

ਸਤ ਸੰਤੋਖੀ ਸਤਿਗੁਰ ਪੂਰਾ। ਗੁਰ ਕਾ ਸਬਦੁ ਮਨੇ ਸੋ ਸੂਰਾ।

ਸਾਚੀ ਦਰਗਹ ਸਾਚੁ ਨਿਵਾਸਾ ਮਾਨੈ ਹੁਕਮੁ ਰਜਾਈ ਹੈ।

ਸਤਿਜੁਗਿ ਸਚੁ ਕਹੈ ਸਭੁ ਕੋਈ। ਸਚਿ ਵਰਤੈ ਸਾਚਾ ਸੋਈ।[123]

ਗੁਰੂ ਅਮਰਦਾਸ ਜੀ ਇਸ ਯੁਗ ਬਾਰੇ ਲਿਖਦੇ ਹਨ:

ਸਤਿਜੁਗਿ ਸਚੁ ਕਹੇ ਸਭੁ ਕੋਈ।

ਘਰਿ ਘਰਿ ਭਗਤਿ ਗੁਰਮੁਖਿ ਹੋਈ।

...................................

...................................।[124]

ਗੁਰੂ ਅਰਜਨ ਦੇਵ ਜੀ ਵੀ ਇਸ ਬਾਰੇ ਵਿਚਾਰ ਪੇਸ਼ ਕਰਦੇ ਹਨ:

ਸਤਿਜੁਗ ਸਭੁ ਸੰਤੋਖ ਸਰੀਰਾ, ਪਗ ਚਾਰੇ ਧਰਮ ਧਿਆਨ ਜੀਉ।[125]

ਤ੍ਰੇਤਾ ਯੁਗ ਬਾਰੇ ਗੁਰੂ ਸਾਹਿਬ ਬਿਆਨ ਕਰਦੇ ਹਨ ਕਿ ਇਸ ਵਿਚ ਧਰਮ ਦੀ ਇਕ ਕਲਾ (ਸ਼ਕਤੀ) ਨਸ਼ਟ ਹੋ ਜਾਂਦੀ ਹੈ ਅਤੇ ਧਰਮ ਧਵਲ ਦੇ ਤਿੰਨ ਪੈਰ ਰਹਿ ਜਾਂਦੇ ਹਨ। ਸਤਿ ਰੂਪੀ ਚੌਥੇ ਪੈਰ ਦੀ ਥਾਂ ਦੁਬਿਧਾ ਆਪਣਾ ਪ੍ਰਬਲ ਰੂਪ ਧਾਰਨ ਕਰ ਲੈਂਦੀ ਹੈ। ਇਸੇ ਯੁਗ ਵਿਚ ਗੁਰਮੁੱਖ ਵਿਅਕਤੀ ਹੀ ਸਤਿ ਸਰੂਪ ਪਰਮਾਤਮਾ ਦਾ ਬਿਆਨ ਕਰਦਾ ਹੈ। ਮਨਮੁੱਖ ਵਿਅਕਤੀ ਦਾ ਸਮਾਂ ਵਿਅਰਥ ਦੀਆਂ ਗੱਲਾਂ ਵਿਚ ਨਸ਼ਟ ਹੁੰਦਾ ਹੈ। ਇਸ ਲਈ ਉਸ ਨੂੰ ਸੱਚੀ ਦਰਗਾਹ ਦੀ ਸੋਝੀ ਪ੍ਰਾਪਤ ਨਹੀਂ ਹੁੰਦੀ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ:

ਤ੍ਰੇਤੈ ਧਰਮ ਕਲਾ ਇਕ ਚੂਕੀ। ਤੀਨਿ ਚਰਣ ਇਕ ਦੁਬਿਧਾ ਸੂਕੀ।

ਗੁਰਮੁਖਿ ਹੋਵੈ ਸੁ ਸਾਚੁ ਵਖਾਣੈ ਮਨਮੁਖਿ ਪਚੈ ਅਵਾਈ ਹੇ।

ਮਨਮੁਖਿ ਕਦੇ ਨ ਦਰਗਹ ਸੀਝੈ। ਬਿਨੁ ਸਬਦੈ ਕਿਉ ਅੰਤਰੁ ਰੀਝੈ।

ਬਾਧੇ ਆਵਹਿ ਬਾਧੇ ਜਾਵਹਿ ਸੋਝੀ ਬੂਝ ਨ ਕਾਈ ਹੇ।[126]

ਗੁਰੂ ਅਮਰਦਾਸ ਜੀ ਇਸ ਬਾਬਤ ਸ਼ਬਦ ਉਚਾਰਦੇ ਹਨ:

ਤ੍ਰੇਤੈ ਇਕ ਕਲ ਕੀਨੀ ਦੂਰਿ

..................................

..................................

ਅੰਤਰ ਨਾਮੁ ਵਸੈ ਸੁਖੁ ਹੋਈ।[127]

ਗੁਰੂ ਅਰਜਨ ਦੇਵ ਜੀ ਨੇ ਵੀ ਇਸ ਬਾਰੇ ਆਪਣੇ ਵਿਚਾਰ ਇਸ ਤਰ੍ਹਾਂ ਪੇਸ਼ ਕੀਤੇ ਹਨ:

ਤੇਤਾ ਜੁਗ ਆਇਆ ਅੰਤਰਿ ਜੋਰੁ ਪਾਇਆ।

ਜਤੁ ਸੰਜਮ ਕਰਮ ਕਮਾਇ ਜੀਉ।

..................................

..................................[128]

ਦੁਆਪਰ ਯੁਗ ਬਾਰੇ ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਇਸ ਯੁਗ ਵਿਚ ਧਰਮ ਦੀ ਕਲਾ 'ਦਇਆ' ਦੇ ਨਸ਼ਟ ਹੋਣ ਨਾਲ ਧਰਮ ਦੀ ਸ਼ਕਤੀ ਅੱਧੀ ਰਹਿ ਜਾਂਦੀ ਹੈ। ਧਰਤੀ ਨੂੰ ਧਾਰਨ ਕਰਨ ਵਾਲੇ ਬੈਲ ਦੇ ਕੇਵਲ ਦੋ ਪੈਰ ਹੀ ਰਹਿ ਜਾਂਦੇ ਹਨ। ਇਸ ਤੱਥ ਨੂੰ ਕੋਈ ਵਿਰਲਾ ਗੁਰਮੁਖ ਹੀ ਜਾਣ ਸਕਦਾ ਹੈ। ਇਸ ਯੁਗ ਵਿਚ ਰਾਜੇ ਆਪਣੇ ਸੁਆਰਥ ਲਈ ਧਰਮ ਕਰਮ ਦਾ ਕੰਮ ਕਰਦੇ ਹਨ ਅਤੇ ਆਸ਼ਾ ਦੀ ਪੂਰਤੀ ਹਿਤ ਦਾਨ ਕਰਦੇ ਹਨ ਪਰ ਉਨ੍ਹਾਂ ਦੀ ਬਿਨਾਂ ਰਾਮ ਨਾਮ ਦੇ ਮੁਕਤੀ ਸੰਭਵ ਨਹੀਂ ਹੈ। ਇਸ ਤਰ੍ਹਾਂ ਜੋ ਮਨੁੱਖ ਕਰਮ-ਕਾਂਡਾਂ ਦੁਆਰਾ ਮੁਕਤੀ ਮੰਗਦੇ ਹਨ, ਉਹ ਅਜਿਹੇ ਕਰਮ ਜਿਤਨੇ ਚਾਹੁਣ ਕਰ ਲੈਣ, ਪਰ ਗੁਰੂ ਦੇ ਸ਼ਬਦ ਤੋਂ ਬਿਨਾਂ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਆਪ ਫ਼ੁਰਮਾਉਂਦੇ ਹਨ:

ਦਇਆ ਦੁਆਪੁਰਿ ਅਧੀ ਹੋਈ। ਗੁਰਮੁਖਿ ਵਿਰਲਾ ਚੀਨੈ ਕੋਈ।

ਦੁਇ ਪਗ ਧਰਮੁ ਧਰੇ ਧਰਣੀਧਰ ਗੁਰਮੁਖਿ ਸਾਚੁ ਤਿਥਾਈ ਹੇ।

ਰਾਜੇ ਧਰਮੁ ਕਰਹਿ ਪਰਥਾਇ। ਆਸਾ ਬੰਧੇ ਦਾਨੁ ਕਰਾਇ।

ਨ ਹੋਈ ਥਾਕੇ ਕਰਮ ਕਮਾਈ ਹੈ। ਦਰਮ ਧਰਮ ਕਰਿ ਮੁਕਤਿ ਮੰਗਾਹੀ।

ਰਾਮ ਨਾਮ ਬਿਨੁ ਮੁਕਤਿ ਮੰਗਾਹੀ। ਮੁਕਤਿ ਪਦਾਰਥ ਸਬਦਿ ਸਲਾਹੀ।

ਬਿਨੁ ਗੁਰ ਸਬਦੇ ਮੁਕਤਿ ਨ ਹੋਈ ਪਰਪਚੁ ਕਰਿ ਭਰਮਾਈ ਹੇ।[129]

ਗੁਰੂ ਅਮਰਦਾਸ ਜੀ ਵੀ ਇਸ ਬਾਰੇ ਫੁਰਮਾਉਂਦੇ ਹਨ:

ਦੁਆਪੁਰਿ ਦੂਜੈ ਦੁਬਿਧਾ ਹੋਇ

..............................

ਗੁਰਮੁਖਿ ਹੋਵੈ ਤਾ ਨਾਮ ਦ੍ਰਿੜਾਇ।[130]

ਗੁਰੂ ਅਰਜਨ ਦੇਵ ਜੀ ਵੀ ਆਪਣੇ ਵਿਚਾਰ ਪੇਸ਼ ਕਰਦੇ ਹਨ:

ਜੁਗ ਦੁਆਪੁਰਉ ਆਇਆ ਭਰਮਿ ਭਰਮਾਇਆ

ਹਰ ਗੋਪੀ ਕਾਨ ਉਪਾਇ ਜੀਉ।

......................................

....................................[131]

ਕਲਯੁਗ ਬਾਰੇ ਵਰਨਣ ਕਰਦੇ ਹੋਏ ਗੁਰੂ ਨਾਨਕ ਸਾਹਿਬ ਬਿਆਨ ਕਰਦੇ ਹਨ ਕਿ ਕਲਯੁਗ ਵਿਚ ਧਰਮ ਦੀ ਕੇਵਲ ਇਕੋ ਕਲਾ ਬਾਕੀ ਰਹਿ ਜਾਂਦੀ ਹੈ। ਇਸ ਯੁਗ ਵਿਚ ਬਿਨਾਂ ਪੂਰੇ ਗੁਰੂ ਦੇ ਬ੍ਰਹਮ ਦਾ ਵਰਨਣ ਕਰਨਾ ਅਤੇ ਮਿਲਣਾ ਅਸੰਭਵ ਹੈ। ਇਸ ਯੁਗ ਵਿਚ ਮਨਮੁਖ ਵਿਅਕਤੀ ਸਦਾ ਝੂਠੇ ਕਾਰਾਂ-ਵਿਹਾਰਾਂ ਵਿਚ ਲੀਨ ਰਹਿੰਦਾ ਹੈ। ਪਰ ਜੋ ਬੇਪਰਵਾਹ ਸਿਰਜਣਹਾਰ ਦੀ ਆਰਾਧਨਾ ਕਰ ਲੈਂਦਾ ਹੈ, ਉਹ ਓਸੇ ਦਾ ਰੂਪ ਹੋ ਜਾਂਦਾ ਹੈ ਅਤੇ ਉਸ ਨੂੰ ਕਾਲ ਦੁਖੀ ਨਹੀਂ ਕਰ ਸਕਦਾ।

ਕਲੀ ਕਾਲ ਮਹਿ ਇਕ ਕਲ ਰਾਖੀ। ਬਿਨੁ ਗੁਰ ਪੂਰੇ ਕਿਨੈ ਨ ਭਾਖੀ।

ਮਨਮੁਖਿ ਕੂੜ ਵਰਤੈ ਵਰਤਾਰਾ। ਬਿਨੁ ਸਤਿਗੁਰੂ ਭਰਮ ਨ ਜਾਈ ਹੇ।[132]

ਗੁਰੂ ਅਮਰਦਾਸ ਜੀ ਇਸ ਯੁਗ ਬਾਰੇ ਇਸ ਤਰ੍ਹਾਂ ਵਰਨਣ ਕਰਦੇ ਹਨ:

ਕਲਜੁਗ ਧਰਮ ਕਲਾ ਇਕ ਰਹਾਏ।

.......................................

.......................................

ਸਤਗੁਰੁ ਭੇਟੈ ਨਾਮਿ ਉਧਾਰੁ।[133]

ਗੁਰੂ ਅਰਜਨ ਦੇਵ ਜੀ ਨੇ ਵੀ ਇਸ ਯੁਗ ਦਾ ਵਰਨਣ ਇਸ ਪ੍ਰਕਾਰ ਕੀਤਾ ਹੈ:

ਕਲਿਜੁਗ ਹਰਿ ਕੀਆ ਪੱਗ ਤ੍ਰੈ ਖਿਸਕੀਆ ਪਗ

ਚਾਉਥਾ ਟਿਕੇ ਟਕਾਏ ਜੀਉ।[134]

ਉਪਰੋਕਤ ਤੋਂ ਇਲਾਵਾ ਗੁਰੂ ਸਾਹਿਬ ਨੇ ਰੂਪਕਾਤਮਕ ਸ਼ੈਲੀ ਦੁਆਰਾ ਵੀ ਯੁਗਾਂ ਦਾ ਚਿਤਰਣ ਕੀਤਾ ਹੈ। ਜਿਸ ਉਨ੍ਹਾਂ ਨੇ ਚਹੁ ਜੁਗਾਂ ਦੇ ਵੱਖੋ-ਵੱਖਰੇ ਸੁਭਾਅ ਅਤੇ ਬਿਰਤੀ ਵਲ ਸੰਕੇਤ ਇਸ ਤਰ੍ਹਾਂ ਕੀਤਾ ਹੈ।

ਨਾਨਕ ਮੇਰੁ ਸਰੀਰ ਕਾ ਇਕੁ ਰਿਥ ਇਕ ਰਖਵਾਹ

ਜੁਗ ਜੁਗ ਫੇਰ ਵਟਾਈਅਹਿ ਗਿਆਨੀ ਬੁਝਹਿ ਤਾਹਿ

....................................................

....................................................

ਕਲਜੁਗ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ।[135]

ਉਪਰੋਕਤ ਇਸ ਸ਼ਬਦ ਰਾਹੀਂ ਗੁਰੂ ਸਾਹਿਬ ਨੇ ਮਨੁੱਖੀ ਜੂਨ ਦਾ ਇਕ ਰਥ ਅਤੇ ਇਕ ਰਥਵਾਨ ਮੰਨਿਆ ਹੈ, ਉਨ੍ਹਾਂ ਅਨੁਸਾਰ ਹਰ ਯੁਗ ਵਿਚ ਰਥ ਅਤੇ ਰਥਵਾਨ ਬਦਲਦੇ ਰਹਿੰਦੇ ਹਨ। ਸਤਿਯੁਗ ਵਿਚ ਸੰਤੋਖ ਦਾ ਰਥ ਸੀ ਅਤੇ ਧਰਮ ਉਸ ਦਾ ਰਥਵਾਨ ਸੀ। ਦੁਆਪਰ ਯੁਗ ਵਿਚ ਤਪ ਦਾ ਰਥ ਸੀ ਅਤੇ ਸਤ ਉਸ ਦਾ ਰਥਵਾਨ ਸੀ। ਕਲਿਯੁਗ ਵਿਚ ਤ੍ਰਿਸ਼ਣਾ ਦੀ ਅਗਨੀ ਦਾ ਰਥ ਹੈ ਅਤੇ ਝੂਠ ਇਸ ਦਾ ਰਥਵਾਨ ਹੈ।

ਉਪਰੋਕਤ ਚਰਚਾ ਤੋਂ ਇਹ ਸਿਧ ਹੁੰਦਾ ਹੈ ਕਿ ਗੁਰੂ ਸਾਹਿਬ ਨੇ ਹਿੰਦੂ ਧਰਮ ਦੁਆਰਾ ਪੇਸ਼ ਪਰੰਪਰਾਗਤ ਯੁੱਗ ਦੇ ਸੰਕਲਪ ਨੂੰ ਸਵੀਕਾਰ ਨਹੀਂ ਕੀਤਾ। ਉਨ੍ਹਾਂ ਨੇ ਯੁਗ ਸੰਬੰਧੀ ਮਿੱਥਕ ਸੰਕਲਪ ਦੀ ਪੁਨਰ ਸਿਰਜਣਾ ਕਰਕੇ ਨਵਾਂ ਸੰਕਲਪ ਪੇਸ਼ ਕੀਤਾ ਹੈ। ਗੁਰੂ ਸਾਹਿਬ ਯੁਗਾਂ ਨਾਲ ਧਰਮ ਦਾ ਸਬੰਧ ਹੋਣ ਦਾ ਸੰਕਲਪ ਪ੍ਰਵਾਨ ਨਹੀਂ ਕਰਦੇ। ਉਨ੍ਹਾਂ ਯੁਗ ਨੂੰ ਜੀਵ ਦੇ ਕਰਮਾਂ ਦਾ ਕਾਰਨ ਨਹੀਂ ਮੰਨਿਆ, ਸਗੋਂ ਜੀਵ ਜਿਸ ਤਰ੍ਹਾਂ ਦਾ ਕੰਮ ਕਰਦਾ ਹੈ ਉਸੇ ਅਨੁਸਾਰ ਯੁਗ ਦਾ ਨਾਂ ਪ੍ਰਸਿੱਧ ਹੋ ਜਾਂਦਾ ਹੈ। ਜਦੋਂ ਜੀਵ ਸ਼ੁਭ ਕੰਮ ਕਰੇਗਾ ਉਦੋਂ ਸਤਿਯੁਗ ਅਤੇ ਜਦੋਂ ਮਾੜੇ ਕੰਮ ਕਰੇਗਾ ਤਾਂ ਕਲਯੁਗ ਹੋਵੇਗਾ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਅਸੀਂ ਆਪਣੇ ਸ਼ੁਭ ਕਰਮਾਂ ਰਾਹੀਂ ਕਲਯੁਗ ਵਿਚ ਵੀ ਸਤਿਯੁਗ ਵਰਗਾ ਵਾਤਾਵਰਣ ਪਾਸਾਰ ਸਕਦੇ ਹਾਂ ਜੇਕਰ ਅਸੀਂ ਇਸ ਤੇ ਅਮਲ ਕਰੀਏ।

## ਸ੍ਰਿਸ਼ਟੀ ਨਾਲ ਸਬੰਧਿਤ ਧੌਲ ਜਾਂ ਧਉਲ ਧਰਮ ਦੀ ਮਿੱਥ ਦਾ ਮਿੱਥਕ ਅਤੇ ਦਾਰਸ਼ਨਿਕ ਸਿਧਾਂਤ

ਹਿੰਦੂ ਧਰਮ ਗ੍ਰੰਥਾਂ ਵਿਚ ਪ੍ਰਚੱਲਿਤ ਮਿੱਥ ਅਨੁਸਾਰ ਇਸ ਧਰਤੀ ਨੂੰ ਇਕ ਸਫੈਦ ਬਲਦ ਨੇ ਸਿੰਗਾਂ ਉੱਤੇ ਚੁੱਕਿਆ ਹੋਇਆ ਹੈ ਤੇ ਉਹ ਆਪ ਕੱਛੂ ਉਤੇ ਖਲੋਤਾ ਹੈ। ਪੁਰਾਣਕ ਵਿਸ਼ਵਾਸ ਇਹ ਵੀ ਹੈ ਕਿ ਜਦ ਕਦੀ ਉਹ ਬੈਲ ਸਿੰਗ ਬਦਲਦਾ ਹੈ ਤਾਂ ਸੰਸਾਰ ਵਿਚ ਭੁਚਾਲ ਆ ਜਾਂਦਾ ਹੈ।[136] ਹਿੰਦੂ ਧਰਮ ਵਿਚ ਇਹ ਵੀ ਮਿੱਥ ਪ੍ਰਚਲਿਤ ਹੈ ਕਿ ਜਦੋਂ ਧਰਤੀ ਤੇ ਪਾਪਾਂ ਦਾ ਭਾਰ ਵਧਣ ਨਾਲ ਬਲਦ ਪਾਸਾ ਪਰਤਦਾ ਹੈ ਤਾਂ ਭੁਚਾਲ ਆਉਂਦਾ ਹੈ।

ਗੁਰੂ-ਬਾਣੀ ਵਿਚ ਉਪਰੋਕਤ ਮਿੱਥ ਦਾ ਖੰਡਨ ਕੀਤਾ ਗਿਆ ਹੈ ਅਤੇ ਇਸ ਮਿੱਥ ਦੀ ਨਵ-ਸਿਰਜਣਾ ਕਰਕੇ ਨਵੇਂ ਸੰਕਲਪ ਨੂੰ ਪੇਸ਼ ਕੀਤਾ ਗਿਆ ਹੈ। ਗੁਰੂ ਸਾਹਿਬ ਬਿਆਨ ਕਰਦੇ ਹਨ ਕਿ ਜੇਕਰ ਧਰਤੀ ਬਲਦ ਉਪਰ ਖੜੀ ਹੈ ਤਾਂ ਬਲਦ ਅਤੇ ਕੱਛੂ ਕਿਸ ਤੇ ਖੜ੍ਹੇ ਹਨ? ਤਦ ਉਹ ਜ਼ਰੂਰ ਕਿਸੇ ਧਰਤੀ ਉਪਰ ਖੜ੍ਹੇ ਹੋਣਗੇ। ਇੰਝ ਬਲਦਾਂ ਅਤੇ ਧਰਤੀਆਂ ਦਾ ਸਿਲਸਲਾ ਸ਼ੁਰੂ ਹੋ

ਜਾਂਦਾ ਹੈ ਜੋ ਕਦੀ ਖਤਮ ਨਹੀਂ ਹੁੰਦਾ ਕਿਉਂਕਿ ਸੰਸਾਰ ਵਿਚ ਅਨੇਕਾਂ ਧਰਤੀਆਂ ਹਨ ਜਿਨ੍ਹਾਂ ਦਾ ਕੋਈ ਅੰਤ ਨਹੀਂ ਹੈ।

> ਧਰਤੀ ਹੋਰੁ ਪਰੈ ਹੋਰੁ ਹੋਰ॥
>
> ਤਿਸ ਤੇ ਭਾਰੁ ਤਲੇ ਕਵਣੁ ਜੋਰੁ॥[137]

ਇਸ ਮਿੱਥ ਦਾ ਮਿੱਥ-ਵਿਸਥਾਪਨ ਕਰਦੇ ਹੋਏ ਗੁਰੂ ਸਾਹਿਬ ਬਿਆਨ ਕਰਦੇ ਹਨ ਕਿ ਧਰਤੀ ਹੇਠ ਕੋਈ ਬਲਦ ਨਹੀਂ ਹੈ। ਇਹ ਧਰਮ ਦੇ ਆਸਰੇ ਖੜ੍ਹੀ ਹੈ, ਜਿਸਦਾ ਵਿਵਹਾਰ ਦਇਆ ਵਾਲਾ ਹੈ। ਬਲਦ ਤਾਂ ਅਸਲ ਵਿਚ 'ਧਰਮ' ਹੈ ਜੋ ਬ੍ਰਹਮ ਦਾ ਬੱਧਾ ਕਨੂੰਨ ਜਾਂ ਨੇਮ ਹੈ, ਜੋ ਪ੍ਰਭੂ ਦੀ ਦਇਆ ਤੋਂ ਉਪਜਿਆ ਹੈ ਅਤੇ ਉਸ ਨੇ ਸਭ ਨੂੰ ਕਾਨੂੰਨ ਦੇ ਦਾਇਰੇ ਵਿਚ ਰਹਿਣ ਦਾ ਸੰਤੋਖ ਬਖਸ਼ ਕੇ ਇਕ ਸੂਤਰ ਵਿਚ ਪਰੋਇਆ ਹੈ। ਬ੍ਰਹਮ ਦੇ ਇਸ ਅਟੱਲ ਨਿਯਮ ਨਾਲ ਇਹ ਸ੍ਰਿਸ਼ਟੀ ਚਲ ਰਹੀ ਹੈ। ਆਪ ਲਿਖਦੇ ਹਨ;

> ਧੌਲੁ ਧਰਮੁ ਦਇਆ ਕਾ ਪੂਤੁ।
>
> ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥
>
> ..................................
>
> ................................
>
> ਤਿਸ ਤੇ ਭਾਰੁ ਤਲੈ ਕਵਣ ਜੋਰ॥[138]

ਇਸ ਤਰ੍ਹਾਂ ਗੁਰੂ ਸਾਹਿਬ ਅਨੁਸਾਰ ਉਪਰੰਤ ਧੌਲ ਧਰਮ ਦੀ ਮਿੱਥ ਕੇਵਲ ਮਿਥਿਹਾਸਕ ਕਹਾਣੀ ਹੈ। ਇਸ ਪਿਛੇ ਕੋਈ ਵਿਗਿਆਨਕ ਸੋਚ ਨਹੀਂ ਹੈ। ਧਰਤੀ ਤਾਂ ਅਸਲ ਵਿਚ ਧਰਮ ਦੇ ਆਸਰੇ ਖੜ੍ਹੀ ਹੈ।

### ਸ੍ਰਿਸ਼ਟੀ ਦੀ ਅਨੰਤਤਾ ਸਬੰਧੀ ਮਿੱਥਕ ਅਤੇ ਦਾਰਸ਼ਨਿਕ ਸਿਧਾਂਤ :

ਆਦਿ ਕਾਲ ਤੋਂ ਹੀ ਸ੍ਰਿਸ਼ਟੀ ਦੀ ਅਨੰਤਤਾ ਸਬੰਧੀ ਵਿਚਾਰਾਂ ਦੀ ਪੇਸ਼ਕਾਰੀ ਹੋਈ ਹੈ। ਹਿੰਦੂ ਧਰਮ ਸ਼ਾਸਤਰ ਇਸ ਸ੍ਰਿਸ਼ਟੀ ਨੂੰ ਚੌਦਾਂ ਲੋਕ, ਤਿੰਨ ਲੋਕ, ਨੌ ਖੰਡ, ਸੱਤ ਦੀਪ ਆਦਿ ਵਿਚ

ਵੰਡ ਕੇ ਇਸ ਦੀ ਅਨੰਤਤਾ ਦੀ ਪੇਸ਼ਕਾਰੀ ਕੀਤੀ ਗਈ ਹੈ। ਈਸਾਈ ਤੇ ਇਸਲਾਮੀ ਵਿਚਾਰਧਾਰਾ ਵਿਚ ਵੀ ਸੱਤ ਅਕਾਸ਼ ਤੇ ਸੱਤ ਪਾਤਾਲ ਦੇ ਮਿੱਥਕ ਸਿਧਾਂਤਾਂ ਨੂੰ ਪੇਸ਼ ਕੀਤਾ ਗਿਆ ਹੈ। ਹਿੰਦੂ ਧਰਮ ਦੁਆਰਾ ਸ੍ਰਿਸ਼ਟੀ ਦੀ ਅਨੰਤਤਾ ਬਾਰੇ ਮਿੱਥਕ ਸੰਕਲਪ ਇਸ ਪ੍ਰਕਾਰ ਹੈ:

**1. ਚੌਦਾਂ ਲੋਕਾਂ ਦੀ ਮਿੱਥ :-** ਭਗਵਤ ਪੁਰਾਣ ਅਨੁਸਾਰ ਇਹ ਚੌਦਾਂ ਲੋਕ ਇਹ ਹਨ:

(ੳ) ਹੇਠਾਂ ਦੇ ਸੱਤ ਲੋਕ: (1) ਅਤਲ, (2) ਵਿਤਲ (3) ਸੁਤਲ (4) ਤਲਾਤਲ (5) ਮਹਾਤਲ (6) ਰਸਾਤਲ (7) ਪਾਤਾਲ

(ਅ) ਉਪਰਲੇ ਸੱਤ ਲੋਕ: (1) ਭੂਲੋਕ (2) ਭਵਹ ਲੋਕ (3) ਸਵਰਲੋਕ (4) ਮਹਰਲੋਕ (5) ਜਵਲੋਕ (6) ਤਪਲੋਕ (7) ਸਤਲੋਕ।[139]

**2. ਤਿੰਨ ਲੋਕ ਦੀ ਮਿੱਥ :-** ਹਿੰਦੂ ਧਰਮ ਵਿਚ ਪ੍ਰਚੱਲਿਤ ਮਿੱਥ ਅਨੁਸਾਰ ਇਹ ਤਿੰਨ ਲੋਕ ਵਿਚ ਇਸ ਪ੍ਰਕਾਰ ਵੰਡੀ ਹੈ:

(1) ਸਵਰਗ (2) ਪਾਤਾਲ ਲੋਕ (3) ਮਾਤ ਲੋਕ।[140]

**3. ਨੌ ਖੰਡਾਂ ਦੀ ਮਿੱਥ :-** ਭਾਰਤੀ ਭੂਗੋਲਵੇਤਾ ਅਤੇ ਹਿੰਦੂ ਧਰਮ ਦੇ ਵਿਦਵਾਨਾਂ ਨੇ ਸ੍ਰਿਸ਼ਟੀ ਨੂੰ ਨੌ ਖੰਡਾਂ ਵਿਚ ਵੰਡਿਆ ਹੈ ਜਿਵੇਂ

(1) ਭਰਤ (2) ਇਲਾਵ੍ਰਿਤ (3) ਕਿੰਪੁਰਸ਼ (4) ਭਦ੍ਰ (5) ਕੇਤੁਮਾਲ (6) ਹਰਿ (7) ਹਿਰਣਯ (8) ਹਮਯ (9) ਕੁਸ਼[141]

**4. ਸੱਤ ਦੀਪ ਅਤੇ ਨੌ ਦੀਪ ਦੀ ਮਿੱਥ :** ਭਾਗਵਤ ਪੁਰਾਣ ਅਨੁਸਾਰ ਇਹ ਦੀਪ ਇਸ ਪ੍ਰਕਾਰ ਹਨ:

(1) ਜੰਬੂ (2) ਪਲਖ (3) ਸ਼ਾਲਮਲਿ (4) ਕੁਸ਼ (5) ਕ੍ਰੌਚ (6) ਸ਼ਾਕ (7) ਪੁਸ਼ਕਰ

ਵਿਸ਼ਨੂੰ ਪੁਰਾਣ ਵਿਚ ਨੌ ਦੀਪ ਲਿਖੇ ਹਨ:

(1) ਇੰਦਰ ਦੀਪ (2) ਖੇਰਮਤ (3) ਤਾਮ੍ਰਵਰਣ (4) ਗਭ ਸਤਿਮਤ (5) ਨਾਗ (6) ਸੋਮਯ (7) ਮਾਂਧ੍ਰਵ (8) ਵਾਰਣ (9) ਕੁਮਾਰਕ।[142]

ਗੁਰੂ-ਬਾਣੀ ਵਿਚ ਸ੍ਰਿਸ਼ਟੀ ਦੀ ਅਨੰਤਤਾ ਨੂੰ ਕਿਸੇ ਖਾਸਾ ਸੀਮਾ ਵਿਚ ਨਹੀਂ ਬੰਨ੍ਹਿਆ ਜਾ ਸਕਦਾ ਹੈ। ਇਸ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਗੁਰੂ ਸਾਹਿਬ ਨੇ ਉਪਰੋਕਤ ਮਿੱਥਾਂ ਦਾ ਖੰਡਨ ਕੀਤਾ ਹੈ ਉਨ੍ਹਾਂ ਅਨੁਸਾਰ ਸ੍ਰਿਸ਼ਟੀ ਚੌਦਾਂ ਲੋਕ, ਤਿੰਨ ਲੋਕ, ਨੌ ਖੰਡਾਂ, ਸੱਤ ਦੀਪ ਅਤੇ ਨੌ ਦੀਪਾਂ ਤੱਕ ਸੀਮਤ ਨਹੀਂ। ਉਹ ਤਾਂ ਲੱਖਾਂ ਪਾਤਾਲਾਂ ਅਤੇ ਲੱਖਾਂ ਅਕਾਸ਼ਾਂ ਵਿਚ ਫੈਲੀ ਹੈ।

– ਪਤਾਲਾ ਪਤਾਲ ਲੱਖ ਆਗਾਸ਼ਾਂ ਆਗਾਸ।

ਓੜਕ ਓੜਕ ਭਾਲ ਥਕੇ ਵੇਦ ਕਹਿਨ ਇਕ ਵਾਤ।[143]

ਗੁਰੂ ਨਾਨਕ ਸਾਹਿਬ ਨੇ ਸ੍ਰਿਸ਼ਟੀ ਦੀ ਅਨੰਤਤਾ ਦਾ ਵਰਨਣ 'ਜਪੁਜੀ' ਸਾਹਿਬ ਦੀ 17ਵੀਂ, 18ਵੀਂ, 19ਵੀਂ ਵੀ ਪਉੜੀ ਵਿਚ ਵਿਸਥਾਰ ਸਹਿਤ ਕੀਤਾ ਹੈ।

ਇਸੇ ਤਰ੍ਹਾਂ ਜਪੁਜੀ ਦੀ 35ਵੀਂ ਪਾਉੜੀ ਵਿਚ ਸ੍ਰਿਸ਼ਟੀ ਦੀ ਅਨੰਤਤਾ ਦਾ ਵਰਨਣ ਕਰਦੇ ਹਨ ਜਿਸ ਵਿਚ ਉਨ੍ਹਾਂ ਨੇ ਕਿਤਨੇ ਹੀ ਵਾਯੂ ਦੇਵ, ਵਰੁਣ ਦੇਵ, ਅਗਨੀ ਦੇਵ, ਕਾਨ, ਮਹੇਸ, ਬ੍ਰਹਮਾ, ਇੰਦਰ, ਚੰਦਰਮਾ, ਸੂਰਜ, ਮੰਡਲ, ਸੁਮੇਰ ਪਰਬਤ, ਕਰਮ ਭੂਮੀਆ, ਦੇਸ ਸਿੱਧ, ਬੁਧ, ਨਾਥ, ਦੇਵੀ ਦੇਵਤੇ, ਦਾਨਵ, ਮੁਨੀ, ਰਤਨ, ਸਮੁੰਦਰ, ਖਾਣੀਆਂ, ਬਾਣੀਆਂ, ਰਾਜੇ, ਬਾਦਸ਼ਾਹ, ਸੂਤੀਆ, ਸੇਵਕ ਦਾ ਵਰਨਣ ਇਸ ਤਰ੍ਹਾਂ ਕੀਤਾ ਹੈ:

ਕੇਤੇ ਪਵਣ ਪਾਣੀ ਵੈਸੰਤਰ॥

ਕੇਤੇ ਕਾਨ ਮਹੇਸ।

ਕੇਤੇ ਬ੍ਰਹਮੇ ਘਾੜਤਿ ਘੜੀਅਹਿ॥

................................

................................

ਕੇਤੀਆ ਸੁਰਤੀ ਸੇਵਕ ਕੇਤੇ॥

ਨਾਨਕ ਅੰਤੁ ਨ ਅੰਤੁ॥[144]

ਇਸ ਤਰ੍ਹਾਂ ਗੁਰੂ ਸਾਹਿਬ ਨੇ ਸ੍ਰਿਸ਼ਟੀ ਦੀ ਅਨੰਤਤਾ ਨੂੰ ਬੇਅੰਤ ਦੱਸਦੇ ਹੋਏ ਸ੍ਰਿਸ਼ਟੀ ਸਬੰਧੀ ਮਿੱਥ ਦੀ ਪੁਨਰ ਸਿਰਜਣਾ ਕਰਕੇ ਇਸ ਦੀ ਵਿਸ਼ਾਲਤਾ ਨੂੰ ਦਰਸਾਇਆ ਹੈ। ਉਨ੍ਹਾਂ ਦਾ ਇਹ ਸਿਧਾਂਤ ਵਿਗਿਆਨਕ ਹੋਣ ਕਰਕੇ ਅਜੋਕੇ ਵਿਗਿਆਨਕ ਯੁਗ ਵਿਚ ਸਹੀ ਸਿਧ ਹੋਇਆ ਹੈ ਕਿਉਂਕਿ ਵਿਗਿਆਨ ਨੇ ਵੀ ਕਈ ਧਰਤੀਆਂ ਅਤੇ ਪਾਤਾਲਾਂ ਦੀ ਖੋਜ ਕਰਕੇ ਉਨ੍ਹਾਂ ਦੁਆਰਾ ਪੇਸ਼ ਵਿਚਾਰਾਂ ਦੀ ਪੁਸ਼ਟੀ ਕਰ ਦਿੱਤੀ ਹੈ।

## ਮਿੱਥ ਅਤੇ ਦਰਸ਼ਨ ਅਧਾਰਿਤ ਮਾਇਆ ਦਾ ਸੰਕਲਪ :

ਮਾਇਆ ਦੇ ਅਰਥ 'ਕਪਟ', 'ਛਲ', 'ਦੰਭ', 'ਭੁਲੇਖਾ', 'ਭਰਮ', 'ਅਵਿਦਯ', 'ਲੱਛਮੀ', 'ਧੱਨ', 'ਸੰਪਦਾ', 'ਮਾਯਾ', 'ਕ੍ਰਿਪਾ', 'ਪ੍ਰਸਾਦਿ' ਆਦਿ ਹਨ।[145]

ਮਾਇਆ ਸਬੰਧੀ ਆਦਿ ਕਾਲ ਤੋਂ ਹੀ ਰਿਸ਼ੀਆਂ ਮੁਨੀਆਂ, ਸੰਤਾਂ, ਭਗਤਾਂ, ਗੁਰੂਆਂ ਆਦਿ ਨੇ ਆਪਣੇ-ਆਪਣੇ ਦ੍ਰਿਸ਼ਟੀਕੋਣਾਂ ਤੋਂ ਮਿੱਥਕ ਤੇ ਦਾਰਸ਼ਨਿਕ ਵਿਚਾਰਾਂ ਦੀ ਪੇਸ਼ਕਾਰੀ ਕੀਤੀ ਹੈ। ਰਿਗਵੇਦ ਤੋਂ ਲੈ ਕੇ ਹੁਣ ਤੱਕ ਮਾਇਆ ਦੇ ਅਰਥ ਵਿਚ ਕਈ ਤਰ੍ਹਾਂ ਦਾ ਪਰਿਵਰਤਨ ਆਇਆ ਹੈ।

ਵੇਦਾਂ ਵਿਚ ਮਾਇਆ ਨੂੰ ਰੂਪ ਬਦਲਣ ਵਾਲੀ ਦੇ ਅਰਥਾਂ ਵਿਚ ਪੇਸ਼ ਕੀਤਾ ਹੈ।[146]

ਉਪਨਿਸ਼ਦਾਂ ਵਿਚ ਮਾਇਆ ਨੂੰ ਪ੍ਰਕਿਰਤੀ ਕਿਹਾ ਹੈ। ਸਾਰੇ ਜਗਤ ਨੂੰ ਮਾਇਆ ਦਾ ਪਤੀ-ਪਰਮਾਤਮਾ (ਬ੍ਰਹਮ) ਪੰਜ ਭੂਤਾਂ ਦੁਆਰਾ ਰਚਦਾ ਹੈ ਅਤੇ ਜੀਵ ਉਸ ਦੇ ਪਰਪੰਚ ਵਿਚ ਮਾਇਆ ਦੁਆਰਾ ਬੰਨਿਆ ਹੋਇਆ ਹੈ।[147]

ਗੀਤਾ ਵਿਚ ਵੀ ਮਾਇਆ ਕ੍ਰਿਸ਼ਨ ਦੀ ਸ਼ਕਤੀ ਕਿਹਾ ਗਿਆ ਹੈ। ਗੀਤਾ ਅਨੁਸਾਰ ਤਿੰਨ ਗੁਣ (ਤਪੋ, ਸਤੋ, ਰਜੋ), ਰਾਗ-ਦ੍ਵੈਸ ਆਦਿ ਵਿਕਾਰਾਂ ਅਤੇ ਸੰਪੂਰਨ ਵਿਸ਼ਿਆਂ ਤੋਂ ਇਹ ਸੰਸਾਰ ਮੋਹਿਤ ਹੋਇਆ ਹੈ। ਉਹ ਇਨ੍ਹਾਂ ਤੋਂ ਪਰੇਂ ਨਿਰਗੁਣ ਤੱਤ ਨੂੰ ਨਹੀਂ ਪਹਿਚਾਣਦਾ ਪ੍ਰੰਤੂ ਜੋ ਪਰਮਾਤਮਾ ਨੂੰ ਯਾਦ ਕਰਦੇ ਹਨ ਉਹ ਮਾਇਆ ਨੂੰ ਉਲੰਘ ਕੇ ਸੰਸਾਰ ਤੋਂ ਪਾਰ ਹੋ ਜਾਂਦੇ ਹਨ।[148]

ਸ਼ੰਕਰਾਚਾਰੀਆਂ ਨੇ 'ਮਾਇਆ' ਦਾ ਵਿਸਥਾਰ ਪੂਰਵਕ ਵਿਸ਼ਲੇਸ਼ਣ ਕੀਤਾ ਹੈ। ਸ਼ੰਕਰਚਾਰੀਆ ਮਾਇਆ ਨੂੰ 'ਭਰਮ', 'ਅਵਿਦਿਆ', 'ਅਗਿਆਨਤਾ' ਤੇ 'ਪ੍ਰਕਿਰਤੀ' ਕਹਿੰਦਾ ਹੈ। ਇਸ ਕਰਕੇ ਉਹ ਸੰਸਾਰ ਨੂੰ ਇਕ ਭਰਮ ਜਾਂ ਛਾਇਆ ਮੰਨਦਾ ਹੈ। ਉਸ ਅਨੁਸਾਰ ਪਰਮਾਤਮਾ ਆਪਣੀ ਮਾਇਆ ਸ਼ਕਤੀ ਨਾਲ ਇੰਦਰ ਜਾਲ ਰਚਦਾ ਹੈ।[149]

ਡਾ. ਰਾਧਾ ਕ੍ਰਿਸ਼ਨਨ ਅਨੁਸਾਰ 'ਮਾਇਆ' ਉਹ ਨਕਾਰਾਤਮਕ ਤੱਤ ਦਾ ਨਾਂ ਹੈ ਜੋ ਸ੍ਰਿਸ਼ਟੀ ਦੀ ਹੋਂਦ ਦਾ ਪ੍ਰਵਾਹ ਉਤਪੰਨ ਕਰਦਾ ਹੈ ਇਸ ਤਰ੍ਹਾਂ ਇਹ ਅਥਾਹ ਖਲਬਲੀ ਤੇ ਨਿਰੰਤਰ ਬੇਚੈਨੀ ਪੈਦਾ ਕਰਨ ਦਾ ਸਾਧਨ ਬਣਦਾ ਹੈ।[150]

ਗੁਰੂ-ਬਾਣੀ ਵਿਚ ਮਾਇਆ ਨੂੰ ਪਰਮਾਤਮਾ (ਬ੍ਰਹਮ) ਦੁਆਰਾ ਪੈਦਾ ਕੀਤੀ ਹੋਈ ਸ਼ਕਤੀ ਕਿਹਾ ਹੈ, ਜੋ ਉਸ ਦੇ ਅਧੀਨ ਵਰਤ ਰਹੀ ਹੈ। ਇਹ ਉਸ ਸ਼ਕਤੀ ਦਾ ਨਾਂ ਹੈ ਜੋ ਜੀਵ ਨੂੰ ਬ੍ਰਹਮ ਤੋਂ ਦੂਰ ਕਰਦੀ ਹੈ। ਜੀਵ ਵਿਚ ਅਵਿਦਿਆ ਅਤੇ ਅਗਿਆਨ ਦਾ ਕਾਰਨ ਵੀ ਇਹੀ ਹੈ। ਇਸ ਬਾਰੇ ਵਿਸਥਾਰ ਸਹਿਤ ਵਰਨਣ ਅੱਗੇ ਪੇਸ਼ ਹੈ।

**ਮਾਇਆ ਦਾ ਸਰੂਪ :**

ਹਿੰਦੂ ਮਿਥਿਹਾਸ ਵਿਚ ਇਹ ਵਿਸ਼ਵਾਸ ਪਾਇਆ ਜਾਂਦਾ ਹੈ ਕਿ ਮਾਇਆ ਦੇ ਵਿਭਿੰਨ ਰੂਪ ਹਨ। ਇਸ ਕਰਕੇ ਹਿੰਦੂ ਦੇਵੀ ਦੇਵਤਿਆਂ ਨਾਲ ਸਬੰਧਿਤ ਕਈ ਮਿੱਥ ਕਥਾਵਾਂ ਜੋੜੀਆਂ ਗਈਆਂ ਹਨ ਜਿਸ ਵਿਚ ਉਹਨਾਂ ਮਾਇਆ ਦੁਆਰਾ ਕਈ ਰੂਪ ਧਾਰ ਕੇ ਆਪਣੇ ਕਾਰਜਾਂ ਨੂੰ ਨੇਪਰੇ ਚਾੜ੍ਹਿਆ। ਬ੍ਰਹਮਾ ਨੇ ਆਪਣੀ ਮਾਇਆਵੀ ਸ਼ਕਤੀ ਨਾਲ ਸ੍ਰਿਸ਼ਟੀ, ਵੇਦ ਤੇ ਜੀਵ ਜੰਤੂਆਂ ਦੀ ਰਚਨਾ ਕੀਤੀ।[151] ਵਿਸ਼ਨੂੰ ਨੇ ਸਮੁੰਦਰ ਮੰਥਨ ਉਪਰੰਤ ਅੰਮ੍ਰਿਤ ਵੰਡਣ ਸਮੇਂ ਆਪਣੀ ਮਾਇਆਵੀ ਸ਼ਕਤੀ ਦਾ ਪ੍ਰਯੋਗ ਕਰਕੇ ਮੋਹਨੀ ਦਾ ਰੂਪ ਧਾਰ ਕੇ ਦਾਨਵਾਂ ਨੂੰ ਅੰਮ੍ਰਿਤ ਪੀਣ ਤੋਂ ਰੋਕਿਆ। ਇਸੇ ਤਰ੍ਹਾਂ ਵਿਸ਼ਨੂੰ ਦੀ ਮਾਇਆ ਦੇ ਹੋਰ ਰੂਪ ਨਰ ਸਿੰਘ, ਕਛ, ਮੱਛ, ਵਰਾਹ ਆਦਿ ਰੂਪਾਂ ਵਿਚ ਵੇਖੇ ਜਾ ਸਕਦੇ ਹਨ। ਇਸੇ ਤਰ੍ਹਾਂ ਇੰਦਰ ਦੀ ਮਾਇਆ ਦੇ ਕਈ ਰੂਪਾਂ ਦਾ ਵਰਨਣ ਵੀ ਮਿਲਦਾ ਹੈ ਜਦੋਂ ਇੰਦਰ ਮਾਇਆ ਦੇ ਛਲ ਦੁਆਰਾ ਗੋਤਮ ਰਿਸ਼ੀ ਦਾ ਰੂਪ ਧਾਰ ਕੇ ਅਹੱਲਿਆ ਨਾਲ

ਵਿਭਚਾਰ ਕਰਦਾ ਹੈ। ਇਸ ਤਰ੍ਹਾਂ ਕਈ ਹੋਰ ਵੀ ਮਿੱਥ ਕਥਾਵਾਂ ਹਨ ਜਦੋਂ ਇੰਦਰ ਸਵਰਗ ਤੇ ਕਬਜੇ ਲਈ ਦਾ ਨਵਾਂ ਵਿਰੁਧ ਕਈ ਤਰ੍ਹਾਂ ਦੀਆਂ ਮਾਇਆਵੀ ਸ਼ਕਤੀਆਂ ਦਾ ਪ੍ਰਯੋਗ ਕਰਦਾ ਹੈ। ਇਸ ਵਿਚੋਂ ਉਸ ਦੀ ਮਾਇਆ ਦੇ ਕਈ ਰੂਪ ਨਜ਼ਰ ਆਉਂਦੇ ਹਨ। ਇਸੇ ਤਰ੍ਹਾਂ ਸ਼ਿਵ ਵੀ ਆਪਣੀ ਮਾਇਆਵੀ ਸ਼ਕਤੀ ਨਾਲ ਕਈ ਅਦਭੁਤ ਕਾਰਨਾਮੇ ਕਰਦਾ ਹੈ। ਰਾਮਚੰਦਰ ਵੀ ਸੀਤਾ ਸਵੰਬਰ ਸਮੇਂ ਧੁਨੰਸ਼ ਤੋੜ ਕੇ ਆਪਣੀ ਮਾਇਆਵੀ ਸ਼ਕਤੀ ਦਾ ਪ੍ਰਗਟਾਵਾ ਕਰਦਾ ਹੈ। ਮਾਇਆ ਦੇ ਹੋਰ ਰੂਪ ਕ੍ਰਿਸ਼ਨ ਨਾਲ ਸਬੰਧਿਤ ਕਈ ਮਿੱਥ ਕਥਾਵਾਂ ਵਿਚ ਵੇਖੇ ਜਾ ਸਕਦੇ ਹਨ। ਜਿਥੇ ਉਹ ਕੁਬਜਾਂ ਦਾ ਉਧਾਰ, ਦਰੋਪਦੀ ਦੀ ਲਾਜ, ਕਾਲੀ ਨਾਗ ਦਾ ਵੱਧ ਆਦਿ ਕਾਰਜਾਂ ਨੂੰ ਕਰਦਾ ਹੈ। ਉਪਰੋਕਤ ਤੋਂ ਇਲਾਵਾ ਹਿੰਦੂ ਮਿਥਿਹਾਸ ਵਿਚ ਹੋਰ ਦੇਵੀ ਦੇਵਤਿਆਂ ਅਵਤਾਰਾਂ ਰਿਸ਼ੀਆਂ, ਮੁਨੀਆਂ ਨਾਲ ਸਬੰਧਿਤ ਮਿੱਥ ਕਥਾਵਾਂ ਵਿਚ ਮਾਇਆ ਦੇ ਵਿਭਿੰਨ ਰੂਪਾਂ ਦਾ ਵਰਨਣ ਵੇਖਿਆ ਜਾ ਸਕਦਾ ਹੈ। ਇਸ ਸਬੰਧੀ ਕਈ ਮਿੱਥ ਕਥਾਵਾਂ ਪੇਸ਼ ਕੀਤੀਆਂ ਜਾ ਚੁੱਕੀਆਂ ਹਨ)।

**ਮਾਇਆ ਦਾ ਕਰਤਾ:**

ਮਾਇਆ ਦੇ ਕਰਤਾ ਬਾਰੇ ਗੁਰੂ-ਬਾਣੀ ਦੇ ਵਿਚਾਰ ਹਿੰਦੂ ਧਰਮ ਨਾਲੋਂ ਵੱਖਰੇ ਹਨ। ਹਿੰਦੂ ਧਰਮ ਵਿਚ ਦੇਵੀ, ਦੇਵਤੇ, ਅਵਤਾਰਾਂ ਨੂੰ ਮਾਇਆ ਦਾ ਕਰਤਾ ਦਰਸਾਇਆ ਹੈ। ਇਸ ਨੂੰ ਸਿੱਧ ਕਰਨ ਲਈ ਦੇਵੀ, ਦੇਵਤੇ, ਅਵਤਾਰਾਂ ਨਾਲ ਕਈ ਮਿੱਥ ਕਥਾਵਾਂ ਜੋੜੀਆਂ ਗਈਆਂ ਹਨ। (ਇਹ ਮਿੱਥ ਕਥਾਵਾਂ ਦਾ ਵਿਸਥਾਰ ਦੂਸਰੇ ਅਤੇ ਤੀਸਰੇ ਅਧਿਆਇ ਵਿਚ ਵੇਖਿਆ ਜਾ ਸਕਦਾ ਹੈ) ਜਿਨ੍ਹਾਂ ਰਾਹੀਂ ਮਾਇਆ ਨੂੰ ਇਨ੍ਹਾਂ ਦੇਵੀ, ਦੇਵਤੇ, ਅਵਤਾਰਾਂ ਦੀ ਉਪਜ ਦਰਸਾਇਆ ਹੈ। ਪਰ ਗੁਰੂ-ਬਾਣੀ ਵਿਚ ਮਾਇਆ ਨੂੰ ਬ੍ਰਹਮ ਦੀ ਉਪਜ ਦੱਸਿਆ ਹੈ ਗੁਰੂ ਸਾਹਿਬ ਇਸ ਬਾਬਤ ਲਿਖਦੇ ਹਨ:

- ਧੁਰ ਕੀ ਭੇਜੀ ਆਈ ਆਮਰਿ।[152]
- ਐਸੀ ਇਸਤ੍ਰੀ ਇਕ ਰਾਮਿ ਉਪਾਈ।[153]

ਗੁਰੂ ਸਾਹਿਬ ਅੱਗੇ ਬਿਆਨ ਕਰਦੇ ਹਨ ਕਿ ਮਾਇਆ ਸੈਭੰ ਨਹੀਂ, ਸੁਤੰਤਰ ਨਹੀਂ, ਪਰਤੰਤਰ ਹੈ, ਬ੍ਰਹਮ ਅਧੀਨ ਹੈ ਕਿਉਂਕਿ ਉਸੇ ਦੇ ਹੁਕਮ ਤੋਂ ਇਸ ਦੀ ਸਿਰਜਣਾ ਹੋਈ ਹੈ। ਇਸ ਤਰ੍ਹਾਂ ਮਾਇਆ ਬ੍ਰਹਮ ਦੀ ਉਹ ਸ਼ਕਤੀ ਹੈ ਜਿਸ ਨਾਲ ਸਮੁੱਚੇ ਸੰਸਾਰ ਦੀ ਸਿਰਜਣਾ ਹੋਈ ਹੈ। ਬ੍ਰਹਮਾ, ਵਿਸ਼ਨੂੰ, ਮਹੇਸ ਵੀ ਇਸੇ ਤੋਂ ਉਪਜੇ ਹਨ। ਇਸੇ ਲਈ ਇਹ ਦੇਵਤੇ ਮਾਇਆ ਦੇ ਤ੍ਰੈਗੁਣ ਬੰਧਨ ਵਿਚ ਜਕੜੇ ਪਏ ਹਨ ਅਤੇ ਮੁਕਤੀ ਤੋਂ ਕੋਹਾਂ ਦੂਰ ਹਨ। ਕੇਵਲ ਬ੍ਰਹਮਾ, ਵਿਸ਼ਨੂੰ, ਮਹੇਸ ਹੀ ਨਹੀਂ ਹਰ ਅਵਤਾਰ ਅਤੇ ਦੇਵੀ ਦੇਵਤੇ ਵੀ ਮਾਇਆ ਦੇ ਬੰਧਨ ਵਿਚ ਬੱਝੇ ਹੋਏ ਹਨ।

- ਮਾਇਆ ਮੋਹੇ ਦੇਵੀ ਸਭ ਦੇਵਾ।[154]
- ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ।
  ਮਹਾਦੇਉ ਗਿਆਨੀ ਵਰਤੈ ਘਰਿ ਆਪਣੈ ਤਾਮਸੁ ਬਹੁਤੁ ਅਹੰਕਾਰਾ।
  ਕਿਸਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ।[155]

ਗੁਰੂ ਸਾਹਿਬ ਮਾਇਆ ਦੇ ਸਰੂਪਾਂ ਦਾ ਵਰਨਣ ਕਰਦੇ ਹੋਏ ਦੱਸਦੇ ਹਨ ਕਿ ਇਸ ਦੇ ਸਰੂਪ ਦੀ ਕੋਈ ਸੀਮਾ ਨਹੀਂ ਹੈ। ਉਹ ਕਈ ਤਰ੍ਹਾਂ ਦੇ ਸਰੂਪ ਧਾਰ ਕੇ ਸੰਸਾਰ ਨੂੰ ਠੱਗ ਰਹੀ ਹੈ। ਉਹ ਪੁੱਤਰ, ਭਰਾ, ਘਰ ਦੀ ਨਾਰੀ, ਧਨ, ਜੋਬਨ, ਲੋਭ, ਅਹੰਕਾਰ ਦੇ ਰੂਪ ਵਿਚ ਠਗਉਰੀ ਵਰਤ ਰਹੀ ਹੈ। ਗੁਰੂ ਸਾਹਿਬ ਲਿਖਦੇ ਹਨ।

ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ
ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ
ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ।[156]

ਗੁਰੂ ਸਾਹਿਬ ਮਾਇਆ ਦੇ ਸੁਭਾ ਦਾ ਵਰਨਣ ਕਰਦੇ ਹਨ ਕਿ ਇਸ ਦਾ ਸੁਭਾ ਵਿਭਚਾਰੀ ਹੈ ਅਤੇ ਇਸ ਦੇ ਸਹਾਇਕ ਤੱਤ-ਕਨਕ ਅਤੇ ਕਾਮਿਨੀ ਹਨ। ਇਹ ਇਨ੍ਹਾਂ ਤੱਤਾਂ ਦੁਆਰਾ ਮਨੁੱਖ ਨੂੰ ਮੋਹ ਲੈਂਦੀ ਹੈ। ਇਸੇ ਕਰਕੇ ਸਾਰਾ ਸੰਸਾਰ ਮਾਇਆ ਦੇ ਮੋਹ ਵਿਚ ਪਸਰਿਆ ਪਿਆ ਹੈ। ਉਹ ਅਨੇਕ ਰੂਪ ਧਾਰਦੀ ਹੈ। ਉਹ ਕਿਤੇ ਹਰਖ ਸੋਗ ਅਤੇ ਕਿਤੇ ਖੁਸ਼ੀ ਦੇ ਰੂਪ ਵਿਚ ਰਮ ਰਹੀ ਹੈ। ਉਹ

ਕਿਤੇ ਸਵਰਗ ਅਤੇ ਕਿਤੇ ਕਿਤੇ ਨਰਕ ਰੂਪ ਵਿਚ ਵਿਚਰ ਰਹੀ ਹੈ। ਉਹ ਹਾਥੀ, ਘੋੜੇ, ਸੁੰਦਰ ਵਸਤਾਂ, ਮਹਿਲਾਂ, ਸੁੰਦਰ ਸੇਜਾਂ, ਸਿੰਗਾਰਾਂ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਹੈ। ਉਹ ਅਮੀਰ ਗਰੀਬ ਵਿਚ ਵਿਆਪ ਰਹੀ ਹੈ। ਉਹ ਪੰਜ ਦੂਤਾਂ ਅਰਥਾਤ ਕਾਮ, ਕਰੋਧ, ਲੋਭ, ਮੋਹ, ਅਹੰਕਾਰ ਦਾ ਰੂਪ ਧਾਰਨ ਕਰਕੇ ਅਗਿਆਨ ਦੇ ਹਨੇਰੇ ਵਿਚ ਵਿਚਰ ਰਹੀ ਹੈ। ਗੁਰੂ ਸਾਹਿਬ ਇਸ ਬਾਬਤ ਲਿਖਦੇ ਹਨ:

- ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ।[157]
- ਬਿਆਪਤ ਹਰਖ ਸੋਗ ਬਿਸਥਾਰ। ਬਿਆਪਤ ਸੁਰਗ ਨਰਕ ਅਵਤਾਰ।
  ਬਿਆਪਤ ਧਨ ਨਿਰਧਨ ਪੇਖਿ ਸੋਭਾ। ਮੂਲੁ ਬਿਆਧੀ ਬਿਆਪਸਿ ਲੋਭਾ।
  ..........................................................................
  ..........................................................................
  ਆਚਾਰ ਬਿਉਹਾਰ ਬਿਆਪਤ ਇਹ ਜਾਤਿ।
  ਸਭ ਕਿਛੁ ਬਿਆਪਤ ਬਿਨੁ ਹਰਿ ਰੰਗ ਰਾਤ।[158]

## ਮਾਇਆ ਤ੍ਰੈਗੁਣਾਤਮਿਕ ਸ਼ਕਤੀ:

ਸ਼ਾਂਖ ਦਰਸ਼ਨ ਅਤੇ ਗੀਤਾ ਵਿਚ ਮਾਇਆ ਨੂੰ ਉਸਦੇ ਸਤੋ, ਰਜੋ, ਤਮੋ ਗੁਣ ਹੋਣ ਕਰਕੇ ਤ੍ਰੈਗੁਣਾਤਮਿਕ ਸ਼ਕਤੀ ਕਿਹਾ ਹੈ। ਗੁਰੂ-ਬਾਣੀ ਵਿਚ ਵੀ ਮਾਇਆ ਨੂੰ ਤ੍ਰੈਗੁਣੀ ਦੱਸਿਆ ਗਿਆ ਹੈ। ਗੁਰੂ ਸਾਹਿਬ ਲਿਖਦੇ ਹਨ:

ਤ੍ਰੈ ਗੁਣ ਮਾਇਆ ਬ੍ਰਹਮ ਦੀ ਕੀਨੀ ਕਹਹੁ ਕਵਨ ਬਿਧਿ ਤਰੀਐ ਰੇ।[159]

ਗੁਰੂ ਸਾਹਿਬ ਨੇ ਮਾਇਆ ਨੂੰ ਤ੍ਰੈਗੁਣੀ ਇਸ ਕਰਕੇ ਕਿਹਾ ਹੈ ਕਿ ਮਾਇਆ ਦੁਆਰਾ ਹੀ ਤ੍ਰੈਗੁਣਾਂ ਦੀ ਉਤਪਤੀ ਹੋਈ ਹੈ। ਗੁਰੂ ਅਰਜਨ ਦੇਵ ਜੀ ਇਸ ਬਾਬਤ ਲਿਖਦੇ ਹਨ:

ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ।[160]

ਗੁਰੂ ਸਾਹਿਬ ਅੱਗੇ ਬਿਆਨ ਕਰਦੇ ਹਨ ਕਿ ਮਾਇਆ ਨੇ ਆਪਣੇ ਇਨ੍ਹਾਂ ਤਿੰਨਾਂ ਗੁਣਾਂ (ਸਤੋ, ਰਜੋ, ਤਮੋ) ਨਾਲ ਸ੍ਰਿਸ਼ਟੀ ਨੂੰ ਬੰਨ੍ਹਿਆ ਹੋਇਆ ਹੈ। ਮਨੁੱਖ ਮਾਇਆ ਦੇ, ਇਸ ਜਾਲ ਵਿਚ ਫਸਿਆ ਹੋਇਆ ਕ੍ਰਿਆਵਾਂ ਕਰਦਾ ਹੈ। ਸਤੋਗੁਣ ਸੁਧ ਹੋਣ ਕਾਰਨ ਸੁਖ ਅਤੇ ਗਿਆਨ ਪ੍ਰਤੀ ਲਗਾਓ ਦੇ ਕਾਰਨ ਮਨੁੱਖ ਨੂੰ ਫਸਾ ਲੈਂਦਾ ਹੈ। ਇਹ ਗੁਣ ਇੱਛਾ ਪੈਦਾ ਕਰਦਾ ਹੈ। ਆਤਮਾ ਸਤੋਗੁਣਾਂ ਵਿਚ ਬੱਝੀ ਹੋਈ ਅਨੰਦ ਅਤੇ ਗਿਆਨ ਦੇ ਪ੍ਰਤੀ ਲਗਾਉ ਰੱਖਦੀ ਹੈ। ਇਸੇ ਗੁਣ ਸਦਕਾ ਮਨੁੱਖ ਦੀਆਂ ਕ੍ਰਿਆਵਾਂ ਵਿਚ ਅਡੰਬਰ, ਪਾਖੰਡ, ਧਰਮ ਚੇਤਨਾ ਅਧਿਆਤਮਕਤਾ ਅਤੇ ਭਗਤੀ ਪਾਈ ਜਾਂਦੀ ਹੈ। ਰਜੋ ਗੁਣ ਜੀਵ-ਆਤਮਾ ਨੂੰ ਕਰਮਾਂ ਅਤੇ ਫਲ ਦੇ ਪਿਆਰ ਵਿਚ ਫਸਾ ਲੈਂਦੀ ਹੈ। ਸਿੱਟਾ ਇਹ ਨਿਕਲਦਾ ਹੈ ਕਿ ਮਨੁੱਖ ਲੋਭ, ਮੋਹ, ਹਉਮੈ ਵਿਚ ਫਸ ਜਾਂਦਾ ਹੈ। ਤਮੋਗੁਣ ਦੀ ਉਤਪਤੀ ਅਗਿਆਨ ਤੋਂ ਹੁੰਦੀ ਹੈ। ਇਸੇ ਦੇ ਕਾਰਨ ਜੀਵ ਮਾਨਸਿਕ ਕਮਜ਼ੋਰੀ, ਮੋਹ ਮਾਇਆ ਵਿਚ ਫਸ ਜਾਂਦਾ ਹੈ। ਤਮੋਗੁਣ ਦੇ ਪ੍ਰਭਾਵ ਸਦਕਾ ਇੰਦਰੀਆਂ ਅਤੇ ਅੰਤਹਕਰਣ ਦੀਆਂ ਚੇਸ਼ਟਾਵਾਂ ਵਿਚ ਪ੍ਰਵਿਰਤੀ ਅਤੇ ਕਰਤਵ ਵਿਚ ਅਵਿਰਤੀ ਅਤੇ ਆਲਸਪਣ ਆ ਜਾਂਦਾ ਹੈ।

ਉਪਰੋਕਤ ਤੋਂ ਇਹ ਸਪੱਸ਼ਟ ਹੈ ਕਿ ਮਾਇਆ ਇਨ੍ਹਾਂ ਤ੍ਰੈ ਗੁਣਾਂ ਨਾਲ ਸੰਸਾਰ ਨੂੰ ਮੋਹ ਲੈਂਦੀ ਹੈ ਅਤੇ ਆਪਣੇ ਜਾਲ ਵਿਚ ਫਸਾ ਲੈਂਦੀ ਹੈ। ਇਸ ਤਰ੍ਹਾਂ ਮੋਹ ਦੀ ਉਤਪਤੀ ਹੁੰਦੀ ਹੈ ਅਤੇ ਜੀਵ ਦਵੈਤ ਭਾਵ ਵਿਚ ਪੈ ਜਾਂਦਾ ਹੈ। ਉਹ ਪਰਮਾਤਮਾ ਨੂੰ ਵਿਸਾਰ ਦਿੰਦਾ ਹੈ। ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:

ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ।
ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਇਆ।[161]

ਇਸ ਤਰ੍ਹਾਂ ਇਹ ਮਾਇਆ ਆਪਣੀ ਤ੍ਰੈਗੁਣਾਤਮਕ ਸ਼ਕਤੀ ਨਾਲ ਕਈ ਤਰ੍ਹਾਂ ਦੇ ਰੂਪ ਬਦਲ ਕੇ ਮਨੁੱਖ ਨੂੰ ਫਸਾ ਲੈਂਦੀ ਹੈ ਅਤੇ ਉਹ ਪਰਮਾਤਮਾ ਨੂੰ ਭੁਲ ਕੇ ਦਵੈਤ ਵਿਚ ਪੈ ਜਾਂਦਾ ਹੈ।

### ਮਾਇਆ ਦੇ ਵਿਭਿੰਨ ਰੂਪ :

ਗੁਰੂ-ਬਾਣੀ ਵਿਚ ਮਾਇਆ ਦੇ ਵਿਭਿੰਨ ਰੂਪਾਂ ਦਾ ਵਰਨਣ ਮਿਲਦਾ ਹੈ। ਗੁਰੂ ਸਾਹਿਬ ਨੂੰ ਇਸ ਦੇ ਰੂਪ ਦਾ ਵਰਨਣ ਕਰਨ ਲੱਗਿਆ ਸਿੱਦੇ-ਸਾਦੇ ਜਨ-ਜੀਵਨ ਪੱਧਰ ਦੇ ਰੂਪਕਾਂ ਦੀ

ਸਹਾਇਤਾ ਲਈ ਹੈ। ਉਨ੍ਹਾਂ ਨੇ ਮਾਇਆ ਨੂੰ ਸੱਸ, ਕਰੂਰ ਇਸਤਰੀ, ਸਰਪਨੀ, ਨਾਗਨੀ, ਕਲਵਾਇਨ ਆਦਿ ਦੇ ਪ੍ਰਤੀਕਾਂ ਦੇ ਤੌਰ ਤੇ ਪੇਸ਼ ਕੀਤਾ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਮਾਇਆ ਅਜਿਹੀ ਸੁੰਦਰ ਨਾਰੀ ਹੈ ਜੋ ਮਨ ਨੂੰ ਮੋਹ ਲੈਂਦੀ ਹੈ। ਇਹ ਹਰ ਘਰ ਵਿਚ ਬਣੀ ਠਣੀ ਵਿਖਾਈ ਦਿੰਦੀ ਹੈ ਜੋ ਸਭ ਨੂੰ ਪਿਆਰੀ ਲਗਦੀ ਹੈ ਪਰ ਅਸਲ ਵਿਚ ਖੋਟੀ ਹੈ। ਆਪ ਵਿਚਾਰ ਪੇਸ਼ ਕਰਦੇ ਹਨ ਕਿ ਮਾਇਆ ਨੇ ਵਿਸ਼ਯ ਰੂਪੀ ਚਾਰਾ ਰਖਿਆ ਪਿਆ ਹੈ। ਤ੍ਰਿਸ਼ਣਾ -ਵਸ ਜੀਵ ਰੂਪੀ ਪੰਛੀ ਇਸ ਮਾਇਆ ਰੂਪੀ ਜਾਲ ਦੇ ਲੋਭ ਵਿਚ ਫਸ ਜਾਂਦਾ ਹੈ ਅਤੇ ਉਸ ਤੋਂ ਮੁਕਤ ਨਹੀਂ ਹੋ ਸਕਦਾ। ਆਪ ਹਨ:

ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ
ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਇ ਮਾਇ।[162]

ਸਿੱਖ ਗੁਰੂ ਸਾਹਿਬਾਨ 'ਮਾਇਆ' ਨੂੰ ਕਈ ਰੂਪਾਂ ਵਿਚ ਪੇਸ਼ ਕਰਦੇ ਹਨ। ਗੁਰੂ ਨਾਨਕ ਸਾਹਿਬ ਨੇ ਮਾਇਆ ਲਈ 'ਸਰਪਣੀ' ਦੇ ਰੂਪਕ ਵਜੋਂ ਪੇਸ਼ ਕੀਤਾ ਹੈ। ਉਨ੍ਹਾਂ ਅਨੁਸਾਰ ਮਾਇਆ ਰੂਪੀ ਸਰਪਣੀ ਨੇ ਜੀਵ ਨੂੰ ਆਪਣੇ ਵਸ ਵਿਚ ਕੀਤਾ ਹੋਇਆ ਹੈ। ਆਪ ਫੁਰਮਾਉਂਦੇ ਹਨ:

ਇਉ ਸਰਪਨਿ ਕੈ ਵਸਿ ਜੀਅੜਾ ਅੰਤਰਿ ਹਉਮੈ ਦੋਈ।[163]

ਗੁਰੂ ਅਮਰਦਾਸ ਜੀ ਅਨੁਸਾਰ 'ਮਾਇਆ' ਨਾਗਣੀ ਦਾ ਰੂਪ ਧਾਰ ਕੇ ਸਾਰੇ ਸੰਸਾਰ ਨੂੰ ਲਿਪਟੀ ਪਈ ਹੈ। ਉਹ ਅੱਗੇ ਕਹਿੰਦੇ ਹਨ ਕਿ ਜੋ ਜੋ ਇਸ ਦੀ ਸੇਵਾ ਕਰਦੇ ਹਨ ਉਨ੍ਹਾਂ ਨੂੰ ਹੀ ਇਹ ਖਾ ਜਾਂਦੀ ਹੈ। ਆਪ ਫੁਰਮਾਉਂਦੇ ਹਨ:

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ।[164]

ਗੁਰੂ ਅਰਜਨ ਦੇਵ ਜੀ ਮਾਇਆ ਨੂੰ ਅਜਿਹੀ ਇਸਤਰੀ ਕਹਿੰਦੇ ਹਨ ਜਿਸ ਦੇ ਮੱਥੇ ਤੇ ਤਿਊੜੀ ਹੈ, ਇਸ ਦੀ ਦ੍ਰਿਸ਼ਟੀ ਬਹੁਤ ਕਰੂਰ ਹੈ, ਜੁਬਾਨ ਰੁਖੀ ਹੈ, ਸਦਾ ਕੌੜੇ ਬੋਲ ਬੋਲਦੀ, ਨਿੱਤ ਭੁਖੀ ਰਹਿੰਦੀ ਅਤੇ ਆਪਣੇ ਪ੍ਰੀਤਮ ਨੂੰ ਹਮੇਸ਼ਾਂ ਦੂਰ ਸਮਝਦੀ ਹੈ। ਪਰਮਾਤਮਾ ਨੇ ਅਜਿਹੀ

ਇਸਤਰੀ ਬਣਾਈ ਹੈ ਜਿਸ ਨੇ ਸਾਰੇ ਜਗ ਨੂੰ ਖਾ ਲਿਆ ਹੈ। ਇਸੇ ਨੇ ਬ੍ਰਹਮਾ ਬਿਸਨ ਮਹਾਦੇਵ ਨੂੰ ਵੀ ਨਹੀਂ ਬਖਸਿਆ। ਗੁਰੂ ਸਾਹਿਬ ਲਿਖਦੇ ਹਨ:

ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ, ਬੋਲੈ ਕਉੜਾ ਜਿਹਬਾ ਕੀ ਫੂੜਿ।
ਸਦਾ ਭੂਖੀ ਪਿਰੁ ਜਾਨੈ ਦੂਰਿ ਐਸੀ ਇਸਤ੍ਰੀ ਇਕ ਰਾਮ ਉਪਾਈ
ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੇ ਭਾਈ। ਰਹਾਉ।
ਪਾਇ ਠਗਉਲੀ ਸਭੁ ਜਗੁ ਜੋਹਿਆ ਬ੍ਰਹਮਾ ਬਿਸਨੁ ਮਹਾਦੇਉ ਮੋਹਿਆ।[165]

ਗੁਰੂ-ਬਾਣੀ ਮਾਇਆ ਦੇ ਅਨੇਕ ਰੂਪਾਂ ਬਾਰੇ ਦੱਸ ਕੇ ਅਤੇ ਜੀਵ ਨੂੰ ਇਸ ਦੇ ਖਤਰਨਾਕ ਨਤੀਜਿਆਂ ਤੋਂ ਜਾਣੂ ਕਰਵਾ ਕੇ ਇਸ ਮੋਹਣੀ ਮਾਇਆ ਤੋਂ ਛੁਟਕਾਰਾ ਪਾਉਣ ਦੀ ਵਿਧੀ ਦੱਸਦੀ ਹੈ ਜਿਸ ਨਾਲ ਜੀਵ ਇਸ ਸਮੁੰਦਰ ਰੂਪੀ ਸੰਸਾਰ ਤੋਂ ਪਾਰ ਹੋ ਸਕਦਾ ਹੈ ਅਤੇ ਆਵਾਗਵਨ ਦੇ ਚੱਕਰ ਤੋਂ ਬਚ ਸਕਦਾ ਹੈ। ਗੁਰੂ-ਬਾਣੀ ਨੇ ਇਸ ਦੇ ਛੁਟਕਾਰੇ ਦੇ ਮੁੱਖ ਉਪਾਅ ਪ੍ਰਭੂ ਭਗਤੀ, ਗੁਰੂ ਦੀ ਸ਼ਰਣ ਨਾਮ ਸਿਮਰਨ ਸਾਧ ਸੰਗਤ ਆਦਿ ਦੱਸੇ ਹਨ।

ਗੁਰੂ ਨਾਨਕ ਸਾਹਿਬ ਨੇ ਜੀਵ ਨੂੰ ਮਾਇਆ ਤੋਂ ਛੁਟਕਾਰਾ ਪਾਉਣ ਲਈ ਬਾਣੀ ਦੁਆਰਾ ਪ੍ਰੇਰਣਾ ਦਿੱਤੀ ਹੈ।

ਆਖਰੁ ਸੁਨਣਾ ਪਾਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ।
ਖਸਮ ਕੀ ਨਦਰਿ ਦਿਲਹਿ ਪਸਿੰਦੇ ਜਿਨੀ ਕਰਿ ਏਕੁ ਧਿਆਇਆ।[166]

ਗੁਰੂ ਅਰਜਨ ਦੇਵ ਜੀ ਲਿਖਦੇ ਹਨ ਕਿ ਸਾਧ ਸੰਗਤ, ਸੰਤਾਂ ਦਾ ਸੰਗ ਅਤੇ ਉਹਨਾਂ ਦੀ ਚਰਨ ਧੂੜ੍ਹਦੀ ਪ੍ਰਾਪਤੀ ਹੀ ਮਾਇਆ ਤੋਂ ਛੁਟਕਾਰਾ ਦਿਵਾ ਸਕਦੀ ਹੈ ਪਰ ਸੰਤਾਂ ਦੀ ਸੰਗਤਿ ਪ੍ਰਭੂ ਦੀ ਕ੍ਰਿਪਾ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਸਾਧੂ ਸੰਤ-ਪੁਰਸ਼ਾਂ ਦੀ ਸੰਗਤਿ ਉਪਰ ਮਾਇਆ ਦਾ ਕੋਈ ਵਸ ਨਹੀਂ ਚਲਦਾ ਕਿਉਂਕਿ ਇਹ ਸੰਤਾਂ-ਭਗਤਾਂ ਦੀ ਦਾਸੀ ਹੈ।

– ਬ੍ਰਹਮ ਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ।
ਸਾਧਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ।[167]

- ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ।[168]

ਗੁਰੂ ਸਾਹਿਬ ਅੱਗੇ ਫੁਰਮਾਉਂਦੇ ਹਨ ਕਿ ਮਾਇਆ ਤੋਂ ਮੁਕਤੀ ਪ੍ਰਾਪਤੀ ਦਾ ਸਾਧਨ ਪ੍ਰਭੂ ਭਗਤੀ ਹੈ ਜਿਸ ਵਿਚ ਪ੍ਰਭੂ ਦਾ ਨਾਮ, ਉਸ ਦੀ ਸ਼ਰਣ ਅਤੇ ਗੁਰੂ ਦਾ ਸ਼ਬਦ ਵਿਸ਼ੇਸ਼ ਮਹੱਤਤਾ ਰਖਦੇ ਹਨ।

- ਹਰਿ ਜਪਿ ਮਾਇਆ ਬੰਧਨ ਤੂਟੈ।[169]
- ਪ੍ਰਭ ਕੀ ਓਟ ਰਾਹੀ ਤਉ ਛੂਟੈ। [170]
- ਮਾਇਆ ਮੋਹੁ ਗੁਰ ਸਬਦਿ ਜਲਾਏ।[171]

ਉਪਰੋਕਤ ਵਿਚਾਰਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਿੱਖ ਗੁਰੂ ਸਾਹਿਬਾਨ ਨੇ ਮਾਇਆ ਨੂੰ ਪ੍ਰਭੂ ਦੀ ਸ਼ਕਤੀ ਮੰਨਿਆ ਹੈ। ਉਨ੍ਹਾਂ ਜੀਵ ਨੂੰ ਇਸ ਦੇ ਪ੍ਰਭਾਵ ਤੋਂ ਜਾਣੂ ਕਰਵਾ ਕੇ ਇਸ ਤੋਂ ਨਿਰਲੇਪ ਰਹਿਣ ਲਈ ਪ੍ਰੇਰਿਆ ਹੈ। ਗੁਰੂ ਸਾਹਿਬ ਨੇ ਮਾਇਆ ਦੇ ਅਨੇਕ ਸਰੂਪਾਂ ਦਾ ਜ਼ਿਕਰ ਕੀਤਾ ਹੈ ਜਿਵੇਂ ਮਾਇਆ ਤ੍ਰੈਗੁਣੀ ਹੈ, ਮੋਹਣੀ, ਮਿਥਿਆ, ਕਾਲਰੂਪੀ, ਕਾਮਰੂਪੀ ਤੇ ਸੀਮਾ ਤੋਂ ਰਹਿਤ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਦੁਨਿਆਵੀ ਵਾਸ਼ਨਾਵਾਂ, ਤ੍ਰਿਸ਼ਨਾਵਾਂ ਸਾਰੀਆਂ ਮਾਇਆ ਦਾ ਹੀ ਰੂਪ ਹਨ। ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਮਾਇਆ ਦਾ ਤਿਆਗ ਪ੍ਰਭੂ ਦੀ ਕ੍ਰਿਪਾ ਅਤੇ ਗੁਰੂ ਦੇ ਉਪਦੇਸ਼ ਅਤੇ ਨਾਮ ਸਿਮਰਨ ਕਰਨ ਨਾਲ ਹੀ ਕੀਤਾ ਜਾ ਸਕਦਾ ਹੈ।

### ਮਿੱਥ ਅਤੇ ਦਰਸ਼ਨ ਆਧਾਰਿਤ ਜੀਵਾਤਮਾ ਦਾ ਸੰਕਲਪ:

ਜੀਵਾਤਮਾ ਤੋਂ ਭਾਵ ਹੈ ਦੇਹ ਸਥਿਤ ਆਤਮਾ (ਚੈਤਨਮ) [172]

ਮਨੂੰ ਸਿਮਰਤੀ ਅਨੁਸਾਰ ਸੁਖ ਦੁਖ ਦਾ ਅਨੁਭਵ ਕਰਨ ਵਾਲੀ ਸਰੀਰ-ਸਥਿਤ ਆਤਮਾ ਹੀ ਜੀਵਾਤਮਾ ਹੈ।[173] ਉਪਨਿਸ਼ਦਾਂ ਵਿਚ ਬ੍ਰਹਮ ਅਤੇ ਆਤਮਾ ਨੂੰ ਇਕ ਰੂਪ ਕਿਹਾ ਗਿਆ ਹੈ। ਇਸ ਅਨੁਸਾਰ ਆਤਮਾ ਨਿਤਰ ਹੈ, ਉਹ ਕਦੇ ਮਰਦੀ ਨਹੀਂ।[174]

ਜੀਵਾਤਮਾ ਬਾਰੇ ਵੱਖ-ਵੱਖ ਮਿੱਥਕ ਤੇ ਦਾਰਸ਼ਨਿਕ ਵਿਚਾਰ ਹੋਂਦ ਵਿਚ ਆਏ ਹਨ।

ਰਿਗਵੇਦ ਵਿਚ ਪਰਮਾਤਮਾ ਤੇ ਆਤਮਾ ਦੀ ਤੁਲਨਾ ਰੁੱਖ ਦੀ ਟਾਹਣੀ ਤੇ ਬੈਠੇ ਪੰਛੀਆਂ ਨਾਲ ਕੀਤੀ ਗਈ ਹੈ। ਜੋ ਆਪਸੀ ਮਿਤਰਤਾ ਭਾਵ ਰੱਖਣ ਵਾਲੇ ਹਨ।[175] ਗੀਤਾ ਵਿਚ ਵੀ ਇਸ ਦਾ ਵਰਨਣ ਆਉਂਦਾ ਹੈ ਕਿ ਆਤਮਾ ਨਾ ਕਦੇ ਜੰਮਦੀ ਹੈ, ਨਾ ਮਰਦੀ ਹੈ। ਇਹ ਅਜਨਮਾ, ਨਿਤਯ, ਸਨਾਤਨ ਅਤੇ ਪੁਰਾਣ ਹੈ। ਗੀਤਾ ਵਿਚ ਹੋਰ ਲਿਖਿਆ ਹੈ ਕਿ ਜਿਸ ਤਰ੍ਹਾਂ ਮਨੁੱਖ ਆਪਣੇ ਪੁਰਾਣੇ ਕੱਪੜਿਆਂ ਨੂੰ ਤਿਆਗ ਕੇ ਨਵੇਂ ਕਪੜੇ ਗ੍ਰਹਿਣ ਕਰ ਲੈਂਦਾ ਹੈ ਉਸੇ ਤਰ੍ਹਾਂ ਹੀ ਜੀਵ-ਆਤਮਾ ਵੀ ਪੁਰਾਣੇ ਸਰੀਰ ਨੂੰ ਛੱਡ ਕੇ ਨਵੇਂ ਸਰੀਰ ਨੂੰ ਗ੍ਰਹਿਣ ਕਰ ਲੈਂਦੀ ਹੈ।[176]

ਜੈਨ ਮੱਤ ਅਨੁਸਾਰ ਇਸ ਅਵਸਥਾ ਦੇ ਦੋ ਰੂਪ ਮੰਨੇ ਗਏ ਹਨ - ਭਾਗ ਤੇ ਦ੍ਰਵਯ। ਚੇਤਨ ਦ੍ਰਵ ਨੂੰ ਜੀਵ ਆਖਦੇ ਹਨ। ਇਸ ਮਤ ਅਨੁਸਾਰ ਹਰ ਇਕ ਵਸਤੂ ਇਕ ਸਰੂਪ ਨੂੰ ਛੱਡ ਕੇ ਦੂਸਰੇ ਸਰੂਪ ਨੂੰ ਧਾਰਨ ਕਰਦੀ ਰਹਿੰਦੀ ਹੈ।[177]

ਨਿਆਇ ਅਤੇ ਵੇਸਵਿਕ ਦਰਸ਼ਨ ਜੀਵ-ਆਤਮਾ ਨੂੰ ਦ੍ਰਿਸ਼ਟਾ, ਸਰਵੱਗ, ਸਰਵ ਵਿਆਪਕ ਮੰਨਦੇ ਹਨ। ਆਤਮਾ, ਸਰੀਰ, ਗਿਆਨ-ਇੰਦਰੀਆਂ, ਮਨ ਅਤੇ ਚੇਤਨਾ ਦੇ ਪ੍ਰਵਾਹ ਤੋਂ ਵੱਖਰੀ ਵਸਤੂ ਹੈ। ਇਸ ਦਾ ਅਨੁਭਵ ਮਾਨਸਿਕ ਸੂਝ ਦੁਆਰਾ ਪ੍ਰਾਪਤ ਹੋ ਸਕਦਾ ਹੈ। ਪਰ ਆਤਮਾ ਇਕ ਨਹੀਂ ਅਨੇਕ ਹਨ। ਹਰ ਇਕ ਸਰੀਰ ਵਿਚ ਵੱਖ-ਵੱਖ ਆਤਮਾ ਹਨ। ਮਨ ਅੰਤਮ ਦ੍ਰਵਯ ਹੈ ਜਿਸ ਦੀ ਸਹਾਇਤਾ ਨਾਲ ਆਤਮਾ ਸੁਖ ਦੁਖ ਦਾ ਅਨੁਭਵ ਕਰਦੀ ਹੈ।[178]

ਗੁਰੂ-ਬਾਣੀ ਵਿਚ ਵੀ ਜੀਵ-ਆਤਮਾ ਸਬੰਧੀ ਵਿਚਾਰ ਪੇਸ਼ ਹੋਏ ਹਨ। ਗੁਰੂ-ਬਾਣੀ ਵਿਚ ਜੜ੍ਹ ਅਤੇ ਚੇਤੰਨ ਦੋਵਾਂ ਨੂੰ ਵੱਖ ਵੱਖ ਮੰਨਿਆ ਗਿਆ ਹੈ। ਸਰੀਰ ਜੜ੍ਹ ਹੈ ਜੋ ਪੰਜਾਂ ਤੱਤਾਂ ਦਾ ਪੁਤਲਾ ਹੈ। ਚੇਤੰਨ ਪਰਮਾਤਮਾ ਸਰੂਪ ਹੈ। ਪਰਮਾਤਮਾ ਦੀ ਜੋਤਿ ਹੈ ਜੋ ਕਿ ਸਰੀਰ ਵਿਚ ਰੱਖੀ ਹੋਈ ਹੈ। ਇਸ ਸਬੰਧੀ ਗੁਰੂ ਸਾਹਿਬ ਸ਼ਬਦ ਉਚਾਰਦੇ ਹਨ:

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ
ਤਾ ਤੂ ਜਗ ਮਹਿ ਆਇਆ
ਹਰਿ ਜੋਤਿ ਰਖੀ ਤੁਧੁ ਵਿਚਿ

ਤਾ ਤੂੰ ਜਗ ਮਹਿ ਆਇਆ।[179]

ਗੁਰੂ ਸਾਹਿਬ ਨੇ 'ਚੇਤੰਨ' ਨੂੰ ਬ੍ਰਹਮ ਅਤੇ 'ਜੜ੍ਹ' ਨੂੰ 'ਸਰੀਰ' ਜਾਂ 'ਪਿੰਡ' ਕਿਹਾ ਹੈ। ਇਨ੍ਹਾਂ ਦੋਹਾਂ ਦੇ ਸੁਮੇਲ ਨਾਲ ਜੀਵ ਸਾਜਿਆ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ:

ਜੀਉ ਪਾਇ ਪਿੰਡੁ ਜਿਨਿ ਸਾਜਿਆ ਦਿਤਾ ਪੈਨਣੁ ਖਾਣੁ।[180]

ਗੁਰੂ-ਬਾਣੀ ਅਨੁਸਾਰ ਇਹ ਸਰੀਰ ਪੰਜਾਂ ਤੱਤਾਂ ਦਾ ਬਣਿਆ ਹੈ। ਇਸ ਪੰਜ ਤੱਤਾਂ ਦੇ ਪੁਤਲੇ ਰੂਪੀ ਸਰੀਰ ਤੋਂ ਜੀਵ ਦਾ ਅਸਤਿਤਵ ਵਖਰਾ ਹੈ। ਇਹ ਜੀਵ ਪਰਮਾਤਮਾ ਤੋਂ ਵਿਛੜਿਆ ਹੋਇਆ ਇਸੇ ਦੇਹੀ ਵਿਚ ਨਿਵਾਸ ਕਰਦਾ ਹੈ।

ਸੰਜੋਗ ਵਿਯੋਗ ਧੁਰਹੁ ਹੀ ਹੂਆ। ਪੰਚ ਧਾਤੁ ਕਰਿ ਪੁਤਲਾ ਕੀਆ

.................................................................[181]

ਇਹ ਪੰਜ ਤੱਤ ਪਰਮਾਤਮਾ ਦੁਆਰਾ ਰਚੇ ਹਨ ਅਤੇ ਸੰਜੋਗ ਵਸ ਇਹ ਪੰਜੇ ਇਕੱਠੇ ਹੁੰਦੇ ਹਨ ਇਸ ਦੇ ਨਾਲ ਪਰਮਾਤਮਾ ਨੇ ਹਉਮੈ ਵੀ ਪਾਈ ਹੈ। ਇਹੋ ਪੰਜੇ ਤੱਤਾਂ ਦਾ ਸਰੀਰ ਹੀ ਜੰਮਦਾ ਮਰਦਾ ਹੈ।

ਸਹਨ ਸੀਲ ਪਵਨ ਅਰੁ ਪਾਣੀ ਬੀਸੁਧਾ ਖਿਮਾ ਨਿਭਰਾਤੇ
ਪੰਜ ਤਤ ਮਿਲਿ ਪਇਓ ਸੰਜੋਗ ਇਨ ਮਹਿ ਕਵਨ ਦੁਰਾਤੇ
ਜਿਨਿ ਰਚਿ ਰਚਿਆ ਪੁਰਖ ਬਿਧਾਤੇ ਨਾਲੈ ਹਉਮੈ ਪਾਈ
ਜਨਮ ਮਰਣੁ ਉਸ ਹੀ ਕਉ ਹੈ ਰੇ ਉਹਾ ਆਵੈ ਜਾਈ।[182]

ਗੁਰੂ-ਬਾਣੀ ਅਨੁਸਾਰ ਜੀਵ ਦੀ ਉਤਪਤੀ ਪਰਮਾਤਮਾ ਦੇ ਹੁਕਮ ਅਨੁਸਾਰ ਹੁੰਦੀ ਹੈ। ਪਰਮਾਤਮਾ ਦੇ ਹੁਕਮ ਨਾਲ ਹੀ ਜੀਵ ਇਸ ਸੰਸਾਰ ਵਿਚ ਆਉਂਦਾ ਹੈ ਅਤੇ ਹੁਕਮ ਅਨੁਸਾਰ ਹੀ ਚਲਿਆ ਜਾਂਦਾ ਹੈ।। ਗੁਰੂ ਸਾਹਿਬ ਫੁਰਮਾਉਂਦੇ ਹਨ:

ਹੁਕਮੀ ਹੋਵਨਿ ਜੀਅ ਹੁਕਮ ਮਿਲੈ ਵਡਿਆਈ।

...............................................

ਹੁਕਮਿ ਆਵੈ ਹੁਕਮਿ ਜਾਈ, ਆਗੇ ਪਿਛੈ ਹੁਕਮਿ ਸਮਾਈ।[183]

ਉਪਰੋਕਤ ਤੋਂ ਇਹ ਸਪੱਸ਼ਟ ਹੈ ਕਿ ਜੀਵ ਅਤੇ ਪਰਮਾਤਮਾ ਦਾ ਸਬੰਧ ਅੰਸ਼ ਅਤੇ ਅੰਸ਼ੀ ਵਾਲਾ ਹੈ। ਇਸ ਲਈ ਇਨ੍ਹਾਂ ਦੋਹਾਂ ਵਿਚ ਅਭੇਦਤਾ ਹੈ। ਇਨ੍ਹਾਂ ਵਿਚ ਭੇਦ ਉਦੋਂ ਉਤਪੰਨ ਹੁੰਦਾ ਹੈ ਜਦੋਂ ਮਾਇਆ ਦੇ ਲਗਾਉ ਕਾਰਣ ਜੀਵ ਬ੍ਰਹਮ ਤੋਂ ਵੱਖ ਹੋ ਜਾਂਦਾ ਹੈ। ਸੰਸਾਰ ਵਿਚ ਭਟਕਦਾ ਹੋਇਆ ਮਨੁੱਖ ਮੌਤ ਉਪਰੰਤ ਫਿਰ ਬ੍ਰਹਮ ਵਿਚ ਸਮਾ ਜਾਂਦਾ ਹੈ।

## ਮੌਤ ਉਪਰੰਤ ਜੀਵ-ਆਤਮਾ ਦੀ ਸਥਿਤੀ ਸਬੰਧੀ ਮਿੱਥਕ ਅਤੇ ਦਾਰਸ਼ਨਿਕ ਦ੍ਰਿਸ਼ਟੀਕੋਣ:

ਮੌਤ ਕੀ ਹੈ? ਤੇ ਮੌਤ ਤੋਂ ਪਿਛੋਂ ਜੀਵਾਤਮਾ ਕਿਥੇ ਚਲੀ ਜਾਂਦੀ ਹੈ? ਆਦਿ ਅਜਿਹੇ ਪ੍ਰਸ਼ਨ ਹਨ ਜੋ ਮਨੁੱਖ ਨੂੰ ਆਦਿ ਕਾਲ ਤੋਂ ਹੀ ਦੁਬਦਾ ਵਿਚ ਪਾਈ ਬੈਠੇ ਹਨ। ਮਨੁੱਖ ਸਦੀਆਂ ਤੋਂ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਲੱਭ ਰਿਹਾ ਹੈ। ਹੁਣ ਤੱਕ ਇਸ ਸਬੰਧੀ ਸੰਸਾਰ ਦੇ ਕਈ ਵਿਦਵਾਨਾਂ ਤੇ ਧਾਰਮਕ ਪੁਰਖਾਂ ਨੇ ਆਪਣੇ ਮਿੱਥਕ ਤੇ ਦਾਰਸ਼ਨਿਕ ਵਿਚਾਰ ਪੇਸ਼ ਕੀਤੇ ਹਨ ਜੋ ਇਸ ਪ੍ਰਕਾਰ ਹਨ:

ਭੌਤਿਕਵਾਦੀ ਜੀਵ ਨੂੰ ਤੱਤਾਂ ਦਾ ਮੇਲ ਮੰਨਦੇ ਹਨ ਉਨ੍ਹਾਂ ਅਨੁਸਾਰ ਤੱਤਾਂ ਦਾ ਨਿਖੇੜ ਮੌਤ ਹੈ। ਅਣੂਆਂ ਦੇ ਸੰਘਟਨ ਸਮੇਂ ਜੀਵਨ ਹੁੰਦਾ ਹੈ ਅਤੇ ਵਿਘਟਨ ਸਮੇਂ ਜੀਵ ਦੀ ਮੌਤ ਹੋ ਜਾਂਦੀ ਹੈ, ਭੌਤਿਕ ਤੱਤ ਆਪਣੇ ਨਿਜ ਸਰੂਪ ਤੋਂ ਵੱਖ ਹੋ ਜਾਂਦੇ ਹਨ। ਇਸ ਸਿਧਾਂਤ ਦੇ ਹਾਮੀ ਚਾਰਵਾਕ, ਜੈਨਮਤ, ਬੁੱਧ ਮਤ, ਨਿਆਏ, ਵੈਸੇਸ਼ਿਕ, ਵਸੇਸ਼ਿਕ ਤੇ ਸ਼ਾਂਖ ਮੱਤ ਹਨ।[184]

ਆਤਮਵਾਦੀਆਂ ਅਨੁਸਾਰ ਸਰੀਰ ਤੇ ਆਤਮਾ ਦਾ ਵਿਛੋੜਾ ਮੌਤ ਹੈ। ਆਤਮਾ ਨਹੀਂ ਮਰਦੀ ਉਹ ਅਮਰ ਹੈ। ਜਦੋਂ ਤੱਕ ਆਤਮਾ ਸਰੀਰ ਵਿਚ ਨਿਵਾਸ ਕਰਦੀ ਹੈ ਤਾਂ ਜੀਵਨ ਹੁੰਦਾ ਹੈ, ਜਦੋਂ ਇਹ ਇਸ ਸਰੀਰ ਨੂੰ ਤਿਆਗ ਦਿੰਦੀ ਹੈ ਤਾਂ ਮੌਤ ਹੋ ਜਾਂਦੀ ਹੈ। ਵੇਦ, ਉਪਨਿਸ਼ਦ, ਗੀਤਾ, ਵੇਦਾਂਤੀ ਅਤੇ ਯੋਗ ਮਤ ਆਦਿ ਆਤਮਵਾਦੀ ਵਿਚਾਰਧਾਰਾ ਵਿਚੋਂ ਹਨ।[185]

ਭਾਰਤੀ ਵਿਚਾਰਧਾਰਾ ਵਧੇਰੇ ਕਰਕੇ ਆਤਮਵਾਦੀ ਵਿਚਾਰਧਾਰਾ ਦੀ ਹਾਮੀ ਹੈ ਕਿਉਂਕਿ ਸ਼ੁਰੂ ਤੋਂ ਹੀ ਇਸ ਵਿਚਾਰਧਾਰਾ ਦਾ ਬੋਲ-ਬਾਲਾ ਰਿਹਾ ਹੈ। ਵੇਦਾਂ, ਉਪਨਿਸ਼ਦਾਂ ਗੀਤਾ ਆਦਿ

ਵਿਚ ਇਸ ਵਿਚਾਰਧਾਰਾ ਨੂੰ ਪ੍ਰਮੁੱਖਤਾ ਪ੍ਰਦਾਨ ਕੀਤੀ ਗਈ ਹੈ। ਇਨ੍ਹਾਂ ਗ੍ਰੰਥਾਂ ਵਿਚ ਕਰਮ ਦੀ ਫਿਲਾਸਫੀ ਉਪਰ ਜ਼ੋਰ ਦਿੱਤਾ ਗਿਆ ਹੈ। ਇਨ੍ਹਾਂ ਅਨੁਸਾਰ ਵਿਅਕਤੀ ਜਿਹੋ ਜਿਹੇ ਕਰਮ ਕਰਦਾ ਹੈ ਉਹੋ ਜਿਹਾ ਫਲ ਉਸ ਨੂੰ ਅਗਲੇ ਜਨਮਾਂ ਵਿਚ ਮਿਲਦਾ ਹੈ। ਇਸ ਦਾ ਸੰਖੇਪ ਵਰਨਣ ਇਸ ਪ੍ਰਕਾਰ ਹੈ:

ਵੇਦਾਂ ਨੇ ਇਸ ਸਮੱਸਿਆ ਦੇ ਸਮਾਧਾਨ ਲਈ ਜੀਵ ਦੇ ਕਰਮਾਂ ਅਨੁਸਾਰ ਉਸ ਲਈ ਸੁਖਦਾਇਕ (ਸਵਰਗ) ਤੇ ਦੁਖਦਾਇਕ (ਨਰਕ) ਆਦਿ ਟਿਕਾਣੇ ਨਿਸ਼ਚਿਤ ਕੀਤੇ ਹਨ। ਉਤਮ ਪੁਰਸ਼ ਲਈ ਸ਼ਿਵਲੋਕ, ਬ੍ਰਹਮਲੋਕ, ਇੰਦਰਪੁਰੀ ਤੇ ਸਵਰਗ ਆਦਿ ਕਲਪੇ ਗਏ ਹਨ ਅਤੇ ਮੰਦਕਰਮੀਆਂ ਲਈ ਨਰਕ ਤੇ ਕੁੰਭੀ ਨਰਕ ਆਦਿ ਮਿੱਥਕ ਟਿਕਾਣੇ ਚਿਤਵੇ ਗਏ ਹਨ। ਵੇਦਾਂਤ, ਉਪਨਿਸ਼ਦ ਤੇ ਗੀਤਾ ਵਿਚ ਕਰਮ ਫਿਲਾਸਫ਼ੀ ਵਧੇਰੇ ਪ੍ਰਧਾਨ ਹੋਈ ਹੈ। ਇਨ੍ਹਾਂ ਅਨੁਸਾਰ ਜੀਵ ਨੂੰ ਉਸ ਦੇ ਚੰਗੇ ਮੰਦੇ ਕਰਮ ਦਾ ਫਲ ਭੋਗਣਾ ਅਤਿਅੰਤ ਜ਼ਰੂਰੀ ਹੈ। ਉਸ ਦੀਆਂ ਵਾਸ਼ਨਾਵਾਂ ਤੇ ਕਰਮਾਂ ਅਨੁਸਾਰ ਉਸ ਦੇ ਅਗਲੇ ਜਨਮਾਂ ਦਾ ਨਿਰਣਾ ਮੰਨਿਆ ਗਿਆ ਹੈ ਅਤੇ ਨਵੇਂ ਜਨਮ ਨੂੰ ਪਿਛਲੇ ਕਰਮਾਂ ਦਾ ਅਧਾਰ ਕਲਪਿਆ ਗਿਆ ਹੈ। ਇਸ ਸਿਧਾਂਤ ਨੇ ਹੀ ਆਵਾਗਵਨ ਤੇ 84 ਲੱਖ ਜੂਨ ਦੇ ਮਿੱਥਕ ਸੰਕਲਪ ਨੂੰ ਜਨਮ ਦਿੱਤਾ ਹੈ। ਇਸ ਤਰ੍ਹਾਂ ਭਾਰਤੀ ਵਿਚਾਰਧਾਰਾ ਵਿਚ ਮੌਤ ਤੋਂ ਪਿਛੋਂ ਜੀਵਾਤਮਾ ਲਈ ਤਿੰਨ ਮਾਰਗ - (1) ਮੁਕਤੀ, (2) ਸਵਰਗ ਤੇ ਨਰਕ (3) ਆਵਾਗਵਨ ਨਿਸ਼ਚਿਤ ਕੀਤੇ ਹਨ।[186]

ਇਸਾਈ ਮਤ ਨੇ ਆਪਣਾ ਇਸ ਸਬੰਧੀ ਆਪਣਾ ਮਿੱਥਕ ਸੰਕਲਪ ਪੇਸ਼ ਕੀਤਾ ਹੈ ਕਿ ਜੀਵ ਇਕ ਖਾਸ ਸਥਾਨ ਹੈਡਜ਼ ਲਾਈਫ (Hades life) ਤੇ ਜਾਂਦਾ ਹੈ। ਇਹ ਇਕ ਮੰਡਲ ਹੈ। ਜਿਥੇ ਜੀਵਾਤਮਾ ਉਤੇ ਈਸਾ ਦਾ ਆਤਮਕ ਉੱਚਤਾ ਦਾ ਤੇ ਚਰਚ ਦਾ ਪ੍ਰਭਾਵ ਹੁੰਦਾ ਹੈ। ਇਸ ਦਸ਼ਾ ਵਿਚ ਉਹ ਸਵਰਗ ਨੂੰ ਪ੍ਰਾਪਤ ਹੁੰਦਾ ਹੈ ਕਿਉਂਕਿ ਜੀਵ ਦਾ ਨਰਕ ਵਿਚ ਰਹਿਦਾ ਰੱਬ ਦੀ ਮਰਜੀ ਦੇ ਵਿਰੁਧ ਹੈ।[187]

ਇਸਲਾਮ ਮਤ ਨੇ ਆਪਣਾ ਮਿੱਥਕ ਦ੍ਰਿਸ਼ਟੀਕੋਣ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਮਰਨ ਉਪਰੰਤ ਰੱਬ ਰੂਹਾਂ ਨੂੰ ਕਬਰਾਂ ਵਿਚੋਂ ਉਠਾਉਂਦਾ ਹੈ ਤੇ ਇਨ੍ਹਾਂ ਦੇ ਅਮਲਾਂ ਦਾ ਹਿਸਾਬ ਕਰਦਾ ਹੈ। ਖੁਦਾ ਅਤੇ ਰਸੂਲ ਉਤੇ ਈਮਾਨ ਰੱਖਣ ਵਾਲੀਆਂ ਰੂਹਾਂ ਬਹਿਸ਼ਤ ਨੂੰ ਭੇਜੀਆਂ ਜਾਦੀਆਂ ਹਨ ਅਤੇ ਮੰਦੇ ਅਮਲਾਂ ਵਾਲੀਆਂ ਰੂਹਾਂ ਦੋਜਖ ਦੀ ਅੱਗ ਵਿਚ ਸੜਦੀਆਂ ਹਨ ਜਿੱਥੇ ਅਜਰਾਈਲ ਫਰਿਸਤਾਂ ਉਨ੍ਹਾਂ ਨੂੰ ਸਜਾਵਾਂ ਦਿੰਦਾ ਹੈ।[188]

ਗੁਰੂ-ਬਾਣੀ ਵੀ ਆਤਮਵਾਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੈ। ਗੁਰੂ ਸਾਹਿਬ ਅਨੁਸਾਰ ਜੀਵ ਮਰਨਹਾਰ ਨਹੀਂ ਇਹ ਤੱਤਾਂ ਦਾ ਵਿਜੋਗ ਹੁੰਦਾ ਹੈ। ਆਤਮਾ ਆਤਮਾ ਵਿਚ ਮਿਲ ਜਾਂਦੀ ਹੈ ਅਤੇ ਸਥੂਲ ਸਰੀਰ ਦੇ ਬਾਕੀ ਤੱਤ ਆਣੇ ਮੂਲ ਵਿਚ ਪ੍ਰੀਵਰਤਿਤ ਹੋ ਜਾਂਦੇ ਹਨ। ਗੁਰੂ ਸਾਹਿਬ ਇਸ ਬਾਬਤ ਲਿਖਦੇ ਹਨ:

ਪਵਨੈ ਮਹਿ ਪਵਨੁ ਸਮਾਇਆ।
ਜੋਤੀ ਮਹਿ ਜੋਤਿ ਰਲਿ ਜਾਇਆ।
ਮਾਟੀ ਮਾਟੀ ਹੋਈ ਏਕੁ
ਹੋਵਨਹਾਰੇ ਕੀ ਕਵਨ ਟੇਕ।[189]

ਗੁਰੂ ਸਾਹਿਬ ਅੱਗੇ ਲਿਖਦੇ ਹਨ ਕਿ ਜੰਮਨ ਮਰਨ ਵਾਲਾ ਕੋਈ ਪਦਾਰਥ ਨਹੀਂ। ਆਤਮਾ ਨਵਾਂ ਸਰੀਰ ਧਾਰਦੀ ਹੋਈ ਇਸ ਸੰਸਾਰ ਵਿਚ ਆਉਂਦੀ ਹੈ ਤੇ ਪੁਰਾਣਾ ਛੱਡ ਕੇ ਚਲੀ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:

ਨਹ ਕਿਛੁ ਜਨਮੈ ਨਹ ਕਿਛੁ ਮਰੈ
ਆਪਨ ਚਲਿਤੁ ਆਪਿ ਹੀ ਕਰੈ।[190]

ਗੁਰੂ-ਬਾਣੀ ਕਰਮ ਦੀ ਫਿਲਾਸਫੀ ਤੋਂ ਪ੍ਰਭਾਵਤ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ ਉਹੋ ਜਿਹਾ ਫਲ ਭੁਗਤਦਾ ਹੈ। ਆਪ ਸਮਝਾਉਂਦੇ ਹਨ ਕਿ ਜਿਨ੍ਹਾਂ ਨੇ ਨਾਮ ਸਿਮਰਨ ਕੀਤੇ ਹਨ, ਚੰਗੇ ਕਰਮ ਕੀਤੇ ਹਨ ਉਹ ਮੁਕਤੀ ਪ੍ਰਾਪਤ ਕਰ ਜਾਂਦੇ ਹਨ।

ਅਤੇ ਪ੍ਰਭੂ ਨਾਲ ਮਿਲ ਜਾਂਦੇ ਹਨ। ਪਰ ਜਿਸ ਨੇ ਮਾੜੇ ਕਰਮ ਕੀਤੇ ਹਨ ਅਤੇ ਪ੍ਰਭੂ ਦੇ ਨਾਮ ਸਿਮਰਨ ਦੀ ਅਰਾਧਨਾ ਨਹੀਂ ਕੀਤੀ ਉਹ ਜਨਮ ਮਰਨ ਦੇ ਚੱਕਰ, 84 ਲੱਖ ਜੂਨ ਵਿਚ ਪੈਂਦੇ ਹਨ ਅਤੇ 'ਨਰਕ' ਵਿਚ ਜਾਂਦੇ ਹਨ।

**ਮੌਤ ਉਪਰੰਤ ਜੀਵਾਤਮਾ ਨਾਲ ਸਬੰਧਿਤ ਮਿੱਥਕ ਪਾਤਰ, ਮਿੱਥਕ ਅਤੇ ਦਾਰਸ਼ਨਿਕ ਸੰਕਲਪ:**

ਜੀਵ ਦੀ ਮੌਤ ਉਪਰੰਤ ਜੀਵਾਤਮਾ ਨਾਲ ਸਬੰਧਿਤ ਹਰ ਧਰਮ ਦੇ ਪੈਰੋਕਾਰਾਂ ਤੇ ਗੁਰੂ ਪੀਰਾਂ ਵਿਦਵਾਨਾਂ ਨੇ ਕਈ ਪ੍ਰਕਾਰ ਦੇ ਮਿੱਥਕ ਪਾਤਰ, ਮਿੱਥਕ ਸੰਕਲਪ ਸਿਰਜ ਰੱਖੇ ਹਨ। ਹਿੰਦੂ ਧਰਮ ਅਤੇ ਇਸਲਾਮ ਵਿਚ ਯਮਰਾਜ ਜਾਂ ਯਮ, ਧਰਮਰਾਜ ਜਾਂ ਅਜਰਾਈਲ, ਚਿਤਰਗੁਪਤ ਆਦਿ ਮਿੱਥਕ ਪਾਤਰਾਂ ਦੇ ਵਰਨਣ ਤੋਂ ਇਲਾਵਾ ਆਵਾਗਵਣ ਚੌਰਾਸੀ ਲੱਖ ਜੂਨ ਅਤੇ ਸਵਰਗ/ਨਰਕ ਦੇ ਮਿੱਥਕ ਸੰਕਲਪ ਦਾ ਵਰਨਣ ਮਿਲਦਾ ਹੈ। ਗੁਰੂ-ਬਾਣੀ ਵਿਚ ਵੀ ਇਨ੍ਹਾਂ ਦਾ ਵਰਨਣ ਕਈ ਹਵਾਲਿਆਂ ਸੰਕੇਤਾਂ ਰਾਹੀਂ ਆਇਆ ਹੈ। ਇਨ੍ਹਾਂ ਬਾਰੇ ਜਾਣਕਾਰੀ ਅਸੀਂ ਅੱਗੇ ਪ੍ਰਾਪਤ ਕਰਾਂਗੇ। (ੳ) **ਮਿੱਥਕ ਪਾਤਰ**

**I. ਯਮਰਾਜ ਜਾਂ ਯਮ** : ਹਿੰਦੂ ਧਰਮ ਵਿਚ ਪੇਸ਼ ਮਿੱਥ ਅਨੁਸਾਰ ਯਮਰਾਜ ਜਾਂ ਯਮ ਉਹ ਦੇਵਤਾ ਹੈ ਜੋ ਪ੍ਰਾਣੀਆਂ ਦੀ ਜਾਨ ਕੱਢਦਾ ਹੈ। ਇਕ ਮਿੱਥ ਅਨੁਸਾਰ ਇਹ ਦੇਵਤਾ ਜੋ ਪ੍ਰਾਣੀਆਂ ਦੀ ਜਾਨ ਕੱਢਦਾ ਹੈ ਇਸ ਦਾ ਜਨਮ 'ਸੰਗਯਾ' ਦੇ ਪੇਟੋਂ ਸੂਰਜ ਦੁਆਰਾ ਦੱਸਿਆ ਜਾਂਦਾ ਹੈ। ਇਹ ਲਾਲ ਪੁਸ਼ਾਕ ਪਹਿਨਦਾ ਹੈ ਤੇ ਝੋਟੇ ਤੇ ਸਵਾਰੀ ਕਰਦਾ ਹੈ ਤੇ ਹੱਥ ਵਿਚ ਗੁਰਜ ਤੇ ਕੁਮੰਦ (ਫਾਹੀ) ਰਖਦਾ ਹੈ। ਇਹ ਵੀ ਲਿਖਿਆ ਹੈ ਕਿ ਇਹ 'ਸੰਯਮਨੀ' ਨਾਮੀ ਨਗਰੀ ਵਿਚ ਮਹਲ 'ਕਾਲੀਚੀ' ਵਿਚ ਰਹਿੰਦਾ ਹੈ ਤੇ ਇਸ ਦਾ ਆਸਣ 'ਵਿਚਾਰ-ਭੂ' ਅਖਵਾਉਂਦਾ ਹੈ ............

......... ਯਮ ਦਾ ਲਫ਼ਜੀ ਮਾਅਨਾ ਹੈ: ਰੋਕਣਾ, ਚਲਦੇ ਸਵਾਸਾਂ ਨੂੰ ਰੋਕਣ ਵਾਲਾ ਯਮ ਜਾਂ ਜਮ ਕਹਲਾਇਆ। ਇਸਲਾਮ ਅਨੁਸਾਰ ਅਜਰਾਈਲ ਫਰਿਸਤਾ ਇਹ ਕੰਮ ਕਰਦਾ ਹੈ। ਇਹ ਦੇਵਤਾ ਜਾਨ ਕੱਢ ਕੇ ਜੀਵਾਤਮਾ ਨੂੰ ਧਰਮਰਾਜ ਦੀ ਕਚਿਹਰੀ ਵਿਚ ਪੇਸ਼ ਕਰਦਾ ਹੈ।[191]

ਗੁਰੂ-ਬਾਣੀ ਵਿਚ ਯਮਰਾਜ ਜਾਂ ਯਮ ਦਾ ਵਰਨਣ ਮਿਲਦਾ ਹੈ ਪਰ ਗੁਰੂ ਸਾਹਿਬ ਨੇ ਯਮ ਦੀ ਇਸ ਮਿੱਥ ਕਥਾ ਨੂੰ ਨਵੇਂ ਅਰਥਾਂ ਵਿਚ ਵਰਤ ਕੇ ਮਨੁੱਖ ਨੂੰ ਸੁਚੇਤ ਕੀਤਾ ਹੈ ਕਿ ਮਨੁੱਖ ਨੂੰ ਇਕ ਦਿਨ ਯਮ ਨੇ ਆ ਕੇ ਘੇਰਨਾ ਹੈ ਅਤੇ ਉਸ ਨੂੰ ਧਰਮ ਰਾਜ ਦੀ ਕਚਹਿਰੀ ਵਿਚ ਲਿਜਾਣਾ ਹੈ। ਪਰ ਜੇਕਰ ਮਨੁੱਖ ਬੁਰੇ ਕਰਮਾਂ ਦਾ ਤਿਆਗ ਕਰਕੇ ਪ੍ਰਭੂ ਭਗਤੀ ਨਾਮ ਸਿਮਰਨ ਕਰਦਾ ਹੈ ਤਾਂ ਉਸ ਨੂੰ ਯਮ ਦਾ ਡਰ ਨਹੀਂ ਰਹਿੰਦਾ। ਪ੍ਰਭੂ ਭਗਤੀ ਰਾਹੀਂ ਜੇਕਰ ਮਨੁੱਖ ਗੁਰਮੁਖਾਂ ਦੇ ਰਾਹ ਤੇ ਚਲਦਾ ਹੈ ਤਾਂ ਯਮ ਵੀ ਉਸ ਅੱਗੇ ਗੋਡੇ ਟੇਕ ਦਿੰਦਾ ਹੈ ਅਤੇ ਸਵਾਗਤ ਨਾਲ ਪ੍ਰਭੂ ਦੇ ਦੁਆਰੇ ਤੇ ਲਿਜਾਂਦਾ ਹੈ। ਆਪ ਲਿਖਦੇ ਹਨ:

- ਕਹਾ ਕਰੈ ਬਪੁਰਾ ਜਮੁ ਡਰਪੈ ਗੁਰਮੁਖਿ ਰਿਦੈ ਮੁਰਾਰੀ।[192]
- ਜਮ ਮਗਿ ਨ ਜਾਵਹੁ ਨਾ ਦੁਖੁ ਪਾਵਹੁ।
  ਜਮ ਕਾ ਡਰੁ ਭਉ ਭਾਗੈ।[193]

**ਧਰਮਰਾਜ ਜਾਂ ਅਜਰਾਈਲ ਨਾਲ ਸਬੰਧਿਤ ਮਿੱਥ:**

ਹਿੰਦੂ ਧਰਮ ਵਿਚ ਪ੍ਰਚੱਲਿਤ ਮਿੱਥਕ ਵਿਸ਼ਵਾਸ ਅਨੁਸਾਰ ਜੀਵਨ ਦਾ ਅੰਤ ਕਰਨ ਵਾਲਾ ਯਮਰਾਜ ਅਤੇ ਜੀਵਾਂ ਦੇ ਕਰਮਾਂ ਦਾ ਹਿਸਾਬ ਅਤੇ ਨਿਆਂ ਕਰਨ ਵਾਲਾ ਧਰਮਰਾਜ ਹੈ। ਇਸਲਾਮ ਧਰਮ ਵਿਚ ਇਸ ਨੂੰ ਅਜਰਾਈਲ ਫਰਿਸਤਾ ਕਿਹਾ ਜਾਂਦਾ ਹੈ। ਆਮ ਖਿਆਲ ਹੈ ਕਿ ਮੌਤ ਤੋਂ ਬਾਅਦ ਸੰਸਾਰ ਦੇ ਜੀਵਾਂ ਨੂੰ ਧਰਮਰਾਇ ਜਾਂ ਧਰਮਰਾਜ ਦੀ ਕਚਿਹਰੀ ਵਿਚ ਪੇਸ਼ ਹੋਣਾ ਪੈਂਦਾ ਹੈ ਜਿਥੇ ਉਨ੍ਹਾਂ ਦੇ ਚੰਗੇ ਮੰਦੇ ਕਰਮਾਂ ਦਾ ਹਿਸਾਬ ਹੁੰਦਾ ਹੈ। ਬੁਰੇ ਕੰਮ ਕਰਨ ਵਾਲਿਆ ਨੂੰ ਨਰਕ ਤੇ ਚੰਗੇ ਕਰਮ ਵਾਲਿਆਂ ਨੂੰ ਸੁਰਗ ਵਿਚ ਭੇਜ ਦਿੱਤਾ ਜਾਂਦਾ ਹੈ। ਦੂਸਰੇ ਦੇਵਤਿਆਂ ਦੀ ਤਰ੍ਹਾਂ ਧਰਮਰਾਜ ਦੀ ਆਪਣੀ ਪੁਰੀ ਨੂੰ ਜਿਸ ਦਾ ਨਾ 'ਸੰਯਮਨੀ' ਹੈ। ਜਿਸ ਰਜਿਸਟਰ ਵਿਚ ਇਹ ਸਾਰਾ ਲੇਖਾ ਰੱਖਦਾ ਹੈ ਉਹ ਅੱਗ੍ਰਸੰਧਾਨੀ ਹੈ। ਚਿਤਰਗੁਪਤ ਇਸ ਦੇ ਦੋ ਵਿਸ਼ੇਸ਼ ਦੂਤ ਹਨ, ਜੋ ਮਨੁੱਖ ਦੇ ਚੰਗੇ ਮੰਦੇ ਦਾ ਲੇਖਾ ਰਖਦੇ ਹਨ ਤੇ ਮੌਤ ਤੋਂ ਬਾਅਦ ਪੇਸ਼ ਕਰਦੇ ਹਨ।[194]

ਗੁਰੂ-ਬਾਣੀ ਵਿਚ ਧਰਮ ਰਾਜ ਅਤੇ ਅਜਰਾਈਲ ਫਰਿਸਤੇ ਦਾ ਜ਼ਿਕਰ ਕਈ ਵਾਰ ਆਉਂਦਾ ਹੈ। ਇਸ ਦੇਵਤੇ ਦਾ ਹਵਾਲਾ ਦੇ ਕੇ ਗੁਰੂ ਸਾਹਿਬ ਨੇ ਬ੍ਰਹਮ (ਪਰਮਾਤਮਾ) ਦੇ ਨਿਆਂਕਾਰੀ ਕਰਤਵ ਦਾ ਮਾਨਵੀਕਰਨ ਕੀਤਾ ਹੈ। ਉਨ੍ਹਾਂ ਨੇ ਇਸ ਦੇਵਤਾ ਦਾ ਮਾਨਵੀਕਰਨ ਕਰਕੇ ਮਨੁੱਖ ਨੂੰ ਸੁਚੇਤ ਕੀਤਾ ਹੈ। ਕਿ ਉਹ ਚੰਗੇ ਅਤੇ ਨੇਕੀ ਵਾਲੇ ਕੰਮਾਂ ਵੱਲ ਆਪਣੇ ਕਦਮ ਵਧਾਏ। ਗੁਰੂ ਸਾਹਿਬ ਮਨੁੱਖ ਨੂੰ ਬਾਰ-ਬਾਰ ਸੁਚੇਤ ਕਰਦੇ ਹਨ ਕਿ ਉਸ ਨੂੰ ਬੁਰੇ ਕਰਮਾਂ ਦਾ ਲੇਖਾ ਜੋਖਾ ਧਰਮਰਾਜ ਦੀ ਕਚਹਿਰੀ ਵਿਚ ਦੇਣਾ ਹੀ ਪੈਣਾ ਹੈ। ਉਪਰੋਕਤ ਤੋਂ ਇਲਾਵਾ ਗੁਰੂ ਸਾਹਿਬ ਨੇ ਧਰਮਰਾਜ ਪ੍ਰਤੀ ਪਏ ਵਿਸ਼ਵਾਸ ਨੂੰ ਵੀ ਦਿਸ਼ਾ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਧਰਮਰਾਜ ਕੋਈ ਅਜਿਹੀ ਸ਼ਕਤੀ ਨਹੀਂ ਜੋ ਜੀਵਾਤਮਾ ਨੂੰ ਆਪਣੀ ਮਰਜੀ ਨਾਲ ਸਜਾ ਦੇ ਸਕਦਾ ਹੈ। ਉਹ ਤਾਂ ਬ੍ਰਹਮ ਦਾ ਨੌਕਰ ਹੈ ਅਤੇ ਉਸ ਦੇ ਹੁਕਮ ਅਨੁਸਾਰ ਚਲਦਾ ਹੈ। ਉਹ ਤਾਂ ਬ੍ਰਹਮ ਦੇ ਹੁਕਮ ਨਾਲ ਜੀਵਾਂ ਦਾ ਲੇਖਾ ਜੋਖਾ ਰੱਖਦਾ ਹੈ। ਆਪ ਫੁਰਮਾਉਂਦੇ ਹਨ:

ਧਰਮ ਰਾਇ ਨੋ ਹੁਕਮੁ ਹੇ, ਬਹਿ ਸਚਾ ਧਰਮੁ ਬੀਚਾਰਿ
ਦੂਜੇ ਭਾਇ ਦੁਸਟੁ ਆਤਮਾ, ਉਹ ਤੇਰੀ ਸਰਕਾਰ
ਅਧਿਆਤਮੀ ਹਰਿ ਗੁਣ ਤਾਸ ਮਨਿ ਜਪਹਿ ਏਕੁ ਮੁਰਾਰਿ
ਤਿਨ ਕੀ ਸੇਵਾ ਧਰਮ ਰਾਇ ਕਰੇ, ਧੰਨੁ ਸਵਾਰਣਹਾਰ।[195]

ਇਸ ਤਰ੍ਹਾਂ ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਧਰਮਰਾਜ ਨੂੰ ਜੋ ਹੁਕਮ ਹੈ ਉਹ ਉਸ ਮੁਤਾਬਕ ਕੰਮ ਕਰਦਾ ਹੈ। ਜੋ ਵਿਅਕਤੀ ਪ੍ਰਭੂ ਭਗਤੀ, ਨਾਮ ਸਿਮਰਨ ਕਰਦਾ ਹੈ ਚੰਗੇ ਕਰਮ ਕਰਦਾ ਹੈ ਤੇ ਇਕ ਪ੍ਰਭੂ ਦਾ ਨਾਮ ਜਪਦਾ ਹੈ, ਉਸ ਦੀ ਸੇਵਾ ਵਿਚ ਧਰਮਰਾਜ ਹਾਜ਼ਰ ਹੁੰਦਾ ਹੈ ਅਤੇ ਉਸ ਨੂੰ ਸੁਆਗਤ ਨਾਲ ਲਿਜਾਂਦਾ ਹੈ। ਉਹ ਗੁਰਮੁਖਾਂ ਅਤੇ ਭਲੇ ਪੁਰਸ਼ਾਂ ਦਾ ਆਪਣੀ ਨਗਰੀ ਵਿਚ ਸਵਾਗਤ ਕਰਨਾ ਸ਼ੁਭ ਸ਼ਗਨ ਸਮਝਦਾ ਹੈ।

ਗੁਰੂ ਸਾਹਿਬ ਅੱਗੇ ਫੁਰਮਾਉਂਦੇ ਹਨ ਕਿ ਜੋ ਮਨੁੱਖ ਪ੍ਰਭੂ ਭਗਤੀ, ਨਾਮ ਸਿਮਰਨ ਵਿਚ ਲੀਨ ਹੋ ਕੇ, ਚੰਗੇ ਕੰਮ ਕਰਕੇ, ਨੇਕੀ ਕਰਕੇ ਗੁਰਮੁਖ ਬਣ ਜਾਂਦੇ ਹਨ ਉਸ ਦਾ ਲੇਖਾ ਜੋਖਾ

ਪਰਮਾਤਮਾ ਆਪ ਕਰਦਾ ਹੈ ਅਤੇ ਧਰਮਰਾਜ ਦੁਆਰਾ ਕੀਤੇ ਹਿਸਾਬ ਕਿਤਾਬ ਨੂੰ ਫਾੜ ਦਿੰਦਾ ਹੈ। ਆਪ ਫੁਰਮਾਉਂਦੇ ਹਨ:

ਧਰਮ ਰਾਇ ਅਬ ਕਹਾ ਕਰੈਗੋ।
ਜਉ ਫਾਟਿਓ ਸਗਲੋ ਲੇਖਾ।[196]

**ਚਿਤਰਗੁਪਤ :**

ਹਿੰਦੂ ਧਰਮ ਵਿਚ ਪ੍ਰਚੱਲਿਤ ਪੁਰਾਣਿਕ ਰਵਾਇਤ ਅਨੁਸਾਰ ਮਨੁੱਖ ਦੇ ਨਾਲ ਰਹਿ ਕੇ ਗੁਪਤ ਤਰੀਕੇ ਨਾਲ ਇਸ ਦੇ ਅਮਲ ਲਿਖਣ ਵਾਲਾ ਮੁਨਸ਼ੀ ਚਿਤਰਗੁਪਤ ਹੈ। ਕਈ ਇਸ ਨੂੰ ਕਾਇਸਥ ਲੋਕਾਂ ਦਾ ਵਡੇਰਾ ਵੀ ਦਸਦੇ ਹਨ।

ਸਕੰਦ ਪੁਰਾਣ ਮੁਤਾਬਿਕ ਚਿਤਰ ਨਾਂ ਦਾ ਰਾਜਾ ਲੇਖੇ ਵਿਚ ਬੜਾ ਚਤੁਰ ਸੀ ਇਸ ਲਈ ਧਰਮਰਾਜ ਨੇ ਉਸ ਨੂੰ ਆਪਣੇ ਪਾਸ ਰੱਖ ਲਿਆ। ਗਰੁੜ ਪੁਰਾਣ ਦੀ ਲਿਖਤ ਅਨੁਸਾਰ ਚਿਤਰ ਗੁਪਤ ਦੀ ਪੁਰੀ ਧਰਮਰਾਜ ਦੇ ਲਾਗੇ ਹੀ ਹੈ ਜੋ ਕਿ ਮਨੁੱਖ ਦੇ ਸਾਰੇ ਕਰਮਾਂ ਦਾ ਲੇਖਾ ਕਰਦੀ ਹੈ। ਕਈ ਚਿਤਰ ਤੇ ਗੁਪਤ ਦੋ ਕਰਮਚਾਰੀ ਮੰਨਦੇ ਹਨ।[197]

ਗੁਰੂ-ਬਾਣੀ ਵਿਚ ਉਪਰੋਕਤ ਬਾਕੀ ਪਾਤਰਾਂ ਦੀ ਪੇਸ਼ਕਾਰੀ ਤਾਂ ਮਿਲਦੀ ਹੈ ਪਰ ਗੁਰੂ ਸਾਹਿਬ ਨੇ ਇਹ ਪਾਤਰ ਦਾ ਵੀ ਮਾਨਵੀਕਰਨ ਕਰਕੇ ਮਨੁੱਖ ਨੂੰ ਨਵੀਂ ਸੇਧ ਦੇਣ ਦੀ ਕੋਸ਼ਿਸ਼ ਕੀਤੀ ਹੈ। ਗੁਰੂ ਸਾਹਿਬ ਨੇ ਮਨੁੱਖ ਨੂੰ ਸੁਚੇਤ ਕੀਤਾ ਹੈ ਕਿ ਮਨੁੱਖ ਦਾ ਹਰ ਸਮੇਂ ਲੇਖਾ ਜੋਖਾ ਬ੍ਰਹਮ ਦਾ ਕਰਮਚਾਰੀ ਚਿਤਰਗੁਪਤ ਕਰਦਾ ਹੈ। ਇਸ ਲਈ ਉਸ ਨੂੰ ਚੰਗੇ ਕਰਮ ਕਰਨੇ ਚਾਹੀਦੇ ਹਨ। ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਜੇਕਰ ਉਹ ਬ੍ਰਹਮ ਦਾ ਨਾਮ ਸਿਮਰਨ ਕਰੇ, ਚੰਗੇ ਕਰਮ ਕਰੇ ਤਾਂ ਚਿਤਰ ਗੁਪਤ ਦੁਆਰਾ ਕੀਤੇ ਹਿਸਾਬ ਕਿਤਾਬ ਦਾ ਲੇਖਾ ਜੋਖਾ ਖਤਮ ਹੋ ਜਾਂਦਾ ਹੈ। ਬ੍ਰਹਮ ਆਪ ਗੁਰਮੁਖਾਂ ਦੇ ਹਿਸਾਬ ਕਿਤਾਬ ਦੇ ਕਾਗਜ ਫੜ ਦਿੰਦਾ ਹੈ। ਆਪ ਲਿਖਦੇ ਹਨ:

- ਚਿਤ੍ ਗੁਪਤ ਕਾ ਕਾਗਦੁ ਫਾਰਿਆ, ਜਮਦੂਤਾ ਕਛੂ ਨਾ ਚਲੀ।[198]
- ਜਬ ਅਬਿਗਤ ਅਗੋਚਰ ਪ੍ਰਭੁ ਏਕਾ
  ਤਬ ਚਿਤ੍ ਗੁਪਤ ਕਿਸੁ ਪੂਛਤ ਲੇਖਾ।[199]

## ਆਵਾਗਵਨ ਦਾ ਮਿੱਥਕ ਅਤੇ ਦਾਰਸ਼ਨਿਕ ਸੰਕਲਪ:

ਇਹ ਸ਼ਬਦ ਸੰਸਕ੍ਰਿਤ ਤੋਂ ਨਿਕਲਿਆ ਸ਼ਬਦ ਹੈ ਜਿਸ ਦਾ ਅਰਥ ਹੈ ਜਨਮ, ਮਰਣ, ਪੈਦਾ ਹੋਣਾ, ਮਰਨਾ।[200] ਹਿੰਦੂ ਸਾਹਿਤ ਅਤੇ ਧਰਮ ਵਿਚ ਪ੍ਰਚੱਲਿਤ ਮਿੱਥ ਅਨੁਸਾਰ ਮਨੁੱਖ ਨੂੰ ਉਸ ਦੇ ਕੀਤੇ ਕਰਮਾਂ ਅਨੁਸਾਰ ਅਗਲਾ ਜਨਮ ਮਿਲਦਾ ਹੈ। ਜੇ ਮਨੁੱਖ ਭਲੇ ਕੰਮ ਕਰਦਾ ਹੈ ਤਾਂ ਉਸ ਨੂੰ ਅਗਲੇ ਜਨਮ ਵਿਚ ਚੰਗਾ ਘਰ ਮਿਲਦਾ ਹੈ। ਜੇਕਰ ਮਨੁੱਖ ਮਾੜੇ ਕੰਮ ਕਰਦਾ ਹੈ ਤਾਂ ਉਸ ਨੂੰ ਅਗਲੇ ਜਨਮ ਵਿਚ ਮਾੜਾ ਘਰ ਮਿਲਦਾ ਹੈ। ਗੀਤਾ ਵਿਚ ਵੀ ਇਹ ਹੀ ਉਪਦੇਸ਼ ਦਿੱਤਾ ਗਿਆ ਹੈ। ਇਸ ਤਰ੍ਹਾਂ ਕਰਮਾਂ ਸਦਕਾ ਹੀ ਮਨੁੱਖ ਆਵਾਗਵਨ ਦੇ ਚੱਕਰ ਵਿਚ ਪਿਆ ਸਵਰਗ/ਨਰਕ ਚੌਰਾਸੀ ਲੱਖ ਜੂਨਾਂ ਭੋਗਦਾ ਹੈ ਅਤੇ ਅੰਤ ਮਨੁੱਖਾ ਜਨਮ ਵਿਚ ਆਉਂਦਾ ਹੈ।[201]

ਗੁਰੂ-ਬਾਣੀ ਵਿਚ ਵੀ ਆਵਾਗਵਨ ਦੇ ਚੱਕਰ ਸਬੰਧੀ ਚਰਚਾ ਮਿਲਦੀ ਹੈ। ਗੁਰੂ-ਬਾਣੀ ਅਨੁਸਾਰ ਮਨੁੱਖ ਦੇ ਮਰਨ ਉਪਰੰਤ ਹਾਲਤ ਦੋ ਤਰ੍ਹਾਂ ਦੀ ਹੁੰਦੀ ਹੈ। ਕਰਮਾਂ ਦੇ ਚੰਗੇ, ਮੰਦੇ ਫਲ ਭੋਗਣ ਵਾਲਿਆ ਲਈ ਤਾਂ ਆਵਾਗਵਨ ਹੈ ਤੇ ਮੁਕਤ ਆਤਮਾਵਾਂ ਲਈ ਸੱਚ ਖੰਡ ਹੈ। ਬ੍ਰਹਮ ਵਿਚ ਅਭੇਦਤਾ ਹੈ, ਮੁਕਤੀ ਹੈ। ਗੁਰੂ ਸਾਹਿਬ ਇਸ ਆਵਾਗਵਨ ਦੇ ਚੱਕਰ ਨੂੰ ਪ੍ਰਵਾਨ ਕਰਦੇ ਹੋਏ ਕਹਿੰਦੇ ਹਨ ਕਿ ਇਹ ਸਭ ਪਰਮਾਤਮਾ ਦੀ ਮਾਇਆ ਕਾਰਣ ਹੈ। ਆਪ ਲਿਖਦੇ ਹਨ:

ਆਵਾ ਗਉਣ ਹੈ ਸੰਸਾਰਾ
ਮਾਇਆ ਮੋਹ ਚਿਤੈ ਬਿਕਾਰਾ।[202]

ਗੁਰੂ ਸਾਹਿਬ ਅਨੁਸਾਰ ਇਹ ਆਵਾਗਵਨ ਮਾਇਆ ਕਾਰਣ ਹੈ ਕਿਉਂਕਿ ਮਾਇਆ ਹੀ ਮਨੁੱਖ ਤੋਂ ਚੰਗੇ ਮਾੜੇ ਕੰਮ ਕਰਵਾਉਂਦੀ ਹੈ। ਜਿਸ ਤਰ੍ਹਾਂ ਦੇ ਕੰਮ ਮਨੁੱਖ ਕਰਦਾ ਹੈ ਉਹੋ ਜਿਹੇ ਫਲ ਦੀ ਪ੍ਰਾਪਤੀ ਉਸ ਨੂੰ ਹੁੰਦੀ ਹੈ।

ਜੇਹੈ ਕਰਮ ਕਮਾਇ ਤੇਹਾ ਹੋਇਸੀ।[203]

ਗੁਰੂ ਸਾਹਿਬ ਅੱਗੇ ਫੁਰਮਾਉਂਦੇ ਹਨ ਕਿ ਕਰਮਾਂ ਸਦਕਾ ਹੀ ਜੀਵ ਆਵਾਗਵਨ ਦੇ ਚੱਕਰ ਵਿਚ ਪੈਂਦਾ ਹੈ ਅਤੇ ਚੌਰਾਸੀ ਲੱਖ ਜੂਨ ਭੁਗਤਨ ਉਪਰੰਤ ਮਨੁੱਖਾ ਜੂਨ ਵਿਚ ਆਉਂਦਾ ਹੈ।

ਲਖ ਚਉਰਾਸੀਜੋਨ ਸਬਾਈ। ਮਾਣਸ ਕਉ ਪ੍ਰਭਿ ਦੀਈ ਵਡਿਆਈ।

..............................................................

..............................................................[204]

ਗੁਰੂ ਸਾਹਿਬ ਆਵਾਗਵਨ ਦੇ ਸੰਕਲਪ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਦੇ ਹੋਏ ਅਤੇ ਪੁਰਾਤਨ 'ਮਿੱਥਕ ਸੰਕਲਪ ਨੂੰ ਤੋੜਦੇ ਹੋਏ ਮਨੁੱਖ ਨੂੰ ਇਸ ਆਵਾਗਵਨ ਦੇ ਚੱਕਰ ਤੋਂ ਛੁਟਕਾਰਾ ਪਾਉਣ ਦਾ ਰਾਹ ਦੱਸਦੇ ਹਨ। ਆਪ ਅੱਗੇ ਸਮਝਾਉਂਦੇ ਹਨ ਕਿ ਜੋ ਜੀਵ ਮਨੁੱਖੀ ਦੇਹੀ ਵਿਚ ਗੁਰੂ ਦੀ ਸ਼ਰਨ ਵਿਚ ਆ ਕੇ ਨਾਮ ਸਿਮਰਨ ਕਰਦੇ ਹਨ ਉਹ ਆਵਾਗਵਨ ਦੇ ਚੱਕਰ ਤੋਂ ਮੁਕਤ ਹੋ ਜਾਂਦੇ ਹਨ। ਭਾਵ ਬ੍ਰਹਮ ਨਾਲ ਲੀਨ ਹੋ ਕੇ ਮੁਕਤੀ ਪ੍ਰਾਪਤ ਕਰ ਲੈਂਦੇ ਹਨ। ਉਨ੍ਹਾਂ ਨੂੰ ਚੌਰਾਸੀ ਲੱਖ ਜੂਨਾਂ ਵਿਚ ਨਹੀਂ ਭਟਕਣਾ ਪੈਂਦਾ।

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ।

ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ।

ਆਵਣ ਜਾਣੁ ਰਹਿਓ।

ਤਪਤ ਕੜਾਹਾ ਬੁਝਿ ਗਇਆ

ਗੁਰਿ ਸੀਤਲ ਨਾਮ ਦੀਓ। ੧ ਰਹਾਉ। ਪ।੧੪।[205]

ਇਸ ਤਰ੍ਹਾਂ ਗੁਰੂ ਸਾਹਿਬ ਨੇ ਆਵਾਗਵਨ ਦੇ ਮਿੱਥ ਸੰਕਲਪ ਨੂੰ ਤੋੜਦੇ ਹੋਏ ਲੋਕ ਵਿਸ਼ਵਾਸ ਨੂੰ ਨਵੀਂ ਸੇਧ ਪ੍ਰਦਾਨ ਕੀਤੀ ਹੈ ਕਿ ਜੀਵ ਮਨੁੱਖੀ ਦੇਹ ਵਿਚ ਆ ਕੇ ਗੁਰੂ ਦੁਆਰਾ ਦਿਤੇ ਨਾਮ ਦਾ ਸਿਮਰਨ ਕਰਕੇ ਗੁਰਮਤਿ ਦੇ ਰਾਹ ਤੇ ਚਲਦਾ ਹੋਇਆ ਆਵਾਗਵਨ ਦੇ ਚੱਕਰ ਵਿਚੋਂ ਨਿਕਲ ਸਕਦਾ ਹੈ। ਭਾਵ ਮੁਕਤੀ ਪ੍ਰਾਪਤ ਕਰ ਸਕਦਾ ਹੈ।

### 84 ਲੱਖ ਜੂਨ ਦੀ ਮਿੱਥ ਦਾ ਮਿੱਥਕ ਅਤੇ ਦਾਰਸ਼ਨਿਕ ਸੰਕਲਪਃ

ਪ੍ਰਾਚੀਨ ਕਾਲ ਤੋਂ ਹੀ ਹਿੰਦੂ ਧਰਮ ਗ੍ਰੰਥਾਂ ਵਿਚ ਚੌਰਾਸੀ ਲੱਖ ਜੂਨ ਦੇ ਸੰਕਲਪ ਦਾ ਵਰਨਣ ਮਿਲਦਾ ਹੈ। ਇਨ੍ਹਾਂ ਗ੍ਰੰਥਾਂ ਵਿਚ ਇਨ੍ਹਾਂ ਜੂਨਾਂ ਦੀ ਵੰਡ ਇਸ ਤਰ੍ਹਾਂ ਹੈਃ ਜਲ ਜੀਵ ਨੌ ਲੱਖ, ਹਵਾ ਵਿਚ ਉਡਣ ਵਾਲੇ ਪੰਛੀ ਆਦਿ ਦਸ ਲੱਖ, ਧਰਤੀ ਤੇ ਸਥਿੱਰ ਰਹਿਣ ਵਾਲੇ ਬਿਰਛ

ਆਦਿ ਵੀਹ ਲੱਖ, ਪੇਟ-ਭਾਰ ਚਲਣ ਵਾਲੇ ਜੀਵ ਜਿਵੇ ਸੱਪ, ਗੰਡੋਏ ਆਦਿ ਗਿਆਰਾਂ ਲੱਖ, ਚੋਪਾਏ ਜਾਨਵਰ ਤੀਹ ਲੱਖ, ਬਾਂਦਰ ਬਨਮਾਨੁਸ ਅਤੇ ਮਨੁੱਖ ਆਦਿ ਚਾਰ ਲੱਖ।[206]

ਜੈਨ ਧਰਮ ਵਿਚ ਇਨ੍ਹਾਂ ਜੂਨਾਂ ਦਾ ਵੇਰਵਾ ਇਸ ਪ੍ਰਕਾਰ ਹੈ: ਸੱਤ ਲੱਖ ਪ੍ਰਿਥਵੀ ਵਿਚ; ਸੱਤ ਲੱਖ ਜਲ ਵਿਚ; ਸੱਤ ਲੱਖ ਪੌਣ ਵਿਚ; ਸੱਤ ਲੱਖ ਅਗਨੀ ਵਿਚ; ਦਸ ਲੱਖ ਕੰਦ (ਗਾਜਰ ਮੂਲੀ) ਵਿਚ; ਚੌਦਾਂ ਲੱਖ ਝਾੜੀਆਂ; ਬ੍ਰਿਛ ਆਦਿ ਵਿਚ; ਦੋ ਲੱਖ ਇੰਦਰੀਆਂ ਵਾਲੇ ਜੀਵ ਅਰਥਾਤ ਜੋ (ਤਵਚਾ ਮੁੱਖ ਤੇ ਨੇਤਰੇ ਵਾਲੇ), ਚਾਰ ਲੱਖ ਸਵਰਗ ਵਿਚ ਰਹਿਣ ਵਾਲੇ ਦੇਵਤਾ; ਚਾਰ ਲੱਖ ਨਰਕ ਦੇ ਜੀਵ, ਚੌਦਾਂ ਲੱਖ ਮਨੁੱਖ ਜਾਤੀ ਦੇ ਜੀਵ (ਜਿਨ੍ਹਾਂ ਵਿਚ ਇਕ ਟੰਗੇ ਅਤੇ ਦੋ ਟੰਗੇ); ਚਾਰ ਲੱਖ ਚੌਪਾਏ ਪਸ਼ੂ।[207]

ਗੁਰੂ-ਬਾਣੀ ਵਿਚ ਵੀ ਚੌਰਾਸੀ ਲੱਖ ਜੂਨ ਦਾ ਵਰਨਣ ਮਿਲਦਾ ਹੈ ਜਿਵੇਂ:

ਚਵਰਾਸੀਹ ਲਖ ਜੋਨਿ ਉਪਾਈ
ਰਿਜਕੁ ਦੀਆ ਸਭ ਹੂ ਕਉ ਤਦ ਕਾ।[208]

ਪਰ ਗੁਰੂ ਸਾਹਿਬ ਇਨ੍ਹਾਂ ਜੀਵ ਜੰਤੂਆਂ ਦੀ ਗਿਣਤੀ ਭੇਦ ਵਜੋਂ ਅਨੰਤ ਹੀ ਦੱਸਦੇ ਹਨ। ਗੁਰੂ ਸਾਹਿਬ ਅਨੁਸਾਰ ਬ੍ਰਹਮ ਦੁਆਰਾ ਬਣਾਈ ਸ੍ਰਿਸ਼ਟੀ ਦੇ ਜੀਵ ਜੰਤੂਆਂ ਨੂੰ ਕਿਸੇ ਖਾਸ ਸੀਮਾ ਤੱਕ ਬੱਧਾ ਨਹੀਂ ਜਾ ਸਕਦਾ। ਇਨ੍ਹਾਂ ਜੀਵ ਜੰਤੂਆਂ ਦੀਆਂ ਅਨੇਕ ਜਾਤੀਆਂ, ਅਨੰਤ ਰੰਗ ਅਤੇ ਅਨੰਤ ਨਾਂ ਹਨ।

ਤਿਸਿ ਵਿਚ ਜੀਅ ਜੁਗਤਿ ਕੇ ਰੰਗ।[209]

ਗੁਰੂ ਸਾਹਿਬ ਇਹ ਮੰਨਦੇ ਹਨ ਕਿ ਇਸ ਸੰਸਾਰ ਵਿਚ ਚੌਰਾਸੀ ਲੱਖ ਜੂਨਾਂ ਹਨ। ਉਨ੍ਹਾਂ ਅਨੁਸਾਰ ਸਾਨੂੰ ਜੋ ਮਨੁੱਖਾ ਜਨਮ ਪ੍ਰਾਪਤ ਹੋਇਆ ਹੈ ਉਹ ਕਈ ਜੂਨਾਂ ਦੇ ਚੱਕਰਾਂ ਤੋਂ ਬਾਅਦ ਹੀ ਪ੍ਰਾਪਤ ਹੋਇਆ ਹੈ ਆਪ ਫੁਰਮਾਉਂਦੇ ਹਨ:

ਕਈ ਜਨਮ ਭਏ ਕੀਟ ਪਤੰਗਾ।
ਕਈ ਜਨਮ ਗਜ ਮੀਨ ਕੁਰੰਗਾ।

................................

..............................

ਮਿਲ ਜਗਦੀਸ ਮਿਲਨ ਕੀ ਬਰੀਆ

ਚਿਰੰਕਾਲ ਇਹ ਦੇਹ ਸੰਜਰੀਆ।[210]

ਗੁਰੂ ਸਾਹਿਬਾਨ ਅਨੁਸਾਰ ਮਨੁੱਖ ਨੂੰ ਜਦੋਂ ਤੱਕ ਮੁਕਤੀ ਨਹੀਂ ਮਿਲਦੀ ਉਹ ਉਦੋਂ ਤੱਕ ਆਪਣੇ ਕੀਤੇ ਕਰਮਾਂ ਅਨੁਸਾਰ ਚੌਰਾਸੀ ਲੱਖ ਜੂਨਾਂ ਆਵਾਗਵਨ ਦੇ ਚੱਕਰਾਂ ਵਿਚ ਪਿਆ ਰਹਿੰਦਾ ਹੈ। ਉਸ ਨੂੰ ਆਪਣੇ ਕੀਤੇ ਕਰਮਾਂ ਦਾ ਫਲ ਅਵਸ਼ ਭੋਗਣਾ ਪੈਂਦਾ ਹੈ।

ਪੁੰਨੀ ਪਾਪੀ ਆਖਣੁ ਨਾਹਿ

ਕਰਿ ਕਰਿ ਕਰਣਾ ਲਿਖਿ ਲੈ ਜਾਹੁ।

ਆਪੇ ਬੀਜਿ ਆਪੇ ਹੀ ਖਾਹੁ।[211]

ਗੁਰੂ ਸਾਹਿਬ ਮਨੁੱਖ ਨੂੰ ਅੱਗੇ ਸਮਝਾਉਂਦੇ ਹਨ ਕਿ ਜੋ ਜੀਵ ਪੁੰਨ ਤੇ ਪਾਪ ਵਿਚ ਵਲੀਨ ਰਹਿੰਦੇ ਹਨ ਉਨ੍ਹਾਂ ਨੂੰ ਚੰਗੇ ਤੇ ਮਾੜੇ ਸਰੀਰ (ਜੂਨਾਂ) ਕੀਤੇ ਕਰਮਾਂ ਅਨੁਸਾਰ ਮਿਲ ਜਾਂਦੇ ਹਨ ਪਰ ਜੋ ਗੁਰੂ ਦੀ ਕਿਰਪਾ ਨਾਲ ਪੁੰਨ-ਪਾਪ ਤੋਂ ਉਪਰ ਉੱਠ ਕੇ ਨਿਸ਼ਕਾਮ ਕਰਮ ਕਰਦੇ ਹਨ ਉਹ ਮੁਕਤੀ ਨੂੰ ਪ੍ਰਾਪਤ ਕਰਕੇ ਜੰਮਣ ਮਰਣ ਦੇ ਚੱਕਰ ਵਿਚੋਂ ਨਿਕਲ ਜਾਂਦੇ ਹਨ। ਉਨ੍ਹਾਂ ਲਈ ਜੂਨਾਂ ਖਤਮ ਹੋ ਜਾਂਦੀਆਂ ਹਨ। ਆਪ ਫੁਰਮਾਉਂਦੇ ਹਨ:

ਭ੍ਰਮਿ ਭ੍ਰਮਿ ਡੋਲੈ ਲਖ ਚਉਰਾਸੀ

ਬਿਨੁ ਗੁੀਰ ਬਝੈ ਜਮ ਕੀ ਫਾਸੀ।[212]

## ਸਵਰਗ/ਨਰਕ ਦਾ ਮਿੱਥਕ ਅਤੇ ਦਾਰਸ਼ਨਿਕ ਸੰਕਲਪ:

**ਸਵਰਗ:** ਸਵਰਗ ਦੇ ਅਰਥ ਹਨ : ਸਵੈ ਆਪਣਾ; ਅਰਗ-ਘਰ; ਅਰਥਾਤ ਆਣਾ ਘਰ ਜਾਂ ਟਿਵਾਣਾ।[213] ਸਵਰਗ ਇਕ ਕਲਪਿਤ ਮਿੱਥਕ ਲੋਕ ਹੈ ਜਿਥੇ ਦੇਵਤਿਆਂ ਤੇ ਅਮਰ ਪ੍ਰਾਣੀਆਂ ਦਾ ਨਿਵਾਸ ਹੈ। ਕੁਝ ਲੋਕ ਇਹ ਟਿਕਾਣਾ ਮੇਰੂ ਪਰਬਤ ਤੇ ਮੰਨਦੇ ਹਨ। ਕੁਝ ਇਸ ਨੂੰ ਸੂਰਜ ਲੋਕ ਤੇ

ਧਰੂ ਲੋਕ ਦੱਸਦੇ ਹਨ .......। ਨੰਦਨ ਬਾਗ ਵਰਗੇ ਸੁੰਦਰ ਬਗੀਚਿਆਂ, ਸੋਹਣੇ ਮਹਿਲ ਮੰਦਰਾਂ, ਮਨਮੋਹਣੀਆਂ, ਅੱਪਸਰਾਂ ਤੇ ਗੰਧਰਬਾ ਦੀ ਗਵੈਸ਼ ਇਸ ਨੂੰ ਰਮਣੀਕ ਬਣਾਉਂਦੀ ਹੈ। ਇਥੋਂ ਦਾ ਰਾਜਾ ਇੰਦਰ ਹੈ। ਹਿੰਦੂ ਮਤ ਵਿਚ ਆਮ ਤੌਰ ਤੇ ਮਨੁੱਖ ਦੇ ਸਾਰੇ ਧਰਮਾਂ ਕਰਮਾਂ ਦਾ ਉਦੇਸ਼ ਸਵਰਗ ਪ੍ਰਾਪਤੀ ਦੱਸਿਆ ਗਿਆ ਹੈ। ਜੋ ਪ੍ਰਾਣੀ ਧਰਤੀ ਤੇ ਰਹਿੰਦੇ ਪੁੰਨ ਕਰਮ ਕਰਦੇ ਹਨ, ਉਨ੍ਹਾਂ ਨੂੰ ਇਥੇ ਵੱਸਣ ਦਾ ਸੁਭਾਗ ਮਿਲਦਾ ਹੈ ਤੇ ਤਰ੍ਹਾਂ ਤਰ੍ਹਾਂ ਦੇ ਸੁੱਖ ਅਨੰਦ ਹਾਸਲ ਹੁੰਦੇ ਹਨ। ਇਹ ਵੀ ਨਿਸਚਿਤ ਹੈ ਕਿ ਪੁੰਨ ਕਰਮਾਂ ਦੇ ਖਾਤਮੇ ਬਾਅਦ ਜੀਵ ਨੂੰ ਇਹ ਸਵਰਗ ਧਾਮ ਛੱਡਣਾ ਪੈਂਦਾ ਹੈ।[214]

**ਨਰਕ:** ਨਰਕ ਦੇ ਅਰਥ ਹਨ : ਨ-ਦਵੈਸ, ਅਰਥਾਤ ਦਵੈਸ ਦਾ ਘਰ।[215] ਨਰਕ ਇਕ ਕਲਪਿਤ ਤੇ ਮਿੱਥਕ ਸਥਾਨ ਹੈ ਜਿਥੇ ਧਰਮ ਰਾਜ ਦੁਆਰਾ ਮਰਣ ਪਿਛੋਂ ਦੋਸ਼ੀਆਂ ਨੂੰ ਦੰਡ ਦਿਤਾ ਜਾਂਦਾ ਹੈ। ਬੁਰੇ ਕੰਮ ਕਰਨ ਵਾਲੇ ਨੂੰ ਇਸ ਸਥਾਨ ਤੇ ਭੇਜਿਆ ਜਾਂਦਾ ਹੈ। ਇਸਲਾਮ ਤੇ ਈਸਾਈਆਂ ਵਿਚ ਦੋਜਖ ਦਾ ਸੰਕਲਪ ਹੀ ਕੁਝ ਐਸਾ ਹੀ ਹੈ। ਜਿਥੇ ਭਿਆਨਕ ਅੱਗ ਬਲਦੀ ਹੈ। ਪਾਰਸੀ ਗੰਦੀ, ਅਨ੍ਹੇਰੀ ਤੇ ਰੋਣ ਕੁਰਲਾਉਣ ਵਾਲੀ ਦੋਜਖਾਨਾ ਥਾਂ ਨੂੰ 'ਦੁਜੋਤਮਨ' ਕਹਿੰਦੇ ਹਨ। ਹਿੰਦੂ ਗ੍ਰੰਥਾਂ ਨੇ ਤਾਂ ਬੁਰਿਆਈਆਂ ਦੀਆਂ ਕਿਸਮਾਂ ਸਾਮ੍ਹਣੇ ਰੱਖ ਕੇ ਨਰਕਾਂ ਦੇ ਵੀ ਕਈ ਭੇਦ ਬਿਆਨ ਕੀਤੇ ਹਨ। ਮਨੂੰ ਸਿਮਰਤੀ ਵਿਚ 21 ਨਰਕਾਂ ਦਾ ਜ਼ਿਕਰ ਹੈ ਜਿਵੇਂ ਕਿ ਤਾਮਿਸ੍ਰ, ਤਾਮਿਸ੍ਰ-ਅੰਧ, ਰੋਰਵ, ਮਹਾ ਰੋਰਕ, ਨਰਕ, ਮਹਾਂ ਨਰਕ, ਕਾਲ-ਸੂਤ੍ਰ, ਸੰਜੀਵਨ, ਮਹਾਂਬੀਚੀ, ਤਾਪਨ, ਸੰਪ੍ਰਾਤਪਨ, ਸੰਹਾਤ, ਸੰਕਾ ਕੋਲ,, ਕੁਡੇਮਲ, ਪ੍ਰਤਿਮੂਰਤਕ, ਲੋਹਸ਼ੰਕੂ, ਰਿਜਿਸ, ਸਾਲਮਲੀ, ਵੈਤਰਣੀ, ਅਸਿਪਤ੍ਰਵਨ ਤੇ ਲੋਹਦਾਰਕ। ਭਾਗਵ ਪੁਰਾਣ ਵਿਚ 28 ਤੇ ਬ੍ਰਹਮ ਵੈਵਰਤ ਪੁਰਾਣ ਵਿਚ 86 ਨਰਕ ਕੁੰਡ ਲਿਖੇ ਹਨ।[216]

ਗੁਰੂ-ਬਾਣੀ ਵਿਚ ਉਪਰੋਕਤ ਸਵਰਗ/ਨਰਕ ਦੇ ਸੰਕਲਪਾਂ ਦਾ ਵਰਨਣ ਤਾਂ ਮਿਲਦਾ ਹੈ ਪਰ ਗੁਰੂ ਸਾਹਿਬਾਨ ਨੇ ਇਸ ਵਰਨਣ ਰਾਹੀਂ ਮਨੁੱਖ ਨੂੰ ਸੁਚੇਤ ਕੀਤਾ ਹੈ ਕਿ ਮਨੁੱਖ ਨੂੰ ਚੰਗੇ ਕੰਮ ਕਰਨੇ ਚਾਹੀਦੇ ਹਨ ਅਤੇ ਭੈੜੇ ਕੰਮਾਂ ਤੋਂ ਦੂਰ ਰਹਿਣਾ ਚਾਹੀਣਾ ਚਾਹੀਦਾ ਹੈ। ਗੁਰੂ ਸਾਹਿਬਾਨ ਨੇ

ਨਰਕ/ਸਵਰਗ ਦੇ ਪੁਰਾਤਨ ਚਲੇ ਆ ਰਹੇ ਮਿੱਥਕ ਵਿਸ਼ਵਾਸ ਰਾਹੀਂ ਮਨੁੱਖ ਨੂੰ ਸਾਵਧਾਨ ਕਰਨ ਲਈ ਬਤੌਰ 'ਭੈ' ਦੇ ਤੌਰ ਤੇ ਵਰਤਿਆ ਹੈ। ਆਪ ਫੁਰਮਾਉਂਦੇ ਹਨ

ਪਾਪ ਪੁੰਨ ਤਹ ਭਈ ਕਹਾਵਤ।

ਕੋਊ ਨਰਕ ਕੋਊ ਸੁਰਗ ਬੰਛਾਵਤ।[217]

ਗੁਰੂ ਸਾਹਿਬ ਨੇ ਭਾਵੇਂ ਅਨੇਕਾਂ ਵਾਰੀ ਸਵਰਗ/ਨਰਕ ਬੈਕੁੰਠ ਆਦਿ ਸ਼ਬਦ ਵਰਤੇ ਹਨ ਪਰ ਇਨ੍ਹਾਂ ਦਾ ਸਰੂਪ ਨਵੀਨ ਤੇ ਵਿਕਾਸਮਈ ਹੈ। ਉਨ੍ਹਾਂ ਨੇ ਇਸ ਮਿੱਥਕ ਸੰਕਲਪ ਦੀ ਪੁਨਰ ਸਿਰਜਣਾ ਕਰਕੇ ਇਹ ਦੱਸਿਆ ਹੈ ਕਿ ਸਵਰਗ/ਨਰਕ ਵਰਗੇ ਸਥਾਨ ਕੋਈ ਨਹੀਂ ਹਨ। ਸਵਰਗ ਨਰਕ ਤਾਂ ਇਸ ਸੰਸਾਰ ਵਿਚ ਹੀ ਹੈ।

ਬਸੰਤ ਸ੍ਵਰਗ ਲੋਕਹ ਜਿਤਤੇ ਪ੍ਰਿਥਵੀ ਨਵ ਖੰਡਣਹ।।[218]

ਉਨ੍ਹਾਂ ਅਨੁਸਾਰ ਵਿਸ਼ੇ ਵਿਕਾਰਾਂ ਦੀ ਅੱਗ ਵਿਚ ਸੜਨ ਨੂੰ ਨਰਕ ਅਤੇ ਸਾਧ ਸੰਗਤ ਅਤੇ ਨਾਮ ਸਿਮਰਨ ਕਰਨ ਨੂੰ ਸਵਰਗ ਮੰਨਿਆ ਹੈ। ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਇਨ੍ਹਾਂ ਸੰਕਲਪਾਂ ਦਾ ਵਰਨਣ ਹਿੰਦੂ ਮਤ ਦੇ ਨਿਸਚਿਆ ਵੱਲ ਇਸ਼ਾਰੇ ਦੇ ਤੌਰ ਤੇ ਕੀਤਾ ਹੈ ਜਦੋਂ ਗੁਰੂ ਸਾਹਿਬ ਆਪਣੇ ਵਿਚਾਰਾਂ ਰਾਹੀਂ ਮਨੁੱਖ ਨੂੰ ਚੰਗੇ ਮੰਦੇ ਕਰਮਾਂ ਪ੍ਰਤ ਸੁਚੇਤ ਕਰਦੇ ਹਨ। ਗੁਰੂ ਸਾਹਿਬ ਇਨ੍ਹਾਂ ਸੰਕਲਪਾਂ ਨੂੰ ਚੰਗੇ ਮਾੜੇ ਹਾਲਾਤਾਂ ਨੂੰ ਦ੍ਰਿੜ ਕਰਵਾਇਆ ਅਤੇ ਉਪਦੇਸ਼ ਦੇਣ ਹਿਤ ਇਨ੍ਹਾਂ ਨੂੰ ਬਤੌਰ ਅਲੰਕਾਰ ਵੀ ਵਰਤਦੇ ਹਨ।

ਉਪਰੋਕਤ ਦੀ ਪੁਸ਼ਟੀ ਕਰਦੇ ਹੋਏ ਡਾ. ਮਨਮੋਹਨ ਸਾਹਿਗਲ ਲਖਦੇ ਹਨ ਇਸ ਵਿਚ ਸ਼ੱਕ ਨਹੀਂ ਕਿ 'ਨਰਕ' ਅਤੇ'ਸਵਰਗ' ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹਨ ਫਿਰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਫਿਲਾਸਫੀ ਵਿਚ ਅਜਿਹੀ ਕਿਸੇ ਥਾਂ ਦਾ ਪ੍ਰਤੱਖ ਵਰਨਣ ਨਹੀਂ ਕੀਤਾ ਗਿਆ। ਜਿਥੇ ਜੀਵਾਂ ਦੇ ਚੰਗੇ ਮੰਦੇ ਕਰਮਾਂ ਦਾ ਫਲ ਭੁਗਤਣ ਲਈ ਉਨ੍ਹਾਂ ਨੂੰ ਇਨਾਮ ਜਾਂ ਸਜ਼ਾ ਦਿੱਤੀ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮਤ ਜਗਤ ਵਿਚ ਹੀ ਵਿਸ਼ੇ ਵਿਕਾਰਾਂ ਦੀ ਅੱਗ ਵਿਚ ਸੜਨ ਨੂੰ ਨਰਕ ਅਤੇ ਸਾਧ ਸੰਗਤ ਅਤੇ ਨਾਮ ਸਿਮਰਨ ਨੂੰ ਸਵਰਗ ਮੰਨਿਆ ਗਿਆ ਹੈ।[219]

ਡਾ. ਸ਼ੇਰ ਸਿੰਘ ਅਨੁਸਾਰ ਨਰਕ ਸੁਰਗ ਦੇ ਖਿਆਲ ਗੁਰਬਾਣੀ ਵਿਚ ਕਈ ਥਾਈਂ ਆਏ ਹਨ, ਪਰ ਉਹ ਜਾਂ ਤਾਂ ਦੂਜੇ ਮੱਤਾਂ ਦੇ ਨਿਸ਼ਚਿਆਂ ਵੱਲ ਇਸ਼ਾਰੇ ਹਨ ਤੇ ਜਾਂ ਜਦ ਗੁਰੂ ਸਾਹਿਬ ਅਨਮੱਤਾ ਵਾਲਿਆਂ ਨੂੰ ਮੁਖਾਤਬ ਹੋ ਕੇ ਉਪਦੇਸ਼ ਕਰਦੇ ਸਨ ਤਾਂ ਉਹਨਾਂ ਨੂੰ ਹੀ ਨਿਸਚੇ ਅਨੁਸਾਰ ਹੀ ਸਿੱਖਿਆ ਦਿੰਦੇ ਹਨ।[220]

ਇਸ ਤਰ੍ਹਾਂ ਸਿੱਖ ਗੁਰੂ ਸਾਹਿਬਾਨ ਨੇ ਸਵਰਗ/ਨਰਕ ਦੇ ਪੁਰਾਤਨ ਮਿੱਥਕ ਸੰਕਲਪ ਦੀ ਪੁਨਰ ਸਿਰਜਣਾ ਕਰਕੇ ਇਸ ਸੰਕਲਪ ਨੂੰ ਆਵਾਗਵਨ ਦੇ ਚੱਕਰ ਵਿਚੋਂ ਕੱਢ ਹੀ ਦਿੱਤਾ ਹੈ। ਉਨ੍ਹਾਂ ਅਨੁਸਾਰ ਮਨੁੱਖ ਦੀ ਮੌਤ ਉਪਰੰਤ ਜਾਂ ਤਾਂ ਚੌਰਾਸੀ ਲੱਖ ਜੂਨ ਦਾ ਜੀਵਨ ਹੈ ਜਾ ਮੁਕਤੀ ਹੈ ਤੀਸਰਾ ਹੋਰ ਕੋਈ ਨਹੀਂ। ਉਨ੍ਹਾਂ ਅਨੁਸਾਰ ਸਵਰਗ/ਨਰਕ ਇਸ ਸੰਸਾਰ ਤੇ ਹੀ ਹੈ, ਜੋ ਮਨੁੱਖ ਆਪਣੇ ਕੀਤੇ ਕਰਮਾਂ ਸਦਕਾ ਇਸ ਸੰਸਾਰ ਤੇ ਹੀ ਭੋਗਦਾ ਹੈ।

### ਮਿੱਥ ਆਧਾਰਿਤ ਮੁਕਤੀ ਦਾ ਮਿੱਥਕ ਅਤੇ ਦਾਰਸ਼ਨਿਕ ਸੰਕਲਪ:

ਮੁਕਤੀ ਸੰਸਕ੍ਰਿਤ ਦਾ ਸ਼ਬਦ ਹੈ ਜੋ 'ਸੁਚ' ਧਾਤੂ ਤੋਂ ਬਣਿਆ ਹੈ। 'ਸੁਚ' ਦਾ ਅਰਥ ਹੈ ਛਡ ਦੇਣਾ, ਮੁਕਤ ਕਰਨਾ, ਰਿਹਾ ਕਰਨਾ। ਮੁਕਤੀ ਦਾ ਅਰਥ ਹੈ : ਛੁਟਕਾਰਾ, ਰਿਹਾਈ। [221] ਪ੍ਰਤਾਪ ਸਿੰਘ ਗਿਆਨੀ ਅਨੁਸਾਰ ਮੁਕਤੀ ਦਾ ਅਰਥ ਬੰਧਨ ਤੋਂ ਛੁਟਕਾਰਾ ਹੈ।[222] ਡਾ. ਰਾਧਾ ਕ੍ਰਿਸ਼ਨਨ ਅਨੁਸਾਰ ਮੁਕਤੀ ਦਾ ਅਰਥ ਜਨਮ ਮਰਨ ਤੋਂ ਛੁਟਕਾਰਾ।[223]

ਮੁਕਤੀ ਦਾ ਮਿੱਥਕ ਸੰਕਲਪ ਆਦਿ ਕਾਲ ਤੋਂ ਲੈ ਕੇ ਆਧੁਨਿਕ ਤੱਕ ਵਿਭਿੰਨ ਰੂਪ ਪਰਵਿਰਤਿਤ ਕਰਦਾ ਆਇਆ ਹੈ। ਮੁਕਤੀ ਸਬੰਧੀ ਆਮ ਮਿੱਥ ਪ੍ਰਚੱਲਿਤ ਹੈ ਕਿ ਜੀਵ ਆਪਣੇ ਕਰਮਾਂ ਸਦਕਾ ਸਵਰਗ/ਨਰਕ, ਚੌਰਾਸੀ ਲੱਖ ਜੂਨਾਂ ਵਿਚੋਂ ਹੁੰਦਾ ਹੋਇਆ ਮੁਕਤੀ ਪ੍ਰਾਪਤ ਕਰਦਾ ਹੈ। ਪਰ ਵਿਭਿੰਨ ਮੱਤਾਂ ਨੇ ਮੁਕਤੀ ਤੱਕ ਪਹੁੰਚਣ ਦਾ ਰਸਤਾ ਵੱਖਰਾ ਵੱਖਰਾ ਦੱਸਿਆ ਹੈ। ਵੱਖ-ਵੱਖ ਮੱਤ ਦੇ ਵਿਦਵਾਨਾਂ ਨੇ ਇਸ ਅਵਸਥਾ ਨੂੰ ਆਪਣੇ-ਆਪਣੇ ਦ੍ਰਿਸ਼ਟੀਕੋਣ ਅਤੇ ਅਨੁਭਵ ਅਨੁਸਾਰ 'ਮੁਕਤੀ', 'ਮੋਖਸ', 'ਨਿਰਵਾਣ', 'ਪਰਮਪਦ', 'ਪਰਮ ਸੁੱਖ' ਆਦਿ ਨਾਵਾਂ ਨਾਲ ਚਿਤਰਿਆ ਹੈ।

ਵੇਦਾਂਤ ਅਨੁਸਾਰ ਸੱਚ ਦੀ ਪ੍ਰਾਪਤੀ ਨੂੰ ਪਛਾਨਣਾ ਹੀ ਮੁਕਤੀ ਹੈ। ਮਨੁੱਖ ਦਾ ਆਪਾ ਉਸ ਦੇ ਭੌਤਿਕ ਸਰੀਰ ਨਾਲੋਂ ਵੱਖਰਾ ਹੈ। ਅਸਲੀ ਗਿਆਨ ਆਪੇ ਨੂੰ ਭੌਤਿਕ ਸਰੀਰ ਨਾਲੋਂ ਨਿਖੇੜਨ ਵਿਚ ਹੈ। ਇਹ ਨਿਖੇੜਾ ਹੋਂਦੀ ਦੀ ਦੁਨੀਆਂ ਵਿਚ ਨਹੀਂ ਸਗੋਂ ਵਿਚਾਰ ਦੀ ਦੁਨੀਆਂ ਵਿਚ ਕਰਨਾ ਹੈ।[224]

ਬੁੱਧ ਮੱਤ ਵਿਚ ਮੁਕਤੀ ਨੂੰ ਨਿਰਵਾਣ ਕਿਹਾ ਹੈ ਜਿਸ ਦੇ ਹੇਠ ਲਿਖੇ ਭਾਵ ਹਨ:

(ੳ) ਖੁਸ਼ੀ ਦੀ ਉਹ ਅਵਸਥਾ ਜੋ ਭੌਤਿਕ ਖਾਹਸਾਂ ਨੂੰ ਖਤਮ ਕਰਕੇ ਪ੍ਰਾਪਤ ਹੋ ਸਕਦੀ ਹੈ।

(ਅ) ਕਿਸੇ ਵਿਅਕਤੀ ਦਾ ਇਸ ਦੁਨੀਆਂ ਵਿਚ ਜਨਮ ਲੈਣ ਤੋਂ ਛੁਟਕਾਰਾ ਪਾਉਣਾ।

(ੲ) ਵਿਅਕਤੀਗਤ ਚੇਤੰਨਤਾ ਨੂੰ ਮਾਰ ਦੇਣਾ

(ਸ) ਮੌਤ ਪਿਛੋਂ ਖੁਸ਼ੀ

(ਹ) ਰੱਬ ਨਾਲ ਵਿਅਕਤੀ ਦਾ ਮੇਲਾ।[225]

ਜੈਨ ਮੱਤ ਦੇ ਅਨੁਸਾਰ ਜੀਵ ਅਤੇ ਪੁਦਗਲ (ਸ਼ੜ ਅਤੇ ਤਤਵ) ਦਾ ਸੰਯੋਗ ਬੰਧਨ ਹੈ ਅਤੇ ਜੀਵ ਦਾ ਪੁਦਗਲ ਤੋਂ ਅਲੱਗ ਹੋਣਾ ਹੀ ਮੋਖਸ਼ ਹੈ।[226]

ਨਿਆਂ ਦਰਸ਼ਨ ਅਨੁਸਾਰ ਮੁਕਤੀ ਦੁੱਖ ਤੋਂ ਪੂਰਨ ਆਭਾਵ ਦੀ ਅਵਸਥਾ ਹੈ। ਉਹ ਇਸ ਨੂੰ 'ਅਪਵਰਗ' ਆਖਦੇ ਹਨ।[227]

ਯੋਗ ਦਰਸ਼ਨ ਦੇ ਅਨੁਸਾਰ ਪੁਰਸਾਰਥ ਤੋਂ ਸੁੰਨ ਹੋਏ ਗੁਣਾਂ ਦਾ ਆਪਣੇ ਕਾਰਨ ਵਿਚ ਲੀਨ ਹੋ ਜਾਣਾ 'ਕੈਵਲਯਾ' (ਮੁਕਤੀ) ਹੈ ਅਥਵਾ ਚਿਤ ਸ਼ਕਤੀ ਦਾ ਆਪਣੇ ਸਵਰੂਪ ਵਿਚ ਅਵਸਿਥਤ ਹੋ ਜਾਣਾ 'ਕੈਵਲਯ' ਹੈ।[228]

ਗੀਤਾ ਵਿਚ ਵੀ ਪੂਰਨ ਆਤਮਾ ਗਿਆਨ ਨੂੰ ਮੋਖਸ਼ ਮੰਨਿਆ ਗਿਆ ਹੈ ਕਿਉਂਕਿ ਜਿਸ ਨੇ ਇੰਦਰੀਆਂ, ਮਨ ਤੇ ਬੁੱਧੀ ਦਾ ਸੰਜਮ ਕਰ ਲਿਆ ਹੈ ਅਤੇ ਜਿਸ ਨਾਲ ਡਰ, ਇੱਛਾ ਅਤੇ ਕ੍ਰੋਧ ਸਮਾਪਤ ਹੋ ਗਏ ਹਨ, ਉਹ ਸਦੈਵ ਮੁਕਤ ਰਹਿੰਦਾ ਹੈ।[229]

ਗੁਰੂ-ਬਾਣੀ ਵਿਚ 'ਮੁਕਤੀ' ਸਬੰਧੀ ਕਈ ਸ਼ਬਦਾਂ ਦੀ ਵਰਤੋਂ ਹੋਈ ਹੈ। ਜਿਵੇਂ 'ਮੋਖ', 'ਪਰਮਪਦ', 'ਚਉਥਾਪਦ', 'ਅਮਰਪਦ', 'ਨਿਰਬਾਣ ਪਦ', 'ਨਿਰਭੈ ਪਦ', 'ਤੁਰੀਆ ਅਵਸਥਾ', 'ਮਹਾਂ ਸੁਖ', 'ਬੰਦ ਖੁਲਾਸੀ', 'ਗਤਿ', 'ਮੁਕਤਿ ਪੰਖ', 'ਬੈਕੁੰਠ' ਆਦਿ।

ਗੁਰੂ-ਬਾਣੀ ਦਾ 'ਮੁਕਤੀ' ਦਾ ਸੰਕਲਪ ਦੂਸਰੇ ਮੱਤਾਂ ਨਾਲੋਂ ਵਿਭਿੰਨ ਹੈ ਅਤੇ ਵਿਗਿਆਨਕ ਹੈ। ਉਨ੍ਹਾਂ ਨੇ ਇਸ ਮਿੱਥਕ ਸੰਕਲਪ ਦੀ ਨਵ-ਸਿਰਜਣਾ ਕਰਦੇ ਹੋਏ ਮਨੁੱਖ ਨੂੰ ਨਿਵੇਕਲਾ ਰਾਹ ਦਰਸਾਇਆ ਹੈ। ਗੁਰੂ-ਬਾਣੀ ਵਿਚ ਮੁਕਤੀ ਦੇ ਜਿਸ ਸਰੂਪ ਦਾ ਵਰਨਣ ਮਿਲਦਾ ਹੈ ਉਹ ਪਦਾਰਥਵਾਦੀ ਹੈ ਕਾਮਨਾਵਾਦੀ ਨਹੀਂ, ਉਹ ਅਦਵੈਤਵਾਦੀ ਹੈ। ਗੁਰੂ ਸਾਹਿਬ ਦਾ ਉਦੇਸ਼ ਮਨੁੱਖ ਨੂੰ ਅਗਿਆਨਤਾ, ਹਉਮੈ ਦੇ ਬੰਧਨ ਵਿਚੋਂ ਛੁਟਕਾਰਾ ਕਰਵਾਉਣਾ, ਮਾਇਆ ਦੇ ਭਰਮ ਜਾਲ ਨੂੰ ਤੋੜਨਾ ਅਤੇ ਗਿਆਨ ਦੇ ਪ੍ਰਕਾਸ਼ ਨੂੰ ਲੋਕਾਂ ਤੱਕ ਪਹੁੰਚਾਣਾ ਹੈ। ਗੁਰੂ ਸਾਹਿਬ ਅਨੁਸਾਰ ਮਨੁੱਖ ਨੂੰ ਮੁਕਤੀ ਬ੍ਰਹਮ ਦੀ ਕ੍ਰਿਪਾ ਨਾਲ ਹੁੰਦੀ ਹੈ ਜਦੋਂ ਉਹ ਗੁਰੂ ਦੀ ਸ਼ਰਨ ਵਿਚ ਆ ਕੇ ਹਉਮੈ ਦਾ ਤਿਆਗ ਕਰਕੇ, ਨਾਮ ਸਿਮਰਨ ਕਰਦਾ ਹੈ। ਉਹ ਮੁਕਤੀ ਉਪਰੰਤ ਜਨਮ ਮਰਨ ਦੇ ਚੱਕਰ ਤੋਂ ਰਹਿਤ ਹੋ ਜਾਂਦਾ ਹੈ।

ਗੁਰੂ ਸਾਹਿਬ ਨੇ ਮੁਕਤੀ ਪ੍ਰਾਪਤੀ ਲਈ ਕਈ ਸਾਧਨਾ ਦਾ ਜ਼ਿਕਰ ਕੀਤਾ ਹੈ। ਗੁਰੂ ਸਾਹਿਬ ਅਨੁਸਾਰ ਮੁਕਤੀ ਪ੍ਰਾਪਤੀ ਦੇ ਯਤਨ ਬਾਹਰਮੁਖੀ ਨਹੀਂ ਹੋਣੇ ਚਾਹੀਦੇ ਕਿਉਂਕਿ ਮੁਕਤੀ ਤਾਂ ਗਲ ਵਿਚ ਪਏ ਹਾਰ ਵਾਂਗ ਮਨੁੱਖ ਦੇ ਕੋਲ ਹੀ ਹੈ। ਇਸ ਲਈ ਵਿਦਿਆ, ਵਿਗਿਆਨ ਆਦਿ ਮੁਕਤੀ ਦੀ ਪ੍ਰਾਪਤੀ ਲਈ ਉਪਯੋਗੀ ਸਿਧ ਨਹੀਂ ਹੁੰਦੇ। ਪਰਮਾਰਥਿਕ ਦ੍ਰਿਸ਼ਟੀ ਤੋਂ ਮੁਕਤੀ ਨਾ ਉਤਪੰਨ ਹੁੰਦੀ ਹੈ ਅਤੇ ਨਾ ਹੀ ਇਹ ਪਹਿਲਾਂ ਅਪ੍ਰਾਪਤ ਹੁੰਦੀ ਹੈ। ਅਸਲ ਵਿਚ ਇਹ ਪ੍ਰਾਪਤੀ ਦੀ ਹੀ ਪ੍ਰਾਪਤੀ ਹੈ ਜੋ ਸਦਾ ਵਿਦਮਾਨ ਹੈ, ਹਾਜ਼ਰ ਨਾਜਰ ਹੈ। ਇਹ ਆਤਮ ਗਿਆਨ ਦੁਆਰਾ ਮਾਇਆ ਦੇ ਪਰਦੇ ਦੇ ਹਟ ਜਾਣ ਨਾਲ ਪ੍ਰਾਪਤ ਹੁੰਦੀ ਹੈ।

ਗੁਰੂ ਸਾਹਿਬ ਮੁਕਤੀ ਦੀ ਪ੍ਰਾਪਤੀ ਦੀ ਪਹਿਲੀ ਜ਼ਰੂਰਤ ਬ੍ਰਹਮ ਦਾ ਹੁਕਮ, ਰਜ਼ਾ ਜਾਂ ਭਾਣਾ ਦੱਸਦੇ ਹਨ।

ਬੰਦ ਖਲਾਸੀ ਭਾਣੈ ਹੋਇ ਹੋਰੁ ਆਖਿ ਨ ਸਕੈ ਕੋਇ।[230]

ਗੁਰੂ ਸਾਹਿਬ ਮੁਕਤੀ ਦੀ ਪ੍ਰਾਪਤੀ ਦੀ ਦੂਜੀ ਜ਼ਰੂਰਤ ਬ੍ਰਹਮ ਦੀ ਕ੍ਰਿਪਾ, ਮਿਹਰ ਦੀ ਨਜ਼ਰ ਦੱਸਦੇ ਹਨ।

- ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ।[231]
- ਦਰਗਹ ਮੁਕਤਿ ਕਰੇ ਕਰਿ ਕਿਰਪਾ ਬਖਸੇ ਅਵਗੁਣ ਕੀਨਾ ਰੇ।[232]

ਗੁਰੂ ਸਾਹਿਬ ਨੇ ਤੀਜੀ ਜ਼ਰੂਰਤ ਗੁਰੂ ਦੀ ਸ਼ਰਨ ਦੱਸੀ ਹੈ। ਉਨ੍ਹਾਂ ਅਨੁਸਾਰ ਗੁਰੂ ਪੱਥ ਪ੍ਰਦਰਸ਼ਕ ਹੈ। ਉਸ ਦੁਆਰਾ ਦੱਸੇ ਸ਼ਬਦ ਦੀ ਅਰਾਧਨਾ ਕਰਨ ਨਾਲ ਹਉਮੈ ਖਤਮ ਹੋ ਜਾਂਦੀ ਹੈ, ਮਨੁੱਖ ਦਾ ਮਨ ਆਤਮ ਸਰੂਪੀ ਘਰ ਵਿਚ ਵਸ ਜਾਂਦਾ ਹੈ ਅਤੇ ਉਸ ਨੂੰ ਮੁਕਤੀ ਪ੍ਰਾਪਤ ਹੋ ਜਾਂਦੀ ਹੈ।

- ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਇ ਮੋਖ ਦੁਆਰੁ।[233]
- ਸਾਚੈ ਸਬਦਿ ਮੁਕਤਿ ਗਤਿ ਪਾਏ
  ਨਾਨਕ ਵਿਚਹੁ ਆਪੁ ਗਵਾਏ।[234]

**ਜੀਵਨ ਮੁਕਤੀ:**

ਗੁਰੂ-ਬਾਣੀ ਵਿਚ ਮੁਕਤੀ ਦੀ ਪ੍ਰਾਪਤ ਵਿਲੱਖਣ ਤਰ੍ਹਾਂ ਦੀ ਹੈ ਉਹ ਜੀਵਨ ਮੁਕਤ, ਵਿਦੇਹ ਮੁਕਤ ਅਤੇ ਨਿਤ ਮੁਕਤ ਵਿਚੋਂ ਜੀਵਨ-ਮੁਕਤ ਨੂੰ ਪ੍ਰਥਮ ਦਰਜਾ ਦਿੰਦੇ ਹਨ। ਜੀਵਨ-ਮੁਕਤ ਤੋਂ ਭਾਵ ਹੈ: 'ਜੀਵਤ ਅਵਸਥਾ ਵਿਚ ਗਿਆਨ ਦੀ ਪ੍ਰਾਪਤੀ ਕਰਕੇ ਦੁੱਖ ਸੁੱਖ ਤੋਂ ਨਿਰਲੇਪ ਹੋ ਜਾਣਾ ਅਤੇ ਜਨਮ ਮਰਨ ਦੇ ਬੰਧਨਾਂ ਤੋਂ ਛੁਟਕਾਰਾ ਪਾਉਣਾ।[235]

ਗੁਰੂ-ਬਾਣੀ ਵਿਚ ਜੀਵ-ਮੁਕਤੀ ਦਾ ਜੋ ਵਿਲੱਖਣ ਸੰਕਲਪ ਪੇਸ਼ ਹੋਇਆ ਹੈ ਉਸ ਵਿਚ ਸਭ ਤੋਂ ਜ਼ਰੂਰੀ ਹਉਮੈ ਦੀ ਨਿਵਿਰਤੀ ਹੈ। ਗੁਰੂ ਸਾਹਿਬ ਅਨੁਸਾਰ ਜਦੋਂ ਮਨੁੱਖ ਦਾ ਹਉਮੈ ਨਾਸ ਹੋ ਜਾਂਦਾ ਹੈ ਤਾਂ ਉਹ ਜੀਵਨ ਮੁਕਤ ਹੋ ਜਾਂਦਾ ਹੈ। ਆਪ ਲਿਖਦੇ ਹਨ:

ਜੀਵਨ ਮੁਕਤ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ।[236]

ਗੁਰੂ ਸਾਹਿਬ ਅੱਗੇ ਲਿਖਦੇ ਹਨ ਕਿ ਇਸ ਹਉਮੈ ਦੀ ਨਿਵਰਤੀ ਗੁਰੂ ਦੁਆਰਾ ਦੱਸੇ ਸ਼ਬਦ ਅਤੇ ਉਸਦੀ ਅਰਾਧਨਾ ਕਰਨ ਨਾਲ ਹੁੰਦੀ ਹੈ। ਸ਼ਬਦ ਦੀ ਅਰਾਧਨਾ ਨਾਲ ਬ੍ਰਹਮ ਨਾਲ ਲਿਵ ਲੱਗ ਜਾਂਦੀ ਹੈ ਅਤੇ ਮਨੁੱਖ ਬ੍ਰਹਮ ਵਿਚ ਲੀਨ ਹੋ ਕੇ ਜੰਮਣ ਮਰਣ ਤੋਂ ਰਹਿਤ ਹੋ ਕੇ ਜੀਵਨ ਮੁਕਤ ਹੋ ਜਾਂਦਾ ਹੈ। ਭਾਵ ਮਨੁੱਖ ਜੀਂਦੇ ਜੀਅ ਗੁਰੂ ਦੁਆਰਾ ਦੱਸੇ ਸ਼ਬਦ ਦੀ ਅਰਾਧਨਾ ਕਰਕੇ, ਮਨ ਦੀਆਂ ਇਛਾਵਾਂ, ਚਿੰਤਾਵਾਂ, ਵਾਸ਼ਨਾਵਾਂ (ਕਾਮ, ਕ੍ਰੋਧ, ਲੋਭ, ਮੋਹ ਹੰਕਾਰ) ਦਾ ਤਿਆਗ ਕਰਕੇ ਬ੍ਰਹਮ ਨਾਲ ਲਿਵ ਜੋੜ ਕੇ ਜੀਵਨ ਮੁਕਤੀ ਪ੍ਰਾਪਤ ਕਰ ਸਕਦਾ ਹੈ। ਗੁਰੂ ਨਾਨਕ ਸਾਹਿਬ ਸਿਧ ਗੋਸਿਟ ਵਿਚ 'ਕਮਲ' 'ਮੁਰਗਾਬੀ' ਦੀ ਉਦਾਹਰਣ ਦਿੰਦੇ ਹੋਏ ਇਸ ਸਬੰਧੀ ਉਲੇਖ ਕਰਦੇ ਹਨ ਕਿ ਜਿਸ ਤਰ੍ਹਾਂ ਜਲ ਵਿਚ ਰਹਿੰਦਾ 'ਕਮਲ' ਨਿਰਲਿਪਤ ਰਹਿੰਦਾ ਹੈ ਅਤੇ ਜਿਸ ਪ੍ਰਕਾਰ 'ਮੁਰਗਾਬੀ' ਜਲ ਵਿਚ ਤਰਦੀ ਹੋਈ ਵੀ ਅਣਭਿੱਜੀ ਰਹਿੰਦੀ ਹੈ ਉਸੇ ਤਰ੍ਹਾਂ ਸੰਸਾਰਿਕਤਾ ਤੋਂ ਨਿਰਲਿਪਤ ਰਹਿ ਕੇ ਸ਼ਬਦ ਵਿਚ ਲਗਨ ਲਗਾਣ ਨਾਲ ਜੀਵਨ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਜੈਸੇ ਜਲ ਮੇ ਕਮਲ ਨਿਰਾਲਮ ਮਰਗਾਈ ਨੈ ਸਾਣੈ॥[237]

ਉਪਰੋਕਤ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਗੁਰੂ-ਬਾਣੀ ਵਿਚ 'ਜੀਵਨ ਮੁਕਤੀ' ਦਾ ਸੰਕਲਪ ਦੂਸਰੇ ਧਰਮਾਂ, ਮੱਤਾਂ ਤੋਂ ਵੱਖਰਾ ਹੈ, ਉਨ੍ਹਾਂ ਅਨੁਸਾਰ 'ਮੁਕਤੀ' ਸਰੀਰ ਦੇ ਅੰਤ ਹੋਣ ਉਪਰੰਤ ਨਹੀਂ ਸਗੋਂ ਉਦੋਂ ਹੈ ਜਦੋਂ ਮਨੁੱਖ ਪਰਮਾਤਮਾ ਦੀ ਕਿਰਪਾ ਦੁਆਰਾ ਗੁਰੂ ਦੀ ਸ਼ਰਨ ਵਿਚ ਆ ਕੇ ਉਸ ਦੁਆਰਾ ਦੱਸੇ ਸ਼ਬਦਾਂ ਦੀ ਅਰਾਧਨਾ ਕਰਕੇ; ਕਾਮ, ਕਰੋਧ, ਲੋਭ, ਮੋਹ, ਹੰਕਾਰ ਦਾ ਤਿਆਗ ਕਰਕੇ ਨਿਰਭਓ, ਨਿਰਵੈਰ, ਨਿਸ਼ਕਾਮ ਹੋ ਜਾਂਦਾ ਹੈ। ਤਦ ਉਹ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਮੁਕਤੀ ਨੂੰ ਪ੍ਰਾਪਤ ਕਰਨ ਵਾਲਾ ਜੀਵਨ ਮੁਕਤ ਹੈ ਜੋ ਸੰਸਾਰ ਵਿਚ ਰਹਿ ਕੇ ਸੰਸਾਰਿਕਤਾ ਤੋਂ ਮੁਕਤ ਹੁੰਦਾ ਹੈ।

(ਕ) ਗੁਰੂ-ਬਾਣੀ ਵਿਚ ਆਏ ਮਿਥਿਹਾਸਕ ਹਵਾਲਿਆਂ ਅਤੇ ਸੰਕੇਤਾਂ ਦਾ ਦਾਰਸ਼ਨਿਕ ਅਧਾਰ:

ਗੁਰੂ-ਬਾਣੀ ਦੇ ਉਪਰੋਕਤ ਮਿੱਥਕ ਅਤੇ ਦਾਰਸ਼ਨਿਕ ਸੰਕਲਪਾਂ ਤੋਂ ਅਸੀਂ ਬ੍ਰਹਮ ਦੀ ਏਕਤਾ, ਸ੍ਰਿਸ਼ਟੀ ਦੀ ਅਨੰਤਤਾ, ਮਾਇਆ ਦੇ ਵਿਭਿੰਨ ਰੂਪਾਂ, ਜੀਵ-ਆਤਮਾ ਦੇ ਸਬੰਧਾਂ, ਮੁਕਤੀ ਦੇ ਸਾਧਨਾਂ ਬਾਰੇ ਅਧਿਐਨ ਕੀਤਾ ਹੈ। ਇਹ ਸੰਕਲਪ ਕਿਸੇ ਨਾ ਕਿਸੇ ਰੂਪ ਵਿਚ ਅਵਤਾਰ, ਦੇਵੀ-ਦੇਵਤਿਆਂ ਰਿਸ਼ੀਆਂ-ਮੁਨੀਆਂ, ਦੈਂਤਾਂ, ਰਾਖਸਾਂ ਆਦਿ ਨਾਲ ਜੁੜੀਆ ਮਿੱਥਾਂ ਵਿਚ ਮੌਜੂਦ ਹਨ। ਇਨ੍ਹਾਂ ਮਿੱਥਾਂ ਵਿਚ ਬ੍ਰਹਮ ਦੀ ਏਕਤਾ; ਪ੍ਰਭੂ-ਭਗਤੀ; ਨਾਮ-ਸਿਮਰਨ; ਕਾਮ; ਕਰੋਧ; ਲੋਭ; ਮੋਹ; ਹੰਕਾਰ ਦਾ ਤਿਆਗ, ਗੁਰੂ ਦੇ ਹੁਕਮ ਦੀ ਪਾਲਣਾ ਮੌਤ ਦੀ ਅਟੱਲਤਾ; ਮੁਕਤੀ; ਨੇਕੀ ਦੀ ਜਿੱਤ ਅਤੇ ਬਦੀ ਦੀ ਹਾਰ ਆਦਿ ਵਰਗੇ ਦਾਰਸ਼ਨਿਕ ਤੇ ਨੈਤਿਕ ਸੰਕਲਪ ਪੇਸ਼ ਹੋਏ ਹਨ। ਇਹ ਸੰਕਲਪ ਹੀ ਗੁਰੂ-ਬਾਣੀ ਵਿਚ ਪੇਸ਼ ਮਿੱਥਕ ਹਵਾਲਿਆਂ ਅਤੇ ਸੰਕੇਤਾਂ ਦਾ ਆਧਾਰ ਹਨ। ਅਸੀਂ ਇਥੇ ਗੁਰੂ-ਬਾਣੀ ਵਿਚ ਪੇਸ਼ ਅਵਤਾਰਾਂ, ਦੇਵੀ ਦੇਵਤਿਆਂ, ਰਿਸ਼ੀਆਂ-ਮੁਨੀਆਂ, ਰਾਜੇ-ਮਹਾਰਾਜਿਆਂ, ਦੈਂਤਾਂ ਨਾਲ ਸਬੰਧਿਤ ਮਿੱਥ ਕਥਾਵਾਂ ਅਤੇ ਉਨ੍ਹਾਂ ਪਿਛੇ ਲੁਪਤ ਦਾਰਸ਼ਨਿਕ ਵਿਚਾਰਾਂ ਨੂੰ ਪੇਸ਼ ਕਰ ਰਹੇ ਹਨ।

**(ੳ) ਅਵਤਾਰ ਨਾਲ ਸਬੰਧਿਤ ਮਿੱਥ ਕਥਾਵਾਂ ਅਤੇ ਉਨ੍ਹਾਂ ਦਾ ਦਾਰਸ਼ਨਿਕ ਆਧਾਰ:**

ਅਵਤਾਰ ਦਾ ਭਾਵ ਹੈ: ਜਨਮ ਗ੍ਰਹਿਣ ਕਰਨਾ, ਜਨਮ ਧਾਰਨਾ, ਜਾਂ ਕਿਸੇ ਦੇਵਤੇ ਦਾ ਕਿਸੇ ਦੇਹ ਵਿਚ ਪ੍ਰਗਟ ਹੋਣਾ।[238] ਪੁਰਾਣਕ ਮਨੌਤ ਅਨੁਸਾਰ ਕਿਸੇ ਦੇਵ ਆਤਮਾ ਦਾ ਸਰੀਰ ਧਾਰਕ ਪ੍ਰਗਟ ਹੋਣ ਜਾਂ ਬੈਕੁੰਠ ਤੋਂ ਧਰਤੀ ਤੇ ਉਤਰਨਾ ਅਵਤਾਰ ਕਹਾਉਂਦਾ ਹੈ। ਹਿੰਦੂ ਮਤ ਦਾ ਵਿਸ਼ਵਾਸ ਹੈ ਕਿ ਵਿਸ਼ਨੂੰ ਭਗਵਾਨ ਆਪਣੇ ਭਗਤਾਂ ਦੀ ਰੱਖਿਆ ਲਈ ਸਮੇਂ ਸਮੇਂ ਅਵਤਾਰ ਧਾਰਦਾ ਆਇਆ ਹੈ। 'ਗੀਤਾ' ਤੋਂ ਵੀ ਇਸੇ ਵਿਚਾਰ ਦੀ ਪੁਸ਼ਟੀ ਹੁੰਦੀ ਹੈ ਕਿ ਧਰਮ ਦੀ ਸਥਾਪਨਾ ਤੇ ਪਾਪ ਨੂੰ ਵਿਨਾਸ਼ ਕਰਨ ਲਈ ਭਗਵਾਨ ਸਮੇਂ ਸਮੇਂ ਪਰਗਟ ਹੁੰਦਾ ਰਹਿੰਦਾ ਹੈ।[239] ਇਸ ਤਰ੍ਹਾਂ ਪਰਮਾਤਮਾ ਹਰ ਯੁਗ ਵਿਚ ਆਪਣੇ ਭਗਤਾਂ ਦੀ ਰੱਖਿਆ ਕਰਨ ਲਈ ਅਤੇ ਦੁਸ਼ਟਾਂ ਦਾ ਨਾਸਾ

ਕਰਨ ਲਈ ਕਿਸੇ ਨਾ ਕਿਸੇ ਪ੍ਰਾਣੀ ਦਾ ਰੂਪ ਅਖਤਿਆਰ ਕਰਦਾ ਰਿਹਾ ਹੈ। ਇਹ ਰੀਤ ਸਤਿਯੁਗ, ਤ੍ਰੇਤਾ ਅਤੇ ਦੁਆਪਰ ਵਿਚ ਚਲਦੀ ਰਹੀ ਹੈ। ਇਨ੍ਹਾਂ ਅਵਤਾਰਾਂ ਦਾ ਵਰਨਣ ਇਸ ਪ੍ਰਕਾਰ ਹੈ।

**ਵਿਸ਼ਨੂੰ ਦਾ ਅਵਤਾਰ:**

ਹਿੰਦੂ ਮਿਥਿਹਾਸ ਵਿਚ ਵਿਸਨੂੰ ਦੇ ਅਵਤਾਰ ਨੂੰ ਪ੍ਰਮੁੱਖ ਮੰਨਿਆ ਗਿਆ ਹੈ। ਵਿਸ਼ਨੂੰ ਦੇ ਅਵਤਾਰਾਂ ਦੀ ਗਿਣਤੀ ਸਬੰਧੀ ਕਈ ਪ੍ਰਕਾਰ ਦੇ ਮੱਤਭੇਦ ਪਾਏ ਜਾਂਦੇ ਹਨ। ਭਗਵਤ ਪੁਰਾਣ ਵਿਚ ਵਿਸ਼ਨੂੰ ਅਵਤਾਰ ਦੀ ਗਿਣਤੀ 22, ਗੀਤਾ ਵਿਚ 24 ਅਤੇ ਆਮ ਪ੍ਰਚੱਲਿਤ ਮਤ ਅਨੁਸਾਰ ਵਿਸ਼ਨੂੰ ਅਵਤਾਰਾਂ ਦੀ ਗਿਣਤੀ 10 ਦੱਸੀ ਗਈ ਹੈ।

- ਹੁਕਮਿ ਉਪਾਏ ਦਸ ਅਵਉਤਾਰਾ।[240]
- ਸੁੰਨਹੁ ਉਪਜੇ ਦਸ ਅਵਤਾਰਾ।[241]

ਗੁਰੂ-ਬਾਣੀ ਵਿਚ ਦਸ ਅਵਤਾਰਾਂ ਵਿਚੋਂ ਕੇਵਲ 'ਮਛ', 'ਕਛ', 'ਵਾਮਨ', 'ਨਰ ਸਿੰਘ', 'ਵਰਾਹ', 'ਰਾਮ', 'ਕ੍ਰਿਸ਼ਨ' ਦਾ ਜ਼ਿਕਰ ਪ੍ਰਭੂ ਭਗਤ-ਵਸਲਤਾ ਦੇ ਪ੍ਰਸੰਗ ਹਿਤ ਆਇਆ ਹੈ। ਇਹ ਸਾਰੇ ਅਵਤਾਰ ਬ੍ਰਹਮ ਦੇ ਹੁਕਮ ਨਾਲ ਭਗਤ ਦੀ ਰੱਖਿਆ ਕਰਨ, ਹੰਕਾਰ ਤੋੜਨ, ਨੇਕੀ ਦੀ ਜਿੱਤ ਅਤੇ ਬਦੀ ਦੀ ਹਾਰ ਕਾਰਣ ਅਵਤਾਰ ਧਾਰਨ ਕਰਦੇ ਹਨ। ਇਸ ਤਰ੍ਹਾਂ ਪਰਮਾਤਮਾ ਨੂੰ ਨਿਰਗੁਣ-ਪਦ ਮੰਨਦਿਆਂ ਹੋਇਆਂ ਇਸ ਸਾਰੇ ਲਾਮ ਰੂਪ ਵਿਚ ਉਸ ਦੇ ਅੰਸ਼ ਦੱਸੇ ਗਏ ਹਨ:

ਧਰਣੀਧਰੁ ਈਸ ਨਰਸਿੰਘ ਨਰਾਇਣ। ਦਾੜਾ ਅਗ੍ਰੇ ਪ੍ਰਿਥਮਿ ਧਰਾਇਣ
ਬ੍ਵਨ ਰੂਪੁ ਕੀਆ ਤੁਧੁ ਕਰਤੇ ਸਭ ਹੀ ਸੇਤੀ ਹੈ ਚੰਗਾ।੩।
ਸ੍ਰੀ ਰਾਮਚੰਦ ਜਿਸੁ ਰੂਪ ਨ ਰੇਖਿਆ। ਬਨਵਾਲੀ ਚਕ੍ਰਪਾਣਿ ਦਰਸਿ ਅਨੂਪਿਆ।
ਸਹਸ ਨੇਤ੍ਰ ਮੂਰਤਿ ਹੈ ਸਹਸਾ ਇਕੁ ਦਾਤਾ ਸਭ ਹੈ ਮੰਗਾ।੪।
ਭਗਤ ਵਛਲੁ ਅਨਾਥਹ ਨਾਥੇ। ਗੋਪੀ ਨਾਥੁ ਸਗਲ ਹੈ ਸਾਥੇ।
ਬਾਸੁਦੇਵ ਨਿਰੰਜਨ ਦਾਤੇ ਬਰਨਿ ਨਾ ਸਾਕਉ ਗੁਣ ਅੰਗਾ। ੫।
ਮੁਕੰਦ ਨੋਹਰ ਲਖਮੀ ਨਰਾਇਣ। ਦੋਪਤੀ ਲਜਾ ਨਿਵਾਰਿ ਉਧਾਰਣ

ਕਮਲਾ ਕੰਤ ਕਰਹਿ ਕੰਤਹੂਲ ਅਨੰਦ ਬਿਨੋਦੀ ਨਿਹਸੰਗਾ।੬।

ਅਮੋਘ ਦਰਸਨ ਅਜੂਨੀ ਸੰਭਉ। ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ

ਅਬਿਨਾਸੀ ਅਬਿਗਤ ਅਗੋਚਰ ਸਭੁ ਕਿਛੁ ਤੁਝ ਹੀ ਹੈ ਲਗਾ।੭।

ਸ੍ਰੀਰੰਗ ਬੈਕੁੰਠ ਕੇ ਵਾਸੀ। ਮਛੁ ਕਛੁ ਕੂਰਮ ਆਗਿਆ। ਅਉਤਰਾਸੀ

ਕੇਸਵ ਚਲਤ ਕਰਹਿ ਨਿਰਾਲੇ। ਕੀਤਾ ਲੋੜਹਿ ਸੋ ਹੋਇਗਾ।੯।

..................................................................

..................................................................

ਕਿਰਤਮ ਨਾਮੁ ਕਥੇ ਤੇਰੇ ਜਿਹਬਾ ਸਤਿਨਾਮੁ ਤੇਰਾ ਪਰਾ ਪੂਰਬਲਾ।

ਕਹੁ ਨਾਨਕ ਭਗਤ ਪਏ ਸਰਣਾਈ ਦੇਹੁ ਦਰਸੁ ਮਨਿ ਰੰਗੁ ਲਗਾ।[242]

**ਨਰਸਿੰਘ ਅਵਤਾਰ:**

ਵਿਸ਼ਨੂੰ ਨੇ ਨਰ ਸਿੰਘ ਦਾ ਅਵਤਾਰ ਭਗਤ ਪ੍ਰਹਿਲਾਦ ਦੀ ਰੱਖਿਆ ਅਤੇ ਹਰਣਾਖਸ਼ ਦਾ ਵਧ ਕਰਨ ਹਿਤ ਧਾਰਿਆ। ਅਧਿਆਇ ਦੂਜਾ ਦੇ ਉੱਪਰ ਦਰਜ ਮਿੱਥ ਕਥਾ ਅਨੁਸਾਰ ਵਿਸ਼ਨੂੰ ਨੇ ਆਪਣੇ ਭਗਤ ਪ੍ਰਹਿਲਾਦ ਦੀ ਹਰਨਾਖਸ਼ ਤੋਂ ਪਹਾੜ ਤੋਂ ਡਿਗਣ ਸਮੇਂ, ਸਮੁੰਦਰ ਵਿਚ ਡਬੋਣ ਸਮੇਂ, ਅੱਗ ਵਿਚ ਸਾੜੇ ਜਾਣ ਸਮੇਂ ਰੱਖਿਆ ਕੀਤੀ। ਅੰਤ ਲੋਹੇ ਦੇ ਤਪਦੇ ਥੰਮ ਵਿਚੋਂ ਨਰ ਸਿੰਘ ਦਾ ਅਵਤਾਰ ਧਾਰ ਕੇ ਹਰਣਾਖਸ਼ ਦਾ ਵਧ ਕੀਤਾ ਜੋ ਪ੍ਰਹਿਲਾਦ ਨੂੰ ਭਗਤੀ ਕਰਨ ਤੋਂ ਰੋਕਦਾ ਸੀ। ਗੁਰੂ ਸਾਹਿਬ ਇਸ ਬਾਰੇ ਮਿੱਥਕ ਸੰਕੇਤ ਕਰਦੇ ਹਨ:

ਖਿਨ ਮਹਿ ਭੈਆਨ ਰੂਪੁ ਨਿਕਸਿਆ ਥੰਮ ਉਪਾੜਿ

ਹਰਨਾਖਸੁ ਨਖੀ ਬਿਦਾਰਿਆ ਪ੍ਰਹਲਾਦੁ ਲੀਆ ਉਬਾਰਿ।[243]

ਉਪਰੋਕਤ ਮਿੱਥ ਕਥਾ ਰਾਹੀਂ ਗੁਰੂ ਸਾਹਿਬ ਆਪਣੇ ਦਾਰਸ਼ਨਿਕ ਵਿਹਾਰ ਪੇਸ਼ ਕਰਦੇ ਹੋਏ ਮਨੁੱਖ ਨੂੰ ਸਮਝਾਉਂਦੇ ਹਨ ਕਿ ਪਰਮਾਤਮਾ ਸੰਕਟ ਸਮੇਂ ਆਪਣੇ ਭਗਤਾਂ ਦੀ ਰੱਖਿਆ ਕਰਦਾ ਹੈ। ਜਿਸ ਤਰ੍ਹਾਂ ਭਗਤ ਪ੍ਰਹਿਲਾਦ ਦੀ ਰੱਖਿਆ ਨਰ ਸਿੰਘ ਦਾ ਰੂਪ ਧਾਰ ਕੇ, ਥੰਮ ਪਾੜ ਕੇ ਕੀਤੀ।

ਗੁਰੂ ਸਾਹਿਬ ਸਮਝਾਉਂਦੇ ਹਨ ਕਿ ਜੋ ਵਿਅਕਤੀ ਪ੍ਰਹਿਲਾਦ ਭਗਤ ਦੀ ਤਰ੍ਹਾਂ ਭਗਤੀ ਭਾਵ ਵਿਚ ਲੀਨ ਹੋ ਜਾਂਦਾ ਹੈ ਪਰਮਾਤਮਾ ਆਪ ਆ ਕੇ ਕਿਸੇ ਨਾ ਕਿਸੇ ਤਰੀਕੇ ਨਾਲ ਉਸ ਦੀ ਸੰਕਟ ਸਮੇਂ ਰੱਖਿਆ ਕਰਦਾ ਹੈ। ਇਸ ਮਿੱਥਕ ਸੰਕੇਤ ਰਾਹੀਂ ਗੁਰੂ ਜੀ ਨੇ ਭਗਤੀ ਭਾਵ ਨੂੰ ਦ੍ਰਿੜ ਕਰਵਾਉਣ ਲਈ ਦਾਰਸ਼ਨਿਕ ਵਿਚਾਰ ਪੇਸ਼ ਕੀਤੇ ਹਨ।

**ਵਾਮਨ ਅਵਤਾਰ:**

ਵਿਸ਼ਨੂੰ ਨੇ ਇਹ ਅਵਤਾਰ ਬਲਰਾਜੇ ਦੇ ਅਹੰਕਾਰ ਤੋੜਨ ਲਈ ਹਿਤ ਅਤੇ ਦੇਵਤਿਆਂ ਦੀ ਮਦਦ ਕਰਨ ਹਿਤ ਤ੍ਰੇਤੇ ਯੁੱਗ ਵਿਚ ਅਵਤਾਰ ਧਾਰਿਆ। ਅਧਿਆਇ ਦੂਜਾ ਤੇ ਦਿੱਤੀ ਮਿੱਥ ਕਥਾ ਅਨੁਸਾਰ ਵਿਸ਼ਨੂੰ ਨੇ ਬੌਣੇ ਬ੍ਰਾਮਹਣ ਦਾ ਰੂਪ ਧਾਰ ਕੇ ਬਲਰਾਜੇ ਤੋਂ ਭਿਖਿਆ ਮੰਗੀ। ਬਲਰਾਜੇ ਦੇ ਗੁਰੂ ਸ਼ੁਕਰ ਨੇ ਇਸ ਸਬੰਧੀ ਬਲਰਾਜੇ ਨੂੰ ਸੁਚੇਤ ਕੀਤਾ। ਉਸ ਨੇ ਬਲਰਾਜੇ ਨੂੰ ਦੱਸਿਆ ਕਿ ਇਹ ਬੌਣਾ ਬ੍ਰਾਹਮਣਾ ਉਸ ਨੂੰ ਛਲ ਰਿਹਾ ਹੈ, ਪਰ ਬਲਰਾਜਾ ਨਾ ਮੰਨਿਆ ਅਤੇ ਉਸ ਨੇ ਢਾਈ ਕਦਮਾਂ ਵਿਚ ਸਭ ਕੁਝ ਦਾਨ ਵਿਚ ਦੇ ਦਿੱਤਾ। ਉਪਰੋਕਤ ਮਿੱਥ ਕਥਾ ਵੱਲ ਸੰਕੇਤ ਕਰਕੇ ਗੁਰੂ ਸਾਹਿਬ ਲਿਖਦੇ ਹਨ:

ਬਲਿ ਰਾਜਾ ਮਾਇਆ ਅਹੰਕਾਰੀ  
ਜਗਨ ਕਰੈ ਬਹੁ ਭਾਰ ਅਫਾਰੀ  
ਬਿਨੁ ਗੁਰ ਪੂਛੈ ਜਾਇ ਪਇਆਰੀ।[244]

ਉਪਰੋਕਤ ਮਿੱਥਕ ਹਵਾਲਿਆਂ ਰਾਹੀਂ ਗੁਰੂ ਸਾਹਿਬ ਹੁਕਮ ਮੰਨਣ, ਨਿਮਰਤਾ, ਭਾਣਾ ਮੰਨਣ, ਅਹੰਕਾਰ ਦਾ ਤਿਆਗ ਵਰਗੇ ਦਾਰਸ਼ਨਿਕ ਵਿਚਾਰ ਪੇਸ਼ ਕਰਦੇ ਹਨ। ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਮਨੁੱਖ ਨੂੰ ਬਲਰਾਜੇ ਵਾਂਗ ਅੰਹਕਾਰ ਵਸ ਗੁਰੂ ਦੇ ਹੁਕਮ ਦੀ ਉਲੰਘਣਾ ਕਰਕੇ ਸਭ ਕੁਝ ਗੁਆਉਣਾ ਨਹੀਂ ਚਾਹੀਦਾ। ਉਸ ਨੂੰ ਗੁਰੂ ਦੇ ਹੁਕਮ ਅਨੁਸਾਰ ਚਲਣਾ ਚਾਹੀਦਾ

ਹੈ ਅਤੇ ਅੰਹਕਾਰ ਦਾ ਤਿਆਗ ਕਰਨਾ ਚਾਹੀਦਾ ਹੈ। ਇਸ ਮਿੱਥ ਕਥਾ ਰਾਹੀਂ ਗੁਰੂ ਦੀ ਮਹੱਤਤਾ ਸਬੰਧੀ ਦਾਰਸ਼ਨਿਕ ਵਿਚਾਰ ਪੇਸ਼ ਕੀਤੇ ਹਨ।

**ਬਲਰਾਜਾ ਵਰਾਹ ਅਵਤਾਰ:**

ਵਿਸ਼ਨੂੰ ਨੇ ਵਰਾਹ ਅਵਤਾਰ ਦੇਵਤਿਆਂ ਦੀ ਰੱਖਿਆ ਕਰਨ ਅਤੇ ਹਿਰਨਯਾਕਸ ਦੈਂਤ ਦਾ ਸੰਘਾਰ ਕਰਨ ਹਿਤ ਅਵਤਾਰ ਧਾਰਿਆ। ਦੂਜੇ ਅਧਿਆਇ ਵਿਚ ਦਿੱਤੀ ਮਿੱਥ ਕਥਾ ਅਨੁਸਾਰ ਹਿਰਨਾ ਯਾਕਸ ਦੈਂਤ ਜਦੋਂ ਧਰਤੀ ਨੂੰ ਚੁਕ ਕੇ ਸਮੁੰਦਰ ਵਿਚ ਲੈ ਗਿਆ ਤਾਂ ਵਿਸ਼ਨੂੰ ਨੇ 'ਵਰਾਹ' (ਸੂਰ) ਦਾ ਰੂਪ ਧਾਰ ਕੇ ਧਰਤੀ ਦੀ ਰੱਖਿਆ ਕੀਤੀ। ਵਿਸ਼ਨੂੰ ਨੇ ਸੂਰ ਦਾ ਰੂਪ ਧਾਰ ਕੇ ਹਿਰਨਾ ਯਾਕਸ ਨਾਲ ਲੜਾਈ ਕਰਕੇ ਉਸ ਨੂੰ ਮਾਰ ਦਿੱਤਾ ਅਤੇ ਧਰਤੀ ਨੂੰ ਮੁੜ ਉਸਦੀ ਅਸਲੀ ਜਗ੍ਹਾ ਪਹੁੰਚਾਅ ਦਿੱਤਾ। ਉਪਰੋਕਤ ਮਿੱਥ ਕਥਾ ਬਾਰੇ ਗੁਰੂ ਸਾਹਿਬ ਸੰਕੇਤ ਦਿੰਦੇ। ਹੋਏ ਫਰਮਾਉਂਦੇ ਹਨ:

ਧਰਣੀਧਰ ਈਸ ਨਰਸਿੰਘ ਨਰਾਇਣ
ਦਾੜਾ ਅਗ੍ਰੇ ਪ੍ਰਿਥਮਿ ਧਰਾਇਣ।[245]

ਇਸ ਉਪਰੋਕਤ ਮਿੱਥ ਕਥਾ ਰਾਹੀਂ ਗੁਰੂ ਸਾਹਿਬ ਇਹ ਦਾਰਸ਼ਨਿਕ ਉਪਦੇਸ਼ ਦਿੰਦੇ ਹਨ ਕਿ ਪਰਮਾਤਮਾ ਅਵਤਾਰ ਰੂਪ ਵਿਚ ਔਖੇ ਸਮੇਂ ਕੇਵਲ ਪ੍ਰਭੂ ਭਗਤਾਂ ਅਤੇ ਮਨੁੱਖਾਂ ਦੀ ਰੱਖਿਆ ਹੀ ਨਹੀਂ ਕਰਦਾ ਸਗੋਂ ਆਪਣੇ ਦੁਆਰਾ ਸਾਜੇ ਅਸਮਾਨ ਧਰਤੀ ਆਦਿ ਦੀ ਰੱਖਿਆ ਵੀ ਕਰਦਾ ਹੈ। ਇਸ ਤਰ੍ਹਾਂ ਇਸ ਮਿੱਥ ਕਥਾ ਰਾਹੀਂ ਬ੍ਰਹਮ ਦੀ ਉਸਤਿਤ ਕੀਤੀ ਗਈ ਹੈ ਜਿਸ ਵਿਚ ਪਰਮਾਤਮਾ ਨੂੰ ਸਭ ਸ੍ਰਿਸ਼ਟੀ ਦਾ ਰੱਖਿਅਕ ਦਰਸਾਇਆ ਹੈ।

**ਮੱਛ ਅਵਤਾਰ:**

ਵਿਸ਼ਨੂੰ ਜੀ ਨੇ ਮੱਛ ਦਾ ਅਵਤਾਰ ਬ੍ਰਹਮਾ ਦਾ ਹੰਕਾਰ ਤੋੜਨ ਅਤੇ ਹੰਯਗ੍ਰੀਵ ਦੈਂਤ ਦਾ ਸੰਘਾਰ ਕਰਨ ਹਿਤ ਧਾਰਿਆ। ਦੂਜੇ ਅਧਿਆਇ ..... ਤੇ ਦਰਜ ਮਿੱਥ ਕਥਾ ਅਨੁਸਾਰ ਹੰਯਗ੍ਰੀਵ ਦੈਂਤ ਨੇ ਬ੍ਰਹਮਾ ਸਮੇਤ ਸਾਰੇ ਦੇਵਤਿਆਂ ਨੂੰ ਜਿੱਤ ਲਿਆ। ਬ੍ਰਹਮਾ ਜੀ ਪਾਸੋਂ ਵੇਦ ਖੋਹ ਲਏ ਤੇ

ਸਮੁੰਦਰ ਵਿਚ ਜਾ ਛੁਪਿਆ। ਬ੍ਰਹਮਾ ਤੇ ਦੇਵਤਿਆਂ ਦੀ ਪੁਕਾਰ ਕਰਨ ਤੇ ਵਿਸ਼ਨੂੰ ਨੇ 'ਮੱਛ ਅਵਤਾਰ' ਧਾਰਿਆ ਤੇ ਇਸ ਦੈਂਤ ਨਾਲ ਜੰਗ ਕਰ ਕੇ ਇਸ ਦਾ ਨਾਸ ਕੀਤਾ ਅਤੇ ਦੇਵਤਿਆਂ ਦੀ ਲਾਜ ਰੱਖੀ। ਇਸ ਉਪਰੰਤ ਬ੍ਰਹਮਾ ਨੂੰ ਵੇਦ ਵਾਪਸ ਕਰ ਦਿੱਤੇ। ਗੁਰੂ ਸਾਹਿਬ ਉਪਰੋਕਤ ਮਿੱਥ ਕਥਾ ਵੱਲ ਸੰਕੇਤ ਕਰਦੇ ਹੋਏ ਫੁਰਮਾਉਂਦੇ ਹਨ।

ਸੀਰੰਗ ਬੈਕੁੰਠ ਕੇ ਵਾਸੀ।

ਮਛੁ ਕਛੁ ਕਰਮੁ ਆਗਿਆ ਅਉਤਰਾਸੀ।[246]

ਉਪਰੋਕਤ ਮਿੱਥ ਕਥਾ ਰਾਹੀਂ ਗੁਰੂ ਸਾਹਿਬ ਇਹ ਦਾਰਸ਼ਨਿਕ ਵਿਚਾਰ ਪੇਸ਼ ਕਰਦੇ ਹਨ ਕਿ ਮਨੁੱਖ ਨੂੰ ਹੰਕਾਰ ਦਾ ਤਿਆਗ ਕਰਨਾ ਚਾਹੀਦਾ ਹੈ। ਗੁਰੂ ਸਾਹਿਬ ਨੇ ਇਥੇ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਬ੍ਰਹਮਾ ਵਰਗੇ ਮਹਾਨ ਦੇਵਤੇ ਵੀ ਹੰਕਾਰ ਦੇ ਵਸ ਪਏ ਹੋਏ ਹਨ। ਆਪ ਫੁਰਮਾਉਂਦੇ ਹਨ ਕਿ ਬ੍ਰਹਮਾ ਨੂੰ ਹੰਕਾਰ ਹੋ ਗਿਆ ਕਿ ਉਸ ਕੋਲੋਂ ਕੋਈ ਵੀ ਵਸਤੂ ਖੋਹ ਨਹੀਂ ਸਕਦਾ। ਹੰਯਗ੍ਰੀਵ ਦੈਂਤ ਨੇ ਬ੍ਰਹਮਾ ਤੋਂ ਵੇਦ ਖੋਹ ਲਏ ਅਤੇ ਹੋਰ ਦੇਵਤਿਆਂ ਨੂੰ ਵੀ ਹਰਾ ਦਿੱਤਾ। ਅੰਤ ਬ੍ਰਹਮਾ ਨੇ ਵਿਸ਼ਨੂੰ ਦੇ ਅਵਤਾਰ ਰੂਪ ਵਿਚ ਆ ਕੇ ਹੰਯਗ੍ਰੀਵ ਦੈਂਤ ਦਾ ਖਾਤਮਾ ਕਰਕੇ ਬ੍ਰਹਮਾ ਨੂੰ ਵੇਦ ਵਾਪਸ ਕੀਤੇ ਅਤੇ ਉਸਦਾ ਹੰਕਾਰ ਤੋੜਿਆ। ਇਸ ਤਰ੍ਹਾਂ ਗੁਰੂ ਸਾਹਿਬ ਇਹ ਸਮਝਾਉਂਦੇ ਹਨ ਕਿ ਮਨੁੱਖ ਨੂੰ ਹਉਮੈ ਦਾ ਤਿਆਗ ਕਰਨਾ ਚਾਹੀਦਾ ਹੈ। ਜੇਕਰ ਮਨੁੱਖ ਹਉਮੈ ਦਾ ਤਿਆਗ ਕਰਦਾ ਹੈ ਤਾਂ ਪਰਮਾਤਮਾ ਅਵਤਾਰ ਰੂਪ ਵਿਚ ਕਿਸੇ ਨਾ ਕਿਸੇ ਤਰ੍ਹਾਂ ਉਸ ਦੀ ਰੱਖਿਆ ਜ਼ਰੂਰ ਕਰਦਾ ਹੈ। ਇਸ ਮਿੱਥ ਵਿਚ ਹਉਮੈ ਦੇ ਤਿਆਗ ਦੇ ਸੰਕਲਪ ਨੂੰ ਦ੍ਰਿੜ ਕਰਵਾਉਣ ਲਈ ਦਾਰਸ਼ਨਿਕ ਵਿਚਾਰਾਂ ਦੀ ਪੇਸ਼ਕਾਰੀ ਕੀਤੀ ਗਈ ਹੈ।

**ਕੱਛ ਅਵਤਾਰ:**

ਵਿਸ਼ਨੂੰ ਨੇ 'ਕੱਛ ਅਵਤਾਰ' ਸਤਿਯੁਗ ਸਮੇਂ ਸੰਸਾਰ ਨੂੰ ਵੱਡਮੁੱਲੀਆਂ ਵਸਤਾਂ ਸਮਰਪਤ ਕਰਨ ਹਿੱਤ ਧਾਰਿਆ। ਅਧਿਆਇ ਦੂਜੇ ਵਿਚ ਦਰਜ ਮਿੱਥ ਕਥਾ ਅਨੁਸਾਰ ਵਿਸ਼ਨੂੰ ਨੇ ਦੇਵਤਿਆਂ ਅਤੇ ਦੈਂਤਾਂ ਦੀ ਮਦਦ ਨਾਲ ਖੀਰ ਸਾਗਰ ਮੰਥਨ ਕੀਤਾ। ਉਨ੍ਹਾਂ ਨੇ ਕੱਛੂ ਦਾ ਰੂਪ ਧਾਰ

ਕੇ ਸਮੁੰਦਰ ਰਿੜਕਿਆ ਅਤੇ 14 ਰਤਨ) ਉਦੈਸ਼ਵਾ ਘੋੜਾ, ਕਾਮੁਧੇਨ ਗਊ, ਕਲਪ ਬ੍ਰਿਛ, ਰੰਭਾ, ਲੱਛਮੀ, ਅੰਮ੍ਰਿਤ, ਜਹਿਰ, ਸ਼ਰਾਬ, ਚੰਦ੍ਰਮਾ, ਧਨੰਤਰਿ, ਸੰਖ, ਕੌਸਤੁਭਮਵਿ ਸਾਰੰਗ-ਧਾਨੁਖ ਤੇ ਐਰਾਵਤ ਹਾਥੀ) ਕੱਢਣ ਵਿਚ ਦੈਂਤਾਂ ਅਤੇ ਦੇਵਤਿਆਂ ਦੀ ਸਹਾਇਤਾ ਕੀਤੀ। ਗੁਰੂ ਸਾਹਿਬ ਉਪਰੋਕਤ ਮਿੱਥ ਕਥਾ ਦਾ ਹਵਾਲਾ ਇਸ ਤਰ੍ਹਾਂ ਦਿੰਦੇ ਹਨ:

ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀਂ ਕੀਆ।
ਕਹੈ ਨਾਨਕ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ।[247]

ਉਪਰੋਕਤ ਮਿੱਥ ਕਥਾ ਰਾਹੀਂ ਗੁਰੂ ਸਾਹਿਬ ਇਹ ਦਾਰਸ਼ਨਿਕ ਵਿਚਾਰ ਪੇਸ਼ ਕਰਦੇ। ਹਨ ਕਿ ਪਰਮਾਤਮਾ ਕੇਵਲ ਮਨੁੱਖਾਂ ਦੀ ਮਦਦ ਹੀ ਨਹੀਂ ਕਰਦਾ ਸਗੋਂ ਉਹ ਦੇਵਤਿਆਂ, ਦੈਂਤਾਂ ਦੀ ਮਦਦ ਵੀ ਕਰਦਾ ਹੈ। ਵਿਸ਼ਨੂੰ ਨੇ 'ਕਛ' ਅਵਤਾਰ ਧਾਰ ਕੇ ਦੈਂਤਾਂ, ਦੇਵਤਿਆਂ ਦੀ ਮਦਦ ਕਰਕੇ ਸਮੁੰਦਰ ਵਿਚੋਂ ਵੱਡਮੁੱਲੀਆਂ ਵਸਤਾਂ ਕੱਢ ਕੇ ਸੰਸਾਰ ਨੂੰ ਸਮਰਪਿਤ ਕੀਤੀਆਂ ਜੋ ਸੰਸਾਰ ਦੇ ਲੋਕਾਂ ਲਈ ਬਹੁਤ ਲਾਹੇਵੰਦ ਸਿਧ ਹੋਈਆਂ। ਇਸ ਤਰ੍ਹਾਂ ਇਸ ਮਿੱਥ ਕਥਾ ਰਾਹੀਂ ਵਿਸ਼ਨੂੰ ਨੂੰ 'ਬ੍ਰਹਮ ਰੂਪ ਵਜੋਂ ਪੇਸ਼ ਕਰਕੇ ਬ੍ਰਹਮ ਦੀ ਸਰਵਉੱਚਿਤਾ ਨੂੰ ਦਰਸਾਉਂਦੇ ਹੋਏ ਉਸਦੀ ਪ੍ਰਸੰਸਾ ਕੀਤੀ ਗਈ ਹੈ।

### II. ਸ੍ਰੀ ਰਾਮ ਚੰਦਰ:

ਸ੍ਰੀ ਰਾਮ ਚੰਦਰ ਨੇ ਤ੍ਰੇਤੇ ਯੁਗ ਵਿਚ ਬਦੀ ਦੇ ਪ੍ਰਤੀਕ ਰਾਵਣ ਦਾ ਵਧ ਕਰਨ ਲਈ ਅਵਤਾਰ ਧਾਰਿਆ। ਇਹ ਵਿਸ਼ਨੂੰ ਦੇ ਸਤਵੇਂ ਅਵਤਾਰ ਸਨ। ਸ੍ਰੀ ਰਾਮ ਚੰਦਰ ਦਸ਼ਰਥ ਦੇ ਸਭ ਤੋਂ ਵੱਡੇ ਪੁੱਤਰ ਅਤੇ ਅਯੁੱਧਿਆ ਦੇ ਰਾਜਾ ਸਨ। ਰਾਮ ਚੰਦਰ ਦਾ ਵਿਆਹ ਰਾਜਾ ਜਨਕ ਦੀ ਪੁੱਤਰੀ ਸੀਤਾ ਨਾਲ ਹੋਇਆ। ਰਾਜਾ ਦਸ਼ਰਥ ਨੇ ਆਪਣੀ ਰਾਣੀ ਕੈਕਈ ਦੇ ਕਹਿਣ ਤੇ ਰਾਮ ਜੀ ਨੂੰ 14 ਸਾਲ ਦਾ ਬਨਵਾਸ ਦੇ ਦਿੱਤਾ ਅਤੇ ਰਾਮ, ਲਛਮਣ, ਸੀਤਾ ਜੰਗਲਾਂ ਨੂੰ ਚਲੇ ਗਏ। ........ ਬਨਵਾਸ ਦੇ ਸਮੇਂ ਰਾਣੀ ਸੀਤਾ ਦਾ ਹਰਨ ਰਾਵਣ ਨੇ ਕਰ ਲਿਆ। ਸ੍ਰੀ ਰਾਮ ਚੰਦਰ ਨੇ ਹਨੂੰਮਾਨ ਦੀ ਸਹਾਇਤਾ ਨਾਲ ਸੀਤਾ ਨੂੰ ਛੁਡਾਅ ਲਿਆ ਅਤੇ ਰਾਵਣ ਦਾ ਵਧ ਕਰ ਦਿੱਤਾ। ਅੰਤ ਵਿਚ

ਰਾਜ ਭਗਤੀ ਭਾਵ ਵਾਲੇ ਬਭੀਖਣ ਨੂੰ ਦੇ ਦਿੱਤਾ।[248] ਗੁਰੂ ਸਾਹਿਬ ਇਸ ਮਿੱਥ ਕਥਾ ਬਾਰੇ ਮਿੱਥਕ ਹਵਾਲਾ ਦਿੰਦੇ ਹੋਏ ਲਿਖਦੇ ਹਨ:

ਗੁਰਮੁਖਿ ਬਾਂਧਿਓ ਸੇਤੁ ਬਿਧਾਤੈ
ਲੰਕਾ ਲੂਟੀ ਦੈਤ ਸੰਤਾਪੈ
ਰਾਮਚੰਦਿ ਮਾਰਿਓ ਅਹਿ ਰਾਵਣੁ
ਭੇਦੁ ਬਭੀਖਣ ਗੁਰਮੁਖਿ ਪਰਚਾਇਣ।[249]

ਉਪਰੋਕਤ ਮਿੱਥ ਕਥਾ ਬਾਰੇ ਸੰਕੇਤ ਕਰਕੇ ਗੁਰੂ ਸਾਹਿਬ ਇਹ ਦਾਰਸ਼ਨਿਕ ਵਿਚਾਰ ਪੇਸ਼ ਕਰਦੇ ਹਨ ਕਿ ਬ੍ਰਹਮ ਕਿਸੇ ਨਾ ਕਿਸੇ ਰੂਪ ਵਿਚ ਆ ਕੇ ਰਾਮ ਦੀ ਤਰ੍ਹਾਂ ਪਾਪੀਆਂ ਦਾ ਨਾਸ, ਗੁਰਮੁਖਾਂ ਦੀ ਰੱਖਿਆ ਕਰਦ ਹੈਂ ਅਤੇ ਭਗਤੀ ਭਾਵ ਵਾਲੇ ਬਭੀਖਣ ਨੂੰ ਰਾਜ ਭਾਗ ਸੌਂਪਦਾ ਹੈ। ਇਸ ਤੋਂ ਇਲਾਵਾ ਆਪ ਮਨੁੱਖ ਨੂੰ ਸਮਝਾਉਂਦੇ ਹਨ ਕਿ ਮਨੁੱਖ ਨੂੰ ਹੰਕਾਰ ਦਾ ਤਿਆਗ ਕਰਨਾ ਚਾਹੀਦਾ ਹੈ। ਵਰਨਾ ਰਾਵਣ ਵਾਂਗੂ ਪਛਤਾਉਣਾ ਪੈਂਦਾ ਹੈ। ਗੁਰੂ ਸਾਹਿਬ ਨੇ ਇਸ ਸੰਕੇਤ ਰਾਹੀਂ ਭਗਤੀ ਭਾਵਨਾ ਉਪਰ ਵੀ ਜ਼ੋਰ ਦਿੱਤਾ ਹੈ ਆਪ ਸਮਝਾਉਂਦੇ ਹਨ ਕਿ ਜੋ ਵੀ ਵਿਅਕਤੀ ਬਭੀਖਣ ਵਾਂਗੂੰ ਭਗਤੀ ਭਾਵ ਰੱਖਦਾ ਹੈ ਉਹ ਫਲ ਦੀ ਪ੍ਰਾਪਤੀ ਜ਼ਰੂਰ ਕਰਦਾ ਹੈ।

## ਕ੍ਰਿਸ਼ਨ ਅਵਤਾਰ:

ਸ੍ਰੀ ਕ੍ਰਿਸ਼ਨ ਵਿਸ਼ਨੂੰ ਦੇ ਸਤਵੇਂ ਅਵਤਾਰ ਦੱਸੇ ਗਏ ਹਨ। ਇਨ੍ਹਾਂ ਦਾ ਜਨਮ ਦੇਵਕੀ ਦੀ ਕੁਖੋਂ ਵਾਸੂਦੇਵ ਦੇ ਘਰ ਹੋਇਆ ਪਰ ਇਨ੍ਹਾਂ ਦਾ ਮਾਮਾ 'ਕੰਸ' ਇਨ੍ਹਾਂ ਨੂੰ ਮਾਰਨਾ ਚਾਹੁੰਦਾ ਸੀ ਕਿਉਂਕਿ ਜੋਤਸ਼ੀ ਨੇ ਉਸ ਨੂੰ ਦੱਸਿਆ ਸੀ ਕਿ ਤੇਰੀ ਮੌਤ ਤੇਰੇ ਭਾਣਜੇ ਦੇ ਹੱਥੋਂ ਹੋਵੇਗੀ। ਕੰਸ ਨੇ ਇਨ੍ਹਾਂ ਦੇ ਛੇ ਭਰਾਵਾਂ ਅਤੇ ਇਕ ਭੈਣ ਦਾ ਵਧ ਕੀਤਾ। ਕੰਸ ਨੇ ਕ੍ਰਿਸ਼ਨ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਪਰ ਅਸਫਲ ਰਿਹਾ। ਅੰਤ ਕ੍ਰਿਸ਼ਨ ਨੇ ਕੰਸ ਨੂੰ ਮਾਰ ਦਿੱਤਾ ........ ਅਤੇ ਉਗਰਸੈਨ ਨੂੰ ਰਾਜ ਦਿੱਤਾ।[250] ਗੁਰੂ ਸਾਹਿਬ ਇਸ ਮਿੱਥ ਕਥਾ ਬਾਰੇ ਹਵਾਲਾ ਦਿੰਦੇ ਹੋਏ ਫੁਰਮਾਉਂਦੇ ਹਨ:

ਦੁਆਪਰਿ ਕ੍ਰਿਸਨ ਮੁਰਾਰ ਕੰਸ ਕ੍ਰਿਤਾਰਥ ਕੀਓ

ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ।[251]

ਇਸ ਮਿੱਥਕ ਸੰਕੇਤ ਰਾਹੀਂ ਗੁਰੂ ਸਾਹਿਬ ਇਹ ਦਾਰਸ਼ਨਿਕ ਵਿਚਾਰ ਪੇਸ਼ ਕਰਦੇ ਹਨ ਕਿ ਬ੍ਰਹਮ ਕਿਸੇ ਨਾ ਕਿਸੇ ਦੇ ਰੂਪ ਵਿਚ ਆ ਕੇ ਕੰਸ ਵਰਗੇ ਪਾਪੀਆਂ ਦਾ ਅੰਤ ਜ਼ਰੂਰ ਕਰਦਾ ਹੈ। ਆਪ ਮਨੁੱਖ ਨੂੰ ਸਮਝਾਉਂਦੇ ਹਨ ਕਿ ਹਉਮੈ ਅਤੇ ਕ੍ਰੋਧ ਦਾ ਤਿਆਗ ਕਰਨਾ ਚਾਹੀਦਾ ਹੈ ਵਰਨਾ ਕੰਸ ਵਾਂਗੂ ਮੌਤ ਦੀ ਭੇਂਟ ਚੜ੍ਹਨਾ ਪੈਂਦਾ ਹੈ। ਆਪ ਨੇ ਉਪਰੋਕਤ ਵਿਚਾਰਾਂ ਰਾਹੀਂ ਭਗਤੀ ਭਾਵਨਾਂ ਨੂੰ ਵੀ ਦ੍ਰਿੜ ਕਰਵਾਇਆ ਹੈ ਅਤੇ ਆਪ ਸਮਝਾਉਂਦੇ ਹਨ ਕਿ ਭਗਤੀ ਭਾਵਨਾ ਵਾਲਾ ਵਿਅਕਤੀ ਹੀ ਉਗ੍ਰਸੈਨ ਦੀ ਤਰ੍ਹਾਂ ਰਾਜ ਭਾਗ ਦੀ ਪ੍ਰਾਪਤੀ ਕਰਦਾ ਹੈ।

**ਦਰੋਪਦੀ ਦੀ ਰੱਖਿਆ :** ਸ੍ਰੀ ਕ੍ਰਿਸ਼ਨ ਦੁਆਰਾ ਅਵਤਾਰ ਰੂਪ ਵਿਚ ਦਰੋਪਦੀ ਦੀ ਰੱਖਿਆ ਕਰਨ ਦਾ ਸੰਕੇਤ ਵੀ ਗੁਰੂ-ਬਾਣੀ ਵਿਚ ਆਇਆ ਹੈ। ਅਧਿਆਇ ਦੂਜਾ ਵਿਚ ਦਿੱਤੀ ਗਈ ਮਿੱਥ ਕਥਾ ਅਨੁਸਾਰ ਪਾਂਡਵਾਂ ਦੁਆਰਾ 'ਦਰੋਪਦੀ' ਜੂਏ ਵਿਚ ਹਰਾ ਦਿੱਤੇ ਜਾਣ ਉਪਰੰਤ ਦੁਰਯੋਧਨ ਦੁਸਾਸ਼ਨ ਦੀ ਸਹਾਇਤਾ ਨਾਲ ਦਰੋਪਦੀ ਨੂੰ ਬੇਪੱਤ ਕਰਨਾ ਚਾਹੁੰਦਾ ਸੀ। ਦਰੋਪਦੀ ਨੇ ਅਵਤਾਰ ਸ੍ਰੀ ਕ੍ਰਿਸ਼ਨ ਨੂੰ ਆਪਣੀ ਭਗਤੀ ਭਾਵਨਾ ਨਾਲ ਯਾਦ ਕੀਤਾ। ਸ੍ਰੀ ਕ੍ਰਿਸ਼ਨ ਜੀ ਨੇ ਅਵਤਾਰ ਰੂਪ ਵਿਚ ਆ ਕੇ ਉਸ ਦੀ ਇੱਜ਼ਤ-ਪਤ ਰੱਖੀ। ਗੁਰੂ ਸਾਹਿਬ ਇਸ ਬਾਰੇ ਮਿੱਥਕ ਸੰਕੇਤ ਇਸ ਤਰ੍ਹਾਂ ਦਿੰਦੇ ਹਨ:

ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ।[252]

ਉਪਰੋਕਤ ਮਿੱਥਕ ਸੰਕੇਤ ਰਾਹੀਂ ਗੁਰੂ ਸਾਹਿਬ ਇਹ ਦਾਰਸ਼ਨਿਕ ਵਿਚਾਰ ਪੇਸ਼ ਕਰਦੇ ਹਨ ਕਿ ਬ੍ਰਹਮ ਕ੍ਰਿਸ਼ਨ ਦੀ ਤਰ੍ਹਾਂ ਕਿਸੇ ਨਾ ਕਿਸੇ ਅਵਤਾਰ ਰੂਪ ਵਿਚ ਆ ਕੇ ਭਗਤੀ ਭਾਵਨਾ ਵਾਲੇ ਦਰੋਪਦੀ ਵਰਗੇ ਭਗਤਾਂ ਦੀ ਰੱਖਿਆ ਜ਼ਰੂਰ ਕਰਦਾ ਹੈ। ਇਹਨਾਂ ਵਿਚਾਰਾਂ ਰਾਹੀਂ ਗੁਰੂ ਸਾਹਿਬਾਨ ਨੇ ਭਗਤੀ ਭਾਵਨਾ ਨੂੰ ਦ੍ਰਿੜ ਕਰਵਾਉਣ ਦੀ ਕੋਸ਼ਿਸ਼ ਕੀਤੀ ਹੈ।

**ਕੁਬਿਜਾ ਦਾ ਉਧਾਰ :** ਸ੍ਰੀ ਕ੍ਰਿਸ਼ਨ ਦੁਆਰਾ ਕੁਬਿਜਾ ਦਾ ਉਧਾਰ ਕਰਨ ਸਬੰਧੀ ਵੀ ਉਲੇਖ ਵੀ ਗੁਰੂ-ਬਾਣੀ ਵਿਚ ਆਇਆ ਹੈ। ਅਧਿਆਇ ਦੂਜਾ ਵਿਚ ਦਰਜ ਮਿੱਥ ਕਥਾ ਅਨੁਸਾਰ ਸ੍ਰੀ ਕ੍ਰਿਸ਼ਨ

ਨੇ ਕੁਬਿਜਾ ਮਾਲਣ ਦੀ ਸੇਵਾ ਭਾਵ ਤੋਂ ਖੁਸ਼ ਹੋ ਕੇ ਉਸ ਦਾ ਕੁਬ ਕੱਢ ਦਿੱਤਾ। ਆਪ ਇਸ ਮਿੱਥ ਕਥਾ ਵੱਲ ਸੰਕੇਤ ਕਰਦੇ ਹੋਏ ਲਿਖਦੇ ਹਨ:

ਕੁਬਿਜਾ ਉਧਰੀ ਅੰਗੁਸਟ ਧਾਰ।[253]

ਉਪਰੋਕਤ ਮਿੱਥ ਕਥਾ ਵੱਲ ਸੰਕੇਤ ਕਰਦੇ ਹੋਏ ਗੁਰੂ ਸਾਹਿਬ ਇਹ ਦਾਰਸ਼ਨਿਕ ਵਿਚਾਰ ਪੇਸ਼ ਕਰਦੇ ਹਨ ਕਿ ਜੋ ਵੀ ਮਨੁੱਖ ਕੁਬਿਜਾ ਵਾਂਗੂੰ ਸੰਤਾਂ ਦੀ ਸੇਵਾ ਕਰਦਾ ਹੈ ਉਸ ਨੂੰ ਫਲ ਦੀ ਪ੍ਰਾਪਤੀ ਜ਼ਰੂਰ ਹੁੰਦੀ ਹੈ। ਇਸ ਤਰ੍ਹਾਂ ਇਸ ਮਿੱਥ ਕਥਾ ਰਾਹੀਂ ਸੇਵਾ ਭਾਵਨਾ ਦੇ ਉਪਦੇਸ਼ ਨੂੰ ਦ੍ਰਿੜ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

**ਬਧਿਕ ਦਾ ਉਧਾਰ :** ਸ੍ਰੀ ਕ੍ਰਿਸ਼ਨ ਦੁਆਰਾ ਬਧਿਕ ਦਾ ਉਧਾਰ ਕਰਨ ਸਬੰਧੀ ਮਿੱਥ ਕਥਾ ਦਾ ਵਰਨਣ ਗੁਰੂ-ਬਾਣੀ ਵਿਚ ਆਉਂਦਾ ਹੈ। ਅਧਿਆਇ ਦੂਜਾ ਵਿਚ ਦਰਜ ਮਿੱਥ ਕਥਾ ਅਨੁਸਾਰ ਬਧਿਕ ਨੇ ਸ੍ਰੀ ਕ੍ਰਿਸ਼ਨ ਜੀ ਦੇ ਪੈਰ ਵਿਚ ਭੁਲੇਖੇ ਨਾਲ ਹਿਰਨ ਦੀ ਅੱਖ ਸਮਝ ਕੇ ਤੀਰ ਮਾਰ ਦਿੱਤਾ ਪਰ ਬਾਅਦ ਵਿਚ ਪਛਤਾਉਣ ਤੇ ਸ੍ਰੀ ਕ੍ਰਿਸ਼ਨ ਨੇ ਉਸ ਨੂੰ ਬਖਸ਼ ਦਿੱਤਾ ਅਤੇ ਉਸ ਨੂੰ ਮੁਕਤੀ ਪ੍ਰਦਾਨ ਕੀਤੀ। ਗੁਰੂ ਸਾਹਿਬ ਇਸ ਮਿੱਥ ਕਥਾ ਸਬੰਧੀ ਉਲੇਖ ਕਰਦੇ ਹੋਏ ਫੁਰਮਾਉਂਦੇ ਹਨ:

ਬਧਿਕੁ ਉਧਾਰਿਓ ਖਮਿ ਪ੍ਰਹਾਰ।[254]

ਉਪਰੋਕਤ ਮਿੱਥ ਕਥਾ ਦਾ ਸੰਕੇਤ ਦੇ ਕੇ ਗੁਰੂ ਸਾਹਿਬ ਆਪਣੇ ਦਾਰਸ਼ਨਿਕ ਵਿਚਾਰ ਪੇਸ਼ ਕਰਦੇ ਹਨ ਕਿ ਬ੍ਰਹਮ ਦੁਆਰਾ ਦੇ ਭੇਜੇ ਅਵਤਾਰ ਦੁਆਰਾ ਕੇਵਲ ਭਗਤੀ ਭਾਵ ਵਾਲਾ ਹੀ ਨਹੀਂ ਤਰਦਾ ਸਗੋਂ 'ਬਧਕ' ਵਰਗਾ ਉਸਦੀ ਛੋਹ ਪ੍ਰਾਪਤ ਕਰਨ ਵਾਲਾ ਵਿਅਕਤੀ ਵੀ ਤਰ ਜਾਂਦਾ ਹੈ। ਇਸ ਤਰ੍ਹਾਂ ਸੰਤਾਂ ਦੀ ਉਸਤਿਤ ਇਸ ਮਿੱਥਕ ਸੰਕੇਤ ਰਾਹੀਂ ਕੀਤੀ ਹੈ।

### (ਅ) ਦੇਵਤਿਆਂ ਨਾਲ ਸਬੰਧਿਤ ਮਿੱਥ ਕਥਾਵਾਂ ਦਾ ਦਾਰਸ਼ਨਿਕ ਆਧਾਰ :

ਦੇਵਤੇ ਦਾ ਭਾਵ ਹੈ ਉਤਮ ਪੁਰਸ਼[255] .... ਪੌਰਾਣਿਕ ਵਿਸ਼ਵਾਸ ਅਨੁਸਾਰ ਬ੍ਰਹਮਾ, ਵਿਸ਼ਨੂੰ, ਮਹੇਸ਼ ਤਿੰਨਾਂ ਦੇਵਤਿਆਂ ਨੂੰ ਪ੍ਰਮੁੱਖ ਮੰਨਿਆ ਗਿਆ ਹੈ ਪਰ ਇਨ੍ਹਾਂ ਤੋਂ ਇਲਾਵਾ 33 ਕਰੋੜ

ਦੇਵਤਿਆਂ ਦਾ ਵਰਨਣ ਵੀ ਮਿਲਦਾ ਹੈ ਪਰ ਅਸੀਂ ਇਸੇ ਗੁਰੂ-ਬਾਣੀ ਵਿਚ ਆਏ ਦੇਵਤਿਆਂ ਦਾ ਵਰਨਣ ਦੇ ਰਹੇ ਹਾਂ।

**ਬ੍ਰਹਮਾ** : ਬ੍ਰਹਮਾ ਨਾਲ ਸਬੰਧਿਤ ਵੀ ਮਿੱਥ ਹਵਾਲੇ ਗੁਰੂ-ਬਾਣੀ ਵਿਚ ਮਿਲਦੇ ਹਨ। ਅਧਿਆਇ ਦੂਜਾ ਵਿਚ ਤੇ ਦਰਜ ਮਿੱਥ ਕਥਾ ਅਨੁਸਾਰ ਬ੍ਰਹਮਾ ਨੂੰ ਆਪਣੀ ਨਾਭ ਕੰਮਲ ਤੋਂ ਹੋਈ ਉਤਪਤੀ ਤੇ ਅਹੰਕਾਰ ਹੋ ਗਿਆ ਅਤੇ ਬ੍ਰਹਮਾ ਨੇ ਗੁੱਸੇ ਵਿਚ ਨਾਭੀ ਨੂੰ ਲੱਤ ਕੱਢ ਮਾਰੀ ਅਤੇ ਕਈ ਸਾਲ ਉਹ ਨਾਭੀ ਵਿਚ ਖੁਭਿਆ ਰਿਹਾ। ਗੁਰੂ ਸਾਹਿਬ ਇਸ ਮਿੱਥ ਕਥਾ ਵੱਲ ਸੰਕੇਤ ਕਰਦੇ ਹੋਏ ਫੁਰਮਾਉਂਦੇ ਹਨ:

ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ।
ਬ੍ਰਹਮ ਕਮਲੁ ਪਇਆਲਿ ਨ ਪਾਇਆ।
ਆਗਿਆ ਨਹੀ ਲੀਨੀ ਭਰਮਿ ਭੁਲਾਇਆ।[256]

ਉਪਰੋਕਤ ਮਿੱਥ ਕਥਾ ਰਾਹੀਂ ਗੁਰੂ ਸਾਹਿਬ ਆਪਣੇ ਦਾਰਸ਼ਨਿਕ ਵਿਚਾਰ ਪੇਸ਼ ਕਰਦੇ ਹੋਏ ਸਮਝਾਉਂਦੇ ਹਨ। ਮਹਾਨ ਤੋਂ ਮਹਾਨ ਵਿਅਕਤੀ ਵੀ ਅਹੰਕਾਰ ਤਿਆਗ ਨਹੀਂ ਕਰ ਸਕਦਾ। ਬ੍ਰਹਮਾ ਵਰਗਾ ਮਹਾਨ ਦੇਵਤਾ ਵੀ ਅਹੰਕਾਰ ਦਾ ਤਿਆਗ ਨਹੀਂ ਕਰ ਸਕਿਆ। ਆਪ ਮਨੁੱਖ ਨੂੰ ਸਮਝਾਉਂਦੇ ਹਨ ਕਿ ਅਹੰਕਾਰ ਦਾ ਤਿਆਗ ਕਰਕੇ ਪ੍ਰਭੂ ਹੁਕਮ ਦੀ ਪਾਲਣਾ ਕਰਨੀ ਚਾਹੀਦੀ ਹੈ, ਵਰਨਾ ਬ੍ਰਹਮਾ ਵਾਂਗੂੰ ਪਛਤਾਉਣਾ ਪੈਂਦਾ ਹੈ।

**ਵਿਸ਼ਨੂੰ** : ਵਿਸ਼ਨੂੰ ਬਾਰੇ ਵਰਨਣ ਅਸੀਂ ਅਵਤਾਰ ਰੂਪ ਵਿਚ ਕਰ ਚੁੱਕੇ ਹਾਂ।

**ਮਹੇਸ਼ ਜਾਂ ਸ਼ਿਵ** : ਸ਼ਿਵ ਸੰਘਾਰ ਕਰਨ ਵਾਲਾ ਪ੍ਰਮੁੱਖ ਦੇਵਤਾ ਹੈ ਜੋ ਨੀਲ ਕੰਠ, ਸ਼ਿਵ ਦੇ ਕ੍ਰੋਧ ਸਬੰਧੀ ਮਿੱਥਕ ਸੰਕੇਤ ਵੀ ਗੁਰੂ-ਬਾਣੀ ਵਿਚ ਮਿਲਦਾ ਹੈ। ਅਧਿਆਇ ਦੂਜਾ ਤੇ ਦਰਜ ਮਿੱਥ ਕਥਾ ਅਨੁਸਾਰ ਪਾਰਬਤੀ ਨੂੰ ਜਦੋਂ ਇਸ਼ਨਾਨ ਕਰਨ ਲਗੀ ਤਾਂ ਉਸ ਨੇ ਆਪਣੇ ਸਰੀਰ ਦੀ ਮੈਲ ਨਾਲ ਗਣੇਸ ਬਾਲਕ ਨੂੰ ਪੈਦਾ ਕਰਕੇ ਉਸ ਨੂੰ ਪਹਿਰੇਦਾਰ ਵਜੋਂ ਖੜਾ ਕਰ ਦਿੱਤਾ। ਸ਼ਿਵ ਨੇ ਜਦੋਂ ਅੰਦਰ ਜਾਣ ਦੀ ਕੋਸ਼ਿਸ਼ ਕੀਤੀ ਤਾਂ ਗਣੇਸ਼ ਨੇ ਉਸ ਨੂੰ ਰੋਕਿਆ। ਸ਼ਿਵ ਨੇ ਗੁੱਸੇ ਵਿਚ ਉਸ ਦਾ

ਸਿਰ ਕੱਟ ਦਿੱਤਾ। ਪਾਰਬਤੀ ਨੂੰ ਪਤਾ ਲਗਾ ਤਾਂ ਉਹ ਵਿਰਲਾਪ ਕਰਨ ਲੱਗੀ ਤੇ ਪਿਛੋਂ ਸ਼ਿਵ ਨੇ ਹਾਥੀ ਦਾ ਸਿਰ ਲਾ ਕੇ ਇਸ ਨੂੰ ਮੁੜ ਸੁਰਜੀਤ ਕੀਤਾ। ਗੁਰੂ ਸਾਹਿਬ ਇਸ ਮਿੱਥ ਕਥਾ ਬਾਬਤ ਫੁਰਮਾਉਂਦੇ ਹਨ:

ਮਹਾਦੇਉ ਗਿਆਨੀ ਵਰਤੈ ਘਰਿ ਆਪਣੈਤ ਤਾਮਸੁ ਬਹੁਤ ਅਹੰਕਾਰ।[257]

ਉਪਰੋਕਤ ਮਿੱਥ ਕਥਾ ਰਾਹੀਂ ਗੁਰੂ ਸਾਹਿਬਾਨ ਨੇ ਇਹ ਦਾਰਸ਼ਨਿਕ ਵਿਚਾਰ ਪੇਸ਼ ਕੀਤੇ ਹਨ ਕਿ ਪੰਜ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ ਹੰਕਾਰ) ਤੋਂ ਦੇਵੀ ਦੇਵਤੇ ਵੀ ਮੁਕਤ ਨਹੀਂ ਹੋ ਸਕੇ। ਸ਼ਿਵ ਵਰਗੇ ਮਹਾਨ ਗਿਆਨੀ ਦੇਵਤੇ ਜੋ ਦੂਸਰਿਆਂ ਨੂੰ ਗਿਆਨ ਦਾ ਉਪਦੇਸ਼ ਦਿੰਦੇ ਸਨ, ਆਪ ਵੀ ਕ੍ਰੋਧ ਦਾ ਸ਼ਿਕਾਰ ਹੋਏ ਗਏ। ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਮਨੁੱਖ ਨੂੰ ਕ੍ਰੋਧ ਦਾ ਤਿਆਗ ਕਰਨਾਂ ਚਾਹੀਦਾ ਹੈ, ਵਰਨਾ ਬਾਅਦ ਵਿਚ ਸ਼ਿਵ ਵਾਂਗ ਪਛਤਾਉਣਾ ਪੈਂਦਾ ਹੈ।

**ਇੰਦਰ :** ਇੰਦਰ ਬ੍ਰਹਮਾ ਵਿਸ਼ਨੂੰ ਨੂੰ ਛੱਡ ਸਭ ਦੇਵਤਿਆਂ ਤੋਂ ਉੱਪਰ ਸਥਾਨ ਰੱਖਦਾ ਹੈ। ਇਹ ਦੇਵਤੇ ਇੰਦਰਪੁਰੀ ਵਿਚ ਰਹਿੰਦਾ ਹੈ। ਇਸ ਨੂੰ ਵਰਖਾ ਦਾ ਦੇਵਤਾ ਵੀ ਕਹਿੰਦੇ ਹਨ। ਇਸ ਨਾਲ ਸਬੰਧਿਤ ਮਿੱਥਕ ਹਵਾਲਾ ਗੁਰੂ-ਬਾਣੀ ਵਿਚ ਮਿਲਦਾ ਹੈ। ਅਧਿਆਇ ਦੂਜਾ ਤੇ ਵਿਚਾਰੀ ਗਈ ਮਿੱਥ ਕਥਾ ਅਨੁਸਾਰ ਇੰਦਰ ਗੌਤਮ ਰਿਸ਼ੀ ਦੀ ਪਤਨੀ ਅਹੱਲਿਆ ਤੇ ਮੋਹਿਤ ਹੋ ਜਾਂਦਾ ਹੈ ਅਤੇ ਉਸਦੇ ਪਤੀ ਗੌਤਮ ਰਿਸ਼ੀ ਦਾ ਭੇਸ ਧਾਰ ਕੇ ਚੰਦਰਮਾ ਦੀ ਸਹਾਇਤਾ ਨਾਲ ਅਹੱਲਿਆ ਦਾ ਸਤ ਭੰਗ ਕਰਦਾ ਹੈ। ਇਸ ਕੁਕਰਮ ਉਪਰੰਤ ਗੌਤਮ ਰਿਸ਼ੀ ਇੰਦਰ ਨੂੰ ਸਰਾਪ ਦਿੰਦਾ ਹੈ ਅਤੇ ਉਸ ਦੇ ਸਰੀਰ ਤੇ ਹਜ਼ਾਰਾਂ ਭਗਾਂ ਹੋ ਜਾਂਦੀਆਂ ਹਨ। ਗੁਰੂ ਸਾਹਿਬ ਇਸ ਮਿੱਥਕ ਕਥਾ ਬਾਰੇ ਲਿਖਦੇ ਹਨ।

ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ।
ਸਹਸ ਸਰੀਰ ਚਿਹਨ ਭਗ ਹੂਏ ਤਾ ਮਨ ਪਛੋਤਾਇਆ।[258]

ਉਪਰੋਕਤ ਮਿੱਥ ਕਥਾ ਰਾਹੀਂ ਗੁਰੂ ਸਾਹਿਬ ਇਹ ਦਾਰਸ਼ਨਿਕ ਵਿਚਾਰ ਪੇਸ਼ ਕਰਦੇ ਹਨ ਕਿ ਮਨੁੱਖ ਨੂੰ 'ਕਾਮ' ਦਾ ਤਿਆਗ ਕਰਨਾ ਚਾਹੀਦਾ ਹੈ ਉਸ ਨੂੰ ਅੰਤ ਵਿਚ ਇੰਦਰ ਦੀ ਤਰ੍ਹਾਂ ਪਛਤਾਉਣਾ ਪੈਂਦਾ ਹੈ। ਇਸ ਲਈ ਗੁਰੂ ਸਾਹਿਬ ਸਮਝਾਉਂਦੇ ਹਨ ਕਿ ਮਨੁੱਖ ਨੂੰ ਕਾਮ ਦਾ

ਤਿਆਗ ਕਰਕੇ ਪਵਿੱਤਰ ਜੀਵਨ ਜਿਉਣਾ ਚਾਹੀਦਾ ਹੈ ਅਤੇ ਪਤੀ ਵਰਤਾ ਜਾਂ ਪਤਨੀ ਵਰਤਾ ਹੋਣਾ ਚਾਹੀਦਾ ਹੈ। ਜਦੋਂ ਮਨੁੱਖ ਸਮਾਜਕ ਸਦਾਚਾਰ ਤੋਂ ਉਲਟ ਕੰਮ ਕਰੇਗਾ ਤਾਂ ਉਸ ਨੂੰ ਨਤੀਜੇ ਭੁਗਤਣੇ ਪੈਣਗੇ। ਇੰਦਰ ਨੇ ਸਮਾਜ ਵਿਚ ਵਿਵਰਜਤ ਕੰਮ ਦੇ ਵਿਰੁਧ ਕਦਮ ਉਠਾਇਆ ਜਿਸ ਦੇ ਸਿੱਟੇ ਵਜੋਂ ਉਸ ਨੂੰ ਸਮਾਜ ਨੇ ਦੁਰਕਾਰਿਆ। ਇਸ ਮਿੱਥ ਵਿਚ ਕਾਮ ਦਾ ਤਿਆਗ ਕਰਨ ਉਪਰ ਜ਼ੋਰ ਦਿੱਤਾ ਗਿਆ ਹੈ।

**ਰਿਸ਼ੀਆਂ ਮੁਨੀਆਂ ਨਾਲ ਸਬੰਧਿਤ ਮਿੱਥ ਕਥਾਵਾਂ ਦਾ ਦਾਰਸ਼ਨਿਕ ਆਧਾਰ:**

ਰਿਸ਼ੀ ਦਾ ਅਰਥ ਹੈ ਪਰਮ ਪਦ ਨੂੰ ਪਹੁੰਚਿਆ ਹੋਇਆ ਪੁਰਖ, ਕਰਨੀ ਵਾਲਾ ਸਾਧੂ, ਮੁਨਿ।[259] ਗੁਰੂ-ਬਾਣੀ ਵਿਚ ਨਾਰਦ, ਸੁਖਦੇਵ, ਗੌਤਮ, ਬਾਲਮੀਕ, ਵਸ਼ਿਸ਼ਟ ਆਦਿ ਨਾਲ ਸਬੰਧਿਤ ਮਿੱਥਕ ਹਵਾਲੇ ਮਿਲਦੇ ਹਨ।

**ਨਾਰਦ:** ਨਾਰਦ ਇਕ ਰਿਸ਼ੀ ਜਿਸ ਨੇ ਰਿਗਵੇਦ ਦੇ ਕਈ ਮੰਤਰ ਰਚੇ ਸਨ। ਇਸ ਨੂੰ ਬ੍ਰਹਮਾ ਦਾ ਪੁੱਤਰ ਕਿਹਾ ਜਾਂਦਾ ਹੈ। ਵਿਸ਼ਨੂੰ ਪੁਰਾਣ ਅਨੁਸਾਰ ਇਹ ਕੱਸ਼ਪ ਦਾ ਪੁੱਤਰ ਹੈ ਤੇ ਰਿਗਵੇਦ ਦੀ ਲਿਖਤ ਇਸ ਨੂੰ ਕਣਵ ਰਿਸ਼ੀ ਦੇ ਵੰਸ ਨਾਲ ਜੋੜਦੀ ਹੈ। ਇਹ ਹੱਥ ਵਿਚ ਵੀਣਾ ਰੱਖਦਾ ਹੈ ਤੇ ਭਗਤੀ ਵਿਚ ਮਗਨ ਰਹਿੰਦਾ ਹੈ। 'ਧਰੂ' ਨੂੰ ਭਗਤੀ ਦਾ ਉਪਦੇਸ਼ ਇਸੇ ਨੇ ਦਿੱਤਾ।[260] ਨਾਰਦ ਬਾਰੇ ਪ੍ਰਸਿੱਧ ਹੈ ਕਿ ਇਸ ਨੇ ਮੂਰਤੀ ਪੂਜਾ ਦੀ ਰੀਤ ਚਲਾਈ ਇਸ ਬਾਰੇ ਗੁਰੂ-ਬਾਣੀ ਵਿਚ ਵੀ ਵਰਨਣ ਮਿਲਦਾ ਹੈ। ਗੁਰੂ ਸਾਹਿਬ ਲਿਖਦੇ ਹਨ:

ਹਿੰਦੂ ਮੂਲੇ ਭੂਲੇ ਅਖੁਟੀ ਜਾਹੀ
ਨਾਰਦਿ ਕਹਿਆ ਸਿ ਪੂਜ ਕਰਾਂਹੀ।[261]

ਨਾਰਦ ਨੂੰ ਲੂਤੀ ਜਾਂ ਝਗੜੇ ਖੜੇ ਕਰਨ ਵਾਲਾ ਵਿਅਕਤੀ ਕਿਹਾ ਜਾਂਦਾ ਹੈ ਜੋ ਦੇਵਤਿਆਂ, ਦੈਂਤਾਂ ਤੇ ਅਵਤਾਰਾਂ ਵਿਚ ਝਗੜੇ ਖੜ੍ਹੇ ਕਰਨ ਵਿਚ ਮਾਹਿਰ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ:

ਨਾਰਦ ਕਰੇ ਖੁਆਰੀ।[262]

ਉਪਰੋਕਤ ਮਿੱਥਕ ਸੰਕੇਤ ਰਾਹੀਂ ਗੁਰੂ ਸਾਹਿਬਾਨ ਇਹ ਦਾਰਸ਼ਨਿਕ ਸੰਦੇਸ਼ ਦਿੰਦੇ ਹਨ ਕਿ ਮਨੁੱਖ ਨੂੰ ਨਾਰਦ ਵਰਗੇ ਚੁਗਲੀ ਕਰਨ ਵਾਲੇ ਬੰਦਿਆਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਜੋ ਚੁਗਲੀ ਲਾ ਕੇ ਘਰ ਘਰ ਵਿਚ ਲੜਾਈ ਝਗੜਾ ਪੈਦਾ ਕਰਦੇ ਹਨ। ਇਸ ਤੋਂ ਇਲਾਵਾ ਆਪ ਸਮਝਾਉਂਦੇ ਹਨ ਕਿ ਮਨੁੱਖ ਨੂੰ ਚੁਗਲੀ ਵਰਗੇ ਕਾਰਜਾਂ ਦਾ ਤਿਆਗ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਇਸ ਮਿੱਥ ਰਾਹੀਂ ਚੁਗਲੀ ਵਰਗੀ ਬੁਰੀ ਆਦਤ ਨੂੰ ਤਿਆਗਣ ਤੇ ਜ਼ੋਰ ਦਿੱਤਾ ਗਿਆ ਹੈ।

ਸੂਕਦੇਵ ਰਿਸ਼ੀ ਬਿਆਸ ਦਾ ਪੁੱਤਰ ਸੀ। ਇਕ ਵਾਰੀ ਬਿਆਸ ਮੁਨੀ ਅਰਣੀ ਦੀ ਲੱਕੜ ਰਗੜ ਕੇ ਅੰਗ ਕੱਢ ਰਿਹਾ ਸੀ। ਉਸ ਸਮੇਂ 'ਘਿਤਾਚੀ' ਨਾਮਕ ਅੱਪਸਰਾ ਆ ਗਈ। 'ਘਿਤਾਚੀ' ਨੂੰ ਵੇਖ ਕੇ। ਮੁਨੀ ਦਾ ਵੀਰਜ ਅਰਣੀ ਵਿਚ ਡਿਗ ਪਿਆ। ਘਿਤਾਚੀ ਮੁਨੀ ਦੇ ਸਰਾਪ ਤੋਂ ਡਰਦੀ ਤੋਈ ਤੱਤੀ ਬਣ ਕੇ ਉਡ ਗਈ ਇਸ ਤਰ੍ਹਾਂ ਸੁਕਦੇਵ ਦਾ ਜਨਮ ਬਿਆਸ ਦੇ ਅਰਣੀ ਵਿਚ ਡਿੰਗ ਵੀਰਜ ਤੋਂ ਹੋਇਅ।

ਜਦ ਬਿਆਸ ਸੁਕਦੇਵ ਨੂੰ ਬ੍ਰਹਮ ਗਿਆਨ ਦੇ ਕੇ ਸੰਤੁਸ਼ਟ ਨਾ ਕਰ ਸਕਿਆ ਤਾਂ ਉਸ ਨੇ ਉਸ ਨੂੰ ਜਨਕ ਪਾਸ ਭੇਜਿਆ। ਰਾਜਾ ਆਪਣੀ ਇਕ ਲੱਤ ਸੁੰਦਰ ਇਸਤਰੀਆਂ ਕੋਲੋਂ ਘੁਟਾ ਰਿਹਾ ਸੀ ਅਤੇ ਦੂਜੀ ਲੱਤ ਉਸਨੇ ਅੱਗ ਵਿਚ ਰੱਖੀ ਹੋਈ ਸੀ। ਜਾਣੋ ਸੁਖ ਦੁਖ ਸਮਕਰ ਕਰ ਜਾਣ ਰਿਹਾ ਸੀ। ਇਹ ਦੇਖ ਕੇ ਸੁਕਦੇਵ ਨੇ ਰਾਜੇ ਨੂੰ ਗੁਰੂ ਧਾਰਨ ਕਰ ਲਿਆ। ਜਨਕ ਨੇ ਪ੍ਰੀਖਿਆ ਲਈ ਸੁਕਦੇਵ ਨੂੰ ਸੱਤ ਦਿਨ ਦਲਾਨ ਵਿਚ ਖੜਾਈ ਰੱਖਿਆ। ਯੱਗ ਦੀਆਂ ਜੂਠੀਆਂ ਪੱਤਲਾਂ ਇਸ ਦੇ ਸਿਰ ਉਤੇ ਸੁੱਟੀਆਂ ਗਈਆਂ ਪਰ ਸੁਕਦੇਵ ਪਰੀਖਿਆ ਵਿਚ ਪੂਰਾ ਉਤਰਿਆ।[263] ਇਸ ਮਿੱਥ ਕਥਾ ਸਬੰਧੀ ਗੁਰੂ ਸਾਹਿਬਾਨ ਫੁਰਮਾਉਂਦੇ ਹਨ:

ਜਾਤ ਨਜਾਤਿ ਦੇਖਿ ਮਤ ਭਰਮਹੁ<br>
ਸੁਕ ਜਨਕ ਪਗੀਂ ਲਗਿ ਧਿਆਵੈਗੋ।<br>
ਜੂਠਨ ਜੂਠਿ ਪਈ ਸਿਰ ਊਪਰਿ<br>
ਖਿਨੁ ਮਨੂਆ ਤਿਲੁ ਨਾ ਡੁਲਾਵੈਗੋ।[264]

ਉਪਰੋਕਤ ਮਿੱਥ ਕਥਾ ਰਾਹੀਂ ਗੁਰੂ ਸਾਹਿਬ ਦਾਰਸ਼ਨਿਕ ਵਿਚਾਰ ਪੇਸ਼ ਕਰਦੇ ਸਮਝਾਉਂਦੇ ਹਨ ਕਿ ਮਨੁੱਖ ਨੂੰ ਗੁਰੂ ਧਾਰ ਕੇ ਉਸ ਦੇ ਹੁਕਮ ਦੀ ਪਾਲਣਾ ਕਰਨੀ ਚਾਹੀਦੀ ਹੈ। ਜੋ ਵਿਅਕਤੀ ਗੁਰੂ ਦੀ ਪ੍ਰੀਖਿਆ ਵਿਚ ਪੂਰਾ ਉਤਰਦਾ ਹੈ ਉਹ ਹੀ ਨਾਮ ਦੀ ਪ੍ਰਾਪਤੀ ਕਰ ਸਕਦਾ ਹੈ। ਇਸ ਮਿੱਥ ਕਥਾ ਰਾਹੀਂ ਗੁਰੂ ਦੀ ਮਹੱਤਤਾ ਨੂੰ ਦ੍ਰਿੜ ਕਰਵਾਇਆ ਗਿਆ ਹੈ।

**ਗੌਤਮ ਰਿਸ਼ੀ**: ਗੌਤਮ ਰਿਸ਼ੀ ਜਨਕ ਦੇ ਪਰੋਹਿਤ ਸਤਾਨੰਦ ਦਾ ਪਿਤਾ ਸੀ। ਇਸ ਦੀ ਪਤਨੀ ਦਾ ਨਾਂ ਅਹੱਲਿਆ ਸੀ। ਅਹੱਲਿਆ ਦਾ ਇੰਦਰ ਦੁਆਰਾ ਵਿਭਚਾਰ ਕਰਨ ਕਰਕੇ ਉਸ ਨੇ ਇਨ੍ਹਾਂ ਦੋਹਾਂ ਨੂੰ ਸਰਾਪ ਦਿੱਤਾ। (ਇਸ ਮਿੱਥ ਕਥਾ ਦਾ ਵਰਨਣ ਅਧਿਅਇ ਦੂਜਾ ਦੇ ਪੰਨਾ .... ਤੇ ਕੀਤਾ ਜਾ ਚੁੱਕਾ ਹੈ)

**ਬਾਲਮੀਕ ਰਿਸ਼ੀ** : ਬਾਲਮੀਕ ਚੰਡਾਲ ਜਾਤੀ ਦਾ ਸੀ। ਇਹ ਚੋਰੀ, ਡਾਕੇ ਮਾਰ ਕੇ ਆਪਣੇ ਦਿਨ ਲੰਘਾਉਂਦਾ ਸੀ। ਇਕ ਦਿਨ ਸੰਤਾਂ ਨੇ ਪੁਛਿਆ, ਕੀ ਤੂੰ ਇਹ ਸਭ ਕੁਝ ਕਿਸ ਲਈ ਕਰਦਾ ਹੈ? ਉਸਨੇ ਕਿਹਾ ਕਿ ਪਰਿਵਾਰ ਲਈ। ਸੰਤਾਂ ਦਾ ਅਗਲਾ ਬਚਨ ਸੀ ਕਿ ਇਹ ਪੁੱਤਰ ਧੀਆਂ ਤੇਰੇ ਕੰਮ ਨਹੀਂ ਆਉਣੇ ਤੇ ਇਹ ਪਾਪਾਂ ਦਾ ਫਲ ਤੈਨੂੰ ਭੁਗਤਣਾ ਪਵੇਗਾ। ਇਸ ਤੋਂ ਉਸ ਨੂੰ ਗਿਆਨ ਹੋ ਗਿਆ ਤੇ ਉਹ ਭਗਤੀ ਕਰਨ ਲੱਗ ਪਿਆ।[265] ਗੁਰੂ ਸਾਹਿਬ ਇਸ ਬਾਬਤ ਫੁਰਮਾਉਂਦੇ ਹਨ:

- ਬਾਲਮੀਕੈ ਹੋਆ ਸਾਧ ਸੰਗੁ।[266]
- ਧੰਨਾ ਜਟ ਬਾਲਮੀਕ ਬਟਵਾਰਾ ਗਰਮਖਿ ਪਾਰਿ ਪਰਿਆ।[267]

ਉਪਰੋਕਤ ਮਿੱਥਕ ਸੰਕੇਤ ਰਾਹੀਂ ਗੁਰੂ ਸਾਹਿਬ ਇਹ ਦਾਰਸ਼ਨਿਕ ਵਿਚਾਰ ਪੇਸ਼ ਕਰਦੇ ਹਨ ਕਿ ਬੁਰੇ ਤੋਂ ਬੁਰਾ ਕੰਮ ਕਰਨ ਵਾਲਾ ਵਿਅਕਤੀ ਗੁਰਮੁਖਾਂ, ਸਾਧਾਂ, ਸੰਤਾਂ ਦੀ ਸੰਗਤ ਨਾਲ ਤਰ ਜਾਂਦਾ ਹੈ। ਇਸ ਲਈ ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਮਨੁੱਖ ਨੂੰ ਸਾਧਾਂ, ਸੰਤਾਂ ਦੀ ਸੰਗਤ ਕਰਨੀ ਚਾਹੀਦੀ ਹੈ ਤਾਂ ਹੀ ਉਹ ਬਾਲਮੀਕ ਵਾਂਗੂ ਮਹਾਨ ਵਿਦਵਾਨ ਅਤੇ ਪ੍ਰਭੂ ਭਗਤੀ ਕਰਨ ਵਾਲਾ ਵਿਅਕਤੀ ਬਣ ਸਕਦਾ ਹੈ। ਇਸ ਕਥਾ ਰਾਹੀਂ ਸਾਧ ਸੰਗਤ ਅਤੇ ਸਾਧ ਸੰਤਾਂ ਦੀ ਮਹਿਮਾ ਨੂੰ ਦ੍ਰਿੜਾਇਆ ਹੈ।

**ਬਸ਼ਿਸ਼ਟ ਜਾਂ ਵਸ਼ਿਸ਼ਟ ਰਿਸ਼ੀ** : ਵਸ਼ਿਸ਼ਟ ਜੀ ਪ੍ਰਸਿੱਧ ਰਿਖੀ ਹੋਏ ਹਨ ਤੇ ਬ੍ਰਹਮਾ ਦੇ ਪੁੱਤਰ ਮੰਨੇ ਜਾਂਦੇ ਹਨ ........ । ਇਹ ਰਾਮ ਚੰਦਰ ਜੀ ਦੇ ਗੁਰੂ ਸਨ ਇਹਨਾਂ ਨੇ ਜੋ ਉਪਦੇਸ਼ ਦਿੱਤਾ, ਉਹ ਵਸ਼ਿਸ਼ਟ ਪੁਰਾਣ ਵਿਚ ਦਰਜ ਹੈ। ਇਹਨਾਂ ਨੇ ਸਬੰਧਿਤ ਮਿੱਥ ਕਕਾ ਪੇਸ਼ ਹੈ ਜੋ ਇਸ ਪ੍ਰਕਾਰ ਹੈ:

ਵਸਿਸਟ ਦੇ ਸਮੇਂ ਵਿਸ਼ਵਾਮਿੱਤਰ ਪ੍ਰਸਿੱਧ ਰਾਜ-ਰਿਸ਼ੀ ਹੋਇਆ ਹੈ। ........ ਇਕ ਵਾਰੀ ਦਾ ਜ਼ਿਕਰ ਹੈ ਕਿ ਵਿਸ਼ਵਾਮਿਤਰ ਆਪਣੀ ਸੈਨਾਂ ਸਣੇ ਵਸ਼ਿਸ਼ਟ ਜੀ ਪਾਸ ਗਿਆ। ਵਸ਼ਿਸ਼ਟ ਜੀ ਨੇ 'ਕਾਮਧੇਨ' ਗਊ ਦੀ ਬਰਕਤ ਨਾਲ ਉਸ ਦੀ ਸੈਨਾ ਦੀ ਚੰਗੀ ਸੇਵਾ ਕੀਤੀ। ਵਿਸ਼ਵਾ ਮਿੱਤਰ ਇਸ ਤੇ ਬੜਾ ਹੈਰਾਨ ਹੋਇਆ। ਜਦ ਵਿਸ਼ਵਾਮਿੱਤਰ ਨੇ ਧੱਕੋਜੋਰੀ 'ਕਾਮਧੇਨ' ਨੂੰ ਕਾਬੂ ਕਰਨ ਦਾ ਯਤਨ ਕੀਤਾ ਤਦ ਕਾਮਧੇਨ ਨੇ ਸੈਨਾ ਦਾ ਰੂਪ ਧਾਰ ਕੇ ਵਿਸ਼ਵਾਮਿੱਤਰ ਦੀ ਸੈਨਾਂ ਦਾ ਬੜਾ ਨੁਕਸਾਨ ਕੀਤਾ ਤੇ ਵਿਸਵਾਮਿੱਤਰ ਨੂੰ ਭਾਂਜ ਦਿੱਤੀ .......... । ਇਕ ਦਿਨ ਫਿਰ ਵਿਸ਼ਵਾਮਿੱਤਰ ਸ਼ਾਸਤਰ ਧਾਰ ਕੇ ਵਸ਼ਿਸ਼ਟ ਜੀ ਦੇ ਦਰ ਤੇ ਆਇਆ। ਉਸ ਸਮੇਂ ਵਸ਼ਿਸ਼ਟ ਜੀ ਦੀ ਇਸਤਰੀ ਨੇ ਰਿਸ਼ੀ ਜੀ ਪਾਸੋਂ ਪੁਛਿਆ ਕਿ ਇਸ ਸਮੇਂ ਕਿਹੜਾ ਰਿਸ਼ੀ ਹੈ ਜਿਸ ਦਾ ਚੰਦਰਮਾ ਵਰਗਾ ਪਰਤਾਪ ਹੈ? ਰਿਸ਼ੀ ਨੇ ਉੱਤਰ ਦਿੱਤਾ: ਵਿਸ਼ਵਾਮਿੱਤਰ। ਵਿਸ਼ਵਾਮਿੱਤਰ ਇਹ ਸੁਣ ਕੇ ਆਪਣੀ ਕਰਤੂਤ ਅਤੇ ਰਿਸ਼ੀ ਦੀ ਨਿਰਵੈਰਤਾ ਉਤੇ ਸਖਤ ਹੈਰਾਨ ਹੋਇਆ। ਉਸ ਨੇ ਸ਼ਾਸਤਰ ਤਿਆਗ ਦਿੱਤੇ ਤੇ ਬੜੀ ਨਿਮਰਤਾ ਨਾਲ ਵਸ਼ਿਸ਼ਟ ਜੀ ਦੀ ਹਜ਼ੂਰੀ ਵਿਚ ਹਾਜ਼ਰ ਹੋਇਆ। ਵਸ਼ਿਸ਼ਟ ਜੀ ਨੇ ਉਸ ਦੀ ਨਿਮਰਤਾ ਤੇ ਪ੍ਰਸੰਨ ਹੋ ਕੇ ਆਖਿਆ: 'ਆਓ ਬ੍ਰਹਮ ਰਿਖੀ ਜੀ।' ਵਿਸਵਾਮਿੱਤਰ ਨੇ ਆਪਣੀ ਮੁਰਾਦ ਪੂਰੀ ਹੁੰਦੀ ਵੇਖ ਖਿਮਾ ਮੰਗੀ।[268] ਗੁਰੂ ਸਾਹਿਬ ਵਸ਼ਿਸ਼ਟ ਦੀ ਨਿਮਰਤਾ ਬਾਰੇ ਮਿੱਥਕ ਸੰਕੇਤ ਦਿੰਦੇ ਹਨ।

ਗੁਰਮੁਖਿ ਬਸਿਸਟਿ ਹਰਿ ਉਪਦੇਸ ਦ੍ਰਿੜਾਈ।[269]

ਇਸ ਮਿੱਥਕ ਸੰਕੇਤ ਰਾਹੀਂ ਗੁਰੂ ਸਾਹਿਬ ਮਨੁੱਖ ਨੂੰ ਦਾਰਸ਼ਨਿਕ ਉਪਦੇਸ਼ ਦਿੰਦੇ ਹਨ ਕਿ ਮਨੁੱਖ ਨੂੰ ਹਉਮੈ ਤੇ ਕ੍ਰੋਧ ਦਾ ਤਿਆਗ ਕਰਕੇ ਨਿਮਰਤਾ ਅਤੇ ਗੁਰਮੁਖਾਂ ਵਾਲਾ ਜੀਵਨ ਜਿਉਣਾ ਚਾਹੀਦਾ ਹੈ। ਜੇਕਰ ਕੋਈ ਗਲਤੀ ਕਰਦਾ ਹੈ ਤਾਂ ਉਸ ਨੂੰ ਮੁਆਫ਼ ਕਰ ਦੇਣਾ ਚਾਹੀਦਾ ਹੈ। ਇਸ

ਤਰ੍ਹਾਂ ਇਸ ਮਿੱਥਕ ਸੰਕੇਤ ਰਾਹੀਂ ਵਸਿਟ ਦੀ ਨਿਮਰਤਾ ਅਤੇ ਨੇਕ ਆਚਰਣ ਦੀ ਸਲਾਘਾ ਕੀਤੀ ਹੈ।

**(ੲ) ਰਾਜੇ ਮਹਾਰਾਜਿਆਂ ਨਾਲ ਸਬੰਧਿਤ ਮਿੱਥ ਕਥਾਵਾਂ ਦਾ ਦਾਰਸ਼ਨਿਕ ਆਧਾਰ:**

ਰਾਜਾ ਹਰੀਚੰਦ ਜੋ ਕਿ ਤ੍ਰਿਸ਼ੰਕੂ ਦਾ ਪੁੱਤਰ ਸੀ। ਬੜਾ ਦਾਨੀ ਤੇ ਧਰਮੀ ਪੁਰਸ਼ ਸੀ। ਇਕ ਵਾਰ ਇਹ ਸ਼ਿਕਾਰ ਖੇਡਣ ਗਿਆ ਵਿਸ਼ਵਾਮਿੱਤਰ ਦੇ ਆਸਰਮ ਪਹੁੰਚਿਆ। ਅੱਗੋਂ ਰਿਸ਼ੀ ਨੇ। ਕਿਹਾ ਕਿ ਮੈਂ ਬ੍ਰਾਮਹਣ ਹਾਂ, ਮੈਨੂੰ ਦੱਛਣਾ ਦਿਓ। ਰਾਜੇ ਨੇ ਆਪਣੇ ਗੁਰੂ ਦੇ ਰੋਕਣ ਦੇ ਬਾਵਜੂਦ ਵੀ ਧਨ ਸੰਪਤਿ, ਰਾਜ ਭਾਗ ਸਭ ਕੁਝ ਰਿਸ਼ੀ ਨੂੰ ਦਾਨ ਕਰ ਦਿੱਤਾ ਤੇ ਇਥੇ ਇਸ ਨੂੰ ਆਪਣੀ ਇਸਤਰੀ ਤੇ ਪੁੱਤਰ ਅਤੇ ਆਪਣੇ ਆਪ ਨੂੰ ਵੀ ਮੰਡੀ ਵਿਚ ਵੇਚਣਾ ਪਿਆ। ਤੇ ਚੰਡਾਲ ਪਾਸ ਨੌਕਰੀ ਕਰਨੀ ਪਈ। ਚੰਡਾਲ ਨੇ ਉਸ ਨੂੰ ਸਮਸ਼ਾਨ ਭੂਮੀ ਦੀ ਦੇਖ-ਭਾਲ ਦਾ ਕੰਮ ਸੌਂਪਿਆ। ਹੋਣੀ ਐਸੀ ਵਾਪਰੀ ਕਿ ਰਾਜੇ ਦਾ ਪੁੱਤਰ ਸੱਪ ਲੜ ਕੇ ਮਰ ਗਿਆ। ਇਸ ਦੀ ਰਾਣੀ ਪੁੱਤਰ ਫੂਕਣ ਲਈ ਸ਼ਮਸ਼ਾਨ ਭੂਮੀ ਵਿਚ ਆਈ ਪਰ ਉਸ ਕੋਲ ਕੋਈ ਪੈਸਾ ਨਹੀਂ ਸੀ। ਹਰੀਚੰਦ ਨੇ ਪੈਸੇ ਤੋਂ ਬਿਨਾਂ ਸਸਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਰਾਜੇ ਦੀ ਦ੍ਰਿੜਤਾ ਵੇਖ ਕੇ ਇੰਦਰ ਤੇ ਵਿਸ਼ਵਾਮਿੱਤਰ ਉਥੇ ਪਹੁੰਚੇ ਤੇ ਉਨ੍ਹਾਂ ਉਸ ਨੂੰ ਸਵਰਗ ਦਾ ਸੱਦਾ ਦਿੱਤਾ। ਪਰ ਰਾਜੇ ਨੇ ਫਿਰ ਇਨਕਾਰ ਕਰ ਦਿੱਤਾ ਤੇ ਕਿਹਾ, "ਮੈਂ ਆਪਣੇ ਸੁਆਮੀ ਚੰਡਾਲ ਦੀ ਆਗਿਆ ਤੋਂ ਬਿਨਾਂ ਸਵਰਗ ਨਹੀਂ ਜਾਵਾਂਗਾ। ਅਖੀਰ ਇਸ ਦੇ ਪੁੱਤਰ ਰੋਹਿਤ ਨੂੰ ਰਾਜ-ਤਿਲਕ ਦਿੱਤਾ ਗਿਆ ਤੇ ਰਾਜਾ ਹਰੀਚੰਦ, ਨਗਰੀ ਸਮਤੇ ਸਵਰਗ ਚਲਿਆ ਗਿਆ।[270] ਗੁਰੂ ਸਾਹਿਬ ਇਸ ਬਾਬਤ ਫੁਰਮਾਉਂਦੇ ਹਨ:

- ਤਿਨਿ ਹਰੀਚੰਦਿ ਪ੍ਰਿਥਮੀ ਪਤਿ ਰਾਜੇ, ਕਾਗਦਿ ਕੀਮ ਨਾ ਪਾਈ।
  ਅਉਗਣੁ ਜਾਣੈ ਤ ਪੁੰਨ ਕਰੇ, ਕਿਉ ਕਿਉ ਨੇਖਾਸਿ ਬਿਕਾਈ।[271]
- ਹਰੀ ਚੰਦ ਦਾਨ ਕਰੇ ਜਸੁ ਲੇ। ਬਿਨ ਗੁਰ ਅੰਤ ਨਾ ਪਾਇ ਅਭੇਵੈ
  ਆਪਿ ਭੁਲਾਇ ਆਪੇ ਮਤਿ ਦੇਵੈ।੩।[272]

ਉਪਰੋਕਤ ਮਿੱਥ ਕਥਾ ਰਾਹੀਂ ਗੁਰੂ ਸਾਹਿਬ ਨੇ ਇਹ ਦਾਰਸ਼ਨਿਕ ਵਿਚਾਰ ਪੇਸ਼ ਕੀਤੇ ਹਨ ਕਿ ਇਕ ਸਤਵਾਦੀ ਵਿਅਕਤੀ ਵੀ ਕਈ ਵਾਰ ਰਾਜੇ ਹਰੀਚੰਦ ਵਾਂਗੂੰ ਅਹੰਕਾਰ ਵਸ ਆਪਣਾ ਸਭ ਕੁਝ ਗੁਆ ਬੈਠਦਾ ਹੈ। ਉਸ ਨੂੰ ਇਹ ਪਤਾ ਨਹੀਂ ਹੁੰਦਾ ਕਿ ਉਸ ਤੋਂ ਵੀ ਵੱਧ ਦੁਨੀਆਂ ਵਿਚ ਦਾਨੀ ਬੈਠੇ ਹਨ। ਉਸ ਨੇ ਆਪਣੇ ਗੁਰੂ ਦੇ ਹੁਕਮ ਦੀ ਪਾਲਣਾ ਨਾ ਕਰਦੇ ਹੋਏ ਸਭ ਕੁਝ ਗੁਆ ਲਿਆ। ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਅਹੰਕਾਰ ਦਾ ਤਿਆਗ ਅਤੇ ਗੁਰੂ ਦੇ ਹੁਕਮ ਦੀ ਪਾਲਣਾ ਕਰਕੇ ਪ੍ਰਭੂ ਪਰਮਾਤਮਾ ਨੂੰ ਮਿਲਿਆ ਜਾ ਸਕਦਾ ਹੈ। ਇਸ ਮਿੱਥ ਕਥਾ ਵਿਚ ਹਉਮੈ ਤਿਆਗ ਅਤੇ ਗੁਰੂ ਦੀ ਮਹੱਤਤਾ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਰਾਵਣ ਲੰਕਾ ਦਾ ਰਾਜਾ ਸੀ। ..... ਇਸ ਨੇ ਆਪਣੇ ਮਤਰੇਏ ਭਰਾ ਕੁਵੇਰ ਨੂੰ ਕੱਢ ਦਿੱਤਾ। ਇਸ ਦੇ ਪਿਤਾ ਦਾ ਨਾਂ ਵਿਸ੍ਰਣ ਤੇ ਮਾਂ ਦਾ ਨਾਂ ਨਿਕ੍ਰਸਾ ਸੀ। ....... ਰਾਵਣ ਨੇ ਏਨੀ ਸ਼ਕਤੀ ਪ੍ਰਾਪਤ ਕਰ ਲਈ ਕਿ ਇਹ ਦੇਵਤਿਆਂ ਜਾਂ ਰਾਖਸਾਂ ਕਿਸੇ ਤੋਂ ਵੀ ਨਹੀਂ ਮਾਰਿਆ ਜਾ ਸਕਦਾ ਸੀ, ਪਰ ਇਸ ਦੀ ਮੌਤ ਇਸਤਰੀ ਦੇ ਕਾਰਨ ਹੀ ਹੋਣੀ ਸੀ। ਰਾਵਣ ਦੇ ਦਸ ਸਿਰ ਸਨ ਜਿਨ੍ਹਾਂ ਦੇ ਕਰਕੇ ਇਸ ਦਾ ਨਾਂ ਦਸ਼ਾਨਨ, ਦਸਕੁੰਠ ਅਤੇ ਪਕ੍ਰਤਿਗ੍ਰੀਵ ਪ੍ਰਸਿੱਧ ਹੋਇਆ .....। ਇਸ ਦੀਆਂ ਸਖਤੀਆਂ ਅਤੇ ਅੱਤਿਆਚਾਰਾਂ ਦੀ ਆਵਾਜ਼ ਸਵਰਗ ਵਿਚ ਪਹੁੰਚ ਗਈ।

ਇਕ ਮਿੱਥ ਕਥਾ ਅਨੁਸਾਰ ਵਿਸ਼ਨੂੰ ਨੇ ਰਾਵਣ ਦਾ ਨਾਸ ਕਰਨ ਲਈ ਰਾਮਚੰਦਰ ਦੇ ਰੂਪ ਵਿਚ ਅਵਤਾਰ ਧਾਰਨ ਕੀਤਾ। ਉਨ੍ਹਾਂ ਦੇ ਨਾਲ ਇਸ ਮੰਤਵ ਦੀ ਪ੍ਰਾਪਤੀ ਲਈ ਅਣਗਿਣਤ ਬਾਂਦਰਾਂ ਤੇ ਰਿੱਛਾਂ ਨੇ ਜਨਮ ਲਿਆ। ਰਾਮ ਨੇ ਰਾਖਸ਼ਾਂ ਨਾਲ ਏਨੀਆਂ ਲੜਾਈਆਂ ਕੀਤੀਆਂ ਅਤੇ ਉਨ੍ਹਾਂ ਨੂੰ ਏਨੇ ਨੁਕਸਾਨ ਪਹੁੰਚਾਏ ਕਿ ਰਾਵਣ ਗੁੱਸੇ ਨਾਲ ਭਰ ਗਿਆ। ਉਹ ਹੋਰ ਗੁੱਸੇ ਵਿਚ ਆਇਆ ਜਦੋਂ ਉਸਦੀ ਭੈਣ ਸਰੂਪ ਨਖਾਂ ਦਾ ਨੱਕ ਲਛਮਣ ਨੇ ਵੱਢ ਦਿੱਤਾ। ਉਹ ਰਾਮ ਦੀ ਪਤਨੀ ਸੀਤਾ ਦਾ ਹਰਨ ਕਰਨ ਲਈ ਲੰਕਾ ਤੋਂ ਤੁਰ ਪਿਆ ਅਤੇ ਰਾਮ ਦੇ ਨਿਵਾਸ ਸਥਾਨ ਤੇ ਪਹੁੰਚਿਆ। ਉਹ ਇਕ ਸਾਧੂ ਦਾ ਭੇਸ ਬਣਾ ਕੇ ਸੀਤਾ ਨੂੰ ਚੁਰਾ ਕੇ ਲੈ ਗਿਆ। ...... ਰਾਮ ਨੇ ਸੁਗ੍ਰੀਵ ਤੇ ਹਨੂੰਮਾਨ ਨੂੰ ਜਿਨ੍ਹਾਂ ਕੋਲ ਅਣਗਿਣਤ ਸੈਨਾਂ ਸੀ ਆਪਣੇ ਕੋਲ ਬੁਲਾਇਆ। ਬੜੀ

ਭਾਰੀ ਲੜਾਈ ਅਤੇ ਕਤਲੇਆਮ ਹੋਇਆ। ਬਾਅਦ ਵਿਚ ਰਾਵਣ ਦਾ ਸਿਰ ਕੱਟਿਆ ਗਿਆ ਅਤੇ ਉਸਦਾ ਪੁੱਤਰ, ਭਰਾ ਅਤੇ ਸਾਰੀ ਫੌਜ ਰਾਮ ਹੱਥੋਂ ਮਾਰੀ ਗਈ।[273] ਇਸ ਮਿੱਥ ਕਥਾ ਦਾ ਹਵਾਲਾ ਦਿੰਦੇ ਹੋਏ ਗੁਰੂ ਸਾਹਿਬ ਲਿਖਦੇ ਹਨ:

- ਭੂਲੋ ਰਾਵਣੁ ਮੁਗਧੁ ਅਚੇਤਿ
  ਲੂਟੀ ਲੰਕਾ ਸੀਸ ਸਮੇਤਿ
  ਗਰਬਿ ਗਇਆ ਬਿਨੁ ਸਤਿਗੁਰ ਹੇਤਿ।[274]
- ਰੋਵੈ ਦਹਿਸਰੁ ਲੰਕ ਗਵਾਇ।
  ਜਿਨਿ ਸੀਤਾ ਆਦੀ ਡਉਰੂ ਵਾਇ।[275]

ਉਪਰੋਕਤ ਮਿੱਥਕ ਹਵਾਲੇ ਰਾਹੀਂ ਗੁਰੂ ਸਾਹਿਬ ਇਹ ਦਾਰਸ਼ਨਿਕ ਸੰਦੇਸ਼ ਦਿੰਦੇ ਹਨ ਕਿ ਰਾਵਣ ਵਰਗਾ ਮਹਾਨ ਤੇ ਸਿਆਣਾ ਵਿਦਵਾਨ ਵੀ ਅਹੰਕਾਰ ਵਸ ਰਾਹੇ ਕੁਰਾਹੇ ਪੈ ਜਾਂਦਾ ਹੈ ਅਤੇ ਆਪਣਾ ਸਭ ਕੁਝ ਗੁਆ ਬੈਠਦਾ। ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਮਨੁੱਖ ਨੂੰ ਕਾਮ, ਕਰੋਧ, ਅਹੰਕਾਰ ਦਾ ਤਿਆਗ ਕਰਨਾ ਚਾਹੀਦਾ ਹੈ ਅਤੇ ਗੁਰੂ ਦੀ ਸ਼ਰਨ ਵਿਚ ਆ ਕੇ ਨਾਮ ਸਿਮਰਨ ਕਰਨਾ ਚਾਹੀਦਾ ਹੈ। ਇਸ ਮਿੱਥ ਕਥਾ ਵਿਚ ਹਉਮੈ, ਕਾਮ, ਕਰੋਧ ਦਾ ਤਿਆਗ ਸ਼ ਦਰਸਾਇਆ ਗਿਆ ਹੈ।

**ਰਾਜਾ ਜਨਕ** : ਰਾਜਾ ਜਨਕ ਮਿੱਥਲਾਪੁਰੀ ਦਾ ਇਕ ਰਾਜਾ ਸੀ ਜੋ ਕਿ ਗ੍ਰਹਿਸਥੀ ਹੁੰਦਾ ਹੋਇਆ ਵੀ ਉਚ ਕੋਟੀ ਦਾ ਧਰਮਾਤਮਾ ਸੀ ਜਿਸ ਨੇ ਰਾਜਯੋਗ ਨੂੰ ਵੀ ਬੜੀ ਸਫਲਤਾ ਨਾਲ ਨਿਭਾਇਆ। ਇਹ ਰਾਜਾ ਹਰਸ਼ ਵਰਮਾ ਦਾ ਪੁੱਤਰ ਸੀ ਤੇ ਇਸ ਦਾ ਪਹਿਲਾ ਨਾਮ ਸੀਰ ਧ੍ਵਜ ਸੀ ਪਰ ਪਿਛੋਂ ਬੰਸ ਦੀ ਅੱਲ ਦੇ ਨਾਤੇ 'ਜਨਕ' ਪ੍ਰਸਿੱਧ ਹੋਇਆ। ਇਸ ਰਾਜਯੋਗੀ ਜਨਕ ਦੀ ਸਪੁੱਤਰੀ ਸੀਤਾ ਸ੍ਰੀ ਰਾਮ ਚੰਦਰ ਜੀ ਨਾਲ ਵਿਆਹੀ ਗਈ। ਇਸ ਨੇ ਬਿਆਸ ਰਿਸ਼ੀ ਦੇ ਪੁੱਤਰ ਸੁਕਦੇਵ ਨੂੰ ਉਪਦੇਸ਼ ਦਿੱਤਾ।[276] (ਜਨਕ ਜੀ ਨਾਲ ਸਬੰਧਿਤ ਮਿੱਥ ਕਥਾ ਸੁਕਦੇਵ ਰਿਸ਼ੀ ਦੇ ਪ੍ਰਸੰਗ ਵਿਚ ਦਿੱਤੀ ਜਾ ਚੁੱਕੀ ਹੈ।)

ਰਾਜਾ ਅਜ: ਅਜ ਇਕ ਸੂਰਜ-ਬੰਸੀ ਰਾਜਾ, ਜੋ ਦਸਰਥ ਦਾ ਪਿਤਾ ਅਤੇ ਰਾਮ ਚੰਦਰ ਦਾ ਦਾਦਾ ਸੀ। ਇਸ ਨੇ ਸਵੰਬਰ ਵਿਚ ਬਿਦਰ ਦੇ ਰਾਜੇ ਦੀ ਪੁੱਤਰੀ ਇੰਦੂਮਤੀ ਨੂੰ ਵਿਆਇਆ ਸੀ। .......। ਰਾਜੇ ਅਜ ਦੇ ਜੀਵਨ ਦੀ ਇਕ ਪ੍ਰਸਿੱਧ ਇਕ ਮਿੱਥ ਕਥਾ ਅਨੁਸਾਰ :- ਇਕ ਵਾਰ ਇਕ ਤਪੱਸਵੀ ਬ੍ਰਾਹਮਣ ਇਸ ਕੋਲ ਭਿਖਿਆ ਮੰਗਣ ਆਇਆ। ਰਾਜੇ ਨੇ ਖਿਝ ਕੇ ਉਸ ਭਿਖਾਰੀ ਨੂੰ ਘੋੜੇ ਦੀ ਲਿਦ ਭਿਖਿਆ ਵਜੋਂ ਦਿੱਤੀ। ਭਿਖਾਰੀ ਬ੍ਰਾਹਮਣ ਭਿਖਿਆ ਲੈ ਕੇ ਆਣੇ ਟਿਕਾਣੇ ਵੱਲ ਤੁਰ ਗਿਆ। ਭਿਖਿਆ ਵਿਚ ਮਿਲੀ ਲਿਦ ਨੂੰ ਉਸ ਨੇ ਇਕ ਪਾਸੇ ਧਰ ਦਿੱਤਾ। ਸਮਾਂ ਪਾ ਕੇ ਥੋੜੀ ਜਿਹੀ ਲਿਦ ਇਕ ਵੱਡੇ ਢੇਰ ਵਿਚ ਬਦਲ ਚੁਕੀ ਸੀ। ਕੁਝ ਸਮੇਂ ਬਾਅਦ ਰਾਜਾ ਅਜ ਆਪਣੀ ਪਤਨੀ ਇੰਦੂਮਤੀ ਦੇ ਵਿਯੋਗ ਵਿਚ ਤਿਆਗੀ ਹੋ ਗਿਆ ਅਤੇ ਜੰਗਲ ਵਿਚ ਉਸੇ ਬ੍ਰਾਹਮਣ ਤਪੱਸਵੀ ਨਾਲ ਉਸਦਾ ਮੇਲ ਹੋਇਆ। ਰਾਜੇ ਨੇ ਕੁਝ ਖਾਣ ਲਈ ਮੰਗਿਆ। ਤਪੱਸਵੀ ਨੇ ਰਾਜੇ ਨੂੰ ਉਹੋ ਸਾਂਭੀ ਹੋਈ ਲਿਦ ਨਜ਼ਰ ਕੀਤੀ। ਇਸ ਪੁਰ ਰਾਜੇ ਨੂੰ ਸਰਮਿੰਦਗੀ ਕਾਰਨ ਕਸ਼ਟ ਹੋਇਆ ਅਤੇ ਉਹ ਕੀਤੇ ਕਰਮ ਉਤੇ ਪਛਤਾਇਆ।[277] ਉਪਰੋਕਤ ਮਿੱਥ ਕਥਾ ਵੱਲ ਸੰਕੇਤ ਕਰਦੇ ਹੋਏ ਗੁਰੂ ਸਾਹਿਬ ਫੁਰਮਾਉਂਦੇ ਹਨ:

ਅਜੈ ਸੁ ਰੋਵੈ ਭੀਖਿਆ ਖਾਇ।
ਐਸੀ ਦਰਗਹ ਮਿਲੈ ਸਜਾਇ।[278]

ਇਸ ਉਪੋਕਤ ਮਿੱਥ ਕਥਾ ਦੇ ਹਵਾਲੇ ਰਾਹੀਂ ਗੁਰੂ ਸਾਹਿਬ ਇਹ ਦਾਰਸ਼ਨਿਕ ਉਪਦੇਸ਼ ਦਿੰਦੇ ਹਨ ਕਿ ਮਨੁੱਖ ਨੂੰ ਅਹੰਕਾਰ ਦਾ ਤਿਆਗ ਕਰਨਾ ਚਾਹੀਦਾ ਹੈ ਅਤੇ ਕਦੀ ਵੀ ਪਰਮਾਤਮਾ ਦੀ ਭਗਤੀ ਵਾਲੇ ਸੰਤਾਂ ਦਾ ਮਖੌਲ ਨਹੀਂ ਉਡਾਉਣਾ ਚਾਹੀਦਾ। ਇਸ ਦਾ ਫਲ ਇਕ ਨਾ ਇਕ ਦਿਨ ਰਾਜੇ 'ਅਜ' ਵਾਂਗੂ ਭੁਗਤਣਾ ਪੈਂਦਾ ਹੈ। ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਜਿਹੋ ਜਿਹਾ ਦਾਨ ਵਿਅਕਤੀ ਕਰਦਾ ਹੈ, ਉਹੋ ਜਿਹਾ ਫਲ ਉਸ ਨੂੰ ਅਗਲੇ ਜਨਮ ਵਿਚ ਮਿਲਦਾ ਹੈ। ਇਸ ਮਿੱਥ ਕਥਾ ਰਾਹੀਂ ਹਉਮੈ ਤਿਆਗ ਅਤੇ ਕਰਮਾਂ ਦੇ ਫਲ ਦੇ ਮਹੱਤਵ ਨੂੰ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

**ਬਲਰਾਜ:** (ਬਲਰਾਜ ਦੀ ਮਿੱਥ ਕਥਾ ਬਾਰੇ ਵਿਸਥਾਰ ਵਾਮਨ ਅਵਤਾਰ ਵਿਚ ਦਿੱਤਾ ਜਾ ਚੁੱਕਿਆ ਹੈ)।

**ਜਰਾਸੰਦ:** ਜਰਾਸੰਦ ਬ੍ਰਿਹਦਰਥਲ ਦਾ ਪੁੱਤਰ ਅਤੇ ਮਗਧ ਦਾ ਰਾਜਾ ਸੀ। ਇਕ ਮਿੱਥ ਕਥਾ ਅਨੁਸਾਰ ਬ੍ਰਿਹਦਰਥ ਦੀਆਂ ਦੋ ਪਤਨੀਆਂ ਸਨ – 'ਜਿੰਨ੍ਹਾਂ', 'ਕਿੰਨਾਂ' ਨੇ ਕਈ ਚਿਰ ਬਾਝ ਰਹਿਣ ਪਿਛੋਂ ਇਕੋ ਬੱਚੀ ਦੇ ਦੋ ਅੱਧੇ ਅੱਧੇ ਰੂਪਾਂ ਨੂੰ ਜਨਮ ਦਿੱਤਾ। ਇਸ ਤਰ੍ਹਾਂ ਦੇ ਗਰਭ-ਪਾਤਾਂ ਨੂੰ ਭਿਅੰਕਰ ਸਮਝਿਆ ਜਾਂਦਾ ਸੀ ਅਤੇ ਇਸ ਲਈ ਇਸ ਨੂੰ ਬਾਹਰ ਸੁੱਟ ਦਿੱਤਾ ਗਿਆ। 'ਜਰਾ' ਨਾਂ ਦੀ ਇਕ ਰਾਖਸ਼ਣੀ ਨੇ ਉਹ ਟੋਟੇ ਚੁੱਕ ਲਏ ਅਤੇ ਲਿਜਾ ਕੇ ਉਹ ਦੋਨੋ ਇਕੱਠੇ ਕਰ ਦਿੱਤੇ। ਉਨ੍ਹਾਂ ਦੇ ਇਓਂ ਜੁੜਨ ਨਾਲ ਇਕ ਮੁੰਡਾ ਬਣ ਗਿਆ ਜਿਹੜਾ ਏਨੇ ਜ਼ੋਰ ਨਾਲ ਚੀਕਿਆ ਕਿ ਰਾਜਾ ਅਤੇ ਦੋਵੇਂ ਰਾਣੀਆਂ ਬਾਹਰ ਆ ਗਈਆਂ। ਰਾਖਸ਼ਣੀ ਨੇ ਜੋ ਕੁਝ ਵਾਪਰਿਆ ਸੀ ਕਹਿ ਸੁਣਾਇਆ ਅਤੇ ਬੱਚਾ ਉਨ੍ਹਾਂ ਨੂੰ ਸੰਭਾਲ ਕੇ ਚਲੀ ਗਈ। ਪਿਤਾ ਨੇ ਬੱਚੇ ਦਾ ਨਾਂ 'ਜਰਾਸੰਦ' ਰਖਿਆ, ਕਿਉਂਕਿ ਉਸ ਨੂੰ ਜਰਾ ਨੇ ਹੀ ਜੋੜਿਆ ਸੀ। ਬੱਚੇ ਦੀ ਆਉਣ ਵਾਲੀ ਮਹਾਨਤਾ ਦੀ ਭਵਿੱਖ ਬਾਣੀ ਕੀਤੀ ਗਈ ਤੇ ਇਹ ਸ਼ਿਵ ਜੀ ਦਾ ਅਨੰਨ ਭਗਤ ਬਣ ਗਿਆ। ਇਸ ਨੇ ਕਿੰਨਿਆਂ ਹੀ ਰਾਜਿਆਂ ਉੱਪਰ ਜਿੱਤ ਪ੍ਰਾਪਤ ਕੀਤੀ। ਇਸ ਦਾ ਕ੍ਰਿਸ਼ਨ ਨਾਲ ਵੀ ਯੁੱਧ ਹੋਇਆ ਜਿਸ ਨੇ ਇਸ ਦੀਆਂ ਦੋ ਧੀਆ ਤੇ ਉਨ੍ਹਾਂ ਦੇ ਪਤੀ ਕੰਸ ਨੂੰ ਮਾਰ ਦਿੱਤਾ ਸੀ। ਇਸ ਨੇ ਮਥਰਾ ਦਾ ਘੇਰਾ ਘਤ ਲਿਆ ਅਤੇ ਕ੍ਰਿਸ਼ਨ ਉੱਪਰ ਅਠਾਰਾਂ ਵਾਰ ਹਮਲਾ ਕੀਤਾ, ਪਰ ਆਮ ਤੌਰ ਤੇ ਹਾਰਦਾ ਹੀ ਰਿਹਾ। ਏਧਰ ਕ੍ਰਿਸ਼ਨ ਏਨਾ ਕਮਜ਼ੋਰ ਹੋ ਗਿਆ ਸੀ ਕਿ ਦਵਾਰਕਾ ਚਲਾ ਗਿਆ। ਜਰਾਸੰਦ ਨੇ ਕਿੰਨਿਆਂ ਹੀ ਰਾਜਿਆਂ ਨੂੰ ਕੈਦੀ ਬਣਾਇਆ ਹੋਇਆ ਸੀ। ਜਦੋਂ ਕ੍ਰਿਸ਼ਨ ਦਵਾਰਕਾ ਤੋਂ ਵਾਪਸ ਆਇਆ ਤਾਂ ਉਹ ਭੀਮ ਤੇ ਅਰਜਨ ਨੂੰ ਆਪਣੇ ਨਾਲ ਲੈ ਕੇ ਜਰਾਸੰਦ ਦੀ ਰਾਜਧਾਨੀ ਵਿਚ ਆਪਣੇ ਦੁਸ਼ਮਣਾਂ ਨੂੰ ਮਾਰਨ ਅਤੇ ਰਾਜਿਆਂ ਨੂੰ ਅਜਾਦ ਕਰਵਾਉਣ ਲਈ ਚਲੇ ਗਏ। ਜਰਾਸੰਦ ਨੇ ਅਭਿਮਾਨ ਵਿਚ ਰਾਜਿਆਂ ਨੂੰ ਛੱਡਣ ਤੋਂ ਇਨਕਾਰ ਕਰ ਦਿੱਤਾ ਅਤੇ ਲੜਾਈ ਕਰਨ ਲਈ

ਤਿਆਰ ਹੋ ਗਿਆ। ਸ੍ਰੀ ਕ੍ਰਿਸ਼ਨ ਨੇ ਇਸ ਅਭਿਮਾਨੀ ਅਤੇ ਅਤਿਆਚਾਰੀ ਰਾਜੇ ਦਾ ਵਧ ਕਰ ਦਿੱਤਾ।[279]

**ਕਾਲਯਮਨ** : ਇਕ ਮਿੱਥ ਕਥਾ ਅਨੁਸਾਰ ਕਾਲਯਵਨ ਇਕ ਦੈਂਤ ਜਿਸ ਨੇ ਜੰਗਲੀਆਂ ਦੀ ਫੌਜ ਨਾਲ ਕ੍ਰਿਸ਼ਨ ਦੇ ਵਿਰੁਧ ਮਥਰਾ ਉਤੇ ਹਮਲਾ ਕੀਤਾ ਪਰ ਸੂਰਮੇ (ਕ੍ਰਿਸ਼ਨ) ਨੇ ਰਾਜੇ ਨੂੰ 'ਮੂਚ ਕੰਦ' ਦੀ ਗੁਫਾ ਵਿਚ ਵਰਗਲਾ ਲਿਆਂਦਾ। ਰਾਜੇ ਨੇ ਜੋਸ਼ ਵਿਚ 'ਮੂਚਕੰਦ' ਨੂੰ ਠੁਡਾ ਮਾਰ ਕੇ ਜਗਾ ਦਿੱਤਾ, ਪਰ ਉਸ ਨੇ ਜਾਗਦਿਆਂ ਹੀ ਜਿਉਂ ਹੀ ਕਹਿਰ ਭਰੀ ਅੱਖ ਨਾਲ ਉਸ ਵੱਲ ਤੱਕਿਆ ਤਾਂ ਰਾਜਾ ਕਲਯਮਨ ਉਥੇ ਹੀ ਭਸਮ ਹੋ ਗਿਆ। [280] ਉਪਰੋਕਤ ਦੋਹਾਂ ਮਿੱਥਕ ਪਾਤਰਾਂ ਬਾਰੇ ਗੁਰੂ ਸਾਹਿਬ ਸੰਕੇਤ ਕਰਦੇ ਹਨ:

ਜਰਾਸੰਧਿ, ਕਾਲਜਮੁਨ ਸੰਘਾਰੇ।[281]

ਉਪਰੋਕਤ ਮਿੱਥ ਕਥਾ ਦਾ ਸੰਕੇਤ ਕਰਕੇ ਗੁਰੂ ਸਾਹਿਬ ਦਾਰਸ਼ਨਿਕ ਉਪਦੇਸ਼ ਦਿੰਦੇ ਹਨ ਕਿ ਪਰਮਾਤਮਾ ਜਰਾਸੰਦ ਅਤੇ ਕਾਲਯਵਨ ਵਰਗੇ ਅਹੰਕਾਰੀ ਅਤੇ ਅਤਿਆਚਾਰੀ ਰਾਜਿਆਂ ਦਾ ਅੰਤ ਕਿਸੇ ਨਾ ਕਿਸੇ ਰੂਪ ਵਿਚ ਆ ਕੇ ਜ਼ਰੂਰ ਕਰਦਾ ਹੈ। ਇਸ ਲਈ ਮਨੁੱਖ ਨੂੰ ਅਭਿਮਾਨ ਦਾ ਤਿਆਗ ਕਰਨਾ ਚਾਹੀਦਾ ਹੈ। ਇਹਨਾਂ ਉੱਪਰੋਕਤ ਪਾਤਰਾਂ ਦਾ ਹਵਾਲਾ ਦੇ ਕੇ ਗੁਰੂ ਸਾਹਿਬ ਦੁਸ਼ਟ ਪਾਪੀਆਂ ਅਹੰਕਾਰੀਆਂ ਦਾ ਅੰਤ ਪਰਮਾਤਮਾ ਦੁਆਰਾ ਹੁੰਦਾ ਦਿਖਾਉਣਾ ਚਾਹੁੰਦੇ ਹਨ।

**ਦੁਰਯੋਧਨ**: ਇਕ ਮਿੱਥ ਕਥਾ ਅਨੁਸਾਰ ਦੁਰਯੋਧਨ ਧ੍ਰਿਤਰਾਸ਼ਟਰ ਦਾ ਵੱਡਾ ਪੁੱਤਰ ਅਤੇ ਮਹਾਂਭਾਰਤ ਦੇ ਯੁਧ ਵਿਚ ਕੌਰਵ ਰਾਜਕੁਮਾਰਾਂ ਦਾ ਮੁਖੀ ਸੀ। ...........। ਆਪਣੇ ਭਰਾ 'ਪਾਡੂ' ਦੇ ਮਰ ਜਾਣ ਤੇ ਧ੍ਰਿਤਰਾਸ਼ਟਰ ਉਸ ਦੇ ਪੰਜੇ ਪੁੱਤਰ ਪਾਂਡਵ ਰਾਜਕੁਮਾਰਾਂ ਨੂੰ ਆਪਣੇ ਦਰਬਾਰ ਵਿਚ ਲੈ ਗਿਆ ਅਤੇ ਆਪਣੇ ਸੌ ਪੁੱਤਰਾਂ ਨਾਲ ਹੀ ਉਨ੍ਹਾਂ ਨੂੰ ਪੜਾਉਣਾ ਸ਼ੁਰੂ ਕਰ ਦਿੱਤਾ। ਇਸ ਕਰਕੇ ਕੌਰਵ ਤੇ ਪਾਂਡਵਾਂ ਵਿਚਕਾਰ ਈਰਖਾ ਤੇ ਸਾੜਾ ਸ਼ੁਰੂ ਹੋ ਗਿਆ। ਦੁਰਯੋਧਨ ਵਿਸ਼ੇਸ਼ ਕਰਕੇ ਭੀਮ ਨਾਲ ਜੋ ਗਦਾ ਚਲਾਉਣ ਵਿਚ ਮਾਹਰ ਸੀ, ਖਾਸ ਦੁਸ਼ਮਣੀ ਰਖਦਾ ਸੀ। ਜਦੋਂ ਧ੍ਰਿਤਰਾਸ਼ਟਰ ਨੇ ਯੁਧਿਸਟਰ ਨੂੰ ਤਖਤ ਦਾ ਯੁਵਰਾਜ ਬਣਾਉਣ ਦੀ ਸਲਾਹ ਕੀਤੀ ਤਾਂ ਦੁਰਯੋਧਨ ਨੇ ਇਸ ਦਾ

ਬੜਾ ਵਿਰੋਧ ਕੀਤਾ। ਫਲਸਰੂਪ ਪਾਂਡਵਾਂ ਨੂੰ ਬਣ ਵਿਚ ਜਾਣਾ ਪਿਆ। ਫੇਰ ਵੀ ਇਸ ਦਾ ਵੈਰ ਜਾਰੀ ਰਿਹਾ ਅਤੇ ਇਸ ਨੇ ਉਨ੍ਹਾਂ ਨੂੰ ਉਨ੍ਹਾਂ ਲਾਖ ਦੇ ਘਰ ਵਿਚ ਸਾੜ ਦੇਣ ਦੀ ਸਾਜਸ਼ ਬਣਾਈ, ਜਿਸ ਤੋਂ ਉਹ ਵਾਲ ਵਾਲ ਬਚ ਗਏ। ਪਾਂਡਵਾਂ ਦੇ ਬਣਵਾਸ ਤੋਂ ਵਾਪਸ ਆਉਣ ਪਿਛੋਂ ਯੁਧਿਸਟਰ ਦੇ ਰਾਜ ਸੂਰਯ ਯੱਗ ਕਰਨ ਨਾਲ ਇਸ ਦਾ ਕ੍ਰੋਧ ਹੋਰ ਵੀ ਭੜਕ ਪਿਆ। ਇਸ ਨੇ ਆਪਣੇ ਪਿਤਾ ਨੂੰ ਪਾਂਡਵਾਂ ਨਾਲ ਜੂਆ ਖੇਡਣ ਲਈ ਹਸਤਨਾਪੁਰ ਸੱਦਾ ਦੇਣ ਲਈ ਮਨਾ ਲਿਆ। ਜਿਸ ਵਿਚ ਇਸ ਨੇ ਆਪਣੇ ਮਾਮੇ 'ਸ਼ਕੁਨੀ' ਦੀ ਸਹਾਇਤਾ ਨਾਲ ਯੁਧਿਸਟਰ ਤੋਂ ਸਭ ਕੁਝ, ਜੋ ਕੁਝ ਵੀ ਉਸ ਪਾਸ ਸੀ, ਜਿੱਤ ਲਿਆ। ਇਥੋਂ ਤੱਕ ਕਿ ਉਸ ਦੀ ਆਪਣੀ ਸੁਤੰਤਰਤਾ, ਭਰਾ ਅਤੇ ਉਸ ਦੀ ਪਤਨੀ ਵੀ ਜਿੱਤ ਲਏ। .... 'ਜੂਏ ਦੀ ਖੇਡ ਦੇ ਪਰਿਣਾਮ ਵਜੋਂ ਪਾਂਡਵਾਂ ਨੂੰ 13 ਸਾਲਾਂ ਦਾ ਬਣਵਾਸ ਫੇਰ ਮਿਲ ਗਿਆ ........। ਬਣਵਾਸ ਬਾਅਦ ਪਾਂਡਵਾਂ ਆ ਕੇ ਆਪਣਾ ਰਾਜ ਮੰਗਿਆ ਅਤੇ ਦੁਰਯੋਧਨ ਦੇ ਇਨਕਾਰ ਕਰਨ ਤੇ ਇਨ੍ਹਾਂ ਵਿਚ ਯੁੱਧ ਹੋਇਆ। ਦੁਰਯੋਧਨ ਨੇ ਕ੍ਰਿਸ਼ਨ ਦੀ ਸਹਾਇਤਾ ਮੰਗੀ ਪਰ ਉਸ ਤੋਂ ਇਕ ਵੱਡੀ ਭੁੱਲ ਹੋ ਗਈ ਕਿ ਉਸ ਨੇ ਸ੍ਰੀ ਕ੍ਰਿਸ਼ਨ ਨੂੰ ਛੱਡ ਉਸ ਦੀ ਸੈਨਾ ਨੂੰ ਆਪਣੀ ਮਦਦ ਲਈ ਮੰਗ ਲਿਆ। ਦੁਰਯੋਧਨ ਕਈ ਦਿਨ ਆਪਣੇ ਭਰਾਵਾਂ ਅਤੇ ਸਾਥੀਆਂ ਨਾਲ ਜੰਗ ਲੜਦਾ ਰਿਹਾ ਪਰ ਅਠਾਰਵੇਂ ਦਿਨ ਹਾਰ ਗਿਆ। ਉਸ ਨੂੰ ਅੰਤ ਸਮੇਂ ਪਛਤਾਉਣਾ ਪਿਆ।[282] ਗੁਰੂ ਸਾਹਿਬ ਇਸ ਮਿੱਥ ਕਥਾ ਵੱਲ ਸੰਕੇਤ ਕਰਦੇ ਹੋਏ ਲਿਖਦੇ ਹਨ:

ਬੂਡਾ ਦੁਰਯੋਧਨੁ ਪਤਿ ਖੋਈ
ਰਾਮ ਨ ਜਾਨਿਆ ਕਰਤਾ ਸੋਈ।[283]

ਉਪਰੋਕਤ ਮਿੱਥਕ ਸੰਕੇਤਾਂ ਰਾਹੀਂ ਗੁਰੂ ਸਾਹਿਬ ਇਹ ਦਾਰਸ਼ਨਿਕ ਸੰਦੇਸ਼ ਦਿੰਦੇ ਹਨ ਕਿ ਦੁਰਯੋਧਨ ਵਰਗੇ ਹੰਕਾਰੀ ਅਤੇ ਇਸਤਰੀ ਦੀ ਬੇਇੱਜ਼ਤੀ ਕਰਨ ਵਾਲੇ ਵਿਅਕਤੀ ਦਾ ਅੰਤ ਇਕ ਦਿਨ ਮਾੜਾ ਹੁੰਦਾ ਹੈ। ਉਸ ਨੂੰ ਮਾੜੇ ਕੁਕਰਮ ਕਰਨ ਉਪਰੰਤ ਇਕ ਦਿਨ ਪਛਤਾਉਣਾ ਪੈਂਦਾ ਹੈ। ਪਰਮਾਤਮਾ ਅਜਿਹੇ ਦੁਸ਼ਟ ਦਾ ਅੰਤ ਕਿਸੇ ਨਾ ਕਿਸੇ ਰੂਪ ਵਿਚ ਵਿਚ ਆ ਕੇ ਜ਼ਰੂਰ ਕਰਦਾ ਹੈ।

ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਮਨੁੱਖ ਨੂੰ ਹੰਕਾਰ ਅਤੇ ਮਾੜੇ ਕਾਰਜਾਂ ਦਾ ਤਿਆਗ ਕਰਨਾ ਚਾਹੀਦਾ ਹੈ।

**ਸਹਸ-ਬਾਹੂ** : ਸਹਸ ਬਾਹੂ ਇਕ ਚੰਦਰਬੰਸੀ ਰਾਜਾ ਜੋ ਕਿ ਕ੍ਰਿਤਵੀਗ ਦਾ ਪੁੱਤਰ ਤੇ ਮਹਮਪਰੀ ਨਗਰੀ ਦਾ ਮਾਲਕ ਸੀ। ਇਕ ਮਿੱਥ ਕਥਾ ਅਨੁਸਾਰ ਇਹ ਹਜ਼ਾਰਾਂ ਭੁਜਾ ਧਾਰਨ ਵਾਲਾ ਸੀ ਤੇ ਇਸ ਨੇ ਪਚਾਸੀ ਹਜ਼ਾਰ ਵਰ੍ਹੇ ਰਾਜ ਕੀਤਾ। ਇਕ ਵਾਰ ਰਾਜਾ ਫੌਜ ਸਮੇਤ ਰਿਸ਼ੀ 'ਜਮਦਗਨ' ਦੇ ਘਰ ਗਿਆ। ਉਸ ਨੇ ਕਾਮਧੇਨ ਦੀ ਸ਼ਕਤੀ ਆਸਰੇ ਉਸ ਦੀ ਬਹੁਤ ਸੇਵਾ ਕੀਤੀ। ਸਹਸਬਾਹੂ ਹੈਰਾਨ ਹੋਇਆ ਤੇ ਉਸ ਨੇ ਧਿੰਗਜੋਰੀ ਕਾਮਧੇਨ ਗਊ ਲੈਣੀ ਚਾਹੀ ਪਰ ਉਸ ਨੂੰ ਸਫਲਤਾ ਨਾ ਮਿਲੀ। ਫਿਰ ਇਕ ਵਾਰ ਰੋਹ ਵਿਚ ਆ ਕੇ ਉਸ ਨੇ ਫੌਜ ਚੜ੍ਹਾ ਲਿਆਂਦੀ ਤੇ ਆਸਰਮ ਵਿਚ ਹੀ ਰਿਸ਼ੀ ਜਮਦਗਨ ਨੂੰ ਮਾਰ ਦਿੱਤਾ। ਇਸ ਗਲ ਦਾ ਰਿਸ਼ੀ ਜਮਦਗਨ ਦੇ ਪੁੱਤਰ ਪਰਸੁਰਾਮ ਨੂੰ ਬਹੁਤ ਦੁੱਖ ਹੋਇਆ। ਪਰਸੁਰਾਮ ਨੇ ਮਾਤਾ ਦੇ ਵੈਣ ਸੁਣ ਕੇ ਇਹ ਪ੍ਰਣ ਕੀਤਾ ਕਿ ਉਹ ਸਹਿਸਬਾਹੂ ਦਾ ਵਧ ਜ਼ਰੂਰ ਕਰੇਗਾ। ਉਸ ਨੇ ਆਪਣੇ ਕੁਹਾੜੇ ਨਾਲ ਸਹਿਸਬਾਹੂ ਨੂੰ ਥਾਂਹ ਮਾਰਿਆ ਤੇ 21 ਵਾਰ ਭਾਰੀ ਜੰਗ ਲੜ ਕੇ ਧਰਤੀ ਤੋਂ ਖਤਰੀਆਂ ਦਾ ਸਫਾਇਆ ਕੀਤਾ।[284] ਗੁਰੂ-ਬਾਣੀ ਵਿਚ ਇਸ ਸਬੰਧੀ ਮਿੱਥਕ ਸੰਕੇਤ ਇਸ ਤਰ੍ਹਾਂ ਦਿੱਤਾ ਗਿਆ ਹੈ।

ਸਹਸਬਾਹੁ ਮਧ ਕੀਟ ਮਹਿਖਾਸਾ।
ਹਰਣਾਖਸੁ ਲੇ ਨਖਹੁ ਬਿਧਾਸਾ।
ਦੈਂਤ ਸੰਘਾਰੇ ਬਿਨੁ ਭਗਤਿ ਅਭਿਆਸਾ।[285]

ਉਪਰੋਕਤ ਮਿੱਥ ਕਥਾ ਰਾਹੀਂ ਗੁਰੂ ਸਾਹਿਬ ਦਾਰਸ਼ਨਿਕ ਸੰਦੇਸ਼ ਦਿੰਦੇ ਹਨ ਕਿ ਸਹਿਸਬਾਹੁ ਵਰਗੇ ਅਭਿਮਾਨੀ ਅਤੇ ਲਾਲਚੀ ਵਿਅਕਤੀ ਦਾ ਅੰਤ ਨੂੰ ਨਾਸ ਹੁੰਦਾ ਹੈ ਅਤੇ ਪਰਮਾਤਮਾ ਕਿਸੇ ਨਾ ਕਿਸੇ ਤਰੀਕੇ ਉਸ ਦਾ ਅੰਤ ਜ਼ਰੂਰ ਕਰਦਾ ਹੈ। ਇਸ ਲਈ ਮਨੁੱਖ ਨੂੰ ਅਭਿਮਾਨ ਅਤੇ ਲਾਲਚ ਦਾ ਤਿਆਗ ਕਰਨਾ ਚਾਹੀਦਾ ਹੈ ਅਤੇ ਪਰਮਾਤਮਾ ਨੂੰ ਕਦੀ ਵੀ ਵਿਸਾਰਨਾ ਨਹੀਂ ਚਾਹੀਦਾ। ਉਸ ਦੀ ਭਗਤੀ ਕਰਨੀ ਚਾਹੀਦੀ ਹੈ।

**ਕੰਸ** : ਕੰਸ ਮਥਰਾ ਦੇ ਰਾਜਾ 'ਉਗ੍ਰਸੈਨ' ਦਾ ਪੁੱਤਰ ਸੀ। ਪੁਰਾਣਕ ਕਥਾ ਅਨੁਸਾਰ ਇਹ ਪਿਛਲੇ ਜਨਮ ਵਿਚ 'ਕਾਲਨੇਮ' ਦੈਂਤ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਇਸ ਦਾ ਜਨਮ ਦੁਰਮਲ ਦੈਂਤ ਦੇ ਸੰਯੋਗ ਕਾਰਣ ਹੋਇਆ। ਇਹ ਮਗਧ ਦੇ ਰਾਜੇ 'ਜਰਾਸੰਦ' ਦੀ ਪੁੱਤਰੀ ਨਾਲ ਵਿਆਹਿਆ ਗਿਆ ਅਤੇ ਸਾਜਸ ਕਰਕੇ ਪਿਤਾ ਨੂੰ ਸਿੰਘਾਸਨ ਤੋਂ ਲਾਹ ਕੇ ਆਪ ਰਾਜ ਗੱਦੀ ਦਾ ਮਾਲਕ ਬਣ ਬੈਠਾ ਅਤੇ ਪਿਤਾ ਨੂੰ ਕੈਦ ਕਰ ਦਿੱਤਾ। .... ਇਕ ਮਿੱਥ ਕਥਾ ਅਨੁਸਾਰ ਇਕ ਵਾਰ ਜੋਤਸ਼ੀਆਂ ਨੇ ਇਸ ਨੂੰ ਦੱਸਿਆ ਕਿ ਤੇਰੀ ਭੈਣ ਦੇਵਕੀ ਦਾ ਪੁੱਤਰ ਤੇਰਾ ਕਾਤਿਲ ਬਣੇਗਾ। ਇਸ ਕਰਕੇ ਇਸ ਨੇ ਆਪਣੀ ਭੈਣ 'ਦੇਵਕੀ' ਅਤੇ ਉਸ ਦੇ ਪਤੀ 'ਵਾਸੂਦੇਵ' ਨੂੰ ਕੈਦ ਵਿਚ ਸੁੱਟ ਦਿੱਤਾ ਅਤੇ ਉਨ੍ਹਾਂ ਦੇ ਛੇ ਬੱਚੇ ਵਾਰੀ ਵਾਰੀ ਮਰਵਾਅ ਦਿੱਤੇ। ......... । ਅੱਠਵੀਂ ਥਾਂ ਕ੍ਰਿਸ਼ਨ ਜੀ ਪੈਦਾ ਹੋਏ। ਜੰਮਣ ਸਾਰ ਇਨ੍ਹਾਂ ਨੂੰ ਵੀ ਕੰਸ ਤੋਂ ਚੋਰੀ 'ਨੰਦ' ਗੁਆਲੇ ਦੇ ਘਰ ਪਹੁੰਚਾਇਆ ਗਿਆ ਤੇ ਯਸੋਧਾ ਨੇ ਇਸ ਦੀ ਪਾਲਣਾ ਕੀਤੀ। ਕੰਸ ਨੇ ਆਪਣੀ ਮੌਤ ਦੇ ਭੈਅ ਤੋਂ ਬਚਣ ਲਈ ਕਈ ਗਵਾਲਿਆਂ ਦੇ ਬੱਚਿਆਂ ਨੂੰ ਸ਼ੱਕ ਵਿਚ ਹੀ ਮਰਵਾਅ ਦਿੱਤਾ ਪਰ ਕ੍ਰਿਸ਼ਨ ਜੀ ਇਸ ਦੇ ਦਾਅ ਤੋਂ ਬਚ ਗਏ। ਅਖੀਰ ਹੋਣੀ ਐਸੀ ਹੋਈ ਕਿ ਸ੍ਰੀ ਕ੍ਰਿਸ਼ਨ ਜੀ ਨੇ ਧਨੁੱਖ ਯੱਗ ਵਿਚ ਪੁਜ ਕੇ ਕੰਸ ਨੂੰ ਕੇਸਾਂ ਤੋਂ ਪਕੜ ਲਿਆ ਤੇ ਜਾ ਪਟਕਾ ਮਾਰਿਆ ਅਤੇ ਉਹ ਮਰ ਗਿਆ।[286]

(ਕੰਸ ਨਾਲ ਸਬੰਧਿਤ ਮਿੱਥ ਕਥਾ ਅਤੇ ਦਾਰਸ਼ਨਿਕ ਸੰਦੇਸ਼ ਬਾਰੇ ਵਿਚਾਰ ਕ੍ਰਿਸ਼ਨ ਅਵਤਾਰ ਵਿਚ ਕੀਤਾ ਜਾ ਚੁੱਕਾ ਹੈ)।

**ਜਨਮੇਜਾ:** ਜਨਮੇਜਾ ਅਰਜਨ ਦਾ ਪੜੋਤਰਾ, ਅਭੀਮੰਨੂ ਦਾ ਪੋਤਰਾ ਤੇ ਪਰੀਛਤ ਦਾ ਪੁੱਤਰ ਸੀ। ਇਹ ਬੜਾ ਬਲਵਾਨ ਤੇ ਸਿਆਣਾ ਸੀ। ਇਸ ਨੇ ਯੱਗ ਕਰਕੇ ਸੱਪਾਂ ਦਾ ਨਾਸ ਕੀਤਾ ਤੇ ਆਪਣੇ ਪਿਤਾ ਦਾ ਬਦਲਾ ਲਿਆ। ਇਸ ਨੇ ਇਕ ਵਾਰੀ ਬਿਆਸ ਜੀ ਨੂੰ ਪੁਛਿਆ, "ਕਿ ਮੇਰੇ ਵੱਡੇ ਵਡੇਰੇ ਪਾਂਡਵ ਤੇ ਕੌਰਵ ਬੜੇ ਬੁਧੀਮਾਨ ਤੇ ਪਰਤਾਪੀ ਸਨ। ਉਨ੍ਹਾਂ ਦੇ ਸਲਾਹਕਾਰ ਤੇ ਰਿਸ਼ਤੇਦਾਰ ਕ੍ਰਿਸ਼ਨ ਜੀ, ਭੀਸਮ ਪਤਾਮਾ ਤੇ ਦਰੋਣਾਚਾਰਯ ਵਰਗੇ ਸਿਆਣੇ ਪੁਰਸ਼ ਸਨ। ਫਿਰ ਉਨ੍ਹਾਂ ਨੇ ਕਿਉਂ ਜੂਆ ਖੇਡਣ ਤੇ ਮਹਾਂਭਾਰਤ ਦਾ ਯੁਧ ਕਰਕੇ ਆਪਣੀ ਕੁਲ ਦਾ ਨਾਸ਼ ਕੀਤਾ? ਬਿਆਸ ਜੀ ਨੇ ਉੱਤਰ

ਦਿੱਤਾ ਕਿ ਨਿਰੀ ਸਿਆਣਪ ਕੁਝ ਨਹੀਂ ਕਰ ਸਕਦੀ, ਕਰਤਾਰ ਦਾ ਹੁਕਮ ਹੀ ਐਸਾ ਹੈ। ਜੋ ਭਾਣਾਂ ਵਰਤਿਆ ਜਾਣਾ ਹੈ, ਉਹ ਵਰਤ ਕੇ ਹੀ ਰਹਿਣਾ ਸੀ। ਜਨਮੇਜੇ ਨੇ ਇਸ ਤੇ ਸ਼ੰਕਾ ਕੀਤੀ ਤੇ ਆਖਣ ਲੱਗਾ ਕਿ ਪਰਮੇਸ਼ਰ ਦਾ ਭਾਣਾ ਕੁਝ ਅਰਥ ਨਹੀਂ ਰੱਖਦਾ।

ਇਕ ਮਿੱਥ ਕਥਾ ਅਨੁਸਾਰ ਬਿਆਸ ਜੀ ਨੇ ਭਵਿਖਤ ਨੂੰ ਵੇਖ ਕੇ ਆਗਿਆ ਕੀਤੀ ਕਿ 'ਹੇ ਰਾਜਾ', ਤੇਰੇ ਉਪਰ ਭੀ ਕਰੜੀ ਬਿਪਤਾ ਆਉਣੀ ਹੈ। ਜੇ ਨਿਰੀ ਸਿਆਣਪ ਹੀ ਬਿਪਤਾ ਟਾਲ ਸਕਦੀ ਹੈ ਤਾਂ ਅਸੀਂ ਤੈਨੂੰ ਬਿਪਤਾ ਦੇ ਆਉਣ ਦੇ ਕਾਰਣ ਦੱਸ ਦਿੰਦੇ ਹਾਂ। ਤੂੰ ਹਰ ਤਰ੍ਹਾਂ ਦੀ ਸਿਆਣਪ ਵਰਤ ਲੈ। ਜੇ ਉਸ ਵਿਚੋਂ ਬਚ ਸਕਦਾ ਹੈਂ, ਤਾਂ ਸਾਰੀ ਵਾਹ ਲਾ ਕੇ ਬਿਪਤਾ ਵਿਚ ਫਸਣ ਤੋਂ ਆਪਣੇ ਆਪ ਨੂੰ ਬਚਾ ਲੈ ...........।

ਰਾਜੇ ਦੇ ਪੁਛਣ ਤੇ ਬਿਆਸ ਨੇ ਉਸ ਨੂੰ ਹਰ ਤਰ੍ਹਾਂ ਦੇ ਯਤਨ ਅਤੇ ਉਪਾਓ ਕਰਨ ਲਈ ਸੰਦੇਸ਼ ਦਿੱਤਾ ਕਿ ਉਹ ਨਾ ਤਾਂ 'ਅਮਕੀ' ਕਿਸਮ ਦੀ ਘੋੜੀ ਤੇ ਚੜ੍ਹੇ ਤੇ ਨਾ ਅਮਕੀ ਕਿਸਮ ਦੀ ਸੁੰਦਰ ਇਸਤ੍ਰੀ ਦੇ ਮਿਲਣ ਤੇ ਉਸ ਨੂੰ ਵਰ੍ਹੇ, ਨਾ ਯੱਗ ਕਰੇ, ਨਾ ਬਰਾਹਮਣ ਇਕੱਠੇ ਹੋਣ, ਤੇ ਨਾ ਉਹ ਉਹਨਾਂ ਨੂੰ ਮਾਰਨ ਦਾ ਸਮਾਂ ਹੀ ਪਾ ਸਕੇ।

ਬਾਵਜੂਦ ਉਸ ਦੇ ਸਾਰੇ ਯਤਨਾਂ ਦੇ ਜੋ ਬਿਆਸ ਜੀ ਨੇ ਦੱਸਿਆ, ਉਹ ਹੋ ਕੇ ਹੀ ਰਿਹਾ। ਸਮਾਂ ਬਣਨ ਤੇ ਜਨਮੇਜਾ ਆਪਣੇ ਮਨ ਉਤੇ ਕਾਬੂ ਨਾ ਪਾ ਸਕਿਆ ਤੇ ਉਸ ਦੀ ਨਿਰੀ ਸਿਆਣਪ ਈਸ਼ਵਰ ਦੇ ਭਾਣੇ ਨੂੰ ਨਾ ਰੋਕ ਸਕੀ।

ਫਲਸਰੂਪ 18 ਬਰਾਹਮਣਾਂ ਨੂੰ ਮਾਰਨ ਦੇ ਫਲ ਵਜੋਂ ਉਸ ਨੂੰ 18 ਕੁਸ਼ਟ ਹੋ ਗਏ। ਜਿਸ ਕਰਕੇ ਉਹ ਬੜਾ ਦੁਖੀ ਹੋਇਆ। ਉਸਦਾ ਮਾਨ ਤੋੜਨ ਲਈ ਉਸ ਨੂੰ ਦਸਿਆ ਗਿਆ ਕਿ ਇਸ ਰੋਗ ਤੋਂ ਛੁਟਕਾਰਾ ਪਾਉਣ ਲਈ ਤੇਰੇ ਲਈ ਜ਼ਰੂਰੀ ਹੈ ਕਿ ਤੂੰ ਮਹਾਂਭਾਰਤ ਦੀ ਕਥਾ ਸੁਣ, ਜਿਸ ਵਿਚ ਤੇਰੇ ਬਜ਼ੁਰਗਾਂ ਦੇ ਕਾਰਨਾਮੇ ਹਨ। ਜਨਮੇਜੇ ਨੇ ਆਪਣੇ ਕੁਸ਼ਟਾਂ ਤੋਂ ਅਰੋਗ ਹੋਣ ਲਈ ਉਪਰ ਦੱਸੀ ਗੱਲ ਤੇ ਅਮਲ ਕੀਤਾ।[287] ਗੁਰੂ ਸਾਹਿਬ ਉਪਰੋਕਤ ਮਿੱਥ ਕਥਾ ਵੱਲ ਸੰਕੇਤ ਕਰਤੇ ਹੋਏ ਲਿਖਦੇ ਹਨ:

– ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜ੍ਹਾਇਆ।

ਤਿਨਿ ਕਰਿ ਜਗ ਅਠਾਰਹ ਘਾਏ, ਕਿਰਤੁ ਨ ਚਲੈ ਚਲਾਇਆ।[288]

– ਜਨਮੇਜੇ ਗੁਰ ਸਬਦ ਨਾ ਜਾਨਿਆ।

ਕਿਉਂ ਸੁਖ ਪਾਵੈ ਭਰਮਿ ਭੁਲਾਨਿਆ।

ਇਕ ਤਿਲੁ ਭੂਲੈ ਬਹੁਰਿ ਪਛਤਾਨਿਆ।[289]

ਉਪਰੋਕਤ ਮਿੱਥਕ ਹਵਾਲੇ ਰਾਹੀਂ ਗੁਰੂ ਸਾਹਿਬ ਇਹ ਦਾਰਸ਼ਨਿਕ ਸੰਦੇਸ਼ ਦਿੰਦੇ ਹਨ ਕਿ ਮਨੁੱਖ ਨੂੰ ਆਪਣੇ ਗੁਰੂ ਦੇ ਹੁਕਮ ਅਨੁਸਾਰ ਚਲਣਾ ਚਾਹੀਦਾ ਹੈ। ਗੁਰੂ ਦੇ ਹੁਕਮ ਦੀ ਉਲੰਘਣਾ ਕਰਨ ਵਾਲੇ ਨੂੰ ਜਨਮੇਜੇ ਦੀ ਤਰ੍ਹਾਂ ਸਦਾ ਸਜ਼ਾ ਭੁਗਤਣੀ ਪੈਂਦੀ ਹੈ। ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਇਹ ਵੀ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਹੋਣੀ ਅਟੱਲ ਹੈ। ਉਹ ਨਿਸ਼ਚਿਤ ਸਮੇਂ, ਨਿਸ਼ਚਿਤ ਥਾਂ ਜ਼ਰੂਰੀ ਆਉਣੀ ਹੈ। ਇਸ ਮਿੱਥ ਕਥਾ ਰਾਹੀਂ ਗੁਰੂ ਸਾਹਿਬ ਨੇ ਗੁਰੂ ਦੀ ਮਹੱਤਤਾ ਅਤੇ ਬ੍ਰਹਮ ਦੁਆਰਾ ਨਿਸ਼ਚਿਤ ਹੋਣੀ ਦੇ ਸਮੇਂ ਨੂੰ ਦਰਸਾਅ ਕੇ ਗੁਰੂ ਅਤੇ ਬ੍ਰਹਮ ਦੇ ਹੁਕਮ ਅਨੁਸਾਰ ਚੱਲਣ ਦਾ ਉਪਦੇਸ਼ ਦਿੱਤਾ ਹੈ।

**ਚੰਦ੍ਰਹਾਂਸ :** ਚੰਦ੍ਰਹਾਂਸ ਇਕ ਦੱਖਣ ਦਾ ਰਾਜਾ ਸੀ ਜਿਸ ਦੇ ਮਾਂ ਪਿਉ ਬਚਪਨ ਵਿਚ ਮਰ ਗਏ ਸਨ ਤੇ ਉਸ ਦੇ ਚਲਾਕ ਵਜੀਰ 'ਧ੍ਰਿਸ਼ਟਬੁਧੀ' ਨੇ ਸਾਰਾ ਰਾਜ ਸੰਭਾਲ ਲਿਆ ਸੀ। ਇਕ ਮਿੱਥ ਕਥਾ ਅਨੁਸਾਰ ਇਕ ਦਿਨ ਕਿਸੇ ਸਿਆਣੇ ਜੋਤਸ਼ੀ ਨੇ ਚੰਦ੍ਰਹਾਂਸ ਨੂੰ ਦੱਸਿਆ ਕਿ ਤੂੰ ਚਕਰਵਰਤੀ ਰਾਜਾ ਬਣਨ ਵਾਲਾ ਹੈਂ। ਇਹ ਸੁਣ ਕੇ ਧ੍ਰਿਸ਼ਟਬੁਧੀ ਵਜੀਰ ਨੇ ਇਸ ਨੂੰ ਮਾਰਨ ਲਈ ਸਾਜਸ਼ਾ ਸ਼ੁਰੂ ਕਰ ਦਿਤੀਆਂ। ਇਕ ਦਿਨ ਇਸ ਵਜ਼ੀਰ ਨੇ ਆਪਣੇ ਪੁੱਤਰ ਮਦਨ ਦੇ ਨਾਮ ਚਿੱਠੀ ਲਿਖ ਕੇ ਦਿੱਤੀ ਕਿ ਇਸ ਨੂੰ 'ਵਿਸ਼' ਦੇ ਦਿਓ। ਇਹ ਚਿੱਠੀ ਚੰਦ੍ਰਹਾਂਸ ਦੀ ਜੇਬ ਵਿਚ ਹੀ ਸੀ ਜਦੋਂ ਕਿ ਉਹ ਇਕ ਬਾਗ ਵਿਚ ਸੁੱਤਾ ਪਿਆ ਸੀ। ਸੁੱਤੇ ਸਹਿਬਜਾਦੇ ਦਾ ਹੁਸ਼ਨ ਵੇਖ ਕੇ ਵਜੀਰ ਦੀ ਲੜਕੀ ਮੋਹਿਤ ਹੋ ਗਈ ਤੇ ਉਸ ਨੇ ਜੇਬ ਵਿਚੋਂ ਕਾਗਜ਼ ਕਢ ਕੇ 'ਵਿਸ਼' ਦੀ ਥਾਂ 'ਵਿਸ਼ਯਾ' ਕਰ ਦਿੱਤਾ। 'ਵਿਸ਼ਯਾ' ਵਜੀਰ ਦੀ ਲੜਕੀ ਦਾ ਨਾਮ ਸੀ, ਜਦ ਇਹ ਚਿੱਠੀ ਧ੍ਰਿਸ਼ਟਬੁਧੀ ਦੇ ਲੜਕੇ ਮਦਨ ਨੇ ਪੜ੍ਹੀ ਤਾਂ

ਪਿਤਾ ਦੀ ਆਗਿਆ ਅਨੁਸਾਰ ਤੁਰੰਤ ਆਪਣੀ ਭੈਣ ਵਿਸ਼ਯਾ ਦੀ ਸ਼ਾਦੀ ਚੰਦ੍ਰਹਾਂਸ ਨਾਲ ਕਰ ਦਿੱਤੀ। ਇਹ ਸੁਣ ਕੇ ਧ੍ਰਿਸ਼ਟਬੁਧਿ ਹੋਰ ਅੱਗ-ਬਬੋਲਾ ਹੋ ਗਿਆ।

ਉਸ ਫਿਰ ਮੰਦਰ ਗਏ ਚੰਦ੍ਰਹਾਂਸ ਨੂੰ ਮਾਰਨ ਦੀ ਵਿਉਂਤ ਬਣਾਈ ਪਰੰਤੂ ਭੁਲੇਖੇ ਵਿਚ ਉਥੇ ਇਸ ਨੇ ਆਪਣਾ ਪੁੱਤਰ ਮਦਨ ਮਰਵਾ ਲਿਆ।[290] ਗੁਰੂ ਸਾਹਿਬ ਇਸ ਸਬੰਧੀ ਸੰਕੇਤ ਕਰਦੇ ਹਨ:

ਸਭ ਮੈਂ ਬ੍ਰਹਮ ਹੈ ਪਸਰਿਆ ਮਨਿ ਬੀਜਿਆ ਖਾਵਾਰੇ।

ਜਿਉ ਜਨ ਚੰਦ੍ਰਹਾਂਸੁ ਦੁਖਿਆ ਧ੍ਰਿਸਟਬੁਧੀ ਅਪੁਨਾ ਘਰੁ ਲੂਕੀ ਜਾਰੇ।[291]

ਉਪਰੋਕਤ ਮਿੱਥਕ ਹਵਾਲੇ ਰਾਹੀਂ ਗੁਰੂ ਸਾਹਿਬ ਇਹ ਦਾਰਸ਼ਨਿਕ ਵਿਚਾਰ ਪੇਸ਼ ਕਰਦੇ ਹਨ ਕਿ ਵਿਅਕਤੀ ਜਿਹੋ ਜਿਹਾ ਬੀਜਦਾ ਹੈ ਉਹੋ ਜਿਹਾ ਵੱਡਦਾ ਹੈ। ਭਾਵ ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ ਉਹੋ ਜਿਹਾ ਫਲ ਉਸ ਨੂੰ ਧ੍ਰਿਸ਼ਟਬੁਧੀ ਦੀ ਤਰ੍ਹਾਂ ਭੁਗਤਣਾ ਪੈਂਦਾ ਹੈ। ਜਿਵੇਂ ਧ੍ਰਿਸ਼ਟਬੁਧੀ ਨੇ ਰਾਜੇ ਚੰਦ੍ਰਹਾਂਸ ਦਾ ਨੁਕਸਾਨ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਆਪ ਹੀ ਨੁਕਸਾਨ ਕਰਵਾਅ ਬੈਠਾ। ਇਸ ਲਈ ਮਨੁੱਖ ਨੂੰ ਕਿਸੇ ਦਾ ਮਾੜਾ ਨਹੀਂ ਸੋਚਣਾ ਚਾਹੀਦਾ ਅਤੇ ਪਰਮਾਤਮਾ ਨੂੰ ਯਾਦ ਰੱਖਣਾ ਚਾਹੀਦਾ ਹੈ।

## ਦਾਨਵ, ਦੈਂਤ, ਰਾਖਸ਼ਾਂ ਨਾਲ ਸਬੰਧਿਤ ਮਿੱਥ ਕਥਾਵਾਂ ਦਾ ਦਾਰਸ਼ਨਿਕ ਆਧਾਰ

ਇਕ ਪੁਰਾਣ ਕਥਾ ਅਨੁਸਾਰ ਪ੍ਰਜਾਪਤੀ ਨੇ ਆਪਣੀਆਂ ਤੇਰਾਂ ਪੁੱਤਰੀਆਂ ਦੇ ਵਿਆਹ ਬ੍ਰਹਮਾ ਦੇ ਪੁੱਤਰ ਕਸਯਪ ਰਿਸ਼ੀ ਨਾਲ ਕਰ ਦਿੱਤੇ। ਇਨ੍ਹਾਂ ਵਿਚੋਂ ਸੰਸਾਰ ਦੀਆਂ ਚਾਰ ਖਾਣੀਆਂ ਉਤਪੰਨ ਹੋਈਆਂ। ਅਦਿੱਤੀ ਤੋਂ ਦੇਵਤੇ, ਦਿੱਤੀ ਤੋਂ ਦੈਂਤ, ਦਨੋ ਤੋਂ ਰਾਖਸ਼ ਅਤੇ ਬਾਕੀਆਂ ਤੋਂ ਹੋਰ ਜੀਵ ਜੰਤੂ ਆਦਿ। ਜਿਥੇ ਦੇਵਤੇ ਸਤਿਕਾਰ ਦਾ ਪਾਤਰ ਬਣੇ ਉਥੇ ਦੈਂਤ ਅਤੇ ਰਾਖਸ਼ ਘਿਰਣਾ ਦਾ।[292] ਇਨ੍ਹਾਂ ਦੇਵਤਿਆਂ ਨਾਲ ਸਬੰਧਿਤ ਮਿੱਥ ਕਥਾਵਾਂ ਬਾਰੇ ਵਰਨਣ ਗੁਰੂ-ਬਾਣੀ ਵਿਚ ਇਸ ਪ੍ਰਕਾਰ ਆਉਂਦਾ ਹੈ।

**ਮਹਿਖਾਸੁਰ ਜਾਂ ਮਹਿਖਾਸਾ:** ਮਹਿਖਾਸੁਰ ਝੋਟੇ ਦੀ ਸ਼ਕਲ ਦਾ ਇਕ ਦੈਂਤ ਜੋ ਕਿ ਰੰਭ ਦਾ ਪੁੱਤਰ ਤੇ ਮੱਝ ਦੀ ਕੁੱਖੋਂ ਜੰਮਿਆ ਸੀ। ਇਸ ਨੂੰ ਦੁਰਗਾ ਨੇ ਆਪਣੀ ਤਲਵਾਰ ਨਾਲ ਮਾਰਿਆ। ਮਹਾਂਭਾਰਤ ਦੀ ਇਕ ਕਥਾ ਅਨੁਸਾਰ ਸ਼ਿਵ ਦੇ ਪੁੱਤਰ ਸਕੰਦ ਨੇ ਮਹਿਖਾਸੁਰ ਦਾ ਸੰਘਾਰ ਕੀਤਾ।[293]

**ਮਧਕੀਟ ਜਾਂ ਮਧੁ ਕਟਭ:** ਮਧੁ ਤੇ ਕੈਟਭ ਦੋ ਦੈਂਤ ਸਨ ਜੋ ਕਿ ਪੁਰਾਣਾਂ ਅਨੁਸਾਰ ਵਿਸ਼ਨੂੰ ਭਗਵਾਨ ਦੇ ਕੰਨ ਵਿਚੋਂ ਮੈਲ ਸੁੱਟਣ ਤੋਂ ਪੈਦਾ ਹੋਏ। ਇਸ ਸਮੇਂ ਚਾਰੇ ਪਾਸੇ ਪਾਣੀ ਹੀ ਪਾਣੀ ਸੀ। ਬ੍ਰਹਮਾ ਕੰਵਲ ਵਿਚੋਂ ਪੈਦਾ ਹੋ ਚੁੱਕਾ ਸੀ। ਇਹ ਦੈਂਤ ਬ੍ਰਹਮਾ ਨੂੰ ਮਾਰਨ ਲਈ ਦੌੜੇ ਤਾਂ ਵਿਸ਼ਨੂੰ ਨੇ ਮੁਕਾਬਲਾ ਕੀਤਾ ਤੇ ਇਹ ਲੜਾਈ ਪੰਜ ਹਜ਼ਾਰ ਵਰ੍ਹੇ ਤਕ ਚਲਦੀ ਰਹੀ। ਅਖੀਰ ਇਨ੍ਹਾਂ ਦੈਂਤਾਂ ਨੇ ਵਿਸ਼ਨੂੰ ਦੀ ਬੀਰਤਾ ਉੱਤੇ ਪ੍ਰਸੰਨ ਹੋ ਕੇ ਕਿਹਾ 'ਜੋ ਤੂੰ ਮੰਗੇਗਾ ਦੇਵਾਂਗੇ। ਵਿਸ਼ਨੂੰ ਮਹਾਰਾਜ ਨੇ ਸਿਰ ਮੰਗ ਲਏ। ਇਨ੍ਹਾਂ ਕਿਹਾ ਸਾਡੇ ਸਿਰ ਖੁਸ਼ਕ ਥਾਂ ਤੇ ਕੱਟੇ ਜਾਣ। ਕਹਿੰਦੇ ਹਨ ਕਿ ਵਿਸ਼ਨੂੰ ਨੇ ਪੱਟ ਉੱਤੇ ਰੱਖ ਕੇ ਇਨ੍ਹਾਂ ਦੇ ਸੀਸ ਕੱਟੇ ਅਤੇ ਇਨ੍ਹਾਂ ਦੀ ਮਿੱਝ ਪਾਣੀ ਉੱਤੇ ਤਰਨ ਲੱਗੀ ਅਤੇ ਇਹ ਮੇਦਨੀ ਕਹਿਲਾਈ।[294]

**ਹਰਣਾਖਸ:** ਇਹ ਦੈਂਤ ਪ੍ਰਹਲਾਦ ਦਾ ਪਿਤਾ ਸੀ ਤੇ ਵਿਸ਼ਨੂੰ ਨੇ ਨਰ ਸਿੰਘ ਦਾ ਰੂਪ ਧਾਰ ਕੇ ਇਸ ਦਾ ਵਧ ਕੀਤਾ (ਵਿਸਥਾਰ ਲਈ ਵੇਖੋ ਨਰ ਸਿੰਘ ਅਵਤਾਰ )

**ਹਿਰਨਾਯਕਸਪ** : ਇਹ ਦੈਂਤ ਹਰਣਾਖਸ ਦਾ ਭਰਾ ਸੀ ਅਤੇ ਇਹ ਧਰਤੀ ਨੂੰ ਚੁੱਕ ਕੇ ਸਮੁੰਦਰ ਵਿਚ ਲੈ ਗਿਆ। ਵਿਸਨੂੰ ਨੇ ਇਸ ਨੂੰ ਵਰਾਹ ਅਵਤਾਰ ਧਾਰ ਕੇ ਮਾਰਿਆ (ਵਿਸਥਾਰ ਲਈ ਵੇਖੋ ਵਰਾਹ ਅਵਤਾਰ)

**ਰਕਤਬੀਜ:** ਰਕਤਬੀਜ ਇਕ ਰਾਖਸ਼ ਦਾ ਨਾਮ ਹੈ ਜੋ ਕਿ ਰਾਜੇ ਸ਼ੁੰਭ ਦਾ ਸੈਨਾਪਤੀ ਸੀ। ਕਿਹਾ ਜਾਂਦਾ ਹੈ ਕਿ ਲੜਾਈ ਵਿਚ ਇਸ ਦੇ ਜਿਤਨੇ ਖ਼ੂਨ ਦੇ ਕਤਰੇ ਡਿਗਦੇ ਉਨ੍ਹਾਂ ਤੋਂ ਉਤਨੇ ਹੀ ਹੋਰ ਦੈਂਤ ਪੈਦਾ ਹੋ ਜਾਂਦੇ। ਮਾਰਕੰਡੇ ਪੁਰਾਣ ਅਨੁਸਾਰ ਇਸ ਨੂੰ ਕਾਲੀ ਅਤੇ ਦੁਰਗਾ ਨੇ ਮਿਲ ਕੇ ਮਾਰਿਆ। ਕਾਲੀ ਨੇ ਇਸ ਤੇਜੀ ਨਾਲ ਨਹੂ ਦੇ ਤੁਪਦੇ ਚੱਟੇ ਕਿ ਕੋਈ ਦੈਂਤ ਵਜੂਦ ਵਿਚ ਹੀ ਨਾ ਆਇਆ। ਦੁਰਗਾ ਨੇ ਇਸ ਦਾ ਸਿਰ ਕੱਟ ਦਿੱਤਾ।[295]

**ਕਾਲਨੇਮ:** ਰਮਾਇਣ ਅਨੁਸਾਰ ਕਾਲਨੇਮੀ ਰਾਵਣ ਦਾ ਚਾਚਾ ਸੀ। ਰਾਵਣ ਨੇ ਇਸ ਨੂੰ ਅੱਧਾ-ਰਾਜ ਦੇਣਾ ਕੀਤਾ ਅਤੇ ਕਿਹਾ ਕਿ ਇਹ ਹਨੂੰਮਾਨ ਨੂੰ ਸੰਜੀਵਨੀ ਵਾਲੀ ਲਿਆਉਣ ਤੋਂ ਰੋਕੇ ਅਤੇ ਥਾ ਮਾਰ ਦੇਵੇ। ਕਾਲਨੇਮ ਸਾਧੂ ਦਾ ਰੂਪ ਵਟਾ ਕੇ ਗੰਧ-ਅਦਨ ਪਰਬਤ ਉੱਤੇ ਚਲਾ ਗਿਆ। ਇਹ ਹਨੂੰਮਾਨ ਨੂੰ ਮਿਲਿਆ ਅਤੇ ਇਸ ਨੇ ਉਸ ਨੂੰ ਧੋਖੇ ਨਾਲ ਮਾਰਨਾ ਚਾਹਿਆ। ਪਰ ਹਨੂੰਮਾਨ ਅਸਲੀਅਤ ਤੋਂ ਜਾਣੂ ਹੋ ਗਿਆ ਅਤੇ ਉਸ ਨੇ ਕਾਲਨੇਮ ਨੂੰ ਮਾਰ ਦਿੱਤਾ।[296]

**ਕੁਵਲੀਆਪੀੜ:** ਇਕ ਬਲਵਾਨ ਮਦਮਸਤ ਹਾਥੀ ਜੋ ਕੰਸ ਨੇ ਮਥਰਾ ਦੇ ਦਰਵਾਜੇ ਤੇ ਸ੍ਰੀ ਕ੍ਰਿਸ਼ਨ ਬਲਰਾਮ-ਦੋਹਾਂ ਭਾਈਆਂ ਨੂੰ ਮਾਰਨ ਲਈ ਭੇਜਿਆ ਸੀ। ਜਦੋਂ ਇਹ ਹਾਥੀ ਅੱਗੇ ਆਇਆ ਤਾਂ ਸ੍ਰੀ ਕ੍ਰਿਸ਼ਨ ਜੀ ਨੇ ਉਸ ਨੂੰ ਥਾਂ ਮਾਰ ਦਿੱਤਾ।[343]

**ਕੇਸੀ ਜਾ ਕੇਸੁ:** ਕੇਸੀ ਕੰਸ ਦਾ ਇਕ ਦੇਉ-ਕੱਦ ਭਲਵਾਨ ਸੀ ਜਿਸ ਰਾਹੀਂ ਉਸ ਨੇ ਕ੍ਰਿਸ਼ਨ ਜੀ ਨੂੰ ਮਾਰਨ ਦਾ ਬਿਅਰਥ ਯਤਨ ਕੀਤਾ ਸੀ। ਜਦ ਇਹ ਅਖਾੜੇ ਵਿਚ ਆਇਆ ਤਾਂ ਇਸ ਨੇ ਘੋੜੇ ਦਾ ਰੂਪ ਧਾਰ ਕੇ ਕ੍ਰਿਸ਼ਨ ਜੀ ਉਤੇ ਝੱਪਟਾ ਮਾਰਿਆ। ਅੱਗੋਂ ਸ੍ਰੀ ਕ੍ਰਿਸ਼ਨ ਜੀ ਨੇ ਇਸ ਨੂੰ ਜਬਾੜਿਆ ਵਿਚ ਬਾਂਹ ਪਾ ਕੇ ਇਸ ਨੂੰ ਥਾਂ ਮਾਰ ਦਿੱਤਾ।[297]

**ਚੰਡੂਰ:** ਰਾਜੇ ਕੰਸ ਦੇ ਅਖਾੜੇ ਦਾ ਇਕ ਰਾਕਸ਼-ਬਿਰਤੀ ਵਾਲਾ ਭਲਵਾਨ, ਜਿਸ ਨੂੰ ਸ੍ਰੀ ਕ੍ਰਿਸ਼ਨ ਜੀ ਅਤੇ ਬਲਭੱਦਰ ਨੂੰ ਮਾਰਨ ਖਾਤਰ ਭੇਜਿਆ ਗਿਆ ਸੀ। ਜਦੋਂ ਇਸ ਦੀ ਸ੍ਰੀ ਕ੍ਰਿਸ਼ਨ ਜੀ ਨਾਲ ਕੁਸਤੀ ਹੋਈ ਤਾਂ ਆਪ ਨੇ ਇਸ ਨੂੰ ਪਹਿਲੀ ਸੱਟੇ ਹੀ ਪਛਾੜ ਕੇ ਸੁੱਟ ਦਿੱਤਾ ਤੇ ਮਾਰ ਦਿੱਤਾ।[299]

ਦੈਂਤਾਂ ਨਾਲ ਸਬੰਧਿਤ ਉਪਰੋਕਤ ਮਿੱਥਕ ਸੰਕੇਤਾਂ ਬਾਰੇ ਵਰਨਣ ਗੁਰੂ-ਬਾਣੀ ਵਿਚ ਇਸ ਤਰ੍ਹਾਂ ਆਉਂਦਾ ਹੈ:

– ਸਹਸਬਾਹੁ ਮਧ ਕੀਟ ਮਹਖਾਸਾ
ਹਰਨਾਖਸੁ ਲੇ ਨਖਹੁ ਬਿਧਸਯਾ।
ਦੈਂਤ ਸੰਘਾਰੇ ਬਿਨੁ ਭਗਤਿ ਅਭਿਆਸਾ।[300]

– ਰਕਤਬੀਜੁ ਕਾਲੁਨੇਮੁ ਬਿਦਾਰੇ।

ਦੈਂਤ ਸੰਘਾਰਿ ਸੰਤ ਨਿਸਤਾਰੇ।[301]

– ਕੁਵਲੀਆ ਪੀੜ ਆਪਿ ਮਰਾਇਦਾ ਪਿਆਰਾ

ਕਰ ਬਾਲਕ ਰੂਪ ਪਚਾਹਾ।[302]

– ਆਪਿ ਅਖਾੜਾ ਪਾਇਦਾ ਪਿਆਰਾ ਕਰਿ ਵੇਖੈ ਆਪਿ ਚੋਜਾਹਾ।

ਕਰਿ ਬਾਲਕ ਰੂਪ ਉਪਾਇਦਾ ਪਿਆਰਾ, ਚੰਡੂਰ ਕੰਸੁ ਕੇਸੁ ਮਾਰਾਹਾ।[303]

ਉਪਰੋਕਤ ਮਿੱਥਕ ਸੰਕੇਤਾਂ ਰਾਹੀਂ ਗੁਰੁ ਸਾਹਿਬਾਨ ਇਹ ਦਾਰਸ਼ਨਿਕ ਸੰਦੇਸ਼ ਦਿੰਦੇ ਹਨ ਕਿ ਬਦੀ ਦੀ ਸਦਾ ਹਾਰ ਹੁੰਦੀ ਹੈ ਅਤੇ ਨੇਕੀ ਦੀ ਜਿੱਤ ਹੁੰਦੀ ਹੈ। ਆਪ ਫੁਰਮਾਉਂਦੇ ਹਨ ਕਿ ਦੈਂਤਾਂ ਵਰਗੇ ਬੁਰੇ ਵਿਅਕਤੀਆਂ ਦਾ ਨਾਸ ਕਰਨ ਲਈ ਕ੍ਰਿਸ਼ਨ, ਰਾਮ, ਵਿਸ਼ਨੂੰ ਦੀ ਤਰ੍ਹਾਂ ਕਿਸੇ ਨਾ ਕਿਸੇ ਅਵਤਾਰ ਰੂਪ ਵਿਚ ਖੁਦ ਆਉਂਦਾ ਹੈ। ਦੈਂਤ ਪ੍ਰਭੂ ਹੁਕਮ ਦੀ ਉਲੰਘਣਾ ਕਰਨ ਕਰਕੇ ਅਤੇ ਪ੍ਰਭੂ ਭਗਤੀ ਤੋਂ ਹੀਣ ਹੋਣ ਸਦਕਾ ਦੰਡ ਦੇ ਪਾਤਰ ਬਣਦੇ ਹਨ। ਆਪ ਸਮਝਾਉਂਦੇ ਹਨ ਦੈਂਤਾਂ ਦਾ ਅੰਤ ਕਰਕੇ ਪਰਮਾਤਮਾ ਸੰਤਾਂ ਭਗਤਾਂ ਦੀ ਰੱਖਿਆ ਕਰਦਾ ਹੈ। ਉਪਰੋਕਤ ਸਮੁੱਚੀ ਚਰਚਾ ਤੋਂ ਇਹ ਸਪਸ਼ਟ ਹੈ ਕਿ ਉਪਰੋਕਤ ਮਿੱਥਕ ਹਵਾਲੇ ਅਤੇ ਸੰਕੇਤਾਂ ਰਾਹੀਂ ਗੁਰੂ ਸਾਹਿਬ ਨੇ ਜਿਥੇ ਬ੍ਰਹਮ ਦੀ ਏਕਤਾ ਅਤੇ ਸਰਵਉੱਚਤਾ ਨੂੰ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ। ਉਥੇ ਨਾਲ ਹੀ ਗੁਰੂ ਸਾਹਿਬ ਨੇ ਸ੍ਰਿਸ਼ਟੀ, ਜੀਵ-ਆਤਮਾ, ਮਾਇਆ, ਮੁਕਤੀ ਆਦਿ ਦੇ ਸੰਕਲਪਾਂ ਦੀ ਪੇਸ਼ਕਾਰੀ ਕਰਦੇ ਹੋਏ ਬ੍ਰਹਮ ਨੂੰ ਹੀ ਸ੍ਰਿਸ਼ਟੀ ਦਾ ਕਰਤਾ ਧਰਤਾ ਹਰਤਾ ਦਰਸਾਇਆ ਹੈ। ਉਨ੍ਹਾਂ ਨੇ ਜੀਵ ਨੂੰ ਬ੍ਰਹਮ ਤੋਂ ਵਿਛੜੀ ਇਕ ਰੂਹ ਦਰਸਾਅ ਕੇ ਉਸ ਨਾਲ ਅਭੇਦ ਹੋਣ ਦਾ ਰਾਹ ਗੁਰੂ ਦੁਆਰਾ ਦਿੱਤਾ ਨਾਮ ਸਿਮਰਨ ਦੱਸਿਆ ਹੈ। ਆਪ ਨੇ ਅਵਤਾਰ/ਦੇਵੀ-ਦੇਵਤਿਆਂ, ਰਾਜਿਆਂ ਰਿਸ਼ੀਆਂ ਮੁਨੀਆਂ ਦੇ ਮਿੱਥਕ ਹਵਾਲੇ ਦੇ ਕੇ ਉਨ੍ਹਾਂ ਨੂੰ ਕਾਮ, ਕਰੋਧ, ਲੋਭ, ਮੋਹ, ਅੰਹਕਾਰ (ਹਉਮੈ) ਵਿਚ ਫਸੇ ਹੋਏ ਦਰਸਾਅ ਕੇ ਇਨ੍ਹਾਂ ਵਿਸ਼ੇ ਵਿਕਾਰਾਂ ਨੂੰ ਤਿਆਗਣ ਦਾ ਦਾਰਸ਼ਨਿਕ ਸੰਦੇਸ਼ ਦਿਤਾ ਹੈ। ਆਪ ਨੇ ਭਗਤਾਂ ਨਾਲ ਸਬੰਧਿਤ ਮਿੱਥਕ ਮਿੱਥਕ ਹਵਾਲੇ ਤੇ ਸੰਕੇਤ ਦੇ ਕੇ ਭਗਤੀ ਭਾਵਨਾ ਨੂੰ ਦ੍ਰਿੜ ਕਰਵਾਉਣ ਦੀ ਕੋਸ਼ਿਸ਼ ਕੀਤੀ ਹੈ। ਗੁਰੂ ਸਾਹਿਬ ਨੇ ਨੇਕੀ ਤੇ ਬਦੀ ਨਾਲ ਸਬੰਧਿਤ ਪਾਤਰਾਂ ਦੇ

ਮਿੱਥਕ ਹਵਾਲਿਆਂ ਰਾਹੀਂ ਮਨੁੱਖ ਨੂੰ ਸਦਾਚਾਰਕ ਕੀਮਤਾਂ ਦੀ ਪਾਲਣਾ ਕਰਨ ਅਤੇ ਬਦੀ ਦਾ ਰਹ ਤਿਆਗ ਕੇ ਨੇਕੀ ਦੇ ਰਾਹ ਤੇ ਚਲਣ ਦਾ ਦਾਰਸ਼ਨਿਕ ਉਪਦੇਸ਼ ਵੀ ਦਿੱਤਾ ਹੈ। ਉਪਰੋਕਤ ਤੋਂ ਇਲਾਵਾ ਗੁਰੂ ਸਾਹਿਬ ਅਨੁਸਾਰ ਅਵਤਾਰ/ਦੇਵੀ-ਦੇਵਤਿਆਂ ਦੀ ਭਗਤੀ ਛੱਡ ਇਕ ਬ੍ਰਹਮ ਦੀ ਨਿਰਗੁਣ ਭਗਤੀ ਕਰਨ ਦਾ ਦਾਰਸ਼ਨਿਕ ਸੰਦੇਸ਼ ਦਿੰਦੇ ਹਨ।

# ਹਵਾਲੇ ਅਤੇ ਟਿੱਪਣੀਆਂ

1. ਉਮੇਸ਼ ਮਿਸ਼ਰ (ਡਾ.), ***ਭਾਰਤੀ ਦਰਸ਼ਨ*** (ਹਿੰਦੀ), ਪੰ. 5 ਉਦਹਰਿਤ
2. ਪ੍ਰਤਾਪ ਸਿੰਘ (ਗਿਆਨੀ), ***ਗੁਰਮਤਿ ਫਿਲਾਸਫੀ***, ਪੰ. 456 ਉਦਹਰਿਤ
3. ਸ਼ਾਂਤੀ ਨਾਥ ਗੁਪਤਾ (ਡਾ.), ***ਭਾਰਤੀ ਦਰਸ਼ਨ***, ਪੰ. 3 ਉਦਹਰਿਤ
4. ***ਇੰਡੀਅਨ ਫਿਲਾਸਫੀ*** (ਅੰਗਰੇਜ਼ੀ) ਜਿਲਦ ਪਹਿਲੀ, ਪੰ. 44
5. ***ਧਰਮ ਔਰ ਦਰਸ਼ਨ*** (ਹਿੰਦੀ), ਪੰ. 309
6. ***ਬਾਣੀ ਚਿੰਤਨ***, ਪੰ. 75
7. ਉਹੀ, ਪੰ. 74
8. ***An Essay on Man***, p. 24
9. Ibid, ***Language and Myth***, p. 58
10. ***Philosophy in a New Key***, p. 201
11. Ibid, p. 175-76
12. ***ਲੋਕ ਤੱਤ ਤੇ ਗੁਰੂ ਨਾਨਕ***, ਪੰ. 24
13. ***ਗੁਰਮਤਿ ਸਾਹਿਤ ਵਿਵੇਚਨ***, ਪੰ. 75
14. ਕਾਨ੍ਹ ਸਿੰਘ ਨਾਭਾ (ਭਾਈ), ***ਮਹਾਨ ਕੋਸ਼***, ਪੰ. 671 ਉਦਹਰਿਤ
15. ਹਰਿਭਜਨ ਸਿੰਘ (ਡਾ.), ***ਮੁਲ ਤੇ ਮੁਲਾਂਕਣ***, ਪੰ. 28
16. Mircea Eliade, ***The Quest***, p. 14
17. ***Encyclopaedia of Britannic***, p. 794
18. ***ਮੁਲ ਤੇ ਮੁਲਾਂਕਣ***, ਪੰ. 27
19. ਸਰ ਜੋਨ ਡੋਸਨ, ***ਹਿੰਦੂ ਮਿਥਿਹਾਸ ਕੋ***, ਪੰ. 156 ਉਦਹਰਿਤ
20. ਉਹੀ, ਪੰ. 367

21. ਕੁਲਵੰਤ ਸਿੰਘ (ਡਾ.), *ਮਿੱਥ ਅਧਿਐਨ ਤੇ ਵਾਰਾਂ ਭਾਈ ਗੁਰਦਾਸ,* ਪੰ. 65 ਉਦਹਰਿਤ
22. ***ਸ੍ਰੀ ਗੁਰੂ ਗ੍ਰੰਥ ਸਾਹਿਬ,*** ਪੰ. 1023
23. ਉਹੀ, ਪੰ. 1081
24. ਉਹੀ, ਪੰ. 1035-36
25. ਉਹੀ, ਪੰ. 555
26. ਰਤਨ ਸਿੰਘ ਜੱਗੀ (ਡਾ.) ***ਗੁਰੂ ਨਾਨਕ ਦੀ ਵਿਚਾਰਧਾਰਾ***, ਪੰ. 115 ਉਦਹਰਿਤ
27. ਕ੍ਰਿਸ਼ਨਾ ਕਲਸੀਆ, ***ਭਗਤ ਰਵਿਦਾਸ ਦੀ ਭਗਤੀ ਸਾਧਨਾ***, ਪੰ. 240 ਉਦਹਰਿਤ
28. ਰਤਨ ਸਿੰਘ ਜੱਗੀ (ਡਾ.), ***ਗੁਰੂ ਨਾਨਕ ਦੀ ਵਿਚਾਰਧਾਰਾ***, ਪੰ. 115 ਉਦਹਰਿਤ
29. ਬਲਦੇਵ ਉਪਾਧਿਆਇ (ਪੰਡਤ), ***ਭਾਰਤੀ ਦਰਸ਼ਨ***, ਪੰ. 210 ਉਦਹਰਿਤ
30. Duncan Greenless, ***The Gorpel of Islam***, p. XXXIII, ਉਦਹਰਿਤ
31. Surinder Singh Kohli (Dr.) ***The Philosophy of Guru Nanak***, p. III, ਉਦਹਰਿਤ
32. ***ਮਹਾਨ ਕੋਸ਼***, ਪੰ. 710-11
33. ***ਗੁਰੂ ਨਾਨਕ ਦੀ ਵਿਚਾਰਧਾਰਾ***, ਪੰ. 120 ਉਦਹਰਿਤ
34. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰ. 1
35. ਉਹੀ, ਪੰ. 597
36. ਉਹੀ, ਪੰ. 271
37. ਉਹੀ, ਪੰ. 291
38. ਉਹੀ, ਪੰ. 294
39. ਉਹੀ, ਪੰ. 663

40. *ਗੁਰੂ ਨਾਨਕ ਦੀ ਵਿਚਾਰਧਾਰਾ*, ਪੰ. 138

41. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ. 1061

42. ਉਹੀ, ਪੰ. 1003

43. ਉਹੀ, ਪੰ. 929-30

44. ਉਹੀ, ਪੰ. 930

45. ਉਹੀ, ਪੰ. 934

46. *ਮਹਾਨ ਕੋਸ਼,* ਪੰ. 164

47. ਭਗਤ ਸਿੰਘ ਬੇਦੀ, *ਮਧਕਾਲੀਨ ਸਾਹਿਤਕ ਪ੍ਰਵਿਰਤੀਆਂ*, ਪੰ. 51-52 ਉਦਹਰਿਤ

48. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ. 1108

49. ਉਹੀ, ਪੰ. 103

50. ਉਹੀ, ਪੰ. 437

51. ਉਹੀ, ਪੰ. 750

52. ਉਹੀ, ਪੰ. 143

53. ਉਹੀ, ਪੰ. 1031

54. ਉਹੀ, ਪੰ. 420

55. ਚੰਦਰ ਦੇਵ ਰਾਓ (ਡਾ.), *ਕਬੀਰ ਔਰ ਰੈਦਾਸ ਇਕ ਤੁਲਨਾਤਮਿਕ ਅਧਿਐਨ*, (ਹਿੰਦੀ), ਪੰ. 110 ਉਦਹਰਿਤ

56. ਰਤਨ ਸਿੰਘ ਜੱਗੀ (ਡਾ.), *ਗੁਰੂ ਨਾਨਕ ਵਿਅਕਤਿਤਵ, ਕਰਤਿਤਵ ਤੇ ਚਿੰਤਨ* (ਹਿੰਦੀ), ਪੰ. 159

57. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ. 13

58. ਉਹੀ, ਪੰ. 348

59. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ. 534

60. ਉਹੀ, ਪੰ. 6

61. ਉਹੀ, ਪੰ. 437

62. ਉਹੀ, ਪੰ. 1025

63. ਉਹੀ, ਪੰ. 138

64. ਉਹੀ, ਪੰ. 232

65. ਉਹੀ, ਪੰ. 1020

66. ਉਹੀ, ਪੰ. 685

67. *ਗੁਰੂ ਨਾਨਕ ਦੀ ਵਿਚਾਰਧਾਰਾ*, ਪੰ. 154

68. ਉਹੀ, ਪੰ. 940

69. ਉਹੀ, ਪੰ. 128

70. ਉਹੀ, ਪੰ. 1313

71. ਉਹੀ, ਪੰ. 1082

72. ਉਹੀ, ਪੰ. 827

73. ਉਹੀ, ਪੰ. 287

74. ਉਹੀ, ਪੰ. 250

75. *ਗੁਰੂ ਗ੍ਰੰਥ ਸਾਹਿਬ ਸਭਿਆਚਾਰਕ ਸਰਵੇਖਣ*, ਪੰ. 26

76. *ਮਿੱਥ ਅਧਿਐਨ ਤੇ ਵਾਰਾਂ ਭਾਈ ਗੁਰਦਾਸ,* ਪੰ. 165

77. *ਗੁਰਮਤਿ ਦਰਸ਼ਨ*, ਪੰ. 235

78. *ਗੁਰੂ ਨਾਨਕ ਦੀ ਵਿਚਾਰਧਾਰਾ*, ਪ. 180

79. *ਗੁਰਬਾਣੀ: ਵਿਸ਼ਵ ਦ੍ਰਿਸ਼ਟੀ ਤੇ ਵਿਚਾਰਧਾਰਾ*, ਪੰ. 16-17

80. *ਰਿਗਵੇਦ,* ਪੰ.129,1-2

81. *ਐਤਰੀਯ ਉਪਨਿਸ਼ਦ,* ਪੰ. 2.1

82. *ਤੈਤਰੀਯ ਉਪਨਿਸ਼ਦ,* ਪੰ. 2.7.1

83. ਪੀਤੰਬਰ ਦੱਤ, ਬੜਥਵਾਲ (ਡਾ.), *ਗੋਰਖ ਬਾਣੀ,* ਪੰ. 53 ਉਦਹਰਿਤ

84. In the begining was the word and the word was with the God and the word was God St. John 1, Quotes from Siri Guru Nanak Sahib (Eng. Version) by Gopal Singh

85. *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰ. 940

86. *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰ. 1037

87. ਉਹੀ, ਪੰ. 509

88. ਉਹੀ, ਪੰ. 1081

89. ਉਮੇਸ਼ ਮਿਸ਼ਰ (ਡਾ.), *ਭਾਰਤੀ ਦਰਸ਼ਨ,* ਪੰ. 35-36 ਉਦਹਰਿਤ

90. ਤੈਤਰੀਯ ਉਪਨਿਸ਼ਦ, 2/1/1

91. ਗੀਤਾ /7/6, *ਗੀਤਾ ਪ੍ਰੈਸ ਗੋਰਖਪੁਰ ਕੇ ਅਨੁਸਾਰ* (ਹਿੰਦੀ), ਪੰ. 120

92. ਸਤੀਸ਼ ਚੰਦਰ ਚਟੋਪਾਧਿਆਇ (ਡਾ.), *ਭਾਰਤੀ ਦਰਸ਼ਨ,* ਪੰ. 57 ਉਦਹਰਿਤ

93. ਰਾਮ ਜੀ ਲਾਲ, *ਕਬੀਰ ਦਰਸ਼ਨ,* ਪੰ. 207 ਉਦਹਰਿਤ

94. *ਭਾਰਤੀ ਦਰਸ਼ਨ,* ਪੰ. 23 ਉਦਹਰਿਤ

95. ਉਹੀ, ਪੰ. 28

96. ਉਮੇਸ਼ ਮਿਸ਼ਰ (ਡਾ.) *ਭਾਰਤੀ ਦਰਸ਼ਨ,* ਪੰ. 381 ਉਦਹਰਿਤ

97. *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰ. 1035

98. ਉਹੀ, ਪੰ. 112

99. ਉਹੀ, ਪੰ. 11

100. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰ. 276

101. ਉਹੀ, ਪੰ. 920

102. ਉਹੀ, ਪੰ. 883

103. ਉਹੀ, ਪੰ. 929

104. ਉਹੀ, ਪੰ. 604

105. ਵਣਜਾਰਾ ਬੇਦੀ, ***ਪੰਜਾਬੀ ਲੋਕਧਾਰਾ ਵਿਸ਼ਵ ਕੋਸ਼, ਵਾਲੀਅਮ*** 1, ਪੰ. 22 ਉਦਹਰਿਤ

106. ਉਹੀ, ਪੰ. 22

107. W.7 Wilkin Loc, ***cit and Hindu Myth***, p. 34 ਉਦਹਰਿਤ

108. ***ਪੰਜਾਬੀ ਲੋਕਧਾਰਾ ਵਿਸ਼ਵ ਕੋਸ਼***, ਜਿਲਦ 1, ਪੰ. 23 ਉਦਹਰਿਤ

109. ਉਹੀ, ਪੰ.23

110. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰ. 839

111. ਉਹੀ, ਪੰ. 3

112. ਉਹੀ, ਪੰ. 7

113. ਉਹੀ, ਪੰ. 276

114. ਉਹੀ, ਪੰ. 284

115. ***ਮਹਾਨ ਕੋਸ਼***, ਪੰ. 250

116. ਪਰਤਾਪ ਸਿੰਘ (ਗਿਆਨੀ), ***ਗੁਰਮਤਿ ਫਿਲਾਸਫੀ***, ਪੰ. 360 ਅਤੇ 596

117. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰ. 4

118. ਉਹੀ, ਪੰ. 4

119. ਉਹੀ, ਪੰ. 284

120. ਉਹੀ, ਪੰ. 275

121. *ਮਹਾਨ ਕੋਸ਼*, ਪੰ. 755–56

122. *ਮਨੂ ਸਿਮਰਤੀ*, ਪੰ. 1/83

123. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ.1023

124. ਉਹੀ, ਪੰ. 990

125. ਉਹੀ, ਪੰ. 445

126. ਉਹੀ, ਪੰ. 1023

127. ਉਹੀ, ਪੰ. 880

128. ਉਹੀ, ਪੰ. 445

129. ਉਹੀ, ਪੰ.1024

130. ਉਹੀ, ਪੰ. 880

131. ਉਹੀ, ਪੰ. 445

132. ਉਹੀ, ਪੰ. 1024

133. ਉਹੀ, ਪੰ. 880

134. ਉਹੀ, ਪੰ. 446

135. ਉਹੀ, ਪੰ. 470

136. ਪਿਆਰਾ ਸਿੰਘ ਪਦਮ, *ਗੁਰੂ ਗ੍ਰੰਥ ਸੰਕੇਤ ਕੋਸ਼*, ਪੰ. 177

137. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ. 3

138. ਉਹੀ, ਪੰ.3

139. ਕਾਲਾ ਸਿੰਘ ਬੇਦੀ, *ਗੁਰਸ਼ਬਦ ਰਤਨਾਕਰ*, ਪੰ. 169

140. ਉਹੀ, ਪੰ. 170

141. ਉਹੀ, ਪੰ. 170

142. ***ਗੁਰੂ ਗ੍ਰੰਥ ਸੰਕੇਤ ਕੋਸ਼,*** ਪੰ. 166-167

143. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰ.5

144. ਉਹੀ, ਪੰ. 7

145. ***ਮਹਾਨਕੋਸ਼,*** ਪੰ. 958

146. ***ਗੁਰੂ ਨਾਨਕ ਦੀ ਵਿਚਾਰਧਾਰਾ,*** ਪੰ. 288-89 ਉਦਹਰਿਤ

147. ***ਸੁਖਮਨੀ ਸਾਹਿਬ ਦਾ ਦਾਰਸ਼ਨਿਕ ਆਧਾਰ***, ਪੰ. 270 ਉਦਹਰਿਤ

148. ***ਗੀਤਾ*** 7/13/14 (ਟੀਕਾ) ਪ੍ਰਕਾਸ਼ਕ ਗੰਗਾ ਬੁਕ ਡਿਪੂ, ਪੰ. 122

149. ***ਭਾਰਤੀ ਦਰਸ਼ਨ,*** ਪੰ. 31 ਉਦਹਰਿਤ

150. ***ਇੰਡੀਅਨ ਫਿਲਾਸਫੀ***, ਪੰ. 242

151. ***ਹਿੰਦੂ ਮਿਥਿਹਾਸ ਕੋਸ਼***, ਪੰ. 25

152. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰ. 371

153. ਉਹੀ, ਪੰ.394

154. ਉਹੀ, ਪੰ. 227

155. ਉਹੀ, ਪੰ. 559

156. ਉਹੀ, ਪੰ. 61

157. ਉਹੀ, ਪੰ. 643

158. ਉਹੀ, ਪੰ. 182

159. ਉਹੀ, ਪੰ. 404

160. ਉਹੀ, ਪੰ. 1066

161. ਉਹੀ, ਪੰ. 918

162. ਉਹੀ, ਪੰ. 50

163. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ. 63

164. ਉਹੀ, ਪੰ. 510

165. ਉਹੀ, ਪੰ. 394

166. ਉਹੀ, ਪੰ. 24

167. ਉਹੀ, ਪੰ. 500

168. ਉਹੀ, ਪੰ. 231

169. ਉਹੀ, ਪੰ. 497

170. ਉਹੀ, ਪੰ. 673

171. ਉਹੀ, ਪੰ. 412

172. *ਬ੍ਰਿਹਤ ਹਿੰਦੀ ਕੋਸ਼*, ਪੰ. 509

173. *ਮਨੂ ਸਿਮਰਤੀ*, ਪੰ.

174. *ਭਾਰਤੀ ਦਰਸ਼ਨ*, ਪੰ. 39

175. *ਰਿਗਵੇਦ* 1/169/20 (ਹਿੰਦੀ) ਅਨੁਵਾਦਿਤ ਸ੍ਰੀ ਰਾਮ ਸ਼ਰਮਾ

176. *ਗੀਤਾ* 2/20 ਟੀਕਾ, ਪ੍ਰਕਾਸ਼ਨ ਗੰਗਾ ਬੁਕ, ਪੰ. 34

177. *ਗੁਰੂ ਨਾਨਕ ਦੀ ਵਿਚਾਰਧਾਰਾ*, ਪੰ. 184

178. *ਭਾਰਤੀ ਦਰਸ਼ਨ*, ਪੰ. 150

179. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ. 921

180. ਉਹੀ, ਪੰ.619

181. ਉਹੀ, ਪੰ. 1007

182. ਉਹੀ, ਪੰ. 999

183. ਉਹੀਂ, ਪੰ. 1

184. ***ਸੁਖਮਨੀ ਸਾਹਿਬ ਦਾ ਦਾਰਸ਼ਨਿਕ ਆਧਾਰ***, ਪੰ. 215 ਉਦਹਰਿਤ

185. ਉਹੀ, ਪੰ. 194

186. ਉਹੀ, ਪੰ. 217

187. ਉਹੀ, ਪੰ. 217

188. ਉਹੀ, ਪੰ. 217

189. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰ. 885

190. ਉਹੀ, ਪੰ. 281

191. ***ਗੁਰੂ ਗ੍ਰੰਥ ਸੰਕੇਤ ਕੋਸ਼***, ਪੰ. 144

192. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰ. 1332

193. ਉਹੀ, ਪੰ. 1110

194. ***ਗੁਰੂ ਗ੍ਰੰਥ ਸੰਕੇਤ ਕੋਸ਼***, ਪੰ. 174, 145-46, 24-25

195. ***ਸ੍ਰੀ ਗੁਰੂ ਗ੍ਰੰਥ ਸਾਹਿਬ***,ਪੰ. 38-39

196. ਉਹੀ, ਪੰ. 614

197. ***ਗੁਰੂ ਗ੍ਰੰਥ ਸੰਕੇਤ ਕੋਸ਼***, ਪੰ. 136

198. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰ. 79

199. ਉਹੀ, ਪੰ. 291

200. ***ਮਹਾਨ ਕੋਸ਼,*** ਪੰ. 108

201. ***ਸੁਖਮਨੀ ਸਾਹਿਬ ਦਾ ਦਾਰਸ਼ਨਿਕ ਆਧਾਰ***, ਪੰ. 43-44

202. ***ਸ੍ਰੀ ਗੁਰੂ ਗ੍ਰੰਥ ਸਾਹਿਬ,*** ਪੰ. 1051

203. ਉਹੀ, ਪੰ.730

204. ਉਹੀ, ਪੰ.1075

205. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ. 1002

206. *ਗੁਰੂ ਗ੍ਰੰਥ ਸੰਕੇਤ ਕੋਸ਼*, ਪੰ. 127

207. *ਗੁਰੂ ਨਾਨਕ ਸ਼ਬਦ ਰਤਨਾਕਰ*, ਪੰ. 175

208. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ. 1403

209. ਉਹੀ, ਪੰ. 7

210. ਉਹੀ, ਪੰ. 176

211. ਉਹੀ, ਪੰ.4

212. ਉਹੀ, ਪੰ. 1344

213. *ਗੁਰਮਤਿ ਫਿਲਾਸਫੀ*, ਪੰ. 436

214. *ਗੁਰੂ ਗ੍ਰੰਥ ਸੰਕੇਤ ਕੋਸ਼*, ਪੰ. 63-64

215. ਉਹੀ, ਪੰ.

216. ਉਹੀ, ਪੰ.

217. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ. 292

218. ਉਹੀ, ਪੰ. 707

219. *ਗੁਰੂ ਗ੍ਰੰਥ ਸਾਹਿਬ ਇਕ ਸਭਿਆਚਾਰਕ ਸਰਵੇਖਣ*, ਪੰ. 45

220. *ਗੁਰਮਤਿ ਦਰਸ਼ਨ*, ਪੰ. 25

221. *ਮਹਾਨ ਕੋਸ਼*, ਪੰ. 981

222. *ਗੁਰਮਤਿ ਫਿਲਾਸਫੀ*, ਪੰ. 421

223. *ਇੰਡੀਅਨ ਫਿਲਾਸਫੀ*, ਭਾਗ I, ਪੰ. 242

224. ਪ੍ਰੀਤਮ ਸਿੰਘ (ਪ੍ਰੋ.), *ਗੁਰੂ ਨਾਨਕ ਵਿਚਾਰ ਅਧਿਐਨ*, ਪੰ. 134

225. *ਭਾਰਤੀ ਦਰਸ਼ਨ*, ਪੰ. 80

226. ***ਭਾਰਤੀ ਦਰਸ਼ਨ***, ਪੰ. 135

227. ਉਹੀ, ਪੰ. 189

228. ***ਗੁਰੂ ਨਾਨਕ ਵਿਅਕਤਿਤਵ, ਕਰਤਿਤਵ ਤੇ ਚਿੰਤਨ*** (ਹਿੰਦੀ), ਪੰ. 465

229. ਉਹੀ, ਪੰ. 466

230. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰ. 5

231. ਉਹੀ, ਪੰ. 1

232. ਉਹੀ, ਪੰ. 1027

233. ਉਹੀ, ਪੰ. 941

234. ਉਹੀ, ਪੰ. 352

235. ***ਭਾਰਤੀ ਦਰਸ਼ਨ***, ਪੰ. 61

236. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰ. 1009

237. ਉਹੀ, ਪੰ. 938

238. ***ਮਹਾਨ ਕੋਸ਼***, ਪੰ. 88

239. ***ਗੁਰੂ ਗ੍ਰੰਥ ਸੰਕੇਤ ਕੋਸ਼***, ਪੰ. 34

240. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰ. 1037

241. ਉਹੀ, ਪੰ. 1038

242. ਉਹੀ, ਪੰ. 1082-83

243. ਉਹੀ, ਪੰ. 1133

244. ਉਹੀ, ਪੰ. 224

245. ਉਹੀ, ਪੰ. 1082

246. ਉਹੀ, ਪੰ. 1082

247. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰ. 350

248. ***ਹਿੰਦੂ ਮਿਥਿਹਾਸ ਕੋਸ਼***, ਪੰ. 465 ਤੋਂ 70

249. ***ਗੁਰੂ ਗ੍ਰੰਥ ਸਾਹਿਬ***, ਪੰ. 942

250. ***ਹਿੰਦੂ ਮਿਥਿਹਾਸ ਕੋਸ਼***, ਪੰ. 184-194

251. ***ਗੁਰੂ ਗ੍ਰੰਥ ਸਾਹਿਬ***, ਪੰ. 1390

252. ਉਹੀ, ਪੰ. 1192

253. ਉਹੀ, ਪੰ. 1192

254. ਉਹੀ, ਪੰ. 1192

255. ***ਮਹਾਨ ਕੋਸ਼***, ਪੰ. 650

256. ***ਗੁਰੂ ਗ੍ਰੰਥ ਸਾਹਿਬ***, ਪੰ. 227

257. ਉਹੀ, ਪੰ. 559

258. ਉਹੀ, ਪੰ. 1344

259. ***ਮਹਾਨ ਕੋਸ਼***, ਪੰ. 1038-39

260. ***ਗੁਰੂ ਗ੍ਰੰਥ ਸੰਕੇਤ ਕੋਸ਼***, ਪੰ. 188

261. ***ਗੁਰੂ ਗ੍ਰੰਥ ਸਾਹਿਬ***, ਪੰ. 556

262. ਉਹੀ, ਪੰ. 556

263. ***ਗੁਰੂ ਗ੍ਰੰਥ ਸੰਕੇਤ ਕੋਸ਼***, ਪੰ. 60

264. ***ਗੁਰੂ ਗ੍ਰੰਥ ਸਾਹਿਬ***, ਪੰ. 1309

265. ***ਗੁਰੂ ਗ੍ਰੰਥ ਸੰਕੇਤ ਕੋਸ਼***, ਪੰ. 213

266. ***ਗੁਰੂ ਗ੍ਰੰਥ ਸਾਹਿਬ***, ਪੰ. 1192

267. ਉਹੀ, ਪੰ. 995

268. ਮਹਿਤਾਬ ਸਿੰਘ, *ਨਾਵਾਂ ਤੇ ਥਾਵਾਂ ਦਾ ਕੋਸ਼*, ਪੰ. 234 ਤੋਂ 236

269. *ਗੁਰੂ ਗ੍ਰੰਥ ਸਾਹਿਬ*, ਪੰ. 591

270. *ਗੁਰੂ ਗ੍ਰੰਥ ਸੰਕੇਤ ਕੋਸ਼*, ਪੰ. 75

271. *ਗੁਰੂ ਗ੍ਰੰਥ ਸਾਹਿਬ*, ਪੰ. 1344

272. ਉਹੀ, ਪੰ. 224

273. *ਹਿੰਦੂ ਮਿਥਿਹਾਸ ਕੋਸ਼*, ਪੰ. 474 ਤੋਂ 476

274. *ਗੁਰੂ ਗ੍ਰੰਥ ਸਾਹਿਬ*, ਪੰ. 224

275. ਉਹੀ, ਪੰ. 954

276. *ਗੁਰੂ ਗ੍ਰੰਥ ਸੰਕੇਤ ਕੋਸ਼*, ਪੰ. 142

277. ਉਹੀ, ਪੰ. 23-24

278. *ਗੁਰੂ ਗ੍ਰੰਥ ਸਾਹਿਬ*, ਪੰ. 953

279. *ਹਿੰਦੂ ਮਿਥਿਹਾਸ ਕੋਸ਼*, ਪੰ. 252

280. ਉਹੀ, ਪੰ. 179-180

281. *ਗੁਰੂ ਗ੍ਰੰਥ ਸਾਹਿਬ*, ਪੰ. 224

282. *ਹਿੰਦੂ ਮਿਥਿਹਾਸ ਕੋਸ਼*, ਪੰ. 292-295

283. *ਗੁਰੂ ਗ੍ਰੰਥ ਸਾਹਿਬ*, ਪੰ. 225

284. *ਗੁਰੂ ਗ੍ਰੰਥ ਸੰਕੇਤ ਕੋਸ਼*, ਪੰ. 44-45

285. *ਗੁਰੂ ਗ੍ਰੰਥ ਸਾਹਿਬ*, ਪੰ. 224

286. *ਗੁਰੂ ਗ੍ਰੰਥ ਸੰਕੇਤ ਕੋਸ਼*, ਪੰ. 102-103

287. *ਨਾਵਾਂ ਤੇ ਥਾਵਾਂ ਦਾ ਕੋਸ਼*, ਪੰ. 313 ਤੋਂ 316

288. *ਗੁਰੂ ਗ੍ਰੰਥ ਸਾਹਿਬ*, ਪੰ. 1344

289. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ. 225

290. *ਗੁਰੂ ਗ੍ਰੰਥ ਸੰਕੇਤ ਕੋਸ਼*, ਪੰ. 138

291. *ਗੁਰੂ ਗ੍ਰੰਥ ਸਾਹਿਬ*, ਪੰ. 982

292. ਕਰਨੈਲ ਸਿੰਘ ਥਿੰਦ, *ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ*, ਪੰ. 78

293. *ਗੁਰੂ ਗ੍ਰੰਥ ਸੰਕੇਤ ਕੋਸ਼*, ਪੰ. 224

294. ਉਹੀ, ਪੰ. 226-27

295. ਉਹੀ, ਪੰ. 236

296. ਉਹੀ, ਪੰ. 95

297. ਉਹੀ, ਪੰ. 100

298. ਉਹੀ, ਪੰ. 101

299. ਉਹੀ, ਪੰ. 137

300. *ਗੁਰੂ ਗ੍ਰੰਥ ਸਾਹਿਬ*, ਪੰ. 220

301. ਉਹੀ, ਪੰ. 224

302. ਉਹੀ, ਪੰ. 606

303. ਉਹੀ, ਪੰ. 606

### ਅਧਿਆਇ ਚੌਥਾ

# ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ-ਬਾਣੀ ਦੇ ਮਿਥਿਹਾਸਕ ਉਸਾਰੀ ਪੈਟਰਨ

(1) ਬ੍ਰਹਮ ਦੀ ਏਕਤਾ ਅਤੇ ਸਰਵਉੱਚਤਾ ਸੰਬੰਧੀ ਮਿਥਿਹਾਸਕ ਉਸਾਰੀ ਪੈਟਰਨ

(2) ਬ੍ਰਹਮ ਦੁਆਰਾ ਸ੍ਰਿਸ਼ਟੀ ਰਚਨਾ ਸੰਬੰਧੀ ਮਿਥਿਹਾਸਕ ਉਸਾਰੀ

(3) ਗੁਰੂ ਦੀ ਮਹੱਤਤਾ ਸੰਬੰਧੀ ਮਿਥਿਹਾਸਕ ਉਸਾਰੀ ਪੈਟਰਨ

(4) ਭਗਤੀ ਦੀ ਮਹੱਤਤਾ ਸਬੰਧੀ ਮਿਥਿਹਾਸਕ ਉਸਾਰੀ ਪੈਟਰਨ

(5) ਨਾਮ ਸਿਮਰਨ ਦੀ ਮਹੱਤਤਾ ਸੰਬੰਧੀ ਮਿਥਿਹਾਸਕ ਉਸਾਰੀ ਪੈਟਰਨ

(6) ਸ਼ਖਸੀ, ਨੈਤਿਕ ਆਚਾਰ (ਕਾਮ, ਕਰੋਧ, ਲੋਭ, ਮੋਹ, ਅਹੰਕਾਰ

(7) ਨੇਕੀ ਤੇ ਬਦੀ ਨਾਲ ਸਬੰਧਿਤ ਮਿਥਿਹਾਸਕ ਉਸਾਰੀ

# ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ-ਬਾਣੀ ਦੇ ਮਿਥਿਹਾਸਕ ਉਸਾਰੀ ਪੈਟਰਨ

ਗੁਰੂ ਗ੍ਰੰਥ ਸਾਹਿਬ ਅਨਮੋਲ ਵਿਰਸਾ ਹੈ। ਗੁਰੂ ਸਾਹਿਬ ਨੇ ਬ੍ਰਹਮ ਦੀ ਏਕਤਾ ਅਤੇ ਸਰਵਉੱਚਤਾ, ਬ੍ਰਹਮ ਦੁਆਰਾ ਸ੍ਰਿਸ਼ਟੀ ਰਚਨਾ, ਗੁਰੂ ਦੀ ਮਹੱਤਤਾ, ਨਾਮ ਸਿਮਰਨ ਦੀ ਮਹੱਤਤਾ, ਸ਼ਖਸੀ ਤੇ ਨੈਤਿਕ ਅਚਾਰ (ਕਾਮ, ਕਰੋਧ, ਲੋਭ, ਮੋਹ, ਅਹੰਕਾਰ), ਨੇਕੀ ਤੇ ਬਦੀ ਸੰਬੰਧੀ ਮਿਥਿਹਾਸਕ ਉਸਾਰੀ ਪੈਟਰਨਾ ਰਾਹੀਂ ਇਹ ਦ੍ਰਿੜ ਕਰਵਾਇਆ ਹੈ ਕਿ ਬ੍ਰਹਮ ਸਰਵਉੱਚ ਹੈ, ਉਹ ਹੀ ਸ੍ਰਿਸ਼ਟੀ ਦਾ ਕਰਤਾ, ਧਰਤਾ, ਹਰਤਾ ਹੈ। ਬ੍ਰਹਮ ਨਾਲ ਇਕਸੁਰਤਾ ਕਾਇਮ ਕਰਨ ਲਈ ਗੁਰੂ ਦੀ ਲੋੜ ਹੈ। ਗੁਰੂ ਦੁਆਰਾ ਦਿੱਤੇ ਨਾਮ ਸਿਮਰਨ ਅਤੇ ਭਗਤੀ ਕਰਨ ਨਾਲ ਬ੍ਰਹਮ ਨੂੰ ਮਿਲ ਕੇ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਗੁਰੂ ਸਾਹਿਬ ਨੇ ਉਪਰੋਕਤ ਸੰਕਲਪਾਂ ਨਾਲ ਸੰਬੰਧਿਤ ਮਿੱਥਕ ਹਵਾਲੇ ਤੇ ਸੰਕੇਤ ਪੇਸ਼ ਕਰਕੇ ਅਜਿਹੇ ਪਾਤਰਾਂ ਦੀ ਤਸਵੀਰ ਪੇਸ਼ ਕੀਤੀ ਹੈ ਜੋ ਗੁਰੂ ਦੇ ਹੁਕਮ ਅਨੁਸਾਰ ਚਲ ਕੇ ਭਗਤੀ ਅਤੇ ਨਾਮ ਸਿਮਰਨ ਕਰਦੇ ਹੋਏ ਮੁਕਤੀ ਪ੍ਰਾਪਤ ਕਰ ਸਕੇ। ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਕਾਮ, ਕਰੋਧ, ਲੋਭ, ਮੋਹ, ਹੰਕਾਰ ਨਾਲ ਪੀੜਤ ਪਾਤਰਾਂ ਦੀ ਤਸਵੀਰ ਵੀ ਪੇਸ਼ ਕੀਤੀ ਹੈ ਜੋ ਇਨ੍ਹਾਂ ਪੰਜ ਵਿਕਾਰਾਂ ਸਦਕਾ ਪ੍ਰਭੂ ਮਿਲਾਪ ਤੋਂ ਹੀਣ ਰਹੇ ਅਤੇ ਭਟਕਦੇ ਰਹੇ। ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਨੇਕੀ ਤੇ ਬਦੀ ਦੇ ਪਾਤਰਾਂ ਨੂੰ ਪੇਸ਼ ਕਰਕੇ ਸਦਗੁਣਾਂ ਨੂੰ ਗ੍ਰਹਿਣ ਕਰਨ ਅਤੇ ਦੁਰਚਾਰ ਨੂੰ ਤਿਆਗਣ ਦਾ ਸੰਦੇਸ਼ ਵੀ ਦਿੱਤਾ ਹੈ।

ਆਦਿ ਕਾਲ ਤੋਂ ਮਿੱਥ ਕਥਾਵਾਂ ਦੀ ਸਾਹਿਤ ਵਿਚ ਵਰਤੋਂ ਹੁੰਦੀ ਆਈ ਹੈ। ਪ੍ਰਾਚੀਨ ਮੱਧਕਾਲੀ ਵਿਦਵਾਨਾਂ, ਸੰਤਾਂ, ਫਕੀਰਾਂ, ਭਗਤਾਂ, ਗੁਰੂਆਂ ਨੇ ਆਪਣੇ ਵਿਚਾਰਾਂ ਦੀ ਉਸਾਰੀ ਅਤੇ ਪ੍ਰੋੜਤਾ ਹਿੱਤ ਮਿੱਥ ਕਥਾਵਾਂ ਦੀ ਵਰਤੋਂ ਆਪਣੀਆਂ ਰਚਨਾਵਾਂ ਵਿਚ ਕੀਤੀ ਅਤੇ ਇਨ੍ਹਾਂ ਨੂੰ ਇਕ ਨੀਂਹ ਵਜੋਂ ਵਰਤਿਆ। ਗੁਰੂ ਸਾਹਿਬਾਨ ਨੇ ਵੀ ਆਪਣੀ ਬਾਣੀ ਵਿਚ ਆਪਣੇ ਵਿਚਾਰਾਂ ਦੀ ਉਸਾਰੀ ਲਈ ਮਿੱਥ ਕਥਾਵਾਂ ਨੂੰ ਬਤੌਰ ਹਵਾਲਿਆਂ ਅਤੇ ਸੰਕੇਤਾਂ ਦੇ ਤੌਰ ਤੇ ਵਰਤਿਆ ਹੈ ਅਤੇ

ਮਿਥਿਹਾਸਕ ਉਸਾਰੀ ਪੈਟਰਨਾ ਦੀ ਵਰਤੋਂ ਕੀਤੀ, ਜਿਸ ਦਾ ਵਰਨਣ ਅਸੀਂ ਇਸ ਅਧਿਆਇ ਵਿਚ ਕਰ ਰਹੇ ਹਾਂ।

ਗੁਰੂ-ਬਾਣੀ ਵਿਚ ਗੁਰੂ ਸਾਹਿਬ ਨੇ ਬ੍ਰਹਮ ਦੀ ਏਕਤਾ ਤੇ ਸਰਵਉੱਚਤਾ; ਸ੍ਰਿਸ਼ਟੀ ਰਚਨਾ ਸੰਬੰਧੀ ਸ਼ਿਵ, ਬ੍ਰਹਮਾ, ਵਿਸ਼ਨੂੰ, ਇੰਦਰ ਆਦਿ ਨਾਲ ਸੰਬੰਧਿਤ ਹਵਾਲੇ ਤੇ ਸੰਕੇਤ; ਨਾਮ ਸਿਮਰਨ ਨਾਲ ਸੰਬੰਧਿਤ ਅਜਾਮਲ, ਗਨਕਾ ਦੇ ਧ੍ਰੂ ਦੇ ਮਿੱਥਕ ਹਵਾਲੇ ਤੇ ਸੰਕੇਤ; ਭਗਤੀ ਭਾਵ ਨਾਲ ਸੰਬੰਧਿਤ ਪ੍ਰਹਿਲਾਦ, ਗਜ, ਗਜਿੰਦਰ, ਸੁਦਾਮਾ, ਦਰੋਪਦੀ ਦੇ ਮਿੱਥਕ ਹਵਾਲੇ ਤੇ ਸੰਕੇਤ; ਗੁਰੂ ਦੀ ਮਹੱਤਤਾ ਨਾਲ ਸੰਬੰਧਿਤ ਹਰੀ ਚੰਦ, ਬਲਰਾਜਾ, ਜਨਮੇਜਾ, ਸੁਕਦੇਵ, ਕੰਸ, ਕੇਸ ਚਾਡੂਰ, ਜਰਾਸੰਧ, ਦੁਰਯੋਧਨ ਆਦਿ ਦੇ ਮਿੱਥਕ ਹਵਾਲੇ ਤੇ ਸੰਕੇਤ; ਕਾਮ ਨਾਲ ਸੰਬੰਧਿਤ ਬ੍ਰਹਮਾ, ਇੰਦਰ ਆਦਿ ਵਰਗੇ ਦੇਵਤਿਆਂ ਦੇ ਮਿੱਥਕ ਹਵਾਲੇ; ਕ੍ਰੋਧ ਨਾਲ ਸੰਬੰਧਿਤ ਸ਼ਿਵ, ਪਰਸੂਰਾਮ, ਦੁਰਬਾਸਾ ਆਦਿ ਦੇ ਮਿੱਥਕ ਹਵਾਲੇ ਤੇ ਸੰਕੇਤ; ਲੋਭ ਨਾਲ ਸੰਬੰਧਿਤ ਬ੍ਰਿਸਟ ਬੁੱਧੀ ਆਦਿ ਦੇ ਮਿੱਥਕ ਹਵਾਲੇ ਤੇ ਸੰਕੇਤ; ਹਉਮੈ (ਅਹੰਕਾਰ) ਨਾਲ ਸਬੰਧਿਤ ਬ੍ਰਹਮਾ, ਬਲਿਰਾਜਾ, ਹਰੀ ਚੰਦ, ਹਰਣਾਖਸ, ਰਾਵਣ, ਸਹਿਸਬਾਹੂ ਮਧਕੀਟ, ਮਹਿਖਾਸਾ, ਜਰਾਸੰਧ, ਕਾਲਯਮਕ, ਰਕਤਬੀਜ, ਕਾਲਨੇਮ, ਦੁਰਯੋਧਨ, ਜਨਮੇਜਾ, ਕੰਸ, ਕੇਸੂ ਆਦਿ ਦੇ ਮਿੱਥਕ ਹਵਾਲੇ ਤੇ ਸੰਕੇਤ; 'ਨੇਕੀ' ਨਾਲ ਸਬੰਧਿਤ ਰਾਮ, ਕ੍ਰਿਸ਼ਨ, ਵਿਸ਼ਨੂੰ ਆਦਿ ਦੇ ਹਵਾਲੇ ਅਤੇ ਸੰਕੇਤ; 'ਬਦੀ' ਨਾਲ ਸਬੰਧਿਤ ਰਾਵਣ, ਹਰਣਾਖਸ, ਕੰਸ ਜਰਾਸੰਧ, ਦੁਰਯੋਧਨ, ਮਹਿਖਾਸੁਰ, ਰਕਤਬੀਜ, ਕੁਵਾਲਪੀੜ, ਕਾਲਨੇਮ, ਕੇਸੂ, ਚੰਡੂਰ ਆਦਿ ਦੇ ਮਿੱਥਕ ਹਵਾਲੇ ਤੇ ਸੰਕੇਤਾਂ ਰਾਹੀਂ ਆਪਣੇ ਵਿਚਾਰਾਂ ਦਾ ਸੰਚਾਰ ਕੀਤਾ ਹੈ।

## ਬ੍ਰਹਮਾ ਦੀ ਏਕਤਾ ਅਤੇ ਸਰਵਉੱਚਤਾ ਸਬੰਧੀ ਉਸਾਰੀ ਪੈਟਰਨ:

ਗੁਰੂ-ਬਾਣੀ ਵਿਚ ਬ੍ਰਹਮ ਦੀ ਏਕਤਾ ਅਤੇ ਸਰਵਉੱਚਤਾ ਨੂੰ ਦਰਸਾਉਣ ਲਈ ਮਿਥਿਹਾਸਕ ਉਸਾਰੀ ਪੈਟਰਨ ਦੀ ਵਰਤੋਂ ਕੀਤੀ ਗਈ ਹੈ। ਇਨ੍ਹਾਂ ਮਿਥਿਹਾਸਕ ਉਸਾਰੀ ਪੈਟਰਨਾ ਰਾਹੀਂ ਗੁਰੂ ਸਾਹਿਬ ਨੇ ਮੱਧ ਕਾਲ ਸਮੇਂ ਲੋਕਾਂ ਵਿਚ ਪਏ ਦੇਵੀ ਦੇਵਤਿਆਂ/ਅਵਤਾਰਾਂ ਸੰਬੰਧੀ ਅੰਧ-ਵਿਸ਼ਵਾਸ ਨੂੰ ਤੋੜਿਆ ਅਤੇ ਇਨ੍ਹਾਂ ਦੇਵੀ-ਦੇਵਤਿਆਂ/ਅਵਤਾਰਾਂ ਦੀਆਂ ਊਣਤਾਈਆਂ ਨੂੰ

ਦਰਸਾਅ ਕਰਕੇ ਲੋਕਾਂ ਦੇ ਸਨਮੁਖ ਕੀਤਾ। ਗੁਰੂ ਸਾਹਿਬ ਨੇ ਮਿਥਿਹਾਸਕ ਉਸਾਰੀ ਪੈਟਰਨਾਂ ਰਾਹੀਂ ਮਿਥਿਹਾਸਕ ਹਵਾਲੇ ਅਤੇ ਸੰਕੇਤ ਦੇ ਕੇ ਅਵਤਾਰ/ਦੇਵੀ-ਦੇਵਤਿਆਂ ਨੂੰ ਬ੍ਰਹਮ ਦੇ ਅਧੀਨ ਉਸਦੇ ਹੁਕਮ ਅਨੁਸਾਰ ਕਾਰਜ ਕਰਦੇ ਹੋਏ ਦਰਸਾਇਆ ਹੈ।

ਗੁਰੂ-ਬਾਣੀ ਵਿਚ ਬ੍ਰਹਮ ਦੀ ਏਕਤਾ ਅਤੇ ਸਰਵਉੱਚਤਾ ਸਬੰਧੀ ਜੋ ਉਸਾਰੀ ਪੈਟਰਨ ਵਰਤੇ ਗਏ ਹਨ ਉਸ ਦੇ ਦਰਸ਼ਨ ਮੂਲ ਮੰਤਰ ਵਿਚ ਪ੍ਰਤੱਖ ਤੌਰ ਤੇ ਦੇਖੇ ਜਾ ਸਕਦੇ ਹਨ।

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।[1]

ਮੂਲ ਮੰਤਰ ਵਿਚੋਂ ਹੀ ਬ੍ਰਹਮ ਦੇ ਏਕਤਾ ਅਤੇ ਸਰਵਉੱਚਤਾ ਸਬੰਧੀ ਗਿਆਨ ਹੋ ਜਾਂਦਾ ਹੈ। ਸਭ ਤੋਂ ਪਹਿਲਾਂ 'ੴ' ਸ਼ਬਦ ਨੂੰ ਵੇਖੀਏ ਤਾਂ ਇਸ ਸ਼ਬਦ ਦਾ ਸਮੁੱਚਾ ਅਰਥ ਅਸੰਗ, ਇਕ ਰਸ ਵਿਆਪਕ ਤੇ ਘਟ ਘਟ ਵਾਸੀ ਸਿਰਜਣਹਾਰ ਹੈ।[2] ਇਹ ਸ਼ਬਦ ਪ੍ਰਭੂ ਦੀ ਏਕਤਾ ਜਾਂ ਅਦੁਤੀ ਹੋਣ ਦਾ ਵਿਚਾਰ ਦ੍ਰਿੜ ਕਰਵਾਉਂਦਾ ਹੈ। ਇਹ ਇਕ ਰੂਪ ਪਰਿਵਰਤਨ-ਰਹਿਤ, ਸਰਵ-ਵਿਆਪਕ, ਪਰਮਸੱਤਾ ਦਾ ਪ੍ਰਤੀਕ ਹੈ ਜਿਸ ਵਿਚ ਨਿਰਗੁਣ ਸਰਗੁਣ ਦੋਵੇਂ ਰੂਪ ਸ਼ਾਮਲ ਹਨ। ਇਸ ਵਿਚ ਸਭ ਦੇਵੀ-ਦੇਵਤੇ ਅਵਤਾਰ, ਦੈਂਤ, ਜੜ੍ਹ, ਚੇਤਨ ਆ ਜਾਂਦੇ ਹਨ। ਇਹ ਸ਼ਬਦ ਇਹ ਦਰਸਾਉਂਦਾ ਹੈ ਕਿ ਓਅੰਕਾਰ ਤੋਂ ਬਿਨਾ ਹੋਰ ਕੋਈ ਦੈਵੀ ਸ਼ਕਤੀ ਨਹੀਂ। ਓਅੰਕਾਰ ਹੀ ਸਭ ਸ਼ਕਤੀਆਂ ਦਾ ਮਾਲਕ ਹੈ। ਅਵਤਾਰ/ਦੇਵੀ-ਦੇਵਤੇ ਸਭ ਉਸ ਦੇ ਅਧੀਨ ਹਨ ਅਤੇ ਉਸਦੇ ਹੁਕਮ ਦੀ ਪਾਲਣਾ ਕਰਕੇ ਹਨ। ਇਸ ਤਰ੍ਹਾਂ ਗੁਰੂ ਸਾਹਿਬ ਨੇ 'ੴ' ਨਾਲ ਇਕ ਪਰਮਾਤਮਾ ਨੂੰ ਸੰਯੁਕਤ ਕਰ ਦਿੱਤਾ ਹੈ। ਆਪ ਫੁਰਮਾਉਂਦੇ ਹਨ:

ਓਅੰਕਾਰਿ ਸਭ ਸ੍ਰਿਸਟਿ ਉਪਾਈ॥[3]
ਏਕੋ ਏਕੁ ਏਕੁ ਹਰਿ ਆਪਿ॥[4]

ਇਸ ੴ ਦੇ ਸ਼ਬਦ ਦੀ ਏਕਤਾ ਰਾਹੀਂ ਗੁਰੂ ਸਾਹਿਬ ਨੇ ਮੱਧਕਾਲ ਸਮੇਂ ਅਵਤਾਰ/ਦੇਵੀ ਦੇਵਤਿਆਂ ਪ੍ਰਤੀ ਪਏ ਅੰਧ ਵਿਸ਼ਵਾਸ ਅਤੇ ਮਿੱਥਕ ਸੰਕਲਪ ਨੂੰ ਤੋੜਿਆ ਹੈ। ਉਨ੍ਹਾਂ ਨੇ ਇਹ

ਦਰਸਾਇਆ ਹੈ ਕਿ ਇਹ ਅਵਤਾਰ ਦੇਵੀ-ਦੇਵਤੇ ਨਿਸ਼ਠਾ ਅਤੇ ਅਤੇ ਸ਼ਰਧਾ ਸਹਿਤ ਉਸ ' ੧ਓਂ' (ਪਰਮਾਤਮਾ) ਦੀ ਸੇਵਾ ਵਿਚ ਹਾਜ਼ਰ ਰਹਿੰਦੇ ਹਨ। ਆਪ ਫੁਰਮਾਉਂਦੇ ਹਨ:

ਬ੍ਰਹਮਾ ਬਿਸਨੁ ਮਹੇਸੁ ਦੁਆਰੈ॥
ਊਭੇ ਸੇਵਹਿ ਅਲਖ ਅਪਾਰੇ॥ [5]

ਇਸ ਤਰ੍ਹਾਂ ਗੁਰੂ ਸਾਹਿਬ ਨੇ '੧' ਤੇ ਓਅੰਕਾਰ ਨੂੰ ਇਕੱਠਾ ਕਰਕੇ ਉਸ ਦੇ ਏਕਤੱਤ ਨੂੰ ਰੂਪਮਾਨ ਕੀਤਾ ਹੈ। ਉਨ੍ਹਾਂ ਅਨੁਸਾਰ ਇਹ ਸਭ ਤੋਂ ਵਿਲੱਖਣ ਹੈ, ਅਮਰ ਅਜੋਨੀ ਹੈ, ਨਾ ਇਸ ਦੀ ਜਾਤ ਹੈ ਨਾਂ ਹੀ ਇਹ ਕਿਸੇ ਸੰਸਾਰ ਦੇ ਜਾਲ ਵਿਚ ਆਉਂਦਾ ਹੈ। ਇਹ ਅਗਮ ਅਗੋਚਰ ਹੈ। ਨਾ ਇਸ ਦਾ ਰੂਪ ਹੈ, ਨਾ ਰੇਖ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ:

ਏਕਮ ਏਕੰਕਾਰੁ ਨਿਰਾਲਾ। ਅਮਰੁ ਅਜੋਨੀ ਜਾਤ ਨਾ ਜਾਲਾ।
ਅਗਮ ਅਗੋਚਰੁ ਰੂਪੁ ਨਾ ਰੇਖਿਆ। ਖੋਜਤ ਖੋਜਤ ਘਟਿ ਘਟਿ ਦੇਖਿਆ।[6]

ਉਪਰੋਕਤ ਤੋਂ ਸਪੱਸ਼ਟ ਹੈ ਕਿ ਗੁਰੂ ਸਾਹਿਬ ਨੇ ਮੱਧਕਾਲ ਸਮੇਂ ਬ੍ਰਹਮ ਪ੍ਰਤੀ ਪਏ ਭਰਮ ਭੁਲੇਖੇ ਨੂੰ ਤੋੜਿਆ ਹੈ। ਮਧ ਕਾਲ ਵਿਚ ਹਰ ਮੱਤ ਨੇ ਆਪਣੇ ਆਪਣੇ ਦੇਵੀ ਦੇਵਤੇ/ਅਵਤਾਰ ਨੂੰ ਸਰਵਉੱਚ ਦਰਸਾਉਣ ਲਈ ਕਈ ਮਿੱਥਾਂ ਘੜੀਆਂ ਅਤੇ ਕਈ ਰੂਪਾਂ ਦੀ ਸਥਾਪਨਾ ਮੂਰਤੀਆਂ ਰਾਹੀਂ ਕੀਤੀ। ਗੁਰੂ ਸਾਹਿਬ ਨੇ '੧ਓਂ' ਦੇ ਸੰਕਲਪ ਦੀ ਪੇਸ਼ਕਾਰੀ ਰਾਹੀਂ ਮੱਧਕਾਲ ਵੀ ਬ੍ਰਹਮ ਸਬੰਧੀ ਮਿੱਥ ਨੂੰ ਤੋੜ ਕੇ ਨਵੀਂ ਮਿੱਥ ਦੀ ਸਥਾਪਨਾ ਕੀਤੀ ਹੈ। ਉਨ੍ਹਾਂ ਅਨੁਸਾਰ ਬ੍ਰਹਮ ਨੂੰ ਉਸ ਨੂੰ ਮੂਰਤੀਮਾਨ ਨਹੀਂ ਕੀਤਾ ਜਾ ਸਕਦਾ। ਉਹ ਸਵਰਸ੍ਰੇਸ਼ਟ ਹੈ ਅਤੇ ਸਭ ਦੇਵੀ-ਦੇਵਤੇ ਉਸਦੇ ਅੰਤਰਗਤ ਕਾਰਜ ਕਰਨ ਵਿਚ ਲੀਨ ਹਨ।

**'ਸਤਿਨਾਮੁ'** ਤੋਂ ਭਾਵ ਹੈ : ਤਿੰਨ ਕਾਲ ਵਿਚ ਇਕ ਰਸ ਹੋਣ ਵਾਲਾ ਪ੍ਰਸਿੱਧ ਪਾਰਬ੍ਰਹਮ।[7] 'ਸਦੀਵੀ ਰਹਿਣ ਵਾਲਾ ਪਰਮਾਤਮਾ', ਜਿਸ ਦਾ ਨਾਮ ਸੱਚਾ ਹੈ। ਇਹ ਸ਼ਬਦ ਬ੍ਰਹਮ ਦੀ ਹਸਤੀ, ਹੋਂਦ ਅਤੇ ਵਿਦਮਾਨਤਾ ਦਾ ਪ੍ਰਤੀਕ ਹੈ, ਜੋ ਉਸ ਦੇ ਅਨੇਕ ਰੰਗਾਂ ਅਤੇ ਰੂਪਾਂ ਨੂੰ ਪ੍ਰਗਟ ਕਰਦਾ ਹੈ ਅਤੇ ਉਸ ਦੀ ਪਰਮਸੱਤਾ ਦਾ ਉਲੇਖ ਕਰਦਾ ਹੈ। 'ਸਤਿਨਾਮ' ਸ਼ਬਦ ਦੇ ਸੰਕਲਪ ਨੂੰ ਪੇਸ਼ ਕਰਨ

ਦਾ ਗੁਰੂ ਸਾਹਿਬ ਦਾ ਉਦੇਸ਼ ਇਹੋ ਜਾਪਦਾ ਹੈ ਕਿ ਬ੍ਰਹਮ ਦੀ ਸਰਵਉੱਚਤਾ ਨੂੰ ਪ੍ਰਗਟਾਇਆ ਜਾ ਸਕੇ। ਗੁਰੂ ਸਾਹਿਬ ਨੇ ਇਹ ਸਪੱਸ਼ਟ ਕੀਤਾ ਹੈ ਕਿ ਬ੍ਰਹਮ ਦਾ ਨਾਮ ਸੱਚਾ ਹੈ, ਬਾਕੀ ਨਾਮ ਸਭ ਕਿਰਤਮ ਹਨ ਅਤੇ ਕਿਸੇ ਹਸਤੀ ਦੇ ਇਕ ਪੱਖ ਨੂੰ ਪ੍ਰਗਟ ਕਰਦੇ ਹਨ। ਆਪ ਫੁਰਮਾਉਂਦੇ ਹਨ:

ਕਿਰਤਮ ਨਾਮ ਕਥੇ ਤੇਰੇ ਜਿਹਬਾ
ਸਤਿ ਨਾਮੁ ਤੇਰਾ ਪਰਾ ਪੂਰਬਲਾ।[8] (ਮਾਰੂ ਮ. ੫)

ਆਪ ਜਪੁਜੀ ਸਾਹਿਬ ਵਿਚ ਬਿਆਨ ਕਰਦੇ ਹਨ ਕਿ ਉਹ ਸੱਚਾ ਸਾਹਿਬ ਸਦਾ ਸੱਚਾ ਹੈ ਅਤੇ ਸੱਚੇ ਨਾਮ ਵਾਲਾ ਹੈ। ਉਸ ਬ੍ਰਹਮ ਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਉਹ ਨਾ ਜਾ ਸਕਦਾ ਹੈ, ਨਾ ਹੀ ਜਾਵੇਗਾ, ਅਰਥਾਤ ਨਾਸ ਨਹੀਂ ਹੋਵੇਗਾ।

ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥
ਹੈ ਭੀ ਹੋਸੀ ਜਾਇ ਨਾ ਜਾਸੀ ਰਚਨਾ ਜਿਨਿ ਰਚਾਈ॥[9]

ਇਸ ਤਰ੍ਹਾਂ ਇਹ ਬ੍ਰਹਮ ਸਤਿ ਸਰੂਪ ਹੈ ਤੇ ਸੱਚਾ ਹੈ। ਉਸ ਤੋਂ ਭਿੰਨ ਕੋਈ ਨਹੀਂ ਭਾਵ ਅਵਤਾਰ/ਦੇਵੀ-ਦੇਵਤੇ ਵੀ ਉਸ ਦਾ ਹਿੱਸਾ ਹਨ। ਉਸ ਨੇ ਹੀ ਸ੍ਰਿਸ਼ਟੀ ਦੀ ਸਾਜਣਾ ਕੀਤੀ ਹੈ ਕਿਸੇ ਹੋਰ ਦੇਵੀ ਦੇਵਤੇ ਅਵਤਾਰ ਨੇ ਨਹੀਂ ਕੀਤੀ।

ਸਾਚਾ ਸਚੁ ਸੋਈ ਅਵਰੁ ਨ ਕੋਈ।
ਜਿਨਿ ਸਿਰਜੀ ਤਿਨ ਹੀ ਫੁਨਿ ਗੋਈ।[10]

**'ਕਰਤਾ ਪੁਰਖੁ'** ਸ਼ਬਦ ਕਰਤਾ ਤੇ ਪੁਰਖ ਨੂੰ ਜੋੜ ਕੇ ਬਣਿਆ ਹੈ। ਕਰਤਾ ਦਾ ਅਰਥ ਹੈ: 'ਕਰਨ ਵਾਲਾ'[11] ਪੁਰਖ ਦਾ ਅਰਥ ਹੈ 'ਆਦਮੀ', 'ਮਨੁੱਖ'[12] ਇਸ ਤਰ੍ਹਾਂ 'ਕਰਤਾ ਪੁਰਖ' ਦਾ ਭਾਵ ਹੈ: ਰਚਨਾ ਕਰਨ ਵਾਲਾ ਵਿਅਕਤੀ। ਇਥੇ ਇਸ ਸ਼ਬਦ ਦਾ ਸਮੁੱਚਾ ਅਰਥ ਇਹ ਹੈ ਕਿ ਬ੍ਰਹਿਮੰਡ ਦੀ ਰਚਨਾ ਕਰਨ ਵਾਲਾ 'ਬ੍ਰਹਮ', 'ਅਕਾਲ ਪੁਰਖ' ਪਰਮਾਤਮਾ ਹੈ। ਇਸ ਨੇ ਹਰ ਜੀਵ ਜੰਤੂ ਦੀ ਰਚਨਾ ਕੀਤੀ ਹੈ ਅਤੇ ਇਹ ਹੀ ਪਾਲਣਾ ਕਰਦਾ ਹੈ, ਵਿਨਾਸ ਕਰਦਾ ਹੈ। ਇਸ ਸ਼ਬਦ ਦਾ ਪ੍ਰਗਟਾਵਾ ਕਰਨ ਦਾ ਗੁਰੂ ਸਾਹਿਬ ਦਾ ਉਦੇਸ਼ ਬ੍ਰਹਮ ਦੀ ਸਰਵਉੱਚਤਾ ਨੂੰ ਦਰਸਾਉਣਾ ਹੈ। ਉਨ੍ਹਾਂ

ਨੇ ਇਸ ਸ਼ਬਦ ਰਾਹੀਂ ਇਸ ਮਿੱਥ ਨੂੰ ਤੋੜਿਆ ਹੈ ਕਿ ਅਵਤਾਰ/ਦੇਵੀ ਦੇਵਤਿਆਂ ਨੇ ਇਸ ਬ੍ਰਹਿਮੰਡ ਦੀ ਰਚਨਾ ਕੀਤੀ ਹੈ, ਸਗੋਂ ਆਪ ਅਨੁਸਾਰ ਇਸ ਨੂੰ ਤਾਂ ਬ੍ਰਹਮ ਨੇ ਸਾਜਿਆ ਹੈ। ਉਹ ਹੀ ਇਸ ਦੀ ਰਚਨਾ ਕਰਨ ਵਾਲਾ, ਪਾਲਣ ਕਰਨ ਵਾਲਾ, ਸਮੇਟਣ ਵਾਲਾ ਹੈ:

ਆਪੇ ਕਰਤਾ ਪੁਰਖੁ ਬਿਧਾਤਾ॥[13]

ਬ੍ਰਹਮਾ ਬਿਸਨ ਮਹੇਸ ਇਕ ਮੂਰਤਿ ਆਪੇ ਕਰਤਾ ਕਾਰੀ॥[14]

ਤੂੰ ਕਰਤਾ ਪੁਰਖ ਅਗੰਮੁ ਹੈ ਆਪਿ ਸ੍ਰਿਸਟਿ ਉਪਾਰੀ॥[15]

**ਨਿਰਭਉ ਨਿਰਵੈਰ**–: 'ਨਿਰਭਉ' ਪਦ ਦਾ ਅਰਥ: ਭੈ ਰਹਿਤ, ਨਿਡਰ, ਬੇਖੌਫ ਹੈ।[16] 'ਨਿਰਵੈਰੁ' ਦਾ ਅਰਥ ਹੈ: ਵੈਰ ਰਹਿਤ, ਦੁਸ਼ਮਨੀ ਤੋਂ ਬਗੈਰ[17] ਇਸ ਦਾ ਭਾਵ ਇਥੇ ਹੋਇਆ ਕਿ ਬ੍ਰਹਮ ਕਿਸੇ ਤੋਂ ਡਰਦਾ ਨਹੀਂ ਅਤੇ ਨਾ ਹੀ ਕਿਸੇ ਨਾਲ ਵੈਰ ਦੁਸ਼ਮਣੀ ਨਹੀਂ ਰਖਦਾ।

'ਨਿਰਭਉ ਨਿਰੰਕਾਰ ਨਿਰਵੈਰ ਪੂਰਨ ਜੋਤਿ ਸਬਾਈ।'[18]

ਗੁਰੂ ਸਾਹਿਬ 'ਨਿਰਭਉ' 'ਨਿਰਵੈਰੁ' ਰਾਹੀਂ ਇਹ ਦੱਸ ਰਹੇ ਹਨ ਕਿ ਬ੍ਰਹਮ ਤੋਂ ਵੱਡਾ ਕੋਈ ਨਹੀਂ। ਸਭ ਤੋਂ ਵੱਡੇ ਨੂੰ ਕਿਸੇ ਦਾ ਡਰ ਨਹੀਂ ਹੁੰਦਾ, ਡਰ ਤਾਂ ਬਰਾਬਰ ਦੇ ਤੋਂ ਹੁੰਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ:

ਤਿਸ ਤੇ ਊਪਰਿ ਨਾਹਿ ਕੋਇ। ਕਉਣ ਡਰੈ ਡਰੁ ਕਿਸਕਾ ਹੋਇ॥[19]

ਗੁਰੂ ਸਾਹਿਬ ਦੀ ਵਿਚਾਰਧਾਰਾ ਅਨੁਸਾਰ ਬ੍ਰਹਮ ਦਾ ਦੇਵੀ ਦੇਵਤੇ/ਅਵਤਾਰਾਂ ਦੀ ਤਰ੍ਹਾਂ ਆਪਸ ਵਿਚ ਭੈ, ਵੈਰ ਵਿਰੋਧ ਨਹੀਂ ਹੈ। ਦੇਵੀ ਦੇਵਤੇ/ਅਵਤਾਰ ਤਾਂ ਆਪਣੇ ਆਪ ਨੂੰ ਸਰਵਉੱਤਮ ਦਰਸਾਉਣ ਲਈ ਇਕ ਦੂਜੇ ਦਾ ਸਿਰ ਵੱਢਣੋਂ ਵੀ ਨਹੀਂ ਹਟਦੇ। ਆਪ ਅਜਿਹੇ ਮਿੱਥਕ ਹਵਾਲੇ ਦੇ ਕੇ ਮਨੁੱਖ ਨੂੰ ਸਮਝਾਉਂਦੇ ਹਨ ਕਿ ਅਵਤਾਰ/ਦੇਵੀ ਦੇਵਤਿਆਂ ਨੂੰ ਛੱਡ ਨਿਰਭਓ, ਨਿਰਵੈਰ ਬ੍ਰਹਮ ਦੀ ਅਰਾਧਨਾ ਕਰਨੀ ਚਾਹੀਦੀ ਹੈ। ਉਸ ਦੀ ਅਰਾਧਨਾ ਨਾਲ ਹੀ ਵਿਅਕਤੀ ਦੇ ਸਭ ਡਰ ਨੱਸ ਜਾਂਦੇ ਹਨ। ਆਪ ਫੁਰਮਾਉਂਦੇ ਹਨ:

ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀਉ॥

ਤਿਨ ਕਾ ਭਉ ਸਭੁ ਗਵਾਸੀ॥ [20]

ਇਸ ਤਰ੍ਹਾਂ ਗੁਰੂ ਸਾਹਿਬ ਨੇ ਇਸ ਸ਼ਬਦ ਰਾਹੀਂ ਮਨੁੱਖਤਾ ਦੀ ਬਰਾਬਰੀ ਦੇ ਸਿਧਾਂਤ ਨੂੰ ਪੇਸ਼ ਕੀਤਾ ਹੈ। ਉਨ੍ਹਾਂ ਅਨੁਸਾਰ ਬ੍ਰਹਮ ਦਾ ਕਿਸੇ ਨਾਲ ਵੈਰ ਨਹੀਂ ਅਤੇ ਨਾ ਕਿਸੇ ਦਾ ਡਰ ਹੈ। ਉਹ ਬ੍ਰਹਮ ਅਮਰ ਹੋਣ ਸਦਕਾ ਸਦੀਵੀ ਹੈ ਆਪ ਫੁਰਮਾਉਂਦੇ ਹਨ:

ਹਰ ਸਤਿ ਨਿਰੰਜਨ ਅਮਰੁ ਹੈ ਨਿਰਭਉ, ਨਿਰਵੈਰੁ, ਨਿਰੰਕਾਰੁ॥[21]

**'ਅਕਾਲ ਮੂਰਤਿ'** ਤੋਂ ਭਾਵ ਅਕਾਲ ਪੁਰਖ ਜਿਸ ਦੀ ਸਥਾਪਨਾ ਸਮੇਂ ਦੇ ਭੇਦ ਕਰਕੇ ਨਹੀਂ, 'ਨਿਤਯ ਅਵਿਨਾਸੀ ਰੂਪ।'[22] ਇਥੇ ਅਕਾਲ ਮੂਰਤਿ ਤੋਂ ਭਾਵ ਉਹ ਬ੍ਰਹਮ ਜੋ ਮ੍ਰਿਤੂ ਅਤੇ ਸਮੇਂ ਦੇ ਪ੍ਰਭਾਵ ਤੋਂ ਰਹਿਤ ਹੈ ਜਿਸ ਨੂੰ ਮੂਰਤੀਮਾਨ ਨਹੀਂ ਕੀਤਾ ਜਾ ਸਕਦਾ। ਗੁਰੂ ਸਾਹਿਬ ਦੇ ਉਦੇਸ਼ ਇਸ ਸ਼ਬਦ ਦਾ ਪ੍ਰਗਟਾਵਾ ਕਰਨ ਦਾ ਇਹ ਸੀ ਕਿ ਹਿੰਦੂ ਸਮਾਜ ਵਿਚ ਚਲ ਰਹੇ ਮੂਰਤੀ ਪੂਜਾ ਦੇ ਅੰਧ-ਵਿਸ਼ਵਾਸ ਨੂੰ ਦੂਰ ਕੀਤਾ ਜਾ ਸਕੇ। ਉਨ੍ਹਾਂ ਨੇ ਇਥੇ ਇਹ ਸਪੱਸ਼ਟ ਕੀਤਾ ਹੈ ਕਿ ਮਨੁੱਖ ਨੂੰ ਉਸ ਬ੍ਰਹਮ ਦੀ ਪੂਜਾ ਕਰਨੀ ਚਾਹੀਦੀ ਹੈ ਜੋ ਕਾਲ ਰਹਿਤ ਹੈ, ਸਮੇਂ ਵਿਚ ਬੱਝਾ ਹੋਇਆ ਨਹੀਂ ਹੈ ਅਤੇ ਜੋ ਅਵਤਾਰਾਂ/ਦੇਵੀ ਦੇਵਤਿਆਂ ਦੀ ਤਰ੍ਹਾਂ ਜਨਮ ਮਰਨ ਦੇ ਚੱਕਰ ਵਿਚ ਨਹੀਂ ਆਉਂਦਾ ਹੈ। ਗੁਬਾਣੀ ਦਾ ਕਥਨ ਹੈ:

ਤੂੰ ਅਕਾਲ ਪੁਰਖੁ ਨਾਹੀ ਸਿਰਿ ਕਾਲਾ॥
ਤੂੰ ਪੁਰਖੁ ਅਲੇਖ ਅਗੰਮ ਨਿਰਾਲਾ॥[23]

ਉਪਰੋਕਤ ਸ਼ਬਦ ਰਾਹੀਂ ਗੁਰੂ ਸਾਹਿਬ ਨੇ ਮੱਧਕਾਲ ਸਮੇਂ ਪ੍ਰਚੱਲਿਤ ਹੋਈ ਮੂਰਤੀ ਪੂਜਾ ਉੱਪਰ ਕਰਾਰੀ ਚੋਟ ਕੀਤੀ ਹੈ ਅਤੇ ਦੇਵੀ ਦੇਵਤਿਆਂ/ਅਵਤਾਰਾਂ ਪ੍ਰਤੀ ਪਏ ਅੰਧ-ਵਿਸ਼ਵਾਸ ਨੂੰ ਤੋੜਿਆ ਹੈ। ਉਨ੍ਹਾਂ ਨੇ ਇਹ ਸਿੱਧ ਕੀਤਾ ਹੈ ਕਿ ਇਹ ਦੇਵਤੇ ਅਵਤਾਰ ਕਿਸੇ ਮਨੁੱਖ ਨੂੰ ਕੁਝ ਨਹੀਂ ਦੇ ਸਕਦੇ। ਇਹ ਤਾਂ ਆਪ ਉਸ ਬ੍ਰਹਮ ਦੇ ਭਿਖਾਰੀ ਹਨ। ਸਦਾ ਉਸ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਹਨ। ਇਸ ਤਰ੍ਹਾਂ ਗੁਰੂ ਸਾਹਿਬ ਨੇ ਬ੍ਰਹਮ ਦੀ ਸਰਵ ਸ੍ਰੇਸ਼ਟਾ ਨੂੰ ਉਜਾਗਰ ਕੀਤਾ ਹੈ।

**ਅਜੂਨੀ ਸੈਭੰ**: ਅਜੂਨੀ ਤੋਂ ਭਾਵ ਹੈ: ਜੋ ਯੋਨਿ ਦੁਆਰਾ ਉਤਪੰਨ ਨਹੀਂ ਹੋਇਆ; ਜਿਸ ਦੀ ਹਸਤੀ ਕਿਸੇ ਨਿਮਿੱਤ ਕਰਕੇ ਨਹੀਂ[24] ਇਸ ਤਰ੍ਹਾਂ 'ਅਜੂਨੀ ਸੈਭੰ' ਦਾ ਭਾਵ ਹੈ ਕਿ ਬ੍ਰਹਮ ਯੋਨਿ ਰਹਿਤ ਹੈ ਜਿਸ ਦੀ ਹੋਂਦ ਦਾ ਕਾਰਨ 'ਯੋਨਿ' ਨਹੀਂ, ਜੋ ਪੈਦਾ ਨਹੀਂ ਹੋਇਆ। ਜਨਮ ਮਰਨ ਤੋਂ ਸੁਤਤਰ, ਕਾਲ ਰਹਿਤ, ਕਾਰਨ ਰਹਿਤ ਹੈ।

**ਸੈਭੰ** ਪਦ ਅਪ੍ਰਭੰਸ ਵਿਚੋਂ ਪੰਜਾਬੀ ਅੰਦਰ ਆਇਆ ਹੈ। 'ਸੈਭੰ' ਸ਼ਬਦ ਦੋ ਪਦਾਂ: ਸ੍ਵੈ+ਭੂ ਤੋਂ ਬਣਿਆ ਹੈ। 'ਸ੍ਵੈ' ਦੇ ਅਰਥ ਹਨ : ਖ਼ੁਦ ਤੇ 'ਭੂ' ਦੇ ਅਰਥ ਹਨ: ਹੋਣਾ।[25] ਇਸ ਤਰ੍ਹਾਂ 'ਸੈਭੰ' ਦਾ ਅਰਥ ਹੈ ਆਪਣੇ ਆਪ ਹੋਣ ਵਾਲਾ।

ਇਸ ਤਰ੍ਹਾਂ 'ਅਜੂੰਨੀ ਸੈਭੰ' ਦਾ ਸਮੁੱਚਾ ਅਰਥ ਹੈ ਕਿ ਬ੍ਰਹਮ ਯੋਨਿ ਰਹਿਤ ਹੈ ਅਤੇ ਆਪਣੇ ਆਪ ਪੈਦਾ ਹੋਣ ਵਾਲਾ ਹੈ। ਉਹ ਨਾ ਤਾਂ ਅਵਤਾਰ ਧਾਰ ਕੇ ਆਉਂਦਾ ਹੈ ਅਤੇ ਨਾ ਹੀ ਉਹ ਕਿਸੇ ਮੰਦਰ, ਗੁਰਦੁਆਰੇ, ਮਸਜਿਦ ਵਿਚ ਮੂਰਤੀਮਾਨ ਕੀਤਾ ਜਾ ਸਕਦਾ ਹੈ। ਉਹ ਦੇਵਤਿਆਂ ਅਵਤਾਰਾਂ ਦੀ ਤਰ੍ਹਾਂ ਜੰਮਣ ਮਰਨ ਅਤੇ ਜੂਨਾਂ ਦੇ ਚੱਕਰਾਂ ਵਿਚ ਨਹੀਂ ਆਉਂਦਾ:

ਤੂੰ ਪਾਰਬ੍ਰਹਮ ਪਰਮੇਸਰੁ ਜੋਨਿ ਨ ਆਵਹੀ
ਤੇਰਾ ਰੂਪੁ ਨ ਜਾਈ ਲਖਿਆ ਕਿਉ ਤੁਝਹ ਧਿਆਵਹੀ।
ਤੂੰ ਸਭ ਮਹਿ ਵਰਤਹਿ ਆਪ ਕੁਦਰਤਿ ਦੇਖਾਵਹੀ।[26]

ਇਸ ਤਰ੍ਹਾਂ ਗੁਰੂ ਸਾਹਿਬ ਨੇ ਅਵਤਾਰਵਾਦ ਤੇ ਕਰਾਰੀ ਚੋਟ ਕੀਤੀ ਹੈ। ਆਪ ਨੇ ਅਵਤਾਰਾਂ ਦੀ ਕਾਮ, ਕਰੋਧ, ਲੋਭ, ਮੋਹ, ਹੰਕਾਰ ਦੀ ਰੁਚੀਆਂ ਨੂੰ ਉਜਾਗਰ ਕਰਕੇ ਅਵਤਾਰਾਂ ਸਬੰਧੀ ਪਏ ਭਰਮ ਭੁਲੇਖੇ ਨੂੰ ਦੂਰ ਕਰਨ ਲਈ ਕਈ ਮਿਥਿਹਾਸਕ ਪੈਟਰਨਾ ਦੀ ਵਰਤੋਂ ਕੀਤੀ ਹੈ। ਆਪ ਉਪਦੇਸ਼ ਦਿੰਦੇ ਹਨ ਕਿ ਮਨੁੱਖ ਨੂੰ ਉਸ ਬ੍ਰਹਮ ਦੀ ਪੂਜਾ ਕਰਨੀ ਚਾਹੀਦੀ ਹੈ ਜੋ ਜਨਮ ਮਰਨ ਅਤੇ ਕਾਲ ਦੇ ਚੱਕਰ ਤੋਂ ਬਾਹਰ ਹੈ।

ਜਨਮ ਨ ਮਰੈ ਨ ਆਵੈ ਨ ਜਾਇ
ਨਾਨਕ ਕਾ ਪ੍ਰਭੁ ਰਹਿਓ ਸਮਾਇ।[27]

ਇਸ ਤਰ੍ਹਾਂ ਸਿੱਖ ਗੁਰਬਾਣੀ ਨੇ ਸਪੱਸ਼ਟ ਕੀਤਾ ਹੈ ਕਿ ਬ੍ਰਹਮ ਏਨਾ ਵੱਡਾ ਹੈ ਕਿ ਉਸ ਨੂੰ ਕੋਈ ਪੈਦਾ ਨਹੀਂ ਕਰਦਾ। ਉਸ ਨੂੰ ਕਿਸੇ ਦੇਵੀ ਦੇਵਤੇ ਅਵਤਾਰ ਨੇ ਪੱਕਾ ਨਹੀਂ ਕੀਤਾ। ਉਹ ਤਾਂ ਖੁਦ ਇਨ੍ਹਾਂ ਨੂੰ ਪੈਦਾ ਕਰਨ ਵਾਲਾ ਹੈ। ਇਸ ਤਰ੍ਹਾਂ ਗੁਰੂ ਸਾਹਿਬ ਨੇ ਬ੍ਰਹਮਾ ਨੂੰ ਅਜੂਨ ਰਹਿਤ ਅਤੇ ਜਨਮ ਮਰਨ ਦੇ ਚੱਕਰ ਤੋਂ ਮੁਕਤ ਦਰਸਾਅ ਕੇ ਸਰਵ ਸ੍ਰੇਸ਼ਟ ਦੱਸਿਆ ਹੈ।

**ਗੁਰ ਪ੍ਰਸਾਦਿ** ਸ਼ਬਦ ਗੁਰੂ ਅਤੇ ਪ੍ਰਸਾਦਿ ਦਾ ਸਮਾਸ ਹੈ। ਗੁਰੂ ਸੰਸਕ੍ਰਿਤ ਦੇ ਗ੍ਰੀ ਧਾਤੂ ਤੋਂ ਬਣਿਆ ਹੈ ਜਿਸ ਦਾ ਭਾਵ ਹੈ 'ਨਿਗਲਣਾ', 'ਖਾ ਜਾਣਾ'। 'ਗੁਰੂ' ਉਹ ਹੈ ਜੋ ਆਗਿਆਨਤਾ ਨੂੰ ਖਾ ਜਾਂਦਾ ਹੈ।[28] ਪ੍ਰਸਾਦਿ ਦਾ ਭਾਵ ਹੈ : ਕਿਰਪਾ ਕਰਕੇ।[29] ਇਸ ਤਰ੍ਹਾਂ ਗੁਰਪ੍ਰਸਾਦਿ ਤੋਂ ਭਾਵ ਹੈ: 'ਗੁਰੂ ਦੀ ਕ੍ਰਿਪਾ' ਜਿਸ ਦੁਆਰਾ ਮਨੁੱਖ ਦੀ ਅਗਿਆਨਤਾ ਖ਼ਤਮ ਹੋ ਜਾਂਦੀ ਹੈ (ਭਾਵ ਕਾਮ, ਕਰੋਧ, ਲੋਭ, ਮੋਹ, ਹੰਕਾਰ ਦਾ ਨਾਸ ਹੋ ਜਾਂਦਾ ਹੈ) ਗੁਰੂ ਸਾਹਿਬ ਦਾ ਕਥਨ ਹੈ:

ਗੁਰ ਪਰਸਾਦਿ ਮਿਟਿਓ ਅਗਿਆਨਾ ਪ੍ਰਗਟ ਭਏ ਸਭ ਠਾਈ॥[30]

ਗੁਰੂ ਸਾਹਿਬ ਅਨੁਸਾਰ ਬ੍ਰਹਮ ਗੁਰੂ ਦੀ ਕ੍ਰਿਪਾ ਦੁਆਰਾ ਹੀ ਮਿਲਦਾ ਹੈ। ਗੁਰੂ ਸਾਹਿਬ ਕਈ ਮਿੱਥਕ ਹਵਾਲੇ ਦਿੰਦੇ ਹਨ ਕਿ ਬ੍ਰਹਮਾ, ਵਿਸ਼ਨੂੰ, ਮਹੇਸ, ਰਿਸ਼ੀਆਂ, ਮੁਨੀਆਂ, ਭਗਤਾਂ ਨੂੰ ਵੀ ਗੁਰੂ ਧਾਰਨਾ ਕਰਨੀ ਪਈ ਤਾਂ ਹੀ ਉਹ ਮੁਕਤੀ ਪ੍ਰਾਪਤ ਕਰ ਸਕੇ। ਇਸ ਤੋਂ ਇਲਾਵਾ ਬਲਰਾਜੇ, ਜਨਮੇਜੇ, ਹਰੀਸ਼ਚੰਦ ਆਦਿ ਦੇ ਹਵਾਲੇ ਦੇ ਕੇ ਵੀ ਗੁਰੂ ਸਾਹਿਬ ਸਮਝਾਉਂਦੇ ਹਨ ਕਿ ਇਨ੍ਹਾਂ ਵਿਅਕਤੀਆਂ ਨੂੰ ਗੁਰੂ ਦਾ ਹੁਕਮ ਨਾ ਮੰਨ ਕੇ ਕਈ ਤਰ੍ਹਾਂ ਦੇ ਕਸ਼ਟ ਝਲਣੇ ਪਏ। ਆਪ ਗੁਰੂ ਨੂੰ ਬ੍ਰਹਮਾ, ਸ਼ਿਵ, ਵਿਸ਼ਨੂੰ ਤੋਂ ਉਤਮ ਮੰਨਦੇ ਹਨ:

ਗੁਰੁ ਈਸਰੁ ਗੁਰੁ ਗੋਰਖੁ ਬਰਮਾ
ਗੁਰੁ ਪਾਰਬਤੀ ਮਾਈ।[31]

ਇਸ ਤਰ੍ਹਾਂ ਗੁਰੂ ਸਾਹਿਬ ਅਨੁਸਾਰ ਮਨੁੱਖ ਨੂੰ ਗੁਰੂ ਧਾਰਨਾ ਕਰਨੀ ਚਾਹੀਦੀ ਤਾਂ ਹੀ ਉਹ ਉਸਦੇ ਨਾਮ ਨਾਲ ਮੁਕਤੀ ਪ੍ਰਾਪਤ ਕਰ ਸਕਦਾ ਹੈ।

ਉਪਰੋਕਤ ਮੂਲ ਮੰਤਰ ਵਿਚ ਗੁਰੂ ਸਾਹਿਬ ਨੇ ਬ੍ਰਹਮ ਦੇ ਏਕਤਵ ਨੂੰ ਉਜਾਗਰ ਕਰਦਿਆਂ ਹੋਇਆਂ ਉਸ ਨੂੰ ਸਦੀਵੀ, ਕਰਤਾ, ਹਰਤਾ, ਧਰਤਾ, ਕਾਲ ਰਹਿਤ, ਜੂਨ ਰਹਿਤ, ਭੈ ਰਹਿਤ, ਵੇਰ ਰਹਿਤ, ਜਨਮ ਮਰਨ ਤੋਂ ਮੁਕਤ ਦਰਸਾਇਆ ਹੈ। ਉਨ੍ਹਾਂ ਨੇ ਇਸ ਤੋਂ ਇਲਾਵਾ ਬ੍ਰਹਮ ਨੂੰ ਅੰਗਮ ਅਗੋਚਰ, ਅਲੱਖ, ਅਪਾਰ, ਅਭੇਖ, ਅਲੇਪ, ਅਡੋਲ, ਅਛੇਦ, ਅਨਾਦੀ, ਆਨੀਲ ਆਦਿ ਗੁਣਾਂ ਦਾ ਸੁਆਮੀ ਦਰਸਾਅ ਕੇ ਉਸ ਦੀ ਸਰਵ ਉੱਚਤਾ ਤੇ ਸ੍ਰੇਸ਼ਟਤਾ ਨੂੰ ਦਰਸਇਆ ਹੈ।

ਉਪਰੋਕਤ ਸਮੁੱਚੀ ਚਰਚਾ ਤੋਂ ਸਪੱਸ਼ਟ ਹੈ ਕਿ ਗੁਰਬਾਣੀ ਬ੍ਰਹਮ ਨਾਲ ਸਬੰਧਿਤ ਮਿਥਿਹਾਸਕ ਉਸਾਰੀ ਪੈਟਰਨਾਂ ਰਾਹੀਂ ਬ੍ਰਹਮ ਦੀ ਏਕਤਾ ਅਤੇ ਸਰਵਉੱਚਤਾ ਨੂੰ ਦਰਸਾਉਂਦੀ ਹੈ। ਗੁਰਬਾਣੀ ਨੇ ਕੇਵਲ ਜਪੁਜੀ ਦੇ ਮੂਲ ਮੰਤਰ ਵਿਚ ਹੀ ਨਹੀਂ ਸਗੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਹੋਰ ਸਥਾਨਾਂ ਤੇ ਵੀ ਬ੍ਰਹਮ ਦੀ ਸਰਵਉੱਚਤਾ ਅਤੇ ਸ੍ਰੇਸ਼ਟਤਾ ਨੂੰ ਦਰਸਾਇਆ ਹੈ। ਗੁਰਬਾਣੀ ਵਿਚ ਬ੍ਰਹਮ ਸਬੰਧੀ ਜੋ ਮਿਥਿਹਾਸਕ ਉਸਾਰੀ ਪੈਟਰਨ ਪੇਸ਼ ਹੋਏ ਹਨ ਉਨ੍ਹਾਂ ਰਾਹੀਂ ਇਹ ਦ੍ਰਿੜ ਹੁੰਦਾ ਹੈ ਕਿ ਬ੍ਰਹਮ ਸਰਵਸ੍ਰੇਸ਼ਟ, ਸਰਵਉੱਚ, ਸਰਵਉੱਤਮ ਹੈ। ਅਵਤਾਰ/ਦੇਵੀ ਦੇਵਤੇ ਸਭ ਉਸਦੇ ਅਧੀਨ ਹਨ ਅਤੇ ਉਸ ਦੁਆਰਾ ਪੈਦਾ ਕੀਤੇ ਹੋਏ ਹਨ। ਇਹ ਸਭ ਉਸਦੀ ਸੇਵਾ ਵਿਚ ਹਾਜ਼ਰ ਰਹਿੰਦੇ ਹਨ। ਬ੍ਰਹਮ ਜੋ ਵੀ ਇਨ੍ਹਾਂ ਨੂੰ ਹੁਕਮ ਕਰਦਾ ਹੈ ਉਸੇ ਮੁਤਾਬਕ ਇਹ ਆਪਣਾ ਕਾਰਜ ਕਰਦੇ ਹਨ। ਇਸ ਤਰ੍ਹਾਂ ਬ੍ਰਹਮ ਸਰਵਗੁਣ ਸੰਪਨ ਅਜਿਹੀ ਇਕ ਸ਼ਕਤੀ ਹੈ ਜੋ ਸਰਵਸ੍ਰੇਸ਼ਟ, ਸਰਵਸ਼ਕਤੀਮਾਨ ਅਤੇ ਸਰਵਵਿਆਪਕ ਹੈ।

## ਬ੍ਰਹਮ ਦੁਆਰਾ ਸ੍ਰਿਸ਼ਟੀ ਰਚਨਾ ਸਬੰਧੀ ਮਿਥਿਹਾਸਕ ਉਸਾਰੀ ਪੈਟਰਨ:

ਗੁਰੂ ਸਾਹਿਬ ਸ੍ਰਿਸ਼ਟੀ ਗੁਰਬਾਣੀ ਵਿਚਲੇ ਮਿਥਿਹਾਸਕ ਉਸਾਰੀ ਪੈਟਰਨ ਇਹ ਦ੍ਰਿੜ ਕਰਵਾਉਂਦੇ ਹਨ ਕਿ ਬ੍ਰਹਮ ਹੀ ਇਸ ਸ੍ਰਿਸ਼ਟੀ ਦਾ ਕਰਤਾ ਹੈ। ਉਹ ਹੀ ਪਾਲਣਾ ਕਰਦਾ ਹੈ। ਅਵਤਾਰ/ਦੇਵੀ-ਦੇਵਤੇ, ਸ਼ਿਵ, ਬ੍ਰਹਮਾ, ਵਿਸ਼ਨੂੰ ਇਹ ਸਭ ਕੁਝ ਨਹੀਂ ਕਰਦੇ।

ਸ੍ਰਿਸ਼ਟੀ ਰਚਨਾ ਸਬੰਧੀ ਗੁਰਬਾਣੀ ਦਾ ਸਪੱਸ਼ਟ ਵਿਚਾਰ ਹੈ ਕਿ ਸ੍ਰਿਸ਼ਟੀ ਦਾ ਕਾਰਨ ਉਹ ਬ੍ਰਹਮ ਆਪ ਹੀ ਹੈ ਕੋਈ ਅਵਤਾਰ/ਦੇਵੀ ਦੇਵਤੇ ਨਹੀਂ। ਇਹ ਉਸ ਦਾ ਹੀ ਖੇਲ ਹੈ। ਜਿਵੇਂ ਕਿ

ਹਿੰਦੂ ਧਰਮ ਵਿਚ ਮਿੱਥਕ ਵਿਸ਼ਵਾਸ ਹੈ ਕਿ ਸ੍ਰਿਸ਼ਟੀ ਦੀ ਸਾਜਨਾ ਬ੍ਰਹਮਾ ਕਰਦਾ ਹੈ। ਪਾਲਣਾ, ਵਿਸ਼ਨੂੰ ਕਰਦਾ ਹੈ, ਵਿਨਾਸ ਸ਼ਿਵ ਕਰਦਾ ਹੈ। ਪਰ ਗੁਰੂ ਸਾਹਿਬਾਂ ਨੇ ਇਸ ਮਿੱਥ ਨੂੰ ਤੋੜਿਆ ਹੈ। ਉਨ੍ਹਾਂ ਅਨੁਸਾਰ ਸ੍ਰਿਸ਼ਟੀ ਦੀ ਰਚਨਾ ਉਸ ਬ੍ਰਹਮ ਦੁਆਰਾ ਹੋਈ ਹੈ:

ਆਪੇ ਕਾਰਣੁ ਕਰਤਾ ਕਰੇ ਸ੍ਰਿਸਟਿ ਦੇਖੈ ਆਪਿ ਉਪਾਇ॥[32]

ਆਪੇ ਸ੍ਰਿਸਟਿ ਹੁਕਮਿ ਸਭ ਸਾਜੀ, ਆਪੇ ਥਾਪਿ ਉਥਾਪਿ ਨਿਵਾਜੀ॥[33]

ਸ੍ਰਿਸ਼ਟੀ ਦਾ ਕਾਰਣ ਅਤੇ ਉਤਪਾਦਨ ਬ੍ਰਹਮ ਹੀ ਹੈ ਉਸਦੀ ਇੱਛਾ ਅਧੀਨ ਹੀ ਇਸ ਸ੍ਰਿਸ਼ਟੀ ਦਾ ਸਭ ਪਾਸਾਰਾ ਹੋਇਆ ਹੈ। ਉਹ ਆਪ ਹੀ ਇਸ ਸ੍ਰਿਸ਼ਟੀ ਦਾ ਆਦਿ ਅਤੇ ਅੰਤ ਦਾ ਕਾਰਣ ਵੀ ਹੈ।

ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ।[34]

ਇਸ ਸਬੰਧੀ ਵਿਸਥਾਰ ਅਧਿਆਇ ਤੀਸਰੇ ਵਿਚ ਵਿਸਥਾਰ ਸਹਿਤ ਕੀਤਾ ਗਿਆ ਹੈ।)

ਗੁਰੂ ਸਾਹਿਬ ਨੇ ਮਿਥਿਹਾਸਕ ਉਸਾਰੀ ਪੈਟਰਨ ਰਾਹੀਂ ਇਹ ਸਿਧ ਕੀਤਾ ਹੈ ਕਿ ਬ੍ਰਹਮਹੀ ਸ੍ਰਿਸ਼ਟੀ ਨੂੰ ਆਪਣੇ ਹੁਕਮ ਨਾਲ ਸਾਜਦਾ ਹੈ ਅਤੇ ਖਤਮ ਕਰਦਾ ਹੈ। ਕੋਈ ਅਵਤਾਰ/ਦੇਵੀ-ਦੇਵਤਾ ਇਸ ਸ੍ਰਿਸ਼ਟੀ ਦੀ ਸਾਜਨਾ, ਪਾਲਣਾ ਜਾਂ ਵਿਨਾਸ ਨਹੀਂ ਕਰਦਾ। ਇਸ ਤਰ੍ਹਾਂ ਗੁਰੂ ਸਾਹਿਬ ਨੇ ਇਨ੍ਹਾਂ ਮਿੱਥਕ ਹਵਾਲਿਆਂ ਸੰਕੇਤਾਂ ਰਾਹੀਂ ਬ੍ਰਹਮ ਦੀ ਸਰਵਉੱਚਤਾ ਨੂੰ ਦਰਸਾਇਆ ਹੈ ਅਤੇ ਦੇਵੀ ਦੇਵਤਿਆਂ ਪ੍ਰਤੀ ਪਏ ਅੰਧ-ਵਿਸ਼ਵਾਸ ਅਤੇ ਗਲਤ ਧਾਰਨਾਵਾਂ ਬਾਰੇ ਸਪੱਸ਼ਟ ਵਿਚਾਰ ਪੇਸ਼ ਕੀਤੇ ਹਨ।

### ਗੁਰੂ ਦੀ ਮਹੱਤਤਾ ਸਬੰਧੀ ਮਿਥਿਹਾਸਕ ਉਸਾਰੀ ਪੈਟਰਨ :

ਗੁਰਬਾਣੀ ਵਿਚ ਗੁਰੂ ਦਾ ਮਹੱਤਵ ਪੂਰਨ ਸਥਾਨ ਹੈ। ਗੁਰੂ ਪਰਮਾਤਮਾ ਨਾਲ ਸੰਪਰਕ ਕਰਨ ਦੀ ਮਹੱਤਵਪੂਰਨ ਕੜੀ ਹੈ। ਗੁਰਬਾਣੀ ਅਨੁਸਾਰ ਗੁਰੂ ਜੀਵ ਨੂੰ ਭਵ-ਸਾਗਰ ਤੋਂ ਪਾਰ ਲੰਘਾਉਂਦਾ ਹੈ ਅਤੇ ਪਰਮਾਤਮਾ ਨਾਲ ਅਭੇਦ ਹੋਣ ਵਿਚ ਸਹਾਈ ਹੁੰਦਾ ਹੈ। ਗੁਰੂ ਸਾਹਿਬਾਨ ਨੇ ਗੁਰੂ ਦੀ ਮਹੱਤਤਾ ਨੂੰ ਉਜਾਗਰ ਕਰਨ ਲਈ ਮਿਥਿਹਾਸਕ ਉਸਾਰੀ ਪੈਟਰਨਾਂ ਦੀ ਵਰਤੋਂ ਕੀਤੀ

ਹੈ। ਉਨ੍ਹਾਂ ਨੇ ਰਾਜੇ ਜਨਕ, ਹਰੀ ਚੰਦ, ਰਾਜਾ ਬਲ, ਰਾਜਾ ਅਜ, ਰਾਜਾ ਜਨਮੇਜਾ ਆਦਿ ਵਰਗੇ ਮਿਥਿਹਾਸਕ ਪਾਤਰਾਂ ਦੇ ਹਵਾਲੇ ਦੇ ਕੇ ਗੁਰੂ ਦੀ ਮਹੱਤਤਾ ਨੂੰ ਉਜਾਗਰ ਕੀਤਾ ਹੈ। ਗੁਰੂ ਦੀ ਮਹੱਤਤਾ ਸੰਬੰਧੀ ਮਿਥਿਹਾਸਕ ਉਸਾਰੀ ਪੈਟਰਨਾ ਦਾ ਵਰਨਣ ਕਰਨ ਤੋਂ ਪਹਿਲਾਂ ਗੁਰਬਾਣੀ ਦੇ ਆਧਾਰ ਤੇ ਗੁਰੂ ਦੇ ਸੰਕਲਪ ਬਾਰੇ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਹਾਂ:

**ਗੁਰੂ-ਬਾਣੀ ਵਿਚ ਗੁਰੂ ਦਾ ਸੰਕਲਪ:**

'ਗੁਰੂ' ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦੇ ਵਿਉਂਤਪੱਤ-ਮੂਲਕ ਅਰਥ ਹਨ - ਜੋ ਧਰਮ ਦਾ ਉਪਦੇਸ਼ ਕਰੇ, ਅਥਵਾ ਅਗਿਆਨ ਨੂੰ ਦੂਰ ਕਰੇ ਅਥਵਾ ਦੇਵ ਗੰਦਰਵ ਵਿਚ ਸਲਾਹਿਆ ਜਾਂਦਾ ਹੋਵੇ। ਉਸ ਨੂੰ ਗੁਰੂ ਆਖਦੇ ਹਨ (ग्रणाति उपदिशित धर्म गिरति श्रज्ञान वायदा गीयंते स्यूपते देवगन्धवीदिमि :)[35]

ਭਾਰਤ ਵਿਚ 'ਗੁਰੂ' ਸ਼ਬਦ ਦਾ ਪ੍ਰਯੋਗ ਪ੍ਰਾਚੀਨ ਕਾਲ ਤੋਂ ਹੁੰਦਾ ਆਇਆ ਹੈ। ਵੈਦਿਕ ਕਾਲ ਵਿਚ ਪਰੋਹਿਤ ਨੂੰ ਗੁਰੂ ਦਾ ਸਥਾਨ ਪ੍ਰਾਪਤ ਸੀ ਪਰ ਉਪਨਿਸ਼ਦ ਕਾਲ ਵਿਚ ਅਧਿਆਤਮਕ ਵਿਦਿਆ ਵਧੇਰੇ ਮਹੱਤਵਪੂਰਨ ਹੋਣ ਨਾਲ ਗੁਰੂ ਦਾ ਸਥਾਨ ਪਰੋਹਿਤ ਤੋਂ ਹਟ ਕੇ ਜੰਗਲਾਂ ਵਿਚ ਵਸਦੇ ਰਿਸ਼ੀਆਂ, ਮੁਨੀਆਂ, ਪਾਸ ਚਲਾ ਗਿਆ। ਇਨ੍ਹਾਂ ਰਿਸ਼ੀਆਂ ਮੁਨੀਆ ਵਿਚੋਂ ਇੰਦਰ, ਨਚਿਕੇਤਾ, ਨਾਰਦ, ਸਤਯਕਾਮ, ਸੌਨਕ, ਜਨਕ, ਅਜਾਤ-ਸਤਰੂ ਆਦਿ ਦੇਹਧਾਰੀ ਗੁਰੂ ਮੰਨੇ ਗਏ ਹਨ। ਗੁਰੂ ਅਤੇ ਸ਼ਿਸ਼ ਦੇ ਵਿਚਾਰ ਵਿਮਰਸ਼ ਤੋਂ ਜੋ ਸਾਹਿਤ ਪੈਦਾ ਹੋਇਆ ਉਹ 'ਉਪਨਿਸਦ' ਸਹਿਤ ਦੇ ਰੂਪ ਵਿਚ ਵਿਦਮਾਨ ਹੈ। ਗੀਤਾ ਦੀ ਸਿਰਜਣਾ ਵੀ ਗੁਰੂ ਸ਼ਿਸ਼ ਦੀ ਪਰੰਪਰਾ ਤੋਂ ਉਤਪੰਨ ਹੋਈ ਹੈ। ਸ੍ਰੀ ਕ੍ਰਿਸ਼ਨ ਅਰਜਨ ਨੂੰ ਜੋ ਉਪਦੇਸ਼ ਕਰਦੇ ਰਹੇ ਉਹ ਗੀਤਾ ਦੇ ਰੂਪ ਵਿਚ ਸਾਡੇ ਤੱਕ ਪਹੁੰਚਿਆ। ਗੀਤਾ ਵਿਚ ਗੁਰੂ ਦੀ ਮਹੱਤਤਾ ਬਾਰੇ ਲਿਖਿਆ ਹੈ ਕਿ ਤੱਤ ਨੂੰ ਜਾਨਣ ਵਾਲੇ ਗਿਆਨੀ ਪੁਰਸ਼ਾਂ ਤੋਂ ਅਦਬ ਅਤੇ ਨਿਸ਼ਕਪਟ ਭਾਵ ਨਾਲ ਪ੍ਰਸ਼ਨ ਕਰਕੇ ਗਿਆਨ ਨੂੰ ਜਾਨਣਾ ਚਾਹੀਦਾ ਹੈ, ਕਿਉਂਕਿ ਉਹ ਧਰਮ ਨੂੰ ਜਾਨਣ ਵਾਲੇ ਗਿਆਨੀ-ਜਨ ਗਿਆਨ ਦਾ ਉਪਦਸ਼ ਕਰਨ ਦੇ ਸਮਰਥ ਹਨ।[36]

ਉਪਨਿਸ਼ਦਾਂ ਤੋਂ ਬਾਅਦ 'ਬੁੱਧ', 'ਜੈਨ' ਤੇ 'ਤਾਂਤ੍ਰਕ' ਮੱਤਾਂ ਦਾ ਪ੍ਰਭਾਵ ਰਿਹਾ। ਇਨ੍ਹਾਂ ਮੱਤਾਂ ਵਿਚ ਸਰੀਰਕ ਤੇ ਅੰਤਰਿਕ ਸਾਧਨਾਵਾਂ ਗੁਰੂ ਦੁਆਰਾ ਕਰਨ ਉਪਰ ਜ਼ੋਰ ਦਿੱਤਾ ਗਿਆ। ਇਸ ਸਮੇਂ ਗੁਰੂ ਪ੍ਰਤੀ ਅਟੱਲ ਸ਼ਰਧਾ ਦਾ ਸੰਕਲਪ ਪ੍ਰਚੱਲਿਤ ਹੋਇਆ। ਬੁੱਧ ਮੱਤ ਵਿਚ 'ਮਹਾਤਮਾ ਬੁੱਧ' ਅਰਹਤਾ, ਬੋਧੀਸੱਤ੍ਵਾਂ' ਨੂੰ ਗੁਰੂ ਕਿਹਾ ਗਿਆ। ਜੈਨ ਧਰਮ ਵਿਚ 'ਤੀਰਥੰਕਰਾਂ' ਨੂੰ ਗੁਰੂ ਕਿਹਾ ਜਾਂਦਾ ਸੀ। 'ਸਹਿਜਯਾਨੀਆਂ', 'ਤਾਂਤ੍ਰਿਕਾਂ', 'ਵਗ੍ਰਯਾਨੀਆਂ', 'ਸ਼ੈਵ', 'ਵੈਸ਼ਨਵ', 'ਨਾਥ ਪੰਥੀਆਂ' ਮੱਤਾਂ ਵਿਚ ਗੁਰੂ ਦੀ ਮਹਿਮਾਂ ਉਪਰ ਅਧਿਕ ਬਲ ਦਿੱਤਾ ਗਿਆ। ਇਸ ਤਰ੍ਹਾਂ ਮੱਧਕਾਲ ਵਿਚ ਗੁਰੂ ਦੀ ਮਹੱਤਤਾ ਨੂੰ ਬਹੁਤ ਜ਼ਿਆਦਾ ਬਲ ਮਿਲਿਆ। ਡਾ. ਧਰਮਵੀਰ ਭਾਰਤੀ ਦੇ ਵਿਚਾਰ ਹਨ:

> *ਸਾਰੇ ਮੱਧਕਾਲ ਦੀਆਂ ਧਰਮ ਸਾਧਨਾਵਾਂ ਵਿਚ ਗੁਰੂ ਦਾ ਜੋ ਅਧਿਕ ਮਹੱਤਵ ਮੰਨਿਆ ਗਿਆ ਹੈ ਉਹ ਸਾਇਦ ਤਾਂਤ੍ਰਿਕ ਯੁੱਗ ਦਾ ਬਣਿਆ ਹੋਇਆ ਪ੍ਰਭਾਵ ਸੀ ਕਿਉਂਕਿ ਜੈਨ, ਬੁੱਧ, ਸੈਵ, ਸ਼ਾਕਤ ਵੈਸ਼ਨਵ ਆਦਿ ਸਾਰੀਆਂ ਸੰਪਰਦਾਵਾਂ ਵਿਚ ਜਦ ਗੁੱਝੀਆਂ ਸਾਧਨਾਵਾਂ ਸ਼ਾਮਲ ਹੋ ਗਈਆਂ, ਤਾਂ ਗੁਰੂ ਦੀ ਸਥਿੱਤੀ ਬਹੁਤ ਮਹੱਤਵ ਪੂਰਨ ਹੁੰਦੀ ਗਈ ਕਿਉਂਕਿ ਸਾਧਨਾ ਦਾ ਸਰੂਪ ਔਖਾ ਸੀ ਅਤੇ ਅਗਿਆਨੀ ਸਾਧਕ ਨੂੰ ਗੁਰੂ ਦਾ ਨਿਰਦੇਸ਼ਕ ਅਵੱਸ਼ਕ ਸੀ।*[37]

ਮੱਧਕਾਲ ਵਿਚ 'ਗੁਰੂ-ਪਰੰਪਰਾ' ਦਾ ਜਿੰਨਾਂ ਵਿਕਾਸ ਹੋਇਆ, ਉਨ੍ਹਾਂ ਕਿਸੇ ਕਾਲ ਵਿਚ ਨਹੀਂ ਹੋਇਆ ਪਰ 'ਭਗਤੀ ਲਹਿਰ' ਅਤੇ 'ਸੰਤ ਮੱਤ' ਦੇ ਅੰਤਰਗਤ 'ਗੁਰੂ ਪਰੰਪਰਾ' ਨੂੰ ਬਹੁਤ ਮਹੱਤਵ ਪ੍ਰਾਪਤ ਹੋਇਆ। ਸਿੱਧਾਂ, ਨਾਥਾਂ, ਜੋਗੀਆਂ ਦੀ ਗੁਰੂ ਪਰੰਪਰਾ ਭਗਤੀ ਲਹਿਰ ਤੇ ਸੰਤਾਂ ਤੋਂ ਵਿਭਿੰਨ ਸੀ। ਇਨ੍ਹਾਂ ਮੱਤਾਂ ਵਿਚ ਗੁਰੂ ਨੂੰ ਕਠਿਨ ਤੇ ਗੁੱਝੀਆਂ ਸਾਧਨਾਵਾਂ ਤੇ ਅੰਤਰਿਕ ਕ੍ਰਿਆਵਾਂ ਵਿਚ ਨਿਪੁੰਨ ਅਤੇ ਗਿਆਨ ਸੰਪਨ ਸਮਝਿਆ ਜਾਂਦਾ ਸੀ। ਉਸ ਪਾਸੋਂ ਇਨ੍ਹਾਂ ਸਾਧਨਾਵਾਂ ਦੀ ਸਫਲਤਾ ਲਈ ਅਗਵਾਈ ਤੇ ਗਿਆਨ ਪ੍ਰਾਪਤੀ ਦੀ ਸੰਭਾਵਨਾ ਕੀਤੀ ਜਾਂਦੀ ਸੀ ਪਰ ਭਗਤੀ ਲਹਿਰ ਦੇ ਸੰਤਾਂ ਨੇ ਗੁਰੂ ਨੂੰ ਉਪਰੋਕਤ ਸਾਧਨਾਵਾਂ ਤੋਂ ਉਤਮ ਮੰਨਿਆ ਹੈ। ਉਨ੍ਹਾਂ ਨੇ ਗੁਰੂ ਨੂੰ ਪਰਮਾਤਮਾ ਦਾ ਵਿਸ਼ੇਸ਼ ਦੂਤ ਅਤੇ ਮਾਰਗ ਦਾ ਗਿਆਤਾ ਸਮਝਿਆ।

ਇਸ ਤਰ੍ਹਾਂ ਭਗਤੀ ਲਹਿਰ ਵਿਚ ਗੁਰੂ ਭਗਤੀ ਵਿਚ ਦ੍ਰਿੜ ਵਿਸ਼ਵਾਸ ਤੇ ਸ਼ਰਧਾ ਪ੍ਰਗਟਾਈ ਗਈ। ਰਾਮਾਨੰਦ, ਚੇਤੰਨਯ, ਕਬੀਰ, ਰਵੀਦਾਸ, ਨਾਮਦੇਵ ਆਦਿ ਸੰਤਾਂ ਨੇ ਗੁਰੂ ਭਗਤੀ ਦਾ ਪ੍ਰਚਾਰ ਉਪਰੋਕਤ ਵਿਚਾਰਧਾਰਾ ਦੇ ਅੰਤਰਗਤ ਕੀਤਾ।

ਗੁਰਬਾਣੀ ਵਿਚ ਵੀ 'ਗੁਰੂ' ਦੀ ਦ੍ਰਿੜਤਾ ਨੂੰ ਸਵੀਕਾਰਿਆ ਗਿਆ ਹੈ ਅਤੇ ਗੁਰਬਾਣੀ ਵਿਚ ਗੁਰੂ ਦੇ ਜਿਸ ਰੂਪ ਦਾ ਪ੍ਰਤਿਪਾਦਨ ਕੀਤਾ, ਉਹ ਵਿਕਾਸਵਾਦੀ ਹੁੰਦਾ ਹੋਇਆ ਵੀ ਸਿਧਾਂਤਗਤ ਤੇ ਮੌਲਿਕ ਹੈ।

ਗੁਰੂ-ਬਾਣੀ ਵਿਚ ਗੁਰੂ ਦੇ ਤਿੰਨ ਪ੍ਰਮੁੱਖ ਰੂਪ ਦੱਸੇ ਗਏ ਹਨ ਜੋ ਇਸ ਤਰ੍ਹਾਂ ਹਨ:

(ੳ) ਗੁਰੂ ਬ੍ਰਹਮ ਰੂਪ ਵਿਚ

(ਅ) ਗੁਰੂ ਮਨੁੱਖੀ ਰੂਪ ਵਿਚ

(ੲ) ਗੁਰੂ ਸ਼ਬਦ ਰੂਪ ਵਿ

(ੳ) **ਗੁਰੂ ਪਰਮਾਤਮਾ ਰੂਪ ਵਿਚ:** ਗੁਰਬਾਣੀ ਬ੍ਰਹਮ ਨੂੰ ਗੁਰੂ ਰੂਪ ਵਿਚ ਸਵੀਕਾਰ ਕਰਦੀ ਹੈ। ਜੋ ਸਰਵ ਸ਼ਕਤੀਮਾਨ, ਸਰਵਸ੍ਰੇਸ਼ਟ, ਅਗੰਮ, ਅਗੋਚਰ, ਅਲੱਖ, ਨਿਰੰਜਨ, ਅਪਰੰਪਰ, ਪਾਰਬ੍ਰਹਮ ਪਰਮੇਸਰ ਹੈ, ਗੁਰੂ ਨਾਨਕ ਜੀ ਨੂੰ ਉਹ ਗੁਰੂ ਰੂਪ ਵਿਚ ਮਿਲਿਆ ਹੈ।

ਤਤ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਓ॥
ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥[38]

ਗੁਰਬਾਣੀ ਦੇ ਰਚਨਹਾਰਿਆਂ ਨੇ ਬ੍ਰਹਮ ਨੂੰ ਗੁਰੂ ਦੇ ਰੂਪ ਵਿਚ ਸਵੀਕਾਰਿਆ ਹੈ ਤੇ ਗੁਰੂ ਰੂਪ ਵਿਚ ਵੀ ਇਸ ਤਰ੍ਹਾਂ ਦ੍ਰਿਸਟਾਇਆ ਹੈ:

(ੳ) ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥
ਉਹੁ ਅਬਨਾਸੀ ਪੁਰਖੁ ਹੈ ਸਭਿ ਮਹਿ ਰਹਿਆ ਸਮਾਇ॥[39]

(ਅ) ਆਦਿ ਗੁਰਏ ਨਮਹ। ਜੁਗਾਦਿ ਗੁਰ ਏ ਨਮਹ॥
ਸਤਿਗੁਰਏ ਨਮਹ। ਸ੍ਰੀ ਗੁਰਦੇਵ ਏ ਨਮਹ॥[40]

(ੲ) ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥

ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨਾ ਭਾਈ॥[41]

ਗੁਰੂ ਸਾਹਿਬ ਅਨੁਸਾਰ ਬ੍ਰਹਮ ਇਕ ਗੁਰੂ ਹੀ ਜੋ ਭਵ-ਸਾਗਰ ਰੂਪੀ ਸੰਸਾਰ ਤੋਂ ਪਾਰ ਉਤਾਰਾ ਕਰ ਸਕਦਾ ਹੈ। ਇਹ ਦੂਜਿਆਂ ਨੂੰ ਗਿਆਨ ਦਾ ਪ੍ਰਕਾਸ਼ ਕਰਵਾਉਂਦਾ ਹੈ ਤੇ ਡੁਬਦਿਆਂ ਨੂੰ ਤਾਰਦਾ ਹੈ:

ਗੁਰੁ ਦਾਤਾ ਸਮਰਥੁ ਗੁਰੁ ਗੁਰੁ ਸਭ ਮਹਿ ਰਹਿਆ ਸਮਾਇ॥

ਗੁਰੁ ਪਰਮੇਸਰੁ ਪਾਰਬ੍ਰਹਮ ਗੁਰੁ ਡੁਬਦਾ ਲਏ ਤਰਾਇ॥[42]

ਗੁਰੂ ਸਾਹਿਬ ਸਮਝਾਉਂਦੇ ਹਨ ਕਿ ਮਨੁੱਖ ਨੂੰ ਗੁਰੂ ਦੀ ਸ਼ਰਨ ਵਿਚ ਆਉਣਾ ਚਾਹੀਦਾ ਹੈ। ਮਨੁੱਖ ਜਿਉਂ ਹੀ ਗੁਰੂ ਦੀ ਸ਼ਰਨ ਵਿਚ ਆਵੇਗਾ ਤਿਉਂ ਹੀ ਉਸ ਦੇ ਹਉਮੈ ਦਾ ਤਿਆਗ ਹੋ ਜਾਵੇਗਾ, ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਮਿਟ ਜਾਵੇਗਾ, ਉਸ ਦੀ ਆਤਮਾ ਨਿਰਮਲ ਹੋ ਜਾਵੇਗੀ ਅਤੇ ਬ੍ਰਹਮ ਦਾ ਉਸ ਦੇ ਮਨ ਵਿਚ ਵਾਸਾ ਹੋ ਜਾਵੇਗਾ। ਗੁਰੂ-ਬਾਣੀ ਮਨੁੱਖ ਨੂੰ, ਬ੍ਰਹਮ ਅੱਗੇ ਆਤਮ ਸਮਰਪਨ ਕਰਨ ਅਤੇ ਉਸ ਦੀ ਸ਼ਰਨ ਵਿਚ ਆ ਜਾਣ ਲਈ ਲੋਚਾ ਕਰਦੀ ਹੈ:

ਤਾ ਕੀ ਸਰਨਿ ਪਰਿਓ ਨਾਨਕ ਦਾਸੁ ਜਾ ਕੇ ਊਪਰਿ ਕੋ ਨਾਹੀ॥[43]

ਗੁਰੂ ਸਾਹਿਬ ਬ੍ਰਹਮ ਅਤੇ ਗੁਰੂ ਵਿਚ ਕੋਈ ਫਰਕ ਨਹੀਂ ਸਮਝਦੇ। ਆਪ ਅਨੁਸਾਰ ਜਦੋਂ ਬ੍ਰਹਮ ਆਪਣੇ ਆਪ ਨੂੰ ਗੁਰੂ ਵਿਚ ਰਖ ਦਿੰਦਾ ਹੈ ਤਾਂ ਉਨ੍ਹਾਂ ਵਿਚ ਕੋਈ ਅੰਤਰ ਨਹੀਂ ਰਹਿੰਦਾ। ਬ੍ਰਹਮ ਅਤੇ ਗੁਰੂ ਦੀ ਮੂਰਤ ਇਕ ਹੋ ਜਾਂਦੀ ਹੈ। ਬ੍ਰਹਮ ਨੂੰ ਗੁਰੂ ਅਤੇ ਗੁਰੂ ਨੂੰ ਬ੍ਰਹਮ ਚੰਗਾ ਲੱਗਦਾ ਹੈ:

ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ ਹਰਿ ਗੁਰ ਭਾਇਆ॥[44]

ਡਾ. ਰਤਨ ਸਿੰਘ ਜੱਗੀ ਲਿਖਦੇ ਹਨ, "ਗੁਰੂ ਨਾਨਕ ਜਦੋਂ ਗੁਰੂ ਦੇ ਸੂਖ਼ਮ ਰੂਪ ਨੂੰ ਪ੍ਰਗਟ ਕਰਦੇ ਹਨ ਤਾਂ ਉਹ ਪ੍ਰਭੂ ਦਾ ਚਿਤਰਣ ਕਰ ਜਾਂਦੇ ਹਨ ਅਤੇ ਜਦੋਂ ਪ੍ਰਭੂ ਦੇ ਸਥੂਲ ਰੂਪ ਨੂੰ ਪ੍ਰਗਟ ਕਰਦੇ ਹਨ ਤਾਂ ਵਰਣਿਤ ਵਿਅਕਤਿਤ੍ਵ ਗੁਰੂ ਰੂਪ ਧਾਰਨ ਕਰਦਾ ਪ੍ਰਤੀਤ ਹੁੰਦਾ ਹੈ।"[45]

ਤਾਰਨ ਸਿੰਘ ਅਨੁਸਾਰ, "ਗੁਰੂ ਪਾਰਬ੍ਰਹਮ ਤੋਂ ਵੱਖਰੀ ਹਸਤੀ ਨਹੀਂ। ਪਾਰਬ੍ਰਹਮ ਦੀ ਵਿਸ਼ੇਸ਼ ਕਿਰਿਆ ਅਤੇ ਕਿਰਿਆ ਸ਼ਕਤੀ ਦਾ ਨਾਮ ਗੁਰੂ ਹੈ।"[46]

ਇਸ ਤਰ੍ਹਾਂ ਗੁਰੂ ਸਾਹਿਬ ਨੇ ਪਰਮਾਤਮਾ ਦੀਆਂ ਸਾਰੀਆਂ ਸ਼ਕਤੀਆਂ ਅਤੇ ਗੁਣਾਂ ਦਾ ਆਰੋਪਣ ਗੁਰੂ ਉਪਰ ਹੀ ਕਰ ਦਿੱਤਾ ਹੈ। ਆਪ ਗੁਰੂ ਅਤੇ ਪਰਮਾਤਮਾ ਵਿਚ ਕਿਸੇ ਤਰ੍ਹਾਂ ਦਾ ਅੰਤਰ ਨਹੀਂ ਸਮਝਦੇ। ਆਪ ਗੁਰੂ ਅਤੇ ਪਰਮਾਤਮਾ ਨੂੰ ਇਕ ਜੋਤ ਹੀ ਮੰਨਦੇ ਹਨ ਅਤੇ ਉਸ ਦੀ ਸ਼ਰਨ ਵਿਚ ਆਉਣ ਦਾ ਉਪਦੇਸ਼ ਦਿੰਦੇ ਹਨ।

**(ਅ) ਗੁਰੂ ਮਨੁੱਖੀ ਰੂਪ ਵਿਚ**: ਗੁਰੂ-ਬਾਣੀ ਵਿਚ ਗੁਰੂ ਨੂੰ ਮਨੁੱਖੀ ਰੂਪ ਵਿਚ ਵੀ ਪ੍ਰਵਾਨਿਤ ਕੀਤਾ ਗਿਆ ਹੈ। ਗੁਰੂ-ਬਾਣੀ ਨੂੰ ਇਹ ਸੰਕਲਪ ਵੀ ਪਰੰਪਰਾਗਤ ਪ੍ਰਾਪਤ ਹੋਇਆ ਹੈ। 'ਗੁਰੂ' ਦੀ ਪਰੰਪਰਾ ਮਨੁੱਖੀ ਰੂਪ ਵਿਚ ਪ੍ਰਾਚੀਨ ਅਤੇ ਮੱਧਕਾਲ ਤੋਂ ਹੀ ਪ੍ਰਚੱਲਿਤ ਰਹੀ ਹੈ। (ਇਸ ਬਾਰੇ ਪਹਿਲਾਂ ਵਿਚਾਰ ਕੀਤੀ ਜਾ ਚੁੱਕੀ ਹੈ)। ਪਰ ਮੱਧਕਾਲ ਵਿਚ ਇਹ ਪ੍ਰਥਾ ਕਾਫੀ ਜ਼ਿਆਦਾ ਪ੍ਰਚੱਲਿਤ ਹੋ ਗਈ। ਮੱਧਕਾਲ ਸਮੇਂ ਹਿੰਦੂ ਧਰਮ ਦੇ ਭਗਤਾਂ, ਸੰਤਾਂ, ਸਿੱਧਾਂ, ਨਾਥ ਜੋਗੀਆਂ ਵਿਚ ਮਨੁੱਖੀ ਗੁਰੂ ਰੂਪ ਨੂੰ ਮਹੱਤਵਪੂਰਨ ਦਰਜਾ ਪ੍ਰਾਪਤ ਹੋਇਆ ਹੈ। ਗੁਰੂਬਾਣੀ ਨੇ ਵੀ ਇਸ ਪ੍ਰਭਾਵ ਨੂੰ ਕਬੂਲਦੇ ਹੋਏ ਮਨੁੱਖੀ ਗੁਰੂ ਰੂਪ ਨੂੰ ਮਹੱਤਵ ਪੂਰਨ ਦਰਜਾ ਦਿੱਤਾ। ਗੁਰੂ-ਬਾਣੀ ਦਾ ਗੁਰੂ ਦਾ ਸੰਕਲਪ ਭਾਵੇਂ ਭਗਤੀ ਲਹਿਰ ਦੇ ਸੰਤਾਂ ਨਾਲ ਜੁੜਿਆ ਵਧੇਰੇ ਮਿਲਦਾ ਹੈ ਪਰ ਇਹ ਇਸਲਾਮ ਧਰਮ ਦੇ ਪੈਗੰਬਰ ਦੇ ਸੰਕਲਪ ਦੇ ਵਧੇਰੇ ਨੇੜੇ ਜਾਪਦਾ ਹੈ। ਡਾ. ਹਰਭਜਨ ਸਿੰਘ ਇਸ ਬਾਬਤ ਲਿਖਦੇ ਹਨ:

> *ਗੁਰੂ ਦਾ ਸੰਕਲਪ ਅਵਤਾਰ ਨਾਲੋਂ ਵਧੇਰੇ ਪੈਗੰਬਰ ਦੇ ਨੇੜੇ ਹੈ। ਅਵਤਾਰ ਮਨੁੱਖਤਾ ਨੂੰ ਔਕੜਾਂ ਵਿਚੋਂ ਕੱਢਣ ਆਉਂਦਾ ਹੈ ਤੇ ਉਸ ਦੀ ਕਰਤੱਵ ਵਿਧੀ ਕਰਮ ਜਾਂ ਸੰਘਰਸ਼ ਹੈ। ਇਸ ਦੇ ਉਲਟ ਪੈਗੰਬਰ ਲੁਕਾਈ ਤਕ ਖੁਦਾ ਦਾ ਪੈਗਾਮ ਪਹੁੰਚਾਉਂਦਾ ਹੈ।*[47]

ਇਸ ਤਰ੍ਹਾਂ ਗੁਰੂ-ਬਾਣੀ ਦਾ ਗੁਰੂ ਵੀ ਇਸਲਾਮ ਦੇ ਪੈਗੰਬਰ ਦੀ ਤਰ੍ਹਾਂ ਸੱਚ ਦੀ ਬਾਣੀ ਦਾ ਉਪਦੇਸ਼ ਲੋਕਾਂ ਤੱਕ ਪਹੁੰਚਾਉਂਦਾ ਹੈ। ਉਹ ਬ੍ਰਹਮ ਅਤੇ ਲੋਕਾਂ ਵਿਚ ਮਿਲਾਪ ਦਾ ਇਕ ਸਾਧਨ ਬਣਦਾ ਹੈ। ਸਿੱਟੇ ਵਜੋਂ ਗੁਰੂ ਬ੍ਰਹਮ ਅਤੇ ਮਨੁੱਖ ਵਿਚ ਮਿਲਾਪ ਕਰਵਾਅ ਕੇ ਮੁਕਤੀ ਦਾ ਰਾਹ ਦਰਸਾਉਂਦਾ ਹੈ।

ਗੁਰੂ-ਬਾਣੀ ਦਾ ਗੁਰੂ ਦਾ ਸੰਕਲਪ ਵਿਲੱਖਣਤਾ ਦਾ ਧਾਰਨੀ ਹੈ। ਗੁਰੂ ਅਰਜਨ ਦੇਵ ਜੀ ਦੇ ਸ਼ਬਦਾਂ ਵਿਚ 'ਸਭ ਤੋਂ ਵੱਡਾ ਸਤਿਗੁਰੂ' ਦੀ ਭਾਵਨਾ ਇਸ ਨੂੰ ਨਿਖੇੜਦੀ ਹੈ ਅਤੇ ਇਹ ਗੁਰੂ ਅੰਤਿਮ ਉਪਦੇਸ਼ਕ ਹੈ। ਇਹ ਅੰਤਮਿਤਾ ਦਾ ਲੱਛਣ ਹੀ ਉਸ ਨੂੰ ਪੂਰਬਵਰਤੀ ਭਾਰਤੀ ਤੇ ਇਸਲਾਮੀ ਗੁਰੂ-ਭਾਵਨਾਂ ਤੋਂ ਵਿਲੱਖਣ ਕਰਦਾ ਹੈ।

ਇਸ ਤਰ੍ਹਾਂ ਮਨੁੱਖੀ ਗੁਰੂ ਦਾ ਸੰਕਲਪ ਗੁਰੂ ਨਾਨਕ ਸਾਹਿਬ ਦੇ ਉਤਰਾਧਿਕਾਰੀ ਗੁਰੂਆਂ ਦੁਆਰਾ ਦ੍ਰਿੜ ਕਰਵਾਇਆ ਗਿਆ। ਇਸ ਦਾ ਪ੍ਰਭਾਵ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਤੋਂ ਪ੍ਰਤੱਖ ਦੇਖਿਆ ਜਾ ਸਕਦਾ ਹੈ। ਆਪ ਫੁਰਮਾਉਂਦੇ ਹਨ:

ਦੀਖਿਆ ਆਪਿ ਬੁਝਾਇਆ ਸਿਫਤੀ ਸਚਿ ਸਮੇਉ।।
ਤਿਨੇ ਕਉ ਕਿਆ ਉਪਦੇਸੀਐ ਜਿਨ ਗੁਰੂ ਨਾਨਕ ਦੇਉ।।[48]
ਸਭ ਤੇ ਵਡਾ ਸਤਿਗੁਰੁ ਨਾਨਕੁ।।
ਜਿਨਿ ਕਲਿ ਰਾਖੀ ਮੇਰੀ।।[49]
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ।।
ਸੇ ਫਿਰ ਗਰਭਾਸਿ ਨ ਪਰਿਆ ਰੇ।।[50]

ਗੁਰੂ ਅਰਜਨ ਦੇਵ ਜੀ ਮਨੁੱਖੀ ਗੁਰੂ ਦੇ ਸੰਕਲਪ ਨੂੰ ਹੋਰ ਦ੍ਰਿੜ ਕਰਾ ਦਿੱਤਾ ਹੈ ਜਦੋਂ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਭੱਟਾਂ ਅਤੇ ਸੱਤੇ ਅਤੇ ਬਲਵੰਡ ਦੀ ਬਾਣੀ ਨੂੰ ਸ਼ਾਮਲ ਕਰ ਦਿੱਤਾ। ਸੱਤੇ ਤੇ ਬਲਵੰਡ ਨੇ ਆਪਣੀ ਬਾਣੀ ਵਿਚ ਗੁਰੂ ਨਾਨਕ ਨੂੰ ਬਾਕੀ ਗੁਰੂ ਸਾਹਿਬਾਨ ਦੀ ਜੋਤਿ ਹੀ ਦੱਸਿਆ ਹੈ। ਇਸ ਦੀਆਂ ਕੁਝ ਸਤਰਾਂ ਪੇਸ਼ ਹਨ:

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕ ਕਹਾਯਾਓਉ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥
ਅਮਰਦਾਸਿ, ਅਮਰਤ ਛਤ੍ਰ ਗੁਰ ਰਾਮਹਿ ਦੀਅਉ॥
ਗੁਰੁ ਰਾਮਦਾਸ ਦਰਸਨ ਪਰਸਿ ਕਹਿ ਮਥਰੁ ਅੰਮ੍ਰਿਤ॥
ਮੂਰਤਿ ਪੰਚ ਪ੍ਰਮਾਣ ਪਰਖ, ਗੁਰੁ ਅਰਜੁਨ ਪਿਖਹੁ ਨਯਨ॥[51]

ਉਪਰੋਕਤ ਸ਼ਬਦ ਤੋਂ ਮਨੁੱਖੀ ਗੁਰੂ ਰੂਪ ਦੇ ਸੰਕਲਪ ਦੇ ਦਰਸ਼ਨ ਹੋ ਜਾਂਦੇ ਹਨ।

ਇਸ ਤਰ੍ਹਾਂ ਮਨੁੱਖੀ ਗੁਰੂ ਰੂਪ ਦਾ ਸੰਕਲਪ ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਨਿਰੰਤਰ ਚਲਦਾ ਰਿਹਾ। ਇਕ ਗੁਰੂ ਦੀ ਜੋਤ ਗੁਰੂ ਗੱਦੀ ਦੇਣ ਸਮੇਂ ਦੂਸਰੇ ਗੁਰੂ ਵਿਚ ਪ੍ਰਵੇਸ਼ ਕਰਦੀ ਰਹੀ ਹੈ ਅਤੇ ਦਸਵੇਂ ਗੁਰੂ ਤੱਕ ਵਿਦਮਾਨ ਰਹੀ। ਡਾ. ਦਰਸ਼ਨ ਸਿੰਘ ਇਸ ਬਾਬਤ ਲਿਖਦੇ ਹਨ:

> *ਗੁਰੂ ਸਾਹਿਬਾਨ ਦੇ ਕਲਾਮ ਤੋਂ ਇਹ ਪਤਾ ਚਲਦਾ ਹੈ ਕਿ ਇਹ ਗੁਰੂ ਜੋਤਿ ਗੁਰੂ ਸਾਹਿਬਾਨ ਦੇ ਸੰਦਰਭ ਵਿਚ ਦੇਹਧਾਰੀ ਗੁਰਤਾ ਦੀ ਆਧਾਰਸਿਲਾ ਰਹੀ ਹੈ, ਅਰਥਾਤ ਗੁਰੂ ਜੋਤਿ ਪੂਰਨ ਹੈ ਅਤੇ ਜਦੋਂ ਉਹ ਇਕ ਸਰੀਰ ਵਿਚੋਂ ਉਤਰਾਧਿਕਾਰੀ ਗੁਰੂ ਦੇ ਸਰੀਰ ਵਿਚ ਪ੍ਰਵੇਸ਼ ਕਰਦੀ ਸੀ ਤਾਂ ਉਥੇ ਵੀ ਉਹ ਪੂਰਨ ਰਹਿੰਦੀ ਸੀ।*[52]

ਪ੍ਰੋ. ਸ਼ੇਰ ਸਿੰਘ ਇਸ ਬਾਬਤ ਲਿਖਦੇ ਹਨ:

> *ਸੈਭੰ ਵਾਹਿਗੁਰੂ ਤੋਂ ਜਗੀ ਨਾਨਕ ਨਿਰੰਕਾਰੀ ਦੀ ਜੋਤ ਤੇ ਗੁਰੂ ਨਾਨਕ ਨਿਰੰਕਾਰੀ ਨੇ ਜਗਾਈ, ਉਹੋ ਜੋਤਿ ਭਾਈ ਲਹਿਣਾ ਜੀ ਅੰਦਰ ਅਤੇ ਆਪਣਾ ਅੰਗ ਬਣਾਇਆ ਗੁਰੂ ਅੰਗਦ ਦੂਜੀ ਪਾਤਿਸ਼ਾਹੀ ਨੂੰ।*

*ਸਿਲਸਲਾ ਜਾਰੀ ਰਿਹਾ ਤੇ ਉਹੋ ਨਾਨਕ ਨਿਰੰਕਾਰੀ ਵਾਲੀ ਜੋਤਿ ਸ੍ਰੀ ਸਰਮੇਸ਼ ਗੁਰੂ ਗੋਬਿੰਦ ਸਿੰਘ ਜੀ ਵਿਚ ਜਾ ਪ੍ਰਗਟੀ।*[53]

ਗੁਰੂ ਸਾਹਿਬ ਦੀ ਬਾਣੀ ਵੀ ਉਪਰੋਕਤ ਵਿਚਾਰਾਂ ਦੀ ਪੁਸ਼ਟੀ ਕਰਦੀ ਹੈ। ਜਦੋਂ ਉਹ ਫੁਰਮਾਉਂਦੇ ਹਨ:

ਦੀਪਕ ਤੇ ਦੀਪਕ ਪਗਾਸਿਆ ਤ੍ਰਿਭਵਣ ਜੋਤਿ ਦਿਖਾਈ।[54]

ਇਸ ਤਰ੍ਹਾਂ ਮਨੁੱਖੀ ਰੂਪ ਵਿਚ ਗੁਰੂ ਦਾ ਸੰਕਲਪ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ ਇਕ ਜੋਤਿ ਰੂਪ ਵਿਚ ਚਲਦਾ ਰਿਹਾ। ਗੁਰੂ-ਬਾਣੀ ਵਿਚ ਇਸ ਦਾ ਵਰਨਣ ਆਉਂਦਾ ਹੈ ਕਿ ਗੁਰੂ ਈਸ਼ਵਰ ਦਾ ਪ੍ਰਤੀਨਿਧ ਹੈ। ਉਹ ਪੂਰਨ ਅਧਿਕਾਰ ਵਾਲਾ ਸਮੂਹਿਕ ਸ਼ਕਤੀਆਂ ਦਾ ਮਾਲਕ ਹੈ, ਜੋ ਉਸ ਨੂੰ ਜਨਮ ਤੋਂ ਪਹਿਲਾਂ ਬ੍ਰਹਮ ਤੋਂ ਪ੍ਰਾਪਤ ਹੋਈਆਂ ਹਨ: ਜਿਵੇਂ ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਸਾਰੇ ਗੁਰੂਆਂ ਨੂੰ ਪ੍ਰਾਪਤ ਹੋਈਆਂ। ਗੁਰੂ ਨੂੰ ਬ੍ਰਹਮ ਖਾਸ ਹੁਕਮ ਦੇ ਕੇ ਸੰਸਾਰ ਵਿਚ ਭੇਜਦਾ ਹੈ ਅਤੇ ਅਜਿਹੇ ਆਦੇਸ਼ ਸਮੇਂ ਉਹ ਕੇਵਲ ਆਪਣੀਆਂ ਸਮੂਹਿਕ ਦੈਵੀ ਸ਼ਕਤੀਆਂ ਹੀ ਉਸ ਵਿਚ ਪ੍ਰਵੇਸ਼ ਨਹੀਂ ਕਰਦਾ ਸਗੋਂ ਉਸ ਵਿਚ ਆਪਣਾ ਆਪ ਹੀ ਰੱਖ ਦਿੰਦਾ ਹੈ। ਗੁਰੂ ਸਾਹਿਬ ਇਸ ਬਾਬਤ ਫੁਰਮਾਉਂਦੇ ਹਨ।

ਸਤਿਗੁਰ ਵਿਚ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ।।[55]

ਉਪਰੋਕਤ ਚਰਚਾ ਤੋਂ ਇਹ ਸਪੱਸ਼ਟ ਹੈ ਕਿ ਗੁਰੂ ਸਾਹਿਬ ਗੁਰੂ ਨੂੰ ਮਨੁੱਖੀ ਰੂਪ ਵਿਚ ਪਰਵਾਨ ਕਰਦੇ ਹੋਏ ਗੁਰੂ ਨੂੰ ਇਕ ਵਿਚੋਲੇ ਦੇ ਤੌਰ ਤੇ ਮੰਨਦੇ ਹਨ, ਜੋ ਬ੍ਰਹਮ ਦੁਆਰਾ ਦਿੱਤੀਆਂ ਸਮਸਤ ਸ਼ਕਤੀਆਂ ਦਾ ਮਾਲਕ ਹੈ। ਉਹ ਬ੍ਰਹਮ ਅਤੇ ਜੀਵ ਵਿਚ ਮਧਿਅਸਥਤਾ ਦਾ ਕੰਮ ਕਰਦਾ ਹੋਇਆ ਬ੍ਰਹਮ ਦੁਆਰਾ ਦਿੱਤੇ ਪੈਗਾਮ ਨੂੰ ਜੀਵ ਤਕ ਪਹੁੰਚਾਉਂਦਾ ਹੈ ਅਤੇ ਬ੍ਰਹਮ ਨਾਲ ਮਿਲਾਪ ਕਰਵਾਉਣ ਵਿਚ ਜੀਵ ਦੀ ਸਹਾਇਤਾ ਕਰਦਾ ਹੈ। ਗੁਰੂ ਸਾਹਿਬ ਮਨੁੱਖੀ ਗੁਰੂ ਨੂੰ ਪਰਮਾਤਮਾ ਦੀ ਜੋਤਿ ਹੀ ਮੰਨਦੇ ਹਨ ਅਤੇ ਬ੍ਰਹਮ ਤੇ ਗੁਰੂ ਵਿਚ ਕੋਈ ਭੇਦ ਨਹੀਂ ਸਮਝਦੇ। ਆਪ ਗੁਰੂ ਨੂੰ ਬ੍ਰਹਮ ਦੇ ਬਰਾਬਰ ਦਰਜਾ ਦਿੰਦੇ ਹੋਏ ਗੁਰੂ ਨੂੰ ਸਮਸਤ ਸ਼ਕਤੀਆਂ ਦਾ ਸੁਆਮੀ ਪ੍ਰਵਾਨ ਕਰਦੇ ਹਨ।

ਗੁਰੁ ਪਰਮੇਸਰੁ ਏਕੋ ਜਾਣੁ।[56]

**(ਣ) ਗੁਰੂ ਸ਼ਬਦ ਰੂਪ:** ਮਹਾਨ ਕੋਸ਼ ਅਨੁਸਾਰ ਸ਼ਬਦ ਦੇ ਅਰਥ ਹਨ : 'ਧੁਨਿ', 'ਅਵਾਜ', 'ਪਦ', 'ਗੁਰੂ ਉਪਦੇਸ', 'ਬ੍ਰਹਮ', 'ਕਰਤਾਰ', 'ਪੈਗਾਮ', 'ਸੁਨੇਹਾ', ਆਦਿ ਹਨ।[57] ਬ੍ਰਹਮ ਸ਼ਬਦ ਰੂਪ ਹੈ ਅਤੇ ਸ਼ਬਦ ਬ੍ਰਹਮ ਦਾ ਵਾਚਕ ਹੈ। ਡਾ. ਜੋਗਿੰਦਰ ਸਿੰਘ ਅਨੁਸਾਰ ਸ਼ਬਦ ਦਾ ਪ੍ਰਯਾਇ ਬਾਣੀ ਜਾਂ ਨਾਮ ਹੈ। 'ਬ੍ਰਹਮ', 'ਸ਼ਬਦ', 'ਨਾਮ', 'ਗੁਰੂ' ਚਾਰੇ ਸ਼ੁਧ ਤੱਤਵ ਹਨ। ਬ੍ਰਹਮ ਸ਼ਬਦ ਰੂਪ ਹੈ। ਬ੍ਰਹਮ ਨਾਮ ਰੂਪ ਹੈ ਬ੍ਰਹਮ ਹੀ ਗੁਰੂ ਰੂਪ ਹੈ। ਇਸ ਤਰ੍ਹਾਂ ਸ਼ਬਦ ਬ੍ਰਹਮ ਹੈ, ਸ਼ਬਦ ਨਾਮ ਹੈ ਤੇ ਸ਼ਬਦ ਗਰੂ ਹੈ।[58]

ਗੁਰ ਪੀਰਾਂ ਗਹਿਰ ਗੰਭੀਰਾ ਬਿਨ ਸਬਦੈ ਜਗੁ ਬਉਰਾਨੰ।[59]

ਉਪਰੋਕਤ ਤਿੰਨੇ (ਬ੍ਰਹਮ, ਨਾਮ, ਗੁਰੂ) ਇਕਮਿਕ ਹਨ ਅਤੇ ਇਕ ਜੋਤ ਹਨ। ਸ਼ਬਦ ਬ੍ਰਹਮ ਦੁਆਰਾ ਸਿਰਜਿਆ ਅਤੇ ਗੁਰੂ ਦੁਆਰਾ ਦਿੱਤਾ ਨਾਮ ਹੈ। ਇਸੇ ਲਈ ਸ਼ਬਦ ਤੇ ਬ੍ਰਹਮ ਨੂੰ ਇਕ ਮੰਨਦੇ ਹੋਏ ਗੁਰੂ ਨਾਨਕੁ ਸਾਹਿਬ ਫੁਰਮਾਉਂਦੇ ਹਨ:

ਆਪੇ ਸਬਦੁ ਆਪੇ ਨੀਸਾਨੁ।।[60]

ਆਪ ਸ਼ਬਦ ਨੂੰ ਗੁਰੂ ਵੀ ਸਵੀਕਾਰ ਕਰਦੇ ਹੋਏ ਫੁਰਮਾਉਂਦੇ ਹਨ:

ਪਵਨ ਆਰੰਭ ਸਤਿਗੁਰ ਮਤਿ ਵੇਲਾ।।
ਸਬਦੁ ਗੁਰੂ ਸੁਰਤਿ ਧੁਨਿ ਚੇਲਾ।।[61]
ਗੁਰੁ ਪਰਮੇਸਰੁ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ।[62]

ਗੁਰੂ ਰਾਮਦਾਸ ਜੀ ਨੇ ਸ਼ਬਦ ਨੂੰ ਬਾਣੀ ਕਿਹਾ ਹੈ ਅਤੇ ਸਮਝਾਉਂਦੇ ਹਨ ਕਿ ਸ਼ਬਦ ਹੀ ਬਾਣੀ ਹੈ, ਸ਼ਬਦ ਹੀ ਗੁਰੂ ਹੈ। ਬਾਣੀ ਨੂੰ ਮਨ ਵਿਚ ਵਸਾਉਣ ਨਾਲ ਪ੍ਰਤੱਖ ਰੂਪ ਵਿਚ ਮਨੁੱਖ ਦਾ ਗੁਰੂ ਦੁਅਰਾ ਉਧਾਰ ਹੋ ਜਾਂਦਾ ਹੈ। ਆਪ ਫੁਰਮਾਉਂਦੇ ਹਨ:

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ।।
ਗੁਰੁ ਬਾਣੀ ਕਹੈ ਸੇਵਕ ਜਨੁ ਮਾਨੈ ਪ੍ਰਤਖਿ ਗੁਰੂ ਨਿਸਤਾਰੇ।।[63]

ਗੁਰੂ ਅਰਜਨ ਦੇਵ ਜੀ ਵੀ ਸ਼ਬਦ ਨੂੰ ਪੂਰਾ ਗੁਰੂ ਕਹਿੰਦੇ ਹਨ। ਉਨ੍ਹਾਂ ਅਨੁਸਾਰ ਇਹ ਸ਼ਬਦ ਅਨਹਦ ਨਾਦ ਹੈ ਜੋ ਅਸਚਰਜ ਤੇ ਵਿਸਮਾਦੀ ਹੈ ਅਤੇ ਪੂਰਾ ਗੁਰੂ ਹੈ:

ਅਨਹਦ ਸਬਦ ਅਚਰਜ ਬਿਸਮਾਦ॥

ਗੁਰੁ ਪੂਰਾ ਪੂਰਾ ਪਰਸਾਦਿ॥[64]

ਇਸ ਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਨੇ ਸ਼ਬਦ ਦੁਆਰਾ ਰਚਿਤ ਗ੍ਰੰਥ ਅਥਵਾ ਪੋਥੀ ਨੂੰ ਗੁਰੂ ਕਿਹਾ ਹੈ ਅਤੇ ਪ੍ਰਮੇਸਵਰ (ਬ੍ਰਹਮ) ਦੇ ਬਰਾਬਰ ਸਥਾਨ ਦਿੱਤਾ ਹੈ।

ਪੋਥੀ ਪਰਮੇਸਰ ਦਾ ਥਾਨੁ।[65]

ਇਸ ਪਰੰਪਰਾ ਨੂੰ ਅੱਗੇ ਵਧਾਉਂਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਸ਼ਬਦ ਦੁਆਰਾ ਰਚਿਤ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਕਹਿ ਕੇ ਸਿੱਖਾਂ ਨੂੰ 'ਗੁਰੂ' ਮੰਨਣ ਦਾ ਉਪਦੇਸ਼ ਦਿੱਤਾ ਹੈ।

ਉਪਰੋਕਤ ਤੋਂ ਇਹ ਸਪੱਸ਼ਟ ਹੈ ਕਿ ਗੁਰੂ ਸਾਹਿਬਾਨ ਨੇ ਸ਼ਬਦ ਨੂੰ ਗੁਰੂ ਕਹਿ ਕੇ ਸ਼ਬਦ ਨੂੰ ਮਨੁੱਖੀ ਗੁਰੂ ਨਾਲੋਂ ਵਧੇਰੇ ਮਹੱਤਤਾ ਦਿੱਤੀ ਹੈ। ਉਨ੍ਹਾਂ ਕਦੇ ਵੀ ਆਪਣੇ ਆਪ ਨੂੰ ਗੁਰੂ ਨਹੀਂ ਕਿਹਾ। ਇਸ ਬਾਬਤ ਡਾ. ਦਰਸ਼ਨ ਸਿੰਘ ਵਿਚਾਰ ਪੇਸ਼ ਕਰਦੇ ਹਨ:

> *ਦੱਸ ਗੁਰੂ ਸਾਹਿਬਾਨ ਨੇ ਆਪਣੀ ਹਯਾਤੀ ਵਿਚ ਆਪਣੇ ਪੰਜ ਭੂਤਕ ਸਰੀਰ ਨੂੰ ਕਦੇ ਗੁਰੂ ਨਹੀਂ ਮੰਨਿਆ, ਉਹ ਸਦਾ ਹੀ ਉਸ ਗਿਆਨ ਦੇ ਪ੍ਰਕਾਸ਼ ਨੂੰ ਹੀ ਗੁਰੂ ਕਹਿੰਦੇ ਰਹੇ ਜੋ ਉਨ੍ਹਾਂ ਨੂੰ ਰਹੱਸ ਅਨੁਭੂਤੀ ਸਮੇਂ ਅਨੁਭਵ ਸੀ।*[66]

ਇਸ ਤਰ੍ਹਾਂ ਗੁਰੂ-ਬਾਣੀ ਵਿਚ 'ਗੁਰੂ' ਪਦ ਦਾ ਜੋ ਪ੍ਰਤਿਪਾਦਨ ਹੋਇਆ ਹੈ ਉਸ ਵਿਚ ਬ੍ਰਹਮ ਦੇ ਪ੍ਰਗਟਾਓ ਨੂੰ ਹੀ ਗੁਰੂ ਜੀ ਨੇ ਸ਼ਬਦ ਕਿਹਾ ਹੈ।

ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁ ਦਿਸਿ ਨਾਮੁ ਪਤਾਲੰ॥

ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ ਕਰਮਿ ਮਿਲੈ ਬੈਆਲੰ॥[67]

ਗੁਰੂ ਅਰਜਨ ਦੇਵ ਜੀ ਇਸ ਬਾਬਤ ਫੁਰਮਾਉਂਦੇ ਹਨ:

ਸੁ ਸਬਦ ਕਉ ਨਿਰੰਤਰਿ ਵਾਸੁ ਅਲੰਖ, ਜਹ ਦੇਖਾ ਤਹ ਸੋਈ।[68]

ਉਪਰੋਕਤ ਤੋਂ ਇਹ ਸਪੱਸ਼ਟ ਹੈ ਕਿ ਗੁਰੂ ਸਾਹਿਬ ਨੇ ਬ੍ਰਹਮ ਨੂੰ ਹੀ ਸ਼ਬਦ ਕਿਹਾ ਹੈ। ਸ਼ਬਦ ਹੀ ਬ੍ਰਹਮ ਹੈ। ਸ਼ਬਦ ਹੀ ਨਾਮ ਹੈ, ਸ਼ਬਦ ਹੀ ਗੁਰੂ ਹੈ। ਸ਼ਬਦ ਵਿਚ ਹੀ ਗੁਰੂ ਦਾ ਰੂਪ ਰਖਿਆ ਹੋਇਆ ਹੈ। ਗੁਰੂ ਸਾਹਿਬ ਦਾ ਕਥਨ ਹੈ ਕਿ ਗੁਰੂ ਦੇ ਸ਼ਬਦ ਦੁਆਰਾ ਹਉਮੈ, ਕਾਮ, ਕਰੋਧ, ਲੋਭ, ਮੋਹ ਮਿਟ ਜਾਂਦਾ ਹੈ। ਉਸਦੀ ਕਿਰਪਾ ਨਾਲ ਮਨੁੱਖ ਸੰਸਾਰਿਕ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ ਅਤੇ ਜੰਮਣ, ਮਰਣ ਦੇ ਚੱਕਰ ਤੋਂ ਛੁਟਕਾਰਾ ਪਾਉਂਦਾ ਹੈ। ਗੁਰੂ ਦੇ ਸ਼ਬਦ ਨਾਲ ਮਨ ਨਿਰਮਲ ਹੋ ਜਾਂਦਾ ਹੈ ਅਤੇ ਮਨੁੱਖ ਮੁਕਤੀ ਪ੍ਰਾਪਤ ਕਰ ਲੈਂਦਾ ਹੈ।

ਹਮ ਸਬਦਿ ਮੂਏ ਸਬਦਿ ਮਾਰਿ ਜੀਵਾਲੇ ਭਾਈ ਸਬਦੇ ਹੀ ਮੁਕਤਿ ਪਾਈ॥
ਸਬਦੇ ਮਨੁ ਤਨੁ ਨਿਰਮਲੁ ਹੋਆ ਹਰਿ ਵਸਿਆ ਮਨਿ ਆਈ॥[69]

ਗੁਰੂ ਸਾਹਿਬ ਸਮਝਾਉਂਦੇ ਹਨ ਕਿ ਸ਼ਬਦ ਤੋਂ ਬਿਨਾ ਬ੍ਰਹਮਾ, ਬਿਸ਼ਨੁ, ਮਹੇਸ਼ ਦੀ ਤਰ੍ਹਾਂ ਹਰ ਕੋਈ ਰੋਗੀ ਹੈ ਪਰ ਜਿਸ ਨੇ ਸ਼ਬਦ ਦੀ ਅਰਾਧਨਾ ਕਰ ਲਈ ਹੈ ਉਹ ਮੁਕਤੀ ਪ੍ਰਾਪਤ ਕਰ ਗਿਆ ਹੈ। ਆਪ ਸਮਝਾਉਂਦੇ ਹਨ:

ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ॥
ਰੋਗੀ ਸਗਲ ਸੰਸਾਰਾ॥।
ਹਰਿ ਪਦ ਚੀਨਿ ਭਏ ਸੇ ਮੁਕਤੇ॥
ਗੁਰ ਦਾ ਸਬਦ ਵੀਚਾਰਾ॥[70]

ਗੁਰੂ ਸਾਹਿਬ ਦਾ ਵਿਚਾਰ ਹੈ ਕਿ ਜਿਸ ਤਰ੍ਹਾਂ ਦੇ ਸ਼ਬਦ ਨਾਲ ਕਈ ਮੁਨੀ ਇੰਦਰ, ਬ੍ਰਹਮਾ, ਸਨਕ, ਸਨੰਦਨ ਆਦਿ ਤਰ ਗਏ ਹਨ। ਉਸੇ ਤਰ੍ਹਾਂ ਮਨੁੱਖ ਵੀ ਗੁਰੂ ਦੇ ਸ਼ਬਦ ਦੁਆਰਾ ਤਰ ਸਕਦਾ ਹੈ:

ਗੁਰ ਕੈ ਸ਼ਬਦਿ ਤਰੇ ਮੁਨਿ ਕੇਤੇ॥
ਇੰਦ੍ਰਾਦਿਕ ਬ੍ਰਹਮਾਦਿ ਤਰੇ॥

ਸਨਕ ਸਨੰਦਨ ਤਪਸੀ ਜਨ ਕੇਤੇ॥

ਗੁਰ ਪਰਸਾਦੀ ਪਾਰਿ ਪਰੇ॥[71]

ਇਸ ਤਰ੍ਹਾਂ ਆਪ ਗੁਰੂ ਦੁਆਰਾ ਦਿਤੇ ਸ਼ਬਦ ਨੂੰ ਅਰਾਧਨ ਦਾ ਉਪਦੇਸ਼ ਦਿੰਦੇ ਹਨ। ਆਪ ਸਮਝਾਉਂਦੇ ਹਨ ਕਿ ਇਸ ਸ਼ਬਦ ਦੀ ਅਰਾਧਨਾ ਨਾਲ ਮਨੁੱਖ ਰੱਬ ਨਾਲ ਆਪਣੀ ਲਿਵ ਜੋੜ ਸਕਦਾ ਹੈ ਅਤੇ ਮੁਕਤੀ ਪ੍ਰਾਪਤ ਕਰ ਸਕਦਾ ਹੈ। ਆਪ ਅਨੁਸਾਰ ਗੁਰੂ ਹੀ ਮਨੁੱਖ ਨੂੰ ਪਰਮਾਤਮਾ ਨਲ ਜੋੜਨ ਦਾ ਇਕ ਸਾਧਨ ਹੈ।

ਗੁਰੂ ਸਬੰਧੀ ਉਪਰੋਕਤ ਸਮੁੱਚੀ ਚਰਚਾ ਤੋਂ ਇਹ ਸਪੱਸ਼ਟ ਹੈ ਕਿ ਗੁਰੂ-ਬਾਣੀ ਵਿਚ ਗੁਰੂ ਦੇ ਤਿੰਨ ਰੂਪ - 'ਬ੍ਰਹਮ ਰੂਪ', 'ਮਨੁੱਖੀ ਰੂਪ', 'ਸ਼ਬਦ ਰੂਪ' ਸਬੰਧੀ ਜੋ ਵਰਨਣ ਆਇਆ ਹੈ। ਇਹ ਤਿੰਨੇ ਰੂਪ ਭਾਵੇਂ ਵੱਖ ਵੱਖ ਹਨ ਪਰ ਇਨ੍ਹਾਂ ਤਿੰਨਾਂ ਵਿਚ ਗੁਰੂ ਸਥਾਪਿਤ ਹੈ। ਇਸ ਤੱਤ ਦੀ ਏਕਤਾ ਬਾਰੇ ਗੁਰੂ ਅਮਰਦਾਸ ਜੀ ਲਿਖਦੇ ਹਨ:

ਇਕਾ ਬਾਣੀ ਇਕੁ ਗੁਰੁ ਇਕੋ ਸ਼ਬਦੁ ਵੀਚਾਰਿ।[72]

ਗੁਰੂ-ਬਾਣੀ ਵਿਚ ਭਾਵੇਂ ਉਪਰੋਕਤ ਤਿੰਨਾਂ ਰੂਪਾਂ ਦਾ ਪ੍ਰਤੀਪਾਦਨ ਹੋਇਆ ਹੈ ਪਰ ਗੁਰੂ ਸਾਹਿਬ ਸ਼ਬਦ ਵਿਚ ਹੀ ਦੂਸਰੇ ਦੋਹਾਂ ਰੂਪਾਂ ਨੂੰ ਸਮਾਏ ਹੋਏ ਮੰਨਦੇ ਹਨ। ਆਪ ਸ਼ਬਦ ਨੂੰ ਹੀ ਗੁਰੂ ਸਮਝਦੇ ਹੋਏ ਉਸ ਨੂੰ ਅਟੱਲ, ਅਮਰ ਤੇ ਸਰਵ ਵਿਆਪਕ ਮੰਨਦੇ ਹਨ। ਉਨ੍ਹਾਂ ਅਨੁਸਾਰ ਸ਼ਬਦ ਸਦੀਵੀ ਹੈ ਤੇ ਸਦਾ ਕਾਇਮ ਰਹਿਣ ਵਾਲਾ ਹੈ। ਡਾ. ਜੋਗਿੰਦਰ ਸਿੰਘ ਅਨੁਸਾਰ, "ਆਦਿ ਗ੍ਰੰਥ ਵਿਚ ਬਾਣੀ ਅਥਵਾ ਸ਼ਬਦ ਹੈ, ਉਹ ਗੁਰੂ ਹੈ।"[73] ਡਾ. ਤਾਰਨ ਸਿੰਘ ਅਨੁਸਾਰ, "ਸੁਖਮਨੀ ਗੁਰੂ ਹੈ ਅਤੇ ਸੁਖਮਨੀ ਦਾ ਪਾਠ ਗੁਰੂ ਭਗਤੀ ਹੈ।"[74] ਪ੍ਰੋ. ਸ਼ੇਰ ਸਿੰਘ ਅਨੁਸਾਰ, "ਆਦਿ ਗ੍ਰੰਥ ਨੂੰ ਗੁਰੂ ਇਸ ਲਈ ਵੀ ਕਿਹਾ ਜਾ ਸਕਦਾ ਹੈ ਕਿ ਉਸ ਦਾ ਪਾਠ ਵਿਚਾਰ ਸਾਨੂੰ ਪਰਮ ਆਨੰਦ ਦੀ ਪ੍ਰਾਪਤੀ ਦੇ ਰਸਤੇ ਉਤੇ ਚਾਨਣਾ ਪਾਉਂਦਾ ਹੈ। ਇਹ ਗ੍ਰੰਥ ਸਿੱਖ ਦੀ ਰਹਿਨੁਮਾਈ ਕਰਦਾ ਹੈ। ਇਸੇ ਲਈ ਗੁਰੂ ਹੈ।[75]

ਇਸ ਤਰ੍ਹਾਂ ਗੁਰੂ ਸਾਹਿਬ ਨੇ ਗੁਰੂ ਦੇ ਬ੍ਰਹਮ ਰੂਪ, ਮਨੁੱਖੀ ਰੂਪ ਨੂੰ ਸ਼ਬਦ ਭਾਵ ਬਾਣੀ ਵਿਚ ਹੀ ਅੰਕਿਤ ਕਰ ਦਿੱਤਾ ਹੈ। ਉਨ੍ਹਾਂ ਨੇ ਸ਼ਬਦ ਵਿਚ ਹੀ ਬ੍ਰਹਮ ਦੀਆਂ ਸਾਰੀਆਂ ਸ਼ਕਤੀਆਂ ਨੂੰ ਪ੍ਰਵਾਨ ਕਰਦੇ ਹੋਏ ਦੋਹਾਂ ਨੂੰ ਇਕ ਜੋਤ ਵਜੋਂ ਸਵੀਕਾਰ ਕੀਤਾ ਹੈ। ਉਨ੍ਹਾਂ ਨੇ ਆਪਣੇ ਪੰਜ ਭੂਤਕ ਸਰੀਰ ਨੂੰ ਕਦੇ ਵੀ ਗੁਰੂ ਨਹੀਂ ਮੰਨਿਆ। ਉਨ੍ਹਾਂ ਸਦਾ ਹੀ ਗਿਆਨ ਦੇ ਪ੍ਰਕਾਸ਼ ਭਾਵ ਸ਼ਬਦ ਅਥਵਾ ਬਾਣੀ ਨੂੰ ਗੁਰੂ ਮੰਨਿਆ ਹੈ। ਇਸ ਲਈ ਉਨ੍ਹਾਂ ਸ਼ਬਦ ਅਥਵਾ ਬਾਣੀ ਨੂੰ ਗੁਰੂ ਮੰਨ ਕੇ ਉਸ ਦੇ ਅਦੇਸ਼ਾਂ ਅਨੁਸਾਰ ਚਲਣ ਦਾ ਉਪਦੇਸ਼ ਦਿੱਤਾ ਹੈ।

### ਗੁਰੂ ਨਾਲ ਸੰਬੰਧਿਤ ਮਿਥਿਹਾਸਕ ਉਸਾਰੀ:

ਮਨੁੱਖ ਨੂੰ ਜੀਵਨ ਦੇ ਹਰ ਖੇਤਰ ਵਿਚ ਕਿਸੇ ਨਾ ਕਿਸੇ ਪੱਥ-ਪ੍ਰਦਰਸ਼ਨ ਦੀ ਜ਼ਰੂਰਤ ਹੁੰਦੀ ਹੈ। ਇਸੇ ਤਰ੍ਹਾਂ ਅਧਿਆਤਮਕ ਖੇਤਰ ਵਿਚ ਵੀ ਕਿਸੇ ਨਾ ਕਿਸੇ ਪੱਥ-ਪ੍ਰਦਰਸ਼ਕ ਦੀ ਅਗਵਾਈ ਜ਼ਰੂਰੀ ਹੈ। ਇਸ ਅਗਵਾਹੀ ਨੂੰ ਕਰਨ ਵਾਲਾ ਗੁਰੂ ਹੈ, ਜੋ ਮਨੁੱਖ ਨੂੰ ਰਾਹੇ ਪਾਉਂਦਾ ਹੈ, ਕੁਰਾਹ ਤੋਂ ਰੋਕਦਾ ਹੈ ਅਤੇ ਗੁਰੂ ਮਨੁੱਖ ਨੂੰ ਕਈ ਸੰਕਟਾਂ ਵਿਚੋਂ ਬਚਾਉਂਦਾ ਹੈ। ਗੁਰੁ ਨਾਮ ਦੁਆਰਾ ਗਿਆਨ ਕਰਵਾਉਂਦਾ ਹੈ ਅਤੇ ਹਉਮੈ ਦੀ ਮੈਲ ਦੂਰ ਕਰਕੇ ਮੁਕਤੀ ਦਾ ਰਾਹ ਦਰਸਾਉਂਦਾ ਹੈ।

ਗੁਰੂ ਦੀ ਉਪਰੋਕਤ ਮਹੱਤਤਾ ਬਾਰੇ ਕਈ ਮਿਥਿਹਾਸਕ ਹਵਾਲੇ ਤੇ ਸੰਕੇਤ ਮਿਲਦੇ ਹਨ। ਗੁਰੂ ਸਾਹਿਬ ਨੇ ਗੁਰੂ ਦੀ ਮਹੱਤਤਾ ਸਬੰਧੀ ਮਿਥਿਹਾਸਕ ਉਸਾਰੀ ਪੈਟਰਨਾ ਦੀ ਵਰਤੋਂ ਕੀਤੀ ਹੈ। ਗੁਰੂ ਸਾਹਿਬ ਨੇ ਮਿਥਿਹਾਸਕ ਉਸਾਰੀ ਪੈਟਰਨਾ ਰਾਹੀਂ 'ਬਲਰਾਜਾ', 'ਹਰੀ ਚੰਦ', 'ਜਨਮੇਜਾ', 'ਜਨਕ', 'ਬ੍ਰਹਮਾ', 'ਸ਼ਿਵ', 'ਇੰਦਰ' ਆਦਿ ਦੇਵਤਿਆਂ, ਦੈਂਤਾਂ ਦੇ ਹਵਾਲੇ ਦੇ ਕੇ ਇਹ ਸਿਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਮਹਾਨ ਦੇਵਤੇ, ਦੈਂਤ, ਰਾਜੇ, ਅਹੰਕਾਰ ਕਾਰਨ ਗੁਰੂ ਧਾਰਨਾ ਨਾ ਕਰ ਸਕੇ। ਜੇਕਰ ਕਈਆਂ ਨੇ ਗੁਰੂ ਦੀ ਧਾਰਨਾ ਕੀਤੀ ਵੀ ਉਹ ਉਸ ਦੇ ਹੁਕਮਾਂ ਅਨੁਸਾਰ ਨਾ ਚਲੇ ਅਤੇ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਸੰਕਟਾਂ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਉਪਰੋਕਤ ਪਾਤਰਾਂ ਸੰਬੰਧੀ ਮਿਥਿਹਾਸਕ ਹਵਾਲੇ ਇਸ ਪ੍ਰਕਾਰ ਹਨ:

'ਹਰੀਚੰਦ' ਬਾਰੇ ਮਿੱਥ ਕਥਾ ਇਸ ਪ੍ਰਕਾਰ ਹੈ। (ਇਸ ਕਥਾ ਦਾ ਵਿਸਥਾਰ ਸਹਿਤ ਵਰਨਣ ਪਹਿਲਾਂ ਵੀ ਦਿੱਤਾ ਜਾ ਚੁੱਕਾ ਹੈ)। ਹਰੀਚੰਦ ਬੜਾ ਦਾਨੀ ਰਾਜਾ ਸੀ ਜੋ ਅਠਾਰਾਂ ਕਿਲੋ ਭਾਰ ਸੋਨਾ ਦਾਨ ਕਰਕੇ ਭੋਜਨ ਕਰਦਾ ਸੀ। ਉਹ ਆਪਣੇ ਗੁਰੂ 'ਵਿਸ਼ਵਾਮਿਤਰ' ਦੀ ਗੈਰ ਹਾਜ਼ਰੀ ਵਿਚ ਕਿਸੇ ਹੋਰ ਬ੍ਰਾਹਮਣ ਤੋਂ ਜਗ ਕਰਵਾਅ ਬੈਠਾ। ਇਸ ਤੋਂ ਉਸਦਾ ਗੁਰੂ 'ਵਿਸ਼ਵਾਮਿੱਤਰ' ਨਰਾਜ ਹੋ ਗਿਆ। ਸਿੱਟੇ ਵਜੋਂ ਉਸ ਦੇ ਗੁਰੂ ਵਿਸ਼ਵਾਮਿੱਤਰ ਨੇ ਛੱਲ ਨਾਲ ਉਸਦਾ ਰਾਜ ਭਾਗ ਲੈ ਲਿਆ। ਹਰੀ ਚੰਦ ਆਪ ਵੀ ਮੰਡੀ ਵਿਚ ਵਿਕਿਆ। ਉਸ ਨੂੰ ਸਮਸਾਨ ਘਾਟ ਵਿਚ ਨੌਕਰੀ ਕਰਨੀ ਪਈ। ਉਸ ਦੇ ਪੁੱਤਰ ਅਤੇ ਇਸਤਰੀ ਨੂੰ ਕਈ ਕਸ਼ਟ ਝਲਣੇ ਪਏ। ਗੁਰੂ ਸਾਹਿਬ ਹਰੀ ਚੰਦ ਦੁਆਰਾ ਸ਼ੁਰੂ ਕੀਤੀ ਅਵੱਗਿਆ ਸੰਬੰਧੀ ਮਿਥਿਹਾਸਕ ਸੰਕੇਤ ਇਸ ਪ੍ਰਕਾਰ ਦਿੰਦੇ ਹਨ:

ਹਰੀਚੰਦੁ ਦਾਨੁ ਕਰੈ ਜਸੁ ਲੇਵੈ।
ਬਿਨੁ ਗੁਰ ਅੰਤੁ ਨ ਪਾਇਆ ਅਭੇਵੈ।[76]

ਗੁਰੂ ਦੀ ਮਹੱਤਤਾ ਸਬੰਧੀ ਬਲਰਾਜੇ ਦੀ ਮਿੱਥ ਕਥਾ ਵੇਖਣਯੋਗ ਹੈ। ਪਿਛਲੇ ਅਧਿਆਇ ਵਿਚ ਦਿੱਤੀ ਮਿੱਥ ਕਥਾ ਅਨੁਸਾਰ ਬਲਰਾਜਾ ਬੜਾ ਦਾਨੀ ਸੀ। ਉਸ ਦੀ ਭਗਤੀ ਭਾਵਨਾ ਅਤੇ ਦਾਨ ਵੀਰਤਾ ਕਰਕੇ ਇੰਦਰ ਦਾ ਸਿੰਘਾਸਣ ਡੋਲਣ ਲੱਗਾ। ਇੰਦਰ ਨੂੰ ਇਹ ਡਰ ਖਾ ਰਿਹਾ ਸੀ ਕਿਤੇ ਬਲਰਾਜਾ ਸਿੰਘਾਸ਼ਣ ਨਾ ਪ੍ਰਾਪਤ ਕਰ ਲਵੇ। ਇਸ ਲਈ ਉਸ ਨੇ ਵਿਸ਼ਨੂੰ ਤੋਂ ਸਹਾਇਤਾ ਲਈ। ਵਿਸ਼ਨੂੰ ਨੇ ਬੌਣੇ ਬ੍ਰਾਹਮਣ ਦਾ ਰੂਪ ਧਾਰ ਕੇ ਬਲਰਾਜੇ ਤੋਂ ਦੋ ਕਦਮਾਂ ਦੀ ਥਾਂ ਮੰਗੀ। ਬਲਰਾਜੇ ਦੇ ਗੁਰੂ ਸ਼ੁਕਰਚਾਰੀਆਂ ਨੇ ਬੌਣੇ ਬ੍ਰਾਮਹਣ ਨੂੰ ਪਹਿਚਾਣ ਲਿਆ ਅਤੇ ਉਸ ਨੇ ਬਲਰਾਜੇ ਨੂੰ ਢਾਹੀ ਕਦਮ ਦੀ ਥਾਂ ਦੇਣ ਤੋਂ ਵਰਜਿਆ। ਬਲਰਾਜਾ ਆਪਣੇ ਗੁਰੂ ਦੇ ਆਖੇ ਨਾ ਲੱਗਿਆ। ਉਸ ਨੇ ਬਲਰਾਜੇ ਨੂੰ ਦੋ ਕਦਮ ਥਾਂ ਦੇਣ ਦੀ ਹਾਂ ਕਰ ਦਿੱਤੀ। ਵਿਸ਼ਨੂੰ ਨੇ ਢਾਈ ਕਦਮਾਂ ਵਿਚ ਧਰਤੀ, ਅਕਾਸ਼ ਅਤੇ ਅੱਧੀ ਨਾਲ ਬਲਰਾਜੇ ਨੂੰ ਲੈ ਲਿਆ। ਗੁਰੂ ਸਾਹਿਬ ਬਲਰਾਜੇ ਦੀ ਉਪਰੋਕਤ ਕਥਾ ਸਬੰਧੀ ਮਿੱਥਕ ਸੰਕੇਤ ਦਿੰਦੇ ਹਨ ਕਿ ਬਲਰਾਜੇ ਨੇ ਅਹੰਕਾਰ ਵਸ ਆਪਣੇ ਗੁਰੂ ਦੇ ਹੁਕਮ ਦੀ ਉਲੰਘਣਾ ਕੀਤੀ ਅਤੇ ਕਈ ਪ੍ਰਕਾਰ ਦੇ ਸੰਕਟ ਝੱਲੇ। ਆਪ ਫੁਰਮਾਉਂਦੇ ਹਨ:

ਬਲਿ ਰਾਜਾ ਮਾਇਆ ਅਹੰਕਾਰੀ॥

ਜਗਨ ਕਰੈ ਬਹੁ ਭਾਰ ਅਫਾਰੀ॥

ਬਿਨੁ ਗੁਰੁ ਪੂਛੈ ਜਾਇ ਪਇਆਰੀ॥[77]

ਇਸੇ ਤਰ੍ਹਾਂ ਜਨਮੇਜੇ ਦੀ ਮਿੱਥ ਕਥਾ ਰਾਹੀਂ ਵੀ ਗੁਰੂ ਸਾਹਿਬ ਨੇ ਗੁਰੂ ਦੀ ਮਹੱਤਤਾ ਨੂੰ ਉਜਾਗਰ ਕੀਤਾ ਹੈ। ਜਨਮੇਜੇ ਸੰਬੰਧੀ ਇਕ ਮਿੱਥ ਕਥਾ ਪ੍ਰਚੱਲਿਤ ਹੈ। (ਜਿਸ ਦਾ ਵੇਰਵਾ ਪਹਿਲਾਂ ਦਿੱਤਾ ਜਾ ਚੁੱਕਾ ਹੈ) ਜਨਮੇਜਾ ਪਰੀਛਤ ਦਾ ਪੁੱਤਰ ਸੀ। ਉਸ ਨੇ ਆਪਣੇ ਗੁਰੂ ਬਿਆਸ ਦੀ ਗੱਲ ਉਪਰ ਵਿਸ਼ਵਾਸ ਨਾ ਕੀਤਾ। ਬਿਆਸ ਰਿਸ਼ੀ ਨੇ ਜਨਮੇਜੇ ਨੂੰ ਭਵਿਖ ਵਿਚ ਆਉਣ ਵਾਲੀਆਂ ਮੁਸ਼ਕਲਾਂ ਪ੍ਰਤੀ ਸੁਚੇਤ ਕੀਤਾ ਸੀ ਅਤੇ ਨਾਲ ਹੀ ਇਸ ਨੂੰ ਸਿਆਣਪ ਨਾਲ ਟਾਲਣ ਦਾ ਉਪਾਅ ਵੀ ਦੱਸਿਆ ਸੀ। ਪਰ ਜਨਮੇਜੇ ਨੇ ਗੁਰੂ ਦੁਆਰਾ ਦਰਸਾਏ ਨਿਰਦੇਸ਼ਾਂ ਦੀ ਪਾਲਣਾ ਨਾ ਕੀਤੀ। ਉਹ ਸਭ ਉਪਾਵਾਂ ਦੀ ਉਲੰਘਣਾ ਕਰਦਾ ਗਿਆ। ਅਖੀਰ ਉਸ ਕੋਲੋਂ 18 ਬ੍ਰਾਮਹਣਾਂ ਦਾ ਕਤਲ ਹੋ ਗਿਆ। ਫਲਸਰੂਪ ਉਸ ਦੇ ਸਰੀਰ ਤੇ 18 ਕੋਹੜ ਉਤਪੰਨ ਹੋ ਗਏ। ਇਸ ਤੋਂ ਇਲਾਵਾ ਇਸ ਨੂੰ ਕਈ ਗੰਭੀਰ ਸੰਕਟਾਂ ਵਿਚੋਂ ਗੁਜਰਨਾ ਪਿਆ। ਗੁਰੂ ਸਾਹਿਬ ਇਸ ਬਾਬਤ ਮਿੱਥਕ ਸੰਕੇਤ ਦਿੰਦੇ ਹਨ।

ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜ੍ਹਾਇਆ॥

ਤਿਨਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ॥[78]

ਉਪਰੋਕਤ ਮਿਥਿਹਾਸਕ ਉਸਾਰੀ ਪੈਟਰਨ ਰਾਹੀਂ ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਗੁਰੂ ਦੇ ਹੁਕਮ ਦੀ ਉਲੰਘਣਾ ਕਰਨ ਵਾਲਿਆਂ ਨੂੰ ਹਰੀਚੰਦ, ਬਲਰਾਜਾ, ਜਨਮੇਜਾ ਦੀ ਤਰ੍ਹਾਂ ਕਈ ਸੰਕਟ ਝਲਣੇ ਪੈਂਦੇ ਹਨ।

ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਗੁਰੂ ਤੋਂ ਵਹੀਨ ਵਿਅਕਤੀਆਂ ਦਾ ਨਤੀਜਾ ਵੀ ਭਿਆਨਕ ਦੱਸਿਆ ਹੈ। ਆਪ ਗਉੜੀ ਅਸਪਟਦੀਆਂ ਵਿਚ ਮਿੱਥਕ ਹਵਾਲੇ ਦਿੰਦੇ ਹੋਏ ਸਮਝਾਉਂਦੇ ਹਨ ਕਿ ਗੁਰੂ ਤੋਂ ਬਿਨਾਂ ਵੱਡੇ ਵੱਡੇ ਦੇਵਤੇ, ਦੈਂਤਾਂ, ਰਾਕਸ਼ਾਂ, ਰਾਜਿਆਂ ਆਦਿ ਨੂੰ

ਕਈ ਤਰ੍ਹਾਂ ਦੇ ਸੰਕਟ ਝਲਣੇ ਪਏ। ਗੁਰੂ ਸਾਹਿਬ ਗਉੜੀ ਅਸ਼ਟਪਦੀ ਵਿਚ ਦੁਰਯੋਧਨ, ਰਾਵਣ ਮਧੁ ਕੈਟਬ, ਮਹਿਖਾਸੁਰ, ਜਰਾਸੰਧ, ਕਾਲਯਵਨ, ਰਕਤਬੀਜ, ਕਾਲਨੇਮ, ਕੰਸ, ਕੇਸੀ, ਚਾਡੂਰ ਆਦਿ ਦਾ ਹਵਾਲਾ ਇਸ ਪ੍ਰਕਾਰ ਦਿੰਦੇ ਹਨ।

ਭੂਲੋ ਰਾਵਣੁ ਮੁਗਧੁ ਅਚੇਤਿ। ਲੂਟੀ ਲੰਕਾ ਸੀਸ ਸਮੇਤਿ

ਗਰਬਿ ਗਇਆ ਬਿਨੁ ਸਤਿਗੁਰ ਹੇਤਿ।

..........................................

..........................................

ਕੰਸ ਕੇਸੁ ਚਾਂਡੂਰੁ ਨ ਕੋਈ। ਰਾਮੁ ਨ ਚੀਨਿਆ ਅਪਨੀ ਪਤਿ ਖੋਈ।

ਬਿਨੁ ਜਗਦੀਸ ਨ ਰਾਖੈ ਕੋਈ।

ਬਿਨ ਗੁਰ ਗਰਬੁ ਨ ਮੇਟਿਆ ਜਾਇ। ਗੁਰਮਤਿ ਧਰਮੁ ਧੀਰਜੁ ਹਰਿ ਨਾਇ।

ਨਾਨਕੁ ਨਾਮੁ ਮਿਲੈ ਗੁਣ ਗਾਇ।[79]

ਉਪਰੋਕਤ ਮਿਥਿਹਾਸਕ ਉਸਾਰੀ ਪੈਟਰਨਾਂ ਰਾਹੀਂ ਗੁਰੂ ਸਾਹਿਬ ਇਹ ਸਮਝਾਉਂਦੇ ਹਨ ਕਿ ਉਪਰੋਕਤ ਵਿਅਕਤੀ ਅਹੰਕਾਰ ਵਸ ਆਪਣੇ ਗੁਰੂ ਦੀ ਪਹਿਚਾਣ ਨ ਕਰ ਅਤੇ ਉਸ ਦੇ ਹੁਕਮ ਅਨੁਸਾਰ ਨਾ ਚਲ ਸਕੇ। ਗੁਰੂ ਤੋਂ ਬਿਨਾਂ ਕਿਸੇ ਨੇ ਉਨ੍ਹਾਂ ਦੀ ਸਾਰ ਨਾ ਲਈ ਅਤੇ ਉਹ ਭਟਕਦੇ ਰਹੇ।

ਗੁਰੂ ਸਾਹਿਬ ਅਨੁਸਾਰ ਗੁਰੂ ਭਗਤੀ ਮਹਾਨ ਹੈ। ਇਸ ਨੂੰ ਉਪਰੋਕਤ ਵਿਅਕਤੀਆਂ ਅਤੇ ਸਧਾਰਨ ਆਦਮੀ ਨੇ ਤਾਂ ਕੀ ਸਮਝਣਾ ਸੀ ਇਸ ਨੂੰ ਬ੍ਰਹਮਾ, ਇੰਦਰ, ਮਹੇਸ਼, ਵਰਗੇ ਵੱਡੇ ਵੱਡੇ ਦੇਵਤੇ ਵੀ ਨਾ ਸਮਝ ਸਕੇ। ਆਪ ਸਮਝਾਉਂਦੇ ਹਨ ਕਿ ਜੇਕਰ ਉਪਰੋਕਤ ਵਿਅਕਤੀਆਂ ਗੁਰੂ ਦੀ ਮਹੱਤਤਾ ਨੂੰ ਸਮਝਿਆ ਹੁੰਦਾ ਤਾਂ ਉਹ ਮੁਕਤੀ ਪ੍ਰਾਪਤ ਕਰ ਜਾਂਦੇ। ਆਪ ਫੁਰਮਾਉਂਦੇ ਹਨ:

ਗੁਰੂ ਕੀ ਭਗਤਿ ਕਰਹਿ ਕਿਆ ਪ੍ਰਾਣੀ॥

ਬ੍ਰਹਮੈ ਇੰਦਰ ਮਹੇਸਿ ਨਾ ਜਾਣੀ॥[80]

ਗੁਰੂ ਸਾਹਿਬ ਅੱਗੇ ਲਿਖਦੇ ਹਨ ਕਿ ਗੁਰੂ ਆਪਣੇ ਸ਼ਿਸ਼ ਦੀ ਪ੍ਰੀਖਿਆ ਵੀ ਲੈਂਦਾ ਹੈ। ਅਜਿਹੀ ਹੀ ਪ੍ਰੀਖਿਆ ਗੁਰਦੇਵ ਰਿਸ਼ੀ ਦੀ ਰਾਜੇ ਜਨਕ ਦੁਆਰਾ ਲਈ ਗਈ ਸੀ। ਪਿਛਲੇ ਅਧਿਆਇਆਂ ਵਿਚ ਦਿੱਤੀ ਮਿੱਥ ਕਥਾ ਅਨੁਸਾਰ ਸੁਕਦੇਵ ਰਿਸ਼ੀ ਜਦ ਆਪਣੇ ਪਿਤਾ ਬਿਆਸ ਰਿਸ਼ੀ ਦੇ ਗਿਆਨ ਤੋਂ ਸੰਤੁਸ਼ਟ ਨਾ ਹੋ ਸਕਿਆ ਤਾਂ ਉਹ ਜਨਕ ਪਾਸ ਗਿਆ। ਰਾਜੇ ਜਨਕ ਨੇ ਉਸ ਦੀ ਪ੍ਰੀਖਿਆ ਲਈ। ਉਸਨੇ ਸੁਕਦੇਵ ਨੂੰ ਸੱਤ ਦਿਨ ਦਲਾਨ ਵਿਚ ਖੜ੍ਹਾਈ ਰੱਖਿਆ। ਯੱਗ ਦੀਆਂ ਜੂਠੀਆਂ ਪੱਤਲਾਂ ਸੱਤ ਦਿਨ ਉਸ ਦੇ ਸਿਰ ਉੱਪਰ ਡਿਗਦੀਆਂ ਰਹੀਆਂ ਪਰ ਸੁਕਦੇਵ ਗੁਰੂ ਜਨਕ ਦੀ ਪ੍ਰੀਖਿਆ ਤੇ ਖਰਾ ਉਤਰਿਆ। ਗੁਰੂ ਸਾਹਿਬ ਇਸ ਪ੍ਰੀਖਿਆ ਬਾਰੇ ਸੰਕੇਤਕ ਵਰਨਣ ਕਰਦੇ ਹਨ:

ਜਾਤ ਨਜਾਤਿ ਦੇਖਿ ਮਤ ਭਰਮਹ
ਸੁਕ ਜਨਕ ਪਗੀ ਲਗਿ ਧਿਆਵੈਗੋ।
ਜੂਠਨ ਜੂਠਿ ਪਈ ਸਿਰੁ ਊਪਰਿ।
ਖਿਨੁ ਮਨੂਆ ਤਿਲੁ ਨ ਡੁਲਾਵੈਗੋ।[81]

ਉਪਰੋਕਤ ਮਿਥਿਹਾਸਕ ਉਸਾਰੀ ਪੈਟਨਾਂ ਰਾਹੀਂ ਗੁਰੂ ਸਾਹਿਬ ਨੇ ਗੁਰੂ ਦੇ ਮਹੱਤਵ ਨੂੰ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਆਪ ਮਿੱਥਕ ਹਵਾਲੇ ਅਤੇ ਸੰਕੇਤਾਂ ਰਾਹੀਂ ਇਹ ਵਿਚਾਰ ਦ੍ਰਿੜ ਕਰਵਾਉਂਦੇ ਹਨ ਕਿ ਗੁਰੂ ਇਕ ਮਹੱਤਵਪੂਰਨ ਸਖਸ਼ੀਅਤ ਹੈ ਜੋ ਪਰਮਾਤਮਾ ਅਤੇ ਮਨੁੱਖ ਵਿਚ ਇਕ ਵਿਚੋਲੇ ਦਾ ਕੰਮ ਕਰਦਾ ਹੈ। ਗੁਰੂ ਮਨੁੱਖ ਦਾ ਮਾਰਗ ਦਰਸ਼ਨ ਕਰਦਾ ਹੈ। ਉਹ ਚੰਗੇ ਅਤੇ ਮਾੜੇ ਕੰਮਾਂ ਦੀ ਸੋਝੀ ਕਰਵਾਉਂਦਾ ਹੈ, ਜਿਵੇਂ ਬਲਰਾਜੇ, ਜਰਾਸੰਦ, ਜਨਮੇਜਾ, ਸੁਕਦੇਵ ਨੂੰ ਉਸਦੇ ਗੁਰੂ ਨੇ ਕਰਵਾਈ। ਗੁਰੂ ਆਪਣੇ ਸ਼ਬਦ ਦੁਆਰਾ ਮਨੁੱਖ ਦੇ ਮਨ ਵਿਚਲੇ ਵਿਕਾਰਾਂ (ਕਾਮ ਕਰੋਧ, ਲੋਭ, ਮੋਹ, ਹੰਕਾਰ) ਦਾ ਨਾਸ ਕਰਦਾ ਹੈ ਅਤੇ ਆਪਣੇ ਸ਼ਬਦ ਨਾਲ ਮਨੁੱਖ ਨੂੰ ਪਰਮਾਤਮਾ ਨਾਲ ਜੋੜ ਕੇ ਮੁਕਤੀ ਦਾ ਰਾਹ ਦਰਸਾਉਂਦਾ ਹੈ। ਇਸ ਲਈ ਗੁਰੂ ਸਾਹਿਬ ਅਨੁਸਾਰ ਗੁਰੂ ਦੀ ਧਾਰਨਾ ਕਰਨੀ ਅਤੀ ਜ਼ਰੂਰੀ ਹੈ।

**ਭਗਤੀ ਦੀ ਮਹੱਤਤਾ ਸਬੰਧੀ ਮਿਥਿਹਾਸਕ ਉਸਾਰੀ ਪੈਟਰਨ:**

ਭਗਤੀ ਮੱਧਕਾਲ ਦੇ ਭਗਤਾਂ, ਸੰਤਾਂ, ਦਾ ਮਹੱਤਵਪੂਰਨ ਵਿਸ਼ਾ ਸੀ। ਉਨ੍ਹਾਂ ਨੇ ਇਸ ਦੀ ਮਹੱਤਤਾ ਨੂੰ ਉਜਾਗਰ ਕਰਨ ਲਈ ਕਈ ਮਿਥਿਹਾਸਕ ਉਸਾਰੀ ਪੈਟਰਨਾ ਦੀ ਵਰਤੋਂ ਕੀਤੀ। ਗੁਰੂ-ਬਾਣੀ ਨੇ ਇਸੇ ਪਰੰਪਰਾ ਤੇ ਚਲਦਿਆਂ ਹੋਇਆਂ ਭਗਤੀ ਭਾਵਨਾਂ ਨੂੰ ਦ੍ਰਿੜ ਕਰਵਾਉਣ ਲਈ ਕਈ ਮਿੱਥ ਕਥਾਵਾਂ ਨੂੰ ਸੰਕੇਤਕ ਤੇ ਹਵਾਲਿਆਂ ਦੇ ਤੌਰ ਤੇ ਆਪਣੀਆਂ ਰਚਨਾਵਾਂ ਵਿਚ ਪੇਸ਼ ਕੀਤਾ। ਉਨ੍ਹਾਂ ਨੇ ਧਰੂ-ਭਗਤ ਪ੍ਰਹਿਲਾਦ, ਸੁਦਾਮਾ, ਗਨਕਾ, ਬਭੀਸਣ, ਅਜਾਮਲ, ਦਰੋਪਦੀ ਬਿਦਰ ਆਦਿ ਭਗਤਾਂ/ਵਿਅਕਤੀਆਂ ਨਾਲ ਸਬੰਧਿਤ ਮਿੱਥ ਕਥਾਵਾਂ ਪੇਸ਼ ਕਰਕੇ ਲੋਕਾਂ ਨੂੰ ਭਗਤੀ ਭਾਵਾਂ ਪ੍ਰਤੀ ਪਰੇਰਿਤ ਕੀਤਾ। ਅਸੀਂ ਗੁਰੂ-ਬਾਣੀ ਵਿਚ ਪੇਸ਼ ਭਗਤੀ ਭਾਵਨਾ ਸਬੰਧੀ ਮਿਥਿਹਾਸਕ ਉਸਾਰੀ ਪੈਟਰਨਾਂ ਤੋਂ ਪਹਿਲਾਂ ਗੁਰਬਾਣੀ ਵਿਚ ਭਗਤੀ ਦੇ ਸੰਕਲਪ ਸਬੰਧੀ ਮੁਢਲੀ ਜਾਣਕਾਰੀ ਹਾਸਲ ਕਰਾਂਗੇ।

**ਭਗਤੀ ਦਾ ਸੰਕਲਪ:**

**ਭਗਤੀ ਸ਼ਬਦ ਦੇ ਅਰਥ:** ਭਗਤੀ ਸ਼ਬਦ ਦੀ ਉਤਪਤੀ ਸੰਸਕ੍ਰਿਤ ਦੇ 'ਭਜ' ਸ਼ਬਦ ਤੋਂ ਮੰਨੀ ਗਈ ਹੈ। ਇਸ ਦੇ ਕੋਸ਼ਗਤ ਅਰਥ ਹਨ: 'ਵਿਭਾਗ', 'ਬਾਦ', 'ਤਕਸੀਮ', 'ਸੇਵਾ', 'ਉਪਾਸਨਾ', 'ਸ੍ਰਪਾ'।[82] ਸਧਾਰਨ ਭਾਸ਼ਾ ਵਿਚ ਇਸ ਦੇ ਅਰਥ ਹਨ: ਕਿਸੇ ਉਪਰ ਨਿਸਠਾ ਰਖਣਾ ਤੇ ਉਸਦੀ ਸੇਵਾ ਵਿਚ ਲਗੇ ਰਹਿਣਾ।

> **ਭਗਤੀ ਦੀ ਪਰਿਭਾਸ਼ਾ:** ਸ਼ੰਕਰਾਚਾਰੀਆਂ ਦੁਆਰਾ ਆਪਣੇ ਆਪ ਦੀ ਖੋਜ ਹੀ ਭਗਤੀ ਹੈ[83]
>
> ਡਾ.ਗੋਬਿੰਦ ਤ੍ਰਿਗੁਣਾਇਤ ਦੁਆਰਾ ਪੇਸ਼ ਕੁਝ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਇਸ ਪ੍ਰਕਾਰ ਹੈ:
>
> ਵਿਆਸ ਦੇ ਮਤ ਅਨੁਸਾਰ ਪੂਜਾ ਆਦਿ ਵਿਚ ਪ੍ਰਗਾੜ੍ਹ ਜਾਂ ਅਧਿਆਤਿਮਕ ਪ੍ਰੇਮ ਹੋਣਾ ਹੀ ਭਗਤੀ ਹੈ।

ਮਹਾਂਰਿਸ਼ੀ ਗਰਗ ਅਨੁਾਰ ਗੁਣ ਕੀਰਤਨ ਆਦਿ ਵਿਚ ਹੋਣ ਵਾਲੇ ਪ੍ਰਗਾੜ੍ਹ ਭਾਗਵਤ ਪ੍ਰੇਮ ਨੂੰ ਹੀ ਭਗਤੀ ਮੰਨਦੇ ਹਨ।

ਆਚਾਰਯ ਸਾਂਡਿਲਯ ਦੇ ਮਤ ਅਨੁਸਾਰ ਆਤਮ ਵਿਚ ਤੀਬਰਤਾ ਦਾ ਹੋਣਾ ਹੀ ਭਗਤੀ ਹੈ:

ਸੁਆਮੀ ਰਾਮਾਨੁਜ ਆਚਾਰਯ ਨੇ ਸਨੇਹ ਪੂਰਵਕ ਕੀਤੇ ਭਗਤ ਧਿਆਨ ਨੂੰ ਭਗਤੀ ਕਿਹਾ ਹੈ।[84]

ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਮਰਦਾਸ ਜੀ ਨੇ ਭਗਤੀ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ:

ਹਰਿ ਭਗਤਿ ਹਰਿ ਕਾ ਪਿਆਰ॥
ਜੇ ਗੁਰਮੁਖਿ ਕਰੇ ਬੀਚਾਰੁ॥
ਪਾਖੰਡਿ ਭਗਤਿ ਨ ਹੋਵਈ॥
ਦੁਬਧਾ ਬੋਲੁ ਖੁਆਰ॥[85]

ਉਪਰੋਕਤ ਸ਼ਬਦ ਦਾ ਭਾਵ ਹੈ ਭਗਤੀ ਕਿਸੇ ਪਾਖੰਡ ਦਾ ਨਾਮ ਨਹੀਂ। ਭਗਤੀ ਪਰਮਾਤਮਾ ਦੇ ਪਿਆਰ ਦਾ ਦੂਜਾ ਨਾਮ ਹੈ। ਪਾਖੰਡਾਂ ਵਿਚ ਖਚਿਤ ਹੋਣ ਨਾਲ ਭਗਤੀ ਨਹੀਂ ਹੋ ਸਕਦੀ।

ਇਸ ਤਰ੍ਹਾਂ ਭਗਤੀ ਦੀ ਪਰਿਭਾਸ਼ਾ ਇਹ ਹੈ ਕਿ ਮਨੁੱਖ ਦਾ ਬ੍ਰਹਮ ਨਾਲ ਪਾਖੰਡ ਰਹਿਤ ਪ੍ਰੇਮ ਕਰਨਾ, ਉਸ ਉਪਰ ਵਿਸ਼ਵਾਸ ਕਰਕੇ ਉਸ ਦੀ ਸੇਵਾ ਵਿਚ ਆਪਣਾ ਆਪ ਅਰਪਿਤ ਕਰ ਦੇਣਾ। ਮਨ ਵਿਚ ਪ੍ਰੇਮ ਦੀ ਜੋਤ ਜਗਾ ਕੇ ਉਸ ਨੂੰ ਧਿਆਉਣਾ ਅਤੇ ਇੰਦਰੀਆਂ ਨੂੰ ਵਸ ਕਰਕੇ ਉਸ ਨਾਲ ਇਕਮਿਕ ਹੋ ਜਾਣਾ ਹੀ ਭਗਤੀ ਹੈ।

**ਭਗਤੀ ਦੀ ਪਰੰਪਰਾ** : ਭਗਤੀ ਦੀ ਪਰੰਪਰਾ ਆਦਿ ਕਾਲ ਤੋਂ ਹੀ ਚਲਦੀ ਆਈ ਹੈ। ਮਨੁੱਖ ਆਦਿ ਕਾਲ ਤੋਂ ਹੀ ਕਿਸੇ ਨਾ ਕਿਸੇ ਕੁਦਰਤੀ ਤੇ ਦੈਵੀ ਸ਼ਕਤੀਆਂ ਦੀ ਭਗਤੀ ਕਰਦਾ ਆਇਆ ਹੈ। ਭਗਤੀ ਦੇ ਸਰੋਤ ਵੇਦਾਂ ਨੂੰ ਮੰਨਿਆ ਗਿਆ ਹੈ। ਵੇਦਾਂ ਦੇ ਮੰਤਰਾਂ ਵਿਚ ਭਗਤੀ ਭਾਵਨਾ ਦੇ

ਅੰਸ਼ ਮੌਜੂਦ ਹਨ।[86] ਭਗਤੀ ਸ਼ਬਦ ਦਾ ਪ੍ਰਯੋਗ ਪਹਿਲੀ ਵਾਰ ਉਪਨਿਸ਼ਦਾਂ ਵਿਚ ਹੋਇਆ ਹੈ। ਉਪਨਿਸ਼ਦਾਂ ਵਿਚ ਭਗਤੀ ਦੇ ਅਧਿਆਤਮਕ ਪੱਖ ਦਾ ਵਰਨਣ ਅਤੇ ਅਗਾਮੀ ਚਿੰਤਨ ਦਾ ਆਧਾਰ ਪ੍ਰਵਾਨ ਕੀਤਾ ਗਿਆ ਹੈ।[87] ਉਪਨਿਸ਼ਦਾਂ ਨੇ ਭਗਤੀ ਦੇ ਦਾਰਸ਼ਨਿਕ ਤੇ ਚਿੰਤਨ-ਪਰਕ ਸਰੂਪ ਦੇਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਪੁਰਾਣ ਸਾਹਿਤ ਵਿਚ ਵੀ ਭਗਤੀ ਚਿੰਤਨ ਦਾ ਉਘੜਵਾਂ ਸਰੂਪ ਮਿਲਦਾ ਹੈ। ਇਨ੍ਹਾਂ ਵਿਚ ਭਗਤੀ ਚਿੰਤਨ ਦੇ ਸਮੂਹਿਕ ਪੱਖਾਂ ਨੂੰ ਜਿਉਂਦੇ ਜਾਗਦੇ ਪਾਤਰਾਂ, ਕਥਾਵਾਂ, ਬਿਰਤਾਂਤਾਂ ਦੇ ਸਾਕਾਰ ਬਿੰਬਾਂ ਰਾਹੀਂ ਨਿਰੂਪਨ ਕੀਤਾ ਹੋ ਗਿਆ ਹੈ। ਇਸ ਦੀ ਉਦਾਹਰਣ ਭਗਵਤ ਗੀਤਾ ਵਿਚ ਵੇਖੀ ਜਾ ਸਕਦੀ ਹੈ। ਭਗਵਤ ਗੀਤਾ ਵਿਚ ਭਗਤੀ ਦੇ ਪ੍ਰਕਾਰ, ਭਗਤੀ ਦਾ ਤਾਤਵਿਕ ਗਿਆਨ, ਉਦੇਸ਼ ਅਤੇ ਭਗਤੀ ਚਿੰਤਨ ਦੇ ਹੋਰ ਪੱਖਾਂ ਬਾਰੇ ਵਿਸਥਾਰ ਸਹਿਤ ਚਰਚਾ ਮਿਲਦੀ ਹੈ। ਇਸ ਦੇ 18 ਅਧਿਆਇ ਵਿਚੋਂ ਛੇ ਅਧਿਆਇ ਭਗਤੀ ਚਿੰਤਨ ਨਾਲ ਸਬੰਧਿਤ ਹਨ।[88]

ਮੱਧਕਾਲ ਵਿਚ ਵੀ ਭਗਤੀ ਲਹਿਰ ਦਾ ਵਿਕਾਸ ਬਹੁਤ ਜ਼ਿਆਦਾ ਹੋਇਆ ਪਰ ਭਗਤੀ ਪਰੰਪਰਾ ਦੇ ਵਿਕਾਸ ਵਿਚ ਦੱਖਣ ਦੇ ਵੈਸ਼ਨਵ ਆਲਵਾਰ, ਸੈਵ ਆਂਡਿਆਰ ਤੇ ਭਗਤੀ ਅਚਾਰੀਆਂ ਨੇ ਅਹਿਮ ਭੂਮਿਕਾ ਨਿਭਾਈ। ਅਲਵਾਰ ਸੰਤਾਂ ਨੇ ਕੇਵਲ ਦੱਖਣ ਵਿਚ ਹੀ ਨਹੀਂ ਸਗੋਂ ਸਮੁੱਚੇ ਭਾਰਤ ਵਰਸ਼ ਵਿਚ ਭਗਤੀ ਭਾਵਨਾ ਦਾ ਪ੍ਰਚਾਰ ਕੀਤਾ। ਇਨ੍ਹਾਂ ਵਿਚੋਂ ਸ਼ੰਕਰਾਚਾਰੀਆ ਦਾ ਵਿਸ਼ੇਸ਼ ਸਥਾਨ ਹੈ। ਇਸ ਤੋਂ ਇਲਾਵਾ- 'ਰਾਮਾਨੁਜ', 'ਮਾਧਵਾਚਾਰੀਆਂ', 'ਮਾਧਵ', 'ਨਿੰਬਾਰਕ', 'ਵਿਸ਼ਨੂੰ ਸੁਆਮੀ', 'ਵਲਭ', 'ਚੈਤੰਨਯ' ਆਦਿ ਆਚਾਰੀਆਂ ਹੋਏ ਹਨ ਜਿਨ੍ਹਾਂ ਨੇ ਭਗਤੀ ਭਾਵਨਾ ਸਬੰਧੀ ਦਾਰਸ਼ਨਿਕ ਵਿਚਾਰ ਪੇਸ਼ ਕੀਤੇ ਹਨ।

ਉਪਰੋਕਤ ਭਗਤੀ ਲਹਿਰ ਦਾ ਅਸਰ ਪੰਜਾਬ ਵਿਚ ਅਤੇ ਖਾਸ ਕਰਕੇ ਗੁਰੂ-ਬਾਣੀ ਉਪਰ ਵੀ ਪਿਆ। ਉਪਰੋਕਤ ਕਈ 'ਭਗਤ' ਆਗੂ ਉਤਰੀ ਭਾਰਤ ਅਤੇ ਖਾਸ ਕਰਕੇ ਪੰਜਾਬ ਦੇ ਖੇਤਰ ਵਿਚ ਪ੍ਰਚਾਰ ਲਈ ਆਏ। ਭਗਤ ਨਾਮਦੇਵ ਜੀ ਉਨ੍ਹਾਂ ਵਿਚੋਂ ਇਕ ਸਨ (ਜਿਨ੍ਹਾਂ ਦਾ ਮੰਦਰ ਪਿੰਡ ਘੁਮਾਣ, ਜਿਲ੍ਹਾ ਗੁਰਦਾਸਪੁਰ ਵਿਚ ਵੇਖਿਆ ਜਾ ਸਕਦਾ ਹੈ) ਇਨ੍ਹਾਂ ਨੇ ਪੰਜਾਬ ਵਿਚ ਭਗਤੀ

ਭਾਵਨਾ ਦਾ ਬਹੁਤ ਪ੍ਰਚਾਰ ਕੀਤਾ। ਗੁਰੂ ਸਾਹਿਬਾਨ ਨੇ ਇਨ੍ਹਾਂ ਭਗਤਾਂ ਦੀ ਭਗਤੀ ਵਿਚਾਰਧਾਰਾ ਨੂੰ ਗੁਰਮਿਤ ਦੇ ਅਨੁਕੂਲ ਸਮਝਦਿਆਂ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਦੀ ਬਾਣੀ ਨੂੰ ਸ਼ਾਮਲ ਕੀਤਾ। ਕਬੀਰ, ਜੈ ਦੇਵ, ਤ੍ਰਿਲੋਚਨ, ਨਾਮਦੇਵ, ਸਧਨਾ, ਧੰਨਾ, ਰਾਮਾਨੰਦ, ਸੈਣ, ਰਵਿਦਾਸ, ਪੀਪਾ ਆਦਿ ਇਨ੍ਹਾਂ ਭਗਤਾਂ ਵਿਚੋਂ ਪ੍ਰਮੁੱਖ ਹਨ।

ਭਾਰਤ ਵਿਚ ਮੱਧਕਾਲ ਸਮੇਂ ਦੋ ਤਰ੍ਹਾਂ ਦੀ ਭਗਤੀ ਪ੍ਰਚੱਲਿਤ ਹੋਈ।

(1) ਸਰਗੁਣ ਭਗਤੀ, (2) ਨਿਰਗੁਣ ਭਗਤੀ

(1) **ਸਰਗੁਣ ਭਗਤੀ:** ਸਰਗੁਣ ਭਗਤੀ ਆਦਿ ਕਾਲ ਤੋਂ ਹੀ ਪ੍ਰਚੱਲਿਤ ਸੀ ਵੈਦਿਕ ਕਾਲ ਵਿਚ ਲੋਕ ਕੁਦਰਤ ਦੀ ਪੂਜਾ ਕਰਦੇ ਸਨ ਅਤੇ ਹਰ ਇਕ ਕੁਦਰਤੀ ਚੀਜ਼ ਵਿਚੋਂ ਬ੍ਰਹਮ ਦਾ ਰੂਪ ਦੇਖਦੇ ਸਨ। ਸਮਾਂ ਪਾ ਕੇ ਇਨ੍ਹਾਂ ਕੁਦਰਤੀ ਸ਼ਕਤੀਆਂ ਨੂੰ ਕਈ ਨਾਮ ਦੇ ਦਿੱਤੇ ਗਏ ਜੋ ਦੇਵੀ-ਦੇਵਤਿਆਂ ਦੇ ਰੂਪ ਵਿਚ ਪ੍ਰਚੱਲਿਤ ਹੋਏ। ਇਨ੍ਹਾਂ ਦੇਵੀ ਦੇਵਤਿਆਂ ਵਿਚੋਂ ਸ਼ਿਵ ਵਿਸ਼ਨੂੰ, ਬ੍ਰਹਮਾ, ਇੰਦਰ ਆਦਿ ਪ੍ਰਮੁੱਖ ਸਨ। ਇਨ੍ਹਾਂ ਦੇਵੀ ਦੇਵਤਿਆਂ ਦੀ ਪੂਜਾ ਕੀਤੀ ਜਾਣ ਲੱਗੀ ਅਤੇ ਇਨ੍ਹਾਂ ਨੂੰ ਅਵਤਾਰ ਰੂਪ ਵਿਚ ਵੀ ਪੂਜਿਆ ਜਾਣ ਲੱਗਾ। ਇਨ੍ਹਾਂ ਨੂੰ ਖੁਸ਼ ਕਰਨ ਲਈ ਕਈ ਤਰ੍ਹਾਂ ਦੇ ਯੱਗ ਕੀਤੇ ਜਾਣ ਲੱਗੇ ਅਤੇ ਪਸ਼ੂ ਤੇ ਮਨੁੱਖ ਦੀ ਬਲੀ ਦਿੱਤੀ ਜਾਣ ਲੱਗੀ। ਇਹ ਸਭ ਕੁਝ ਕੱਸ਼ਟ ਨਿਵਾਰਨ ਇੱਛਾ ਪ੍ਰਾਪਤੀ ਸਦਕਾ ਕੀਤਾ ਜਾਣ ਲੱਗਾ। ਜਿਸ ਦੇ ਸਿੱਟੇ ਵਜੋਂ ਸਰਗੁਣ ਭਗਤੀ ਪ੍ਰਚੱਲਿਤ ਹੋਈ। ਉਪਰੋਕਤ ਬਾਰੇ ਡਾ. ਬਲਬੀਰ ਕੌਰ ਲਿਖਦੇ ਹਨ:

> *ਵੈਦਿਕ ਤੇ ਉਪਨਿਸ਼ਦ ਕਾਲ ਵਿਚ ਬ੍ਰਹਮ ਨੂੰ ਤ੍ਰੈਗੁਣਾਤੀਤ ਮੰਨ ਕੇ ਬਹੁਦੇਵਵਾਦ ਤੇ ਅਵਤਾਰਵਾਦ ਦੇ ਸਿਧਾਂਤਾਂ ਨੂੰ ਸਵੀਕਾਰਿਆ ਜਾਂਦਾ ਸੀ। ਇਸ ਪ੍ਰਕਾਰ ਅਨੇਕ ਇਸ਼ਟ-ਦੇਵਾਂ ਨੂੰ ਖੁਸ਼ ਕਰਨ ਲਈ ਅਨੇਕ ਪ੍ਰਕਾਰ ਦੇ ਬਲੀਦਾਨ ਤੇ ਕੀਮਤੀ ਚੀਜ਼ਾਂ ਦੀ ਦੱਛਣਾ ਦਿੱਤੀ ਜਾਂਦੀ ਸੀ। ਅਗਲੇ ਜਨਮ ਦੇ ਸ਼ੁਭ ਫਲ ਲਈ ਪਸ਼ੂ ਪੰਛੀ ਤੇ ਇਥੋਂ ਤਕ ਮਨੁੱਖਾਂ ਦੀ ਬਲੀ ਦਿੱਤੀ ਜਾਂਦੀ ਸੀ।*[9]

ਡਾ. ਨਰਿੰਦਰ ਕੌਰ ਅਨੁਸਾਰ:

> *ਵੈਦਿਕ ਕਾਲ ਦੇ ਲੋਕਾਂ ਦੇ ਧਾਰਮਕ ਅਨੁਸਠਾਨਾਂ ਦੇ ਪ੍ਰਧਾਨ ਅੰਗ 'ਦੇਵ ਪੂਜਾ', 'ਪਿਤਰ ਪੂਜਾ' ਤੇ 'ਯਗ' ਆਦਿ ਸਨ। ਉਹਨਾਂ ਦੀ ਉਪਾਸਨਾ ਹਵਨ, ਯਗ, ਪਸ਼ੂਬਲੀ ਤੇ ਦੇਵ-ਸਤੁਤੀ ਦੇ ਰੂਪ ਵਿਚ ਪ੍ਰਗਟਾਈ ਜਾਂਦੀ ਸੀ। ਅਜੇਹਾ ਉਹ ਦੇਵਤਿਆਂ ਦੇ ਭੈ ਵਸ ਕਰਦੇ ਸਨ। ਉਹ ਸਮਝਦੇ ਸਨ ਕਿ ਦੇਵਤੇ ਅਥਾਹ ਸ਼ਕਤੀਆਂ ਦੇ ਮਾਲਿਕ ਹਨ। ਉਹਨਾਂ ਨੂੰ ਖੁਸ਼ ਰੱਖਣ ਨਾਲ ਸਾਡੇ ਦੁੱਖ ਕਲੇਸ਼ ਦੂਰ ਹੋ ਸਕਦੇ ਹਨ; ਨਹੀਂ ਤਾਂ ਅਸੀਂ ਉਹਨਾਂ ਦੀ ਕ੍ਰੋਪੀ ਦੇ ਸ਼ਿਕਾਰ ਹੋ ਜਾਵਾਂਗੇ।*[10]

ਵੈਦਿਕ ਕਾਲ ਦੀ ਉਪਰੋਕਤ ਸਥਿਤੀ ਮੱਧ ਕਾਲ ਤੱਕ ਜਲਦੀ ਰਹੀ ਅਤੇ ਦੇਵੀ ਦੇਵਤੇ, ਅਵਤਾਰ ਦੀ ਸਰਗੁਣ ਭਗਤੀ ਸਿਖਰ ਤੇ ਪਹੁੰਚ ਗਈ। ਇਸ ਸਮੇਂ ਵਨਵ ਮਤ ਦੀ ਇਸ ਸਮੇਂ ਪੂਰੀ ਚੜ੍ਹਤ ਰਹੀ, ਸ਼ਕਰਾਚਾਰੀਆ, ਰਾਮਾਨੰਦ, ਰਾਮਾਨੁਜ,ਠ ਮੱਧਵ ਅਜਾਰਯ, ਵੈਲਭ ਅਚਾਰਯ, ਨਿਬੰਾਰਕ ਅਚਾਰਯ ਆਦਿ ਨੇ ਇਸ ਵਿਚ ਵਿਸ਼ੇਸ਼ ਯੋਗਦਾਨ ਪਾਇਆ।

ਵੈਸ਼ਨਵ ਮਤ ਦੇ ਪ੍ਰਚਾਰ ਨੇ ਵਿਸ਼ਨੂੰ ਭਗਤੀ ਨੂੰ ਵਿਸ਼ੇਸ਼ ਦਰਜਾ ਦਿਵਾਇਆ। ਵਿਸ਼ਨੂੰ ਨੂੰ ਬ੍ਰਹਮ (ਪਰਮਾਤਮਾ) ਦੇ ਬਰਾਬਰ ਸਮਝਿਆ ਜਾਣ ਲੱਗਾ। ਇਸ ਤਰ੍ਹਾਂ ਵਿਸ਼ਨੂੰ ਦੇ 24 ਅਵਤਾਰ ਪ੍ਰਚੱਲਿਤ ਹੋ ਗਏ। ਇਨ੍ਹਾਂ ਵਿਚੋਂ 'ਰਾਮ', 'ਕ੍ਰਿਸ਼ਨ', 'ਮੱਛ', 'ਕੱਛ', 'ਬਾਵਨ', 'ਵਗਾਹ', 'ਨਰ ਸਿੰਘ' ਪ੍ਰਮੁੱਖ ਮੰਨੇ ਗਏ। ਰਾਮ, ਕ੍ਰਿਸ਼ਨ ਨੇ ਇਨ੍ਹਾਂ ਵਿਚੋਂ ਵਧੇਰੇ ਪ੍ਰਸਿੱਧੀ ਹਾਸਲ ਕੀਤੀ। ਡਾ. ਭਗਤ ਸਿੰਘ ਬੇਦੀ ਇਸ ਬਾਬਤ ਲਿਖਦੇ ਹਨ:

> *ਵੈਸ਼ਨਵ ਸੰਪਰਦਾ ਵਾਲਿਆਂ ਦਾ ਇਹ ਦ੍ਰਿੜ ਵਿਸ਼ਵਾਸ ਸੀ ਕਿ ਭਗਵਾਨ ਵਿਸ਼ਨੂੰ ਦੁਸ਼ਟਾ ਦੈਂਤਾਂ ਦਾ ਨਾਸ ਕਰਨ ਲਈ ਅਤੇ ਧਰਮ, ਸਾਧ, ਸੰਤਾਂ ਤੇ ਆਪਣੇ ਭਗਤਾਂ ਦੀ ਅਤਿਆਚਾਰਾਂ ਤੋਂ ਰੱਖਿਆ ਕਰਨ ਲਈ ਰਾਮ ਕ੍ਰਿਸ਼ਨ ਦੇ ਰੂਪ ਵਿਚ ਅਵਤਾਰ ਧਾਰਦਾ ਹੈ।*[11]

ਇਸੇ ਤਰ੍ਹਾਂ ਸੈਵ, ਸਿੱਧ, ਨਾਥ, ਆਦਿ ਮੱਤਾਂ ਨੇ ਵੀ ਆਪਣੇ ਗੁਰੂ, ਪੀਰ, ਦੇਵੀ, ਦੇਵਤਿਆਂ ਨੂੰ ਸਰਵਸ੍ਰੇਸ਼ਟ ਸਿਧ ਕਰਨ ਲਈ ਅਵਤਾਰ ਰੂਪ ਵਿਚ ਪੇਸ਼ ਕੀਤਾ ਅਤੇ ਉਨ੍ਹਾਂ ਨਾਲ ਸੰਬੰਧਿਤ ਕਈ ਮਿੱਥ ਕਥਾਵਾਂ ਜੋੜ ਲਈਆਂ। ਉਨ੍ਹਾਂ ਮਿਥਿਹਾਸਕ ਉਸਾਰੀ, ਪੈਟਰਨਾ ਦੀ ਵਰਤੋਂ ਕਰਕੇ ਉਨ੍ਹਾਂ ਨੂੰ ਭਗਤਾਂ ਦੀ ਰੱਖਿਆ ਕਰਦੇ ਅਤੇ ਹਰ ਤਰ੍ਹਾਂ ਦੇ ਸੰਕਟ ਸਮੇਂ ਪਹੁੰਚਦੇ ਦਰਸਾਇਆ, ਜਿਨ੍ਹਾਂ ਦੀਆਂ ਕਈ ਉਦਾਹਰਣਾਂ ਅਸੀਂ ਪਿਛਲੇ ਅਧਿਆਇਆਂ ਵਿਚ ਵੇਖ ਚੁੱਕੇ ਹਾਂ। ਇਸ ਤਰ੍ਹਾਂ ਇਨ੍ਹਾਂ ਮੱਤਾਂ ਨੇ ਸਰਗੁਣ ਭਗਤੀ ਦੇ ਪ੍ਰਚਾਰ ਲਈ ਮਿਥਿਹਾਸਕ ਉਸਾਰੀ ਪੈਟਰਨਾਂ ਦੀ ਵਰਤੋਂ ਕਰਕੇ ਆਪਣੇ ਵਿਚਾਰਾਂ ਦੀ ਪ੍ਰੋੜਤਾ ਕੀਤੀ ਅਤੇ ਸਰਗੁਣ ਭਗਤੀ ਦਾ ਸੰਦੇਸ਼ ਲੋਕ ਤੱਕ ਪਹੁੰਚਾਇਆ।

(2) **ਨਿਰਗੁਣ ਭਗਤੀ**: ਨਿਰਗੁਣ ਭਗਤੀ ਈਸ਼ਵਰ ਨੂੰ ਏਕੰਕਾਰ, ਨਿਰਾਕਾਰ, ਨਿਰਵੈਰ, ਅਜੋਨੀ ਤ੍ਰੈਗੁਣ ਅਤੀਤ ਮੰਨ ਕੇ ਆਪਣੇ ਪ੍ਰੇਮ ਭਾਵ ਉਸ ਪ੍ਰਤੀ ਪ੍ਰਗਟਾਉਂਦੀ ਹੈ ਅਤੇ ਉਸ ਨੂੰ ਸਰਗੁਣਸੰਪਨ, ਸਰਵਪਾਲਕ, ਸਰਵਉਤਮ, ਸਰਵਸ਼ਕਤੀਮਾਨ ਮੰਨਦੀ ਹੈ। ਇਹ ਭਗਤੀ ਜੀਵ ਅਤੇ ਪਰਮਾਤਮਾ ਦਾ ਮਿਲਾਪ ਕਰਵਾਉਣ ਲਈ ਪਰੇਰਿਤ ਕਰਦੀ ਹੈ।

ਨਿਰਗੁਣ ਭਗਤੀ ਵੀ ਆਦਿ ਕਾਲ ਤੋਂ ਹੀ ਸਰਗੁਣ ਭਗਤੀ ਦੇ ਨਾਲ ਨਾਲ ਚਲਦੀ ਆਈ ਹੈ। ਵੈਦਿਕ ਕਾਲ ਵਿਚ ਨਿਰਗੁਣ ਭਗਤੀ ਦੇ ਕੁਝ ਅੰਸ਼ ਮੌਜੂਦ ਸਨ। ਨਿਰਗੁਣ ਭਗਤੀ ਨੂੰ ਕਠਉਪਨਿਸ਼ਦ ਵਿਚ ਪਰਾਭਗਤੀ ਤੇ ਨਿਰਗੁਣ ਬ੍ਰਹਮ ਨੂੰ ਪਰਾ-ਬ੍ਰਹਮ ਲਿਖਿਆ ਗਿਆ ਹੈ। ਸ੍ਰੀਮਦ ਭਗਵਤ ਗੀਤਾ ਵਿਚ ਉਸ ਪ੍ਰਭੂ ਨੂੰ 'ਪਰਾ-ਬ੍ਰਹਮ', 'ਪਰਧਾਮਾ', ਪਵਿੱਤਰ ਪਰਮ ਭਬਨ, ਪੁਰਸ਼ ਸ਼ਾਸ਼ਵਤ, ਦਿਵਸਮਾਦਿ ਪੇਵਮਜ ਵਿਭੁਮ ਕਹਿਆ ਗਇਆ ਹੈ। ਪਰਾਬ੍ਰਹਮ ਅਜਨਮਾ, ਨਿਤ, ਸਾਸ਼ਵਤ ਅਤੇ ਪੁਰਾਣਾ ਹੈ। ਇਹ ਅਨੰਤ, ਵਿਭੂ, ਸਰਵਾਗਾਥ ਅਤੇ ਅਮ੍ਰਿਤਿ ਹੈ।"[92]

ਵੈਦਿਕ ਕਾਲ ਤੋਂ ਲੈ ਕੇ ਮੱਧਕਾਲ ਤੱਕ ਸਰਗੁਣ ਤੇ ਨਿਰਗੁਣ ਭਗਤੀ ਨਾਲੋ ਨਾਲ ਚਲਦੀਆਂ ਆਈਆਂ ਹਨ। ਭਗਤੀ ਕਾਲ ਦੇ ਬਹੁਤ ਸਾਰੇ ਸੰਤ ਮਹਾਤਮਾ ਦੋਵੇਂ ਵਿਚਾਰਧਾਰਾਵਾਂ ਨਾਲ ਸਬੰਧਿਤ ਸਨ ਜਿਵੇਂ ਰਵਿਦਾਸ, ਰਾਮਨੰਦ, ਨਾਮਦੇਵ, ਧੰਨਾ, ਜੈਦੇਵ, ਤ੍ਰਿਲੋਚਨ, ਸਦਨਾ,

ਸੂਰਦਾਸ, ਪਰਮਾਨੰਦ, ਪੀਪਾ ਆਦਿ। ਉਪਰੋਕਤ ਮਤ ਦੀ ਪੁਸ਼ਟੀ ਕਰਦੇ ਹੋਏ ਸਮਸ਼ੇਰ ਸਿੰਘ ਅਸ਼ੋਕ ਲਿਖਦੇ ਹਨ।

> *ਭਗਤ ਕਬੀਰ ਜੀ ਦੇ ਨਿਰਗੁਣਵਾਦ ਤੋਂ ਪ੍ਰਭਾਵਿਤ ਹੋ ਕੇ ਭਗਤ ਰਵਿਦਾਸ ਜੀ ਸਾਕਾਰ ਬ੍ਰਹਮ ਦੀ ਉਪਾਸਨਾ ਛਡ ਕੇ ਨਿਰਗੁਣਵਾਦੀ ਹੋ ਗਏ।*[93]
>
> *ਭਗਤ ਤ੍ਰਿਲੋਚਨ ਵੀ ਜੋ ਪਹਿਲਾਂ ਪੱਕਾ ਦੇਵਤਾਵਾਦੀ ਤੇ ਬੁਤਪ੍ਰਸਤ ਸੀ। ਇਸ ਅਸਲੀਅਤ (ਵਹਦਾਨੀਅਤ ਪ੍ਰਸਤੀ) ਨੂੰ ਸਾਫ਼ ਲਫ਼ਜਾਂ ਵਿਚ ਕਬੂਲਿਆ।*[94]

ਨਿਰਗੁਣ ਭਗਤੀ ਨਿਖੜਵੇਂ ਰੂਪ ਵਿਚ ਭਗਤ ਕਬੀਰ ਜੀ ਦੇ ਪ੍ਰਭਾਵ ਹੇਠ ਪ੍ਰਫੁੱਲਤ ਹੋਈ। ਉਨ੍ਹਾਂ ਨੇ ਖੁਲ੍ਹ ਕੇ ਨਿਰਗੁਣ ਭਗਤੀ ਦਾ ਪ੍ਰਚਾਰ ਕੀਤਾ ਅਤੇ ਦੇਵੀ ਦੇਵਤਿਆਂ ਅਤੇ ਅਵਤਾਰਾਂ ਵਿਰੁਧ ਅਵਾਜ਼ ਉਠਾਈ। ਆਪ ਲਿਖਦੇ ਹਨ :

> ਜੋ, ਪਾਥਰ ਕਉ ਕਹਤੇ ਦੇਵ ਤਾ ਕੀ ਬਿਰਥਾ ਹੋਵੈ ਸੇਵ।।
> ਜੋ ਪਾਥਰ ਕੀ ਪਾਂਈ ਪਾਇ।। ਤਿਸ ਕੀ ਘਾਲਿ ਅਜਾਂਈ ਜਾਇ।।[95]

ਉਪਰੋਕਤ ਨਿਰਗੁਣਵਾਦੀ ਵਿਚਾਰਧਾਰਾ ਦਾ ਪ੍ਰਭਾਵ ਸਿੱਖ ਗੁਰਬਾਣੀ ਉਪਰ ਪਿਆ। ਗੁਰੂ ਨਾਨਕ ਸਾਹਿਬ ਪੰਜਾਬ ਵਿਚ ਪ੍ਰਮੁੱਖ ਨਿਰਗੁਣਵਾਦੀ ਸਨ। ਉਨ੍ਹਾਂ ਦੇ ਉਤਰਾਧਿਕਾਰੀ ਗੁਰੂਆਂ ਨੇ ਵੀ ਇਸ ਵਿਚਾਰਧਾਰਾ ਦਾ ਪ੍ਰਚਾਰ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਿਰਗੁਣਵਾਦੀ ਵਿਚਾਰਾਂ ਵਾਲੇ ਭਗਤਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ੇਸ਼ ਸਥਾਨ ਦਿੱਤਾ।

ਸਿੱਖ ਗੁਰੂਬਾਣੀ ਦੀ ਨਿਰਗੁਣ ਭਗਤੀ ਦੀ ਆਪਣੀ ਵਿਲੱਖਣਤਾ ਹੈ। ਗੁਰਬਾਣੀ ਦੀ ਭਗਤੀ ਇਕ ਪਰਮਾਤਮਾ ਵਿਚ ਵਿਸ਼ਵਾਸ ਰੱਖਦੀ ਹੈ ਜੋ ਏਕੰਕਾਰ ਹੈ, ਨਿਰਭਉ ਹੈ, ਨਿਰਵੈਰ ਹੈ, ਉਹ ਜੰਮਣ ਮਰਨ ਵਿਚ ਨਹੀਂ ਆਉਂਦਾ। ਸਿੱਖ ਗੁਰੂਬਾਣੀ ਦੀ ਭਗਤੀ ਪ੍ਰੇਮਾ ਭਾਉ ਤੇ ਭੈ ਦੀ

ਭਗਤੀ ਅਤੇ ਨਿਰਗੁਣ-ਸਰਗੁਣ ਦਾ ਸੁਮੇਲ ਹੈ। ਗੁਰੂਬਾਣੀ ਦੀ ਭਗਤੀ ਕਿਸੇ ਅਵਤਾਰ/ਦੇਵੀ/ਦੇਵਤੇ ਦੀ ਭਗਤੀ ਵਿਚ ਵਿਸ਼ਵਾਸ ਨਹੀਂ ਰਖਦੀ, ਉਹ ਤਾਂ ਕੇਵਲ ਨਿਰਗੁਣ ਬ੍ਰਹਮ ਦੀ ਭਗਤੀ ਵਿਚ ਵਿਸ਼ਵਾਸ ਰੱਖਦੀ ਹੈ। ਇਸ ਬਾਬਤ ਡਾ. ਮਨਮੋਹਨ ਸਿੰਘ ਲਿਖਦੇ ਹਨ:

> *ਗੁਰਮਤਿ ਦੀ ਭਗਤੀ ਨਾ ਤਾਂ ਰਾਮਨੁਜ ਦੀ 'ਲਖਸ਼ਮੀ ਨਰਾਇਣ' ਦੀ ਭਗਤੀ ਹੈ ਅਤੇ ਨਾ ਹੀ ਰਾਮਾਨੰਦ ਦੀ 'ਸੀਤਾ ਰਾਮ' ਦੀ ਭਗਤੀ, ਇਹ ਭਗਤੀ ਵਲਭਚਾਰੀਆ ਦੀ 'ਬਾਲ ਗੋਪਾਲ' ਦੀ ਭਗਤੀ ਵੀ ਨਹੀਂ ਅਤੇ ਨਾ ਹੀ ਚੈਤੰਨਯ ਮਹਾਂਪ੍ਰਭੂ ਦੀ 'ਰਾਧਾ ਕ੍ਰਿਸ਼ਨ' ਵਾਲੀ ਭਗਤੀ ਹੈ। ਇਹ ਨਿਰਗੁਣ ਬ੍ਰਹਮ ਦੀ ਭਗਤੀ ਹੈ।*[96]

ਗੁਰਬਾਣੀ ਦੀ ਭਗਤੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਭਾਉ ਅਤੇ ਭੈ ਦੀ ਭਗਤੀ ਹੈ। ਬ੍ਰਹਮ ਦੇ ਭੈ ਵਿਚ ਰਹਿ ਕੇ ਪ੍ਰੇਮ ਦੁਆਰਾ ਭਗਤੀ ਕਰਨੀ ਹੈ। ਇਸ ਬਾਰੇ ਗੁਰੂ-ਬਾਣੀ ਵਰਨਣ ਇਸ ਪ੍ਰਕਾਰ ਹੈ:

ਭੈ ਭਾਇ ਭਗਤਿ ਤਰੁ ਭਵਜਲੁ ਮਨਾ ਚਿਤੁ ਲਾਇ ਹਰਿ ਚਰਣੀ।[97]

ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਕਿ ਭਗਤੀ ਪ੍ਰੇਮ ਸਾਧਨਾ ਹੈ, ਜੋ ਵਿਅਕਤੀ ਪ੍ਰੇਮਾ ਭਗਤੀ ਨਾਲ ਸੱਚੇ ਪਰਮਾਤਮਾ ਨੂੰ ਅਰਾਧਦੇ ਹਨ, ਅਤਿਅੰਤ ਪ੍ਰੇਮ ਦੇ ਪਿਆਸੇ ਹਨ ਅਤੇ ਵਿਰਲਾਪ ਵਾਲੀਆਂ ਬੇਨਤੀਆਂ ਕਰਦੇ ਹਨ। ਉਨ੍ਹਾਂ ਨੂੰ ਚਿਤ ਦੇ ਪ੍ਰੇਮ-ਭਾਵ ਸਾਰੇ ਸੁਖ ਪ੍ਰਾਪਤ ਹੁੰਦੇ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ:

ਭਗਤਿ ਪ੍ਰੇਮ ਅਰਾਧਿਤੰ ਸਚੁ ਪਿਆਸ ਪਰਮ ਹਿਤੰ॥
ਬਿਲਲਾਪ ਬਿਲਲ ਬਿਨੰਤੀਆਂ ਸੁਖ ਭਾਇ ਚਿਤ ਹਿਤੰ॥[98]

ਗੁਰੂਬਾਣੀ ਦੀ ਭਗਤੀ ਦੀ ਵਿਲੱਖਣਤਾ ਇਸ ਵਿਚ ਹੈ ਕਿ ਇਹ ਵੈਧੀ ਭਗਤੀ ਦੇ ਟਾਕਰੇ ਤੇ ਰਾਗਾਤਮਿਕ ਭਗਤੀ ਤੇ ਵਧੇਰੇ ਜ਼ੋਰ ਦਿੰਦੀ ਹੈ। ਇਸ ਵਿਚ ਬਾਹਰਮੁਖੀ ਆਚਾਰਾਂ,

ਆਡੰਬਰਾਂ, ਪਾਖੰਡਾਂ, ਅਭੇਵ ਹੈ। ਇਸ ਵਿਚ ਤਿਲਕ ਮਾਲਾ, ਮੂਰਤੀ ਪੂਜਾ, ਜਨੇਊ, ਫੁੱਲ, ਚੰਦਨ, ਧੂਪ, ਦੀਪ ਆਦਿ ਦੀ ਨਿਰਾਰਥਕਤਾ ਦਾ ਥਾਂ ਥਾਂ ਜ਼ਿਕਰ ਕੀਤਾ ਗਿਆ ਹੈ। ਇਸ ਵਿਚ ਇਕ ਅਕਾਲ ਪੁਰਖ ਦੀ ਪੂਜਾ ਕੀਤੀ ਜਾਂਦੀ ਹੈ। ਕਿਸੇ ਅਵਤਾਰ/ਦੇਵੀ-ਦੇਵਤਿਆਂ ਦੀ ਪੂਜਾ ਨਹੀਂ ਕੀਤੀ ਜਾਂਦੀ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਇਕ ਨਿਰਗੁਣ ਬ੍ਰਹਮ ਦੀ ਪੂਜਾ ਵਿਚ ਮਨ ਲਗਾਉਣਾ ਚਾਹੀਦਾ ਹੈ:

ਏਕ ਬਿਨਾ ਦੂਜਾ ਨਹੀ ਜਾਨੈ॥
ਘਟ ਘਟ ਅੰਤਰਿ ਪਾਰਬ੍ਰਹਮ ਪਛਾਨੈ॥[99]

ਸਿੱਖ ਗੁਰੂਬਾਣੀ ਦੀ ਭਗਤੀ ਵਿਚ ਮੂਰਤੀ ਪੂਜਾ ਦਾ ਖੰਡਨ ਕੀਤਾ ਗਿਆ ਹੈ। ਗੁਰੂ ਸਾਹਿਬ ਕਿਸੇ ਵੀ ਅਵਤਾਰ, ਦੇਵੀ-ਦੇਵਤੇ ਦੀ ਮੂਰਤੀ ਨੂੰ ਪੂਜਣ ਦੀ ਵਿਰੋਧਤਾ ਕਰਦੇ ਹਨ। ਸੋਰਠ ਰਾਗ ਵਿਚ ਗੁਰੂ ਜੀ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਦੇਵੀ ਦੇਵਤਿਆਂ ਮੂਰਤੀਆਂ ਨੂੰ ਕਿਓਂ ਪੂਜਿਆ ਜਾਵੇ, ਮੰਗਣ ਤੇ ਉਹ ਕੀ ਦੇ ਸਕਦੇ ਹਨ? ਅਰਥਾਤ ਕੁਝ ਦੇ ਸਕਣ ਦੇ ਅਸਮਰਥ ਹਨ। ਜੇ ਉਨ੍ਹਾਂ ਨੂੰ ਪਾਣੀ ਵਿਚ ਪਾਈਏ ਤਾਂ ਉਹ ਡੁਬ ਜਾਂਦੀਆਂ ਹਨ ਫਿਰ ਉਹ ਮਨੁੱਖ ਕਿਵੇਂ ਤਾਰ ਸਕਦੀਆਂ ਹਨ।

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ॥[100]

ਗੁਰੂਬਾਣੀ ਵਿਚ ਨਿਸ਼ਕਾਮ ਭਗਤੀ ਤੇ ਜ਼ੋਰ ਦਿੱਤਾ ਗਿਆ ਹੈ ਕਿਉਂਕਿ ਸੰਸਾਰ ਮਾਇਆ ਮੋਹ ਵਿਚ ਫਸਿਆ ਹੋਇਆ ਹੈ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਮਨੁੱਖ ਨੂੰ ਮਾਇਆ ਦਾ ਮੋਹ ਤਿਆਗ ਕੇ ਸੱਚੀ ਭਗਤੀ ਰਜੋ, ਸਤੋ ਅਤੇ ਤਮੋ ਗੁਣਾਂ ਤੋਂ ਉਪਰ ਉੱਠ ਕੇ ਕਰਨੀ ਚਾਹੀਦੀ ਹੈ। ਆਪ ਬਿਆਨ ਕਰਦੇ ਹਨ:

ਭਸਮ ਚੜਾਇ ਕਰਹਿ ਪਾਖੰਡੁ॥
ਮਾਇਆ ਮੋਹਿ ਸਹਹਿ ਜਮ ਡੰਡੁ॥[101]

ਗੁਰੂ ਸਾਹਿਬ ਨੇ ਮਨੁੱਖਾ ਜਨਮ ਵਿਚ ਭਗਤੀ ਕਰਨ ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਅਨੁਸਾਰ ਇਹ ਜਨਮ ਸ੍ਰੇਸ਼ਟ ਹੈ। ਇਸ ਜਨਮ ਨੂੰ ਤਾਂ ਦੇਵਤੇ ਵੀ ਤਰਸਦੇ ਹਨ ਇਸ ਲਈ ਇਸ ਜਨਮ ਵਿਚ ਪ੍ਰਭੂ ਨਾਲ ਸੱਚਾ ਪ੍ਰੇਮ ਪੈਦਾ ਕਰਕੇ ਭਗਤੀ ਕਰਨੀ ਚਾਹੀਦੀ ਹੈ ਪਰ ਇਹ ਪ੍ਰੇਮ ਗੁਰੂ ਹੀ ਆਪਣੇ ਸ਼ਬਦ ਦੁਆਰਾ ਪੈਦਾ ਕਰ ਸਕਦਾ ਹੈ। ਗੁਰੂ ਭਗਤੀ ਪ੍ਰਾਪਤੀ ਦੇ ਗੁਣਾਂ ਦੀ ਪਛਾਣ ਕਰਵਾਉਂਦਾ ਹੈ। ਗੁਰੂ ਤੋਂ ਬਿਨਾਂ ਗੁਣਾਂ ਦਾ ਗਿਆਨ ਨਹੀਂ ਹੋ ਸਕਦਾ ਅਤੇ ਗੁਣਾਂ ਤੋਂ ਬਿਨਾਂ ਭਗਤੀ ਨਹੀਂ ਹੋ ਸਕਦੀ।

ਬਿਨ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਤਿ ਨ ਹੋਇ॥[102]

ਇਸ ਤਰ੍ਹਾਂ ਗੁਰੂ-ਬਾਣੀ ਦੀ ਭਗਤੀ ਨਿਰਗੁਣਵਾਦੀ ਵਿਚਾਰਧਾਰਾ ਤੇ ਆਧਾਰਤ ਹੈ। ਪਰ ਗੁਰੂ-ਬਾਣੀ ਦੀ ਨਿਰਗੁਣਵਾਦੀ ਵਿਚਾਰਧਾਰਾ ਦੂਜੀਆਂ ਵਿਚਾਧਾਰਾਵਾਂ ਨਾਲੋਂ ਵਿਲੱਖਣਤਾ ਰੱਖਦੀ ਹੈ। ਇਹ ਕਿਸੇ ਅਵਤਾਰ ਦੇਵੀ-ਦੇਵਤੇ ਦੀ ਭਗਤੀ ਨਹੀਂ ਸਗੋਂ ਇਕ ਨਿਰਗੁਣ ਬ੍ਰਹਮ ਦੀ ਭਗਤੀ ਹੈ ਜੋ ਸਰਵ ਸ਼ਕਤੀਮਾਨ, ਸਰਵ-ਪ੍ਰਤਿਮਾਨਕ ਸਰਵਸ੍ਰੇਸ਼ਟ ਹੈ। ਗੁਰੂ-ਬਾਣੀ ਦੀ ਭਗਤੀ ਪ੍ਰੇਮ ਤੇ ਸ਼ਰਧਾ ਤੇ ਅਧਾਰਤ ਹੈ, ਕਰਮ ਕਾਂਡ ਤੇ ਪਾਖੰਡ, ਅਡੰਬਰਾਂ ਤੇ ਆਧਾਰਿਤ ਨਹੀਂ। ਇਸ ਭਗਤੀ ਰਾਹੀ ਜੀਵ-ਆਤਮਾ ਅਤੇ ਪਰਮਾਤਮਾ ਦਾ ਮੇਲ ਗੁਰੂ ਦੁਆਰਾ ਦਿੱਤੇ ਸ਼ਬਦ ਅਤੇ ਨਾਮ ਸਿਮਰਨ ਨਾਲ ਹੁੰਦਾ ਹੈ। ਇਸ ਤਰ੍ਹਾਂ ਇਹ ਭਗਤੀ ਮੌਲਿਕ ਤੇ ਸਿਧਾਂਤਕ ਹੈ।

### ਭਗਤੀ ਨਾਲ ਸਬੰਧਿਤ ਮਿਥਿਹਾਸਕ ਉਸਾਰੀ ਪੈਟਰਨ:

ਉਪਰੋਕਤ ਚਰਚਾ ਤੋਂ ਇਹ ਸਪੱਸ਼ਟ ਹੈ ਕਿ ਭਗਤੀ ਦਾ ਮਨੁੱਖੀ ਜੀਵਨ ਵਿਚ ਮਹੱਤਵਪੂਰਨ ਸਥਾਨ ਹੈ। ਭਗਤੀ ਦੀ ਮਹੱਤਤਾ ਨੂੰ ਉਜਾਗਰ ਕਰਨ ਲਈ ਵੈਦਿਕ ਕਾਲ ਅਤੇ ਮੱਧਕਾਲ ਦੇ ਸੰਤਾਂ, ਰਿਸ਼ੀਆਂ, ਭਗਤਾਂ ਨੇ ਆਪਣੇ ਵਿਚਾਰਾਂ ਦੀ ਪ੍ਰੋੜਤਾ ਹਿਤ ਮਿਥਿਹਾਸਕ ਉਸਾਰੀ ਪੈਟਰਨਾ ਦੀ ਵਰਤੋਂ ਕੀਤੀ। ਉਸੇ ਪਰੰਪਰਾ ਨੂੰ ਅਪਣਾਉਂਦੇ ਹੋਏ ਗੁਰੂ-ਬਾਣੀ ਵਿਚ ਗੁਰੂ-ਸਾਹਿਬਾਨ ਨੇ ਵੀ ਭਗਤੀ ਭਾਵਨਾ ਨੂੰ ਦ੍ਰਿੜ ਕਰਵਾਉਣ ਲਈ ਮਿਥਿਹਾਸਕ ਉਸਾਰੀ ਪੈਟਰਨਾਂ ਰਾਹੀਂ ਆਪਣੇ ਵਿਚਾਰਾਂ ਦੀ ਉਸਾਰੀ ਕੀਤੀ ਹੈ।

ਗੁਰੂ ਸਾਹਿਬਾਨ ਮਿਥਿਹਾਸਕ ਉਸਾਰੀ ਪੈਟਰਨਾਂ ਰਾਹੀਂ ਇਹ ਸਮਝਾਉਣਾ ਚਾਹੁੰਦੇ ਹਨ ਕਿ ਕਿਵੇਂ ਭਗਤਾਂ ਦਾ ਭਗਤੀ ਕਰਨ ਨਾਲ ਪ੍ਰਭੂ ਨਾਲ ਮਿਲਾਪ ਹੋਇਆ। ਕਿਵੇਂ ਪ੍ਰਭੂ ਨੇ ਔਖੇ ਸਮੇਂ ਭਗਤਾਂ ਦੀ ਰੱਖਿਆ ਕੀਤੀ ਅਤੇ ਕਿਵੇਂ ਬ੍ਰਹਮ ਪ੍ਰਭੂ ਭਗਤਾਂ ਦੇ ਹਰ ਕਾਰਜ ਵਿਚ ਸਹਾਈ ਹੋਇਆ। ਇਸ ਤੋਂ ਇਲਾਵਾ ਗੁਰੂ ਸਾਹਿਬ ਭਗਤੀ ਭਾਵਨਾ ਵਾਲੇ ਵਿਅਕਤੀਆਂ ਦੀ ਉਦਾਹਰਣ ਵੀ ਪੇਸ਼ ਕਰਦੇ ਹਨ ਕਿ ਕਿਵੇਂ ਹਰੀਚੰਦ ਨੇ ਭਗਤੀ ਨਾਲ ਸਵਰਗ ਨਗਰੀ ਦੀ ਪ੍ਰਾਪਤੀ ਕੀਤੀ। ਕਿਵੇਂ ਬਲਿਰਾਜਾ ਵਰਗੇ ਭਗਤਾਂ ਦੇ ਦਰਵਾਜੇ ਤੇ ਵਿਸ਼ਨੂੰ ਵਰਗੇ ਅਵਤਾਰ ਪਹਿਰਾ ਦਿੰਦੇ ਰਹੇ ਆਦਿ। ਇਹਨਾਂ ਤੋਂ ਇਲਾਵਾ ਭਗਤੀ ਭਾਵਨਾ ਸੰਬੰਧੀ ਹੋਰ ਵੀ ਕਈ ਮਿੱਥਕ ਹਵਾਲੇ ਤੇ ਸੰਕੇਤ ਪੇਸ਼ ਹਨ ਜਿਨ੍ਹਾਂ ਦਾ ਵਰਨਣ ਇਸ ਪ੍ਰਕਾਰ ਹੈ:

ਗੁਰੂ-ਬਾਣੀ ਵਿਚ ਭਗਤੀ ਭਾਵਨਾ ਵਾਲੇ ਪ੍ਰਸਿੱਧ ਭਗਤ 'ਪ੍ਰਹਿਲਾਦ' ਦੀ ਮਿੱਥ ਕਥਾ ਵਿਚਾਰਨਯੋਗ ਹੈ। (ਇਹ ਮਿੱਥ ਕਥਾ ਪਹਿਲਾਂ ਪੇਸ਼ ਕੀਤੀ ਜਾ ਚੁੱਕੀ ਹੈ) ਗੁਰੂ ਸਾਹਿਬ ਇਸ ਮਿੱਥ ਕਥਾ ਦਾ ਸੰਕੇਤ ਇਸ ਤਰ੍ਹਾਂ ਕਰਦੇ ਹਨ।

ਪ੍ਰਹਲਾਦ ਕੈ ਕਾਰਜਿ ਹਰਿ ਆਪੁ ਦਿਖਾਇਆ।[103]

ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ ਹਰਨਾਖਸ ਮਾਰ ਪਚਾਇਆ।[104]

ਇਸ ਤਰ੍ਹਾਂ ਗੁਰੂ-ਬਾਣੀ ਵਿਚ 'ਗਜ' ਜਾਂ 'ਗਜਿੰਦਰ' ਦੀ ਮਿੱਥ ਕਥਾ ਬਾਰੇ ਸੰਕੇਤਕ ਵਰਨਣ ਮਿਲਦਾ ਹੈ। ਇਕ ਮਿੱਥ ਕਥਾ ਅਨੁਸਾਰ ਗਜ ਇਕ ਗੰਧਰਵ ਸੀ ਜਿਸ ਨੇ ਰਿਸ਼ੀ ਦੇ ਸਰਾਪ ਨਾਲ ਹਾਥੀ ਦਾ ਰੂਪ ਧਾਰਿਆ। ਇਹ ਗਜ ਵਰੁਣ ਦੇਵਤੇ ਦੇ ਤਲਾਅ ਵਿਚ ਤੰਦੂਏ ਦੁਆਰਾ ਗ੍ਰਸ ਲਿਆ ਗਿਆ। ਜਦ ਕੇਵਲ ਸੁੰਡ ਹੀ ਪਾਣੀ ਤੋਂ ਬਾਹਰ ਰਹਿ ਗਈ ਤਾਂ ਉਸ ਨੇ ਈਸ਼ਵਰ ਪਾਸ ਸਹਾਇਤਾ ਲਈ ਅਰਾਧਨਾ ਕੀਤੀ।[105] ਪਰਮਾਤਮਾ ਨੇ ਇਸ ਗਜ ਦੀ ਉਸੇ ਸਮੇਂ ਤੋਂ ਰੱਖਿਆ ਕੀਤੀ ਤੇ ਉਸ ਨੂੰ ਛੁਡਾ ਦਿੱਤਾ। ਗੁਰੂ ਸਾਹਿਬ ਇਸ ਮਿੱਥ ਕਥਾ ਰਾਹੀਂ ਇਹ ਦਰਸਾਅ ਰਹੇ ਹਨ ਕਿ ਭਾਵੇਂ ਮਨੁੱਖ ਜਾਂ ਜਾਨਵਰ ਜੋ ਵੀ ਪਰਮਾਤਮਾ ਦੀ ਭਗਤੀ ਜਾਂ ਅਰਾਧਨਾ ਕਰਦਾ

ਹੈ। ਉਸ ਦੇ ਕਾਰਜ ਵਿਚ ਪਰਮਾਤਮਾ ਆਪ ਸਹਾਈ ਹੁੰਦਾ ਹੈ। ਗੁਰੂ ਸਾਹਿਬ ਇਸ ਮਿੱਥ ਕਥਾ ਦਾ ਸੰਕੇਤਕ ਵਰਨਣ ਇਸ ਪ੍ਰਕਾਰ ਕਰਦੇ ਹਨ:

ਗਜ ਕੋ ਤ੍ਰਾਸੁ ਮਿਟਿਓ ਜਿਹਿ ਸਿਮਰਤ ਤੁਮ ਕਾਹੇ ਬਿਸਰਾਵਓ॥[106]

ਗਜ ਦੀ ਤ੍ਰਾਸ ਮਿਟੀ ਛਿਨਹੁ ਮਹਿ ਜਬਹੀ ਰਾਮੁ ਬਖਾਨੋ।[107]

ਇਸ ਤਰ੍ਹਾਂ ਇਕ ਹੋਰ ਭਗਤ ਸੁਦਾਮੇ ਬਾਰੇ ਮਿੱਥ ਕਥਾ ਕਾ ਹਵਾਲਾ ਮਿਲਦਾ ਹੈ। (ਇਹ ਮਿੱਥ ਕਥਾ ਪਹਿਲਾਂ ਵੀ ਪੇਸ਼ ਕੀਤੀ ਜਾ ਚੁੱਕੀ ਹੈ)। 'ਸੁਦਾਮਾ' ਇਕ ਗਰੀਬ ਬ੍ਰਾਹਮਣ ਸੀ ਜੋ ਸ੍ਰੀ ਕਿਸ਼ਨ ਜੀ ਦਾ ਮਿੱਤਰ ਸੀ। ਉਸ ਨੇ ਅਪਣੀ ਗਰੀਬੀ ਦੀ ਵਿਥਿਆ ਸ੍ਰੀ ਕ੍ਰਿਸ਼ਨ ਜੀ ਨੂੰ ਦੱਸੀ ਜਦੋਂ ਉਹ ਵਾਪਸ ਘਰ ਪਹੁੰਚਿਆ ਤਾਂ ਉਸ ਵੇਖਿਆ ਕਿ ਉਸ ਦੀ ਕੱਖਾਂ ਕਾਨਿਆਂ ਦੀ ਕੁੱਲੀ ਮਹਿਲ ਬਣ ਚੁੱਕੀ ਸੀ। ਇਸ ਤਰ੍ਹਾਂ ਕ੍ਰਿਸ਼ਨ ਨੇ ਆਪਣੇ ਮਿੱਤਰ ਦੀ ਕੰਗਾਲੀ ਨੂੰ ਦੂਰ ਕੀਤਾ। ਗੁਰੂ-ਬਾਣੀ ਵਿਚ ਇਸ ਦਾ ਵਰਨਨਣ ਇਸ ਪ੍ਰਕਾਰ ਹੈ।

ਬਿਪ੍ਰ ਸੁਦਾਮੇ ਦਾਲਦੁ ਭੰਜ॥

ਰੇ ਮਨ ਤੂ ਭੀ ਭਜੁ ਗੋਬਿੰਦ॥[108]

ਦਾਲਕ ਭੰਜਿ ਸੁਦਾਮੇ ਮਿਲਿਓ ਭਗਤੀ ਭਾਇ ਤਰੇ॥[109]

ਇਸੇ ਪ੍ਰਕਾਰ 'ਦਰੋਪਦੀ' ਦੀ ਰੱਖਿਆ ਸਬੰਧੀ ਵੀ ਮਿੱਥਕ ਸੰਕੇਤ ਗੁਰਬਾਣੀ ਵਿਚ ਮਿਲਦਾ ਹੈ। (ਇਹ ਕਥਾ ਪਹਿਲਾਂ ਪੇਸ਼ ਕੀਤੀ ਜਾ ਚੁੱਕੀ ਹੈ)। ਦਰੋਪਦੀ ਨੇ ਚੀਰ ਹਰਨ ਸਮੇਂ ਭਗਤੀ ਭਾਵਨਾ ਨਾਲ ਅਰਦਾਸ ਕੀਤੀ ਅਤੇ ਸ੍ਰੀ ਕ੍ਰਿਸ਼ਨ ਜੀ ਪਰਮਾਤਮਾ ਦੇ ਦੂਤ ਵਜੋਂ ਹਾਜ਼ਰ ਹੋਏ ਅਤੇ ਦਰੋਪਦੀ ਨਗਨ ਹੋਣੋ ਬਚ ਗਈ। ਇਸ ਬਾਰੇ ਗੁਰੂ-ਬਾਣੀ ਵਿਚ ਸੰਕੇਤਕ ਵਰਨਣ ਇਸ ਪ੍ਰਕਾਰ ਆਉਂਦਾ ਹੈ:

ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ॥[110]

ਜੋ ਪਕਰਿ ਦ੍ਰੋਪਤੀ ਦੁਸਟਾ ਆਨੀ ਹਰਿ ਹਰਿ ਲਾਜੁ ਨਿਵਾਰੇ॥[111]

ਇਸੇ ਤਰ੍ਹਾਂ 'ਬਿਦਰ' ਭਗਤ ਦਾ ਵਰਨਣ ਵੀ ਗੁਰੂ-ਬਾਣੀ ਵਿਚ ਆਉਂਦਾ ਹੈ। (ਇਹ ਕਥਾ ਪਹਿਲਾਂ ਪੇਸ਼ ਕੀਤੀ ਜਾ ਚੁੱਕੀ ਹੈ)। ਇਕ ਮਿੱਥ ਕਥਾ ਅਨੁਸਾਰ ਬਿਦਰ ਭਗਤੀ ਭਾਵਨਾ ਵਾਲਾ ਵਿਅਕਤੀ ਸੀ। ਸ੍ਰੀ ਕ੍ਰਿਸ਼ਨ ਜੀ ਉਸਦੀ ਭਗਤੀ ਭਾਵਨਾ ਅਤੇ ਦੂਰਅੰਦੇਸ਼ੀ ਤੋਂ ਖੁਸ਼ ਸਨ। ਇਸ ਲਈ ਜਦੋਂ ਵੀ ਸ੍ਰੀ ਕ੍ਰਿਸ਼ਨ ਜੀ ਹਸਤਨਾਪੁਰ ਗਏ ਉਨ੍ਹਾਂ ਨੇ ਭਗਤੀ ਭਾਵ ਵਾਲੇ ਬਿਦਰ ਦੇ ਘਰ ਹੀ ਟਿਕਾਣਾ ਕੀਤਾ ਅਤੇ ਦੁਰਯੋਧਨ ਦਾ ਸ਼ਾਹੀ ਖਾਣਾ ਠੁਕਰਾਅ ਕੇ ਬਿਦਰ ਦਾ ਸਾਦਾ ਭੋਜਨ ਪ੍ਰਵਾਨ ਕੀਤਾ। ਗੁਰਬਾਣੀ ਵਿਚ ਇਸ ਦਾ ਵਰਨਣ ਇਸ ਪ੍ਰਕਾਰ ਹੈ:

ਬਿਦਰ ਦਾਸੀ ਸੁਤ ਭਇਓ ਪੁਨੀਤਾ ਸਗਲੇ ਕੁਲ ਉਜਾਰੇ।।[112]

ਉਪਰੋਕਤ ਮਿੱਥ ਕਥਾਵਾਂ ਰਾਹੀਂ ਗੁਰੂ ਸਾਹਿਬ ਭਗਤੀ ਭਾਵ ਵਾਲੇ ਵਿਅਕਤੀਆਂ ਦੀ ਤਸਵੀਰ ਪੇਸ਼ ਕਰ ਰਹੇ ਹਨ। ਆਪ ਆਪਣੇ ਵਿਚਾਰਾਂ ਦੀ ਉਸਾਰੀ ਉਪਰੋਕਤ ਮਿਥਿਹਾਸਕ ਪੈਟਰਨਾ ਰਾਹੀਂ ਕਰਕੇ ਇਹ ਦਰਸਾਅ ਰਹੇ ਹਨ ਕਿ ਭਗਤੀ ਭਾਵ ਵਾਲੇ ਵਿਅਕਤੀਆਂ ਦੀ ਸਹਾਇਤਾ ਲਈ ਪਰਮਾਤਮਾ ਸਮੇਂ-ਸਮੇਂ ਆਪਣਾ ਕੋਈ ਪ੍ਰਤੀਨਿਧ ਭੇਜ ਕੇ ਰੱਖਿਆ ਕਰਦਾ ਹੈ। ਇਸ ਤਰ੍ਹਾਂ ਗੁਰੂ-ਸਾਹਿਬ ਨੇ ਮਿਥਿਹਾਸਕ ਉਸਾਰੀ ਪੈਟਰਨਾਂ ਰਾਹੀਂ ਮਨੁੱਖ ਨੂੰ ਭਗਤੀ ਭਾਵ ਵੱਲ ਪ੍ਰੇਰਿਤ ਕੀਤਾ ਹੈ। ਉਨ੍ਹਾਂ ਨੇ ਭਗਤੀ ਭਾਵ ਨੂੰ ਦ੍ਰਿੜ ਕਰਾਵਉਣ ਲਈ ਪਰਮਾਤਮਾ ਨੂੰ ਸੰਕਟ ਮੋਚਨ ਤੌਰ ਤੇ ਪੇਸ਼ ਕਰਕੇ ਔਖੇ ਸਮੇਂ ਭਗਤਾਂ ਦੀ ਰੱਖਿਆ ਕਰਕੇ ਦਰਸਾਇਆ ਹੈ। ਗੁਰੂ ਸਾਹਿਬ ਨੇ ਜੋ ਮਿੱਥਕ ਸੰਕੇਤ ਤੇ ਹਵਾਲੇ ਪੇਸ਼ ਕੀਤੇ ਹਨ ਉਹ ਚਮਤਕਾਰਤਾ, ਪ੍ਰਭੂ ਦੇ ਸਾਖਸ਼ਾਤ ਦਰਸ਼ਨ, ਪ੍ਰਭੂ ਦੀ ਅਚਾਨਕ ਸਹਾਇਤਾ ਅਤੇ ਮੁਕਤੀ ਨਾਲ ਸਬੰਧਿਤ ਹਨ। ਇਸ ਤਰ੍ਹਾਂ ਆਪ ਮਨੁੱਖ ਨੂੰ ਇਹ ਸਮਝਾਅ ਰਹੇ ਹਨ ਕਿ ਮਨੁੱਖ ਨੂੰ ਆਡੰਬਰ ਪਾਖੰਡ ਛੱਡ ਕੇ ਨਿਰਗੁਣ ਬ੍ਰਹਮ ਦੀ ਭਗਤੀ ਕਰਨੀ ਚਾਹੀਦੀ ਹੈ। ਉਹ ਬ੍ਰਹਮ ਹੀ ਮਨੁੱਖ ਨੂੰ ਅਧਿਆਤਮਕ, ਸਰੀਰਕ, ਮਾਨਸਿਕ ਦੁੱਖਾਂ ਤੋਂ ਛੁਟਕਾਰਾ ਦੁਆ ਸਕਦਾ ਹੈ ਅਤੇ ਹਰ ਤਰ੍ਹਾਂ ਦੇ ਸੰਕਟ ਤੋਂ ਮੁਕਤ ਕਰਵਾਅ ਕੇ ਮੁਕਤੀ ਦੁਆ ਸਕਦਾ ਹੈ।

## ਨਾਮ ਸਿਮਰਨ ਦੀ ਮਹੱਤਤਾ ਸਬੰਧੀ ਮਿਥਿਹਾਸਕ ਉਸਾਰੀ ਪੈਟਰਨ :

ਨਾਮ ਸ਼ਬਦ ਯੂਨਾਨੀ ਸ਼ਬਦ ਦੇ 'ਲੌਗਾਸ', ਨਵ ਅਫਲਾਤੂਨਵਾਦੀਆਂ ਦੇ 'ਨਾਊਸ', ਸੰਸਕ੍ਰਿਤ ਸਾਹਿਤ ਦੇ ਆਏ ਪਦਾਂ 'ਸ਼ਬਦ', 'ਵਾਕ', 'ਵਾਣੀ', ਲਾਤੀਨੀ ਦੇ ਪਦ 'ਵਰਬਮ' ਅਤੇ ਹਿਬਰੂ ਦੇ 'ਮੈਮਰਾ' ਦਾ ਸਮਾਨਾਰਥੀ ਹੈ। ਪੰਜਾਬੀ ਵਿਚ ਇਸੇ ਨੂੰ 'ਸ਼ਬਦ' 'ਅੱਖਰ' ਜਾਂ 'ਕਵਾਓ' ਕਿਹਾ ਗਿਆ ਹੈ।[113] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਗੁਰੂਬਾਣੀ ਵਿਚ 'ਨਾਮ' ਕਰਤਾਰ ਅਤੇ ਉਸ ਦਾ ਬੋਧਕ ਸ਼ਬਦ ਭੀ ਹੈ।"[114] ਡਾ. ਤ੍ਰਿਲੋਚਨ ਸਿੰਘ ਅਨੁਸਾਰ, "ਸੱਚਾ ਨਾਮ ਕੇਵਲ ਲਫ਼ਜ਼ ਨਹੀਂ ਜੋ ਕਿਸੇ ਵਸਤੂ ਦਾ ਸੰਕੇਤ ਦਿੰਦਾ ਹੈ। ਨਾਮ ਤਾਂ ਪਰਮ-ਸਤਾ ਦੀ ਸਮੁੱਚੀ ਸ਼ਕਤੀ, ਗੁਣ ਅਤੇ ਪ੍ਰਕਿਰਤੀ ਹੈ।"[115] ਭਾਈ ਜੋਧ ਸਿੰਘ ਅਨੁਸਾਰ, "ਨਾਮ ਨਿਰੰਕਾਰ ਦਾ ਸਰੂਪ ਹੈ, ਜਿਸ ਦੁਆਰਾ ਉਹ ਸਾਰੇ ਬ੍ਰਹਿਮੰਡ ਵਿਚ ਵਿਆਪਕ ਹੋ ਕੇ ਉਸ ਨੂੰ ਧਾਰ ਰਿਹਾ ਹੈ।[116] ਡਾ. ਮਨਮੋਹਨ ਸਹਿਗਲ ਨੇ ਨਾਮ ਜਾਂ ਸ਼ਬਦ ਨੂੰ ਬ੍ਰਹਮ ਦਾ ਸਫ਼ਰਤ ਰੂਪ ਕਿਹਾ ਹੈ।"[117]

ਨਾਮ ਦੋ ਤਰ੍ਹਾਂ ਦੇ ਹਨ: ਇਕ ਬ੍ਰਹਮ (ਪਰਮਾਤਮਾ) ਦੀਆਂ ਸਿਫਤਾਂ ਦੇ ਆਧਾਰ ਉਤੇ ਰਖੇ ਅਖਰੀ ਨਾਵਾਂ ਦਾ ਅਤੇ ਦੂਸਰਾ ਬ੍ਰਹਮ ਦੀ ਹਸਤੀ ਦੇ ਸੱਚੇ ਨਾਮ ਦਾ। ਅੱਖਰੀ ਨਾਵਾਂ ਨੂੰ 'ਕਰਮ ਨਾਮ' ਜਾਂ ਕਿਰਤਮ ਨਾਮ ਕਿਹਾ ਜਾਂਦਾ ਹੈ ਅਤੇ ਸੱਚੇ ਨਾਮ ਨੂੰ 'ਸਤਿਨਾਮ' 'ਰਾਮ ਨਾਮ' ਹਰਿਨਾਮ' ਆਦਿ ਅਨੇਕ ਪਦਾਂ ਦੁਆਰਾ ਯਾਦ ਕੀਤਾ ਜਾਂਦਾ ਹੈ। ਕਿਰਤਮ ਜਾਂ ਕਰਮ ਨਾਮ ਸਮੇਂ ਸਥਾਨ ਦੇ ਪ੍ਰਭਾਵ ਨਾਲ ਬਦਲਦੇ ਜਾਂ ਬਿਨਸਦੇ ਰਹਿੰਦੇ ਹਨ ਪਰ ਬ੍ਰਹਮ ਦਾ ਸੱਚਾ ਨਾਮ ਅਨਾਦੀ ਅਤੇ ਸਦਾ ਸਥਿਰ ਰਹਿਣ ਵਾਲਾ ਹੈ। ਇਸ ਗੱਲ ਦੀ ਪੁਸ਼ਟੀ ਗੁਰੂ-ਬਾਣੀ ਵਿਚ ਇਸ ਤਰ੍ਹਾਂ ਮਿਲਦੀ ਹੈ:

ਕਿਰਤਮ ਨਾਮ ਕਥੇ ਤੇਰੇ ਜਿਹਬਾ
ਸਤਿਨਾਮੁ ਤੇਰਾ ਪਰਾ ਪੂਰਬਲਾ।[118]

ਗੁਰੂ-ਸਾਹਿਬਾਨ ਅਨੁਸਾਰ ਕਿਰਤਮ ਨਾਮ ਪ੍ਰਗਟ ਹੋ ਜਾਂਦਾ ਹੈ। ਪਰ ਸੱਚਾ ਨਾਮ ਗੁਪਤ ਰਹਿੰਦਾ ਹੈ। ਇਹ ਨਾਮ ਕੇਵਲ ਭਗਤੀ ਕਰਨ ਅਤੇ ਗੁਰਮਤਿ ਦੇ ਰਾਹ ਤੇ ਤੁਰਨ ਨਾਲ ਗੁਰੂ ਦੀ ਸ਼ਰਨ ਵਿਚ ਆ ਕੇ ਪ੍ਰਗਟ ਹੁੰਦਾ ਹੈ। ਆਪ ਫੁਰਮਾਉਂਦੇ ਹਨ:

ਗੁਪਤ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ

ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ।[119]

ਗੁਰੂਬਾਣੀ ਦਾ ਨਾਮ ਕੇਵਲ ਪਰੰਪਰਾਗਤ ਨਾਮ ਦੀ ਤਰ੍ਹਾਂ ਸਿਰਫ਼ ਸਾਧਨਾ ਹੀ ਨਹੀਂ ਸਗੋਂ ਲਕਸ਼ ਵੀ ਹੈ। ਗੁਰੂ-ਬਾਣੀ ਦਾ ਨਾਮ ਕੇਵਲ ਸ਼ਬਦ ਹੀ ਨਹੀਂ ਸਗੋਂ ਉਹ ਵਿਆਪਕ ਸ਼ਕਤੀ ਹੈ ਜੋ ਹਰ ਥਾਂ ਵਿਗਸ ਰਹੀ ਹੈ। ਜਿਨੀ ਵੀ ਸ੍ਰਿਸ਼ਟੀ ਹੈ ਉਹ ਸਭ ਨਾਮ ਹੀ ਹੈ ਨਾਮ ਤੋਂ ਬਿਨਾਂ ਕੋਈ ਖਾਲੀ ਥਾਂ ਨਹੀਂ। ਆਪ ਫ਼ੁਰਮਾਉਂਦੇ ਹਨ:

ਜੇਤਾ ਕੀਤਾ ਤੇਤਾ ਨਾਉ॥

ਵਿਣੁ ਨਾਵੈ ਨਾਹੀ ਕੋ ਥਾਉ॥[120]

ਗੁਰੂ ਸਾਹਿਬ ਅਨੁਸਾਰ ਨਾਮ ਦੀ ਉਤਪਤੀ ਨਾਮੀ (ਬ੍ਰਹਮ) ਦੁਆਰਾ ਹੀ ਹੋਈ ਹੈ। ਨਾਮ ਅਤੇ ਨਾਮੀ ਵਿਚ ਕਿਸੇ ਪ੍ਰਕਾਰ ਦਾ ਅੰਤਰ ਨਹੀਂ ਦੋਵੇਂ ਇਕੋ ਹੀ ਹਨ। 'ਨਾਮਾ', 'ਨਾਮੀ ਦਾ ਪ੍ਰਤੀਕ ਹੈ। ਸਤਿਨਾਮ ਹੀ ਕਰਤਾ ਪੁਰਖ, ਇਕ ਅਤੇ ਉਅੰਕਾਰ ਹੈ ਆਪ ਫ਼ੁਰਮਾਉਂਦੇ ਹਨ:

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥[121]

ਗੁਰੂ ਸਾਹਿਬ ਅਨੁਸਾਰ ਇਹ ਨਾਮ ਮਨੁੱਖ ਅੰਦਰੋਂ ਪ੍ਰਾਪਤ ਕਰ ਸਕਦਾ ਹੈ। ਆਪ ਫ਼ੁਰਮਾਉਂਦੇ ਹਨ ਕਿ ਪਰਮਾਤਮਾ ਨੇ ਸਰੀਰ ਦੇ ਨੌਂ ਦੁਆਰੇ ਪ੍ਰਗਟ ਕੀਤੇ ਹਨ ਅਤੇ ਦਸਵਾਂ ਗੁਪਤ ਰਖਿਆ ਹੈ। ਉਹ ਦਸਵਾਂ ਦੁਆਰ ਨੌਆਂ ਦੁਆਰਿਆਂ ਤੋਂ ਉੱਪਰ ਸਿਰ ਰੂਪੀ ਗੁਫਾ ਵਿਚ ਹੈ। ਉਸ ਦੱਸਵੇਂ ਦੁਆਰ ਵਿਚ ਅਨੰਤ ਸੁੰਦਰਤਾ , ਸ਼ਕਤੀ, ਗਿਆਨ ਅਤੇ ਅਨੰਦ ਦੇ ਭਰੇ ਪਰਮਾਤਮਾ ਦੇ ਨਾਮ ਦਾ ਵਾਸਾ ਹੈ। ਜਿਨ੍ਹਾਂ ਜੀਵਾਂ ਨੂੰ ਉਹ ਬ੍ਰਹਮ ਆਪਣੇ ਨਾਲ ਮਿਲਾਉਣਾ ਚਾਹੁੰਦਾ ਹੈ, ਉਹ ਗੁਰੂ ਕ੍ਰਿਪਾ ਦੁਆਰਾ ਆਪਣੀ ਸੁਰਤ ਨੌ ਦੁਆਰਿਆਂ ਵਿਚੋਂ ਸਮੇਟ ਕੇ ਅੰਦਰ ਦਸਵੇਂ ਦੁਆਰ ਵਿਚ ਇਕਾਗਰ ਕਰ ਕੇ ਉਹਦੇ ਨਾਮ ਨਾਲ ਜੁੜ ਜਾਂਦੇ ਹਨ। ਇਹ ਨਾਮ ਅੱਗੋਂ ਉਨ੍ਹਾਂ ਨੂੰ ਨਾਮ ਦੇ ਭੰਡਾਰ ਉਸ ਬ੍ਰਹਮ ਨਾਲ ਜੋੜ ਦਿੰਦਾ ਹੈ:

ਹਰਿ ਜੀਓ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ।

ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ

ਦਸਵਾਂ ਗੁਪਤੁ ਰਖਾਇਆ।

ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ।[122]

ਗੁਰੂ ਸਾਹਿਬ ਅੱਗੇ ਸਮਝਾਉਂਦੇ ਹਨ ਕਿ ਨਾਮ ਦੀ ਕਮਾਈ ਕਰਨੀ ਚਾਹੀਦੀ ਹੈ। ਇਹ ਹੀ ਸੱਚੀ ਗੁਰਮਤਿ ਹੈ। ਜੋ ਲੋਕ ਗੁਰਮਤਿ ਦੇ ਸੱਚੇ ਮਾਰਗ ਨੂੰ ਵਿਸਾਰ ਕੇ ਕਿਸੇ ਹੋਰ ਮਾਰਗ ਤੇ ਚਲਦੇ ਹਨ, ਉਨ੍ਹਾਂ ਨੂੰ ਅੰਤ ਸਮੇਂ ਪਛਤਾਉਣਾ ਪੈਂਦਾ ਹੈ ਅਤੇ ਦੁਖ ਭੋਗ ਕੇ ਚੌਰਾਸੀ ਦੇ ਗੇੜ ਵਿਚ ਪੈਣਾ ਪੈਂਦਾ ਹੈ। ਆਪ ਫੁਰਮਾਉਂਦੇ ਹਨ:

ਨਾਮੁ ਬਿਸਾਰ ਚਲਹਿ ਅਨ ਮਾਰਗਿ ਨਰਕ ਘੋਰ ਮਹਿ ਪਾਹਿ।।[123]

ਵਿਣੁ ਨਾਵੈ ਦਰਿ ਢੋਈ ਨਾਹੀ ਤਾ ਜਮੁ ਕਰੇ ਖੁਆਰੀ।।[124]

ਇਸ ਲਈ ਆਪ ਨਾਮ ਸਿਮਰਨ ਕਰਨ ਦੇ ਨਾਲ ਨਾਮ ਨੂੰ ਸੁਣਨ ਅਤੇ ਨਾਮ ਨੂੰ ਧਿਆਉਣਦਾ ਉਪਦੇਸ਼ ਵੀ ਦਿਦੇ ਹਨ:

ਨਾਮੁ ਧਿਆਇਨਿ ਸੁਖ ਫਲ ਪਾਇਨਿ ਆਠ ਪਹਰ ਆਰਾਧਹਿ।[125]

ਗੁਰੂ ਸਾਹਿਬ ਅਨੁਸਾਰ ਇਹ ਨਾਮ ਸੱਚੇ ਗੁਰੂ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ ਜੋ ਨਾਮ ਦਾ ਸਾਗਰ ਅਤੇ ਭੰਡਾਰ ਹੈ। ਸਾਰੇ ਸੰਸਾਰ ਵਿਚੋਂ ਕਿਤੋਂ ਨਾ ਮਿਲਣ ਵਾਲਾ ਨਾਮ ਗੁਰੂ ਤੋਂ ਮਿਲ ਸਕਦਾ ਹੈ। ਇਸ ਨਾਮ ਨੂੰ ਦੇਵੀ ਦੇਵਤੇ ਵੀ ਤਰਸਦੇ ਹਨ ਪਰ ਉਹਨਾਂ ਨੂੰ ਵੀ ਗੁਰੂ ਦੀ ਸ਼ਰਨ ਵਿਚ ਜਾਣਾ ਪੈਂਦਾ ਹੈ। ਇਸ ਲਈ ਹੋਰ ਕੋਈ ਸਾਧਨ ਨਹੀਂ ਜਿਥੋਂ ਨਾਮ ਦੀ ਪ੍ਰਾਪਤੀ ਹੋ ਸਕੇ। ਆਪ ਲਿਖਦੇ ਹਨ।

ਗੁਰ ਪੂਰੇ ਕੀ ਪਉ ਸਰਣਾਈ। ਮੋਹੁ ਸੋਗ ਸਭ ਭਰਮੁ ਮਿਟਾਈ।

...........................................................।

ਹੋਰ ਦੁਆਰਾ ਕੋਈ ਨਾ ਸੂਝੈ, ਤ੍ਰਿਭਵਣ ਧਾਵੈ ਤਾ ਕਿਛੂ ਨ ਬੂਝੈ।।

ਸਤਿਗੁਰੁ ਸਾਹੁ ਭੰਡਾਰ ਨਾਮ ਜਿਸੁ ਇਹੁ ਰਤਨੁ ਤਿਸੈ ਤੇ ਪਾਇਣਾ।।[126]

ਗੁਰੂ ਸਾਹਿਬ ਸਮਝਾਉਂਦੇ ਹਨ ਗੁਰੂ ਦੇ ਉਪਦੇਸ਼ ਤੇ ਚਲਦੇ ਹੋਏ ਲਿਵ ਨੂੰ ਨਾਮ ਨਾਲ ਜੋੜਿਆ ਉਸ ਪ੍ਰਭੂ ਨਾਲ ਮਿਲਾਪ ਹੋ ਜਾਂਦਾ ਹੈ, ਜਿਸ ਦੇ ਸਿੱਟੇ ਵਜੋਂ ਸਾਂਤੀ, ਅਮਰ-ਅਨੰਦ ਵਾਲੀ ਸਹਿਜ ਅਵਸਥਾ ਪ੍ਰਾਪਤ ਹੁੰਦੀ ਹੈ। ਆਪ ਫੁਰਮਾਉਂਦੇ ਹਨ।

ਸਾਂਤਿ ਸਹਜ ਆਨੰਦ ਘਨੇਰੇ ਗੁਰ ਚਰਣੀ ਮਨੁ ਲਾਏ॥[127]

ਇਸ ਤਰ੍ਹਾਂ ਆਪ ਫੁਰਮਾਉਂਦੇ ਹਨ ਕਿ ਨਾਮ ਹੀ ਸੱਚਾ ਧੰਨ ਹੈ, ਸੱਚਾ ਸੁਖ ਹੈ, ਸੱਚਾ ਰਾਜ ਹੈ, ਸੱਚਾ ਸੰਬੰਧੀ, ਸੱਚਾ ਸਹਾਇਕ ਹੈ। ਨਾਮ ਉਹ ਅਮੋਲਕ ਪੂੰਜੀ ਹੈ ਜਿਸ ਨੂੰ ਪ੍ਰਾਪਤ ਕਰਕੇ ਜੀਵ ਚੌਰਾਸੀ ਚੱਕਰ ਤੋਂ ਮੁਕਤ ਹੋ ਜਾਂਦਾ ਹੈ ਅਤੇ ਸੁਖ ਦਾ ਭਾਗੀ ਬਣ ਜਾਂਦਾ ਹੈ।

ਨਾਮੁ ਧਨ ਨਾਮ ਸੁਖ ਰਾਜਾ ਨਾਮੁ ਕੁਟੰਬਰ ਸਹਾਈ
ਨਾਮੁ ਸੰਪਤਿ ਗੁਰ ਨਾਨਕ ਕਉ ਦੀਈ ਓਹ ਮਰੈ ਨ ਆਵੈ ਜਾਈ।[128]

## ਨਾਮ ਸਿਮਰਨ ਨਾਲ ਸਬੰਧਿਤ ਮਿਥਿਹਾਸਕ ਉਸਾਰੀ ਪੈਟਰਨ:

ਗੁਰੂ-ਬਾਣੀ ਵਿਚ ਨਾਮ ਦੀ ਮਹੱਤਤਾ ਸੰਬੰਧੀ ਕਈ ਮਿਥਿਹਾਸਕ ਉਸਾਰੀ ਪੈਟਰਨਾਂ ਦੀ ਵਰਤੋਂ ਕੀਤੀ ਗਈ ਹੈ ਤਾਂ ਕਿ ਨਾਮ ਸਿਮਰਨ ਦੀ ਮਹੱਤਤਾ ਨੂੰ ਉਜਾਗਰ ਕੀਤਾ ਜਾ ਸਕੇ ਅਤੇ ਲੋਕਾਂ ਨੂੰ ਨਾਮ ਸਿਮਰਨ ਪ੍ਰਤੀ ਪਰੇਰਿਤ ਕੀਤਾ ਜਾ ਸਕੇ। ਸਿੱਖ ਗੁਰੂ ਸਾਹਿਬ ਨੇ ਮਿਥਿਹਾਸਕ ਉਸਾਰੀ ਪੈਟਰਨ ਦੀ ਵਰਤੋਂ ਕਰਦਿਆਂ ਅਜਿਹੇ ਵਿਅਕਤੀਆਂ ਦੇ ਮਿਥਿਹਾਸਕ ਚਰਿੱਤਰਾਂ ਨੂੰ ਬਤੌਰ ਹਵਾਲੇ ਅਤੇ ਸੰਕੇਤਾਂ ਦੇ ਤੌਰ ਤੇ ਪੇਸ਼ ਕੀਤਾ ਹੈ, ਜਿਨ੍ਹਾਂ ਦੇ ਪਾਪਾਂ ਦੇ ਮੁਕਾਬਲੇ ਵਿਚ ਪੁੰਨ ਘੱਟ ਸਨ ਫਿਰ ਵੀ ਉਹ ਨਾਮ ਸਿਮਰਨ ਕਰਕੇ ਤਰ ਗਏ ਅਤੇ ਮੁਕਤੀ ਪ੍ਰਾਪਤ ਕਰ ਗਏ। ਬ੍ਰਹਮ ਉਨ੍ਹਾਂ ਦੀ ਬਿਪਤਾ ਵਿਚ ਹਰ ਤਰ੍ਹਾਂ ਸਹਾਈ ਹੋਇਆ। ਅਜਿਹੇ ਪਾਤਰਾਂ ਵਿਚੋਂ ਗਨਕਾ, ਅਜਾਮਲ ਆਦਿ ਪ੍ਰਮੁੱਖ ਹਨ। ਇਨ੍ਹਾਂ ਮਿਥਿਹਾਸਕ ਪਾਤਰਾਂ ਨੂੰ ਪੇਸ਼ ਕਰਕੇ ਗੁਰੂ ਸਾਹਿਬ ਨੇ ਨਾਮ ਸਿਮਰਨ ਨਾਲ ਸੰਬੰਧਿਤ ਆਪਣੇ ਵਿਚਾਰਾਂ ਦੀ ਪ੍ਰੋੜਤਾ ਕੀਤੀ ਹੈ ਅਤੇ ਲੋਕਾਂ ਨੂੰ ਨਾਮ ਸਿਮਰਨ ਵੱਲ ਪਰੇਰਿਆ ਹੈ। ਇਨ੍ਹਾਂ ਉਪਰੋਕਤ ਪਾਤਰਾਂ ਨਾਲ ਸਬੰਧਿਤ ਮਿੱਥਕ ਹਵਾਲੇ ਤੇ ਸੰਕੇਤ ਇਸ ਪ੍ਰਕਾਰ ਹਨ:

ਗੁਰੂ-ਬਾਣੀ ਵਿਚ ਨਾਮ ਸਿਮਰਨ ਨਾਲ ਸਬੰਧਿਤ 'ਅਜਾਮਲ' ਦੀ ਮਿੱਥ ਕਥਾ ਵਿਚਾਰਨ ਯੋਗ ਹੈ। (ਇਹ ਮਿੱਥ ਕਥਾ ਪਹਿਲਾਂ ਪੇਸ਼ ਕੀਤੀ ਜਾ ਚੁੱਕੀ ਹੈ) ਅਜਾਮਲ ਪਾਪੀ ਜੋ ਇਕ ਬ੍ਰਾਹਮਣ ਹੈ, ਨੇ ਵੇਸ਼ਵਾ ਨਾਲ ਵਿਆਹ ਕਰਵਾ ਲਿਆ ਇਸ ਤੋਂ ਉਸ ਦੇ ਦਸ ਪੁੱਤਰ ਹੋਏ। ਜਦੋਂ ਉਸ ਦਾ ਸਭ ਤੋਂ ਛੋਟਾ ਪੁੱਤਰ ਹੋਇਆ ਤਾਂ ਉਸ ਸਮੇਂ ਕੋਈ ਮਹਾਤਮਾ ਉਸ ਦੇ ਘਰ ਆ ਗਏ। ਉਨ੍ਹਾਂ ਨੇ ਉਸ ਦੇ ਇਸ ਛੋਟੇ ਪੁੱਤਰ ਦਾ ਨਾਂ 'ਨਰਾਇਣ' ਰੱਖ ਦਿੱਤਾ। ਜਦੋਂ ਅਜਾਮਲ ਦਾ ਅੰਤ ਸਮਾਂ ਨੇੜੇ ਆਇਆ ਤਾਂ ਉਸ ਨੇ ਆਪਣੇ, 'ਨਰਾਇਣ' ਪੁੱਤਰ ਨੂੰ 'ਨਾਰਾਇਣ' ਕਹਿ ਕੇ ਪੁਕਾਰਨਾ ਸ਼ੁਰੂ ਕਰ ਦਿੱਤਾ। ਉਸ ਦੇ ਇਸ ਨਾਰਾਇਣ ਪੁਕਾਰਨ ਤੇ ਪਰਮਾਤਮਾ ਉਸ ਦੀ ਨਾਮ ਅਰਾਧਨਾ ਤੋਂ ਖੁਸ਼ ਹੋਇਆ ਅਤੇ ਉਸ ਨੂੰ ਜਮਦੂਤਾਂ ਤੋਂ ਛੁਡਾ ਕੇ ਸਵਰਗ ਵਿਚ ਲੈ ਗਿਆ। ਗੁਰੂ ਸਾਹਿਬ ਇਸ ਬਾਬਤ ਮਿੱਥਕ ਸੰਕੇਤ ਇਸ ਪ੍ਰਕਾਰ ਕਰਦੇ ਹਨ:

ਅਜਾਮਲੁ ਉਧਰਿਆ ਕਹਿ ਏਕ ਬਾਰ।।[129]

ਅਜਾਮਲ ਕਉ ਅੰਤਕਾਲ ਮਹਿ ਨਰਾਇਨ ਸੁਧਿ ਆਈ।।

ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ।।[130]

ਪੁਤ੍ਰ ਹੋਤਿ ਨਰਾਇਣੁ ਕਹਿਓ ਜਮ ਕੰਕਰ ਮਾਰਿ ਬਿਦਾਰੇ ।।

ਮੇਰੇ ਠਾਕੁਰ ਕੇਤੇ ਅਗਨਤ ਉਧਾਰੇ।।[131]

ਇਸ ਮਿੱਥਕ ਸੰਕੇਤ ਦੁਆਰਾ ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਜੇ ਮਨੁੱਖ ਅਜਾਮਲ ਦੀ ਤਰ੍ਹਾਂ ਇਕ ਪਲ ਵੀ ਪੂਰੀ ਸ਼ਰਧਾ ਪ੍ਰਭੂ ਦਾ ਨਾਮ ਸਿਮਰਨ ਕਰਦਾ ਹੈ ਤਾਂ ਉਸ ਨੂੰ ਪ੍ਰਭੂ ਜ਼ਰੂਰ ਮੁਕਤੀ ਪ੍ਰਦਾਨ ਕਰਦਾ ਹੈ ਅਤੇ ਸਵਰਗ ਵਿਚ ਲੈ ਜਾਂਦਾ ਹੈ।

ਗੁਰੂ-ਬਾਣੀ ਇਸ ਤਰ੍ਹਾਂ 'ਗਨਿਕਾ' ਨਾਲ ਸਬੰਧਿਤ ਮਿੱਥਕ ਸੰਕੇਤ ਵੀ ਕਾਵਿ ਵਿਚ ਮਿਲਦਾ ਹੈ। (ਇਹ ਮਿੱਥ ਕਥਾ ਪਹਿਲਾਂ ਵੀ ਪੇਸ਼ ਕੀਤੀ ਜਾ ਚੁੱਕੀ ਹੈ)। ਗਨਿਕਾ ਇਕ ਵੇਸ਼ਵਾ ਸੀ ਜੋ ਬੜਾ ਭੈੜਾ ਜੀਵਨ ਬਤੀਤ ਕਰ ਰਹੀ ਸੀ। ਉਸ ਨੂੰ ਸ਼ਰਮ ਧਰਮ ਦਾ ਕੋਈ ਖਿਆਲ ਨਹੀਂ ਸੀ। ਇਕ ਦਿਨ ਅਚਾਨਕ ਸੰਤ ਮਹਾਤਮਾ ਉਸ ਦੇ ਘਰ ਆ ਗਏ। ਉਨ੍ਹਾਂ ਨੇ ਵੇਸਵਾ ਦੀ ਸਾਰੀ ਸਥਿਤੀ

ਨੂੰ ਜਾਣਿਆ ਅਤੇ ਉਸ ਨੂੰ ਸੁਧਾਰਨ ਬਾਰੇ ਸੋਚਣ ਲੱਗੇ। ਮਹਾਤਮਾ ਨੇ, ਵੇਸਵਾ ਨੂੰ ਇਕ ਤੋਤਾ ਦਿੰਦੇ ਹੋਏ ਕਿਹਾ ਕਿ 'ਤੂੰ ਇਸ ਨੂੰ ਰਾਮ ਨਾਮ ਸਿਖਾਇਆ ਕਰ'। ਤੇਰਾ ਉਧਾਰ ਹੋ ਜਾਵੇਗਾ। ਵੇਸਵਾ ਤੋਤੇ ਨੂੰ ਰਾਮ ਰਾਮ ਸਿਖਾਉਣ ਲੱਗੀ। ਉਸ ਉਪਰ ਰਾਮ ਨਾਮ ਨੇ ਏਨਾ ਅਸਰ ਹੋਇਆ ਕਿ ਉਸ ਨੇ ਆਪਣੇ, ਮਾੜੇ ਕਾਰਜਾਂ ਨੂੰ ਤਿਆਗ ਦਿੱਤਾ ਅਤੇ ਉਹ ਮੁਕਤੀ ਪ੍ਰਾਪਤ ਕਰ ਗਈ। ਇਸ ਮਿੱਥ ਕਥਾ ਦਾ ਸੰਕੇਤਕ ਵਰਨਣ ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਦਰਜ ਹੈ:

ਗਨਿਕਾ ਉਧਰੀ ਹਰਿ ਕਹੈ ਤੋਤ।[132]

ਗੁਰੂ ਸਾਹਿਬ ਇਸ ਮਿੱਥਕ ਸੰਕੇਤ ਰਾਹੀਂ ਮਨੁੱਖ ਨੂੰ ਸਮਝਾਉਂਦੇ ਹਨ ਕਿ ਕੋਈ ਵੀ ਵਿਅਕਤੀ ਭਾਵੇਂ ਕਿੰਨਾਂ ਵੀ ਬੁਰਾ ਰਹਿ ਚੁੱਕਾ ਹੋਵੇ ਜੇਕਰ ਉਹ ਗਨਿਕਾ ਵਾਂਗੂ ਪ੍ਰਭੂ ਦਾ ਨਾਮ ਸਿਮਰਨ ਕਰਦਾ ਹੈ ਤਾਂ ਉਹ ਜ਼ਰੂਰ ਤਰ ਜਾਂਦਾ ਹੈ ਅਤੇ ਮੁਕਤੀ ਪ੍ਰਾਪਤ ਕਰ ਲੈਂਦਾ ਹੈ।

ਇਸੇ ਤਰ੍ਹਾਂ ਗੁਰੂ-ਬਾਣੀ ਵਿਚ ਨਾਮ ਸਿਮਰਨ ਨਾਲ ਸਬੰਧਿਤ ਧਰੂਅ ਭਗਤ ਦੀ ਕਥਾ ਮਿਲਦੀ ਹੈ। ਵਿਸ਼ਨੂੰ ਪੁਰਾਣ ਅਨੁਸਾਰ ਰਾਜਾ 'ਉਤਾਨਪਾਦ' ਦੀਆਂ 'ਸੁਨੀਤਿ' 'ਸੁਰੁਚਿ' ਦੋ ਰਾਣੀਆਂ ਸਨ। 'ਸੁਨੀਤ' ਤੋਂ 'ਧਰੂਅ' ਅਤੇ 'ਸੁਰੁਚਿ ਤੋਂ 'ਉਤਮ' ਨਾਂ ਦਾ ਪੁੱਤਰ ਪੈਦਾ ਹੋਏ। 'ਸੁਰਚਿ' ਕੁਝ ਰਾਜੇ ਨੂੰ ਵਧੇਰੇ ਪਿਆਰੀ ਸੀ ਤੇ ਉਹ ਚਾਹੁੰਦੀ ਸੀ ਕਿ ਉਸ ਦਾ ਪੁੱਤਰ 'ਉਤਮ' ਹੀ ਰਾਜ ਭਾਗ ਦਾ ਵਾਰਸ ਬਣੇ। ਇਕ ਦਿਨ ਕਿਤੇ 'ਧਰੂਅ' ਆਪਣੇ ਪਿਤਾ ਦੀ ਗੋਦ ਵਿਚ ਬੈਠਾ ਸੀ ਕਿ ਦੇਖ ਕੇ ਮਤ੍ਰੇਈ ਮਾਂ ਖਿਝ ਗਈ ਤੇ ਉਸ ਨੂੰ ਧਿੰਗੋਜ਼ੋਰੀ ਹੇਠਾਂ ਉਤਾਰ ਕੇ ਕਿਹਾ ਕਿ ਤੂੰ ਇਥੇ ਬੈਠਣ ਦਾ ਅਧਿਕਾਰੀ ਨਹੀਂ। ਰਾਜਗੱਦੀ ਦਾ ਮਾਲਕ ਤਾਂ ਮੇਰਾ ਪੁੱਤਰ ਹੀ ਬਣੇਗਾ। ਇਹ ਗਲ ਸੁਣ ਕੇ ਬਾਲਕ ਦੇ ਮਨ ਤੇ ਚੋਟ ਵੱਜੀ ਤੇ ਉਹ ਰੋਂਦਾ-ਰੋਂਦਾ ਆਪਣੀ ਮਾਤਾ 'ਸੁਨੀਤਿ' ਕੋਲ ਗਿਆ। ਮਾਂ ਨੇ ਕਿਹਾ, 'ਬੇਟਾ' ਰਾਜ-ਭਾਗ ਚੰਗੇ ਕਰਮਾਂ ਨਾਲ ਹੀ ਮਿਲਦਾ ਹੈ, ਜੇ ਤੂੰ ਇਸ ਨੂੰ ਪਾਉਣਾ ਚਾਹੁੰਦਾ ਹੈ ਤਾਂ ਤਪ ਸਾਧਨਾ ਕਰ ਤੇ ਨਾਮ ਸਿਮਰਨ ਵਿਚ ਲਗ ਜਾ। ਮਾਤਾ ਦੀ ਸਿੱਖਿਆ ਸੁਣ ਕੇ ਧਰੂਅ ਮਧੂ ਬਨ ਨੂੰ ਚਲਿਆ ਗਿਆ ਤੇ ਨਾਮ ਸਿਮਰਨ ਦੁਆਰਾ ਪੂਰਨ ਪਦਵੀ

ਪਾਈ ਜਦ ਇਹ ਘਰ ਵਾਪਸ ਆਇਆ ਤਾਂ ਪਿਤਾ ਨੇ ਪ੍ਰਸੰਨ ਹੋ ਕੇ ਰਾਜ ਗੱਦੀ ਇਸ ਨੂੰ ਸੌਂਪ ਦਿੱਤੀ।"[133]

ਉਪਰੋਕਤ ਕਥਾ ਦਾ ਵਰਣਨ ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਆਉਂਦਾ ਹੈ:

ਅਟਲੁ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ।।[134]

ਪਾਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ।।[135]

ਇਸ ਕਥਾ ਰਾਹੀਂ ਗੁਰੂ ਸਾਹਿਬ ਇਹ ਸਮਝਾਉਂਦੇ ਹਨ ਕਿ ਹਰ ਵਿਅਕਤੀ ਨੂੰ ਧਰੂਅ ਭਗਤ ਵਾਂਗੂ ਨਾਮ ਸਿਮਰਨ ਕਰਨਾ ਚਾਹੀਦਾ ਹੈ। ਜੇਕਰ ਵਿਅਕਤੀ ਨਾਮ ਸਿਮਰਨ ਕਰੇਗਾ ਤਾਂ ਉਹ ਧਰੂਅ ਭਗਤ ਵਾਂਗ ਹਰ ਤਰ੍ਹਾਂ ਦੀ ਪ੍ਰਾਪਤ ਕਰ ਸਕੇਗਾ।

ਉਪਰੋਕਤ ਉਸਾਰੀ ਪੈਟਰਨਾਂ ਰਾਹੀਂ ਗੁਰੂ ਸਾਹਿਬ ਨਾਮ ਸਿਮਰਨ ਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ ਮਨੁੱਖ ਨੂੰ ਸਮਝਾਉਂਦੇ ਹਨ ਕਿ ਮਨੁੱਖ ਨੂੰ ਨਾਮ ਸਿਮਰਨ ਕਰਨਾ ਚਾਹੀਦਾ ਹੈ ਤਾਂ ਹੀ ਉਹ ਉਪਰੋਕਤ ਮਿਥਿਹਾਸਕ ਵਿਅਕਤੀਆਂ ਵਾਂਗੂ ਤਰ ਸਕਦਾ ਹੈ ਅਤੇ ਸਭ ਤਰ੍ਹਾਂ ਦੀਆਂ ਖੁਸ਼ੀਆਂ ਹਾਸਲ ਕਰਨ ਤੋਂ ਇਲਾਵਾ ਮੁਕਤੀ ਪ੍ਰਾਪਤ ਕਰ ਸਕਦਾ ਹੈ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਉਪਰੋਕਤ ਨਾਮ ਦੀ ਪ੍ਰਾਪਤੀ ਗੁਰੂ ਦੀ ਸ਼ਰਨ ਵਿਚ ਆ ਕੇ ਹੀ ਹੁੰਦੀ ਹੈ। ਗੁਰੂ ਨਾਮ ਸਿਮਰਨ ਦਾ ਉਪਦੇਸ਼ ਦਿੰਦਾ ਹੈ। ਉਸ ਨਾਮ ਸਿਮਰਨ ਨਾਲ ਬ੍ਰਹਮ ਨਾਲ ਲਿਵ ਜੁੜ ਜਾਂਦੀ ਹੈ ਅਤੇ ਬ੍ਰਹਮ ਅਜਾਮਲ, ਗਨਿਕਾ, ਧ੍ਰੂਅ ਭਗਤ ਦੀ ਤਰ੍ਹਾਂ ਆਪਣੀ ਸ਼ਰਨ ਵਿਚ ਲੈ ਕੇ ਮੁਕਤੀ ਦੇ ਦਿੰਦਾ ਹੈ। ਇਸ ਲਈ ਗੁਰੂ ਸਾਹਿਬ ਉਪਦੇਸ਼ ਦਿੰਦੇ ਹਨ ਕਿ ਮਨੁੱਖ ਨੂੰ ਸਭ ਆਡੰਬਰ ਪਾਖੰਡ ਛੱਡ ਕੇ ਨਾਮ ਸਿਮਰਨ ਕਰਨ ਵੱਲ ਅਪਣਾ ਧਿਆਨ ਲਗਾਉਣਾ ਚਾਹੀਦਾ ਹੈ ਤਾਂ ਹੀ ਉਹ ਪ੍ਰਭੂ ਨਾਲ ਮਿਲਾਪ ਕਰਕੇ ਮੁਕਤੀ ਪ੍ਰਾਪਤ ਕਰ ਸਕਦਾ ਹੈ।

**ਸ਼ਖਸ਼ੀ, ਨੈਤਿਕ ਆਚਾਰ (ਕਾਮ, ਕਰੋਧ, ਲੋਭ, ਅਹੰਕਾਰ) ਨਾਲ ਸਬੰਧਿਤ ਮਿਥਿਹਾਸਕ ਉਸਾਰੀ ਪੈਟਰਨ:**

ਸ਼ਖਸ਼ੀ ਆਚਾਰ ਤੋਂ ਭਾਵ ਵਿਅਕਤੀ ਦੀਆਂ ਉਹ ਕ੍ਰਿਆਵਾਂ ਹਨ ਜਿਨ੍ਹਾਂ ਦਾ ਬਹੁਤਾ ਸਬੰਧ ਉਸ ਦੇ ਵਿਅਕਤਿਤਵ ਨਾਲ ਹੀ ਰਹਿੰਦਾ ਹੈ। ਇਨ੍ਹਾਂ ਕ੍ਰਿਆਵਾਂ ਦਾ ਸਬੰਧ ਮਨੁੱਖ ਦੀ ਸ਼ਖਸ਼ੀਅਤ ਨਾਲ ਹੈ। ਮਨੁੱਖੀ ਸ਼ਖਸ਼ੀਅਤ ਦੇ ਦੋ ਪਹਿਲੂ ਹਨ। ਇਕ ਹੈ ਅੰਤਰਮੁਖੀ ਤੇ ਦੂਜਾ ਹੈ ਬਾਹਰਮੁਖੀ। ਅੰਦਰੂਨੀ ਪਹਿਲੂ ਵਿਚ ਮਨੁੱਖ ਦੀਆਂ ਮਾਨਸਿਕ ਰੁਚੀਆਂ, ਮਨੋਬਿਰਤੀਆਂ, ਮਨੋਭਾਵ ਆਦਿ ਆਉਂਦੇ ਹਨ ਅਤੇ ਬਾਹਰਮੁਖੀ ਪਹਿਲੂ ਵਿਚ ਵਿਅਕਤੀ ਦੇ ਸਮਾਜਿਕ, ਸਭਿਆਚਾਰਕ, ਆਰਥਿਕ, ਰਾਜਨੀਤਕ ਸੰਪਰਕ ਸ਼ਾਮਲ ਹਨ। ਸ਼ਖਸ਼ੀ ਆਚਾਰ ਵਿਚ ਸ਼ਖਸ਼ੀਅਤ ਦੇ ਅੰਦਰਮੁਖੀ ਪਹਿਲੂ ਦਾ ਵਿਚਾਰ ਹੁੰਦਾ ਹੈ ਜਿਸ ਦਾ ਉਦੇਸ਼ ਵਿਅਕਤੀ ਨੂੰ ਆਤਮ-ਬੋਧ ਕਰਵਾਉਣਾ ਹੁੰਦਾ ਹੈ।

ਮਨੁੱਖ ਮਨੋਬਿਰਤੀਆਂ ਦਾ ਦਾਸ ਹੈ। ਇਨ੍ਹਾਂ ਮਨੋਬਿਰਤੀਆਂ ਸਦਕਾ ਮਨੁੱਖ ਖਾਹਿਸ਼ਾਂ, ਮਨੋਵਿਕਾਰਾਂ ਦੇ ਵਸ ਹੋ ਜਾਂਦਾ ਹੈ ਅਤੇ ਮਨੋਬਿਰਤੀਆਂ ਦਾ ਦਾਸ ਬਣ ਜਾਂਦਾ ਹੈ। ਮਨੋਵਿਕਾਰਾਂ ਵਿਚ ਫਸਿਆ ਵਿਅਕਤੀ ਰਾਹੋਂ ਭਟਕ ਜਾਂਦਾ ਹੈ ਅਤੇ ਉਹ ਭਲੇ-ਬੁਰੇ ਦੇ ਬਿਬੇਕ ਤੋਂ ਈ ਬੇਖ਼ਬਰ ਹੋ ਜਾਂਦਾ ਹੈ। 'ਜਾਹਨ ਡਿਊਰੀ' ਦੇ ਸ਼ਬਦਾਂ ਵਿਚ:

ਹਰ ਪ੍ਰਬਲ ਜਜਬਾਤੀ ਮਨੋਬਿਰਤੀ ਆਪਣੇ ਅਨੁਕੂਲ ਰਹਿਣ ਵਾਲੀ ਹਰ ਵਸਤੂ ਨੂੰ ਵਧਾ ਚੜ੍ਹਾ ਕੇ ਪੇਸ਼ ਕਰਦੀ ਹੈ ਅਤੇ ਹਰ ਪ੍ਰਤਿਕੂਲ ਵਸਤੂ ਨੂੰ ਦਬਾਉਣ ਦੀ ਚੇਸ਼ਟਾ ਕਰਦੀ ਹੈ।[136]

ਇਸ ਲਈ ਇਹ ਜ਼ਰੂਰੀ ਹੈ ਕਿ ਮਨੁੱਖੀ ਕ੍ਰਿਆਵਾਂ ਨਾਲ ਸੰਬੰਧਿਤ ਮਨੋਬਿਰਤੀਆਂ ਨਫਸਾਂ ਅਤੇ ਖਾਹਿਸ਼ਾਂ ਨੂੰ ਇਖ਼ਲਾਕੀ ਤੌਰ ਤੇ ਉੱਨਤ ਕਰਨ ਦਾ ਯਤਨ ਕੀਤਾ ਜਾਵੇ।

ਪੱਛਮੀ ਵਿਦਵਾਨਾਂ ਤੋਂ ਇਲਾਵਾ ਭਾਰਤੀ ਸਾਹਿਤ ਵਿਚ ਵੀ ਸ਼ਖਸ਼ੀ ਤੇ ਨੈਤਿਕ ਆਚਾਰ ਬਾਰੇ ਚਰਚਾ ਕੀਤੀ ਗਈ ਹੈ। ਵੇਦਾਂ ਵਿਚ ਇਨ੍ਹਾਂ ਨੂੰ ਦੈਂਤ ਕਿਹਾ ਗਿਆ ਹੈ। ਅਥਰਵਵੇਦ ਵਿਚ ਲਿਖਿਆ ਹੈ ਕਿ "ਹੇ ਮਾਨਵ; ਦਿਨ ਨੂੰ ਅੰਨ੍ਹੇ ਉਲੂ ਵਾਂਗ ਵਿਚਰਨ ਵਾਲੇ 'ਮੋਹ' ਰੂਪੀ ਦੈਂਤ,

ਭਘਿਆੜਾਂ ਦੀ ਚਾਲ ਵਾਲੇ 'ਕ੍ਰੋਧ' ਰੂਪੀ ਦੈਂਤ, ਕੁਤੇ ਦੇ ਸੁਭਾਅ ਵਾਲੇ 'ਈਰਖਾ' ਰੂਪੀ ਦੈਂਤ, ਚੱਕਵਾ ਚਕਵੀ ਦੇ ਆਚਰਣ ਵਾਲੇ 'ਕਾਮ' ਰੂਪੀ ਦੈਂਤ, ਗਰੜ ਵਰਗੇ ਮਦ ਰੂਪੀ ਦੈਂਤ, ਗਿਰਝ ਵਰਗੇ 'ਲੋਭ' ਰੂਪੀ ਦੈਂਤ ਦਾ ਚੰਗੀ ਤਰ੍ਹਾਂ ਨਾਸ ਕਰ।[137] ਇਸ ਤਰ੍ਹਾਂ ਵੇਦਾਂ ਵਿਚ ਕਾਮ, ਕਰੋਧ, ਲੋਭ, ਮੋਹ, ਹੰਕਾਰ, ਈਰਖਾ ਨੂੰ ਮੁਖ ਮਨੋਵਿਕਾਰ ਮੰਗਿਆ ਗਿਆ ਹੈ।

ਜੈਨ ਮਤ ਅਨੁਸਾਰ 'ਕਾਮ' ਦਵੇਸ਼ ਅਤੇ ਮੋਹ ਕਾਰਨ ਪੈਦਾ ਹੁੰਦਾ ਹੈ ਤਾਂ ਹੀ ਜੀਵ ਬੰਧਨ ਵਿਚ ਫਸ ਜਾਂਦਾ ਹੈ। ਇਸ ਤਰ੍ਹਾਂ ਜੈਨ ਮਤ ਰਾਗ, ਦਵੈਸ਼ ਅਤੇ ਮੋਹ ਨੂੰ ਵਿਸ਼ੇਸ਼ ਮੰਨਦਾ ਹੈ। ਨਿਆਏ ਮੱਤ ਵਾਲੇ ਵੀ ਰਾਗ ਦਵੈਸ ਅਤੇ ਮੋਹ ਨੂੰ ਮਨ ਦੀਆਂ ਵਿਚਾਰਾਤਮਕ ਪ੍ਰਵਿਰਤੀਆਂ ਦਾ ਕਾਰਣ ਮੰਨਦੇ ਹਨ। ਉਹ ਇਨ੍ਹਾਂ ਤਿੰਨਾਂ ਵਿਕਾਰਾਂ ਨੂੰ ਦੋਸ਼ ਕਹਿੰਦੇ ਹਨ। ਯੋਗ ਮਤ ਵਿਚ ਮਾਨਸਿਕ ਵਿਕਾਰਾਂ ਨੂੰ 'ਕਲੇਸ' ਕਿਹਾ ਹੈ। ਇਹ ਕਲੇਸ ਪੰਜ ਪ੍ਰਕਾਰ ਦਾ ਹੈ: ਅਵਿਦਿਆ, ਅਸੱਮਿਤਾ, ਰਾਗ, ਦਵੈਸ ਅਤੇ ਅਭਿਨਿਵੇਸ਼।[138]

ਉਪਰੋਕਤ ਭਾਰਤੀ ਮੱਤਾਂ ਦੀ ਤਰ੍ਹਾਂ ਗੁਰੂ-ਬਾਣੀ ਵਿਚ ਵੀ ਸ਼ਖਸ਼ੀ ਆਚਾਰ ਅਤੇ ਨੈਤਿਕਤਾ ਦਾ ਵਰਨਣ ਮਿਲਦਾ ਹੈ। ਗੁਰੂ-ਬਾਣੀ ਵਿਚ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੂੰ ਪੰਜ ਵਿਕਾਰ ਮੰਨਿਆ ਗਿਆ ਹੈ। ਮਨੁੱਖ ਦੇ ਹੋਰ ਸਭ ਅਵਗੁਣਾਂ ਤੇ ਵਿਕਾਰਾਂ ਦਾ ਮੂਲ ਇਹ ਪੰਜੇ ਹਨ। ਗੁਰੂ ਸਾਹਿਬ ਨੇ ਇਨ੍ਹਾਂ ਨੂੰ 'ਪੰਜ ਰੋਗ, ਪੰਜ ਜਨ, ਪੰਜ ਦੋਖ ਆਦਿ ਵਿਭਿੰਨ ਉਪਮਾਨਾਂ ਤੇ ਨਾਵਾਂ ਰਾਹੀਂ ਪੁਕਾਰਿਆ ਹੈ। ਗੁਰੂ ਸਾਹਿਬ ਇਨ੍ਹਾਂ ਵਿਕਾਰਾਂ ਦਾ ਵਰਨਣ ਇਸ ਪ੍ਰਕਾਰ ਹਨ:

ਛੋਡਹੁ ਪ੍ਰਾਣੀ ਕੂੜ ਕਬਾੜਾ। ਕੂੜ ਮਾਰੇ ਕਾਲੁ ਉਛਾਹਾੜਾ॥
ਸਾਕਤ ਕੂੜਿ ਪਚਹਿ ਮਨਿ ਹਉਮੈ ਦੁਹੁ ਮਾਰਗਿ ਪਚੈ ਪਚਾਈ ਹੈ॥
ਛੋਡਿਹੁ ਨਿੰਦਾ ਤਾਤਿ ਪਰਾਈ। ਪੜਿ ਪੜਿ ਦਝਹਿ ਸਾਤਿ ਨਾ ਆਈ॥
ਮਿਲਿ ਸਤਸੰਗਤਿ ਨਾਮੁ ਸਲਾਹਹੁ ਆਤਮ ਰਾਮੁ ਸਖਾਈ ਹੈ॥
ਛੋਡਹੁ ਕਾਮ ਕ੍ਰੋਧ ਬੁਰਿਆਈ। ਹਉਮੈ ਧੰਧੁ ਛੋਡਹੁ ਲੰਪਟਾਈ॥
ਸਤਿਗੁਰ ਸਰਣਿ ਪਰਹੁ ਤਾ ਉਬਰਹੁ ਇਉ ਤਰੀਐ ਭਵਜਲ ਭਾਈ ਹੈ।[139]

ਗੁਰੂ ਅਰਜਨ ਦੇਵ ਜੀ ਵੀ ਇਸ ਬਾਬਤ ਫੁਰਮਾਉਂਦੇ ਹਨ:

ਸੁੰਦਰ ਸੁਘਰ ਸਰੂਪ ਸਿਆਨੇ ਪੰਚਹੁ ਹੀ ਮੋਹ ਛਲੀ ਰੇ।
ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ।
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ।[140]

ਅਸੀਂ ਉਪਰੋਕਤ ਕਾਮ, ਕਰੋਧ, ਲੋਭ, ਮੋਹ, ਅਹੰਕਾਰ ਪੰਜ ਵਿਕਾਰਾਂ ਵਿਚ ਸਭ ਤੋਂ ਪਹਿਲਾ ਕਾਮ ਬਾਰੇ ਅਧਿਐਨ ਕਰਾਂਗੇ।

**ਕਾਮ:** ਕਾਮ ਦੇ ਅਰਥ ਹਨ - ਚਾਹਨਾ, ਇੱਛਾ, ਤਾਂਗ, ਲਗਾਓ, ਪਿਆਰ ਜਾਂ ਆਨੰਦ ਦੀ ਵਸਤੂ, ਪਿਆਰ ਵਿਸ਼ੇਸ਼ ਕਰਕੇ ਲਿੰਗ ਭੋਗ, ਮੌਜ ਮੇਲਾ।[141] ਗਿਆਨੀ ਪ੍ਰਤਾਪ ਸਿੰਘ ਅਨੁਸਾਰ ਕਾਮ ਦੇ ਅਰਥ ਹਨ - ਲਿੰਗ, ਵਾਸ਼ਨਾ, ਭੋਗ ਵਿਲਾਸ ਦੀ ਵਧੀ ਹੋਈ ਇੱਛਿਆ।[142] ਇਸ ਦੇ ਪ੍ਰਚੱਲਿਤ ਅਰਥ ਹਨ ਇਸਤਰੀ ਨਾਲ ਭੋਗ ਵਿਲਾਸ ਅਤੇ ਆਨੰਦ ਪ੍ਰਾਪਤੀ ਦੀ ਇੱਛਾ।

ਕਾਮ ਦੀ ਪਰਿਵਰਤੀ ਪੰਜ ਵਿਕਾਰਾਂ ਵਿਚੋਂ ਪ੍ਰਮੁੱਖ ਹੈ। ਕਾਮ ਸੰਬੰਧੀ ਪ੍ਰਾਚੀਨ ਕਾਲ ਤੋਂ ਚਿਰਤਣ ਹੁੰਦਾ ਆਇਆ ਹੈ। ਵੇਦਾਂ, ਉਪਨਿਸ਼ਦਾਂ, ਪੁਰਾਣਾਂ ਵਿਚ ਵੀ ਕਾਮ ਦਾ ਜ਼ਿਕਰ ਆਉਂਦਾ ਹੈ ਪਰ ਇਹਨਾਂ ਗ੍ਰੰਥਾਂ ਵਿਚ ਕਾਮ ਨੂੰ ਇਕ ਦੇਵਤੇ ਵਜੋਂ ਪ੍ਰਵਾਨ ਕੀਤਾ ਗਿਆ ਹੈ। ਰਿਗਵੇਦਕਾਰਾਂ ਨੇ ਉਸ ਨੂੰ ਪਹਿਲੀ ਹਰਕਤ ਕਿਹਾ ਹੈ ਜਦੋਂ ਉਸ ਨੇ ਸਖਸ਼ ਸ਼ਕਤੀ ਦੇ ਨਾਲ ਜੀਵਨ ਗ੍ਰਹਿਣ ਕਰ ਲਿਆ।[143] ਅਰਥਵੇਦ ਦੀ ਰਿਚਾ 'ਕਾਮ' ਨੂੰ ਪਰਮ ਆਤਮਾ ਜਾਂ ਸਿਰਜਣਹਾਰ ਦੇ ਪਦ ਉਤੇ ਬਿਰਾਜਮਾਨ ਕਰਦੀ ਹੈ।[144] ਤੈਤਰੀਯ ਬ੍ਰਾਹਮਣ ਅਨੁਸਾਰ ਇਹ ਨਿਆਂ ਦਾ ਦੇਵਤਾ ਧਰਮ ਦਾ ਪੁੱਤਰ ਹੈ ਜਿਹੜਾ ਵਿਸ਼ਵਾਸ ਦੀ ਦੇਵੀ ਸ਼੍ਰੇਯ ਦੀ ਕੁਖੋਂ ਪੈਦਾ ਹੋਇਆ।[145] ਪੁਰਾਣਾ ਵਿਚ ਇਸ ਦਾ ਵਰਨਣ ਹੈ ਕਿ ਇਸ ਨੇ ਸ਼ਿਵ ਜੀ ਦੇ ਮਨ ਵਿਚ ਜਦੋਂ ਉਹ ਤਪੱਸਿਆ ਤੇ ਅਰਾਧਨਾ ਵਿਚ ਲੀਨ ਸਨ, ਪਾਰਵਤੀ ਪ੍ਰਤੀ ਕਾਮੁਕ ਵਿਚਾਰ ਪੈਦਾ ਕਰ ਦਿੱਤੇ ਸਨ। ਇਸੇ ਲਈ ਸ਼ਿਵ ਜੀ ਨੇ ਕ੍ਰੋਧਿਤ ਹੋ ਕੇ ਇਸ ਨੂੰ ਆਪਣੀ ਤੀਜੀ ਅੱਖ ਦੀ ਅੱਗ ਨਾਲ (ਜਿਹੜੀ ਮੱਥੇ ਰਹਿੰਦੀ ਹੈ) ਸਾੜ ਕੇ ਸੁਆਹ

ਕਰ ਦਿੱਤਾ। ਸ਼ਿਵ ਜੀ ਬਾਅਦ ਵਿਚ ਨਰਮ ਹੋਏ ਅਤੇ ਉਨ੍ਹਾਂ ਨੇ ਕਾਮ ਨੂੰ ਫੇਰ 'ਪ੍ਰਦਯੁਮਨ' ਦੇ ਰੂਪ ਵਿਚ ਕ੍ਰਿਸ਼ਨ ਅਤੇ ਰੁਕਮਣੀ ਜਾਂ ਮਾਯਾ ਦੇ ਘਰ ਜਨਮ ਲੈਣ ਦੀ ਆਗਿਆ ਦਿੱਤੀ।[146]

ਭਾਰਤੀ ਦਰਸ਼ਨ ਵਿਚ ਕੇਵਲ ਚਾਰਵਾਕ ਹੀ ਕਾਮ ਦੀ ਵਡਿਆਈ ਕਰਦਾ ਹੈ ਬਾਕੀ ਸਭ ਮੱਤ ਕਾਮ ਨੂੰ ਮਨੁੱਖੀ ਸਦਾਚਾਰ ਦੇ ਰਾਹ ਵਿਚ ਰੋੜਾ ਮੰਨਦੇ ਹਨ। ਗੀਤਾ ਵਿਚ ਕਾਮ ਦਾ ਵਰਨਣ ਕਰਦਿਆਂ ਹੋਇਆਂ ਕਿਹਾ ਹੈ ਕਿ ਜਿਵੇਂ ਧੂੰਏ ਦੇ ਨਾਲ ਅੱਗ ਤੇ ਮੈਲ ਦੇ ਨਾਲ ਸ਼ੀਸ਼ਾ ਢੱਕਿਆ ਰਹਿੰਦਾ ਹੈ, ਜਿਵੇਂ ਜ਼ੇਰ ਦੇ ਨਾਲ ਗਰਭ ਹੁੰਦਾ ਹੈ ਇਸੇ ਤਰ੍ਹਾਂ ਹੀ ਕਾਮ ਨਾਲ ਇਹ ਗਿਆਨ ਢੱਕਿਆ ਹੁੰਦਾ ਹੈ।[147] ਭਾਰਤੀ ਦਰਸ਼ਨ ਗ੍ਰੰਥਾਂ ਵਿਚ ਕਾਮ ਲਈ ਵਾਸ਼ਨਾ ਸ਼ਬਦ ਮਿਲਦਾ ਹੈ ਜਿਸ ਨੂੰ ਦੇਹ-ਵਾਸ਼ਨਾ, 'ਅਸ਼ੁਭ ਵਾਸ਼ਨਾ' ਆਦਿ ਵੀ ਕਿਹਾ ਗਿਆ ਹੈ। ਇਸ ਦੁਆਰਾ ਮਨੁੱਖ ਆਵਾਗਵਨ ਦੇ ਚੱਕਰ ਵਿਚ ਪੈਂਦਾ ਹੈ।[148]

ਮੱਧਕਾਲ ਦੇ ਕਵੀਆ ਨੇ ਕਾਮ ਦੇ ਸਰੂਪ, ਸੁਭਾ ਸ਼ਕਤੀ ਅਤੇ ਬੁਰੇ ਸਿੱਟਿਆਂ ਵੱਲ ਇਸ਼ਾਰਾ ਕੀਤਾ ਹੈ। ਉਨ੍ਹਾਂ ਦੀ ਤਰ੍ਹਾਂ ਗੁਰੂ-ਬਾਣੀ ਵਿਚ ਕਾਮ ਨੂੰ ਘਾਤਕ ਦੱਸਿਆ ਗਿਆ ਹੈ। ਗੁਰੂ ਨਾਨਕ ਸਾਹਿਬ ਕਾਮ ਨੂੰ ਮਨੁੱਖੀ ਸ਼ਖਸ਼ੀਅਤ ਦੀ ਇਕ ਅਜਿਹੀ ਮਨੋ ਰੁਚੀ ਕਲਪਦੇ ਹਨ ਜੋ ਨੈਤਿਕ ਸੰਤੁਲਨ ਨੂੰ ਭੰਗ ਕਰਦੀ ਹੈ। ਕਾਮ ਸਰੀਰ ਨੂੰ ਇਸ ਤਰ੍ਹਾਂ ਗਾਲ ਦਿੰਦਾ ਹੈ ਜਿਸ ਤਰ੍ਹਾਂ ਸੋਹਾਗਾ ਸੋਨੇ ਨੂੰ ਢਾਲ ਦਿੰਦਾ ਹੈ।

ਕਾਮੁ ਕ੍ਰੋਧੁ ਕਾਇਆ ਕਉ ਗਾਲੈ।
ਜਿਉ ਕੰਚਨ ਸੋਹਾਗਾ ਢਾਲੈ॥[149]

ਗੁਰੂ ਅਰਜਨ ਦੇਵ ਜੀ ਨੇ ਕਾਮ ਦਾ ਭਿਆਨਕ ਰੂਪ ਹੇਠਲੇ ਸ਼ਬਦ ਰਾਹੀਂ ਪੇਸ਼ ਕਰਦੇ ਹੋਏ ਇਹ ਸਮਝਾਇਆ ਹੈ ਕਿ ਇਹ ਮਨੁੱਖ ਦਾ ਨਰਕਾਂ ਵਿਚ ਵਾਸਾ ਕਰਵਾਉਂਦਾ ਹੈ, ਅਨੇਕਾਂ ਜੂਨਾਂ ਵਿਚ ਭਰਮਾਉਂਦਾ ਹੈ। ਮਨ ਨੂੰ ਵਸ ਵਿਚ ਕਰ ਕੇ ਜਪ ਤਪ ਸੰਜਮ ਨੂੰ ਖਤਮ ਕਰਦਾ ਹੈ।

ਹੇ ਕਾਮੰ ਨਰਕ ਬਿਸ੍ਰਾਮੰ, ਬਹੁ ਜੋਨੀ ਭ੍ਰਮਾਣਵਹ॥
ਚਿਤ ਹਰਣੰ ਤ੍ਰੈ ਲੋਕ ਗੰਮ੍ਹੰ ਜਪ ਤਪ ਸੀਲ ਬਿਦਾਰਹ॥[150]

ਇਸ ਤਰ੍ਹਾਂ ਗੁਰੂ ਸਾਹਿਬ ਨੇ ਕਾਮਦਾਇਕ ਰੁਚੀਆਂ ਦਾ ਤਿਆਗ ਕਰਨ ਉੱਪਰ ਜ਼ੋਰ ਦਿੱਤਾ ਹੈ। ਆਪ ਨੇ ਕਾਮ ਦਾ ਮਨੋਭਾਵ ਤੌਰ ਤੇ ਖੰਡਨ ਕੀਤਾ ਹੈ, ਉਸ ਦੀ ਪ੍ਰਾਣੀ-ਸ਼ਾਸਤਰੀ ਦ੍ਰਿਸ਼ਟੀ ਤੋਂ ਆਲੋਚਨਾਂ ਨਹੀਂ ਕੀਤੀ। ਗੁਰੂ ਸਾਹਿਬ ਨੇ ਕਾਮਦਾਇਕ ਰੁਚੀਆਂ ਦੀ ਨਿੰਦਿਆ ਉਥੋਂ ਤੱਕ ਕੀਤੀ ਹੈ ਜਿਥੋਂ ਤੱਕ ਉਹ ਅਧਿਆਤਮਕ ਤੌਰ ਤੇ ਹਾਨੀਕਾਰਕ ਹੈ। ਗੁਰੂ ਸਾਹਿਬ ਪ੍ਰਵਿਰਤੀ ਮਾਰਗ ਤੇ ਗ੍ਰਹਿਸਤ ਜੀਵਨ ਦੇ ਪੱਖ ਵਿਚ ਸਨ ਅਤੇ ਉਹ ਮਰਿਯਾਦਾ ਰਾਹੀਂ ਪ੍ਰਵਾਨਿਤ ਵਿਆਹੁਤਾ ਜੀਵਨ ਨੂੰ ਹੀ ਅਸਲੀ ਮੰਨਦੇ ਸਨ। ਉਨ੍ਹਾਂ ਅਨੁਸਾਰ ਪਰ-ਇਸਤਰੀ ਤੇ ਪਰ-ਮਰਦ ਨਾਲ ਕਾਮ ਸੰਬੰਧ ਬਣਾਉਣੇ ਅਨੈਤਿਕ ਹਨ। ਇਸ ਲਈ ਆਪ ਲਿਖਦੇ ਹਨ:

ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ।[151]

ਤਕਹਿ ਨਾਰ ਪਰਾਈਆ ਲੁਕਿ ਅੰਦਰਿ ਠਾਣੀ।

ਸੰਨ੍ਹੀ ਦੇਨਿ ਵਿਖੰਮ ਥਾਇ ਮਿਠਾ ਮਦੁ ਮਾਣੀ,

ਕਰਮੀ ਆਪੋ ਆਪਣੀ ਆਪ ਪਛੁਤਾਣੀ।

ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ।[152]

ਇਸ ਤਰ੍ਹਾਂ ਗੁਰੂ-ਬਾਣੀ ਵਿਚ ਕਾਮ ਗ੍ਰਹਿਸਤ ਜੀਵਨ ਦਾ ਆਧਾਰ ਹੈ। ਸੰਜਮ ਵਿਚ ਰਹਿੰਦਿਆਂ ਹੋਇਆਂ ਸੰਸਾਰੀ ਸੁਖਾਂ ਸਮੇਤ ਕਾਮ ਭੋਗਣ ਦੀ ਕੋਈ ਮਨਾਹੀ ਨਹੀਂ। ਗੁਰੂ-ਬਾਣੀ ਵਿਚ ਕਾਮ ਨੂੰ ਮਾਰਨਾ ਮੁੱਖ ਉਦੇਸ਼ ਹੈ। ਕਾਮ ਨੂੰ ਸੰਜਮ ਨਾਲ, ਸੰਸਾਰ ਛੱਡਕੇ ਨਹੀਂ ਸਗੋਂ ਪਰਿਵਾਰਕ ਗ੍ਰਹਿਸਤ ਜੀਵਨ ਵਿਚ ਰਹਿ ਕੇ ਮਾਰਨਾ ਹੈ। ਗੁਰੂ ਸਾਹਿਬ ਜੀ ਦਾ ਉਪਦੇਸ਼ ਹੈ ਕਿ ਮਨੁੱਖ ਨੂੰ ਸਦਾਚਾਰਕ ਕੀਮਤਾਂ ਦੀ ਉਲੰਘਣਾ ਨਹੀਂ ਕਰਨੀ ਸਗੋਂ ਸਮਾਜਕ ਕਦਰਾਂ-ਕੀਮਤਾਂ ਅਪਣਾਉਂਦੇ ਹੋਏ ਸੰਸਾਰ ਵਿਚ ਰਹਿੰਦੇ ਹੋਏ ਕਾਮ ਦਾ ਤਿਆਗ ਕਰਨਾ ਚਾਹੀਦਾ ਹੈ।

### ਕਾਮ ਨਾਲ ਸੰਬੰਧਿਤ ਮਿਥਿਹਾਸਕ ਉਸਾਰੀ ਪੈਟਰਨ :

ਗੁਰੂਬਾਣੀ ਵਿਚ ਕਾਮ ਨਾਲ ਸੰਬੰਧਿਤ ਮਿਥਿਹਾਸਕ ਉਸਾਰੀ ਪੈਟਰਨ ਰਾਹੀਂ ਗੁਰੂ ਸਾਹਿਬ ਨੇ ਮਨੁੱਖ ਨੂੰ ਕਾਮਦਾਇਕ ਰੁਚੀਆਂ ਨੂੰ ਤਿਆਗਣ ਉਪਰ ਜੋਰ ਦਿੱਤਾ ਹੈ। ਉਨ੍ਹਾਂ ਨੇ ਬ੍ਰਹਮਾ,

ਇੰਦਰ ਵਰਗੇ ਦੇਵਤਿਆਂ ਦੀਆਂ ਕਾਮਦਾਇਕ ਰੁਚੀਆਂ ਨੂੰ ਮਿੱਥ ਕਥਾਵਾਂ ਰਾਹੀਂ ਪੇਸ਼ ਕਰਕੇ ਇਹ ਦ੍ਰਿੜਾਇਆ ਹੈ ਕਿ ਬ੍ਰਹਮਾ, ਇੰਦਰ ਵਰਗੇ ਦੇਵਤੇ ਵੀ ਕਾਮ ਦਾ ਤਿਆਗ ਨਹੀਂ ਕਰ ਸਕੇ ਅਤੇ ਉਨ੍ਹਾਂ ਨੂੰ ਇਸੇ ਕਰਕੇ ਕਈ ਕਸ਼ਟ ਝਲਣੇ ਪਏ ਅਤੇ ਉਹ ਪ੍ਰਭੂ ਮਿਲਾਪ ਤੋਂ ਦੂਰ ਰਹੇ। ਇਸੇ ਤਰ੍ਹਾਂ ਰਿਸ਼ੀ ਵਿਸ਼ਵਾਮਿਤਰ, ਪ੍ਰਾਸੁਰ ਰਿਸ਼ੀ ਵਰਗੇ ਵੀ ਕਾਮ ਵਸ ਭਗਤੀ ਭਾਵ ਤੋਂ ਡੋਲ ਗਏ।

ਬ੍ਰਹਮਾ ਬਾਰੇ ਇਕ ਮਿੱਥ ਕਥਾ ਪ੍ਰਚੱਲਿਤ ਹੈ ਕਿ ਉਹ ਕਾਮ ਵਸ ਹੋਇਆ ਆਪਣੀ ਪੁੱਤਰੀ ਤੇ ਮੋਹਿਤ ਹੋ ਗਿਆ।

ਇੰਦਰ ਦੇਵਤੇ ਦਾ ਕਾਮਵਸ ਕਾਰਜਾਂ ਦਾ ਵਰਨਣ ਗੁਰੂਬਾਣੀ ਵਿਚ ਆਉਂਦਾ ਹੈ। (ਇਸ ਮਿੱਥ ਕਥਾ ਦਾ ਵਰਨਣ ਪਹਿਲਿਆਂ ਅਧਿਆਇਆਂ ਵਿਚ ਦਿੱਤਾ ਜਾ ਚੁੱਕਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਮਿੱਥ ਕਥਾ ਦਾ ਵਰਣਨ ਇਸ ਪ੍ਰਕਾਰ ਮਿਲਦਾ ਹੈ:

ਗੌਤਮੁ ਤਪਾ ਅਹਿਲਿਆ ਇਸਤ੍ਰੀ, ਤਿਸੁ ਦੇਖਿ ਇੰਦ੍ਰ ਲੁਭਾਇਆ
ਸਹਸ ਸਰੀਰ ਚਿਹਨ ਭਗ ਹੂਏ, ਤਾਂ ਮਨਿ ਪਛੋਤਾਇਆ।[153]

ਇਸ ਮਿੱਥ ਕਯਾ ਰਾਹੀਂ ਗੁਰੂ ਸਾਹਿਬ ਨੇ ਕਾਮਦਾਇਕ ਰੁਚੀਆਂ ਨੂੰ ਤਿਆਗਣ ਤੇ ਜ਼ੋਰ ਦਿੱਤਾ ਹੈ। ਇਸ ਮਿਥਿਹਾਸਕ ਉਸਾਰੀ ਪੈਟਰਨ ਰਾਹੀਂ ਗੁਰੂ ਸਾਹਿਬ ਨੇ ਇਹ ਦ੍ਰਿੜ ਕਰਵਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਜੋ ਵੀ ਵਿਅਕਤੀ ਪਰਾਈ ਇਸਤਰੀ ਜਾਂ ਪਰਾਏ ਮਰਦ ਨਾਲ ਸਬੰਧ ਸਥਾਪਿਤ ਕਰਦਾ ਹੈ ਉਸ ਨੂੰ ਇੰਦਰ ਵਾਂਗੂੰ ਪਛਤਾਉਣਾ ਪੈਂਦਾ ਹੈ।

ਇਸ ਤਰ੍ਹ ਗੁਰੂ-ਬਾਣੀ ਵਿਚ ਉਪਰੋਕਤ ਮਿਥਿਹਾਸਕ ਪੈਟਰਨ ਰਾਹੀਂ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਮਨੁੱਖ ਨੂੰ ਆਪਣੇ ਕਾਮੁਕ ਜਜ਼ਬਿਆਂ ਉਪਰ ਕਾਬੂ ਰੱਖਣਾ ਚਾਹੀਦਾ ਹੈ। ਇਹ ਸੰਸਾਰ ਛੱਡ ਕੇ ਨਹੀਂ, ਸਗੋਂ ਸੰਸਾਰ ਵਿਚ ਰਹਿ ਕੇ, ਸੰਸਾਰਿਕ ਨਿਯਮਾਂ ਦੀ ਪਾਲਣਾ ਕਰਦੇ ਹੋਏ ਗ੍ਰਹਿਸਤ ਜੀਵਨ ਬਤੀਤ ਕਰ ਕੇ ਕਰਨਾ ਚਾਹੀਦਾ ਹੈ। ਗੁਰੂ ਸਾਹਿਬ ਅਨੁਸਾਰ ਕਾਮ ਉਪਰ ਕੰਟਰੋਲ ਸਾਧ ਸੰਗਤ, ਗੁਰੂ ਦੇ ਨਾਮ ਸਿਮਰਨ ਰਾਹੀਂ ਕੀਤਾ ਜਾ ਸਕਦਾ ਹੈ। ਆਪ ਸਮਝਾਉਂਦੇ ਹਨ ਕਿ ਗੁਰੂ ਦੇ ਉਪਦੇਸ਼, ਨਾਮ ਸਿਮਰਨ ਦੀ ਕਮਾਈ ਰਾਹੀਂ ਕਾਮ ਦੇ ਪ੍ਰਭਾਵ ਤੋਂ

ਬਚ ਕੇ ਜਿਥੇ ਦਰਗਾਹੀ ਸਜ਼ਾ ਤੋਂ ਬਚਿਆ ਜਾ ਸਕਦਾ ਹੈ ਉਥੇ ਗ੍ਰਹਿਸਤੀ ਜੀਵਨ ਵੀ ਸੁੰਦਰ ਬਤੀਤ ਹੋ ਸਕਦਾ ਹੈ।

**ਕ੍ਰੋਧ** : ਕ੍ਰੋਧ ਦਾ ਅਰਥ ਹੈ 'ਗੁੱਸਾ'[154], ਕਰੋਧ ਉਹ ਜਜ਼ਬਾ ਹੈ ਜਿਸ ਨਾਲ ਮਨੁੱਖ ਆਪਣੇ ਖਤਰਨਾਕ ਦੁਸ਼ਮਣਾਂ ਨਾਲ ਟਾਕਰਾ ਕਰ ਸਕਦਾ ਹੈ। ਵਿਰੋਧੀਆਂ ਤੋਂ ਆਪਣੇ ਆਪ ਨੂੰ ਬਚਾ ਸਕਦਾ ਹੈ। ਉਹਨਾਂ ਨੂੰ ਹਰਾ ਕੇ ਉਨ੍ਹਾਂ ਤੇ ਆਪਣਾ ਦਬਾ ਪਾ ਸਕਦਾ ਹੈ। ਕਰੋਧ ਅੱਗ ਵਾਂਗੂੰ ਤੇਜ ਤੇ ਕੌੜਾ ਜਜ਼ਬਾ ਹੈ। ਇਹ ਆਦਮੀ ਦੀ ਸੁੱਧ ਬੁੱਧ ਕਾਇਮ ਨਹੀਂ ਰਹਿਣ ਦਿੰਦਾ।[155] ਗੀਤਾ ਅਨੁਸਾਰ ਕਾਮ ਤੇ ਕ੍ਰੋਧ ਰਜੋਗੁਣ ਤੋਂ ਪੈਦਾ ਹੁੰਦੇ ਹਨ। ਕਾਮ ਹੀ ਕ੍ਰੋਧ ਹੈ। ਇਹ ਭੋਗਾਂ ਨਾਲ ਸ਼ਾਂਤ ਹੋਣ ਵਾਲਾ ਨਹੀਂ ਇਹ ਮਹਾਂਪਾਪੀ ਹੈ ਅਤੇ ਇਸ ਨੂੰ ਵੈਰੀ ਕਰਕੇ ਜਾਣੋ।[156]

ਗੁਰੂਬਾਣੀ ਵਿਚ ਵੀ ਕ੍ਰੋਧ ਸਬੰਧੀ ਵਿਚਾਰਾਂ ਦਾ ਪ੍ਰਗਟਾਵਾ ਹੋਇਆ ਹੈ। ਗੁਰੂ ਨਾਨਕ ਸਾਹਿਬ ਅਨੁਸਾਰ ਕ੍ਰੋਧ ਅਨੇਕ ਔਗੁਣਾਂ ਦੀ ਜੜ੍ਹ ਹੈ। ਇਹ ਕਾਮ ਦੀ ਤਰ੍ਹਾਂ ਅੰਤਰ ਧਨ ਨੂੰ ਚੁਰਾਂਦਾ ਹੈ।

ਕਾਮ ਕ੍ਰੋਧ ਅੰਤਰਿ ਧਨ ਹਿਰੈ॥[157]

ਗੁਰੂ ਰਾਮਦਾਸ ਜੀ ਨੇ ਕਰੋਧ ਨੂੰ 'ਚੰਡਾਲ' ਕਿਹਾ ਹੈ। ਆਪ ਫੁਰਮਾਉਂਦੇ ਹਨ ਕਿ ਜਿਸ ਤਰ੍ਹਾਂ ਅਗਨੀ ਸਭ ਚੀਜ਼ਾਂ ਨੂੰ ਖਤਮ ਕਰ ਦਿੰਦੀ ਹੈ ਉਸੇ ਤਰ੍ਹਾਂ ਕ੍ਰੋਧ ਸਾਰੇ ਗੁਣਾਂ ਨੂੰ ਨਸ਼ਟ ਕਰ ਦੇਂਦਾ ਹੈ।

ਉਨ੍ਹਾਂ ਪਾਸਿ ਦੁਆਸਿ ਨ ਭਿਟੀਐ
ਜਿਨ ਅੰਤਰਿ ਕ੍ਰੋਧੁ ਚੰਡਾਲ।[158]

ਗੁਰੂ ਅਰਜਨ ਦੇਵ ਜੀ ਨੇ ਕ੍ਰੋਧ ਨੂੰ 'ਕਲਹ' ਦਾ ਮੂਲ ਕਿਹਾ ਹੈ। ਉਨ੍ਹਾਂ ਅਨੁਸਾਰ ਇਹ ਝਗੜਿਆਂ ਦੀ ਜੜ੍ਹ ਹੈ। ਆਪ ਕ੍ਰੋਧ ਨੂੰ ਸੰਬੋਧਿਤ ਕਰਦੇ ਹੋਏ ਫੁਰਮਾਉਂਦੇ ਹਨ; 'ਝਗੜਿਆਂ ਦੀ ਜੜ੍ਹ! ਹੇ ਕ੍ਰੋਧ॥ ਤੈਨੂੰ ਕਦੀ ਵੀ ਦਇਆ ਨਹੀਂ ਉਪਜੀ, ਤੂੰ ਵਿਸ਼ਈ ਜੀਵਾਂ ਨੂੰ ਵਸ ਕੀਤਾ ਹੈ ਜੋ

ਤੇਰੇ ਅਗੇ ਬਾਂਦਰ ਵਾਂਗ ਨਾਚ ਕਰਦੇ ਹਨ। ਉਨ੍ਹਾਂ ਨੂੰ ਜਮਦੂਤਾਂ ਦੇ ਹੱਥੋਂ ਸਜ਼ਾ ਮਿਲਦੀ ਹੈ ਅਤੇ ਤੇਰੀ ਸੰਗਤ ਵਿਚ ਉਹ ਜੀਵ ਨੀਚ ਆਦਮੀ ਬਣ ਜਾਂਦੇ ਹਨ ਆਪ ਲਿਖਦੇ ਹਨ;

ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ।

ਬਿਖਯੰਤ ਜੀਵੰ ਵਸੰ ਕਰੋਤਿ ਨਿਰਤੰ ਕਰੋਤਿ ਜਥਾ ਮਰਕਟਹ।

ਅਨਿਕ ਸ਼ਾਸਨ ਤਾੜੰਤਿ ਜਮ ਦੂਤਹ।

ਭਵ ਸੰਗੇ ਅਧਮੰ ਨਰਹ।

ਦੀਨ ਦੁਖ ਭੰਜਨ ਦਯਾਨ ਪ੍ਰਭ ਨਾਨਕ ਸਰਬ ਜੀਅ ਰਖਾ ਕਰੋਤਿ।[159]

ਗੁਰੂ ਸਾਹਿਬ ਅਗੇ ਫੁਰਮਾਉਂਦੇ ਹਨ ਕਿ ਕਰੋਧ ਨਾਲ ਮਨੁੱਖ ਬੁਰੇ ਕੰਮ ਕਰ ਬੈਠਦਾ ਹੈ। ਭਾਵ ਕਿਸੇ ਨਾ ਕਿਸੇ ਦੀ ਹੱਤਿਆ ਜਾਂ ਦਿਲ ਦੁਖਾ ਦਿੰਦਾ ਹੈ ਤਾਂ ਇਸ ਬੁਰਾਈ ਰਾਹੀਂ ਕਈ ਜੂਨਾਂ ਵਿਚ ਪੈਂਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ:

ਕਾਮ ਕ੍ਰੋਧ ਲੋਭ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ।[160]

ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਕਰੋਧ ਦਾ ਨਿਵਾਰਨ ਗੁਰੂ ਦੇ ਲੜ ਲਗਣ ਨਾਲ ਹੁੰਦਾ ਹੈ। ਗੁਰੂ ਹੀ ਆਪਣੇ ਚਰਨਾਂ ਨਾਲ ਲਾ ਕੇ ਕ੍ਰੋਧ ਦਾ ਨਿਵਾਰਨ ਕਰਦਾ ਹੈ। ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:

ਕਾਮ ਕਰੋਧ ਤਜਿ ਗਏ ਪਿਆਰੇ ਸਤਿਗੁਰ ਚਰਨੀ ਪਾਇ।[161]

ਗੁਰੂ ਸਾਹਿਬ ਅਨੁਸਾਰ ਮਨੁੱਖ ਦੇ ਕ੍ਰੋਧ ਦਾ ਨਿਵਾਰਨ ਗੁਰੂ ਦੇ ਸ਼ਬਦ ਦੁਆਰਾ ਹੁੰਦਾ ਹੈ।

ਕਾਮੁ ਕ੍ਰੋਧ ਲੋਭੁ ਅਹੰਕਾਰ ਨਿਵਾਰੇ ਗੁਰੂ ਕੇ ਸਬਦ ਸਮਝ ਪਰੇ।[162]

ਗੁਰੂ ਸਾਹਿਬ ਕ੍ਰੋਧ ਦੇ ਨਿਵਾਰਨ ਦਾ ਇਕਹਿਰਾ ਰਾਹ ਦਰਸਾਉਂਦੇ ਹਨ। ਆਪ ਫੁਰਮਾਉਂਦੇ ਹਨ ਕਿ ਸਾਧੂ ਦੇ ਸੰਗ, ਵੀ ਕ੍ਰੋਧ ਦਾ ਨਿਵਾਰਨ ਕਰਨ ਦਾ ਇਕ ਰਾਹ ਹੈ। ਸਾਧੂ ਆਪਣੇ ਉਪਦੇਸ਼ ਨਾਲ ਮਨੁੱਖੀ ਮਨ ਵਿਚੋਂ ਕ੍ਰੋਧ ਕੱਢ ਦਿੰਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ:

ਕਾਮ ਕਰੋਧ ਨਿੰਦਾ ਪਰਹਰੀਆ ਕਾਢੇ ਸਾਧੂ ਕੈ ਸੰਗਿ ਮਾਰਿ।[163]

ਇਸ ਤਰ੍ਹਾਂ ਗੁਰੂ ਸਾਹਿਬ ਨੇ ਕ੍ਰੋਧ ਨੂੰ ਇਕ ਮਹੱਤਵਪੂਰਨ ਬੁਰਾਈ ਦੇ ਤੌਰ ਤੇ ਪੇਸ਼ ਕੀਤਾ ਹੈ। ਉਨ੍ਹਾਂ ਅਨੁਸਾਰ ਕ੍ਰੋਧ ਹਰ ਤਰ੍ਹਾਂ ਦੇ ਝਗੜੇ ਦੀ ਜੜ੍ਹ ਹੈ। ਆਪ ਕ੍ਰੋਧ ਦੇ ਨਿਵਾਰਨ ਲਈ, ਗੁਰੂ ਦੇ ਲੜ ਲੱਗਣ ਦਾ ਉਪਦੇਸ਼ ਦਿੰਦੇ ਹਨ। ਉਨ੍ਹਾਂ ਅਨੁਸਾਰ ਗੁਰੂ ਅਤੇ ਸਾਧ ਸੰਗਤ ਵਿਚ ਆ ਕੇ ਕ੍ਰੋਧ ਦਾ ਨਿਵਾਰਨ ਹੁੰਦਾ ਹੈ। ਗੁਰੂ ਜੀ ਸਮਝਾਉਂਦੇ ਹਨ ਕਿ ਗੁਰੂ ਦੁਆਰਾ ਦਿਤੇ ਸ਼ਬਦ ਨੂੰ ਅਰਾਧ ਕੇ ਕ੍ਰੋਧ ਤੋਂ ਬਚਿਆ ਜਾ ਸਕਦਾ ਹੈ।

## ਕ੍ਰੋਧ ਨਾਲ ਸਬੰਧਿਤ ਮਿਥਿਹਾਸਕ ਉਸਾਰੀ ਪੈਟਰਨ:

ਗੁਰੂ-ਬਾਣੀ ਵਿਚ ਕ੍ਰੋਧ ਦਾ ਨਿਵਾਰਨ ਕਰਨ ਲਈ ਮਿਥਿਹਾਸਕ ਉਸਾਰੀ ਪੈਟਰਨਾਂ ਦੀ ਵਰਤੋਂ ਕੀਤੀ ਗਈ ਹੈ। ਗੁਰੂ ਸਾਹਿਬ ਨੇ ਕ੍ਰੋਧ ਨਾਲ ਸਬੰਧਿਤ ਮਿੱਥ ਕਥਾਵਾਂ ਪੇਸ਼ ਕਰਕੇ ਆਪਣੇ ਵਿਚਾਰਾਂ ਦੀ ਉਸਾਰੀ ਕੀਤੀ ਹੈ, ਤਾਂ ਕਿ ਮਨੁੱਖ ਨੂੰ ਇਸ ਬੁਰਾਈ ਪ੍ਰਤੀ ਸੁਚੇਤ ਕੀਤਾ ਜਾ ਸਕੇ। ਇਨ੍ਹਾਂ ਵਿਚੋਂ ਕੁਝ ਮਿੱਥ ਕਥਾਵਾਂ ਪੇਸ਼ ਹਨ।

ਸ਼ਿਵ ਦੇ ਕ੍ਰੋਧ ਸੰਬੰਧੀ ਮਿੱਥ ਕਥਾ ਪੇਸ਼ ਹੈ। (ਇਸ ਕਥਾ ਦਾ ਵਿਸਥਾਰ ਸਹਿਤ ਵਰਨਣ ਪਹਿਲਿਆਂ ਅਧਿਆਇਆਂ ਵਿਚ ਦਿੱਤਾ ਜਾ ਚੁੱਕਾ ਹੈ।) ਸ਼ਿਵ ਨੇ ਕ੍ਰੋਧ ਵਿਚ ਆਪਣੇ ਪੁੱਤਰ ਦਾ ਸਿਰ ਲਾਹ ਦਿੱਤਾ। ਗੁਰੂ ਸਾਹਿਬ ਇਸ ਮਿੱਥ ਕਥਾ ਵੱਲ ਇਸ ਤਰ੍ਹਾਂ ਸੰਕੇਤ ਕਰਦੇ ਹਨ:

ਮਹਾਦੇਉ ਗਿਆਨੀ ਵਰਤੈ ਘਰਿ ਆਪਣੈ ਤਾਮਸੁ ਬਹੁਤੁ ਅਹੰਕਾਰਾ॥[164]

ਇਸੇ ਤਰ੍ਹਾਂ ਦੀ ਕ੍ਰੋਧ ਨਾਲ ਸਬੰਧਿਤ ਪਰਸੂਰਾਮ ਬਾਰੇ ਇਕ ਮਿੱਥ ਕਥਾ ਗੁਰੂ ਸਾਹਿਬ ਪੇਸ਼ ਕਰਦੇ ਹਨ। ਪਰਸੂਰਾਮ ਦੀ ਇਸ ਮਿੱਥ ਕਥਾ ਦਾ ਵਿਸਥਾਰ ਸਹਿਤ ਵਰਨਣ ਪਹਿਲਾਂ ਦਿੱਤਾ ਜਾ ਚੁੱਕਾ ਹੈ। ਪਰਸੂਰਾਮ ਨੇ ਕ੍ਰੋਧ ਵਿਚ ਆ ਕੇ ਕਈ ਖਤਰੀਆਂ ਨੂੰ ਮਾਰ ਮੁਕਾਇਆ। ਕਿਹਾ ਜਾਂਦਾ ਹੈ ਕਿ ਉਸ ਨੇ ਏਨੇ ਖਤਰੀਆਂ ਨੂੰ ਮਾਰਿਆ ਕਿ ਖੂਹ ਦੇ ਤਲਾਬ ਭਰ ਗਏ। ਗੁਰੂ ਸਾਹਿਬ ਪਰਸੁਰਾਮ ਦੇ ਕ੍ਰੋਧ ਬਾਰੇ ਮਿੱਥਕ ਸੰਕੇਤ ਦਿੰਦੇ ਹਨ:

ਪਰਸ ਰਾਮ ਰੋਵੈ ਘਰ ਆਇਆ।[165]

ਉਪਰੋਕਤ ਮਿੱਥ ਕਥਾਵਾਂ ਰਾਹੀਂ ਗੁਰੂ ਸਾਹਿਬ ਆਪਣੇ ਵਿਚਾਰਾਂ ਦੀ ਉਸਾਰੀ ਕਰਦੇ ਹੋਏ ਇਹ ਦ੍ਰਿੜ ਕਰਵਾ ਰਹੇ ਹਨ ਕਿ ਮਨੁੱਖ ਨੂੰ ਕ੍ਰੋਧ ਦਾ ਤਿਆਗ ਕਰਨਾ ਚਾਹੀਦਾ ਹੈ, ਨਹੀਂ ਤਾਂ ਮਨੁੱਖ ਨੂੰ ਸ਼ਿਵ ਅਤੇ ਪਰਸੂਰਾਮ ਵਾਂਗੂੰ ਪਛਤਾਉਣਾ ਪੈਂਦਾ ਹੈ। ਆਪ ਸਮਝਾਉਂਦੇ ਹਨ ਕਿ ਕ੍ਰੋਧ ਦਾ ਨਿਵਾਰਨ ਗੁਰੂ ਦੀ ਸ਼ਰਨ ਵਿਚ ਆ ਕੇ ਨਾਮ ਸਿਮਰਨ ਰਾਹੀਂ ਹੀ ਹੋ ਸਕਦਾ ਹੈ।

ਲੋਭ ਤੋਂ ਭਾਵ ਹੈ: ਅਪ੍ਰਾਪਤ ਵਸਤੂ ਦੀ ਪ੍ਰਾਪਤੀ ਲਈ ਇੱਛਾ ਕਰਨੀ, ਸੰਤੋਖ ਨਾ ਹੋਣ ਕਰਕੇ ਦੂਸਰਿਆਂ ਦੇ ਧਨ ਪਦਾਰਥ ਤੇ ਹੋਰ ਚੀਜ਼ਾਂ ਨੂੰ ਅਯੋਗ ਢੰਗ ਨਾਲ ਪ੍ਰਾਪਤ ਕਰਨ ਦੀ ਵਧੀ ਹੋਈ ਲਾਲਸਾ ਲੋਭ ਹੈ।[166] ਡਾ. ਜੋਗਿੰਦਰ ਸਿੰਘ ਅਨੁਸਾਰ, "ਲੋਭ ਮਨ ਦੀ ਇੱਛਾ ਸ਼ਕਤੀ ਦਾ ਤੀਬਰ ਜਜ਼ਬਾ ਹੈ। ਜੀਵ ਦੀ ਵਧੀ ਹੋਈ ਲਾਲਸਾ 'ਲੋਭ' ਹੈ। ਲਾਲਚੀ ਜੀਵ ਆਪਣੇ ਮਾਤਾ ਪਿਤਾ ਮਿੱਤਰ ਸਬੰਧੀ ਅਤੇ ਇਸ਼ਟ ਨਾਲ ਵੀ ਧੋਖਾ ਫਰੇਬ ਕਰ ਸਕਦਾ ਹੈ। ਲੋਭ ਮਨ ਦੀ ਅਤ੍ਰਿਪਤ ਇੱਛਾ ਹੈ ਇਸ ਦਾ ਅੰਤਮ ਰੂਪ ਤ੍ਰਿਸ਼ਨਾ ਹੈ।"[167] ਗੁਰੂ ਅਮਰਦਾਸ ਜੀ ਅਨੁਸਾਰ ਲੋਭ ਇਨਸਾਨ ਦੀਆਂ ਚੰਗਿਆਈਆਂ ਉਪਰ ਇਵੇਂ ਪਰਦਾ ਪਾ ਦਿੰਦਾ ਹੈ ਜਿਵੇਂ ਨਿਰਮਲ ਪਾਣੀ ਉੱਪਰ ਬੂਰ ਪੈਦਾ ਹੋ ਕੇ ਪਾਣੀ ਨੂੰ ਢਕ ਦਿੰਦਾ ਹੈ। ਆਪ ਫੁਰਮਾਉਂਦੇ ਹਨ:

ਲਬੁ ਵਿਆਹੇ ਮਾਣਸਾ ਜਿਓ ਪਾਣੀ ਬੂਰੁ॥[168]

ਗੁਰੂ-ਬਾਣੀ ਲੋਭ ਦਾ ਵਿਸਥਾਰ ਸਹਿਤ ਵਰਨਣ ਮਿਲਦਾ ਹੈ। ਗੁਰੂ ਸਾਹਿਬ ਅਨੁਸਾਰ ਲੋਭੀ ਮਨੁੱਖ ਹਰ ਵੇਲੇ ਕੁਝ ਨਾ ਕੁਝ ਪ੍ਰਾਪਤ ਕਰਨ ਦੀ ਚਾਹ ਵਿਚ ਹੀ ਰਹਿੰਦਾ ਹੈ, ਭਾਵੇਂ ਉਸ ਨੂੰ ਸੰਸਾਰ ਦੇ ਸਾਰੇ ਪਦਾਰਥ ਵੀ ਮਿਲ ਜਾਣ। ਉਸ ਦੀ ਭੁਖ ਕਦੇ ਵੀ ਨਹੀਂ ਉਤਰਦੀ।

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆਂ ਭਾਰ॥[169]

ਗੁਰੂ ਸਾਹਿਬ ਨੇ ਲੋਭੀ ਨੂੰ ਹਲਕਾ ਕੁਤਾ ਕਿਹਾ ਹੈ ਜੋ ਦਰ-ਬ-ਦਰ ਠੋਕਰਾਂ ਖਾਂਦਾ ਰਹਿੰਦਾ ਹੈ। ਉਹ ਗੰਦ ਮੰਦ ਖਾਂਦਾ ਹੈ ਅਤੇ ਉਸ ਨੂੰ 'ਭਖ', 'ਅਭਖ' ਵਿਚ ਕੋਈ ਅੰਤਰ ਨਹੀਂ ਦਿਸਦਾ।

ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ।[170]

ਗੁਰੂ ਸਾਹਿਬ ਅਨੁਸਾਰ ਅਜਿਹੇ ਲੋਭੀ ਉਪਰ ਵਿਸ਼ਵਾਸ ਨਹੀਂ ਕਰਨਾ ਚਾਹੀਦਾ ਕਿਉਂਕਿ ਅਜਿਹਾ ਸੁਆਰਥੀ ਵਿਅਕਤੀ ਇਕ ਨਾ ਇਕ ਦਿਨ ਜ਼ਰੂਰ ਧੋਖਾ ਦਿੰਦਾ ਹੈ।

ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ।[171]

ਗੁਰੂ ਸਾਹਿਬ ਲੋਭ ਲਾਲਚ ਨੂੰ ਤਿਆਗਣ ਦਾ ਹਲ ਵੀ ਦਸਦੇ ਹਨ। ਆਪ ਮਨੁੱਖ ਨੂੰ ਕਿਰਤ ਕਰਨ, ਵੰਡ ਕੇ ਛਕਣ ਦਾ ਉਪਦੇਸ਼ ਦਿੰਦੇ ਹਨ। ਆਪ ਫੁਰਮਾਉਂਦੇ ਹਨ:

ਘਾਲਿ ਖਾਇ ਕਿਛੁ ਹਾਥਹੁ ਦੇਇ
ਨਾਨਕ ਰਾਹੁ ਪਛਾਣਹਿ ਸੇਇ।[172]

ਗੁਰੂ ਸਾਹਿਬ ਅਨੁਸਾਰ ਜੇਕਰ ਮਨੁੱਖ ਕਿਰਤ ਕਰੇਗਾ, ਵੰਡ ਕੇ ਛਕੇਗਾ ਤਾਂ ਕੁਦਰਤੀ ਹੀ ਉਸ ਦੇ ਲੋਭ ਦਾ ਤਿਆਗ ਹੋ ਜਾਵੇਗਾ। ਉਸ ਨੂੰ ਦੌਲਤ ਇਕੱਠੀ ਕਰਨ ਦੀ ਹੋੜ ਨਹੀਂ ਰਹੇਗੀ। ਗੁਰੂ ਸਾਹਿਬ ਅੱਗੇ ਸਮਝਾਉਂਦੇ ਹਨ ਕਿ ਲੋਭ ਦਾ ਤਿਆਗ ਕੇਵਲ ਗੁਰੂ ਦੀ ਸ਼ਰਨ ਵਿਚ ਆ ਕੇ ਉਸਦੇ ਦਿੱਤੇ ਉਪਦੇਸ਼ ਤੇ ਸ਼ਬਦ ਨਾਲ ਹੋ ਸਕਦਾ ਹੈ। ਇਸ ਤਰ੍ਹਾਂ ਗੁਰੂ ਸਾਹਿਬ ਨੇ ਲੋਭ ਨੂੰ ਇਕ ਮਹੱਤਵਪੂਰਨ ਬੁਰਿਆਈ ਦੇ ਤੌਰ 'ਤੇ ਮੰਨਦੇ ਹੋਏ ਇਸ ਨੂੰ ਤਿਆਗਣ ਉਪਰ ਜ਼ੋਰ ਦਿੱਤਾ ਹੈ।

**ਲੋਭ ਨਾਲ ਸਬੰਧਿਤ ਮਿਥਿਹਾਸਕ ਉਸਾਰੀ ਪੈਟਰਨ:**

ਗੁਰੂ ਸਾਹਿਬ ਨੇ ਲੋਭ ਨਾਲ ਸਬੰਧਿਤ ਮਿਥਿਹਾਸਕ ਉਸਾਰੀ ਪੈਟਰਨਾਂ ਰਾਹੀਂ ਇਹ ਸਿਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਲੋਭੀ ਵਿਅਕਤੀ ਦਾ ਕਦੇ ਵੀ ਵਿਸਾਹ ਨਹੀਂ ਕਰਨਾ ਚਾਹੀਦਾ। ਉਹ ਕਿਸੇ ਵੀ ਸਮੇਂ ਧੋਖਾ ਕੇ ਸਕਦਾ ਹੈ। ਲੋਭੀ ਦਾ ਲਾਲਚ ਉਸ ਨੂੰ ਕਿਸੇ ਵੀ ਪੱਧਰ ਤੱਕ ਲਿਜਾ ਸਕਦਾ ਹੈ। ਆਪ ਅਜਿਹੇ ਹੀ ਇਕ ਲੋਭੀ ਵਿਅਕਤੀ 'ਧ੍ਰਿਸ਼ਟਬੁਧੀ' ਦੀ ਮਿੱਥਕ ਉਦਾਹਰਣ ਦਿੰਦੇ ਹਨ ਜੋ ਇਸ ਪ੍ਰਕਾਰ ਹੈ: (ਇਹ ਮਿੱਥ ਕਲਾ ਪਹਿਲਿਆਂ ਅਧਿਆਇਆਂ ਵਿਚ ਵੀ ਪੇਸ਼ ਕੀਤੀ ਜਾ ਚੁੱਕੀ ਹੈ)। ਇਸ ਮਿੱਥ ਕਥਾ ਤੋਂ ਇਹ ਸਪੱਸ਼ਟ ਹੋ ਚੁੱਕਾ ਹੈ ਕਿ ਧ੍ਰਿਸ਼ਟਬੁਧੀ ਰਾਜ ਹੜੱਪਣ ਦੇ ਲੋਭ ਵਸ ਆਪਣੇ ਪੁੱਤਰ ਨੂੰ ਮਰਵਾ ਬੈਠਾ। ਗੁਰੂ ਸਾਹਿਬ ਇਸ ਕਥਾ ਬਾਰੇ ਮਿੱਥਕ ਸੰਕੇਤ ਦਿੰਦੇ ਹਨ।

ਜਿਓ ਜਨ ਚੰਦ੍ਰਹਾਸ ਦੁਖਿਆ ਧ੍ਰਿਸ਼ਟ ਬੁਧੀ, ਅਪੁਨਾ ਘਰੁ ਲੂਕੀ ਜਾਰੇ[173]

ਉਪਰੋਕਤ ਮਿਥਿਹਾਸਕ ਉਸਾਰੀ ਪੈਟਰਨ ਰਾਹੀਂ ਗੁਰੂ ਸਾਹਿਬ ਸਮਝਾਉਂਦੇ ਹਨ ਕਿ ਮਨੁੱਖ ਨੂੰ ਲੋਭ ਦਾ ਤਿਆਗ ਕਰਨਾ ਚਾਹੀਦਾ ਹੈ ਨਹੀਂ ਤਾਂ ਉਸ ਨੂੰ ਧ੍ਰਿਸ਼ਟਬੁਧੀ ਦੀ ਤਰ੍ਹਾਂ ਪਛਤਾਉਣਾ ਪਵੇਗਾ। ਆਪ ਅਨੁਸਾਰ ਲੋਭੀ ਦਾ ਪਰਮਾਤਮਾ ਹਰ ਸਮੇਂ ਨੁਕਸਾਨ ਹੀ ਕਰਦਾ ਹੈ ਅਤੇ ਸੱਚੇ ਵਿਅਕਤੀ ਦੀ ਉਹ ਰਾਖੀ ਕਰਦਾ ਹੈ। ਇਸ ਲਈ ਗੁਰੂ ਸਾਹਿਬ ਮਨੁੱਖ ਨੂੰ ਉਪਦੇਸ਼ ਦਿੰਦੇ ਹਨ ਕਿ ਉਸ ਨੂੰ ਲੋਭ ਲਾਲਚ ਦਾ ਤਿਆਗ ਕਰਨ ਲਈ ਗੁਰੂ ਦੀ ਸ਼ਰਨ ਵਿਚ ਆਉਣਾ ਚਾਹੀਦਾ ਹੈ। ਗੁਰੂ ਹੀ ਮਨੁੱਖ ਨੂੰ ਆਪਣੇ ਨੈਤਿਕ ਉਪਦੇਸ਼ ਦੁਆਰਾ ਅਤੇ ਸ਼ਬਦ ਨਾਮ ਦੁਆਰਾ ਲੋਭ ਦਾ ਤਿਆਗ ਕਰਵਾਉਂਦਾ ਹੈ। ਗੁਰੂ ਆਪਣੇ ਸ਼ਬਦ ਨਾਮ ਰਾਹੀਂ ਲੋਭ ਲਾਲਚ ਦੀ ਮੈਲ ਦਿਲ ਵਿਚ ਕੱਢ ਦਿੰਦਾ ਹੈ ਅਤੇ ਮਨੁੱਖ ਦਾ ਮਨ ਨਿਰਮਲ ਹੋ ਕੇ ਪ੍ਰਭੂ ਭਗਤੀ ਵਿਚ ਲੱਗ ਜਾਂਦਾ ਹੈ।

**ਹਉਮੈ**: ਹਉਮੈ ਨੂੰ 'ਅਹੰਕਾਰ, ਅਹੰਮੇਓ', 'ਅਹੰਬੁਧਿ', 'ਅਭਿਮਾਨ', 'ਹਉ' ਆਦਿ ਸ਼ਬਦਾਂ ਨਾਲ ਵੀ ਜਾਣਿਆ ਜਾਂਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਹਉਮੈ ਨੂੰ 'ਅਹੰ', 'ਅਹੰਤਾ', 'ਅਭਿਮਾਨ', 'ਖੁਦੀ'[174]

ਡਾ. ਪ੍ਰੇਮ ਪ੍ਰਕਾਸ਼ ਅਨੁਸਾਰ 'ਹਉਂ' ਅਪਭ੍ਰੰਸ ਦਾ ਪ੍ਰਥਮ ਪੁਰਸ਼ ਇਕ ਵਾਚਕ ਪੜਨਾਓ ਹੈ ਅਤੇ 'ਮੈਂ' ਆਧੁਨਿਕ ਪੰਜਾਬੀ ਦਾ ਪ੍ਰਥਮ ਪੁਰਸ਼ ਇਕ ਵਚਨ ਪੜਨਾਓ ਹੈ।[175]

ਡਾ. ਰਤਨ ਸਿੰਘ ਜੱਗੀ ਅਨੁਸਾਰ, 'ਹਉਮੈ' ਸ਼ਬਦ 'ਹਉਂ' ਅਤੇ 'ਮੈਂ' ਦਾ ਜੁੜਵਾਂ ਸ਼ਬਦ ਹੈ। ਇਹ ਦੋਵੇਂ ਸ਼ਬਦਾਂ ਕ੍ਰਮਵਾਰ ਸੰਸਕ੍ਰਿਤ ਦੇ 'ਅਹੰ' ਅਤੇ 'ਮਮ' ਦੇ ਤਦਭਵ ਰੂਪ ਹਨ। ਇਹਨਾਂ ਦੋਹਾਂ ਦਾ ਅਰਥ ਹੈ 'ਮੈਂ', 'ਮੇਰਾ'।[177]

ਪ੍ਰੋ. ਜੀ. ਐਸ. ਤਾਲਿਬ ਅਨੁਸਾਰ ਵਿਅਕਤੀਗਤ ਆਪੇ ਨੂੰ ਸਰਵਉੱਚ ਮਹਾਨਤਾ ਦੇਣ ਦੇ ਭੁਲੇਖੇ ਦਾ ਸਿੱਟਾ ਹੀ 'ਹਉਮੈ' ਹੈ।[176]

ਭਾਰਤੀ ਦਰਸ਼ਨ ਵਿਚ ਹਉਮੈ ਦਾ ਜ਼ਿਕਰ ਕਈ ਗ੍ਰੰਥਾਂ ਵਿਚ ਆਇਆ ਹੈ। ਉਪਨਿਸ਼ਦਾਂ ਵਿਚ ਹਉਮੈ ਦਾ ਕਾਰਣ ਅਗਿਆਨਤਾ ਮੰਨਿਆ ਹੈ ਇਹੋ ਹੀ ਜੀਵ ਦੀ ਮੁਕਤੀ ਵਿਚ ਬਾਧਯ ਹੈ।

ਮੁੰਡਕ ਉਪਨਿਸ਼ਦ ਵਿਚ ਲਿਖਿਆ ਹੈ, 'ਮੈਂ ਆਪਣੇ ਕਰਤੱਵ ਦਾ ਪਾਲਣ ਕਰ ਲਿਆ ਹੈ, ਅਜਿਹੀ ਭਾਵਨਾ ਸਹਿਤ ਕੀਤੇ ਕਰਮ ਉਸ ਨੂੰ ਮੁਕਤ ਨਹੀਂ ਹੋਣ ਦਿੰਦੇ।[178]

ਗੀਤਾ ਵਿਚ ਹਉਮੈ ਦਾ ਰੂਪ ਸਪੱਸ਼ਟ ਕਰਦਿਆਂ ਕਿਹਾ ਹੈ ਕਿ ਅਹੰਕਾਰ ਯੁਕਤ ਅੰਤਹਕਰਣ ਵਾਲਾ ਪੁਰਸ਼ 'ਮੈਂ ਕਰਤਾ ਹੂੰ' ਅਜਿਹਾ ਮੰਨ ਲੈਂਦਾ ਹੈ।[179]

ਸ਼ਾਂਖ ਮੱਤ ਅਨੁਸਾਰ ਬੁੱਧੀ ਤੱਤ ਵਿਚ ਰਹਿਣ ਵਾਲੇ ਰਜੋਗੁਣ ਤੋਂ 'ਅਹੰਕਾਰ' ਦੀ ਉਤਪਤੀ ਹੁੰਦੀ ਹੈ। ਇਸ ਵਿਚ ਰਜੋ ਗੁਣ ਪ੍ਰਧਾਨ ਹੈ। 'ਅਹੰ ਮੈਂ ਹਾਂ' ਅਹੰਕਾਰ ਦਾ ਸਰੂਪ ਹੈ।[180]

ਗੁਰੂ-ਬਾਣੀ ਵਿਚ ਅਹੰਕਾਰ ਨੂੰ 'ਹਉਮੈ' 'ਅਹੰਮੇਇ', 'ਅੰਹਮੇਵ', 'ਅਹੰਮੇਇ', 'ਅਹੰਮਾਨੀ', 'ਅਹੰਬੁਧਿ', 'ਅਹੰਕਾਰ', 'ਅੰਹਕਰਣ', 'ਅਹੰ', 'ਹਉਂ', 'ਅਭਿਮਾਨ', 'ਹੰਕਾਰ', 'ਗਰਬ', 'ਮਮਤਾ', 'ਅਹੰਮਤਿ' ਆਦਿ ਸ਼ਬਦਾਂ ਦੁਆਰਾ ਪ੍ਰਗਟਾਇਆ ਗਿਆ ਹੈ। ਪ੍ਰੰਤੂ ਇਨ੍ਹਾਂ ਸਾਰੇ ਸ਼ਬਦਾਂ ਵਿਚੋਂ 'ਹਉਂ' ਤੇ 'ਹਉਮੈ'ਦੀ ਵਰਤੋਂ ਜ਼ਿਆਦਾਤਰ ਹੋਈ ਹੈ।

ਗੁਰੂ-ਬਾਣੀ ਵਿਚ ਅਹੰਕਾਰ ਦੇ ਦੋ ਸਰੂਪਾਂ ਦਾ ਚਿਤਰਣ ਮਿਲਦਾ ਹੈ। ਪਹਿਲਾ ਸਰੂਪ ਮਨ ਦਾ ਵਿਕਾਰ ਹੈ, ਦੂਜਾ ਸਰੂਪ ਤਾਤਵਿਕ ਹੈ। ਪਹਿਲੇ ਸਰੂਪ ਦਾ ਵਰਨਣ ਵਧੇਰੇ ਮਿਲਦਾ ਹੈ। ਪਹਿਲਾ ਸਰੂਪ ਵਿਚ ਹਉਮੈ ਦੇ ਹਾਨੀਕਾਰਕ ਪੱਖ ਨੂੰ ਉਜਾਗਰ ਕੀਤਾ ਗਿਆ ਹੈ।

ਗੁਰੂਬਾਣੀ ਵਿਚ ਹਉਮੈ ਨੂੰ ਮਹੱਤਵਪੂਰਨ ਬੁਰਾਈ ਸਵੀਕਾਰ ਕੀਤਾ ਗਿਆ ਹੈ। ਗੁਰੂ ਸਾਹਿਬ ਨੇ ਹਉਮੈ ਨੂੰ ਰੋਗ ਕਿਹਾ। ਉਨ੍ਹਾਂ ਅਨੁਸਾਰ ਇਹ ਅਜਿਹਾ ਰੋਗ ਹੈ ਜੋ ਮਨੁੱਖ ਨੂੰ ਨਸ਼ਟ ਕਰ ਦਿੰਦਾ ਹੈ।

ਹਉਮੈ ਦੀਰਘੁ ਰੋਗੁ ਹੈ॥
ਦਾਰੂ ਭੀ ਇਸੁ ਮਾਹਿ॥[181]
ਹੰਉਮੈ ਵੱਡਾ ਰੋਗੁ ਹੈ॥
ਮਰਿ ਜੰਮੈ ਆਵੈ ਜਾਇ॥[182]

ਗੁਰੂ ਸਾਹਿਬ ਅਨੁਸਾਰ ਇਹ ਰੋਗ ਸੰਸਾਰ ਦੇ ਹਰ ਵਿਅਕਤੀ ਨੂੰ ਲੱਗਾ ਹੋਇਆ ਹੈ।, ਹਰ ਵਿਅਕਤੀ ਦੀਆਂ ਵਾਸ਼ਨਾਵਾਂ ਹਉਮੈ ਤੋਂ ਪਰੇਰਿਤ ਹਨ। ਇਹਨਾਂ ਵਾਸ਼ਨਾਵਾਂ ਸਦਕਾ ਉਹ ਹਉਮੈ ਨਾਲ ਗ੍ਰਸਿਆ ਰਹਿੰਦਾ ਹੈ। ਹਉਮੈ ਵਿਚ ਰਹਿਣ ਨਾਲ ਵਿਅਕਤੀ ਨੂੰ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ ਕਿਉਂਕਿ ਮਨਮਤ ਅਥਵਾ ਹਉਮੈ ਝੂਠੀ ਹੈ। ਵਾਸਤਵਿਕ ਸਤਿ ਕੇਵਲ ਪਰਮਾਤਮਾ ਹੀ ਹੈ। ਜੋ ਲੋਕ ਹਉਮੈ ਕਾਰਣ ਆਪਣੇ ਆਜ਼ਾਦ ਅਸਤਿਤਵ ਨੂੰ ਕਲਪਦੇ ਹਨ ਉਹ ਦਵੈਤ ਭਾਵ ਦੇ ਕਾਰਣ ਨਸ਼ਟ ਹੁੰਦੇ ਹਨ। ਇਸ ਸੰਸਾਰ ਵਿਚ ਹਉਮੈ ਤੋਂ ਮੁਕਤ ਹੋ ਕੇ ਅਸਲਾ ਕਮਾਈ ਉਹ ਹੀ ਕਰ ਸਕਦਾ ਹੈ ਜਿਸ ਦੇ ਮਸਤਕ ਤੇ ਧੁਰੋਂ ਲਿਖਿਆ ਹੋਵੇ ਆਪ ਫੁਰਮਾਉਂਦੇ ਹਨ:

ਹਉਮੈ ਕਰਤਿਆ ਨਹ ਸੁਖੁ ਹੋਇ। ਮਨ ਮਤਿ ਝੂਠਾ ਸਦਾ ਸੋਇ
ਸਗਲ ਬਿਗੂਤੇ ਭਾਵੈ ਦੋਇ। ਸੋ ਕਮਾਵੈ ਧੁਰਿ ਲਿਖਿਆ ਹੋਇ।[183]

ਗੁਰੂ ਸਾਹਿਬ ਅਨੁਸਾਰ ਮਨੁੱਖ ਨੂੰ ਇਹ ਰੋਗ ਜਨਮ ਤੋਂ ਹੀ ਲੱਗ ਜਾਂਦਾ ਹੈ ਅਤੇ ਮਰਨ ਤੱਕ ਚਲਦਾ ਰਹਿੰਦਾ ਹੈ। ਇਸ ਸਮੇਂ ਵਿਚ ਉਹ ਵਿਦਿਆ, ਧਨ-ਸੰਪਤੀ, ਪਰਿਵਾਰ, ਰੂਪ ਜੋਬਨ, ਕਰਮਕਾਂਡ, ਜਾਤ ਪਾਤ, ਉਚੇ-ਸੁਚੇ ਆਦਿ ਦੇ ਹਉਮੈ ਵਿਚ ਫਸਿਆ ਰਹਿੰਦਾ ਹੈ ਅਤੇ ਉਹ ਆਵਾਗਵਣ ਦੇ ਚੱਕਰ ਵਿਚ ਪੈ ਜਾਂਦਾ ਹੈ।

ਹਉ ਵਿਚਿ ਆਇਆ ਹਉ ਵਿਚਿ ਗਇਆ॥
ਹਉ ਵਿਚਿ ਜੰਮਿਆ, ਹਉ ਵਿਚਿ ਮੁਆ

......................................

......................................।[184]

ਗੁਰੂ ਸਾਹਿਬ ਹਉਮੈ ਨੂੰ ਮਾਰਨ ਦੇ ਉਪਾਅ ਵੀ ਦੱਸਦੇ ਹਨ। ਉਹ ਪਹਿਲਾਂ ਉਪਾਅ ਗੁਰੂ ਦੀ ਸ਼ਰਨ ਦੱਸਦੇ ਹਨ ਉਨ੍ਹਾਂ ਅਨੁਸਾਰ ਗੁਰੂ ਦੀ ਸ਼ਰਨ ਵਿਚ ਪਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਆਇਆ ਜਾ ਸਕਦਾ ਹੈ। ਗੁਰੂ ਦੀ ਸ਼ਰਨ ਵਿਚ ਆ ਕੇ ਮਨੁੱਖ ਦੇ ਸ਼ਬਦ ਨਾਮ ਦੁਆਰਾ ਸੋਗ ਸੰਤਾਪ ਸਭ ਮਿਟ ਜਾਂਦੇ ਹਨ। ਗੁਰੂ ਦਾ ਸ਼ਬਦ ਹਾਉਮੈ ਮਾਰ ਦਿੰਦਾ ਹੈ।

ਹਉਮੈ ਗੁਰਿ ਖੋਈ ਪਰਗਟੁ ਹੋਈ ਚੂਕੇ ਸੋਗ ਸੰਤਾਪੈ॥[185]

ਹਉਮੈ ਮੈਲੁ ਲਾਗੀ ਗੁਰ ਸਬਦੀ ਖੋਵੈ॥[186]

ਗੁਰੂ ਸਾਹਿਬ ਹਉਮੈ ਦੀ ਨਿਵਰਤੀ ਦੇ ਹੋਰ ਵੀ ਸਾਧਨ ਬਿਆਨ ਕਰਦੇ ਹਨ। ਉਨ੍ਹਾਂ ਅਨੁਸਾਰ ਹਉਮੈ ਦੀ ਨਿਵਰਤੀ ਗੁਰੂ ਦੀ ਸ਼ਰਨ ਤੋਂ ਇਲਾਵਾ ਸਾਧ ਸੰਗਤ ਅਤੇ ਪ੍ਰਭੂ ਕਿਰਪਾ ਨਾਲ ਹੋ ਸਕਦੀ ਹੈ। ਆਪ ਲਿਖਦੇ ਹਨ।

ਸਾਧ ਕੈ ਸੰਗਿ ਮਿਟੈ ਅਭਿਮਾਨ।[187]

ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ।

ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ।[188]

ਇਸ ਤਰ੍ਹਾਂ ਗੁਰੂ ਸਾਹਿਬ ਨੇ 'ਹਉਮੈ' ਨੂੰ ਮੁੱਖ ਬੁਰਾਈ ਦੱਸਿਆ ਹੈ। ਗੁਰੂ ਸਾਹਿਬ ਅਨੁਸਾਰ 'ਹਉਮੈ' ਵਿਚ ਲੀਨ ਵਿਅਕਤੀ ਦਾ ਪ੍ਰਭੂ ਨਾਲ ਮਿਲਾਪ ਨਹੀਂ ਹੋ ਸਕਦਾ। ਆਪ 'ਹਉਮੈ' ਨੂੰ ਨਿਵਾਰਣ ਦਾ ਤਰੀਕਾ ਗੁਰੂ ਦੀ ਸ਼ਰਨ ਦੱਸਦੇ ਹਨ। ਉਨ੍ਹਾਂ ਅਨੁਸਾਰ ਅਹੰਕਾਰ ਦੀ ਨਿਵਰਤੀ ਗੁਰੂ ਦੇ ਸ਼ਬਦ, ਨਾਮ ਸਿਮਰਨ ਦੁਆਰਾ ਅਤੇ ਸਾਧ ਸੰਗਤ ਵਿਚ ਸ਼ਮਾਲ ਹੋ ਕੇ ਹੋ ਸਕਦੀ ਹੈ, ਤਾਂ ਹੀ ਮਨੁੱਖ ਬ੍ਰਹਮ ਨਾਲ ਮਿਲ ਕੇ ਮੁਕਤੀ ਪ੍ਰਾਪਤ ਕਰ ਸਕਦਾ ਹੈ।

## ਹਉਮੈ (ਅਹੰਕਾਰ) ਨਾਲ ਸਬੰਧਿਤ ਮਿਥਿਹਾਸਕ ਉਸਾਰੀ ਪੈਟਰਨ:

ਗੁਰੂ-ਬਾਣੀ ਵਿਚ ਹਉਮੈ ਨਾਲ ਸਬੰਧਿਤ ਮਿਥਿਹਾਸਕ ਉਸਾਰੀ ਪੈਟਰਨਾਂ ਦੀ ਵਰਤੋਂ ਕੀਤੀ ਗਈ ਹੈ। ਇਨ੍ਹਾਂ ਮਿਥਿਹਾਸਕ ਉਸਾਰੀ ਪੈਟਰਨਾਂ ਵਿਚ 'ਬ੍ਰਹਮਾ', 'ਬਲਿਰਾਜਾ', 'ਹਰੀਚੰਦ', 'ਰਾਵਣ', 'ਦੁਰਯੋਧਨ', 'ਕੰਸ', 'ਜਨਮੇਜਾ', 'ਜਰਾਸੰਧ', 'ਹਰਣਾਖਸ', 'ਸਹਿਸਬਾਹੂ', 'ਮਧਕੀਟ', 'ਮਹਿਖਾਸਾ', ਕਾਲਜਮਨ', 'ਰਕਤਬੀਜ', 'ਕਾਲਨੇਮ' ਆਦਿ ਪਾਤਰਾਂ ਦਾ ਵਰਨਣ ਕੀਤਾ ਗਿਆ ਹੈ। ਇਨ੍ਹਾਂ ਪਾਤਰਾਂ ਨਾਲ ਸਬੰਧਿਤ ਮਿਥਿਹਾਸਕ ਕਥਾਵਾਂ ਰਾਹੀਂ ਗੁਰੂ ਸਾਹਿਬ ਨੇ ਆਪਣੇ ਵਿਚਾਰਾਂ ਦੀ ਉਸਾਰੀ ਕਰਦੇ ਹੋਏ ਹਉਮੈ (ਅਹੰਕਾਰ) ਤੋਂ ਪੀੜਤ ਵਿਅਕਤੀਆਂ ਦੀ ਤਸਵੀਰ ਪੇਸ਼

ਕੀਤੀ ਹੈ। ਆਪ ਉਪਦੇਸ਼ ਦਿੰਦੇ ਹਨ ਕਿ ਹਉਮੈ (ਅਹੰਕਾਰ) ਨੂੰ ਖਤਮ ਕਰਨਾ ਚਾਹੀਦਾ ਹੈ, ਨਹੀਂ ਤਾਂ ਉਪਰੋਕਤ ਵਿਅਕਤੀਆਂ ਦੀ ਤਰ੍ਹਾਂ ਮਨੁੱਖ ਨੂੰ ਪਛਤਾਉਣਾ ਪੈਂਦਾ ਹੈ।

ਗੁਰੂ ਸਾਹਿਬ ਨੇ ਉਪਰੋਕਤ ਮਿੱਥਕ ਪਾਤਰਾਂ ਦਾ ਸੰਕੇਤਕ ਵਰਨਣ ਇਕ ਹੀ ਸ਼ਬਦ ਵਿਚ ਕਰ ਦਿੱਤਾ ਹੈ। ਆਪ ਗਉੜੀ ਮ. ੧ ਦੇ ਹੇਠ ਲਿਖੇ ਸ਼ਬਦ ਵਿਚ ਉਪਰੋਕਤ ਸਮੂਹਿਕ ਪਾਤਰਾਂ ਦਾ ਵਰਨਣ ਕਰਦੇ ਹੋਏ ਸਮਝਾਉਂਦੇ ਹਨ ਕਿ ਇਨ੍ਹਾਂ ਪਾਤਰਾਂ ਦਾ ਹਉਮੈ (ਗਰਬ ਅਹੰਕਾਰ) ਕਾਰਨ ਅੰਤ ਮਾੜਾ ਹੋਇਆ। ਇਸ ਲਈ ਹਉਮੈ (ਗਰਬ ਅਹੰਕਾਰ) ਗੁਰੂ ਦੀ ਸ਼ਰਨ ਵਿਚ ਆ ਕੇ ਹੀ ਮਿਟਾਇਆ ਜਾ ਸਕਦਾ ਹੈ। ਇਹ ਸ਼ਬਦ ਇਸੇ ਪ੍ਰਕਾਰ ਹੈ:

ਬ੍ਰਹਮੈ ਗਰਬੁ ਕੀਆ ਨਹੀ ਜਾਨਿਆ। ਬੇਦ ਕੀ ਬਿਪਤਿ ਪੜੀ ਪਛੁਤਾਨਿਆ
ਜਹ ਪ੍ਰਭੁ ਸਿਮਰੇ ਤਹੀ ਮਨੁ ਮਾਨਿਆ।
ਬਲਿਰਾਜਾ ਮਾਇਆ ਅਹੰਕਾਰੀ...........
..........................................
ਹਰੀਚੰਦੁ ਦਾਨੁ ਕਰੈ ਜਸ ਲੇਵੈ.....
.............................
ਦੁਰਮਤਿ ਹਰਣਾਖਸੁ...........
...............................
ਭੂਲੋ ਰਾਵਣੁ ਮੁਗਧੁ ਅਚੇਤਿ। ਲੂਟੀ ਲੰਕਾ ਸੀਸ ਸਮੇਤਿ
...............................................
ਸਹਸਬਾਹੁ ਮਧੁ ਕੀਟ ਮਹਿਖਾਸਾ
.......................................
ਜਰਾਸੰਧਿ ਕਾਲਜਮਨ ਸੰਘਾਰੇ। ਰਕਤਬੀਜੁ ਕਾਲੁਨੇਮੁ ਬਿਚਾਰੇ
......................................................

ਬੂਡਾ ਦੁਰਯੋਧਨੁ ਪਤਿ ਖੋਈ। ਰਾਮੁ ਨਾ ਜਾਨਿਆ ਕਰਤਾ ਸੋਈ।

.........................................................

ਜਨਮੇਜੈ ਗੁਰ ਸਬਦੁ ਨਾ ਜਾਨਿਆ ...........

...........................................

ਕੰਸੁ ਕੇਸੁ ਚਾਂਡੂਰ ਨਾ ਕੋਈ। ਰਾਮੁ ਨ ਚੀਨਿਆ ਅਪਨੀ ਪਤਿ ਖੋਈ।

.........................................................

ਬਿਨੁ ਗੁਰ ਗਰਬੁ ਨ ਮੇਟਿਆ ਜਾਇ। ਗੁਰਮਤਿ ਧਰਮੁ ਧੀਰਜੁ ਹਰਿ ਨਾਇ।
ਨਾਨਕ ਨਾਮੁ ਮਿਲੈ ਗੁਣ ਗਾਇ ।੧੨। [189]

ਉਪਰੋਕਤ ਪਾਤਰਾਂ ਨਾਲ ਸੰਬੰਧਿਤ ਮਿੱਥ ਕਥਾਵਾਂ ਇਸ ਪ੍ਰਕਾਰ ਹਨ: ਬ੍ਰਹਮਾ ਦੇ ਅਹੰਕਾਰ ਸਬੰਧੀ ਇਕ ਮਿੱਥ ਕਥਾ ਇਸ ਪ੍ਰਕਾਰ ਹੈ- (ਇਸ ਬਾਰੇ ਪਹਿਲਿਆਂ ਅਧਿਆਇਆਂ ਵਿਚ ਵੀ ਵਿਸਥਾਰ ਸਹਿਤ ਦਿੱਤਾ ਜਾ ਚੁੱਕਾ ਹੈ) ਬ੍ਰਹਮਾ ਨੂੰ ਅਹੰਕਾਰ ਹੋ ਗਿਆ ਉਸ ਨੇ ਅਹੰਕਾਰ ਵਸ ਕਮਲ ਫੁੱਲ ਨੂੰ ਲੱਤ ਕੱਢ ਮਾਰੀ ਕਿਉਂਕਿ ਉਸ ਨੂੰ ਯਕੀਨ ਨਾ ਆਇਆ ਅਤੇ ਉਸ ਦਾ ਜਨਮ ਅਜਿਹੇ ਫੁੱਲ ਤੋਂ ਹੋ ਸਕਦਾ ਹੈ। ਉਹ ਲੱਤ ਮਾਰਨ ਸਦਕਾ 36 ਯੁੱਗ ਕਮਲ ਦੀ ਨਾਲੀ ਵਿਚ ਘੁੰਮਦਾ ਰਿਹਾ ਪਰ ਉਹ ਪਰਮਾਤਮਾ ਦਾ ਅੰਤ ਨਾ ਜਾਣ ਸਕਿਆ। ਗੁਰੂ ਸਾਹਿਬ ਇਸ ਮਿੱਥ ਕਥਾ ਬਾਰੇ ਮਿੱਥਕ ਸੰਕੇਤ ਦਿੰਦੇ ਹਨ:

ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖ ਕੰਠਿ ਸਵਾਰਿ
ਤਾ ਕੋ ਅੰਤੁ ਨ ਜਾਈ ਲਖਣਾ ਆਵਤ ਜਾਤ ਰਹੇ ਗੁਬਾਰਿ।[190]

ਇਸ ਤਰ੍ਹਾਂ ਬਲਰਾਜੇ ਬਾਰੇ ਮਿੱਥ ਕਥਾ ਹੈ (ਜੋ ਪਹਿਲਾਂ ਵੀ ਦਿੱਤੀ ਜਾ ਚੁੱਕੀ ਹੈ) ਬਲਿਰਾਜਾ ਬਹੁਤ ਦਾਨੀ ਸੀ। ਉਸ ਨੇ ਤਪੱਸਿਆ ਕਰਕੇ ਸਾਰੇ ਦੇਵਤੇ ਜਿੱਤ ਲਏ। ਉਸ ਨੂੰ ਅਹੰਕਾਰ ਹੋ ਗਿਆ ਕਿ ਉਸ ਤੋਂ ਵੱਧ ਕੋਈ ਤਪੱਸਵੀ ਤੇ ਦਾਨੀ ਨਹੀਂ। ਵਿਸ਼ਨੂੰ ਨੇ ਬੌਣੇ ਬ੍ਰਾਹਮਣ ਦਾ ਰੂਪ ਧਾਰ ਕੇ ਉਸ ਕੋਲੋਂ ਢਾਈ ਕਦਮਾਂ ਦੀ ਥਾਂ ਮੰਗੀ। ਬਲਿਰਾਜਾ ਦੇ ਗੁਰੂ ਨੇ ਉਸ ਨੂੰ ਅਜਿਹਾ

ਕੁਝ ਦੇਣ ਤੋਂ ਰੋਕਿਆ ਪਰ ਉਹ ਨਾ ਮੰਨਿਆ। ਉਸ ਨੇ ਵਿਸ਼ਨੂੰ ਨੂੰ ਢਾਈ ਕਦਮਾਂ ਵਿਚ ਧਰਤੀ, ਅਸਮਾਨ ਤੇ ਆਪਣਾ ਆਪ ਸਭ ਕੁਝ ਦੇ ਦਿੱਤਾ। ਗੁਰੂ ਸਾਹਿਬ ਇਸ ਮਿੱਥ ਕਥਾ ਵੱਲ ਸੰਕੇਤ ਕਰਦੇ ਹਨ:

ਬਲਿ ਰਾਜਾ ਮਾਇਆ ਅਹੰਕਾਰੀ

ਜਗਨ ਕਰੇ ਬਹੁ ਭਾਰ ਅਫਾਰੀ।[191]

ਇਸੇ ਤਰ੍ਹਾਂ ਹਰੀਚੰਦ ਦੇ ਅਹੰਕਾਰ (ਹਉਮੈ) ਬਾਰੇ ਵੀ ਮਿੱਥ ਕਥਾ ਹੈ ਕਿ (ਇਹ ਕਥਾ ਪਹਿਲਾਂ ਵੀ ਦਿੱਤੀ ਜਾ ਚੁੱਕੀ ਹੈ) ਹਰੀਚੰਦ ਤ੍ਰਿਸ਼ੰਕੂ ਦਾ ਪੁੱਤਰ ਬਹੁਤ ਦਾਨੀ ਰਾਜਾ ਸੀ। ਉਹ ਇਕ ਵਾਰ ਸ਼ਿਕਾਰ ਖੇਡਣ ਗਿਆ ਰਸਤੇ ਵਿਚ ਉਸ ਨੂੰ ਇਕ ਰਿਸ਼ੀ ਮਿਲਿਆ। ਉਸ ਨੇ ਦਾਨ ਵਿਚ ਉਸ ਦਾ ਸਭ ਕੁਝ ਮੰਗ ਲਿਆ। ਰਾਜੇ ਨੂੰ ਰਾਜ ਭਾਗ ਤਿਆਗਣਾ ਪਿਆ। ਉਹ ਅਹੰਕਾਰ ਵਸ ਸਭ ਕੁਝ ਕਰਦਾ ਗਿਆ ਅਤੇ ਆਪਣੀ ਇਸਤਰੀ ਤੇ ਪੁੱਤਰ ਵੀ ਵੇਚਦਾ ਪਿਆ। ਗੁਰੂ ਸਾਹਿਬ ਇਸ ਬਾਬਤ ਲਿਖਦੇ ਹਨ:

ਹਰੀਚੰਦੁ ਦਾਨੁ ਕਰੇ ਜਸੁ ਲੇਵੈ, ਬਿਨੁ ਗੁਰ ਅੰਤੁ ਨ ਪਾਇ ਭੇਵੈ॥[192]

ਇਸੇ ਤਰ੍ਹਾਂ ਹਰਣਾਖਸ ਬਾਰੇ ਮਿੱਥ ਕਥਾ ਪ੍ਰਚਲਿਤ ਹੈ (ਇਸ ਬਾਰੇ ਵਰਨਣ ਪਹਿਲਾਂ ਦਿੱਤਾ ਜਾ ਚੁੱਕਾ ਹੈ) ਹਰਣਾਖਸ ਬਹੁਤ ਅਹੰਕਾਰੀ ਰਾਜਾ ਸੀ। ਉਸ ਨੇ ਪਰਮਾਤਮਾ ਦੀ ਜਗਾ ਆਪਣੇ ਨਾਮ ਦਾ ਜਾਪ ਕਰਵਾਉਣਾ ਸ਼ੁਰੂ ਕਰ ਦਿੱਤਾ। ਉਸ ਦਾ ਪੁੱਤਰ ਪ੍ਰਹਿਲਾਦ ਪ੍ਰਭੂ ਦੀ ਭਗਤੀ ਕਰਦਾ ਸੀ। ਇਸ ਤੇ ਉਹ ਆਪਣੇ ਪੁੱਤਰ ਨਾਲ ਨਰਾਜ ਹੋ ਗਿਆ ਅਤੇ ਉਸ ਨੂੰ ਕਈ ਕਸ਼ਟ ਦਿੱਤੇ। ਅੰਤ ਜਦੋਂ ਪ੍ਰਹਿਲਾਦ ਨੂੰ ਤੱਤੇ ਥੰਮ੍ਹ ਨਾਲ ਜੱਫੀ ਪਾਉਣ ਲਈ ਕਿਹਾ। ਪਰਮਾਤਮਾ ਨਰ ਸਿੰਘ ਅਵਤਾਰ ਰੂਪ ਵਿਚ ਥੰਮ੍ਹ ਤੋੜ ਕੇ ਉਸ ਵਿਚੋਂ ਪ੍ਰਗਟ ਹੋਏ ਅਤੇ ਹਰਣਾਖਸ ਨੂੰ ਮਾਰ ਕੇ ਉਸ ਦਾ ਅਹੰਕਾਰ ਤੋੜਿਆ। ਗੁਰੂ ਸਾਹਿਬ ਇਸ ਮਿੱਥ ਕਥਾ ਵੱਲ ਇਸ ਤਰ੍ਹਾਂ ਸੰਕੇਤ ਕਰਦੇ ਹਨ:

ਦੁਰਮਤਿ ਹਰਣਾਖਸੁ ਦੁਰਾਚਾਰੀ। ਪ੍ਰਭੁ ਨਰਾਇਣੁ ਗਰਬ ਪ੍ਰਹਾਰੀ॥

ਪ੍ਰਹਿਲਾਦ ਉਧਾਰੇ ਕਿਰਪਾ ਧਾਰੀ॥[193]

ਇਸੇ ਤਰ੍ਹਾਂ ਰਾਵਣ ਬਾਬਤ ਇਕ ਕਥਾ ਹੈ। (ਇਹ ਕਥਾ ਵੀ ਪਹਿਲਾਂ ਦਿੱਤੀ ਜਾ ਚੁੱਕੀ ਹੈ) ਰਾਵਣ ਲੰਕਾ ਦਾ ਰਾਜਾ ਸੀ। ਉਸ ਨੇ ਅਹੰਕਾਰ ਵਸ ਸ੍ਰੀ ਰਾਮ ਚੰਦਰ ਜੀ ਦੀ ਪਤਨੀ ਦਾ ਹਰਣ ਕਰ ਲਿਆ। ਉਸ ਦੇ ਭਰਾ ਭਬੀਸ਼ਣ ਤੇ ਪਤਨੀ ਦਮੋਦਰੀ ਨੇ ਉਸ ਨੂੰ ਬਹੁਤ ਸਮਝਾਇਆ ਪਰ ਉਹ ਨਾ ਮੰਨਿਆ। ਅੰਤ ਵਿਚ ਉਸ ਨੂੰ ਮੌਤ ਦਾ ਮੂੰਹ ਵੇਖਣਾ ਪਿਆ ਅਤੇ ਉਸ ਨੂੰ ਇਸ ਅਹੰਕਾਰ ਸਦਕਾ ਆਪਣੇ ਪੁੱਤਰ ਅਤੇ ਰਾਜ ਭਾਗ ਗੁਆਉਣਾ ਪਿਆ। ਗੁਰੂ ਸਾਹਿਬ ਇਸ ਬਾਬਤ ਫ਼ਰਮਾਉਂਦੇ ਹਨ:

ਭੂਲੋ ਰਾਵਣੁ ਮੁਗਧੁ ਅਚੇਤਿ। ਲੂਟੀ ਲੰਕਾ ਸੀਸ ਸਮੇਤਿ।।[194]

ਦੁਰਯੋਧਨ ਬਾਰੇ ਮਿੱਥ ਕਥਾ ਇਸ ਪ੍ਰਕਾਰ ਹੈ। ਦੁਰਯੋਧਨ ਰਾਜੇ ਧ੍ਰਿਤਰਾਸਟਰ ਦਾ ਪੁੱਤਰ ਸੀ ਜੋ ਕੌਰਵਾਂ ਦਾ ਮੁਖੀ ਸੀ। (ਇਸ ਬਾਬਤ ਮਿੱਥ ਕਥਾ ਪਹਿਲਾਂ ਵੀ ਦਿੱਤੀ ਜਾ ਚੁੱਕੀ ਹੈ) ਉਹ ਬੜਾ ਅੰਹਕਾਰੀ ਰਾਜਾ ਸੀ। ਉਹ ਅੰਹਕਾਰ ਵਸ ਸਭ ਕੁਝ ਪ੍ਰਾਪਤ ਕਰਨਾ ਚਾਹੁੰਦਾ ਸੀ। ਦੁਰਯੋਧਨ ਨੇ ਛਲ ਵਾਂਗ ਉਨ੍ਹਾਂ ਨੂੰ ਜੂਏ ਵਿਚ ਹਰਾ ਦਿੱਤਾ ਅਤੇ ਦਰੋਪਦੀ ਦੀ ਬੇਇੱਜਤੀ ਕੀਤੀ। ਉਸ ਨੇ ਵਾਅਦੇ ਮੁਤਾਬਕ ਪਾਂਡਵਾਂ ਦੇ ਬਾਰਾਂ ਸਾਲ ਬਨਵਾਸ ਤੇ ਇਕ ਸਾਲ ਲੁਕ ਛਿਪ ਕੇ ਕੱਟਣ ਉਪਰੰਤ ਵੀ ਉਨ੍ਹਾਂ ਨੂੰ ਰਾਜ ਭਾਗ ਨਾ ਦਿੱਤਾ। ਸ੍ਰੀ ਕ੍ਰਿਸ਼ਨ ਨੇ ਉਸ ਨੂੰ ਬਹੁਤ ਸਮਝਾਇਆ ਪਰ ਉਹ ਅਹੰਕਾਰੀ ਨਾ ਮੰਨਿਆ। ਅੰਤ ਕੌਰਵਾਂ ਤੇ ਪਾਂਡਵਾਂ ਦਾ ਯੁੱਧ ਹੋਇਆ। ਦੁਰਯੋਧਨ ਦੀ ਹਾਰ ਹੋਈ ਅਤੇ ਉਸ ਨੂੰ ਅੰਤ ਸਮੇਂ ਪਛਤਾਉਣਾ ਪਿਆ। ਗੁਰੂ ਸਾਹਿਬ ਇਸ ਮਿੱਥ ਕਥਾ ਦਾ ਸੰਕੇਤਕ ਵਰਨਣ ਇਸ ਤਰ੍ਹਾਂ ਕਰਦੇ ਹਨ:

ਬੂੜਾ ਦੁਰਜੋਧਨੁ ਪਤਿ ਖੋਈ।
ਰਾਮੁ ਨ ਜਾਨਿਆ ਕਰਤਾ ਸੋਈ।[195]

ਇਸੇ ਤਰ੍ਹਾਂ ਕੰਸ ਨਾਲ ਸਬੰਧਿਤ ਮਿੱਥ ਕਥਾ ਹੈ। ਕੰਸ ਬੜਾ ਅਹੰਕਾਰੀ ਰਾਜਾ ਸੀ। (ਇਸ ਬਾਰੇ ਪਹਿਲਾਂ ਵੀ ਮਿੱਥ ਕਥਾ ਦਿੱਤੀ ਜਾ ਚੁੱਕੀ ਹੈ) ਉਸ ਨੂੰ ਜੋਤਸ਼ੀ ਨੇ ਦੱਸਿਆ ਸੀ ਕਿ ਤੇਰੀ ਮੌਤ ਤੇਰੇ ਭਾਣਜੇ ਦੇ ਹੱਥੋਂ ਹੋਵੇਗੀ। ਉਸ ਨੇ ਆਪਣੀ ਭੈਣ, ਅਤੇ ਜੀਜੇ ਨੂੰ ਕੈਦ ਕਰ ਲਿਆ। ਉਸ

ਦੀ ਭੈਣ ਦੇਵਕੀ ਦੇ ਸੱਤ ਬੱਚੇ ਹੋਏ। ਅੱਠਵਾਂ ਬੱਚਾ ਕ੍ਰਿਸ਼ਨ ਬਚ ਗਿਆ ਅਤੇ ਖਾਸ ਵਿਉਂਤ ਨਾਲ ਗੋਕਲ ਪਹੁੰਚ ਗਿਆ। ਵੱਡਾ ਹੋਣ ਤੇ ਉਸ ਨੇ ਕੰਸ ਦੇ ਅੱਤਿਆਚਾਰ ਤੋਂ ਤੰਗ ਆ ਕੇ ਉਸ ਨੂੰ ਮਾਰ ਦਿੱਤਾ। ਗੁਰੂ ਸਾਹਿਬ ਇਸ ਮਿੱਥ ਕਥਾ ਬਾਰੇ ਸੰਕੇਤ ਕਰਦੇ ਹਨ:

> ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ।[196]

ਇਸੇ ਤਰ੍ਹਾਂ ਜਨਮੇਜੇ ਬਾਰੇ ਵੀ ਮਿੱਥ ਕਥਾ ਹੈ (ਇਸ ਦਾ ਵਰਨਣ ਪਹਿਲਾਂ ਵੀ ਦਿੱਤਾ ਜਾ ਚੁੱਕਾ ਹੈ) ਜਨਮੇਜਾ ਕੌਰਵਵੰਸ਼ੀ ਰਾਜਾ ਸੀ ਜੋ ਪ੍ਰੀਖਤ ਦਾ ਪੁੱਤਰ ਸੀ ਅਤੇ ਅਭਿਮੰਨਯੂ ਦਾ ਪੋਤਰਾ ਅਤੇ ਅਰਜਨ ਦਾ ਪੜਪੋਤਾ ਸੀ। ਇਸ ਦੇ ਪਿਤਾ ਦੀ ਮੌਤ ਸੱਪ ਦੇ ਡੱਸਣ ਕਾਰਣ ਹੋਈ ਸੀ। ਉਸ ਨੇ ਖਿਝ ਕੇ ਆਪਣੇ ਰਾਜ ਵਿਚ ਸਾਰੇ ਸੱਪਾਂ ਨੂੰ ਮਰਵਾ ਦਿੱਤਾ। ਉਸ ਨੂੰ ਬਿਆਸ ਰਿਸ਼ੀ ਨੇ ਦੱਸਿਆ ਸੀ ਕਿ ਹੋਣੀ ਅਟੱਲ ਹੈ ਸਿਆਣਪ ਜਿਆਦਾ ਕੰਮ ਨਹੀਂ ਦਿੰਦੀ। ਬਿਆਸ ਰਿਸ਼ੀ ਨੇ ਜਨਮੇਜੇ ਨੂੰ ਵਰਜਿਆ ਸੀ ਕਿ ਤੂੰ ਸ਼ਿਕਾਰ ਖੇਡਦਿਆਂ ਜੰਗਲ ਵਿਚ ਮਿਲੀ ਘੋੜੀ ਤੇ ਨਾ ਚੜ੍ਹੀਂ, ਉਥੋਂ ਮਿਲੀ ਸੁੰਦਰ ਇਸਤਰੀ ਘਰ ਨਾ ਲਿਆਵੀਂ ਤੇ ਯੱਗ ਨਾ ਕਰੀਂ। ਪਰ ਉਸ ਨੇ ਇਹ ਸਭ ਕੁਝ ਅਹੰਕਾਰ ਵਸ ਕੀਤਾ ਅਤੇ ਉਸ ਨੂੰ ਇਸ ਦਾ ਫਲ ਭੁਗਤਣਾ ਪਿਆ। ਗੁਰੂ ਸਾਹਿਬ ਇਸ ਕਥਾ ਬਾਰੇ ਸੰਕੇਤਕ ਵਰਨਣ ਕਰਦੇ ਹਨ:

> ਜਨਮੇਜੇ ਗੁਰ ਸ਼ਬਦੁ ਨ ਜਾਨਿਆ॥
> ਕਿਓ ਸੁਖ ਪਾਵੈ ਭਰਮਿ ਭੁਲਾਨਿਆ॥
> ਇਕ ਤਿਲੁ ਭੂਲੇ। ਬਾਹਿਰੁ ਪਛੁਤਾਨਿਆ॥[197]

ਇਸੇ ਤਰ੍ਹਾਂ ਜਰਾਸੰਧ, ਰਕਤਬੀਜ, ਸਹਸਬਾਹੁ, ਮਧੁਕੀਟ, ਮਹਿਖਾਸਾ, ਕੰਸ਼, ਚਾਂਡੂਰ ਆਦਿ ਮਿੱਥਕ ਪਾਤਰਾਂ ਨਾਲ ਸੰਬੰਧਿਤ ਮਿੱਥ ਕਥਾਵਾਂ ਹਨ। (ਇਨ੍ਹਾਂ ਦਾ ਵਿਸਥਾਰ ਸਹਿਤ ਵਰਨਣ ਪਹਿਲਿਆਂ ਅਧਿਆਇਆਂ ਵਿਚ ਦਿੱਤਾ ਜਾ ਚੁੱਕਾ ਹੈ) ਜਿਨ੍ਹਾਂ ਰਾਹੀਂ ਗੁਰੂ ਸਾਹਿਬ ਨੇ ਉਪਰੋਕਤ ਪਾਤਰਾਂ ਦੇ ਅਹੰਕਾਰ ਦਾ ਵਰਨਣ ਕੀਤਾ ਹੈ।

ਗੁਰੂ ਸਾਹਿਬ ਉਪਰੋਕਤ ਸਾਰੇ ਪਾਤਰਾਂ ਦਾ ਵਰਨਣ ਕਰਦੇ ਹੋਏ ਆਪਣੇ ਵਿਚਾਰਾਂ ਦੀ ਉਸਾਰੀ ਇਨ੍ਹਾਂ ਮਿਥਿਹਾਸਕ ਉਸਾਰੀ ਪੈਟਰਨਾ ਰਾਹੀਂ ਕਰਕੇ ਮਨੁੱਖ ਨੂੰ ਸਮਝਾ ਰਹੇ ਹਨ ਕਿ ਮਨੁੱਖ ਨੂੰ ਹਉਮੈ ਦਾ ਤਿਆਗ ਕਰਨਾ ਚਾਹੀਦਾ ਹੈ ਨਹੀਂ ਤਾਂ ਉਸ ਨੂੰ ਉਪਰੋਕਤ ਪਾਤਰਾਂ ਦੀ ਤਰ੍ਹਾਂ ਅੰਤ ਸਮੇਂ ਪਛਤਾਉਣਾ ਪੈਂਦਾ ਹੈ ਅਤੇ ਉਹ ਪਰਮਾਤਮਾ ਦੇ ਮਿਲਣ ਤੋਂ ਦੂਰ ਰਹਿੰਦਾ ਹੈ। ਆਪ ਸਮਝਾਉਂਦੇ ਹਨ ਕਿ ਅਹੰਕਾਰ ਦਾ ਤਿਆਗ ਗੁਰੂ ਦੀ ਸ਼ਰਨ ਵਿਚ ਆ ਕੇ, ਗੁਰੂ ਦੁਆਰਾ ਦਿਤੇ ਨਾਮ ਸਿਮਰਨ ਦੇ ਉਪਦੇਸ਼ ਰਾਹੀਂ ਹੋ ਸਕਦਾ ਹੈ ਤਾਂ ਹੀ ਮਨੁੱਖ ਪ੍ਰਭੂ ਨਾਲ ਮਿਲਾਪ ਕਰ ਸਕਦਾ ਹੈ ਅਤੇ ਮੁਕਤੀ ਪ੍ਰਾਪਤ ਕਰ ਸਕਦਾ ਹੈ।

## ਨੇਕੀ ਤੇ ਬਦੀ ਨਾਲ ਸੰਬੰਧਿਤ ਮਿਥਿਹਾਸਕ ਉਸਾਰੀ ਪੈਟਰਨ:

### ਨੇਕੀ ਤੇ ਬਦੀ:

'ਨੇਕੀ' ਦਾ ਅਰਥ ਹੈ: ਭਲਾਈ ਸੱਜਨਤਾ।[198]

'ਬਦੀ' ਦਾ ਅਰਥ ਹੈ: ਬੁਰਿਆਈ ਅਪਕਾਰ।[199]

ਡਾ. ਐਸ. ਐਸ. ਕੋਹਲੀ ਨੇਕੀ ਤੇ ਬਦੀ ਦੀ ਪਰਿਭਾਸ਼ਾ ਦਿੰਦੇ ਹੋਏ ਲਿਖਦੇ ਹਨ: "ਸਦਾਚਾਰ ਜਾਂ ਨੇਕੀ ਨੂੰ ਅਸੀਂ ਸੱਚ, ਨਿਮਰਤਾ, ਸੰਜਮ, ਸ੍ਵੈ, ਕਾਬੂ ਦਇਆ ਆਦਿ ਭਾਵ ਰਾਹੀਂ ਗ੍ਰਹਿਣ ਕਰਦੇ ਹਾਂ। ਦੁਰਾਚਾਰ ਜਾਂ ਬਦੀ ਹਉਮੈ ਰਾਹੀਂ ਉਪਜਦੀ ਹੈ।[200] ਨੇਕੀ ਤੇ ਬੁਰਾਈ ਦਾ ਮੂਲ ਸ਼ੁਰੂ ਤੋਂ ਇਕ ਰਿਹਾ ਹੈ। ਜਿਵੇਂ 'ਅੰਮ੍ਰਿਤ' ਅਤੇ 'ਜਹਿਰ' ਦੀ ਉਤਪਤੀ ਸਮੁੰਦਰ ਵਿਚੋਂ ਹੋਈ ਹੈ। ਇਸੇ ਤਰ੍ਹਾਂ ਨੇਕੀ ਤੇ ਬਦੀ ਦੀ ਉਤਪਤੀ ਵੀ ਮਨੁੱਖ ਦੇ ਮਨ ਵਿਚੋਂ ਹੀ ਹੋਈ ਹੈ। ਇਸੇ ਤਰ੍ਹਾਂ ਸੁਰ ਅਤੇ ਅਸੁਰ ਜੋ ਨੇਕੀ ਤੇ ਬਦੀ ਦੇ ਪ੍ਰਤੀਕ ਹਨ, ਦਾ ਵੀ ਜਨਮ ਇਕ ਸਥਾਨ ਤੋਂ ਹੋਇਆ ਹੈ। ਪੁਰਾਣ ਵਿਚ ਇਸ ਬਾਰੇ ਜ਼ਿਕਰ ਮਿਲਦਾ ਹੈ ਕਿ ਬ੍ਰਹਮ ਨੇ ਸੁਰ ਅਸੁਰ ਨੂੰ ਇਕੋ ਸਮੇਂ ਇਕ ਥਾਂ ਤੋਂ ਪੈਦਾ ਕੀਤਾ ਹੈ।[201] ਡਾ. ਵਣਜਾਰਾ ਬੇਦੀ ਇਸ ਬਾਬਤ ਲਿਖਦੇ ਹਨ:

*ਸੁਰ ਅਤੇ ਅਸੁਰ ਦਾ ਇਕੋ ਪਿਓ ਦਾ ਪੁੱਤਰ ਹੋਣਾ ਇਸ ਗਲ ਦਾ ਵਾਚਕ ਹੈ ਕਿ ਨੇਕੀ ਤੇ ਬਦੀ ਅਥਵਾ ਪਾਪ ਤੇ ਪੁੰਨ ਦੀ*

*ਜੜ੍ਹ ਇਕ ਹੈ ਅਤੇ ਇਹ ਇਕੋ ਹੀ ਬ੍ਰਿਛ ਦੇ ਦੋ ਵੱਖੋ-ਵੱਖਰੇ ਫਲ ਹਨ।*[202]

ਭਾਵੇਂ 'ਨੇਕੀ ਤੇ ਬਦੀ', 'ਸੁਰ ਤੇ ਅਸੁਰ' ਦਾ ਮੂਲ ਇਕ ਹੀ ਹੈ ਪਰ ਇਨ੍ਹਾਂ ਦਾ ਸੁਭਾ ਕੁਦਰਤੀ ਤੌਰ ਤੇ ਵੱਖ-ਵੱਖ ਹੈ। ਜਿਵੇਂ ਨੇਕੀ ਤੇਬਦੀ ਕ੍ਰਮਵਾਰ 'ਪਰਉਕਾਰ' ਅਤੇ 'ਵਿਕਾਰ' ਦੀਆਂ ਨਿਸ਼ਾਨੀਆਂ ਹਨ। ਇਸੇ ਤਰ੍ਹਾਂ ਸੁਰ ਅਤੇ ਅਸੁਰ ਕ੍ਰਮਵਾਰ ਭਲਾਈ ਤੇ ਬੁਰਾਈ ਦੇ ਪ੍ਰਤੀਕ ਹਨ।

ਹਿੰਦੂ ਧਰਮ ਵਿਚ ਨੇਕੀ ਤੇ ਬਦੀ ਦੇ ਪ੍ਰਤੀਕ ਕ੍ਰਮਵਾਰ 'ਸੁਰ' ਦੇਵਤੇ ਅਤੇ 'ਅਸੁਰ' ਦੈਂਤਾਂ ਨੂੰ ਮੰਨਿਆ ਗਿਆ। ਹਿੰਦੂ ਮਿਥਿਹਾਸ ਵਿਚ 'ਸੁਰਾਂ' ਨੂੰ ਸ਼ੁਰੂ ਤੋਂ ਹੀ ਸਤਿਕਾਰ ਦੇ ਪਾਤਰ ਅਤੇ 'ਅਸੁਰਾਂ' ਨੂੰ ਅਸਤਿਕਾਰ ਦੇ ਪਾਤਰ ਦਰਸਾਇਆ ਗਿਆ ਹੈ। ਉਦਾਹਰਣ ਦੇ ਤੌਰ ਤੇ ਜਿਥੇ ਬ੍ਰਹਮਾ ਵਿਸ਼ਨੂੰ, ਮਹੇਸ, ਰਾਮ, ਕ੍ਰਿਸ਼ਨ, ਯੁਧਿਸ਼ਟਰ ਆਦਿ ਦੇਵਤੇ ਨੇਕੀ ਦੇ ਪ੍ਰਤੀਕ ਹਨ ਉਥੇ ਹਰਣਾਖਸ, ਰਾਵਣ, ਕੰਸ, ਦੁਰਯੋਧਨ, ਰਕਤਬੀਜ, ਜਰਾਸੰਦ, ਸਹਿਸਬਾਹੂ, ਮਧੁਕੀਟ, ਮਹਿਖਾਸਾ ਆਦਿ ਦੈਂਤ ਬਦੀ ਦੇ ਪ੍ਰਤੀਕ ਹਨ। ਇਨ੍ਹਾਂ ਉਪਰੋਕਤ ਸਖਸ਼ੀਅਤਾਂ ਨੂੰ ਉਨ੍ਹਾਂ ਦੇ ਸੁਭਾ ਅਤੇ ਕਾਰਜਾਂ ਸਦਕਾ ਦੋ ਵੱਖ-ਵੱਖ ਸ਼੍ਰੇਣੀਆਂ ਵਿਚ ਰੱਖਿਆ ਗਿਆ ਹੈ।

ਗੁਰੂ-ਬਾਣੀ ਵਿਚ ਨੇਕੀ ਤੇ ਬਦੀ ਦੇ ਸੰਕਲਪ ਨੂੰ ਪ੍ਰਵਾਨ ਕੀਤਾ ਗਿਆ ਹੈ। ਗੁਰੂ-ਬਾਣੀ ਵਿਚ ਨੇਕੀ ਕਰਨ ਵਾਲਾ 'ਗੁਰਮੁਖ' ਹੈ ਅਤੇ ਬਦੀ ਕਰਨ ਵਾਲਾ 'ਮਨਮੁਖ' ਹੈ। ਦੇਵਤੇ 'ਗੁਰਮੁਖ' ਦਾ ਪ੍ਰਤੀਕ ਹਨ ਅਤੇ ਦੈਂਤ 'ਮਨਮੁਖ' ਦਾ। ਜਿਥੇ ਗੁਰਮੁਖ ਨੇਕੀ ਦੇ ਕਾਰਜਾਂ ਰਾਹੀਂ ਪਰਮਾਤਮਾ ਨਾਲ ਇਕ ਮਿਕ ਹੋ ਕੇ ਜਿੱਤ ਪ੍ਰਾਪਤ ਕਰਦਾ ਹੈ, ਉਥੇ ਮਨਮੁਖ ਜੂਨੀ ਦੇ ਚੱਕਰਾਂ ਵਿਚ ਪੈ ਕੇ ਨਰਕ ਦਾ ਮੂੰਹ ਦੇਖਦਾ ਹੈ। ਸਿੱਖ ਗੁਰ-ਬਾਣੀ ਵਿਚ ਹਿੰਦੂ ਧਰਮ ਦੇ 'ਸੁਰਾਂ', 'ਅਸੁਰਾਂ' ਦੇ ਸੰਕਲਪ ਦੀ ਜਗ੍ਹਾ 'ਗੁਰਮੁਖ' ਅਤੇ 'ਮਨਮੁਖ' ਦੇ ਸੰਕਲਪ ਨੂੰ ਸਵੀਕਾਰ ਕੀਤਾ ਗਿਆ ਹੈ। ਸਿੱਖ ਗੁਰੂ-ਬਾਣੀ ਵਿਚ ਗੁਰਮੁਖ ਤੇ ਮਨਮੁਖ ਦਾ ਸੰਕਲਪ ਇਸ ਪ੍ਰਕਾਰ ਹੈ:

**ਗੁਰਮੁਖ**: ਗੁਰਮੁਖ ਤੋਂ ਭਾਵ ਹੈ 'ਗੁਰੂ ਦੇ ਸਨਮੁੱਖ'। ਜੋ ਗੁਰੂ ਦੇ ਉਪਦੇਸ਼ ਤੇ ਚਲਦਾ ਹੈ।[203] ਭਾਵ ਉਹ ਗੁਰਮੁਖ ਹੈ। ਡਾ. ਮਨਮੋਹਨ ਸਹਿਗਲ ਦੇ ਅਨੁਸਾਰ ਜੋ ਜੀਵ ਸਤਿਗੁਰੂ ਦੀ ਸਭਿਅਤਾ ਪਛਾਣ ਕੇ ਆਪਣਾ ਸਭ ਕੁਝ ਉਸ ਨੂੰ ਅਰਪਿਤ ਕਰ ਦਿੰਦਾ ਹੈ। ਉਸ ਦੇ 'ਸ਼ਬਦ' ਵਿਚ ਅਟੱਲ ਵਿਸ਼ਵਾਸ ਰਖ ਕੇ ਜੋ ਸਚਖੰਡ ਦੇ ਮਾਰਗ ਉਤੇ ਸਦਾ ਅਗੇ ਵਧਦਾ ਹੈ, ਜੋ ਗੁਰੂ ਵਿਚ ਹੀ ਪ੍ਰਤੱਖ ਬ੍ਰਹਮ ਦੇ ਦਰਸ਼ਨ ਕਰਨ ਦਾ ਅਭਿਲਾਸ਼ੀ ਹੈ, ਜੋ ਰਾਤ ਦਿਨ ਰਾਮ ਨਾਮ ਵਿਚ ਲੀਨ ਰਹਿੰਦਾ ਹੈ ਅਤੇ ਕੇਵਲ ਆਪਣੇ ਆਪ ਨੂੰ ਹੀ ਨਹੀਂ ਆਪਣੇ ਸਮੁੱਚੇ ਪਰਿਵਾਰ ਸਾਥੀਆਂ ਅਤੇ ਹੋਰਨਾਂ ਸਾਰੇ ਵਿਨੀਤਾ ਨੂੰ ਭਵ ਸਾਗਰ ਤੋਂ ਪਾਰ ਪਹੁੰਚਣ ਦੇ ਸਮਰਥ ਹੁੰਦਾ ਹੈ, ਉਹ 'ਗੁਰਮੁਖ' ਹੈ।[204]

ਗੁਰੂ ਸਾਹਿਬ ਅਨੁਸਾਰ ਗੁਰਮੁਖ ਵਿਚ ਸਹਿਜ-ਅਵਸਥਾ ਦੇ ਸਾਰੇ ਗੁਣ ਪਗਟ ਹੁੰਦੇ ਹਨ। ਉਹ ਸੁਖ ਦੁਖ ਨੂੰ ਬਰਾਬਰ ਜਾਣਦਾ ਹੈ ਅਤੇ ਉਹ ਹਉਮੈ ਨੂੰ ਤਿਆਗ ਕੇ ਸਹਿਜ ਅਵਸਥਾ ਨੂੰ ਪ੍ਰਾਪਤ ਕਰਦਾ ਹੈ।

ਦੁਖ ਸੁਖ ਗੁਰਮੁਖਿ ਸਮ ਕਰਿ ਜਾਣਾ ਹਰਖ ਸੋਗ ਤੇ ਬਿਰਕਤੁ ਭਇਆ॥
ਆਪੁ ਮਾਰਿ ਗੁਰਮੁਖਿ ਹਰਿ ਪਾਏ ਨਾਨਕ ਸਹਿਜ ਸਮਾਇ ਲਇਆ॥[205]

ਗੁਰਬਾਣੀ ਵਿਚ 'ਗੁਰਮੁਖ' ਦੇ ਹੋਰ ਗੁਣਾਂ ਦਾ ਉਲੇਖ ਕਰਕੇ ਉਸ ਨੂੰ ਨਿਰਮਲ, ਨਿਰਲੇਪ ਤੇ ਪਵਿੱਤਰ ਰਹਿਣ ਵਾਲਾ, ਧਰਮ ਅਨੁਸਾਰ ਚਲਣ ਵਾਲਾ, ਨਾਮ ਕੀਰਤਨ ਕਰਨ ਵਾਲਾ, ਜਾਤ ਪਾਤ ਤੋਂ ਨਿਰਲੇਪ ਰਹਿਣ ਵਾਲਾ ਦਰਸਾਇਆ ਹੈ।

ਗੁਰਮੁਖਿ ਕਰਮ ਧਰਮ ਸਚਿ ਹੋਈ। ਗੁਰਮੁਖਿ ਅਹੰਕਾਰੁ ਜਲਾਏ ਦੋਈ।
ਗੁਰਮੁਖਿ ਨਾਮਿ ਰਤੇ ਸੁਖ ਹੋਈ। ਗੁਰਮੁਖਿ ਜਾਤਿ ਪਤਿ ਨਾਮੇ ਵਡਿਆਈ।
.........................................................................
.........................................................................
ਸਾਇਰ ਦੀ ਪੁਤ੍ਰੀ ਬਿਦਾਰਿ ਗਵਾਈ।[206]

ਗੁਰਮੁਖ ਆਪਣੇ ਜੀਵਨ ਵਿਚ ਪਵਿੱਤਰਤਾ, ਪੂਜਾ, ਪਿਆਰ, ਮਾਇਆ ਤੋਂ ਨਿਰਲੇਪ, ਇਕਾਗਰਚਿੱਤਤਾ, ਆਤਮ-ਗਿਆਨ, ਪਰਮਾਤਮਾ ਦਾ ਪ੍ਰਸ਼ੰਸਾ ਵਿਚ ਕੀਰਤਨ ਭਾਵ, ਵਿਵੇਕ ਆਦਿ ਗੁਣਾਂ ਦਾ ਧਾਰਨੀ ਹੁੰਦਾ ਹੈ ਗੁਰੂ ਸਾਹਿਬ ਫੁਰਮਾਉਂਦੇ ਹਨ।

ਪੂਜਾ ਪ੍ਰੇਮ ਮਾਇਆ ਪਰਜਾਨਿ ਏਕੋ ਵੇਖਹੁ ਅਵਰ ਨ ਭਾਲਿ
ਚੀਨੈ ਤਤੁ ਗਗਨ ਦਸ ਦੁਆਰਿ। ਹਰਿ ਮੁਖਿ ਪਾਠ ਪੜੈ ਬੀਚਾਰ।[207]

ਸਿੱਖ ਗੁਰੂਬਾਣੀ ਅਨੁਸਾਰ ਗੁਰਮੁਖ ਦੀ ਪਦਵੀ ਤੇ ਉਹ ਹੀ ਵਿਅਕਤੀ ਸੁਸ਼ੋਭਿਤ ਹੁੰਦਾ ਹੈ ਜੋ ਆਪਣਾ ਜੀਵਨ ਗੁਰੂ ਦੀ ਸਿੱਖਿਆ ਅਨੁਸਾਰ ਗੁਜਾਰਦਾ ਹੈ। ਗੁਰੂ ਦਾ ਵੀ ਕਰਤਵ ਹੁੰਦਾ ਹੈ ਕਿ ਅਜਿਹੇ ਮਨੁੱਖ ਨੂੰ ਦੇਵਤ੍ਵ ਪ੍ਰਦਾਨ ਕਰੇ। ਇਹ ਦੇਵਤ੍ਵ ਹੀ ਗੁਰਮੁਖਤਾ ਹੈ।

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰੁ
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨਾ ਲਾਗੀ ਵਾਰੁ।[208]

ਗੁਰਮੁਖ ਦਾ ਦੇਵਤ੍ਵ ਕਿਸੇ ਸਵਰਗ ਦੇ ਸਥਾਨ ਦਾ ਅਜੂਬਾ ਨਹੀਂ ਇਹ ਇਸ ਲੋਕ ਵਿਚ ਹੀ ਉਸ ਦਾ ਵਿਕਾਸ ਹੈ। ਇਸ ਸੰਸਾਰ ਵਿਚ ਮਾਇਆ ਤੋਂ ਨਿਰਲੇਪ ਰਹਿਣਾ ਗੁਰਮੁਖ ਦੀ ਵੱਡੀ ਵਿਸ਼ੇਸ਼ਤਾ ਹੈ। ਗੁਰਮੁਖ ਸਦਾ ਗੁਰੂ ਦੀ ਸੰਗਤ ਵਿਚ ਰਹਿੰਦਾ ਹੈ ਤੇ ਕਿਸੇ ਹੋਰ ਨੂੰ ਨਹੀਂ ਜਾਣਦਾ। ਉਹ ਆਪਣੇ ਗੁਰੂ ਦੇ ਕਰਤਵ ਦੀ ਪਾਲਣਾ ਕਰਦਾ ਹੈ। ਗੁਰਮੁਖ ਕੇਵਲ ਪਰਮਾਤਮਾ ਤੋਂ ਡਰਦਾ ਹੈ ਅਤੇ ਬ੍ਰਹਮ ਦਾ ਗੁਣਗਾਨ ਕਰਦਾ ਹੋਇਆ 'ਪਰਮਪਦ' ਦੀ ਪ੍ਰਾਪਤੀ ਕਰਦਾ ਹੈ। ਉਹ ਰੋਮ ਰੋਮ ਬ੍ਰਹਮ ਦਾ ਧਿਆਨ ਧਰਦਾ ਹੈ। ਅਤੇ ਅੰਤ ਉਹ ਬ੍ਰਹਮ ਵਿਚ ਸਮਾ ਜਾਂਦਾ ਹੈ।

ਗੁਰਮੁਖਿ ਨਿਰਮਲ ਹਰਿ ਗੁਣ ਗਾਵੇ ਗੁਰਮੁਖਿ ਪਵਿਤ੍ਰ ਪਰਮ ਪਦੁ ਪਾਵੈ।
ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ। ਨਾਲ ਗੁਰਮੁਖ ਸਾਰਿ ਸਮਾਵੈ।[209]

ਗੁਰਮੁਖ ਕਾਮ, ਕਰੋਧ, ਲੋਭ, ਮੋਹ, ਅਹੰਕਾਰ ਤੇ ਸੰਸਾਰਕ ਬੁਰਾਈਆਂ ਤੋਂ ਉਸੇ ਤਰ੍ਹਾਂ ਨਿਰਲਿਪਤ ਰਹਿੰਦਾ ਹੈ ਜਿਸ ਤਰ੍ਹਾਂ ਜਲ ਵਿਚ ਰਹਿੰਦਿਆਂ ਹੋਇਆਂ ਕੰਮਲ ਫੁੱਲ ਅਤੇ ਮੁਰਗਾਈ ਨਿਰਲਿਪਤ ਰਹਿੰਦੇ ਹਨ।

ਜੈਸੇ ਜਲਿ ਮਹਿ ਕਮਲ ਨਿਰਾਲਮੁ ਮੁਰਗਾਈ ਨੈ ਸਾਣੇ॥

ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੈ॥[210]

ਗੁਰਮੁਖ ਨਿਰੰਜਣ ਦੇ ਨਾਮ ਨੂੰ ਪ੍ਰਾਪਤ ਕਰਕੇ ਹਉਮੈ ਨੂੰ ਸ਼ਬਦ ਦੁਆਰਾ ਨਸ਼ਟ ਕਰ ਦਿੰਦਾ ਹੈ। ਉਹ ਸਤਿ ਸਰੂਪ ਪਰਮਾਤਮਾ ਦੇ ਗੁਣ ਗਾਉਂਦਾ ਹੋਇਆ ਉਸੇ ਵਿਚ ਹੀ ਸਮਾਇਆ ਰਹਿੰਦਾ ਹੈ। ਉਸ ਦੀ ਸਤਿਨਾਮ ਦੁਆਰਾ ਪ੍ਰਤਿਸ਼ਠਾ ਵਧਦੀ ਹੈ ਅਤੇ ਸਾਰਿਆਂ ਲੋਕਾਂ ਦੀ ਸੋਝੀ ਪ੍ਰਾਪਤ ਹੁੰਦੀ ਹੈ।

ਗੁਰਮੁਖ ਗੁਰੂ ਦੀ ਸੰਗਤ ਵਿਚ ਆ ਕੇ ਗੁਰੂ ਦਾ ਸ਼ਬਦ ਪ੍ਰਾਪਤ ਕਰ ਲੈਂਦਾ ਹੈ ਅਤੇ ਹਰ ਤਰ੍ਹਾਂ ਦੇ ਧਨ ਦੀ ਪ੍ਰਾਪਤੀ ਕਰ ਲੈਂਦਾ ਹੈ। ਇਸ ਤਰ੍ਹਾਂ ਉਸ ਨੂੰ ਰੱਬ ਦੀ ਦਰਗਾਹ ਵਿਚ ਸ਼ੋਭਾ ਪ੍ਰਾਪਤ ਹੁੰਦੀ ਹੈ ਅਤੇ ਮੁਕਤੀ ਪ੍ਰਾਪਤ ਹੁੰਦੀ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ:

ਗੁਰਮੁਖ ਹਰਿ ਧਨੁ ਖਟਿਆ ਗੁਰ ਕੈ ਸਬਦ ਵੀਚਾਰਿ।[211]

ਗੁਰਮੁਖ ਕੇ ਮੁਖ ਉਜਲੇ ਗੁਰ ਸਬਦੀ ਬੀਚਾਰਿ।[212]

ਗੁਰਮੁਖ ਕੇ ਮੁਖ ਉਜਲੇ ਹਰਿ ਦਰਗਹ ਸੋਭਾ ਪਾਇ। [213]

ਗੁਰਮੁਖਾਂ ਕਰਾਂ ਉਪਰਿ ਹਰਿ ਚੇਤਿਆ ਸੇ ਪਾਇ ਮੋਖ ਦੁਆਰੁ।[214]

ਗੁਰਮੁਖ ਦਾ ਗੁਰੂ ਦੁਆਰਾ ਦਿਤੇ ਸ਼ਬਦ ਦੁਆਰਾ ਉਧਾਰ ਹੋ ਜਾਂਦਾ ਹੈ ਅਤੇ ਉਸ ਦੀ ਗੁਰੂ ਦੁਆਰਾ ਦਿਤੇ ਨਾਮ ਰਾਹੀਂ ਹਉਮੈ ਦੀ ਨਿਵਰਤੀ ਹੁੰਦੀ ਹੈ। ਆਪ ਮਨੁੱਖ ਨੂੰ ਸਮਝਾਉਂਦੇ ਹਨ ਕਿ ਇਹ ਨਾਮ ਹੀ ਤੇਰਾ ਦਰਗਾਹ ਵਿਚ ਸਹਾਈ ਹੋਵੇਗਾ:

ਗੁਰਮੁਖਿ ਨਾਮਿ ਰਤੇ ਸੇ ਉਧਰੇ ਗੁਰ ਕਾ ਸਬਦ ਵੀਚਾਰਿ।[215]

ਗੁਰਮਖਿ ਨਾਮ ਸਲਾਈਐ ਹਉਮੈ ਨਿਵਰੀ ਭਾਹਿ।[216]

ਗੁਰਮੁਖਿ ਨਾਮ ਸਮਾਲਿ ਤੂੰ ਵਣਜਾਰਿਆ ਮਿਤ੍ਰਾ ਤੇਰਾ ਦਰਗਨਾਹ ਬੇਲੀ ਹੋਇ।[217]

ਗੁਰੂ ਸਾਹਿਬ ਨੇ ਭਗਤ ਨੂੰ ਗੁਰਮੁਖ ਦੇ ਬਰਾਬਰ ਦਰਜਾ ਦਿੱਤਾ ਹੈ ਅਤੇ ਕਿਹਾ ਕਿ ਪ੍ਰਹਿਲਾਦ ਵਰਗੇ ਭਗਤ ਹੀ ਗਰਮੁਖ ਹਨ ਜਿਨ੍ਹਾਂ ਨੇ ਪਰਮਾਤਮਾ ਦੇ ਨਾਮ ਜਪ ਕੇ ਮੁਕਤੀ ਪ੍ਰਾਪਤ ਕਰ ਲਈ ਹੈ।

ਗੁਰਮੁਖਿ ਪ੍ਰਹਿਲਾਦ ਜਪਿ ਹਰਿ ਗਤਿ ਪਾਈ।[218]

ਗੁਰੂ ਸਾਹਿਬ ਨੇ ਗੁਰਮੁਖ ਨੂੰ ਰਾਜੇ ਜਨਕ ਦੇ ਬਰਾਬਰ ਦਰਜਾ ਦਿੱਤਾ ਜੋ ਕਿ ਹਿੰਦੂ ਮਿਥਿਹਾਸ ਵਿਚ ਮਹਾਨ ਭਗਤੀ ਭਾਵ ਵਾਲਾ ਵਿਅਕਤੀ ਹੋਇਆ ਹੈ।

ਗੁਰਮੁਖਿ ਜਨਕਿ ਹਰਿ ਨਾਮਿ ਲਿਵ ਲਾਈ।[219]

ਗੁਰਮੁਖ ਪਰਮਾਤਮਾ ਦੁਆਰਾ ਸਿਰਜਤ ਸੰਸਾਰੀ ਰੂਪ ਅਖਾੜੇ ਵਿਚ ਮਨਮੁਖ ਦੇ ਮੁਕਾਬਲੇ ਵਿਚ ਜਿੱਤ ਪ੍ਰਾਪਤ ਕਰਦਾ ਹੈ ਭਾਵ ਮੁਕਤੀ ਪ੍ਰਾਪਤ ਕਰਦਾ ਹੈ।

ਆਪੇ ਛਿੰਝ ਪਵਾਇ ਮਲਾਖਾੜਾ ਰਚਿਆ।।

ਲਥੇ ਭੜਥੂ ਪਾਇ ਗੁਰਮੁਖਿ ਮਚਿਆ।।

ਮਨਮੁਖ ਮਾਰੇ ਪਛਾੜਿ ਮੂਰਖ ਕਚਿਆ।।[220]

ਗੁਰੂ ਸਾਹਿਬ ਅਨੁਸਾਰ ਕਿ ਸੱਚਾ ਗੁਰਮੁਖ ਬਣਨ ਦੀ ਜ਼ਰੂਰਤ ਹੈ ਜੋ ਗੁਰਮਤਿ ਦੇ ਦੱਸੇ ਰਾਹ ਤੇ ਚਲਦਾ ਹੈ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਗੁਰਮੁਖ ਬਣਨ ਲਈ ਕਾਮ, ਕਰੋਧ, ਲੋਭ, ਮੋਹ, ਅਹੰਕਾਰ ਦਾ ਤਿਆਗ ਕਰਨਾ ਜ਼ਰੂਰੀ ਹੈ। ਇਹਨਾਂ ਵਿਚਾਰਾਂ ਦਾ ਤਿਆਗ ਗੁਰੂ ਦੀ ਸ਼ਰਨ ਵਿਚ ਆ ਕੇ ਉਸ ਦੇ 'ਸ਼ਬਦ', 'ਨਾਮ' ਰਾਹੀਂ ਹੁੰਦਾ ਹੈ। ਗੁਰੂ ਦੇ ਸ਼ਬਦ ਨਾਲ ਹਉਮੈ ਦੀ ਮੈਲ ਦੀ ਨਿਵਰਤੀ ਹੋ ਜਾਂਦੀ ਹੈ ਅਤੇ ਮਨੁੱਖ ਦਾ ਮਨ ਭਗਤੀ ਵੱਲ ਲੱਗਣ ਲੱਗ ਪੈਂਦਾ ਹੈ। ਇਸ ਤਰ੍ਹਾਂ ਮਨੁੱਖ ਪ੍ਰਭੂ ਭਗਤੀ ਰਾਹੀਂ ਰਾਜੇ ਜਨਕ, ਪ੍ਰਹਿਲਾਦ, ਧ੍ਰੂ ਆਦਿ ਦੀ ਤਰ੍ਹਾਂ ਗੁਰਮੁਖ ਦੀ ਪਦਵੀ ਪ੍ਰਾਪਤ ਕਰ ਲੈਂਦਾ ਹੈ।

**ਮਨਮੁਖ** : 'ਮਨਮੁਖ' ਦਾ ਅਰਥ ਹੈ: ਜਿਸ ਨੇ ਆਪਣੇ ਮਨ (ਸੰਕਲਪ) ਨੂੰ ਮੁਖ ਜਾਣਿਆ ਹੈ, ਮਨਮਤ ਧਾਰਨ ਵਾਲਾ।[221] ਗੁਰੂ ਰਾਮਦਾਸ ਜੀ 'ਮਨਮੁਖ' ਦੀ ਪਰਿਭਾਸ਼ਾ ਇਸ ਤਰ੍ਹਾਂ ਕਰਦੇ ਹਨ ਕਿ ਮਨਮੁਖ ਉਹ ਵਿਅਕਤੀ ਹੈ ਜੋ ਗੁਰੂ ਦੇ ਹੁਕਮ ਅਨੁਸਾਰ ਨਹੀਂ ਚਲਦਾ।

ਪੂਰੈ ਗੁਰ ਦਾ ਹੁਕਮੁ ਨ ਮੰਨੈ ਓਹ ਮਨਮੁਖ ਅਗਿਆਨੁ।[222]

ਮਨਮੁਖ ਮੰਦੇ ਕੁਚੱਜੇ ਜੀਵਨ ਦਾ ਸੂਚਕ ਹੈ। ਮਨਮੁਖ ਦਾ ਸੁਭਾ ਪਸ਼ੂਆਂ ਵਰਗਾ ਹੁੰਦਾ ਹੈ ਅਤੇ ਉਹ ਪਸ਼ੂਆਂ ਵਿਚ ਹੀ ਸਮਾਇਆ ਰਹਿੰਦਾ ਹੈ। ਪਸ਼ੂ ਸੁਭਾ ਸਦਕਾ ਮਨਮੁਖ ਸੈਲ ਪੱਥਰ ਵਾਂਗ

ਕਠੋਰ ਹੈ ਕਿਉਂਕਿ ਉਸ ਦਾ ਮਨ ਬਿਲਕੁਲ ਨਹੀਂ ਭਿਜਦਾ। ਉਹ ਗੁਰੂ ਦੀ ਧਾਰਨਾ ਹੀ ਨਹੀਂ ਕਰਦਾ, ਜੇਕਰ ਕਰਦਾ ਵੀ ਹੈ ਤਾਂ ਗੁਰੂ ਦੇ ਉਪਦੇਸ਼ ਮੁਤਾਬਕ ਨਹੀਂ ਚਲਦਾ। ਉਹ ਕਾਮ, ਕਰੋਧ, ਲੋਭ, ਮੋਹ, ਹੰਕਾਰ ਵਿਚ ਗ੍ਰਸਤ ਰਹਿੰਦਾ ਹੈ ਅਤੇ ਬੁਰਾਈ ਦੇ ਕਾਰਜਾਂ ਨੂੰ ਪਹਿਲ ਦਿੰਦਾ ਹੈ। ਉਸ ਦੀ ਬੁਧੀ ਵੀ ਅੰਧਕਾਰ ਪੂਰਣ ਹੁੰਦੀ ਹੈ ਉਹ ਕੁਝ ਕਮਾਂਵਦਾ ਹੋਇਆ ਕੂੜ ਵਿਚ ਹੀ ਡੁੱਬ ਮਰਦਾ ਹੈ।

ਗੁਰੂ ਅਮਰਦਾਸ ਜੀ ਮਨਮੁਖ ਦੇ ਲੱਛਣ ਦੱਸਦੇ ਹਨ ਕਿ ਮਨਮੁਖ ਗੁਰੂ ਦੇ ਸ਼ਬਦ ਨੂੰ ਨਹੀਂ ਪਛਾਣਦਾ ਅਤੇ ਉਸ ਨੂੰ ਗੁਰੂ ਦੇ ਡਰ ਦੀ ਕੋਈ ਸਾਰ ਨਹੀਂ।

ਸੇ ਮਨਮੁਖ ਜੋ ਸਬਦੁ ਨ ਪਛਾਣਹਿ

ਗੁਰ ਕੇ ਭੈ ਕੀ ਸਾਰ ਨਾ ਜਾਣਹਿ।[223]

ਗੁਰੂ ਸਾਹਿਬ ਮਨੁੱਖ ਦੇ ਚਰਿੱਤਰ ਨੂੰ ਦਰਸਾਉਂਦੇ ਹੋਏ ਬਿਆਨ ਕਰਦੇ ਹਨ ਕਿ ਮਨਮੁਖ ਨਾਮ ਨਹੀਂ ਜਪਦਾ ਅਤੇ ਗੁਰੂ ਦੇ ਸ਼ਬਦ ਤੇ ਵਿਚਾਰ ਨਹੀਂ ਕਰਦਾ ਇਹ ਹੀ ਮਨਮੁਖ ਦਾ ਵਿਵਹਾਰਕ ਚਰਿਤਰ ਹੈ:

ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ

ਇਹੁ ਮਨਮੁਖ ਕਾ ਆਚਾਰੁ।[224]

ਮਨਮੁਖ ਦੇ ਮਨ ਵਿਚ ਕਾਮ, ਕਰੋਧ, ਲੋਭ, ਅੰਹਕਾਰ ਦਾ ਨਿਵਾਸ ਰਹਿੰਦਾ ਹੈ ਅਤੇ ਉਹ ਅੰਹਕਾਰ ਵਿਚ ਰਹਿੰਦੇ ਦੁਖ ਪਾਉਂਦਾ ਹੈ। ਆਪ ਫੁਰਮਾਉਂਦੇ ਹਨ।

ਮਨਮੁਖਿ ਮੁਹਿ ਮੈਲਾ ਸਬਦੁ ਨਾ ਜਾਣਨੀ ਕਾਮ ਕਰੋਧਿ ਵਿਣਾਸ॥[225]

ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰ॥[226]

ਮਨਮੁਖ ਮੂੜ ਜਲਤ ਅਹੰਕਾਰੀ ਹਉਮੈ ਵਿਚਿ ਦੁਖੁ ਪਾਈ॥[227]

ਮਨਮੁਖ ਸੰਸਾਰ ਵਿਚ ਸਦਾ ਵਿਸ਼ੇ ਵਿਕਾਰਾਂ ਵਿਚ ਫਸਿਆ ਰਹਿੰਦਾ ਹੈ ਅਤੇ ਉਹ ਗੁਰੂ ਦੇ ਸ਼ਬਦ ਤੇ ਨਾ ਚਲਣ ਕਰਕੇ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ ਅਤੇ ਜਮਾਂ ਦੀਆਂ ਚੋਟਾਂ ਖਾਂਦਾ

ਰਹਿੰਦਾ ਹੈ। ਉਸ ਦਾ ਨਾਮ ਤੋਂ ਬਿਨਾਂ ਕੋਈ ਸੰਗੀ ਸਾਥੀ ਨਹੀਂ। ਉਸ ਨੂੰ ਕੇਵਲ ਨਾਮ ਦੀ ਅਰਾਧਨਾ ਨਾਲ ਹੀ ਮੁਕਤੀ ਪ੍ਰਾਪਤ ਹੋ ਸਕਦਾ ਹੈ।

ਮਨਮੁਖੁ ਭੂਲਾ ਠਉਰੁ ਨਾ ਪਾਏ।। ਜਮ ਦਰਿ ਬਧਾ ਚੋਟਾ ਖਾਏ

ਬਿਨੁ ਨਾਵੈ ਕੋ ਸੰਗਿ ਨਾ ਸਾਥੀ ਮੁਕਤੇ ਨਾਮੁ ਧਿਆਵਣਿਆ।[228]

ਪਰਮਾਤਮਾ ਮਨੁੱਖ ਨੂੰ ਦਾਤਾਂ ਬਖਸਦਾ ਹੈ ਮਨਮੁਖ ਇਨ੍ਹਾਂ ਦਾਤਾਂ ਨੂੰ ਆਪਣੀਆਂ ਸਮਝਦਾ ਹੈ ਤੇ ਪਰਮਾਤਮਾ ਦਾ ਸ਼ੁਕਰ ਵੀ ਨਹੀਂ ਕਰਦਾ। ਇਸ ਲਈ ਉਹ ਲੂਣ ਹਰਾਮੀ ਹੈ ਜਿਸ ਨੂੰ ਕਿਤੇ ਵੀ ਢੋਈ ਨਹੀਂ ਮਿਲਦੀ:

ਮਨਮੁਖ ਲੂਣ ਹਾਰਾਮ ਕਿਆ ਨਾ ਜਾਣਿਆ।[229]

ਮਨਮੁਖ ਦੀ ਹਰੀ ਦੇ ਨਾਮ ਤੋਂ ਬਿਨਾਂ ਮੁਕਤੀ ਨਹੀਂ ਹੋ ਸਕਦੀ। ਮਰਣ ਤੋਂ ਬਾਅਦ ਉਹ ਨਰਕਾਂ ਵਿਚ ਹੀ ਜਾਂਦਾ ਹੈ ਤੇ ਉਹ ਜੰਮਦਾ ਮਰਦਾ ਰਹਿੰਦਾ ਹੈ। ਆਵਾਗੌਣ ਦੇ ਚਕਰਾਂ ਵਿਚ ਹੀ ਭਟਕਦਾ ਰਹਿੰਦਾ ਹੈ, ਗੁਰੂ ਦੀ ਸੇਵਾ ਤੋਂ ਬਿਨਾਂ ਉਸ ਦੀ ਕੋਈ ਕੀਮਤ ਨਹੀਂ।

ਮਨਮੁਖ ਕੋ ਸਮਝਾਈਐ ਭੀ ਉਝੜਿ ਜਾਏ ਬਿਨ ਹਰਿ ਨਾਮ ਨ ਛੁਟਸੀ ਮਹਿ ਨਰਕ

ਜਨਮਿ ਮਰੈ ਭਰਮਾਈਐ ਹਰਿ ਨਾਮੁ ਨ ਲੇਵੈ। ਤਾ ਕੀ ਕੀਮਤਿ ਨ ਪਵੇ ਬਿਨੁ ਗੁਰ ਕੀ ਸੇਵੈ।[230]

ਮਨਮੁਖ ਬਾਰੇ ਹੋਰ ਵਖਿਆਨ ਕਰਦੇ ਹੋਏ ਗੁਰੂ ਸਾਹਿਬ ਸਮਝਾਉਂਦੇ ਹਨ ਕਿ ਮਨਮੁਖ ਆਵਾਗਵਣ ਦੇ ਚੱਕਰ ਵਿਚ ਤਾਂ ਹੀ ਪੈਂਦਾ ਹੈ, ਜਦੋਂ ਉਹ ਮੋਹ ਵਿਚ ਫਸਿਆ ਦੂਜੇ ਵਿਅਕਤੀਆਂ ਦੀ ਨਿੰਦਾ ਕਰਦਾ ਹੈ। ਚੁਗਲੀ ਕਰਕੇ ਕੂੜ ਕਮਾਂਵਦਾ ਹੋਇਆ ਗੰਦਗੀ ਦੇ ਕੀੜੇ ਦੀ ਤਰ੍ਹਾਂ ਗੰਦਗੀ ਵਿਚ ਹੀ ਪੈਦਾ ਹੁੰਦਾ ਹੈ ਅਤੇ ਗੰਦਗੀ ਵਿਚ ਹੀ ਮਰ ਜਾਂਦਾ ਹੈ। ਆਪ ਫੁਰਮਾਉਂਦੇ ਹਨ:

ਜੰਮਣੁ ਮਰਣਾ ਹੈ ਸੰਸਾਰੁ। ਮਨਮੁਖ ਅਚੇਤੁ ਪਾਇਆ ਮੋਹੁ ਗੁਬਾਰੁ।।

ਪਰ ਨਿੰਦਾ ਬਹੁ ਕੂੜੁ ਕਮਾਵੈ। ਵਿਸਟਾ ਕਾ ਕੀੜਾ ਵਿਸਟਾ ਮਾਹਿ ਸਮਾਵੈ।।[231]

ਮਨਮੁਖ ਸਦਾ ਕੂੜ ਬੋਲਦਾ ਹੈ, ਉਹ ਜ਼ਹਿਰ ਹੀ ਬੀਜਦਾ ਹੈ ਤੇ ਜ਼ਹਿਰ ਹੀ ਖਾਂਦਾ ਹੈ। ਉਹ ਤ੍ਰਿਸ਼ਨਾ ਦਾ ਬੰਨ੍ਹਿਆ ਤੇ ਜਲਿਆ ਹੁੰਦਾ ਹੈ। ਉਸ ਦਾ ਹੋਰ ਕੋਈ ਵੀ ਸਾਥੀ ਨਹੀਂ ਉਸ ਨੂੰ ਕੇਵਲ ਗੁਰੂ ਦੀ ਆਪਣੇ ਉਪਦੇਸ਼ ਨਾਮ ਸਿਮਰਨ ਰਾਹੀਂ ਛੁਡਾ ਸਕਦਾ ਹੈ। ਗੁਰੂ ਸਾਹਿਬ ਲਿਖਦੇ ਹਨ:

ਮਨਮੁਖੁ ਸਦ ਹੀ ਕੂੜੋ ਬੋਲੈ ਬਿਖੁ ਬੀਜੈ ਬਿਖ ਖਾਏ।

ਜਮਕਾਲਿ ਬਾਧਾ ਤ੍ਰਿਸਨਾ ਦਾਧਾ ਬਿਨੁ ਗੁਰ ਕਵਣੁ ਛਡਾਏ।[232]

ਇਸ ਤਰ੍ਹਾਂ ਮਨਮੁਖ ਉਹ ਮਨੁੱਖ ਹੈ ਜੋ ਆਪਣੇ ਮਨ ਦੇ ਪ੍ਰਭਾਵ ਅਧੀਨ ਚਲਦਾ ਹੋਇਆ ਕਾਮ, ਕਰੋਧ, ਲੋਭ, ਮੋਹ, ਅਹੰਕਾਰ ਵਿਚ ਗਲਤਾਨ ਰਹਿੰਦਾ ਹੈ ਅਤੇ ਬੁਰਾਈ ਦੇ ਕਾਰਜਾਂ ਨੂੰ ਪਹਿਲ ਦਿੰਦਾ ਹੈ। ਉਹ ਗੁਰੂ ਦੇ ਉਪਦੇਸ਼ ਨਾਲ ਨਹੀਂ ਚਲਦਾ ਅਤੇ ਨਾਮ ਸਿਮਰਨ ਨਹੀਂ ਕਰਦਾ। ਉਹ ਗੁਰੂ ਤੋਂ ਬੇਮੁੱਖ ਹੋਇਆ ਬਦੀ ਦੇ ਕਾਰਜ ਕਰੀ ਜਾਂਦਾ ਹੈ। ਅਜਿਹਾ ਮਨੁੱਖ ਸਦਾ ਆਵਾਗਵਨ ਦੀ ਚੱਕਰ ਵਿਚ ਪਿਆ ਮੁੜ ਮੁੜ ਜਨਮ ਲੈਂਦਾ ਰਹਿੰਦਾ ਹੈ। ਗੁਰੂ ਸਾਹਿਬ ਮਨਮੁਖ ਨੂੰ ਸੁਚੇਤ ਕਰਦੇ ਹਨ ਕਿ ਉਹ ਅਜਿਹੇ ਕਾਰਜਾਂ ਦਾ ਖਹਿੜਾ ਛੱਡ ਕੇ ਗੁਰੂ ਦੀ ਸ਼ਰਨ ਵਿਚ ਆ ਜਾਵੇ। ਇਸੇ ਨਾਲ ਹੀ ਉਸ ਦਾ ਉਧਾਰ ਹੋ ਸਕਦਾ ਹੈ ਅਤੇ ਉਹ ਮੁਕਤੀ ਪ੍ਰਾਪਤ ਕਰ ਸਕਦਾ ਹੈ।

ਗੁਰੂ-ਬਾਣੀ ਦੇ 'ਗੁਰਮੁਖ' ਦਾ ਸੰਕਲਪ ਹਿੰਦੂ ਧਰਮ ਦੇ ਦੇਵਤਿਆਂ ਦੇ ਸੰਕਲਪ ਤੋਂ ਵੱਖਰਾ ਹੈ। ਅਵਤਾਰ/ਦੇਵਤੇ ਭਾਵੇਂ ਪਰਾਸਰੀਰਕ ਸ਼ਕਤੀਆਂ ਵਿਚ ਗੁਰਮੁਖ ਤੋਂ ਵਧੇਰੇ ਬਲਵਾਨ ਹਨ ਪਰ 'ਗੁਰਮੁਖ' ਅਵਤਾਰ/ਦੇਵਤਿਆਂ ਨਾਲੋਂ ਉਚੇਰੀ ਅਧਿਆਤਮਕ ਅਵਸਥਾ ਦਾ ਸੁਆਮੀ ਹੈ। ਉਹ ਅਵਤਾਰ/ਦੇਵਤਿਆਂ ਨਾਲੋਂ ਵਧੇਰੇ ਬ੍ਰਹਮ ਦੇ ਨਜ਼ਦੀਕ ਹੈ। ਗੁਰਮੁਖ ਅਵਤਾਰ/ਦੇਵਤਿਆਂ ਨਾਲੋਂ ਇਸ ਕਰਕੇ ਸਵਰਉੱਤਮ ਹੈ ਕਿਉਂਕਿ ਦੇਵਤੇ ਕਾਮ, ਕਰੋਧ, ਲੋਭ, ਮੋਹ, ਅਹੰਕਾਰ ਦੇ ਸ਼ਿਕਾਰ ਹਨ। (ਜਿਨ੍ਹਾਂ ਬਾਰੇ ਅਸੀਂ ਪਹਿਲਾਂ ਦਿਤੀਆਂ ਮਿੱਥ ਕਥਾਵਾਂ ਵਿਚ ਜਾਣ ਚੁਕੇ ਹਾਂ)। ਉਦਾਹਰਣ ਦੇ ਤੌਰ ਤੇ ਇੰਦਰ ਕਾਮ ਵਸ ਅਹੱਲਿਆ ਉਪਰ ਅਤੇ ਬ੍ਰਹਮਾ ਆਪਣੀ ਪੁੱਤਰੀ ਉਪਰ ਮੋਹਿਤ ਹੋਇਆ ਫਿਰਦਾ ਹੈ। ਵਿਸ਼ਨੂੰ ਦੇਵਤਾ ਛਲ ਕਰੀ ਜਾ ਰਿਹਾ ਹੈ। ਸ਼ਿਵ ਗੁੱਸੇ ਵਿਚ ਆਪਣੇ ਪੁੱਤਰ ਗਣੇਸ਼ ਦਾ ਸਿਰ ਕੱਟ ਦਿੰਦਾ ਹੈ। ਰਾਮ ਚੰਦਰ ਆਪਣੇ ਪਰਿਵਾਰ ਵਿਛੜਣ ਦੇ ਵਿਯੋਗ ਵਿਚ ਰੋ

ਰਿਹਾ ਹੈ। ਕ੍ਰਿਸ਼ਨ ਛਲ ਨਾਲ ਗੋਪੀਆਂ ਨਾਲ ਰੰਗ ਰਲੀਆਂ ਮਨਾ ਰਿਹਾ ਹੈ। ਇਸ ਤਰ੍ਹਾਂ ਇਹ ਅਵਤਾਰ/ਦੇਵੀ ਦੇਵਤੇ ਆਦਰਸ਼ਕ ਗੁਰਮੁਖ ਨਾਲੋਂ ਕੋਹਾਂ ਦੂਰ ਹਨ ਅਤੇ ਆਦਰਸ਼ ਮਨੁੱਖ ਨਹੀਂ ਕਹੇ ਜਾ ਸਕਦੇ।

ਸਿੱਖ ਗੁਰੂਬਾਣੀ ਦਾ ਮਨਮੁਖ ਬਦੀ ਦਾ ਪ੍ਰਤੀਕ ਹੈ। ਉਹ ਦੇਵਤਿਆਂ ਤੇ ਦੈਂਤਾਂ ਵਾਂਗ ਕੇਵਲ ਕਾਮ, ਕਰੋਧ, ਲੋਭ, ਮੋਹ, ਹੰਕਾਰ ਵਿਚ ਹੀ ਨਹੀਂ ਫਸਿਆ ਸਗੋਂ ਬਦੀ ਦੇ ਹੋਰ ਕਾਰਜ ਵੀ ਕਰਦਾ ਹੈ। ਉਹ ਆਪਣੀਆਂ ਦੁਰ ਬਿਰਤੀਆਂ ਦਾ ਤਿਆਗ ਨਹੀਂ ਕਰਦਾ ਅਤੇ ਸਦਾ ਆਵਾਗਵਣ ਅਤੇ ਜੂਨਾਂ ਦੇ ਚੱਕਰਾਂ ਵਿਚ ਫਸਿਆ ਰਹਿੰਦਾ ਹੈ। ਉਹ ਦੇਵਤੇ, ਦੈਂਤਾਂ ਦੀ ਤਰ੍ਹਾਂ ਕਦੀ ਵੀ ਪਰਮਾਤਮਾ ਨਾਲ ਮਿਲ ਨਹੀਂ ਸਕਦਾ ਅਤੇ ਸਦਾ ਮੁਕਤੀ ਤੋਂ ਕੋਹਾਂ ਦੂਰ ਰਹਿੰਦਾ ਹੈ। ਉਹ ਗੁਰੂ ਦੀ ਸ਼ਰਨ ਵਿਚ ਨਹੀਂ ਆਉਂਦਾ ਅਤੇ ਉਸ ਦੁਆਰਾ ਦਿਤੇ ਸ਼ਬਦ ਦੀ ਅਰਾਧਨਾ ਨਹੀਂ ਕਰਦਾ। ਇਸੇ ਕਰਕੇ ਉਹ ਸਦਾ ਬ੍ਰਹਮ ਤੋਂ ਦੂਰ ਰਹਿੰਦਾ ਹੈ ਅਤੇ ਜੰਮਣ ਮਰਨ ਦੇ ਚੱਕਰ ਵਿਚ ਫਸ ਕੇ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ।

### ਨੇਕੀ ਤੇ ਬਦੀ ਨਾਲ ਸਬੰਧਿਤ ਮਿਥਿਹਾਸਕ ਉਸਾਰੀ ਪੈਟਰਨ:

ਗੁਰੂ ਸਾਹਿਬ ਨੇਕੀ ਤੇ ਬਦੀ ਨਾਲ ਸਬੰਧਿਤ ਉਸਾਰੀ ਪੈਟਰਨ ਰਾਹੀਂ ਇਹ ਦਰਸਾਉਣ ਦੀ ਕੋਸ਼ਿਸ਼ ਵਿਚ ਹਨ ਕਿ ਨੇਕੀ ਤੇ ਕਾਰਜ ਕਰਨ ਵਾਲਾ 'ਗੁਰਮੁਖ' ਹੈ ਅਤੇ ਬਦੀ ਦੇ ਕਾਰਜ ਕਰਨ ਵਾਲਾ ਮਨਮੁਖ ਹੈ। ਇਸੇ ਲਈ ਉਨ੍ਹਾਂ ਦੇ ਗੁਰਮੁਖ ਤੇ 'ਮਨਮੁਖ' ਦੇ ਸੰਕਲਪ ਨੂੰ ਆਧਾਰ ਬਣਾਇਆ ਹੈ। ਉਹਨਾਂ ਨੇ ਮਿਥਿਹਾਸਕ ਹਵਾਲੇ ਸੰਕੇਤਾਂ ਰਾਹੀਂ ਆਪਣੇ ਵਿਚਾਰਾਂ ਦੀ ਉਸਾਰੀ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਕਿ ਇਨ੍ਹਾਂ ਵਿਚਾਰਾਂ ਰਾਹੀਂ ਨੇਕੀ ਤੇ ਬਦੀ ਦੇ ਸੰਕਲਪ ਨੂੰ ਦ੍ਰਿੜ ਕਰਵਾਇਆ ਜਾ ਸਕੇ। ਗੁਰੂ ਸਾਹਿਬ ਨੇ ਅਵਤਾਰ/ਦੇਵੀ ਦੇਵਤਿਆਂ, ਦੈਂਤਾਂ, ਰਾਖਸਾਂ ਦੇ ਕਾਰਜਾਂ ਨੂੰ ਨੇਕੀ ਤੇ ਬਦੀ ਦੀ ਕ੍ਰਮਵਾਰ ਪ੍ਰਾਪਤੀ ਅਤੇ ਅਪ੍ਰਾਪਤੀ ਦੇ ਪ੍ਰਭਾਵ ਨੂੰ ਦਰਸਾਇਆ ਹੈ। ਗੁਰੂ ਸਾਹਿਬ ਦਾ ਬਦੀ ਉਪਰ ਨੇਕੀ ਦੀ ਜਿੱਤ ਨੂੰ ਦਰਸਾਉਣਾ ਇਹ ਸਿਧ ਕਰਨਾ ਹੈ ਕਿ ਲੋਕ ਨੇਕੀ ਦੇ ਰਾਹ ਉਪਰ ਚਲ ਕੇ ਨਾਇਕ ਗੁਰਮੁਖਾਂ ਵਰਗਾ ਜੀਵਨ ਬਤੀਤ ਕਰਨ ਅਤੇ ਬਦੀ ਦੇ ਕੰਮਾਂ ਨੂੰ

ਤਿਆਗਦੇ ਹੋਏ (ਪ੍ਰਤੀਨਾਇਕ) 'ਮਨਮੁਖ' ਵਰਗਾ ਜੀਵਨ ਬਤੀਤ ਕਰਨਾ ਛੱਡ ਦੇਣ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਅਜਿਹਾ ਸਭ ਕੁਝ ਗੁਰੂ ਦੀ ਸ਼ਰਨ ਵਿਚ ਆ ਕੇ ਗੁਰੂ ਦੇ ਸ਼ਬਦ ਅਥਵਾ ਨਾਮ ਸਿਮਰਨ ਨਾਲ ਹੀ ਹੋ ਸਕਦਾ ਹੈ। ਉਪਰੋਕਤ ਵਿਚਾਰਾਂ ਰਾਹੀਂ ਗੁਰੂ ਸਾਹਿਬ ਨੇ ਗੁਰਬਾਣੀ ਵਿਚ ਨੇਕੀ ਤੇ ਬਦੀ ਦੀ ਟੱਕਰ ਦਾ ਦਵੰਦ ਸੰਸਾਰਿਕ ਜਿੱਤਾਂ ਵਾਂਗ ਦਰਸਾਇਆ ਹੈ ਜਿਥੇ ਗੁਰੂ ਦੇ ਲੜ ਲਗਣ ਵਾਲੇ ਨਾਮ ਸਿਮਰਨ ਕਰਨ ਵਾਲੇ ਸਦਾਚਾਰਕ ਕੀਮਤਾਂ ਦੀ ਪਾਲਣਾ ਕਰਨ ਵਾਲੇ 'ਗੁਰਮੁਖ' ਵਿਅਕਤੀ ਦੀ ਜਿੱਤ ਹੁੰਦੀ ਹੈ ਅਤੇ ਗੁਰੂ ਤੋਂ ਬੇਮੁਖ ਹੋਣ ਵਾਲੇ ਸਦਾਚਾਰਕ ਕੀਮਤਾਂ ਦੀ ਉਲੰਘਣਾ ਕਰਨ ਵਾਲੇ 'ਮਨਮੁਖ' ਦੀ ਹਾਰ ਹੁੰਦੀ ਹੈ।

# ਹਵਾਲੇ ਅਤੇ ਟਿੱਪਣੀਆਂ

1. ***ਗੁਰੂ ਗ੍ਰੰਥ ਸਾਹਿਬ***, ਪੰ. 1
2. ਕਾਲਾ ਸਿੰਘ ਬੇਦੀ, ***ਗੁਰ ਸ਼ਬਦ ਰਤਨਾਕਰ***, ਪੰ. 6
3. ***ਗੁਰੂ ਗ੍ਰੰਥ ਸਾਹਿਬ***, ਪੰ. 1061
4. ਉਹੀ, ਪੰ. 289
5. ਉਹੀ, ਪੰ. 1022
6. ਉਹੀ, ਪੰ. 838
7. ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼***, ਪੰ. 149
8. ***ਗੁਰੂ ਗ੍ਰੰਥ ਸਾਹਿਬ***, ਪੰ. 183
9. ਉਹੀ, ਪੰ. 9
10. ਉਹੀ, ਪੰ. 1020
11. ***ਮਹਾਨ ਕੋਸ਼***, ਪੰ. 302
12. ਉਹੀ, ਪੰ. 777
13. ***ਗੁਰੂ ਗ੍ਰੰਥ ਸਾਹਿਬ***, ਪੰ. 1025
14. ਉਹੀ, ਪੰ. 908
15. ਉਹੀ, ਪੰ. 138
16. ***ਗੁਰ ਸ਼ਬਦ ਰਤਨਾਕਰ***, ਪੰ. 243
17. ਉਹੀ, ਪੰ. 224
18. ***ਗੁਰੂ ਗ੍ਰੰਥ ਸਾਹਿਬ***, ਪੰ. 596

19. *ਗੁਰੂ ਗ੍ਰੰਥ ਸਾਹਿਬ,* ਪੰ. 842

20. ਉਹੀ, ਪੰ. 11

21. ਉਹੀ, ਪੰ. 302

22. *ਮਹਾਨ ਕੋਸ਼*, ਪੰ. 36

23. *ਗੁਰੂ ਗ੍ਰੰਥ ਸਾਹਿਬ*, ਪੰ. 1038

24. *ਮਹਾਨ ਕੋਸ਼*, ਪੰ. 48

25. *ਗੁਰੂ ਨਾਨਕ ਸ਼ਬਦ ਰਤਨਾਕਰ*, ਪੰ. 97-98

26. *ਗੁਰੂ ਗ੍ਰੰਥ ਸਾਹਿਬ*, ਪੰ. 1095

27. ਉਹੀ, ਪੰ. 1136

28. *ਮਹਾਨ ਕੋਸ਼*, ਪੰ. 415

29. ਉਹੀ, ਪੰ. 794

30. *ਗੁਰੂ ਗ੍ਰੰਥ ਸਾਹਿਬ*, ਪੰ. 610

31. ਉਹੀ, ਪੰ. 1

32. ਉਹੀ, ਪੰ. 37

33. ਉਹੀ, ਪੰ. 1059

34. ਉਹੀ, ਪੰ. 1035

35. ਡਾ. ਰਤਨ ਸਿੰਘ ਜੱਗੀ, *ਗੁਰੂ ਨਾਨਕ ਦੀ ਵਿਚਾਰਧਾਰਾ*, ਪੰ. 320 (ਉਦਹਰਿਤ)

36. ਗੀਤਾ, 4-34

37. ਡਾ. ਧਰਮਵੀਰ ਭਾਰਤੀ, *ਹਿੰਦੀ ਸਾਹਿਤ ਕੋਸ਼,* ਪੰ. 274

38. *ਗੁਰੂ ਗ੍ਰੰਥ ਸਾਹਿਬ*, ਪੰ. 599

39. ਉਹੀ, ਪੰ. 759

40. *ਗੁਰੂ ਗ੍ਰੰਥ ਸਾਹਿਬ*, ਪੰ. 262

41. ਉਹੀ, ਪੰ. 442

42. ਉਹੀ, ਪੰ. 49

43. ਉਹੀ, ਪੰ. 824

44. ਉਹੀ, ਪੰ. 1043

45. *ਗੁਰੂ ਨਾਨਕ ਦੀ ਵਿਚਾਰਧਾਰਾ*, ਪੰ. 339

46. *ਗੁਰੂ ਨਾਨਕ ਚਿੰਤਨ ਤੇ ਕਲਾ*, ਪੰ. 200

47. *'ਨਾਨਕ ਬਿੰਬ': ਅਧਿਐਨ ਤੇ ਅਧਿਆਪਨ*, ਪੰ. 55

48. *ਗੁਰੂ ਗ੍ਰੰਥ ਸਾਹਿਬ*, ਪੰ. 150

49. ਉਹੀ, ਪੰ. 750

50. ਉਹੀ, ਪੰ. 612

51. ਉਹੀ, ਪੰ. 1408

52. ਡਾ. ਦਰਸ਼ਨ ਸਿੰਘ, *ਸਿੱਖ ਧਰਮ ਵਿਚ ਗੁਰੂ ਦਾ ਸਥਾਨ* (ਸੰਪਾ.) ਪ੍ਰੀਤਮ ਸਿੰਘ, ਸਿੱਖ ਫਲਸਫੇ ਦੀ ਰੂਪ ਰੇਖਾ, ਪੰ. 62

53. ਪ੍ਰੋ. ਸ਼ੇਰ ਸਿੰਘ, *ਗੁਰਮਤਿ ਦਰਸ਼ਨ*, ਪੰ. 73

54. *ਗੁਰੂ ਗ੍ਰੰਥ ਸਾਹਿਬ*, ਪੰ. 907

55. ਉਹੀ, ਪੰ. 466

56. ਉਹੀ, ਪੰ. 864

57. *ਮਹਾਨ ਕੋਸ਼*, ਪੰ. 156

58. *ਸੁਖਮਨੀ ਸਾਹਿਬ ਦਾ ਦਾਰਸ਼ਨਿਕ ਆਧਾਰ*, ਪੰ. 381

59. *ਗੁਰੂ ਗ੍ਰੰਥ ਸਾਹਿਬ*, ਪੰ. 635

60. *ਗੁਰੂ ਗ੍ਰੰਥ ਸਾਹਿਬ,* ਪੰ. 795

61. ਉਹੀ, ਪੰ. 943

62. ਉਹੀ, ਪੰ. 878

63. ਉਹੀ, ਪੰ. 982

64. ਉਹੀ, ਪੰ. 1143

65. ਉਹੀ, ਪੰ. 1226

66. ਸਿੱਖ ਧਰਮ ਵਿਚ ਗੁਰੂ ਦਾ ਸਥਾਨ, (ਸੰਪਾ.) *ਪ੍ਰੀਤਮ ਸਿੰਘ, ਸਿੱਖ ਫਲਸਫੇ ਦੀ ਰੂਪ ਰੇਖਾ,* ਪੰ. 63

67. *ਗੁਰੂ ਗ੍ਰੰਥ ਸਾਹਿਬ*, .ਪੰ. 1275

68. ਉਹੀ, ਪੰ. 944

69. ਉਹੀ, ਪੰ. 601

70. ਉਹੀ, ਪੰ.1153

71. ਉਹੀ, ਪੰ. 1125

72. ਉਹੀ, ਪੰ. 646

73. *ਸੁਖਮਨੀ ਸਾਹਿਬ ਦਾ ਦਾਰਸ਼ਨਿਕ ਆਧਾਰ*, ਪੰ. 383

74. *'ਨੇਮ ਤੇ ਪ੍ਰੇਮ': ਗੁਰੂ ਨਾਨਕ ਚਿੰਤਨ ਤੇ ਕਲਾ*, ਪੰ. 213

75. *ਗੁਰਮਤਿ ਦਰਸ਼ਨ*, ਪੰ. 94

76. *ਗੁਰੂ ਗ੍ਰੰਥ ਸਾਹਿਬ*, ਪੰ. 224

77. ਉਹੀ, ਪੰ. 224

78. ਉਹੀ, ਪੰ. 1343

79. ਉਹੀ, ਪੰ. 224

80. ***ਗੁਰੂ ਗ੍ਰੰਥ ਸਾਹਿਬ,*** ਪੰ. 1032

81. ਉਹੀ, ਪੰ. 1309

82. ***ਮਹਾਨ ਕੋਸ਼,*** ਪੰ. 902

83. ਵਿਵੇਕ ਚੂੜਾ ਮਨੀ (ਡਾ.), ਸਵਸਵਯ ਰੂਪ ਕੁਸੰਯਨੰ ਭਕਤੀ ਹਿਤ ਯਤਿਭੀਯਤਿ। (ਸੰਪਾ.) ਦੇਵਿੰਦਰ ਕੁਮਾਰੀ ਮਹਿੰਦਰੂ, ***ਭਗਤੀ ਕਾਲ ਕੀ ਸੰਪਰਦਾਇਕ ਭਾਵਨਾ,*** ਪੰ. 26 (ਉਦਰਹਿਤ)

84. ਡਾ. ਗੋਬਿੰਦ ਤ੍ਰਿਗੁਣਾਇਤ, ***ਹਿੰਦੀ ਕੀ ਨਿਰਗੁਣ ਕਾਵਿ ਧਾਰਾ ਔਰ ਉਸ ਕੀ ਦਾਰਸ਼ਨਿਕ ਪ੍ਰਿਸ਼ਠ ਭੂਮੀ,*** ਪੰ. 546-47

85. ***ਗੁਰੂ ਗ੍ਰੰਥ ਸਾਹਿਬ,*** ਪੰ. 29

86. ***ਪੰਜਾਬੀ ਦੁਨੀਆਂ*** (ਭਗਤੀ ਅੰਕ), ਪੰ. 1

87. ਪ੍ਰੇਮ ਸ਼ੰਕਰ, ***ਭਗਤੀ ਚਿੰਤਨ ਕੀ ਭੂਮਿਕਾ,*** ਪੰ. 65 (ਉਦਰਹਿਤ)

88. ***ਗੀਤਾ ਉਪਦੇਸ਼*** (ਹਿੰਦੀ ) ਪੰ. 10-11

89. ਗੁਰੂ ਗ੍ਰੰਥ ਵਿਚ ਭਗਤੀ ਦਾ ਸਰੂਪ ਸਿਧਾਂਤ (ਸੰਪਾ.) ਬਲਕਾਰ ***ਸਿੰਘ, ਸਿੱਖ ਧਰਮ ਚਿੰਤਨ ਵਿਚ ਭਗਤੀ,*** ਪੰ. 25

90. ਭਗਤੀ: ਸਰੂਪ ਪ੍ਰਕਾਰ ਤੇ ਆਦਰਸ਼, (ਸੰਪਾ.) ਬਲਕਾਰ ***ਸਿੰਘ, ਸਿੱਖ ਧਰਮ ਚਿੰਤਨ ਵਿਚ ਭਗਤੀ,*** ਪੰ. 10

91. ***ਮਧ ਕਾਲੀਨ ਸਾਹਿਤਕ ਪ੍ਰਵਿਰਤੀਆਂ,*** ਪੰ. 52

92. ਡਾ. ਵਿਮਲ ਮਹਤਾ, ***ਨਿਰਗੁਣ ਕਵਿਯੋਂ ਕੇ ਸਮਾਜਿਕ ਆਦਰਸ਼,*** ਪੰ. 9 ਤੇ ਉਦਰਹਿਤ

93. ਭਗਤੀ ਲਹਿਰ ਤੇ ਉਸਦੀ ਪਿੱਠ ਭੂਮੀ (ਸੰਪਾ.), ਬਲਕਾਰ ਸਿੰਘ, ***ਸਿੱਖ ਧਰਮ ਚਿੰਤਨ ਵਿਚ ਭਗਤੀ,*** ਪੰ. 15

94. ਉਹੀ, ਪੰ.16

95. *ਗੁਰੂ ਗ੍ਰੰਥ ਸਾਹਿਬ*, ਪੰ. 1160

96. *ਗੁਰਮਤਿ ਕਾਵਿ ਵਿਸ਼ਾ ਅਤੇ ਰੂਪ*, ਪੰ. 44

97. *ਗੁਰੂ ਗ੍ਰੰਥ ਸਾਹਿਬ*, ਪੰ. 505

98. ਉਹੀ, ਪੰ. 505

99. ਉਹੀ, ਪੰ. 741

100. ਉਹੀ, ਪੰ. 637

101. ਉਹੀ, ਪੰ. 903

102. ਉਹੀ, ਪੰ. 67

103. ਉਹੀ, ਪੰ. 1154

104. ਉਹੀ, ਪੰ. 637

105. ਡਾ. ਕਰਨੈਲ ਸਿੰਘ ਥਿੰਦ, *ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ*, ਪੰ. 68

106. *ਗੁਰੂ ਗ੍ਰੰਥ ਸਾਹਿਬ*, ਪੰ. 219

107. ਉਹੀ, ਪੰ. 830

108. ਉਹੀ, ਪੰ. 1192

109. ਉਹੀ, ਪੰ. 995

110. ਉਹੀ, ਪੰ. 1192

111. ਉਹੀ, ਪੰ. 982

112. ਉਹੀ, ਪੰ. 999

113. ਤ੍ਰਿਲੋਚਨ ਸਿੰਘ, ਸਿੱਖਇਜ਼ਮ, *ਥੀਆਲੋਜੀ ਕਾਨਸੈਪਟ ਆਫ ਸਿੱਖਇਜ਼ਮ*, ਪੰ. 64-65,68 ਉਦਰਹਿਤ

114. *ਮਹਾਨ ਕੋਸ਼*, ਪੰ. 699

115. *ਥੀਆਲੋਜੀ ਕਾਨਸੈਪਟ ਆਫ ਸਿੱਖਇਜ਼ਮ*, ਪੰ. 64-65

116. *ਗੁਰੂ ਨਾਨਕ ਬਾਣੀ*, ਪੰ. 25

117. *ਗੁਰੂ ਗ੍ਰੰਥ ਸਾਹਿਬ ਏਕ ਸੰਸਕ੍ਰਿਤਕ ਸਰਵੇਖਣ*, ਪੰ. 463

118. *ਗੁਰੂ ਗ੍ਰੰਥ ਸਾਹਿਬ*, ਪੰ. 1083

119. ਉਹੀ, ਪੰ. 1334

120. ਉਹੀ, ਪੰ. 4

121. ਉਹੀ, ਪੰ. 463

122. ਉਹੀ, ਪੰ. 922

123. ਉਹੀ, ਪੰ. 1225

124. ਉਹੀ, ਪੰ. 754

125. ਉਹੀ, ਪੰ. 750

126. ਉਹੀ, ਪੰ.1078

127. ਉਹੀ, ਪੰ. 780

128. ਉਹੀ, ਪੰ. 497

129. ਉਹੀ, ਪੰ. 1192

130. ਉਹੀ, ਪੰ. 902

131. ਉਹੀ, ਪੰ. 999

132. ਉਹੀ, ਪੰ. 1192

133. ਪਿਆਰਾ ਸਿੰਘ ਪਦਮ, *ਗੁਰੂ ਗ੍ਰੰਥ ਸੰਕੇਤ ਕੋਸ਼*, ਪੰ. 174

134. *ਗੁਰੂ ਗ੍ਰੰਥ ਸਾਹਿਬ*, ਪੰ. 632

135. ਉਹੀ, ਪੰ. 999

136. "An Impulse or habit which is stgrongly emotional magnifies all objects that are Congruous with it and smothers those which are approsed whenever they present themselves."
John Dewery, ***Human Nature and Conduct***, p. 195

137. ਡਾ. ਜੋਗਿੰਦਰ ਸਿੰਘ, *ਸੁਖਮਨੀ ਸਾਹਿਬ ਦਾ ਦਾਰਸ਼ਨਿਕ ਆਧਾਰ*, ਪੰ. 221 (ਉਦਰਹਿਤ)

138. ਉਹੀ, ਪੰ. 221

139. ***ਗੁਰੂ ਗ੍ਰੰਥ ਸਾਹਿਬ,*** ਪੰ. 1026

140. ਉਹੀ, ਪੰ. 404

141. ਮੋਨੀਅਰ ਮੋਨੀਅਰ ਵਿਲੀਅਮਜ਼, *ਏ ਸੰਸਕ੍ਰਿਤ ਇੰਗਲਿਸ਼ ਡਿਕਸ਼ਨਰੀ*, ਪੰ. 271 ਉਦਰਹਿਤ

142. ਗਿ. ਪ੍ਰਤਾਪ ਸਿੰਘ,*ਗੁਰਮਤਿ ਫਿਲਾਸਫ਼ੀ*, ਪੰ. 403

143. ਸਰ ਜਾਨ ਡੌਨਸਨ, *ਹਿੰਦੂ ਮਿਥਿਹਾਸ ਕੋਸ਼*, ਪੰ. 173, (ਉਦਰਹਿਤ)

144. ਉਹੀ, ਪੰ. 173

145. ਉਹੀ, ਪੰ. 173

146. ਉਹੀ, ਪੰ. 174

147. ***ਗੀਤਾ*** 3/38 (ਹਿੰਦੀ)

148. ਐਸ. ਕੇ. ਮੈਤਰਾ, ***ਦੀ ਐਥਿਕਸ ਆਫ ਹਿੰਦੂਜ਼,*** ਪੰ. 186

149. ***ਗੁਰੂ ਗ੍ਰੰਥ ਸਾਹਿਬ***, ਪੰ. 932

150. ਉਹੀ, ਪੰ. 1358

151. ਉਹੀ, ਪੰ. 275

152. ਉਹੀ, ਪੰ. 315

153. ***ਗੁਰੂ ਗ੍ਰੰਥ ਸਾਹਿਬ,*** ਪੰ. 1344

154. ਭਾਈ ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼***, ਪੰ. 360 (ਉਦਰਹਿਤ)

155. ਗਿ. ਪ੍ਰਤਾਪ ਸਿੰਘ, ***ਗੁਰਮਤਿ ਫਿਲਾਸਫੀ***, ਪੰ. 379 (ਉਦਰਹਿਤ)

156. ***ਗੀਤਾ*** 3/37

157. ***ਗੁਰੂ ਗ੍ਰੰਥ ਸਾਹਿਬ***, ਪੰ. 352

158. ਉਹੀ ਪੰ. 40

159. ਉਹੀ, ਪੰ. 1358

160. ਉਹੀ, ਪੰ. 50

161. ਉਹੀ, ਪੰ. 431

162. ਉਹੀ, ਪੰ. 931

163. ਉਹੀ, ਪੰ.1225

164. ਉਹੀ, ਪੰ. 559

165. ਉਹੀ, ਪੰ. 953

166. ਗਿ: ਪ੍ਰਤਾਪ ਸਿੰਘ, ***ਗੁਰਮਤਿ ਫਿਲਾਸਫ਼ੀ***, ਪੰ. 382 (ਉਦਰਹਿਤ)

167. ***ਸੁਖਮਨੀ ਸਾਹਿਬ ਦਾ ਦਾਰਸ਼ਨਿਕ ਆਧਾਰ***, ਪੰ. 222

168. ***ਗੁਰੂ ਗ੍ਰੰਥ ਸਾਹਿਬ***, ਪੰ. 967

169. ਉਹੀ, ਪੰ. 1

170. ਉਹੀ, ਪੰ.983

171. ਉਹੀ, ਪੰ. 1417

172. ਉਹੀ, ਪੰ. 1285

173. ਉਹੀ, ਪੰ. 982

174. *ਮਹਾਨ ਕੋਸ਼*, ਪੰ. 255

175. *ਗੁਰੂ ਨਾਨਕ ਨਿਰਗੁਣ ਧਾਰਾ*, ਪੰ. 118

176. *ਗੁਰੂ ਨਾਨਕ ਦੀ ਵਿਚਾਰਧਾਰਾ*, ਪੰ. 255

177. ***Sikhism***, p. 87

178. *ਸੁਖਮਨੀ ਸਾਹਿਬ ਦਾ ਦਾਰਸ਼ਨਿਕ ਆਧਾਰ*, ਪੰ. 200, ਉਦਰਹਿਤ

179. *ਗੀਤਾ* 3/27

180. ਉਮੇਸ਼ ਮਿਸ਼ਰਾ, *ਭਾਰਤੀ ਦਰਸ਼ਨ*, ਪੰ. 287 (ਉਦਰਹਿਤ)

181. *ਗੁਰੂ ਗ੍ਰੰਥ ਸਾਹਿਬ*, ਪੰ. 466

182. ਉਹੀ, ਪੰ. 592

183. ਉਹੀ, ਪੰ. 222

184. ਉਹੀ, ਪੰ. 466

185. ਉਹੀ, ਪੰ. 1111

186. ਉਹੀ, ਪੰ. 123

187. ਉਹੀ, ਪੰ. 271

188. ਉਹੀ, ਪੰ. 269

189. ਉਹੀ, ਪੰ. 225

190. ਉਹੀ, ਪੰ. 489

191. ਉਹੀ, ਪੰ. 224

192. ਉਹੀ, ਪੰ. 224

193. ਉਹੀ, ਪੰ. 224

194. ਉਹੀ, ਪੰ. 225

195. ***ਗੁਰੂ ਗ੍ਰੰਥ ਸਾਹਿਬ,*** ਪੰ. 225

196. ਉਹੀ, ਪੰ. 1390

197. ਉਹੀ, ਪੰ. 225

198. ***ਮਹਾਨ ਕੋਸ਼***, ਪੰ. 719 (ਉਦਰਹਿਤ)

199. ਉਹੀ, ਪੰ. 837

200. S.S. Kohli, ***Outlines of Sikh Thought***, p. 66

201. ***ਗੁਰੂ ਗ੍ਰੰਥ ਸੰਕੇਤ ਕੋਸ਼,*** ਪੰ. 19-20 (ਉਦਰਹਿਤ)

202. ***ਲੋਕ ਤੱਤ ਤੇ ਗੁਰੂ ਨਾਨਕ***, ਪੰ. 110

203. ***ਮਹਾਨ ਕੋਸ਼***, ਪੰ. 418

204. ***ਸੰਤ ਕਾਵਿ ਦਾ ਦਾਰਸ਼ਨਿਕ ਵਿਸ਼ਲੇਸ਼ਣ***, ਪੰ. 78-79

205. ***ਗੁਰੂ ਗ੍ਰੰਥ ਸਾਹਿਬ***, ਪੰ. 906

206. ਉਹੀ, ਪੰ. 230

207. ਉਹੀ, ਪੰ. 335

208. ਉਹੀ, ਪੰ. 462

209. ਉਹੀ, ਪੰ. 941

210. ਉਹੀ, ਪੰ. 938

211. ਉਹੀ, ਪੰ. 1414

212. ਉਹੀ, ਪੰ. 30

213. ਉਹੀ, ਪੰ. 1415

214. ਉਹੀ, ਪੰ. 1418

215. ਉਹੀ, ਪੰ. 1259

216. ***ਗੁਰੂ ਗ੍ਰੰਥ ਸਾਹਿਬ,*** ਪੰ. 20

217. ਉਹੀ, ਪੰ. 77

218. ਉਹੀ, ਪੰ. 936

219. ਉਹੀ, ਪੰ. 591

220. ਉਹੀ, ਪੰ. 1280

221. ***ਮਹਾਨ ਕੋਸ਼,*** ਪੰ. 950

222. ***ਗੁਰੂ ਗ੍ਰੰਥ ਸਾਹਿਬ,*** ਪੰ. 303

223. ਉਹੀ, ਪੰ. 1054

224. ਉਹੀ, ਪੰ. 508

225. ਉਹੀ, ਪੰ. 586

226. ਉਹੀ, ਪੰ. 549

227. ਉਹੀ, ਪੰ. 1265

228. ਉਹੀ, ਪੰ. 109

229. ਉਹੀ, ਪੰ. 143

230. ਉਹੀ, ਪੰ. 420

231. ਉਹੀ, ਪੰ. 364

232. ਉਹੀ, ਪੰ. 753

ਅਧਿਆਇ ਪੰਜਵਾਂ

# ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ-ਬਾਣੀ ਵਿਚਲੇ ਮਿਥਿਹਾਸਕ ਅੰਸ਼ਾਂ ਦਾ ਕਲਾਤਮਕ ਪੱਖ

(1) **ਗੁਰੂ-ਬਾਣੀ ਦੀ ਮਿੱਥ ਸਿਰਜਣ ਪ੍ਰਕਿਰਿਆ ਰਾਹੀਂ ਕਲਾਤਮਕਤਾ**
- (ੳ) ਬ੍ਰਹਮ ਸਬੰਧੀ ਮਿੱਥ ਸਿਰਜਣਾ
- (ਅ) ਬ੍ਰਹਮ ਦੇ ਦਰਬਾਰ ਸਬੰਧੀ ਮਿੱਥ ਸਿਰਜਣਾ
- (ੲ) ਬ੍ਰਹਮ ਦੇ ਸਰੂਪ ਸਬੰਧੀ ਮਿੱਥ ਦੀ ਨਵ-ਸਿਰਜਣਾ
- (ਸ) ਧਾਉਲ ਜਾਂ ਧੌਲ ਧਰਮ ਦੀ ਮਿੱਥ ਦੀ ਨਵ ਸਿਰਜਣਾ

(2) **ਗੁਰੂ-ਬਾਣੀ ਵਿਚ ਪੇਸ਼ ਮਿੱਥ ਕਥਾਵਾਂ ਦੇ ਰੂਪਾਂਤਰਣ ਰਾਹੀਂ ਕਲਾਤਮਕਤਾ**
- (ੳ) ਅਵਤਾਰਾਂ/ਦੇਵੀ-ਦੇਵਤਿਆਂ ਸਬੰਧੀ ਮਿੱਥਾਂ ਦਾ ਰੂਪਾਂਤਰਣ
- (ਅ) ਸ੍ਰਿਸ਼ਟੀ ਕਰਤਾ ਸਬੰਧੀ ਮਿੱਥ ਰੂਪਾਂਤਰਣ
- (ੲ) ਸ੍ਰਿਸ਼ਟੀ ਦੇ ਰਚਨਾ-ਕਾਲ ਸਬੰਧੀ ਮਿੱਥ ਦਾ ਰੂਪਾਂਤਰਣ
- (ਸ) ਸ੍ਰਿਸ਼ਟੀ ਦੀ ਅਨੰਤਤਾ ਸਬੰਧੀ ਮਿੱਥ ਦਾ ਰੂਪਾਂਤਰਣ
- (ਹ) ਚਾਰ ਯੁਗ ਸਬੰਧੀ ਮਿੱਥ ਦਾ ਰੂਪਾਂਤਰਣ
- (ਕ) ਨਰਕ ਨਾਲ ਸਬੰਧਿਤ ਮਿੱਥ ਦਾ ਰੂਪਾਂਤਰਣ
- (ਖ) ਸਵਰਗ/ਨਰਕ ਦੀ ਮਿੱਥ ਦਾ ਰੂਪਾਂਤਰਣ
- (ਗ) ਰਾਵਣ/ਰਾਮ ਦੀ ਮਿੱਥ ਦਾ ਰੂਪਾਂਤਰਣ
- (ਘ) ਧੌਲ ਧਰਮ ਦੀ ਮਿੱਥ ਦਾ ਰੂਪਾਂਤਰਣ
- (ਙ) ਕ੍ਰਿਸ਼ਨ ਗੋਪੀਆਂ ਸਬੰਧੀ ਮਿੱਥ ਦਾ ਰੂਪਾਂਤਰਣ
- (ਚ) ਆਰਤੀ ਦਾ ਰੂਪਾਂਤਰਣ
- (ਛ) ਜਮਰਾਜ ਅਤੇ ਧਰਮਰਾਜ ਸਬੰਧੀ ਮਿੱਥ ਦਾ ਰੂਪਾਂਤਰਣ
- (ਜ) ਸਮੁੰਦਰ ਮੰਥਨ ਦਾ ਮਿੱਥ ਰੂਪਾਂਪਰਣ

(3) **ਗੁਰੂ-ਬਾਣੀ ਵਿਚ ਪੇਸ਼ ਮਿੱਥ ਕਥਾਵਾਂ ਦੇ ਪਰਿਰੂਪਣ ਰਾਹੀਂ ਕਲਾਤਮਕਤਾ**
- (ੳ) ਸ਼ਬਦ ਦੀ ਪੱਧਰ ਤੇ ਪਰਿਰੂਪਣ
- (ਅ) ਵਾਕ ਦੀ ਪੱਧਰ ਤੇ ਪਰਿਰੂਪਣ
- (ੲ) ਬਿਰਤਾਂਤ ਦੀ ਪੱਧਰ ਤੇ ਪਰਿਰੂਪਣ

(4) **ਗੁਰੂ-ਬਾਣੀ ਦੀ ਮਿੱਥ ਵਿਸਥਾਪਨ ਰਾਹੀਂ ਕਲਾਤਮਕਤਾ**

(5) ਗੁਰੂ-ਬਾਣੀ ਦੀ ਮਿਥਿਹਾਸਕ ਭਾਸ਼ਾਈ ਜੁਗਤਾਂ ਰਾਹੀਂ ਕਲਾਤਮਕਤਾ
   (ੳ) ਮਿੱਥ ਤੇ ਭਾਸ਼ਾ
   (ਅ) ਮਿੱਥ ਦੀ ਸ਼ਬਦ ਦੀ ਪੱਧਰ ਤੇ ਪੇਸ਼ਕਾਰੀ ਰਾਹੀਂ ਕਲਾਤਮਕਤਾ
   (ੲ) ਮਿੱਥ ਦੀ ਵਾਕ ਦੀ ਪੱਧਰ ਤੇ ਪੇਸ਼ਕਾਰੀ ਰਾਹੀਂ ਕਲਾਤਮਕਤਾ
   (ਸ) ਮਿੱਥਕ ਸ਼ਬਦਾਵਲੀ ਦੀ ਪੱਧਰ ਤੇ ਪੇਸ਼ਕਾਰੀ ਰਾਹੀਂ ਕਲਾਤਮਕਤਾ

(6) ਗੁਰੂ-ਬਾਣੀ ਦੀ ਮਿਥਿਹਾਸਕ ਪ੍ਰਤੀਕ ਰਾਹੀਂ ਕਲਾਤਮਕਤਾ
   (ੳ) ਮਿੱਥ ਤੇ ਪ੍ਰਤੀਕ
   (ਅ) ਗੁਰੂ-ਬਾਣੀ ਵਿਚ ਪ੍ਰਤੀਕ

(7) ਗੁਰੂ-ਬਾਣੀ ਦੀ ਮਿੱਥਕ ਬਿੰਬਾਂ ਰਾਹੀਂ ਕਲਾਤਮਕਤਾ
   (ੳ) ਮਿੱਥ ਤੇ ਬਿੰਬ
   (ਅ) ਬ੍ਰਹਮਾ ਦੇ ਸਰਗੁਣ ਸਰੂਪ
   (ੲ) ਸ੍ਰਿਸ਼ਟੀ ਦੀ ਪੂਰਬਵਾਦੀ ਅਵਸਥਾ ਸਬੰਧੀ ਮਿੱਥਕ ਬਿੰਬ
   (ਸ) ਆਰਤੀ ਦਾ ਮਿੱਥਕ ਬਿੰਬ
   (ਹ) ਬ੍ਰਹਮ ਦੇ ਦਰਬਾਰ ਦਾ ਮਿੱਥਕ ਬਿੰਬ
   (ਕ) ਰਥ ਤੇ ਰਥਵਾਨ ਦਾ ਮਿੱਥਕ ਬਿੰਬ
   (ਖ) ਮਿੱਥਕ ਪਾਤਰਾਂ ਦਾ ਬਿੰਬ

(8) ਗੁਰੂ-ਬਾਣੀ ਦੀ ਮਿੱਥਕ ਦ੍ਰਿਸ਼ਟਾਂਤ ਰਾਹੀਂ ਕਲਾਤਮਕਤਾ

(9) ਸਿੱਖ ਗੁਰੂ-ਬਾਣੀ ਪੇਸ਼ ਮਿੱਥ ਕਥਾਵਾਂ ਦੀ ਸੰਚਾਰ ਜੁਗਤ ਵਜੋਂ ਕਲਾਤਮਕਤਾ
   (ੳ) ਸੰਚਾਰ ਦੇ ਪ੍ਰਗਟਾਅ ਮਾਧਿਅਮ
      (i) ਭਾਸ਼ਾਈ ਪ੍ਰਗਟਾਅ ਮਾਧਿਅਮ
      (ii) ਗੈਰ ਭਾਸ਼ਾਈ ਪ੍ਰਗਟਾਅ ਮਾਧਿਅਮ
   (ਅ) ਭਾਸ਼ਾਈ ਪ੍ਰਗਟਾਅ ਮਾਧਿਅਮ
      (i) ਭਾਸ਼ਾ ਦੇ ਮਾਧਿਅਮ
      (ii) ਸਾਹਿਤਕ ਮਾਧਿਅਮ
      (iii) ਲੋਕਧਾਰਕ ਮਾਧਿਅਮ
   (ੲ) ਗੈਰ ਭਾਸ਼ਾਈ ਮਾਧਿਅਮ

# ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਗੁਰੂ-ਬਾਣੀ ਵਿਚਲੇ ਮਿਥਿਹਾਸਕ ਅੰਸ਼ਾਂ ਦਾ ਕਲਾਤਮਕ ਪੱਖ

ਕਲਾਤਮਕਤਾ ਕਿਸੇ ਵੀ ਰਚਨਾ ਦਾ ਵਿਸ਼ੇਸ਼ ਗੁਣ ਹੁੰਦਾ ਹੈ। ਅਸਲੀ ਸਾਹਿਤਕਾਰ ਉਹ ਹੀ ਹੁੰਦਾ ਹੈ ਜੋ ਚੰਗੇ ਜੌਹਰੀ ਦੀ ਤ੍ਰਾਂ ਠੀਕ ਜਗ੍ਹਾ ਪ੍ਰਤੀਕ, ਬਿੰਬ, ਅਲੰਕਾਰ, ਦ੍ਰਿਸ਼ਟਾਂਤ ਆਦਿ ਆਪਣੀ ਰਚਨਾ ਵਿਚ ਜੜਦਾ ਹੈ। ਇਸ ਤੋਂ ਇਲਾਵਾ ਸਾਹਿਤਕਾਰ ਅਜਿਹੀ ਸ਼ਬਦਾਵਲੀ ਦੀ ਵਰਤੋਂ ਕਰਦਾ ਹੈ ਜੋ ਲੋਕ ਮਨ ਨੂੰ ਭਾਉਂਦੀ ਹੈ ਅਤੇ ਲੋਕਾਂ ਵਿਚ ਪ੍ਰਚੱਲਿਤ ਹੁੰਦੀ ਹੈ। ਸ਼ਬਦਾਵਲੀ ਦੇ ਨਾਲ ਨਾਲ ਸੁਚੱਜਾ ਸਾਹਿਤ ਕਾਰਜ ਲੋਕ ਮਨ ਵਿਚ ਵਸ ਚੁੱਕੀਆਂ ਮਿੱਥ ਕਥਾਵਾਂ ਕਹਾਣੀਆਂ ਦੀ ਵਰਤੋਂ ਆਪਣੇ ਸੰਦੇਸ਼ ਸੰਚਾਰ ਲਈ ਕਰਦਾ ਹੈ।

ਜਿਥੋਂ ਤੱਕ ਸਾਡੇ ਇਸ ਅਧਿਆਇ ਦਾ ਸਬੰਧ ਹੈ ਇਸ ਵਿਚ ਅਸੀਂ ਉਨ੍ਹਾਂ ਮਿਥਿਹਾਸਕ ਅੰਸ਼ਾਂ ਨੂੰ ਪੇਸ਼ ਕਰ ਰਹੇ ਹਾਂ ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਬੜੀ ਕਲਾਤਮਕਤਾ ਨਾਲ ਆਪਣੀ ਬਾਣੀ ਵਿਚ ਪੇਸ਼ ਕੀਤਾ ਹੈ। ਗੁਰੂ-ਬਾਣੀ ਵਿਚ ਜੋ ਵੀ ਮਿੱਥਕ ਹਵਾਲੇ ਤੇ ਸੰਕੇਤ ਪੇਸ਼ ਹੋਏ ਹਨ ਉਨ੍ਹਾਂ ਦੀ ਪੇਸ਼ਕਾਰੀ ਅਜਿਹੀ ਕਲਾਤਮਕਤਾ ਨਾਲ ਕੀਤੀ ਗਈ ਹੈ ਕਿ ਪਾਠਕ ਸਹਿਜੇ ਹੀ ਇਕ ਸ਼ਬਦ ਜਾਂ ਤੁਕ ਨਾਲ ਸਮੁੱਚੀ ਮਿੱਥ ਕਥਾ ਬਾਰੇ ਜਾਣ ਜਾਂਦਾ ਹੈ। ਗੁਰੂ ਸਾਹਿਬ ਨੇ ਇਸ ਤੋਂ ਇਲਾਵਾ ਮਿੱਥਕ-ਬਿੰਬਾਂ, ਪ੍ਰਤੀਕਾਂ, ਚਿੰਨ੍ਹਾਂ, ਦ੍ਰਿਸ਼ਟਾਂਤਾਂ ਨੂੰ ਅਜਿਹੀ ਕਲਾਤਮਕਤਾ ਨਾਲ ਪੇਸ਼ ਕੀਤਾ ਹੈ ਕਿ ਪਾਠਕ ਦੇ ਸਨਮੁਖ ਸਮੁੱਚੀ ਮਿੱਥ ਦੀ ਤਸਵੀਰ ਉਘੜ ਕੇ ਸਾਹਮਣੇ ਆ ਜਾਂਦੀ ਹੈ।

ਉਪਰੋਕਤ ਤੋਂ ਇਲਾਵਾ ਗੁਰੂ ਸਾਹਿਬ ਨੇ ਸੁਚੱਜੀ ਕਲਾਤਮਕਤਾ ਦਿਖਾਉਂਦੇ ਹੋਏ ਮਿੱਥਾਂ ਦਾ ਕੇਵਲ ਰੂਪਾਂਤਰਣ ਤੇ ਪਰਿਰੂਪਣ ਹੀ ਨਹੀਂ ਕੀਤਾ ਸਗੋਂ ਮਿੱਥ ਦੀ ਨਵ-ਸਿਰਜਣਾ, ਪੁਨਰ-ਸਿਰਜਣਾ, ਮਿੱਥ ਵਿਸਥਾਪਣ ਤੇ ਮਿਥੀਕਰਣ ਵੀ ਕੀਤਾ ਹੈ। ਗੁਰੂ-ਬਾਣੀ ਦੀ ਕਲਾਤਮਕਤਾ ਬਾਰੇ ਡਾ. ਸਤਿੰਦਰ ਸਿੰਘ ਲਿਖਦੇ ਹਨ:

*ਗੁਰਬਾਣੀ ਦੀ ਕਲਾਤਮਕਤਾ ਤੇ ਰੂਪ ਰਚਨਾ ਦਾ ਮਾਡਲ ਪਰਵਰਤੀ ਲੇਖਕਾਂ ਲਈ ਚਾਨਰ ਮੁਨਾਰੇ ਦਾ ਕੰਮ ਕਰ ਰਿਹਾ ਹੈ ਅਤੇ ਕਰਦਾ ਰਹੇਗਾ। ਇਸ ਪ੍ਰਭਾਵ ਨੂੰ ਥੋੜ੍ਹੀ ਜਾਂ ਬਹੁਤੀ ਦੂਰੀ ਤਕ ਉਹੀ ਦੇਖ ਸਕਦਾ ਹੈ ਜੋ ਇਸ ਨੂੰ ਆਰੰਭ ਤੇ ਅਖੀਰ ਤਕ ਸਮੇਂ ਤੇ ਵਕਫੇ ਵਿਚ ਫੈਲਾ ਕੇ ਨੇੜਿਓਂ ਦੇਖਣ ਦੀ ਯੋਗਤਾ ਰੱਖਦਾ ਹੈ।'*

## ਗੁਰੂ-ਬਾਣੀ ਦੀ ਮਿੱਥ ਸਿਰਜਣ-ਪ੍ਰਕ੍ਰਿਆ ਰਾਹੀਂ ਕਲਾਤਮਕਤਾ

ਮਿੱਥ ਸਿਰਜਣ ਪ੍ਰਕ੍ਰਿਆ ਆਦਿ ਕਾਲ ਤੋਂ ਆਰੰਭ ਹੋਈ ਹੈ। ਆਦਿ ਕਾਲ ਤੋਂ ਮਨੁੱਖ ਆਪਣੇ ਚੌਗਿਰਦੇ ਨੂੰ ਸਮਝਣ ਤੇ ਸਮਝਾਉਣ ਵਿਚ ਲੱਗਾ ਰਿਹਾ ਹੈ। ਉਹ ਜਦੋਂ ਵੀ ਕੁਦਰਤ ਦੇ ਅਜੀਬ ਤੇ ਰਹੱਸਮਈ ਕਰਿਸ਼ਮੇ ਦੇਖਦਾ ਤਾਂ ਉਸ ਦੇ ਮਨ ਵਿਚ ਕਈ ਤਰ੍ਹਾਂ ਦੇ ਪ੍ਰਸ਼ਨ ਉਤਪੰਨ ਹੁੰਦੇ। ਉਸ ਦਾ ਬ੍ਰਹਿਮੰਡ ਵਿਚਲੇ ਰਹੱਸਾਂ ਦਾ ਪਤਾ ਲਾਉਣਾ ਅਤੇ ਉਸ ਨਾਲ ਸਬੰਧਿਤ ਸ਼ਕਤੀ ਬਾਰੇ ਜਾਨਣਾ ਮੁੱਖ ਮਨੋਰਥ ਸੀ। ਉਹ ਜਦੋਂ ਵੀ ਕੁਦਰਤ ਦੇ ਅਜੀਬ ਤੇ ਰਹੱਸਮਈ ਕਰਿਸ਼ਮੇ ਜਿਵੇਂ ਹਨ, ਸੋਕਾ, ਭੁਚਾਲ, ਹਨੇਰੀ ਆਦਿ ਨੂੰ ਵੇਖਦਾ ਤੇ ਆਪਣੇ ਪਿੰਡੇ ਤੇ ਹੰਡਾਉਂਦਾ ਤਾਂ ਉਸ ਨੂੰ ਕਿਸੇ ਨਾ ਕਿਸੇ ਸ਼ਕਤੀ ਦਾ ਅਹਿਸਾਸ ਹੁੰਦਾ। ਉਸ ਨੇ ਇਸ ਸ਼ਕਤੀ ਨੂੰ ਕਈ ਨਾਮ ਦਿੱਤੇ ਜੋ ਬਾਅਦ ਵਿਚ ਦੇਵੀ-ਦੇਵਤਿਆਂ/ਅਵਤਾਰਾਂ ਦੇ ਰੂਪ ਵਿਚ ਜਾਣੇ ਜਾਣ ਲੱਗੇ। ਮਨੁੱਖ ਨੇ ਇਨ੍ਹਾਂ ਨੂੰ ਸ੍ਰਿਸ਼ਟੀ ਤੇ ਜੀਵ ਦਾ ਕਰਤਾ, ਧਰਤਾ, ਹਰਤਾ ਮੰਨ ਲਿਆ ਅਤੇ ਇਨ੍ਹਾਂ ਨਾਲ ਸੰਬੰਧਿਤ ਕਈ ਪ੍ਰਕਾਰ ਦੀਆਂ ਮਿੱਥਾਂ ਘੜ ਲਈਆਂ।

ਉਪਰੋਕਤ ਤੋਂ ਇਲਾਵਾ ਹੋਰ ਵੀ ਮਿੱਥ ਕਥਾਵਾਂ ਦੀ ਸਿਰਜਣਾ ਹੋਈ ਜਿਵੇਂ ਪੁਰਾਣਾਂ ਵਿਚ ਬ੍ਰਹਿਮੰਡ ਸਿਰਜਣਾ ਦਾ ਮੂਲ ਅੰਡੇ ਵਿਚੋਂ ਹੋਇਆ ਮੰਨਿਆ ਗਿਆ, ਸ੍ਰਿਸ਼ਟੀ ਦਾ ਆਧਾਰ ਆਦਿ ਪੁਰਸ਼ (Primal Man) ਨੂੰ ਮੰਨਿਆ ਗਿਆ ਜਿਸ ਦੇ ਸਰੀਰ ਦੇ ਵੱਖ-ਵੱਖ ਅੰਗਾਂ ਤੋਂ ਜੀਵ, ਬਨਸਪਤੀ ਆਦਿ ਉਤਪੰਨ ਹੋਏ ਕਲਪੇ ਗਏ। ਇਸ ਤਰ੍ਹਾਂ ਚੰਦਰਮਾ ਨੂੰ 'ਸਮੁੰਦਰ ਮੰਥਨ' ਸਮੇਂ ਨਿਕਲੀ ਇਕ ਵਸਤੂ ਮੰਨਿਆ ਗਿਆ ਅਤੇ ਇਸ ਦੇ ਵਧਣ ਘਟਣ ਬਾਰੇ ਰਾਹੂ ਕੇਤੂ ਦੀ ਮਿੱਥ ਨੂੰ

ਜੋੜ ਲਿਆ ਗਿਆ। ਅਜਿਹੀਆਂ ਕਈ ਪ੍ਰਕਾਰ ਮਿੱਥਾਂ ਦੀ ਸਿਰਜਣਾ ਹੋਈ ਜੋ ਪੌਰਾਣਿਕ ਤੇ ਵੈਦਿਕ ਸਾਹਿਤ ਵਿਚ ਮਿਲਦੀਆਂ ਹਨ।

ਇਸ ਤਰ੍ਹਾਂ ਮਿੱਥ ਦੀ ਸਿਰਜਣ ਪ੍ਰਕਿਰਿਆ ਮਨੁੱਖ ਦੀ ਰਹੱਸਮਈ ਅਨੁਭਵ ਦਾ ਨਤੀਜਾ ਸੀ। ਸੀ.ਸੀ. ਯੁਗ ਇਸ ਬਾਬਤ ਲਿਖਦੇ ਹਨ:

*ਆਦਿ ਮਨੁੱਖ ਸ੍ਰਿਸ਼ਟੀ ਦੇ ਦ੍ਰਿਸ਼ਟਮਾਨ ਅਧਿਐਨ ਨਾਲੋਂ ਸ੍ਰਿਸ਼ਟੀ ਦੇ ਅਨੁਭਵ ਨੂੰ ਅੰਤਰੀਵ ਤੇ ਰਹੱਸ ਰਾਹੀਂ ਪ੍ਰਯੁਕਤ ਕਰਦੇ ਸਨ।*[2]

ਅਰਨਸਟ ਕੈਜੀਰਰ ਲਿਖਦੇ ਹਨ ਕਿ ਲੋਕਾਂ ਦਾ ਅਜਿਹਾ ਰਹੱਸਮਈ ਅਨੁਭਵ ਜਦੋਂ ਪ੍ਰਗਟਾਵੇ ਲਈ ਆਪਹੁਦਰਾ ਹੁੰਦਾ ਹੈ ਤਾਂ ਮਿੱਥ ਸਿਰਜਣਾ ਦਾ ਕਾਰਣ ਬਣਦਾ ਹੈ।[3] ਡਾ. ਵਣਜਾਰਾ ਬੇਦੀ ਅਨੁਸਾਰ ਮਿੱਥ ਵਿਚ ਬ੍ਰਹਿਮੰਡ, ਪ੍ਰਕਿਰਤੀ ਅਤੇ ਪ੍ਰਾਣੀ ਜਗਤ ਦੇ ਰਹੱਸਾਂ ਨੂੰ ਕਲਪਨਾ ਦੀ ਪੱਧਰ ਉਪਰ ਸਮਝਣਾ ਵਿਚਾਰਨ ਦੀ ਚੇਸ਼ਟਾ ਕੀਤੀ ਜਾਂਦੀ ਹੈ।[4] ਇਸ ਤਰ੍ਹਾਂ ਮਿੱਥ ਸਿਰਜਣਾ ਦਾ ਆਧਾਰ ਪਹਿਲਾਂ ਅਨੁਭਵ ਹੈ, ਫਿਰ ਕਲਪਨਾ ਦੀ ਸਿਰਜਣ ਪ੍ਰਕ੍ਰਿਆ ਤੇ ਆਖਰ ਵਿਚ ਉਸ ਦਾ ਪ੍ਰਗਟਾਵਾ ਹੈ। ਇਸ ਅਧਾਰ ਤੇ ਮਨੁੱਖ ਆਪਣੇ ਅਨੁਭਵ ਤੇ ਕਲਪਨਾ ਨਾਲ ਮਿੱਥ ਸਿਰਜਣਾ ਕਰਦਾ ਹੈ।

ਮਿੱਥ ਸਿਰਜਣਾ ਉਪਰੰਤ ਮਿੱਥ ਕਥਾਵਾਂ ਕਈ ਪ੍ਰਕਾਰ ਦੇ ਰੂਪ ਪਰਿਵਰਤਨ ਕਰਦੀਆਂ ਰਹੀਆਂ ਹਨ। ਕਈ ਮਿੱਥਾਂ ਦੀ ਕਈ ਕਈ ਵਾਰ ਪੁਨਰ ਸਿਰਜਣਾ ਹੋਈ ਹੈ। ਇਸ ਸਬੰਧੀ ਗੌਤਮ-ਅਹੱਲਿਆ ਦੀ ਮਿੱਥ ਕਥਾ ਉਦਾਹਰਣ ਦੇ ਤੌਰ ਤੇ ਵੇਖੀ ਜਾ ਸਕਦੀ ਹੈ। ਪੁਰਾਣਾਂ ਵਿਚ ਵਰਨਣ ਹੈ ਕਿ ਇੰਦਰ ਛਲ ਕਰਕੇ ਅਹੱਲਿਆ ਦਾ ਵਿਭਚਾਰ ਕੀਤਾ ਪਰ ਰਮਾਇਣ ਦੇ ਪਹਿਲੇ ਕਾਂਡ ਦੇ 47ਵੇਂ ਅਤੇ 48ਵੇਂ ਅਧਿਆਇ ਵਿਚ ਇਸ ਮਿੱਥ ਕਥਾ ਦਾ ਰੂਪ ਪਰਿਵਰਤਨ ਹੋਇਆ ਹੈ। ਇਸ ਵਿਚ ਇਹ ਵਰਨਣ ਹੈ ਕਿ ਅਹੱਲਿਆ ਦਾ ਵਿਭਚਾਰ ਨਹੀਂ ਹੋਇਆ। ਉਹ ਖੁਦ ਇੰਦਰ ਨੂੰ ਚਾਹੁੰਦੀ ਸੀ। ਇਸੇ ਪ੍ਰਕਾਰ ਹੋਰ ਮਿੱਥ ਕਥਾਵਾਂ ਦਾ ਰੂਪ ਪਰਿਵਰਤਨ ਜਾਂ ਰੂਪਾਂਤਰਣ ਹੋਇਆ ਹੈ।

ਗੁਰੂ-ਬਾਣੀ ਦੀ ਸਿਰਜਣ ਪ੍ਰਕ੍ਰਿਆ ਵਿਲੱਖਣ ਤਰ੍ਹਾਂ ਦੀ ਹੈ। ਇਸ ਵਿਚ ਜਿਥੇ ਮਿੱਥ ਸਿਰਜਣਾ ਹੋਈ ਹੈ, ਉਥੇ ਨਾਲ ਹੀ ਮਿੱਥ ਦੀ ਨਵ-ਸਿਰਜਣਾ, 'ਰੂਪਾਂਤਰਣ', 'ਪਰਿਰੂਪਣ', 'ਵਿਸਥਾਪਨ', 'ਮਿਥੀਕਣ' ਵੀ ਮਿਲਦਾ ਹੈ। ਇਸ ਤੋਂ ਇਲਾਵਾ ਮਿੱਥਾਂ ਨੂੰ ਸੰਕੇਤਾਂ, ਦ੍ਰਿਸ਼ਟਾਂਤਾਂ, ਚਿੰਨਾਂ, ਪ੍ਰਤੀਕਾਂ, ਬਿੰਬਾਂ ਦੇ ਤੌਰ ਤੇ ਵਰਤ ਕੇ ਅਰਥ ਸਿਰਜੇ ਹਨ। ਇਸ ਤੋਂ ਇਲਾਵਾ ਮਿੱਥਾਂ ਨੂੰ ਸੰਦੇਸ਼ ਸੰਚਾਰ ਦੇ ਤੌਰ ਤੇ ਵਰਤ ਕੇ ਸੁਚੱਜੀ ਕਲਾਤਮਕਤਾ ਦੀ ਪੇਸ਼ਕਾਰੀ ਕੀਤੀ ਗਈ ਹੈ।

**(ੳ) ਬ੍ਰਹਮ ਸਬੰਧੀ ਮਿੱਥ ਸਿਰਜਣਾ:**

ਆਦਿ ਕਾਲ ਤੋਂ ਹੀ ਮਨੁੱਖ ਨੇ ਉਪਾਸਨਾ ਲਈ ਕਿਸੇ ਨਾ ਕਿਸੇ ਰੂਪ ਵਿਚ ਪਰਮ ਸੱਤਾ ਦੀ ਕਲਪਨਾ ਕਰਨੀ ਆਰੰਭ ਕਰ ਦਿੱਤੀ। ਇਹ ਕਲਪਨਾ ਸਮੇਂ ਸਮੇਂ ਤੇ ਵਿਕਾਸ ਕਰਦੀ ਰਹੀ। ਇਸ ਪਰਮ ਸੱਤਾ ਨਾਲ ਸਬੰਧਿਤ ਕਈ ਮਿੱਥ ਕਥਾਵਾਂ ਰਚੀਆਂ ਗਈਆਂ ਅਤੇ ਕਈ ਤਰ੍ਹਾਂ ਦੇ ਅਧਿਆਤਮਕ ਤੇ ਦਾਰਸ਼ਨਿਕ ਵਿਚਾਰ ਪੇਸ਼ ਕੀਤੇ ਗਏ। ਵੇਦਾਂ, ਉਪਨਿਸ਼ਦਾਂ, ਬੁਧ, ਜੈਨ, ਨਿਆਇ, ਵੈਸ਼ਸ਼ਿਕ, ਅੱਖ, ਯੋਗ, ਵੇਦਾਂਤ ਆਦਿ ਨਾਲ ਸਬੰਧਿਤ ਸੰਤਾਂ, ਭਗਤਾਂ ਵਿਦਵਾਨਾਂ ਨੇ ਬ੍ਰਹਮ ਸਬੰਧੀ ਕਈ ਪ੍ਰਕਾਰ ਦੇ ਵਿਚਾਰ ਪ੍ਰਗਟ ਕੀਤੇ (ਜਿਨ੍ਹਾਂ ਦਾ ਵਰਨਣ ਪਹਿਲਾਂ ਤੀਸਰੇ ਅਧਿਆਇ) ਵਿਚ ਦਿੱਤਾ ਜਾ ਚੁੱਕਾ ਹੈ)। ਮੱਧਕਾਲ ਤੱਕ ਸਥਿਤੀ ਇਥੋਂ ਤੱਕ ਪਹੁੰਚ ਗਈ ਕਿ ਮਨੁੱਖ ਇਸ ਦੁਚਿੱਤੀ ਵਿਚ ਪੈ ਗਿਆ ਕਿ ਉਹ ਕਿਸ ਦੀ ਪੂਜਾ ਕਰੇ, ਕਿਉਂਕਿ ਉਸ ਸਮੇਂ ਤੱਕ ਵੈਸ਼ਨਵ, ਸੈਣ ਮਤ ਅਤੇ ਹੋਰ ਮੱਤਾਂ ਦੇ ਪੈਰੋਕਾਰ ਆਪਣੇ ਆਪਣੇ ਇਸਟ ਨੂੰ ਦੇਣਾਂ ਸਰਵਉਤਮ ਦਰਸਾਅ ਰਹੇ ਸਨ। ਉਹ ਆਪਣੇ ਆਪਣੇ ਇਸ਼ਟ ਦੇਵ ਨਾਲ ਸਬੰਧਿਤ ਕਈ ਪ੍ਰਕਾਰ ਦੀਆਂ ਮਿੱਥਾਂ ਜੋੜ ਰਹੇ ਸਨ ਤਾਂ ਕਿ ਉਹ ਆਪਣੇ ਦੇਵੀ-ਦੇਵਤੇ/ਅਵਤਾਰ ਨੂੰ ਸਰਵਉੱਤਮ ਦਰਸਾਅ ਸਕਣ।

ਗੁਰੂ-ਬਾਣੀ ਨੇ ਬ੍ਰਹਮ ਸਬੰਧੀ ਪਏ ਭਰਮ ਭੁਲੇਖੇ ਨੂੰ ਦੂਰ ਕਰਨ ਲਈ ਨਵੀਂ ਵਿਚਾਰਧਾਰਾ ਦੀ ਪੇਸ਼ਕਾਰੀ ਕੀਤੀ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬ੍ਰਹਮ ਪ੍ਰਤੀ ਪਏ ਝਮੇਲੇ ਨੂੰ ਦੂਰ ਕੀਤਾ ਅਤੇ ਬ੍ਰਹਮ ਪ੍ਰਤੀ ਨਵਾਂ ਸੰਕਲਪ ਪ੍ਰਚੱਲਿਤ ਕੀਤਾ। ਗੁਰੂ ਸਾਹਿਬ ਨੇ

ਅਵਤਾਰਵਾਦ, ਈਸ਼ਰਵਾਦ ਦਾ ਡਟ ਕੇ ਖੰਡਨ ਕੀਤਾ ਅਤੇ ਇਕ ਬ੍ਰਹਮ ਦੀ ਪੂਜਾ ਕਰਨ ਉੱਪਰ ਜ਼ੋਰ ਦਿੱਤਾ।

ਗੁਰੂ ਸਾਹਿਬ ਨੇ ਮੂਲ ਮੰਤਰ ਵਿਚ ਇਕ ਬ੍ਰਹਮ ਦੇ ਨਿਵੇਕਲੇ ਸਰੂਪ ਦੀ ਪੇਸ਼ਕਾਰੀ ਕੀਤੀ ਹੈ। ਉਨ੍ਹਾਂ ਨੇ ਮੂਲ ਮੰਤਰ ਵਿਚ ਹੀ ਉਸਦੇ ਸਮੁੱਚੇ ਗੁਣਾਂ ਨੂੰ ਚਿਤਰ ਦਿੱਤਾ ਹੈ। ਆਪ ਲਿਖਦੇ ਹਨ ਕਿ ਬ੍ਰਹਮ ਆਪ ਹੀ ਰਸਨਾ, ਬਸਨਾ ਹੈ, ਦੂਜਾ ਹੋਰ ਕੋਈ ਨਹੀਂ ਹੈ। ਬਹਮ ਇਕੋ ਹੈ, ਕੇਵਲ ਇਕੋ ਹੀ ਹੈ।

ਸਾਹਿਬ ਮੇਰਾ ਏਕੋ ਹੈ।[5]

ਏਕੋ ਲੇਵੈ ਏਕੋ ਦੇਵੈ ਅਵਰੁ ਨ ਦੂਜਾ ਮੈ ਸੁਣਿਆ।[6]

ਗੁਰੂ ਸਾਹਿਬ ਅਨੁਸਾਰ ਬ੍ਰਹਮ ਅਜੂਨ. ਤੇ ਅਜਨਮਾ ਹੈ ਅਤੇ ਉਹ ਜਨਮ ਮਰਨ ਅਤੇ ਕਾਲ ਦੇ ਚੱਕਰ ਤੋਂ ਬਾਹਰ ਹੈ:

ਤੂ ਅਕਾਲ ਪੁਰਖ ਨਾਹੀ ਸਿਰਿ ਕਾਲਾ। ਤੂੰ ਪੁਰਖੁ ਅਲੇਪ ਅੰਗਮ ਨਿਰਾਲਾ।[7]

ਜਨਮਿ ਨਾ ਮਰੈ ਨ ਆਵੈ ਨ ਜਾਇ। ਨਾਨਕ ਕਾ ਪ੍ਰਭੁ ਰਹਿਓ ਸਮਾਇ।[8]

ਗੁਰੂ ਸਾਹਿਬ ਨੇ ਅਵਤਾਰ/ਦੇਵੀ-ਦੇਵਤਿਆਂ ਨੂੰ ਉਸ ਬ੍ਰਹਮ ਦੇ ਅਧੀਨ ਦਿਖਾਇਆ ਹੈ ਅਤੇ ਉਸ ਦੀ ਸੇਵਾ ਵਿਚ ਹਾਜ਼ਰ ਨਾਜਰ ਦੱਸਿਆ ਹੈ। ਆਪ ਫੁਰਮਾਉਂਦੇ ਹਨ ਕਿ ਬ੍ਰਹਮਾ ਬਿਸ਼ਨ ਮਹੇਸ਼ ਸਭ ਉਸ ਦੇ ਬ੍ਰਹਮ ਦੇ ਹੁਕਮ ਅਨੁਸਾਰ ਕੰਮ ਕਰਦੇ ਹਨ।

ਬ੍ਰਹਮਾ ਬਿਸ਼ਨੁ ਮਹੇਸੁ ਉਪਾਇਅਨੁ ਹੁਕਮਿ ਕਮਾਵਨਿ ਕਾਗ।[9]

ਇਸ ਤਰ੍ਹਾਂ ਗੁਰੂ ਸਾਹਿਬ ਨੇ ਬ੍ਰਹਮ ਦੇ ਸੰਕਲਪ ਦੀ ਨਵ ਮਿੱਥ ਸਿਰਜਣਾ ਕਰਕੇ ਬ੍ਰਹਮ ਪ੍ਰਤੀ ਪਏ ਭਰਮ ਭੁਲੇਖੇ ਨੂੰ ਦੂਰ ਕੀਤਾ ਹੈ ਅਤੇ ਅਵਤਾਰ/ਦੇਵੀ-ਦੇਤਿਆਂ ਪ੍ਰਤੀ ਪਏ ਅੰਧ ਵਿਸ਼ਵਾਸ ਨੂੰ ਤੋੜਿਆ ਹੈ। ਉਨ੍ਹਾਂ ਨੇ ਇਸ ਰਾਹੀਂ ਬ੍ਰਹਮ ਨੂੰ ਤੇ ਸਰਵਉੱਚ, ਸਰਵਸ਼ਕਤੀਮਾਨ ਦਰਸਾਅ ਕੇ ਆਪਣੇ ਸੰਦੇਸ਼ ਦਾ ਸੰਚਾਰ ਕਰਦੇ ਹੋਏ ਨਿਰਗੁਣ ਬ੍ਰਹਮ ਦੀ ਭਗਤੀ ਕਰਨ ਲਈ ਪਰੇਰਿਆ ਹੈ।

(ਅ) ਬ੍ਰਹਮ ਦੇ ਦਰਬਾਰ ਸਬੰਧੀ ਮਿੱਥ ਸਿਰਜਣਾ :

ਹਿੰਦੂ ਮਿਥਿਹਾਸ ਵਿਚ ਦੇਵੀ-ਦੇਵਤੇ/ਅਵਤਾਰਾਂ ਦੇ ਵਚਿੱਤਰ ਸ਼ਾਹੀ ਦਰਬਾਰਾਂ ਦੀ ਪੇਸ਼ਕਾਰੀ ਮਿਲਦੀ ਹੈ। ਪਰ ਸਭ ਤੋਂ ਵਧੀਆ ਦੇ ਸਰਵਸ੍ਰੇਸ਼ਟ ਦਰਬਾਰ ਦੀ ਪੇਸ਼ਕਾਰੀ ਇੰਦਰ ਦੇ ਦਰਬਾਰ ਦੀ ਹਿੰਦੂ ਮਿਥਿਹਾਸ ਵਿਚ ਮਿਲਦੀ ਹੈ। ਇੰਦਰ ਦਾ ਦਰਬਾਰ ਇੰਦਰਪੁਰੀ ਵਿਚ ਸਥਿਤ ਹੈ। ਜਿਥੇ ਕਈ ਪ੍ਰਕਾਰ ਦੀ 'ਰਾਣੀਆਂ', 'ਅਪਸਰਾਂ', 'ਦਰਬਾਰੀ', 'ਨੌਕਰਚਾਕਰ', 'ਸੰਗੀਤਕਾਰ', 'ਸ਼ਸਤਰਧਾਰੀ ਵਿਦਮਾਨ ਹਨ। ਇੰਦਰ ਸੋਮਰਸ ਪੀ ਕੇ ਅਪਸਰਾ ਨਚਾਉਂਦਾ ਹੈ।[10]

ਉਪਰਕੋਤ ਦਰਬਾਰ ਦੀ ਤਰ੍ਹਾਂ ਗੁਰੂ-ਬਾਣੀ ਵਿਚ ਬ੍ਰਹਮ ਦੇ ਰੱਬੀ ਦਰਬਾਰ ਦੀ ਵਚਿੱਤਰ ਪੇਸ਼ਕਾਰੀ ਸੋਦਰ ਦੀ ਪਾਉੜੀ ਵਿਚ ਮਿਲਦੀ ਹੈ। ਗੁਰੂ ਸਾਹਿਬ ਨੇ ਅਜਿਹਾ ਵਿਸ਼ਾਲ ਦਰਬਾਰ ਪੇਸ਼ ਕੀਤਾ ਹੈ, ਜੋ ਸੰਸਾਰੀ ਦਰਬਾਰਾਂ ਤੋਂ ਵਿਲੱਖਣ ਹੈ। ਇਹ ਦਰਬਾਰ ਏਨਾ ਵਿਸ਼ਾਲ ਹੈ ਕਿ ਸ੍ਰਿਸ਼ਟੀ ਦਾ ਕੋਈ ਵੀ ਭਾਗ ਇਸ ਸ਼ਾਹੀ ਦਰਬਾਰ ਤੋਂ ਬਾਹਰ ਨਹੀਂ ਰਹਿ ਜਾਂਦਾ। ਇਸ ਦਰਬਾਰ ਦੀ ਸੰਸਾਰੀ ਦਰਬਾਰਾਂ ਦੀ ਤਰ੍ਹਾਂ ਕੋਈ ਸੀਮਾ ਨਹੀਂ। ਇਸ ਦਰਬਾਰ ਵਿਚ ਅਜਿਹੀ ਸਮੱਗਰੀ ਜੜ੍ਹੀ ਹੋਈ ਹੈ ਜੋ ਅੱਖਾਂ ਨੂੰ ਚੁੰਧਿਆਉਣ ਵਾਲੀ ਅਤੇ ਕੰਨਾਂ ਨੂੰ ਮਸਤਾਉਣ ਵਾਲੀ ਹੈ। ਉਸਦੇ ਵੱਡੇ ਦਰਬਾਰ ਵਿਚ ਵੱਡਾ ਤਖਤ ਹੈ ਜਿਸ ਉਪਰ ਛੱਤਰ ਲੱਗਾ ਹੋਇਆ ਹੈ, ਪਿਛੇ ਚੱਕਰ ਚਲ ਰਿਹਾ ਹੈ ਤੇ ਦਰਬਾਰੀ ਚੌਰ ਕਰ ਰਹੇ ਹਨ।

ਵੱਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ।[11]

ਇਸ ਦਰਬਾਰ ਦਾ ਵਿਸਥਾਰ ਸਹਿਤ ਵਰਨਣ ਸੋਦਰ ਦੀ ਪਉੜੀ ਵਿਚ ਵੇਖਿਆ ਜਾ ਸਕਦਾ ਹੈ। ਸੋਦਰ ਦੀਆਂ ਸਤਰਾਂ ਵਿਚ ਦਰਬਾਰੀਆਂ, ਸੰਗੀਤਕਾਰਾਂ, ਗਵਈਆਂ, ਪਰੀਆਂ, ਦੇਵਤਿਆਂ, ਅਵਤਾਰਾਂ, ਸਿੱਧਾਂ, ਜਤੀ, ਸਤੀ, ਵੀਰ ਯੋਧੇ, ਪੰਡਤ, ਮੋਹਣੀਆਂ (ਭਾਵ ਅਪਸਰਾਂ) ਆਦਿ ਦਾ ਵਰਨਣ ਹੈ ਜੋ ਇਸ ਪ੍ਰਕਾਰ ਹੈ:

ਸੋ ਦਰ ਤੇਰਾ ਕੇਹਾ ਸੋ ਘਰ ਕੇਹਾ।ਜਿਤੁ ਬਹਿ ਸਰਬ ਸਮਾਲੇ

..........................

............................

ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤ ਨ ਆਵਨਿ।

ਨਾਨਕੁ ਕਿਆ ਬੀਚਾਰੇ।[12]

ਸੋਦਰ ਦੀ ਇਸ ਪਾਉੜੀ ਵਿਚ ਵਿਭਿੰਨ ਪਾਤਰਾਂ ਦੀ ਪੇਸ਼ਕਾਰੀ ਕੀਤੀ ਗਈ ਹੈ ਜੋਂ ਉਸ ਬ੍ਰਹਮ ਦੇ ਦਰਬਾਰ ਵਿਚ ਸੇਂਵਾ ਨਿਭਾਅ ਰਹੇ ਹਨ। ਇਨ੍ਹਾਂ ਵਿਚ ਅਜਿਹੇ ਪਾਤਰ ਹਨ ਜੋ ਉੱਚ ਪਦਵੀਆਂ ਪ੍ਰਾਪਤ ਦੇਵੀ-ਦੇਵਤੇ ਅਵਤਾਰ ਹਨ। ਇਹ ਸਾਰੇ ਉਸ ਦੇ ਦਰਬਾਰ ਵਿਚ ਸਿਰ ਝੁਕਾਈ ਖੜ੍ਹੇ ਹਨ।

ਇਸ ਤਰ੍ਹਾਂ ਗੁਰੂ ਸਾਹਿਬ ਉਸ ਸ਼ਾਹੀ ਦਰਬਾਰ ਦੇ ਨਿਆਂ ਦਾ ਵਰਨਣ ਕਰਦੇ ਫੁਰਮਾਉਂਦੇ ਹਨ ਕਿ ਉਸ ਦੇ ਦਰਬਾਰ ਦਾ ਨਿਆਂ ਸੱਚਾ ਹੈ। ਉਹ ਕਾਨੂੰਨ ਦੀ ਕਸੌਟੀ ਨੂੰ ਮੁੱਖ ਰੱਖਦਾ ਹੈ। ਉਹ ਸਭ ਦੇਵੀ-ਦੇਵਤੇ/ਅਵਤਾਰਾਂ ਜੀਵਾਂ ਨੂੰ ਕਸੌਟੀ ਤੇ ਪਰਖ ਕੇ ਨਿਆਂ ਦਿੰਦਾ ਹੈ। ਮਨੁੱਖ, ਜਿਹੋ ਜਿਹੇ ਕਰਮ ਕਰਦਾ ਹੈ ਬ੍ਰਹਮ ਉਸੇ ਅਨੁਸਾਰ ਉਸ ਨੂੰ ਸਜਾ ਦਿੰਦਾ ਹੈ। ਇਸ ਤਰ੍ਹਾਂ ਉਸ ਦਾ ਦਰਬਾਰ ਸੱਚਾ ਹੈ ਤੇ ਉਹ ਆਪ ਵੀ ਸੱਚਾ ਹੈ।

ਕਰਮੀ ਕਰਮੀ ਹੋਇ ਵਿਚਾਰ। ਸਚਾ ਆਪ ਸਚਾ ਦਰਬਾਰੁ।[13]

ਗੁਰੂ ਸਾਹਿਬ ਲਿਖਦੇ ਹਨ ਕਿ ਉਸ ਦੇ ਦਰਬਾਰ ਦਾ ਹੁਕਮ ਸ਼ਹਿਨਸਾਹਾਂ ਦੀ ਤਰ੍ਹਾਂ ਅਟੱਲ ਹੈ ਜਿਸ ਦੀ ਪਾਲਣਾ ਕਰਨੀ ਅਤੀ ਜ਼ਰੂਰੀ ਹੈ। ਜਿਵੇਂ ਉਹ ਆਪ ਅਟੱਲ ਹੈ ਉਸੇ ਤਰ੍ਹਾਂ ਉਸਦਾ ਹੁਕਮ ਵੀ ਅਟੱਲ ਹੈ।

ਹੁਕਮੈ ਅੰਦਰਿ ਸਭੁ ਕੋ। ਬਾਹਿਰ ਹੁਕਮ ਨ ਕੋਇ।

ਨਾਨਕ ਹੁਕਮੈ ਜੇ ਬੁਝੈ। ਤ ਹਉਮੈ ਕਹੈ ਨਾ ਕੋਇ।[14]

ਇਸ ਤਰ੍ਹਾਂ ਗੁਰੂ ਸਾਹਿਬ ਨੇ ਵਿਚਿਤਰ ਦਰਬਾਰ ਦੀ ਪੇਸ਼ਕਾਰੀ ਕਰਕੇ ਗੁਰੂ ਸਾਹਿਬ ਨੇ ਬ੍ਰਹਮ ਦੀ ਸਰਵਉੱਚਤਾ ਨੂੰ ਉਜਾਗਰ ਕੀਤਾ ਹੈ ਅਤੇ ਅਜਿਹਾ ਦਰਬਾਰ ਦਿਖਾਇਆ ਹੈ ਜੋ ਮੱਧਕਾਲ ਦੇ ਤੇ ਆਧੁਨਿਕ ਕਾਲ ਦੇ ਦਰਬਾਰਾਂ ਤੋਂ ਸਰਵਉੱਤਮ ਹੈ। ਇਹ ਅਜਿਹਾ ਦਰਬਾਰ ਹੈ

ਜਿਥੇ ਕੇਵਲ ਮਨੁੱਖ ਹੀ ਨਹੀਂ ਸਗੋਂ ਦੇਵੀ-ਦੇਵਤਿਆਂ/ਅਵਤਾਰ ਵੀ ਹੱਥ ਜੋੜ ਖੜ੍ਹੇ ਹਨ ਅਤੇ ਉਸ ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ ਦੇ ਹੁਕਮ ਦੀ ਪਾਲਣਾ ਕਰ ਰਹੇ ਹਨ ਅਤੇ ਸੇਵਾ ਨਿਭਾ ਰਹੇ ਹਨ। ਡਾ. ਰਾਮ ਸਿੰਘ ਇਸ ਸ਼ਾਹੀ ਦਰਬਾਰ ਬਾਰੇ ਲਿਖਦੇ ਹਨ:

> *ਗੁਰੂ ਸਾਹਿਬ ਨੇ ਇਲਾਹੀ ਦਰਬਾਰ ਨੂੰ ਲੋਕਾਂ ਦੀਆਂ ਜਾਣੀਆਂ ਪਛਾਣੀਆਂ ਇੰਦਰ ਸਭਾਵਾਂ ਤੋਂ ਬਹੁਤ ਵਿਸ਼ਾਲ ਤੇ ਮਹਾਨ ਦਰਸਾਉਣ ਲਈ ਇੰਦਰ ਤੇ ਹੋਰ ਅਨੇਕ ਦੇਵਤੇ ਉਸ ਦੇ ਭਾਗ ਬਣਾ ਦਿੱਤੇ ਹਨ ਤੇ ਲੋਕ ਕਲਪਨਾ ਨੂੰ ਹਲੂਣਾ ਦਿੱਤਾ ਹੈ।*[15]

ਇਸ ਤਰ੍ਹਾਂ ਗੁਰੂ ਸਾਹਿਬ ਨੇ ਜੋ ਸਾਹੀ ਦਰਬਾਰ ਦੀ ਜੋ ਮਿੱਥਕ ਤਸਵੀਰ ਪੇਸ਼ ਕੀਤੀ ਹੈ, ਉਸ ਰਾਹੀਂ ਗੁਰੂ ਸਾਹਿਬ ਨੇ ਇਹ ਦਰਸਾਇਆ ਹੈ ਕਿ ਦੁਨਿਆਵੀ ਦਰਬਾਰ ਸਭ ਝੂਠੇ ਹਨ, ਨਾਸ਼ਵਾਨ ਹਨ ਉਹ ਦਮਨਕਾਰੀ ਹਨ ਅਤੇ ਲੋਕਾਂ ਤੋਂ ਕੋਹਾਂ ਦੂਰ ਹਨ। ਆਮ ਗਰੀਬ ਲੋਕ ਉਸ ਦੇ ਦਰਬਾਰ ਵਿਚ ਹਾਜ਼ਰ ਨਹੀਂ ਹੋ ਸਕਦੇ। ਗੁਰੂ ਸਾਹਿਬ ਨੇ ਲੋਕ ਮਨ ਦਾ ਡਰ ਦੂਰ ਕਰਨ ਲਈ ਰੱਬੀ ਦਰਬਾਰ ਦੀ ਜੋ ਤਸਵੀਰ ਪੇਸ਼ ਕੀਤੀ ਹੈ ਉਸ ਵਿਚ ਆਮ ਗਰੀਬ ਲੋਕ ਅਤੇ ਨਾਮਲੇਵਾ ਨਾਲ ਸੰਬੰਧਿਤ ਕੋਈ ਵੀ ਜੀਵ ਸ਼ਾਮਲ ਹੋ ਸਕਦਾ ਹੈ। ਬ੍ਰਹਮ ਦਾ ਰੱਬੀ ਦਰਬਾਰ ਸਥਿਰ ਤੇ ਸਦਾ ਰਹਿਣ ਵਾਲਾ ਹੈ ਕਿਉਂਕਿ ਬ੍ਰਹਮ ਜੋ ਸਹਿਨਸਾਹਾਂ ਦਾ ਸ਼ਹਿਨਸ਼ਾਹ ਹੈ ਆਪ ਸਦਾ ਸਥਿਰ ਰਹਿਣ ਵਾਲਾ ਹੈ। ਉਸ ਦੇ ਹੁਕਮ ਅਧੀਨ ਸਭ ਬ੍ਰਹਿਮੰਡ ਹਨ। ਸਭ ਮਨੁੱਖ, ਦੇਵਤੇ ਅਵਤਾਰ, ਜੀਵ ਜੰਤੂ ਉਸ ਦੇ ਹੁਕਮ ਵਿਚ ਅਤੇ ਉਸ ਦੇ ਤਖਤ ਨੂੰ ਸਲਾਮਾਂ ਕਰਦੇ ਹਨ। ਭਾਵ ਉਹ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਸਰਵਉੱਤਮ ਹੈ।

### (ੲ) ਬ੍ਰਹਮ ਦੇ ਸਰੂਪ ਸਬੰਧੀ ਮਿੱਥ ਦੀ ਨਵ-ਸਿਰਜਣਾ:

ਆਦਿ ਕਾਲ ਤੋਂ ਬ੍ਰਹਮ ਦੇ ਸਰੂਪ ਦਾ ਵੱਖ-ਵੱਖ ਮੱਤਾਂ ਵਿਦਵਾਨਾਂ .ਵਲੋਂ ਚਿਤਰਣ ਕੀਤਾ ਗਿਆ ਹੈ। ਵੇਦਾਂ, ਉਪਨਿਸ਼ਦਾਂ ਵਿਚ ਬ੍ਰਹਮ ਦਾ ਸਰੂਪ ਦਾ ਚਿਤਰਨ ਵੱਖ-ਵੱਖ ਤਰ੍ਹਾਂ ਨਾਲ ਕੀਤਾ ਗਿਆ ਹੈ (ਇਸ ਬਾਰੇ ਵਿਸਥਾਰ ਸਹਿਤ ਵਰਨਣ ਤੀਸਰੇ ਅਧਿਅਇ ਕੀਤਾ ਜਾ

ਚੁੱਕਾ ਹੈ)। ਪਰ ਭਗਵਤ ਗੀਤਾ ਵਿਚ ਬ੍ਰਹਮ ਦਾ ਜੋ ਵਿਰਾਟ ਸਰੂਪ ਪੇਸ਼ ਹੋਇਆ ਹੈ ਉਹ ਵੱਖਰੀ ਪ੍ਰਕਾਰ ਦਾ ਹੈ। ਭਗਵਤ ਗੀਤਾ ਵਿਚਲੇ ਬ੍ਰਹਮ ਦਾ ਸਰੂਪ ਅਨੇਕ-ਬਾਹਵਾ, ਮੁਖਾਂ, ਪੇਟਾਂ, ਨੇਤਰਾਂ ਵਾਲਾ ਹੈ।[16]

ਗੁਰੂ-ਬਾਣੀ ਵਿਚ ਭਾਵੇਂ ਨਿਰਗੁਣ ਬ੍ਰਹਮ ਦੀ ਭਗਤੀ ਉਪਰ ਜ਼ੋਰ ਦਿੱਤਾ ਗਿਆ ਪਰ ਫਿਰ ਵੀ ਗੁਰੂ-ਬਾਣੀ ਵਿਚ ਬ੍ਰਹਮ ਦੀ ਸਰਗੁਣ ਸਰੂਪ ਦੀ ਪੇਸ਼ਕਾਰੀ ਹੋਈ ਹੈ। ਸਰਗੁਣ ਸਰੂਪ ਦਾ ਚਿਤਰਣ ਉਨ੍ਹਾਂ ਵੀ ਇਸ ਤਰ੍ਹਾਂ ਕੀਤਾ ਹੈ।

ਤੇਰੇ ਬੰਕੇ ਲੋਇਣ ਦੰਤ ਰੀਸਾਲਾ।
ਸੋਹਣੇ ਨਕ ਜਿਨ ਲੰਮੜੇ ਵਾਲਾ।
ਕੰਚਨ ਕਾਇਆ ਸੁਇਨੇ ਕੀ ਢਾਲਾ
ਸੋਵੰਨ ਢਾਲਾ ਕ੍ਰਿਸਨ ਮਾਲਾ ਜਪਹੁ ਤੁਸੀ ਸਹੇਲੀਹੋ।[16]

ਅਚੁਤ ਪਾਰਬ੍ਰਹਮ ਪਰਮੇਸਰੁ ਅੰਤਰਜਾਮੀ। ਮਧੁਸੂਦਨ ਦਾਮੋਦਰ ਸੁਆਮੀ

.....................................................................

ਬਾਵਨ ਰੂਪੁ ਦੀਆ ਤੁਧੁ ਕਰਤੇ ਸਭ ਹੈ ਸੇਤੀ ਹੋ ਚੰਗਾ॥

.....................................................................

ਸਹਸ ਨੇਤ੍ਰ ਮੂਰਤਿ ਹੈ ਸਹਸਾ ਇਕੁ ਦਾਤਾ ਸਭ ਹੈ ਮੰਗਾ॥

.....................................................................

ਬਨਮਾਲਾ ਬਿਭੂਖਨ ਕਮਲ ਨੈਨ॥ ਸੁੰਦਰ ਕੁੰਡਲ ਮੁਕਟ ਬੈਨ॥

.....................................................................

.....................................................................

ਕਹੁ ਨਾਨਕ ਭਗਤ ਪਏ ਸਰਣਾਈ ਦੇਹੁ ਦਰਸ਼ਨ ਮਨਿ ਰੰਗ ਲਗਾ।[17]

ਉਪਰੋਕਤ ਸਤਰਾਂ ਵਿਚ ਭਾਵੇਂ ਪੌਰਾਣਿਕ ਦੇਵੀ-ਦੇਵਤਿਆਂ ਦਾ ਵਰਨਣ ਆਇਆ ਹੈ ਪਰ ਇਨ੍ਹਾਂ ਪਾਤਰਾਂ ਨੂੰ ਬ੍ਰਹਮ ਦੇ ਸਾਕਰਾਤਮਕ ਪੱਖ ਤੋਂ ਗੁਰੂ ਸਾਹਿਬ ਨੇ ਬ੍ਰਹਮ ਦੇ ਸਰੂਪ ਦੀ ਪੇਸ਼ਕਾਰੀ ਕਰਨ ਲਈ ਇਨ੍ਹਾਂ ਪਾਤਰਾਂ ਦਾ ਵਰਨਣ ਇਸ ਕਰਕੇ ਕੀਤਾ ਹੈ ਤਾਂ ਕਿ ਲੋਕ ਮਨ ਨੂੰ ਆਕਰਸ਼ਿਤ ਕੀਤਾ ਜਾ ਸਕੇ। ਅਸਲ ਵਿਚ ਗੁਰੂ ਸਾਹਿਬ ਉਸ ਬ੍ਰਹਮ ਦਾ ਸਰਗੁਣ ਸਰੂਪ ਪੇਸ਼ ਕਰਕੇ ਲੋਕ ਮਨ ਦਾ ਧਿਆਨ ਉਸ ਅਕਾਲ ਪੁਰਖ ਵੱਲ ਲਗਾਉਣਾ ਚਾਹੁੰਦੇ ਹਨ ਤਾਂ ਕਿ ਮਨੁੱਖ ਅਵਤਾਰਾਂ ਦੇਵੀ-ਦੇਵਤਿਆਂ ਦੀ ਪੂਜਾ ਛੱਡ ਉਸ ਬ੍ਰਹਮ ਦੇ ਸਰੂਪ ਪ੍ਰਤੀ ਆਕਰਸ਼ਿਤ ਹੋ ਸਕੇ। ਗੁਰੂ ਸਾਹਿਬ ਬ੍ਰਹਮ ਲਈ ਮੱਧਕਾਲ ਸਮੇਂ ਪ੍ਰਚੱਲਿਤ ਕ੍ਰਿਸ਼ਨ ਨਾਮ ਵਰਤਦੇ ਹੋਏ ਫੁਰਮਾਉਂਦੇ ਹਨ:

ਆਪੇ ਗੋਪੀ ਆਪੇ ਕਾਨਾ ਆਪੇ ਗਊ, ਚਰਾਵੈ ਬਾਨਾ

ਆਪਿ ਉਪਾਏ ਆਪਿ ਖਪਾਵਹਿ ਤੁਧੁ ਲੇਪ ਨਹੀ ਦਿਵਾ ਇਕੁ ਤਿਲੁ ਲਗਾ।[18]

ਗੁਰੂ ਸਾਹਿਬ ਨੇ ਬ੍ਰਹਮ ਦੇ ਮਾਰੂ ਮ. ੫ ਸਰੂਪ ਦੀ ਨਵ-ਸਿਰਜਣਾ ਇਸ ਕਰਕੇ ਕੀਤੀ ਹੈ ਤਾਂ ਕਿ ਮਨੁੱਖੀ ਮਨ ਨੂੰ ਬ੍ਰਹਮ ਪ੍ਰਤੀ ਆਕਰਸ਼ਿਤ ਕੀਤਾ ਜਾ ਸਕੇ। ਅਜਿਹਾ ਇਸ ਕਰਕੇ ਕੀਤਾ ਗਿਆ ਹੈ, ਕਿਉਂਕਿ ਜਦੋਂ ਤੱਕ ਪਤੀ ਪਰਮਾਤਮਾ ਦਾ ਸੁੰਦਰ ਸਰੂਪ ਮਨੁੱਖੀ ਇੰਦਰੀਆਂ ਨੂੰ ਨਹੀਂ ਮੋਂਹਦਾ ਉਦੋਂ ਤੱਕ ਉਸ ਨਾਲ ਪ੍ਰੀਤ ਨਹੀਂ ਪੈਂਦੀ। ਇਸ ਲਈ ਗੁਰੂ ਸਾਹਿਬ ਨੇ ਨਵੀਂ ਤਕਨੀਕ ਵਰਤਦੇ ਹੋਏ ਲੋਕ ਮਨ ਨੂੰ ਦੇਵੀ ਦੇਵਤਿਆਂ/ਅਵਤਾਰਾਂ ਵਲੋਂ ਮੋੜ ਕੇ ਇਕ ਬ੍ਰਹਮ ਦੀ ਪ੍ਰਭੂ ਭਗਤੀ ਪ੍ਰਤੀ ਪਰੇਰਿਤ ਕੀਤਾ ਹੈ।

### (ਸ) ਧਉਲ ਜਾਂ ਧੌਲ ਧਰਮ ਦੀ ਮਿੱਥ ਦੀ ਨਵ ਸਿਰਜਣਾ :

ਹਿੰਦੂ ਮਿਥਿਹਾਸ ਵਿਚ ਇਹ ਮਿੱਥ ਪ੍ਰਚੱਲਿਤ ਹੈ ਕਿ ਧਰਤੀ ਬਲਦ ਦੇ ਸਿੰਘਾਂ ਤੇ ਖੜ੍ਹੀ ਹੈ ਅਤੇ ਜਦੋਂ ਬਲਦ ਆਪਣੇ ਸਿੰਗ ਬਦਲਦਾ ਹੈ ਤਾਂ ਭੁਚਾਲ ਆਉਂਦਾ ਹੈ। ਗੁਰੂ ਸਾਹਿਬ ਨੇ ਇਸ ਮਿੱਥ ਦੀ ਨਵ ਸਿਰਜਣਾ ਕੀਤੀ ਹੈ। ਗੁਰੂ ਸਾਹਿਬ ਇਸ ਬਾਰੇ ਵਰਨਣ ਇਸ ਤਰ੍ਹਾਂ ਕਰਦੇ ਹਨ:

ਆਪੇ ਧਰਤੀ ਧਉਲ ਅਕਾਸੰ॥

ਆਪੇ ਸਾਚੇ ਗੁਣ ਪਰਗਾਸੰ॥

ਜਤੀ ਸਤੀ ਸੰਤੋਖੀ ਆਪੇ

ਆਪੇ ਕਾਰ ਕਮਾਈ ਹੈ।[19]

ਇਸ ਸ਼ਬਦ ਰਾਹੀਂ ਗੁਰੂ ਸਾਹਿਬ ਨੇ ਉਪਰੋਕਤ ਮਿੱਥ ਨੂੰ ਨਵੇਂ ਅਰਥ ਪ੍ਰਦਾਨ ਕੀਤੇ ਹਨ। ਆਪ ਅਨੁਸਾਰ ਬ੍ਰਹਮ ਆਪ ਹੀ ਧਰਤੀ ਹੈ ਅਤੇ ਧਰਤੀ ਜਿਸ ਆਸਰੇ ਖੜ੍ਹੀ ਹੈ, ਉਹ ਬਲਦ ਵੀ ਬ੍ਰਹਮ ਆਪ ਹੀ ਹੈ। ਇਸ ਤੋਂ ਇਲਾਵਾ ਇਨ੍ਹਾਂ ਉਪਰ ਜੋ ਆਕਾਸ਼ ਹੈ ਉਹ ਵੀ ਬ੍ਰਹਮ ਆਪ ਹੀ ਹੈ। ਉਹ ਜਤੀ/ਸਤੀ ਵੀ ਆਪ ਹੀ ਹੈ ਅਤੇ ਜੋ ਵੀ ਕਾਰਜ ਹੋ ਰਿਹਾ ਹੈ ਉਹ ਆਪ ਹੀ ਕਰ ਰਿਹਾ ਹੈ।

ਇਸ ਤਰ੍ਹਾਂ ਇਸ ਨਵੀਂ ਮਿੱਥ ਰਾਹੀਂ ਗੁਰੂ ਸਾਹਿਬ ਨੇ ਬ੍ਰਹਮ ਦੀ ਵਿਸ਼ਾਲਤਾ ਨੂੰ ਦਰਸਾਇਆ ਹੈ। ਉਨ੍ਹਾਂ ਨੇ ਉਸ ਨੂੰ ਸਰਵਸ੍ਰੇਸ਼ਟ ਦਰਸਾਉਂਦੇ ਹੋਏ ਬ੍ਰਹਿਮੰਡ ਦੀ ਹਰ ਚੀਜ ਦਾ ਕਰਤਾ ਧਰਤਾ ਹਰਤਾ ਦਰਸਾਇਆ ਹੈ। ਗੁਰੂ ਸਾਹਿਬ ਅਨੁਸਾਰ ਧਰਤੀ, ਧਉਲ, ਅਕਾਸ਼ ਵਿਚ ਜੋ ਵੀ ਤਬਦੀਲੀ ਆਉਂਦੀ ਹੈ ਉਹ ਉਸ ਦੇ ਹੁਕਮ ਸਦਕਾ ਹੈ। ਇਸ ਤਰ੍ਹਾਂ ਗੁਰੂ ਸਾਹਿਬ ਨੇ ਪੁਰਾਤਨ ਧਉਲ ਧਰਮ ਦੀ ਮਿੱਥ ਨੂੰ ਤੋੜ ਕੇ ਨਵੇਂ ਅਰਥ ਪ੍ਰਦਾਨ ਕਰਕੇ ਮਿੱਥ ਦੀ ਨਵ ਸਿਰਜਣਾ ਕੀਤੀ ਹੈ।

## ਗੁਰੂ-ਬਾਣੀ ਵਿਚ ਪੇਸ਼ ਮਿੱਥ ਕਥਾਵਾਂ ਦੇ ਰੂਪਾਂਤਰਣ ਰਾਹੀਂ ਕਲਾਤਮਕਤਾ

ਰੂਪਾਂਤਰਣ ਅੰਗਰੇਜ਼ੀ ਪਦ ਟ੍ਰਾਂਸਫਾਰਮੇਸ਼ਨ (Transformation) ਦਾ ਪੰਜਾਬੀ ਪਰਿਆਇ ਹੈ ਜਿਸ ਦਾ ਅਰਥ ਹੈ: 'ਬਦਲਿਆ ਹੋਇਆ ਰੂਪ', ਸ਼ਕਲ ਵਿਚ ਤਬਦੀਲੀ ਦੀ ਪ੍ਰਕ੍ਰਿਆ', ਪਰਿਵਰਤਨ।[20]

ਮਿੱਥ ਰੂਪਾਂਤਰਣ ਸਮਾਜਿਕ, ਧਾਰਮਕ, ਸਭਿਆਚਾਰਕ ਪਰਿਵਰਤਨ ਸਦਕਾ ਪੀੜ੍ਹੀ ਦਰ ਪੀੜ੍ਹੀ ਹੁੰਦਾ ਹੈ। ਮਿੱਥ ਕਥਾਵਾਂ ਦਾ ਰੂਪਾਂਤਰਣ ਮੌਖਿਕ ਤੇ ਲਿਖਤੀ ਦੋਹਾਂ ਪੱਧਰਾਂ ਤੇ ਹੁੰਦਾ ਹੈ। ਇਸ ਰੂਪਾਂਤਰਣ ਵਿਚੋਂ ਕਈ ਨਵੀਆਂ ਮਿੱਥਾਂ ਦੀ ਸਿਰਜਣਾ ਹੁੰਦੀ ਹੈ। ਸਾਹਿਤਕਾਰ ਆਪਣੇ ਸਮਕਾਲੀ ਸਮਾਜ ਵਿਚ ਪਏ ਪੂਰਵ ਮਿਥਿਹਾਸਕ, ਸਾਹਿਤਕ, ਸਭਿਆਚਾਰਕ ਗਿਆਨ ਨੂੰ ਹਾਸਲ ਕਰਦਾ ਹੈ ਅਤੇ ਆਪਣੀ ਸਿਰਜਣਾ ਦਾ ਆਧਾਰ ਬਣਾਉਂਦਾ ਹੈ। ਉਹ ਅਜਿਹੇ ਗਿਆਨ ਤੇ

ਅਨੁਭਵ ਰਾਹੀਂ ਸਮਾਜ ਵਿਚ ਪ੍ਰਚੱਲਿਤ ਮਿੱਥ ਕਥਾਵਾਂ ਨੂੰ ਆਪਣੀ ਰਚਨਾ ਦਾ ਆਧਾਰ ਬਣਾਉਂਦਾ ਹੈ ਜਾਂ ਆਪਣੇ ਬੌਧਿਕ ਤੇ ਭਾਸ਼ਾਈ ਪ੍ਰਗਟਾਅ ਰਾਹੀਂ ਉਨ੍ਹਾਂ ਨੂੰ ਅਸਿੱਧੇ ਰੂਪ ਵਿਚ ਰੂਪਾਂਤਰਿਤ ਕਰਕੇ ਆਪਣੀ ਰਚਨਾ ਵਿਚ ਸ਼ਾਮਲ ਕਰਦਾ ਹੈ। ਲੈਵੀ ਸਤ੍ਰਾਉਸ ਨੇ ਇਸੇ ਕਰਕੇ ਕਿਹਾ ਹੈ ਕਿ:

ਮਿੱਥ ਬਾਕੀ ਮਿੱਥਾਂ ਦਾ ਰੂਪਾਂਤਰਣ ਹੈ। ਪਹਿਲਾਂ ਇਹ ਰੂਪਾਂਤਰਣ ਜਿਨਸੀ-ਰੂਪਾਂਤਰਣ (Gentetic Transformation) ਸਰੂਪ ਵਿਚ ਹੁੰਦਾ ਹੈ। ਜਿਸ ਵਿਚ ਵਕਤਾ ਪ੍ਰਾਚੀਨ ਬਿਰਤਾਂਤ ਨੂੰ ਉਚਾਰਦਾ ਹੈ। ਪਹਿਲੀਆਂ ਸੁਣੀਆਂ ਮਿੱਥਾਂ ਨੂੰ ਦੁਹਰਾਉਂਦਾ ਹੋਇਆ ਸਹਿਮਣ ਕੁਝ ਅੰਤਰ ਕਰ ਜਾਂਦਾ ਹੈ। ਦੂਸਰੇ ਸਰੂਪ ਵਿਚ ਰੂਪਾਂਤਰਣ ਦਾ ਪੱਧਰ ਬੌਧਿਕ ਹੁੰਦਾ ਹੈ ਕਿਉਂਕਿ ਇਸ ਵਿਚ ਲਗਾਤਾਰ ਤਬਦੀਲੀਆਂ ਕੀਤੀਆਂ ਜਾਂਦੀਆਂ ਹਨ ਜਿਵੇਂ ਸਹਿਰੂਪੀ ਉਲਟਾਪਨ।[21]

ਸਾਹਿਤਕਾਰਾਂ ਦੀ ਤਰ੍ਹਾਂ ਸਿੱਖ ਗੁਰੂ ਸਾਹਿਬਾਨ ਨੇ ਵੀ ਆਪਣੇ ਸਮਕਾਲੀਨ ਸਮਾਜ ਵਿਚ ਪਈ ਮਿਥਿਹਾਸਕ, ਸਾਹਿਤਕ ਤੇ ਸਭਿਆਚਾਰ, ਸਮੱਗਰੀ ਨੂੰ ਆਪਣੀ ਰਚਨਾ ਦਾ ਆਧਾਰ ਬਣਾਇਆ ਅਤੇ ਮਿੱਥ ਕਥਾਵਾਂ ਦੀ ਵਰਤੋਂ ਰੂਪਾਂਤਰਣ ਵਿਧੀ ਰਾਹੀਂ ਕੀਤੀ ਹੈ।

'ਰੂਪਾਂਤਰਣ' ਵਿਧੀ ਦੀ ਵਰਤੋਂ ਕਰਦੇ ਹੋਏ ਗੁਰੂ ਸਾਹਿਬਾਨ ਮਿਥਿਹਾਸਕ ਸਮੱਗਰੀ ਦਾ ਰੂਪਾਂਤਰਣ ਪ੍ਰਤੱਖਾਰਥ-ਪਰਮਾਰਥ ਜੁਗਤ ਵਜੋਂ ਕਰਦੇ ਹਨ ਅਰਥਾਤ ਉਹ ਮਿਥਿਹਾਸਕ ਸਮੱਗਰੀ ਨੂੰ ਰੂਪਾਂਤਰਣ ਲਈ ਇਹ-ਲੌਕਿਕਤਾ ਨੂੰ ਅਗਰਭੂਮੀ ਵਿਚ ਅਤੇ ਪਾਰਲੌਕਿਕਤਾ ਨੂੰ ਪਿੱਠਭੂਮੀ ਵਿਚ ਕਾਰਜਸ਼ੀਲ ਰਖਦੇ ਹਨ। ਡਾ. ਗੁਰਚਰਨ ਸਿੰਘ ਵਿਚ ਲਿਖਦੇ ਹਨ:

*ਗੁਰਬਾਣੀ ਦੇ ਕੇਂਦਰ ਵਿਚ ਰਹੱਸਵਾਦੀ ਤਥਾ ਅਧਿਆਤਮਵਾਦੀ ਦ੍ਰਿਸ਼ਟੀ ਹੈ, ਜਿਸ ਨੂੰ ਵਿਦਵਾਨਾਂ ਨੇ ਆਪਣੀ ਵਿਆਖਿਆ ਦਾ ਵਿਸਥਾਰ ਕਰਦਿਆਂ ਪਾਰਲੌਕਿਕ ਕਿਹਾ ਹੈ। ਇਸ ਦਾ ਸਪੱਸ਼ਟ ਅਰਥ ਇਹ ਹੈ ਕਿ ਗੁਰਬਾਣੀ ਲੌਕਿਕਤਾ ਤੋਂ ਪਾਰ ਜਾਣ ਵਾਲੀ ਪਰਪਾਟੀ ਹੈ।*

*..... ਪਾਰ ਦੀ ਗਲ ਕਰਨ ਤੋਂ ਪਹਿਲਾਂ, ਉਮਰ ਅਨਿਵਾਰੀ ਹੈ ਅਤੇ ਇਸ ਪ੍ਰਸੰਗ ਵਿਚ ਗੁਰਬਾਣੀ ਦਾ ਉਰਾਰ ਲੌਕਿਕਤਾ ਹੈ।*[22]

ਗੁਰੂ-ਬਾਣੀ ਵਿਚ ਮਿਥਿਹਾਸਕ ਸਮੱਗਰੀ ਦੇ ਰੂਪਾਂਤਰਣ ਲਈ ਇਹਲੌਕਿਕਤਾ ਨੂੰ ਅਗਰਭੂਮੀ ਵਿਚ ਅਤੇ ਪਾਰਲੌਕਿਕਤਾ ਨੂੰ ਪਿੱਠਭੂਮੀ ਵਿਚ ਰੱਖਣ ਵਾਲੀ ਜਗੁਤ ਅਰਥਾਤ ਪ੍ਰਤੱਖਾਰਥ-ਪ੍ਰਮਾਰਥ ਜੁਗਤ ਦੀ ਜੋ ਵਰਤੀ ਗਈ ਹੈ ਉਸ ਦੀ ਉਦਾਹਰਣ ਵੇਖਣ ਯੋਗ ਹੈ:

ਬ੍ਰਹਮਾ ਬਿਸਨੁ ਮਹੇਸ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭਲਾਈ।
ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ।[23]

ਬ੍ਰਹਮਾ ਬਿਸਨੁ ਮਹੇਸ ਵੀਚਾਰੀ ਤ੍ਰੈ ਗੁਣ ਬਧਕ ਮੁਕਤਿ ਨਿਰਾਰੀ
ਗੁਰਮੁਖਿ ਗਿਆਨੁ ਏਕੋ ਹੈ ਜਾਤਾ ਅਨਦਿਨ ਨਾਮ ਰਵੀਜੈ ਹੇ।[24]

ਉਪਰੋਕਤ ਸ਼ਬਦ ਵਿਚ ਤ੍ਰੈ-ਮੂਰਤਿ (ਬ੍ਰਹਮਾ, ਬਿਸ਼ਨ, ਮਹੇਸ਼) ਸਬੰਧੀ ਇਹਲੌਕਿਕ ਜਗਤ ਵਿਚ ਮਿੱਥ ਕਥਾਵਾਂ ਹਨ। ਮਿੱਥ ਕਥਾਵਾਂ ਦੇ ਇਹ ਤਿੰਨੇ ਪਾਤਰ ਇਸ ਸੰਸਾਰ ਦੇ ਕ੍ਰਮਵਾਰ ਕਰਤਾ, ਧਰਤਾ, ਹਰਤਾ ਮੰਨੇ ਗਏ ਹਨ ਅਤੇ ਇਨ੍ਹਾਂ ਨੂੰ ਅਗ੍ਰਭੂਮਨ ਵਿਚ ਚਿਤਰਿਆ ਗਿਆ ਹੈ। ਇਹ ਤਿੰਨੇ ਸੰਸਾਰ ਦੀ ਤਰ੍ਹਾਂ ਰਜੋ ਸਤੋ ਤਮੋ ਵਿਚ ਗ੍ਰਸੇ ਹੋਏ ਹਨ। ਗੁਰੂ ਸਾਹਿਬਾਨ ਨੇ 'ਗੁਰੂ' ਦੀ ਨਾਮ' ਰੂਪੀ ਲੋਕ ਪ੍ਰਚੱਲਿਤ ਰੂੜ੍ਹੀ ਦੀ ਵਰਤੋਂ ਕਰਕੇ, ਗੁਰੂ ਦੇ ਨਾਮ ਰਾਹੀਂ ਤਿੰਨਾਂ ਗੁਣਾਂ (ਰਜੋ, ਸਤੋ, ਤਮੋ) ਤੋਂ ਮੁਕਤ ਹੋ ਕੇ ਚਉਥੇ-ਪਦ ਅਰਥਾਤ ਬ੍ਰਹਮ ਵਿਚ ਲੀਨ ਹੋਣ ਵੱਲ ਪਰੇਰਿਆ ਹੈ।

ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਮਿੱਥ ਕਥਾਵਾਂ ਦੇ ਪਾਤਰਾਂ ਤੇ ਵਸਤੂਆਂ ਨੂੰ ਸੰਕਲਪਾਂ, ਬ੍ਰਹਿਮੰਡੀ ਵਰਤਾਰਿਆਂ ਜਾਂ ਭਾਵ ਵਾਚਕ ਸੰਗਿਆਵਾਂ ਵਿਚ ਬਦਲ ਦਿੱਤਾ ਹੈ। ਜੇ ਇਕ ਪਾਸੇ ਉਹ ਮਿੱਥ ਕਥਾਵਾਂ ਨੂੰ ਬ੍ਰਹਿਮੰਡ ਜਿੰਨੀਆਂ ਵਿਸ਼ਾਲ ਕਰ ਦਿੰਦੇ ਹਨ ਤਾਂ ਦੂਜੇ ਪਾਸੇ ਉਹ ਉਨ੍ਹਾਂ ਨੂੰ ਮਾਨਵ-ਮਨ ਦੇ ਅੰਦਰ ਵਾਪਰਦੀਆਂ ਪ੍ਰਕ੍ਰਿਆਵਾਂ ਵਿਚ ਵੀ ਬਦਲ ਦਿੰਦੇ ਹਨ। ਇਸ ਤਰ੍ਹਾਂ ਕਈ ਮਿੱਥ ਕਥਾਵਾਂ ਨੂੰ ਦੇਖੀਏ ਤਾਂ ਨਵੇਂ ਮੁੱਲ ਪ੍ਰਬੰਧ ਸਾਹਮਣੇ ਆਉਂਦੇ ਹਨ ਜਿਵੇਂ ਇਸ ਸਬੰਧੀ

'ਧੌਲ-ਧਰਮ' ਵਰਗੀ ਮਿੱਥ ਵੇਖਣ ਯੋਗ ਹੈ। ਇਸ ਤੋਂ ਇਲਾਵਾ ਰਾਮ ਨਾਲ ਸਬੰਧਿਤ ਇਕ ਹੋਰ ਮਿੱਥ ਵਿਚਾਰਨ ਯੋਗ ਹੈ ਜਿਥੇ ਹੇਠ ਲਿਖਤ ਸ਼ਬਦ ਵਿਚ ਫੁਰਮਾਉਂਦੇ ਹਨ ਕਿ ਸਾਡਾ ਰਾਮ ਉਹ ਬ੍ਰਹਮ ਹੈ ਜੋ ਘਟ ਘਟ ਵਿਚ ਵਸਦਾ ਹੈ ਤੇ ਉਸ ਘਟ ਅੰਦਰਲੇ ਦੈਂਤਾਂ ਨੂੰ ਮਾਰਦਾ ਹੈ। ਇਸ ਤਰ੍ਹਾਂ ਰਾਮ ਇਕ ਵਿਅਕਤੀ ਨਾ ਰਹਿ ਕੇ ਮਾਨਵ ਮਨ ਵਿਚਲੀ ਹਾਂ-ਮੁਖੀ ਸ਼ਕਤੀ ਬਣ ਜਾਂਦਾ ਹੈ ਤੇ ਦੈਂਤ ਵੀ ਦੇਉ ਕੱਦ ਹਸਤੀਆਂ ਦਾ ਰਹਿ ਕੇ ਬੁਰੀਆਂ ਭਾਵਨਾ ਦੇ ਪ੍ਰਤੀਕ ਬਣ ਜਾਂਦੇ ਹਨ। ਇਸ ਬਾਬਤ ਗੁਰੂ ਸਾਹਿਬ ਫੁਰਮਾਉਂਦੇ ਹਨ:

> ਅਸੁਰ ਅਘਾਰਣ ਰਾਮੁ ਹਮਾਰਾ॥
> ਘਟਿ ਘਟਿ ਰਮਈਆ ਰਾਮੁ ਪਿਆਰਾ॥[25]

ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਨੇ ਮੱਧ ਕਾਲ ਸਮੇਂ ਪ੍ਰਚੱਲਿਤ ਨਾਂ 'ਰਾਮ' ਨੂੰ 'ਬ੍ਰਹਮ' ਵਿਚ ਬਦਲ ਦਿੱਤਾ ਹੈ। ਜਿਵੇਂ ਮੱਧਕਾਲ ਦਾ 'ਰਾਮ' ਰਾਵਣ ਵਰਗੇ ਪਾਪੀਆਂ ਦਾ ਨਾਸ਼ ਕਰਦਾ ਹੈ ਉਸ ਤਰ੍ਹਾਂ ਗੁਰੂ ਸਾਹਿਬ ਦਾ 'ਰਾਮ' ਭਾਵ ਬ੍ਰਹਮ ਜੀਵ ਵਿਚਲੇ ਕਾਮ, ਕਰੋਧ, ਲੋਭ, ਮੋਹ, ਹੰਕਾਰ ਵਰਗੇ। ਦੈਂਤਾਂ ਦਾ ਨਾਸ ਕਰਦਾ ਹੈ।

### (ੳ) ਅਵਤਾਰਾਂ/ਦੇਵੀ-ਦੇਵਤਿਆਂ ਸਬੰਧੀ ਮਿੱਥਾਂ ਦਾ ਰੂਪਾਂਤਰਣ:

ਹਿੰਦੂ ਮਿਥਿਹਾਸ ਵਿਚ ਅਵਤਾਰ/ਦੇਵੀ-ਦੇਵਤਿਆਂ ਨੂੰ ਮਹੱਤਵਪੂਰਨ ਦਰਜਾ ਦਿੱਤਾ ਗਿਆ ਹੈ। ਹਿੰਦੂ ਧਰਮ ਵਿਚ ਤਿੰਨ ਪ੍ਰਮੁੱਖ ਦੇਵਤੇ - ਬ੍ਰਹਮਾ, ਵਿਸ਼ਨੂੰ, ਸ਼ਿਵ ਨੂੰ ਪ੍ਰਮੁੱਖ ਸਥਾਨ ਪ੍ਰਾਪਤ ਹੈ। ਇਸ ਤੋਂ ਇਲਾਵਾ ਇੰਦਰ, ਸ੍ਰੀ ਕ੍ਰਿਸ਼ਨ, ਸ੍ਰੀ ਰਾਮ ਚੰਦਰ ਨੂੰ ਵੀ ਮਹੱਤਵਪੂਰਨ ਦੇਵਤਿਆਂ ਦੇ ਤੌਰ ਤੇ ਜਾਣਿਆ ਜਾਂਦਾ ਹੈ। ਹਿੰਦੂ ਮਿਥਿਹਾਸ ਵਿਚ ਬ੍ਰਹਮਾ ਨੂੰ ਕਰਤਾ, ਵਿਸ਼ਨੂੰ ਨੂੰ ਪਾਲਕ ਤੇ ਸ਼ਿਵ ਨੂੰ ਵਿਨਾਸ਼ਕਾਰੀ ਕਰਨ ਵਾਲਾ ਦਰਸਾਇਆ ਗਿਆ ਹੈ। ਇਸ ਤੋਂ ਇਲਾਵਾ ਇੰਦਰ ਨੂੰ ਸਵਰਗ ਦਾ ਰਾਜਾ ਅਤੇ ਮੀਂਹ ਦੇ ਦੇਵਤੇ ਤੌਰ ਤੇ ਜਾਣਿਆ ਜਾਂਦਾ ਹੈ। ਸ੍ਰੀ ਕ੍ਰਿਸ਼ਨ ਤੇ ਸ੍ਰੀ ਰਾਮਚੰਦਰ ਨੂੰ ਕ੍ਰਮਵਾਰ ਕੰਸ ਅਤੇ ਰਾਵਣ ਵਰਗੇ ਦੁਸ਼ਟਾਂ ਦਾ ਨਾਸ਼ ਕਰਨ ਵਾਲਾ ਦਰਸਾਅ ਕੇ ਕਈ ਪ੍ਰਕਾਰ ਦੀਆਂ ਮਿੱਥ ਕਥਾਵਾਂ ਸਿਰਜੀਆਂ ਗਈਆਂ ਹਨ।

ਗੁਰੂ-ਬਾਣੀ ਵਿਚ ਅਵਤਾਰਾਂ, ਦੇਵੀ-ਦੇਵਤਿਆਂ ਨਾਲ ਸਬੰਧਿਤ ਮਿੱਥਾਂ ਦਾ ਰੂਪਾਂਤਰਣ ਕੀਤਾ ਗਿਆ ਹੈ। ਇਨ੍ਹਾਂ ਮਿੱਥ ਕਥਾਵਾਂ ਦਾ ਰੂਪਾਂਤਰਣ ਕਰਦੇ ਹੋਏ ਗੁਰੂ ਸਾਹਿਬ ਨੇ ਅਵਤਾਰੀ/ਦੇਵੀ-ਦੇਵਤਿਆਂ ਨੂੰ ਬ੍ਰਹਮ ਦੇ ਅਧੀਨ ਦਰਸਾਇਆ। ਗੁਰੂ ਸਾਹਿਬ ਅਨੁਸਾਰ ਅਵਤਾਰ/ਦੇਵੀ-ਦੇਵਤੇ ਸ੍ਰਿਸ਼ਟੀ ਦੇ ਕਰਤਾ-ਧਰਤਾ ਤੇ ਹਰਤਾ ਨਹੀਂ ਹਨ। ਇਹ ਤਾਂ ਬ੍ਰਹਮ ਹੀ ਹੈ ਜੋ ਸਭ ਕਾਰਜ ਕਰਦਾ ਹੈ। ਅਵਤਾਰ ਦੇਵੀ ਉਸ ਦੀ ਬੇਅੰਤਤਾ ਨੂੰ ਨਹੀਂ ਜਾਣ ਸਕਦੇ।

ਅਵਤਾਰ ਨ ਜਾਨਹਿ ਅੰਤੁ।
ਪਰਮੇਸਰੁ ਪਾਰਬ੍ਰਹਮ ਬੇਅੰਤ।।[26]

ਆਪ ਕਹਿੰਦੇ ਹਨ ਕਿ ਅਵਤਾਰ ਦੇਵੀ-ਦੇਵਤੇ ਤਾਂ ਆਪ ਪੰਜ ਵਿਕਾਰਾਂ - ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਸ਼ਿਕਾਰ ਹਨ। ਬ੍ਰਹਮਾ ਹਉਮੈ ਵਸ 36 ਯੁਗ ਨਾਭ ਕਮਲ ਵਿਚ ਖੁਭਿਆ ਰਿਹਾ। ਵਿਸ਼ਨੂੰ ਸਦਾ ਅਵਤਾਰ ਧਾਰਦਾ ਰਿਹਾ ਅਤੇ ਛਲ ਕਰਦਾ ਰਿਹਾ। ਸ਼ਿਵ ਹੰਕਾਰ ਅਤੇ ਗੁੱਸੇ ਦਾ ਸ਼ਿਕਾਰ ਰਿਹਾ। ਇੰਦਰ ਕਾਮ ਦੇ ਕਾਰਜਾਂ ਤੇ ਐਸ ਪ੍ਰਸਤੀ ਵਿਚ ਵਲੀਨ ਰਿਹਾ। ਕ੍ਰਿਸ਼ਨ ਤੇ ਸ੍ਰੀ ਰਾਮ ਚੰਦਰ ਵੀ ਆਮ ਮਨੁੱਖਾਂ ਵਾਂਗ ਦੁਖ ਝਲਦੇ ਰਹੇ। ਇਸ ਤਰ੍ਹਾਂ ਇਹ ਬ੍ਰਹਮ ਦਾ ਅੰਤ ਨਹੀਂ ਪਾ ਸਕੇ। ਉਹ ਤਾਂ ਆਪ ਉਸ ਦੇ ਅਧੀਨ ਹਨ ਅਤੇ ਉਸ ਦੇ ਹੁਕਮ ਅਨੁਸਾਰ ਹੀ ਸਭ ਕਾਰਜ ਕਰਦੇ ਹਨ ਉਹ ਬ੍ਰਹਮ ਦੇ ਦਰ ਤੇ ਖੜੇ ਨਿਸਠਾ ਨਾਲ ਸੇਵਾ ਕਰਦੇ ਹਨ ਗੁਰੂ ਸਾਹਿਬ ਫੁਰਮਾਉਂਦੇ ਹਨ:

ਬ੍ਰਹਮਾ ਬਿਸਨੁ ਮਹੇਸ ਦੁਆਰੈ
ਊਭੇ ਸੇਵਹਿ ਅਲਖ ਅਪਾਰੈ।[27]

ਉਪਰੋਕਤ ਤੋਂ ਇਹ ਸਪੱਸ਼ਟ ਹੈ ਕਿ ਗੁਰੂ ਸਾਹਿਬ ਨੇ ਅਵਤਾਰ/ਦੇਵੀ-ਦੇਵਤਿਆਂ ਨਾਲ ਸਬੰਧਿਤ ਮਿੱਥਾਂ ਦਾ ਰੂਪਾਂਤਰਣ ਕੀਤਾ ਹੈ। ਗੁਰੂ ਸਾਹਿਬ ਨੇ ਬ੍ਰਹਮ ਨੂੰ ਪਰਮ ਸੱਤਾ ਦਾ ਅਧਿਕਾਰੀ ਮੰਨਿਆ ਹੈ। ਆਪ ਨੇ ਬ੍ਰਹਮਾ ਦਾ 'ਬ੍ਰਹਮ' ਵਿਚ ਰੂਪਾਂਤਰਣ ਕਰਕੇ ਮਨੁੱਖ ਨੂੰ ਮਿੱਥ ਦੇ ਮਾਧਿਅਮ ਰਾਹੀਂ ਬ੍ਰਹਮਾ ਵਲੋਂ ਮੋੜ ਕੇ 'ਬ੍ਰਹਮ' ਵੱਲ ਰਚਿਤ ਕਰਨ ਸੁਚੱਜਾ ਉਪਰਾਲਾ ਕੀਤਾ ਹੈ। ਇਸ ਬਾਰੇ ਬਲਵਿੰਦਰ ਕੌਰ ਬਰਾੜ ਲਿਖਦੇ ਹਨ: "ਗੁਰੂ ਨਾਨਕ ਦੇਵ ਨੇ ਦੇਵਤਿਆਂ ਦੀ ਸ਼ਕਤੀ ਸੀਮਾਬੱਧ

ਹੁੰਦੀ ਦਰਸਾਈ ਹੈ ਤੇ ਵਾਸਤਵ ਵਿਚ ਇਸ ਸਮਰਪਿਤ ਹੋਣ ਦਾ ਕੇਂਦਰੀ ਨੁਕਤਾ ਬ੍ਰਹਮਾ ਨਹੀਂ ਸਗੋਂ 'ਬ੍ਰਹਮ' ਦੱਸਿਆ ਹੈ।[28]

ਇਸ ਤਰ੍ਹਾਂ ਗੁਰੂ ਸਾਹਿਬ ਨੇ ਇਸ ਰੂਪਾਂਤਰਣ ਰਾਹੀਂ ਅਵਤਾਰ/ਦੇਵੀ-ਦੇਵਤਿਆਂ ਦੀ ਪੂਜਾ ਛੱਡ ਕੇ ਇਕ ਨਿਰਗੁਣ ਬ੍ਰਹਮ ਦੀ ਪੂਜਾ ਕਰਨ ਵੱਲ ਪਰੇਰਿਆ ਹੈ।

### (ਅ) ਸ੍ਰਿਸ਼ਟੀ ਕਰਤਾ ਸਬੰਧੀ ਮਿੱਥ ਦਾ ਰੂਪਾਂਤਰਣ:

ਸ੍ਰਿਸ਼ਟੀ ਦੇ ਕਰਤਾ ਸਬੰਧੀ ਹਿੰਦੂ ਮਿਥਿਹਾਸ ਵਿਚ ਕਈ ਤਰ੍ਹਾਂ ਦਾ ਵਰਨਣ ਮਿਲਦਾ ਹੈ ਅਤੇ ਪੁਰਾਣਾਂ ਵਿਚ ਕਈ ਤਰ੍ਹਾਂ ਮਿੱਥਾਂ ਮਿਲਦੀਆਂ ਹਨ ਜਿਨ੍ਹਾਂ ਵਿਚ ਬ੍ਰਹਮਾ, ਵਿਸ਼ਨੂੰ ਨੂੰ ਸੰਸਾਰ ਦੀ ਉਤਪਤੀ ਦਾ ਕ੍ਰਮਵਾਰ ਕਰਤਾ ਪਾਲਕ ਮੰਨਿਆ ਹੈ। ਰਿਗਵੇਦ ਵਿਚ ਇੰਦਰ ਨੂੰ ਸ੍ਰਿਸ਼ਟੀ ਦੀ ਰਚਨਾ ਦਾ ਕਾਰਨ ਮੰਨਿਆ ਗਿਆ ਹੈ।[29]

ਪਰ ਗੁਰੂ-ਬਾਣੀ ਵਿਚ ਕਿਸੇ ਵੀ ਅਵਤਾਰ/ਦੇਵੀ-ਦੇਵਤੇ ਨੂੰ ਸ੍ਰਿਸ਼ਟੀ ਦਾ ਕਰਤਾ ਨਹੀਂ ਮੰਨਿਆ ਗਿਆ। ਗੁਰੂ ਸਾਹਿਬ ਕੇਵਲ ਬ੍ਰਹਮ ਨੂੰ ਹੀ ਸ੍ਰਿਸ਼ਟੀ ਦਾ ਕਰਤਾ ਮੰਨਦੇ ਹਨ। ਇਸ ਸਬੰਧੀ ਆਪ ਫੁਰਮਾਉਂਦੇ ਹਨ:

> ਪਵਨੁ ਪਾਣੀ ਅਗਨਿ ਤਿਨਿ ਕੀਆ ਬ੍ਰਹਮਾ ਬਿਸਨ ਮਹੇਸ ਆਕਾਰ।
>
> ਸਰਬੇ ਜਾਚਿਕ ਤੂੰ ਪ੍ਰਭੁ ਦਾਤਾ, ਦਾਤਿ ਕਰੇ ਅਪਨੈ ਬੀਚਾਰ।[30]

ਗੁਰੂ ਸਾਹਿਬ ਸ੍ਰਿਸ਼ਟੀ ਸਬੰਧੀ ਮਿੱਥ ਕਥਾ ਦਾ ਰੂਪਾਂਤਰਣ ਕਰਦੇ ਹੋਏ ਫੁਰਮਾਉਂਦੇ ਹਨ ਕਿ ਸ੍ਰਿਸ਼ਟੀ ਦੀ ਸਿਰਜਣਾ ਬ੍ਰਹਮ ਹੀ ਕਰਦਾ ਹੈ ਤੇ ਉਹ ਹੀ ਇਸ ਨੂੰ ਖਤਮ ਕਰਦਾ ਹੈ।

> ਤੁਧ ਆਪੇ ਸ੍ਰਿਸਟਿ ਸਭ ਉਪਾਈ ਜੀ।
>
> ਤੁਧ ਆਪੇ ਸਿਰਜਿ ਸਭ ਗੋਈ।।[31]

ਗੁਰੂ ਸਾਹਿਬ ਅਨੁਸਾਰ ਕੋਈ ਅਵਤਾਰ/ਦੇਵੀ-ਦੇਵਤਾ ਸ੍ਰਿਸ਼ਟੀ ਦਾ ਕਰਤਾ-ਧਰਤਾ, ਹਰਤਾ ਨਹੀਂ। ਬ੍ਰਹਮ ਹੀ ਸ੍ਰਿਸ਼ਟੀ ਦਾ ਰਚਨਹਾਰ, ਪਾਲਣਹਾਰ ਤੇ ਵਿਨਾਸ਼ਕਾਰੀ ਹੈ। ਆਪ ਫੁਰਮਾਉਂਦੇ ਹਨ:

ਆਪਿ ਉਪਾਏ ਆਪਿ ਖਪਾਏ।

ਜਾ ਤਿਸੁ ਭਵੈ ਤਾ ਸ੍ਰਿਸ਼ਟੀ ਓਪਾਏ।

ਆਪਨੈ ਭਾਵੈ ਲਏ ਸਮਾਏ।

ਰਚਿ ਰਚਨਾ ਆਪਨੀ ਕਲਧਾਰੀ।।[32]

ਇਸ ਤਰ੍ਹਾਂ ਗੁਰੂ ਸਾਹਿਬ ਨੇ ਸ੍ਰਿਸ਼ਟੀ ਸਬੰਧੀ ਮਿੱਥ ਦਾ ਰੂਪਾਂਤਰਣ ਕਰਕੇ ਇਹ ਸਥਾਪਤ ਕੀਤਾ ਹੈ ਕਿ ਬ੍ਰਹਮ ਸਰਵਉੱਚ ਹੈ, ਉਹ ਹੀ ਕਰਤਾ, ਧਰਤਾ ਹਰਤਾ ਹੈ। ਅਵਤਾਰੀ ਦੇਵੀ ਦੇਵਤੇ ਉਸ ਦੇ ਹੁਕਮ ਅਨੁਸਾਰ ਕਾਰਜ ਕਰਦੇ ਹਨ ਅਤੇ ਉਸ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਹਨ।

### (ੲ) ਸ੍ਰਿਸ਼ਟੀ ਦੇ ਰਚਨਾ-ਕਾਲ ਸਬੰਧੀ ਮਿੱਥ ਦਾ ਰੂਪਾਂਤਰਣ:

ਸ੍ਰਿਸ਼ਟੀ ਦੇ ਰਚਨਾ-ਕਾਲ ਸਬੰਧੀ ਵੱਖ-ਵੱਖ ਧਰਮਾਂ ਵਿਚ ਕਈ ਤਰ੍ਹਾਂ ਦੀਆਂ ਮਿੱਥਾਂ ਪ੍ਰਚੱਲਿਤ ਹਨ। ਹਿੰਦੂ ਮਿਥਿਹਾਸ ਅਨੁਸਾਰ, 1928 ਤੱਕ ਦੁਨੀਆਂ ਬਣੀ ਨੂੰ ਅਰਬ ਛਿਆਨਵੇ ਕਰੋੜ, ਅੱਠ ਲੱਖ, ਤ੍ਰਿਵੰਜਾ ਹਜ਼ਾਰ ਅਠਾਈ ਸਾਲ ਹੋਏ ਹਨ।[33] ਹੋਰ ਧਰਮ ਵੀ ਇਸ ਦੇ ਰਚਨਾਂ ਕਾਲ ਸਬੰਧੀ ਕਈ ਮਿਤੀਆਂ ਤੇ ਸਾਲ ਦਿੰਦੇ ਹਨ।

ਗੁਰੂ-ਬਾਣੀ ਵਿਚ ਸ੍ਰਿਸ਼ਟੀ ਦੇ ਰਚਨਾ-ਕਾਲ ਸਬੰਧੀ ਮਿੱਥ ਰੁਪਾਂਤਰਣ ਮਿਲਦਾ ਹੈ। ਗੁਰੂ-ਬਾਣੀ ਅਨੁਸਾਰ ਸ੍ਰਿਸ਼ਟੀ ਦਾ ਕੋਈ ਕਾਲ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ। ਕੋਈ ਵੀ ਵਿਅਕਤੀ ਇਹ ਨਹੀਂ ਦੱਸ ਸਕਦਾ ਕਿ ਸ੍ਰਿਸ਼ਟੀ ਦੀ ਰਚਨਾ ਕਿਸ ਸਮੇਂ, ਮਿਤੀ, ਵਾਰ, ਰੁਤ ਮਹੀਨੇ ਨੂੰ ਹੋਈ। ਇਸ ਬਾਬਤ ਕੇਵਲ ਬ੍ਰਹਮ ਹੀ ਜਾਣਦਾ ਹੈ। ਆਪ ਫੁਰਮਾਉਂਦੇ ਹਨ:

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ।।

ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ।[34]

ਥਿਤਿ ਵਾਰੁ ਨਾ ਜੋਗੀ ਜਾਣੈ

ਰੁਤਿ ਮਾਹੁ ਨਾ ਕੋਈ

ਜਾ ਕਰਤਾ ਸ੍ਰਿਸਤੀ ਕਉ ਸਾਜੇ।

ਆਪੇ ਜਾਣੈ ਸੋਈ।[35]

ਇਸ ਤਰ੍ਹਾਂ ਗੁਰੂ ਸਾਹਿਬ ਨੇ ਸ੍ਰਿਸ਼ਟੀ ਰਚਨਾ-ਕਾਲ ਸਬੰਧੀ ਮਿੱਥ ਰੂਪਾਂਤਰਣ ਕਰਕੇ ਬ੍ਰਹਮ ਦੀ ਸਰਵਉੱਚਤਾ ਨੂੰ ਉਜਾਗਰ ਕੀਤਾ ਹੈ ਅਤੇ ਸ੍ਰਿਸ਼ਟੀ ਰਚਨਾ-ਕਾਲ ਸਬੰਧੀ ਭਰਮ ਭੁਲੇਖੇ ਨੂੰ ਦੂਰ ਕੀਤਾ ਹੈ।

**(ਸ) ਸ੍ਰਿਸ਼ਟੀ ਦੀ ਅਨੰਤਤਾ ਸਬੰਧੀ ਮਿੱਥ ਦਾ ਰੂਪਾਂਤਰਣ:**

ਹਿੰਦੂ ਮਿਥਿਹਾਸ ਵਿਚ ਸ੍ਰਿਸ਼ਟੀ ਦੀ ਅਨੰਤਤਾ ਸਬੰਧੀ ਕਈ ਤਰ੍ਹਾਂ ਦੀਆਂ ਮਿੱਥਾਂ ਪ੍ਰਚੱਲਿਤ ਹਨ। ਹਿੰਦੂ ਧਰਮ ਦੇ ਗ੍ਰੰਥਾਂ ਅਨੁਸਾਰ ਇਹ ਸ੍ਰਿਸ਼ਟੀ ਏਨੀ ਵਿਸ਼ਾਲ ਹੈ ਕਿ ਇਹ ਚੌਦਾਂ ਲੋਕਾਂ, ਤ੍ਰਿਭਵਨ, ਨੌ ਖੰਡ, ਸੱਤ ਦੀਪਾਂ ਤੱਕ ਫੈਲੀ ਹੋਈ ਹੈ। (ਇਸ ਵੇਰਵਾ ਪਹਿਲਿਆਂ ਅਧਿਆਇਆਂ ਵਿਚ ਦਿੱਤਾ ਜਾ ਚੁੱਕਾ ਹੈ।)

ਗੁਰੂ-ਬਾਣੀ ਵਿਚ ਸ੍ਰਿਸ਼ਟੀ ਦੀ ਅਨੰਤਤਾ ਸਬੰਧੀ ਮਿੱਥਾਂ ਦਾ ਰੂਪਾਂਤਰਣ ਮਿਲਦਾ ਹੈ। ਗੁਰੂ ਸਾਹਿਬ ਅਨੁਸਾਰ ਸ੍ਰਿਸ਼ਟੀ ਨੂੰ ਕਿਸੇ ਨਿਸ਼ਚਿਤ ਸੀਮਾ ਵਿਚ ਨਹੀਂ ਬੰਨ੍ਹਿਆ ਜਾ ਸਕਦਾ। ਇਸ ਦੀ ਅਨੰਤਤਾ ਬੇਅੰਤ ਹੈ। ਇਕ ਧਰਤੀ, ਇਕ ਆਕਾਸ ਤੇ ਇਕ ਪਾਤਾਲ ਨਹੀਂ ਅਤੇ ਨਾ ਹੀ ਇਹ ਚੌਦਾਂ ਲੋਕਾਂ ਤ੍ਰਿਭਵਨ, ਨੌ ਖੰਡਾਂ, ਸੱਤ ਦੀਪਾਂ ਤੱਕ ਸੀਮਤ ਹੈ। ਇਸ ਸ੍ਰਿਸ਼ਟੀ ਉਪਰ ਲੱਖਾਂ ਧਰਤੀਆਂ, ਲੱਖਾਂ ਅਕਾਸ, ਲੱਖ ਪਾਤਾਲ ਹਨ। ਆਪ ਫੁਰਮਾਉਂਦੇ ਹਨ:

ਪਾਤਾਲਾ ਪਾਤਾਲ, ਲੱਖ ਆਗਾਸਾ ਅਗਾਸ
ਓੜਕ ਓੜਕ ਭਾਲਿ ਥੱਕੇ ਵੇਦ ਕਹਿਨ ਇਕ ਵਾਤ॥[36]

ਗੁਰੂ ਸਾਹਿਬ ਸਮਝਾਉਂਦੇ ਹਨ ਕਿ ਇਸ ਸ੍ਰਿਸ਼ਟੀ ਦੀ ਅਨੰਤਤਾ ਨੂੰ ਕੇਵਲ ਬ੍ਰਹਮ ਹੀ ਜਾਣਦਾ ਹੈ।

ਜਿਸ ਕੀ ਸ੍ਰਿਸਟਿ ਸੁ ਕਰਣੈਹਾਰ,
ਅਵਰ ਨਾ ਬੂਝਿ ਕਰਤ ਬੀਚਾਰੁ। [37]

ਇਸ ਤਰ੍ਹਾਂ, ਗੁਰੂ ਸਾਹਿਬ ਨੇ ਸ੍ਰਿਸ਼ਟੀ ਦੀ ਅਨੰਤਤਾ ਨੂੰ ਪੇਸ਼ ਕਰਕੇ ਜਿਥੇ ਪੁਰਾਤਨ ਮਿੱਥਾਂ ਦਾ ਰੂਪਾਂਤਰਣ ਕੀਤਾ ਹੈ ਉਥੇ ਨਾਲ ਹੀ ਉਨ੍ਹਾਂ ਵਿਗਿਆਨਕ ਦ੍ਰਿਸ਼ਟੀ ਅਪਣਾਉਂਦੇ ਹੋਏ ਕਈ

ਸਾਲ ਪਹਿਲਾਂ ਵੀ ਲੱਖਾਂ ਧਰਤੀਆਂ, ਆਕਾਸ਼, ਪਤਾਲ, ਦਰਸਾਅ ਕੇ ਆਧੁਨਿਕ ਵਿਗਿਆਨੀਆਂ ਨੂੰ ਚਣੌਤੀ ਵੀ ਦਿੱਤੀ ਹੈ।

**(ਹ) ਚਾਰ ਯੁਗਾਂ ਸਬੰਧੀ ਮਿੱਥਾਂ ਦਾ ਰੂਪਾਂਤਰਣ :**

ਹਿੰਦੂ ਮਿਥਿਹਾਸ ਅਤੇ ਹਿੰਦੂ ਧਾਰਮਕ ਗ੍ਰੰਥਾਂ ਵਿਚ ਚਾਰ ਯੁੱਗਾਂ ਦਾ ਵਰਨਣ ਮਿਲਦਾ ਹੈ ਅਤੇ ਹਰ ਯੁੱਗ ਦਾ ਸੁਭਾਅ ਵੱਖਰਾ ਵੱਖਰਾ ਦਰਸਾਇਆ ਗਿਆ ਹੈ। ਇਨ੍ਹਾਂ ਵਿਚ ਯੁਗਾਂ ਸਬੰਧੀ ਕਈ ਮਿੱਥਾਂ ਦਰਸਾਅ ਕੇ ਯੁਗ ਨੂੰ ਇਕ ਚਾਰ ਪੈਰਾਂ ਵਾਲੇ ਜਾਨਵਰ (ਬਲਦ) ਦੀ ਤਰ੍ਹਾਂ ਪੇਸ਼ ਕੀਤਾ ਗਿਆ ਹੈ, ਜਿਥੇ ਉਸ ਦੀ ਸਮੇਂ ਅਨੁਸਾਰ ਇਕ ਲੱਤ ਘਟਦੀ ਜਾਂਦੀ ਹੈ।

ਪੁਰਾਣਾਂ ਅਨੁਸਾਰ ਹਰ ਯੁਗ ਦਾ ਸੁਭਾਅ ਵੱਖੋ-ਵੱਖਰਾ ਦੀਆਂ ਹੈ। ਧਰਮ ਦੀਆਂ ਚਾਰ ਲੱਤਾਂ ਅਥਵਾ ਮੂਲ ਲੱਛਣ - 'ਸਤਿ', 'ਦਇਆ', 'ਭਗਤੀ' ਤੇ 'ਦਾਨ' ਹਨ। ਸਤਿਯੁਗ ਵਿਚ ਧਰਮ ਦੇ ਚਾਰੇ ਲੱਛਣ ਪੂਰੀ ਤਰ੍ਹਾਂ ਹਰ ਪ੍ਰਾਣੀ ਵਿਚ ਵਿਦਮਾਨ ਸਨ। ਸਤਿਯੁਗ ਵਿਚ ਲੋਕ ਚੰਗੇ ਆਚਰਣ ਤੇ ਮਿੱਠੇ ਸੁਭਾ ਦੇ ਹਨ। ਉਨ੍ਹਾਂ ਵਿਚ 'ਦਇਆ', 'ਸੰਤੋਖ' ਤੇ 'ਸਹਿਨਸ਼ੀਲਤਾ' ਤੇ 'ਦੈਵੀ ਗੁਣ' ਸਨ। ਤ੍ਰੇਤਾ ਯੁਗ ਵਿਚ ਧਰਮ ਦੀਆਂ ਤਿੰਨ ਲੱਤਾਂ ਭਾਵ ਤਿੰਨ ਗੁਣ ਰਹਿ ਗਏ। ਇਕ ਗੁਣ ਘੱਟ ਗਿਆ, ਭਾਵ ਆਚਰਨ ਵਿਚ ਗਿਰਾਵਟ ਆ ਗਈ। ਦੁਆਪਰ ਵਿਚ ਧਰਮ ਦੀਆਂ ਦੋ ਲੱਤਾਂ ਰਹਿ ਗਈਆਂ ਭਾਵ ਦੋ ਗੁਣ ਹੋਰ ਦਇਆ ਤੇ ਸੰਤੋਖ ਆਦਿ ਘਟ ਗਏ। ਕਲਿਯੁਗ ਵਿਚ ਧਰਮ ਇਕ ਲੱਤ ਦੇ ਸਹਾਰੇ ਹੀ ਰਹਿ ਗਿਆ ਅਤੇ ਚਾਰੇ ਲੱਤਾਂ ਘੱਟ ਗਈਆਂ, ਭਾਵ ਸਾਰੇ ਦੈਵੀ ਗੁਣ ਖਤਮ ਹੋ ਗਏ। ਝੂਠ ਮਕਾਰੀ ਵੱਧ ਗਈ। ਰਾਜੇ ਅਨਿਆਈ, ਬ੍ਰਾਹਮਣ ਭ੍ਰਿਸ਼ਟ ਤੇ ਆਚਰਣਹੀਨ ਹੋ ਗਏ, ਧਰਮ ਖਤਮ ਹੋ ਗਿਆ।[38] ਗੁਰੂ ਸਾਹਿਬ ਇਸ ਬਾਬਤ ਫੁਰਮਾਉਂਦੇ ਹਨ:

ਸਤਜੁਗਿ ਸਤ, ਸੰਤੋਖ ਸਰੀਰਾ। ਸਤਿ ਸਤਿ ਵਰਤੈ ਗਹਿਰ ਗੰਭੀਰਾ।[39]

..................................................................

..................................................................

ਗੁਰੂ-ਬਾਣੀ ਵਿਚ ਚਾਰ ਯੁੱਗਾਂ ਦੀ ਮਿੱਥ ਦਾ ਰੂਪਾਂਤਰਣ ਹੋਇਆ ਮਿਲਦਾ ਹੈ। ਇਸ ਸਬੰਧੀ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਰੂਪਾਂਤਰਣ ਕੀਤਾ ਹੈ। ਗੁਰੂ ਸਾਹਿਬ ਨੇ ਚਾਰੇ ਯੁਗਾਂ ਦੇ ਸੁਭਾ ਦਾ ਵਰਨਣ ਕੀਤਾ ਹੈ। (ਇਸ ਵਰਨਣ ਤੀਸਰੇ ਅਧਿਆਇ ਵਿਚ ਦਿੱਤਾ ਜਾ ਚੁੱਕਾ ਹੈ), ਉਹ ਯੁਗਾਂ ਨਾਲ ਧਰਮ ਦੇ ਸਬੰਧ ਨੂੰ ਨਹੀਂ ਮੰਨਦੇ। ਉਨ੍ਹਾਂ ਨੇ ਯੁੱਗ ਨੂੰ ਜੀਵਾਂ ਦੇ ਕਰਮਾਂ ਦਾ ਕਾਰਣ ਨਹੀਂ ਮੰਨਿਆ, ਸਗੋਂ ਜੀਵ ਜਿਸ ਤਰ੍ਹਾਂ ਦੇ ਕੰਮ ਕਰਦਾ ਹੈ ਉਸੇ ਅਨੁਸਾਰ ਉਸ ਯੁਗ ਦਾ ਨਾਂ ਪ੍ਰਸਿੱਧ ਹੁੰਦਾ ਹੈ। ਜਦੋਂ ਜੀਵ ਚੰਗੇ ਕੰਮ ਕਰਨਗੇ ਤਾਂ ਉਦੋਂ ਸਤਿਯੁਗ ਅਤੇ ਜਦੋਂ ਮਾੜੇ ਕੰਮ ਕਰਨਗੇ ਉਦੋਂ ਕਲਯੁਗ ਰਹੇਗਾ। ਗੁਰੂ ਸਾਹਿਬ ਅਨੁਸਾਰ ਹਰ ਯੁਗ ਵਿਚ ਪ੍ਰਕਿਰਤੀ ਦਾ ਸੁਭਾਅ ਇਕੋ ਜਿਹਾ ਰਹਿੰਦਾ ਹੈ। ਗੁਰੂ ਨਾਨਕ ਸਾਹਿਬ ਹੇਠ ਲਿਖਤ ਸ਼ਬਦ ਰਾਹੀਂ ਇਸ ਤੱਥ ਦੀ ਪੁਸ਼ਟੀ ਕਰਦੇ ਹਨ:

> ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ।
>
> ਸਾ ਧਰਤੀ ਪਾਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ।[40]

ਗੁਰੂ ਸਾਹਿਬ ਨੇ ਹਿੰਦੂ ਧਰਮ ਦੀ ਤਰ੍ਹਾਂ ਯੁਗਾਂ ਨੂੰ ਮਾਨਤਾ ਨਹੀਂ ਦਿੱਤੀ। ਉਨ੍ਹਾਂ ਨੇ ਕਿਸੇ ਖਾਸ ਯੁੱਗ ਨੂੰ ਮਾੜਾ ਅਤੇ ਕਿਸੇ ਖਾਸ ਯੁਗ ਨੂੰ ਚੰਗਾ ਨਹੀਂ ਕਿਹਾ। ਉਨ੍ਹਾਂ ਅਨੁਸਾਰ ਗੁਰਮੁਖ ਹਰ ਯੁਗ ਵਿਚ ਇਕੋ ਜਿਹਾ ਰਹਿੰਦਾ ਹੈ ਉਸ ਵਿਚ ਕੋਈ ਤਬਦੀਲੀ ਨਹੀਂ ਆਉਂਦੀ ਅਤੇ ਹਰ ਯੁਗ ਵਿਚ ਨਾਮ ਦੀ ਮਹਿਮਾ ਹੁੰਦੀ ਹੈ। ਨਾਮ ਤੋਂ ਬਿਨਾਂ ਕਿਸੇ ਯੁੱਗ ਵਿਚ ਵੀ ਮੁਕਤੀ ਪ੍ਰਾਪਤ ਨਹੀਂ ਹੁੰਦੀ। ਗੁਰੂ ਅਮਰਦਾਸ ਜੀ ਇਸ ਸਬੰਧੀ ਫੁਰਮਾਉਂਦੇ ਹਨ।

> ਜੁਗਿ ਜੁਗਿ ਗੁਰਮੁਖਿ ਏਕੋ ਜਾਤਾ
>
> ਵਿਣੁ ਨਾਵੈ ਮੁਕਤਿ ਨਾ ਪਾਈ।[41]

ਇਸ ਤਰ੍ਹਾਂ ਗੁਰੂ ਸਾਹਿਬ ਚਾਰ ਯੁਗਾਂ ਦੀ ਮਿੱਥ ਦਾ ਰੂਪਾਂਤਰਣ ਕਰਦੇ ਹੋਏ ਕਿਸੇ ਇਕ ਯੁਗਾਂ ਨੂੰ ਕਿਸੇ ਨਿਸ਼ਚਿਤ ਘੇਰੇ ਤੱਕ ਸੀਮਤ ਨਹੀਂ ਵੇਖਦੇ। ਆਪ ਅਨੁਸਾਰ ਹਰ ਯੁਗ ਵਿਚ ਚੰਗੇ ਅਤੇ ਮਾੜੇ ਵਿਅਕਤੀ ਅਤੇ ਕੰਮ ਹੁੰਦੇ ਹਨ। ਉਨ੍ਹਾਂ ਅਨੁਸਾਰ ਕਲਯੁਗਾਂ ਨੂੰ ਵੀ ਚੰਗੇ ਕਰਮ ਅਤੇ

ਸੁਤੰਤਰ ਵਿਹਾਰ ਦੁਆਰਾ ਸਤਿਯੁਗ ਵਿਚ ਬਦਲਿਆ ਜਾ ਸਕਦਾ ਹੈ। ਮਾੜੇ ਕਰਮ ਅਤੇ ਅਸੰਤੁਲਿਤ ਵਿਹਾਰ ਸਤਿਯੁਗ ਵਰਗੇ ਚੰਗੇ ਯੁਗ ਨੂੰ ਵੀ ਕਲਿਯੁਗ ਵਿਚ ਬਦਲ ਸਕਦੇ ਹਨ। ਇਸ ਲਈ ਚੰਗੇ ਕਰਮ ਕਰਕੇ ਹਰ ਯੁਗ ਨੂੰ ਸਤਿਯੁਗ ਬਣਾਉਣਾ ਚਾਹੀਦਾ ਹੈ। ਭਾਵ ਮਨੁੱਖ ਨੂੰ ਚੰਗੇ ਕਰਮ ਕਰਨੇ ਚਾਹੀਦੇ ਹਨ ਤਾਂ ਹੀ ਉਹ ਪ੍ਰਭੂ ਪ੍ਰਾਪਤੀ ਕਰ ਸਕਦਾ ਹੈ।

### (ਕ) ਨਰਕ ਨਾਲ ਸਬੰਧਿਤ ਮਿੱਥ ਦਾ ਰੂਪਾਂਤਰਣ:

ਹਿੰਦੂ ਧਰਮ ਅਤੇ ਹੋਰ ਧਰਮ ਦੇ ਗ੍ਰੰਥਾਂ ਵਿਚ ਨਰਕ ਸਬੰਧੀ ਮਿੱਥਾਂ ਦਾ ਪ੍ਰਗਟਾਵਾ ਹੋਇਆ ਹੈ, ਜਿਥੇ ਕਈ ਪ੍ਰਕਾਰ ਦੇ ਨਰਕਾਂ ਦੀ ਪੇਸ਼ਕਾਰੀ ਮਿਲਦੀ ਹੈ। (ਇਸ ਸਬੰਧੀ ਮਿੱਥਾਂ ਪਹਿਲਾਂ ਦਿੱਤੀਆਂ ਜਾ ਚੁੱਕੀਆਂ ਹਨ) ਕਿਸੇ ਨਰਕ ਵਿਚ ਅੱਗ ਸਾੜਦੀ ਹੈ, ਕਿਸੇ ਵਿਚ ਘੋਰ ਹਨੇਰਾ ਹੈ, ਕਿਸੇ ਵਿਚ ਲਹੂ ਤੇ ਮਿੱਝ ਦੇ ਦਰਿਆ ਵਗਦੇ ਹਨ, ਕਿਸੇ ਵਿਚ ਵਿਸ਼ਟਾ ਦੇ ਦਰਿਆ ਵਗਦੇ ਹਨ, ਕਿਸੇ ਵਿਚ ਜੀਵ ਨੂੰ ਪੁੱਠਾ ਲਟਕਾਅ ਕੇ ਤਸੀਹੇ ਦਿੱਤੇ ਜਾਂਦੇ ਹਨ। ਭਾਵ ਇਨ੍ਹਾਂ ਨਰਕਾਂ ਵਿਚ ਜੀਵ ਨੂੰ ਉਸਦੇ ਕੀਤੇ ਕਰਮਾਂ ਅਨੁਸਾਰ ਭੇਜਿਆ ਜਾਂਦਾ ਹੈ।

ਗੁਰੂ-ਬਾਣੀ ਵਿਚ ਨਰਕ ਸਬੰਧੀ ਮਿੱਥਾਂ ਦਾ ਰੂਪਾਂਤਰਣ ਕੀਤਾ ਗਿਆ ਹੈ। ਗੁਰੂ ਸਾਹਿਬ ਨੇ ਨਰਕ ਦੇ ਸੰਕਲਪ ਨੂੰ ਯੁਕਤੀ ਪੂਰਵਕ ਬਣਾ ਦਿੱਤਾ ਹੈ। ਉਨ੍ਹਾਂ ਅਨੁਸਾਰ ਸੰਸਾਰ ਵਿਚ ਕੋਈ ਵੱਖਰਾ ਨਰਕ ਨਹੀਂ। ਚੌਰਾਸੀ ਲੱਖ ਜੂਨਾਂ ਹੀ ਨਰਕ ਹਨ ਜਿਨ੍ਹਾਂ ਵਿਚ ਮਨੁੱਖ ਭਟਕਦਾ ਰਹਿੰਦਾ ਹੈ। ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ ਉਸੇ ਅਨੁਸਾਰ ਉਸ ਨੂੰ ਜੂਨਾਂ ਵਿਚੋਂ ਲੰਘਣਾ ਪੈਂਦਾ ਹੈ। ਆਪ ਫੁਰਮਾਉਂਦੇ ਹਨ:

> ਚਉਰਾਸੀਹ ਨਰਕ ਸਾਕਤੁ ਭੋਗਾਈਐ
> ਜੈਸਾ ਕੀਚੈ ਤੈਸੋ ਪਾਈਐ।[42]

ਇਸ ਤਰ੍ਹਾਂ ਨਰਕ ਦੇ ਸੰਕਲਪ ਦਾ ਰੂਪਾਂਤਰਣ ਕਰਦੇ ਹੋਏ ਗੁਰੂ ਸਾਹਿਬ ਨੇ ਹਿੰਦੂ ਧਰਮ ਦੇ ਨਰਕ ਦੇ ਸੰਕਲਪ ਨੂੰ ਖਤਮ ਹੀ ਕਰ ਦਿੱਤਾ ਹੈ। ਉਨ੍ਹਾਂ ਅਨੁਸਾਰ ਇਸ ਸੰਸਾਰ ਵਿਚ ਕਿਸੇ ਵੀ ਤਰ੍ਹਾਂ ਦਾ ਨਰਕ ਨਹੀਂ ਹੈ। ਉਨ੍ਹਾਂ ਨੇ ਸਮਝਾਇਆ ਕਿ ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ, ਉਹੋ

ਜਿਹਾ ਫਲ ਭੋਗਦਾ ਹੈ। ਜੇਕਰ ਉਹ ਮਾੜੇ ਕਰਮ ਕਰਦਾ ਹੈ ਤਾਂ ਉਹ ਉਹ ਚੌਰਾਸੀ ਲੱਖ ਜੂਨਾਂ ਵਿਚ ਭਟਕਦਾ ਹੈ। ਜੇਕਰ ਉਹ ਚੰਗੇ ਕਰਮ ਕਰਦਾ ਹੈ ਤਾਂ ਮੁਕਤੀ ਪ੍ਰਾਪਤ ਕਰਦਾ ਹੈ। ਇਸ ਤਰ੍ਹਾਂ ਗੁਰੂ ਸਾਹਿਬ ਨੇ ਇਸ ਸਬੰਧੀ ਨਵਾਂ ਸੰਕਲਪ ਪੇਸ਼ ਕਰਕੇ ਮਨੁੱਖ ਨੂੰ ਚੰਗੇ ਕਰਮ ਕਰਨ ਪਤੀ ਸੁਚੇਤ ਕੀਤਾ ਹੈ ਅਤੇ ਨਾਮ ਸਿਮਰਨ ਰਾਹੀਂ ਚੌਰਾਸੀ ਲੱਖ ਜੂਨ ਤੋਂ ਬਚਣ ਦਾ ਉਪਾਅ ਵੀ ਦੱਸਿਆ ਹੈ।

**(ਖ) ਸਵਰਗ/ਨਰਕ ਦੀ ਮਿੱਥ ਦਾ ਰੂਪਾਂਤਰਣ :**

ਹਿੰਦੂ ਧਰਮ ਵਿਚ ਸਵਰਗ/ਨਰਕ ਦੀ ਮਿੱਥ ਪ੍ਰਚੱਲਿਤ ਹੈ। ਹਿੰਦੂ (ਵਿਸਥਾਰ ਪਹਿਲਾਂ ਦਿੱਤਾ ਜਾ ਚੁੱਕਾ ਹੈ) ਹਿੰਦੂ ਧਰਮ ਅਨੁਸਾਰ ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ ਉਹੋ ਜਿਹਾ ਸਥਾਨ ਉਸ ਨੂੰ ਪ੍ਰਾਪਤ ਹੁੰਦਾ ਹੈ। ਜੇਕਰ ਮਨੁੱਖ ਚੰਗੇ ਕਰਮ ਕਰਦਾ ਹੈ ਤਾਂ ਸਵਰਗ ਦੀ ਪ੍ਰਾਪਤੀ ਕਰਦਾ ਹੈ। ਜੇਕਰ ਮਾੜੇ ਕੰਮ ਕਰਦਾ ਹੈ ਤਾਂ ਉਹ ਨਰਕ ਦੀ ਪ੍ਰਾਪਤੀ ਕਰਦਾ ਹੈ। ਹਿੰਦੂ ਧਰਮ ਅਨੁਸਾਰ ਸਵਰਗ/ਨਰਕਾਂ ਬ੍ਰਹਿਮੰਡ ਵਿਚ ਸਥਿਤ ਹੈ। ਸਵਰਗ ਵਿਚ ਦੇਵਤੇ ਰਹਿੰਦੇ ਹਨ ਅਤੇ ਨਰਕ ਵਿਚ ਦੈਂਤ ਭਾਵ ਮਾੜੇ ਲੋਕ ਰਹਿੰਦੇ ਹਨ।

ਗੁਰੂ-ਬਾਣੀ ਵਿਚ ਸਵਰਗ/ਨਰਕ ਦਾ ਰੂਪਾਂਤਰਣ ਮਿਲਦਾ ਹੈ। ਗੁਰੂ ਸਾਹਿਬ ਮਿੱਥ ਦਾ ਰੂਪਾਂਤਰਣ ਕਰਦੇ ਹੋਏ ਲਿਖਦੇ ਹਨ ਕਿ ਇਸ ਧਰਤੀ ਤੇ ਹੀ ਸਵਰਗ ਹੈ ਤੇ ਇਥੇ ਹੀ ਨਰਕ ਹੈ। ਇਹ ਕਿਸੇ ਹੋਰ ਜਗ੍ਹਾ ਬ੍ਰਹਿਮੰਡ ਵਿਚ ਸਥਿੱਤ ਨਹੀਂ। ਗੁਰੂ ਸਾਹਿਬ ਅਨੁਸਾਰ ਜੋ ਵਿਅਕਤੀ ਚੰਗੇ ਕੰਮ ਕਰਦਾ ਹੈ ਉਹ ਇਸੇ ਸੰਸਾਰ ਤੇ ਚੰਗਾ ਜੀਵਨ ਸਵਰਗ ਦੀ ਤਰ੍ਹਾਂ ਹੰਢਾਉਂਦਾ ਹੈ। ਜੋ ਵਿਅਕਤੀ ਬੁਰੇ ਕੰਮ ਕਰਦਾ ਹੈ ਉਹ ਇਸੇ ਸੰਸਾਰ ਤੇ ਨਰਕ ਵਰਗਾ ਜੀਵਨ ਬਤੀਤ ਕਰਦਾ ਹੈ।

ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ। [43]

ਚਉਰਾਸੀਹ ਨਰਕ ਸਾਕਤੁ ਭੋਗਾਈਐ। ਜੈਸਾ ਕੀਚੈ ਤੈਸੋ ਪਾਈਐ। [44]

ਇਸ ਤਰ੍ਹਾਂ ਗੁਰੂ ਸਾਹਿਬ ਨੇ ਸਵਰਗ/ਨਰਕ ਸਬੰਧੀ ਮਿੱਥ ਦਾ ਰੂਪਾਂਤਰਣ ਕਰਕੇ ਸਵਰਗ/ਨਰਕ ਦੇ ਸੰਕਲਪ ਨੂੰ ਹੀ ਬਦਲ ਦਿੱਤਾ ਹੈ। ਉਨ੍ਹਾਂ ਅਨੁਸਾਰ ਜੀਵ ਦੀ ਮੌਤ ਉਪਰ ਉਸ

ਨੂੰ ਕੋਈ ਸਵਰਗ-, ਨਰਕ ਨਹੀਂ ਮਿਲਦਾ। ਉਨ੍ਹਾਂ ਅਨੁਸਾਰ ਮਨੁੱਖ ਦੀ ਮੌਤ ਉਪਰੰਤ ਜਾ ਤਾਂ ਉਸ ਨੂੰ ਚੌਰਾਸੀ ਲਖ ਜੂਨ ਮਿਲਦੀ ਹੈ ਜਾਂ ਮੁਕਤੀ ਮਿਲਦੀ ਹੈ।

## (ਗ) ਰਾਮ/ਰਾਵਣ ਦੀ ਮਿੱਥ ਦਾ ਰੂਪਾਂਤਰਣ:

ਰਮਾਇਣ ਵਿਚ ਰਾਮ/ਰਾਵਣ ਸਬੰਧੀ ਮਿੱਥ ਕਥਾ ਦਰਜ ਹੈ ਕਿ ਹੰਕਾਰੀ ਰਾਵਣ ਨੇ ਰਾਮ ਦੀ ਪਤਨੀ ਸੀਤਾ ਦਾ ਹਰਣ ਕਰ ਲਿਆ ਅਤੇ ਲੰਕਾ ਲੈ ਗਿਆ। ਰਾਮ ਚੰਦਰ ਜੀ ਨੇ ਰਾਵਣ ਨੂੰ ਮਾਰ ਦਿੱਤਾ ਅਤੇ ਸਾਰਾ ਰਾਜ ਭਾਗ ਬਭੀਸਣ ਨੂੰ ਦੇ ਦਿੱਤਾ। (ਪੂਰੀ ਕਥਾ ਵਿਸਥਾਰ ਸਹਿਤ ਪਹਿਲਾਂ ਦਿੱਤੀ ਜਾ ਚੁੱਕੀ ਹੈ)

ਗੁਰੂ-ਬਾਣੀ ਵਿਚ ਗੁਰੂ ਸਾਹਿਬਾਨ ਨੇ ਇਸ ਮਿੱਥ ਕਥਾ ਦਾ ਰੂਪਾਂਤਰਣ ਕਰ ਦਿੱਤਾ ਹੈ। ਆਪ ਬ੍ਰਹਮ ਲਈ ਮੱਧ ਕਾਲ ਸਮੇਂ ਪ੍ਰਚੱਲਿਤ 'ਰਾਮ' ਨਾਮ ਵਰਤਦੇ ਹੋਏ ਰਾਮ ਨੂੰ ਬ੍ਰਹਮ ਦੇ ਪ੍ਰਤੀਕ ਵਜੋਂ ਪੇਸ਼ ਕਰਦੇ ਹੋਏ ਇਹ ਵਿਚਾਰ ਪੇਸ਼ ਕਰਦੇ ਹਨ। ਬ੍ਰਹਮ ਨੇ ਸੰਸਾਰ ਨੂੰ ਤਾਰਣ ਲਈ ਗੁਰਮੁਖ ਰੂਪੀ ਪੁਲ ਬੰਨ੍ਹ ਦਿੱਤਾ ਹੈ। ਗੁਰਮੁਖ ਨੇ ਕਾਮਦਾਇਕ ਰੂਪੀ ਦੈਂਤ ਮਾਰੇ ਹਨ ਤੇ ਸਰੀਰ ਰੂਪੀ ਲੰਕਾ ਨੂੰ ਕਾਮਦਾਇਕ ਦੈਂਤਾਂ ਦੇ ਕਬਜੇ ਵਿਚੋਂ ਛੁਡਾਇਆ ਹੈ। ਗੁਰਮੁਖ ਰੂਪੀ ਰਾਮ ਨੇ ਹੰਕਾਰ ਰੂਪੀ ਰਾਵਣ ਨੂੰ ਮਾਰ ਕੇ ਬਭੀਖਣ ਨੂੰ ਰਾਜ ਭਾਗ ਸੌਂਪ ਦਿੱਤਾ ਹੈ। ਗੁਰੂ ਸਾਹਿਬ ਇਸ ਸਬੰਧੀ ਫੁਰਮਾਉਂਦੇ ਹਨ:

> ਗੁਰਮੁਖਿ ਬਾਂਧਿਓ ਸੇਤੁ ਬਿਧਾਤੈ
> ਲੰਕਾ ਲੂਟੀ ਦੈਤ ਸੰਤਾਪੈ
> ਰਾਮਚੰਦਿ ਮਾਰਿਓ ਅਹਿ ਰਾਵਣ
> ਭੇਦੁ ਬਭੀਖਣ ਗੁਰਮੁਖਿ ਪਰਚਾਇਣੁ।[43]

ਇਸ ਤਰ੍ਹਾਂ ਉਪਰੋਕਤ ਮਿੱਥ ਦਾ ਰੂਪਾਂਤਰਣ ਕਰਕੇ ਗੁਰੂ ਸਾਹਿਬ ਨੇ ਨੇਕੀ ਦੀ ਬਦੀ ਉੱਪਰ ਜਿੱਤ ਨੂੰ ਦਰਸਾਇਆ ਹੈ। ਗੁਰੂ ਸਾਹਿਬ ਇਸ ਉਪਰੋਕਤ ਮਿੱਥ ਰਾਹੀਂ ਰਾਮ ਨੂੰ ਬ੍ਰਹਮ ਇਹ ਦਰਸਾਇਆ ਹੈ ਕਿ ਬ੍ਰਹਮ ਦੁਆਰਾ ਗੁਰਮੁਖ ਰੂਪੀ ਰਾਮ ਨੇ ਕਾਮ ਨੂੰ ਖਤਮ ਕਰਨ ਲਈ ਅਜਿਹਾ

ਗੁਰਮੁਖ ਰੂਪੀ ਪੁਲ ਸਥਾਪਤ ਕੀਤਾ ਜਿਸ ਨਾਲ ਉਸ ਨੇ ਸਰੀਰ ਰੂਪੀ ਲੰਕਾ ਨੂੰ ਕਾਮਦਾਇਕ ਦੈਂਤਾਂ ਦੇ ਕਬਜੇ ਤੋਂ ਛੁਡਾਇਆ ਹੈ।

### (ਘ) ਧੌਲ ਧਰਮ ਦੀ ਮਿੱਥ ਦਾ ਰੂਪਾਂਤਰਣ :

ਹਿੰਦੂ ਧਰਮ ਵਿਚ ਮਿੱਥ ਪ੍ਰਚੱਲਿਤ ਹੈ ਕਿ ਧਰਤੀ ਬਲਦ ਦੇ ਸਿੰਗਾਂ ਉੱਪਰ ਖੜ੍ਹੀ ਹੈ ਜਦੋਂ ਬਲਦ ਆਪਣਾ ਸਿੰਗ ਬਦਲਦਾ ਹੈ ਤਾਂ ਧਰਤੀ ਹਿਲਦੀ ਹੈ ਅਤੇ ਭੁਚਾਲ ਆਉਂਦਾ ਹੈ। (ਇਹ ਮਿੱਥ ਕਥਾ ਪਹਿਲਾਂ ਦਿੱਤੀ ਜਾ ਚੁੱਕੀ ਹੈ)

ਗੁਰੂ ਸਾਹਿਬ ਇਸ ਮਿੱਥ ਦਾ ਰੂਪਾਂਤਰਣ ਕਰਦੇ ਹਨ। ਉਨ੍ਹਾਂ ਅਨੁਸਾਰ ਧਰਤੀ ਬਲਦ ਦੇ ਸਹਾਰੇ ਨਹੀਂ ਖੜ੍ਹੀ ਹੈ। ਜੇਕਰ ਧਰਤੀ ਬਲਦ ਦੇ ਸਹਾਰੇ ਖੜ੍ਹੀ ਹੈ ਤਾਂ ਬਲਦ ਕਿਸ ਉੱਪਰ ਖੜ੍ਹਾ ਹੈ। ਗੁਰੂ ਸਾਹਿਬ ਅਨੁਸਾਰ ਧਰਤੀ ਧਰਮ ਦੇ ਸਹਾਰੇ ਖੜ੍ਹੀ ਹੈ। ਜਦੋਂ ਵੀ ਧਰਤੀ ਉਤੇ ਪਾਪ ਵਧਦੇ ਹਨ ਅਤੇ ਧਰਮ ਦੀ ਅਵੱਗਿਆ ਹੁੰਦੀ ਹੈ ਤਾਂ ਧਰਤੀ ਡੋਲਦੀ ਹੈ। ਧਰਮ ਦਇਆ ਦੇ ਸਹਾਰੇ ਖੜ੍ਹਾ ਹੈ, ਦਇਆ ਨੇ ਧਰਮ ਨੂੰ ਨੂੜ ਕੇ ਭਾਵ ਕੰਟਰੋਲ ਕਰਕੇ ਰੱਖਿਆ ਹੋਇਆ ਹੈ।

> ਧੌਲੁ ਧਰਮੁ ਦਇਆ ਕਾ ਪੂਤੁ।
> ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।[46]

ਇਸ ਤਰ੍ਹਾਂ ਗੁਰੂ ਸਾਹਿਬ ਨੇ ਧੌਲ ਧਰਮ ਦੀ ਮਿੱਥ ਦਾ ਰੂਪਾਂਤਰਣ ਕਰਦੇ ਹੋਏ ਧੌਲੇ ਨੂੰ ਧਰਮ ਵਿਚ ਬਦਲ ਦਿੱਤਾ ਹੈ। ਉਨ੍ਹਾਂ ਧਰਤੀ ਨੂੰ ਧਰਮ ਉੱਪਰ ਟਿਕੀ ਦੱਸਿਆ ਹੈ, ਜੋ ਦਇਆ ਦਾ ਪੁੱਤਰ ਹੈ। ਇਸ ਰੂਪਾਂਤਰਣ ਵਿਚ ਇਹ ਦਰਸਾਇਆ ਗਿਆ ਹੈ ਕਿ ਧਰਤੀ ਮਾਨਵ ਸਮਾਜ ਦਾ ਪ੍ਰਤੀਕ ਹੈ। ਉਹਨਾਂ ਨੇ ਦਇਆ ਨੂੰ ਮਨੁੱਖੀ ਮੂਲ ਬਣਾਇਆ ਹੈ ਜਿਸ ਦੁਆਰਾ ਮਾਨਵੀ ਰਿਸ਼ਤੇ ਵਧੀਆ ਤਰੀਕੇ ਨਾਲ ਮਾਨਵ ਸਮਾਜ ਸਿਰਜਦੇ ਹਨ।

### (ਙ) ਕ੍ਰਿਸ਼ਨ-ਗੋਪੀਆਂ ਸਬੰਧੀ ਮਿੱਥ ਦਾ ਰੂਪਾਂਤਰਣ :

ਮੱਧਕਾਲ ਵਿਚ ਕ੍ਰਿਸ਼ਨ ਗੋਪੀਆਂ ਦੇ ਪਿਆਰ ਸਬੰਧੀ ਮਿੱਥ ਕਥਾ ਜੋ ਰਾਮਲੀਲਾ (ਭਾਵ ਨਾਟਕ) ਦੇ ਰੂਪ ਵਿਚ ਪੰਜਾਬ ਅਤੇ ਹੋਰ ਸਥਾਨਾਂ ਤੇ ਪੇਸ਼ ਕੀਤੀ ਜਾਂਦੀ ਰਹੀ ਹੈ, ਦਾ ਰੂਪਾਂਤਰਣ ਗੁਰੂ-ਬਾਣੀ ਵਿਚ ਪੇਸ਼ ਹੇਠ ਲਿਖਤ ਸ਼ਬਦ ਰਾਹੀਂ ਹੋਇਆ ਹੈ:

ਘੜੀਆ ਸਭੇ ਗੋਪੀਆ ਪਹਰ ਕੰਨ ਗੋਪਾਲ।

ਗਹਣੇ ਪਾਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ॥

ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ।[47]

ਇਸ ਉਪਰੋਕਤ ਸ਼ਬਦ ਵਿਚ ਗੁਰੂ ਸਾਹਿਬ ਕ੍ਰਿਸ਼ਨ-ਗੋਪੀਆਂ ਸਬੰਧੀ ਮਿੱਥ ਕਥਾ ਦਾ ਰੂਪਾਂਤਰਣ ਕਰਦੇ ਹੋਏ ਲਿਖਦੇ ਹਨ ਕਿ ਘੜੀਆਂ ਮੰਨ ਲਓ ਗੋਪੀਆਂ ਹਨ ਅਤੇ 'ਪਹਿਰ' 'ਗੋਪਾਲ' (ਕ੍ਰਿਸ਼ਨ) ਹੈ। ਹਵਾ ਪਾਣੀ ਤੇ ਅੱਗ ਮਾਨੋ 'ਗਹਿਣੇ' ਹਨ ਤੇ ਚੰਦਰਮਾ ਤੇ ਸੂਰਜ ਅਵਤਾਰ ਹਨ। ਧਰਤੀ ਦੇ ਸਾਰੇ ਪਦਾਰਥ ਮਾਨੋ ਨਾਟਕ ਦਾ ਸਾਜ਼ ਹਨ ਤੇ ਸੰਸਾਰਕ ਧੰਦੇ ਨਾਟਕੀ ਘਟਨਾਵਾਂ ਹਨ। ਘੜੀਆਂ 24 ਘੰਟੇ ਗੋਪੀਆਂ ਦੀ ਤਰ੍ਹਾਂ ਪਹਿਰਾ ਭਾਵ ਕ੍ਰਿਸ਼ਨ ਦੁਆਲੇ ਘੁੰਮਦੀਆਂ ਹਨ ਭਾਵ ਨਚਦੀਆਂ ਹਨ। ਗਹਿਣੇ ਜੋ ਗੋਪੀਆਂ ਤੇ ਕ੍ਰਿਸ਼ਨ ਨੇ ਪਾਏ ਉਹ ਹਵਾ, ਪਾਣੀ ਤੇ ਅੱਗ ਹਨ। ਚੰਦਰਮਾ ਤੇ ਸੂਰਜ ਜੋ ਅਵਤਾਰ ਹਨ, ਉਨ੍ਹਾਂ ਦੀ ਉਹ ਸਾਂਗ, ਉਤਾਰਦੇ ਹਨ। ਸਾਰੀ ਧਰਤੀ ਦੀਆਂ ਚੀਜਾਂ ਰਾਸ ਲੀਲਾ ਜਾਂ ਨਾਟਕ ਦਾ ਸਮਾਨ ਬਣੀਆਂ ਹਨ ਤੇ ਸਾਰੇ ਧੰਦੇ ਉਸ ਨਾਟਕ ਵਿਚਲੇ ਵਾਕਿਆਤ ਹਨ।

ਇਸ ਤਰ੍ਹਾਂ ਗੁਰੂ ਸਾਹਿਬ ਨੇ ਉਪਰੋਕਤ ਸਿੱਖ ਦਾ ਰੂਪਾਂਤਣ ਕਰਕੇ ਨਵੇਂ ਅਰਥ ਸਿਰਜ ਦਿੱਤੇ ਹਨ ਬ੍ਰਹਿਮੰਡ ਵਿਚਲੀਆਂ ਵਸਤਾਂ ਨੂੰ ਕ੍ਰਿਸ਼ਨ-ਗੋਪੀਆਂ ਨਾਲ ਤੁਲਨਾ ਕਰਕੇ ਕੁਦਰਤ ਦੀ ਰਾਸ ਲੀਲਾ ਦੀ ਪੇਸ਼ਕਾਰੀ ਕੀਤੀ ਹੈ ਅਤੇ ਬ੍ਰਹਮ ਦੁਆਰਾ ਸਿਰਜਤ ਨਾਟਕ ਨੂੰ ਖ਼ੂਬਸੂਰਤੀ ਨਾਲ ਬਿਆਨ ਕਰਕੇ ਸੰਸਾਰੀ ਰਾਸ ਲੀਲਾ ਉਪਰ ਕਰੜਾ ਵਿਅੰਗ ਕੀਤਾ ਹੈ।

### (ਚ) ਆਰਤੀ ਦਾ ਰੂਪਾਂਤਰਣ :

ਹਿੰਦੂ ਧਰਮ ਵਿਚ ਦੇਵੀ-ਦੇਵਤੇ/ਅਵਤਾਰ ਨੂੰ ਰੀਝਾਣ ਲਈ ਸ਼ਾਮ ਦੇ ਵਕਤ ਆਰਤੀ ਕੀਤੀ ਜਾਂਦੀ ਹੈ। ਦੀਵਿਆਂ ਵਿਚ ਤੇਲ ਜਾਂ ਘਿਉ ਪਾ ਕੇ ਬਲਦੇ ਦੀਵੇ ਇਕ ਥਾਲ ਵਿਚ ਰੱਖ ਕੇ ਦੇਵਤੇ ਦੀ ਮੂਰਤੀ ਦੇ ਸਾਹਮਣੇ ਖਲੋ ਕੇ ਉਸ ਦੀ ਉਪਾਸਨਾ ਕੀਤੀ ਜਾਂਦੀ ਹੈ। ਇਸ ਸਮੇਂ ਕੇਸਰ, ਚੰਦਨ, ਮੁਸਕ ਕਪੂਰ, ਅਗਰਬੱਤੀਆਂ, ਧੂਪ ਆਦਿ ਜਲਾ ਕੇ ਸੁਗੰਧੀਆਂ ਪੈਦਾ ਕੀਤੀਆਂ

ਜਾਂਦੀਆਂ ਹਨ। ਆਰਤੀ ਵਿਚ ਰੱਖੇ ਦੀਵਿਆਂ ਦੀ ਗਿਣਤੀ ਪੰਜ ਸੱਤ ਤੇ ਨੌਂ ਹੁੰਦੀ ਹੈ। ਆਰਤੀ ਦੀ ਹੋਰ ਸਮੱਗਰੀ ਵਿਚ ਧੂਪ, ਫਲ, ਫੁੱਲ, ਜਲ ਆਦਿ ਚੀਜ਼ਾਂ ਥਾਲ ਵਿਚ ਰੱਖ ਦੀਵਿਆਂ ਸਮੇਤ ਮੂਰਤੀ ਅੱਗੇ ਆਰਤੀ ਕੀਤੀ ਜਾਂਦੀ ਹੈ। ਹਿੰਦੂ ਸ਼ਾਸਤਰਾਂ ਅਨੁਸਾਰ ਇਹ ਆਰਤੀ ਚਾਰ ਵਾਰ ਦੇਵੀ-ਦੇਵਤੇ ਦੇ ਚਰਨਾਂ ਅੱਗੇ, ਦੋ ਵਾਰ ਨਾਭੀ ਉਤੇ, ਇਕ ਵਾਰ ਮੂੰਹ ਉਤੇ ਅਤੇ ਸੱਤ ਵਾਰ ਸਾਰੇ ਸਰੀਰ ਉਤੇ ਕਰਨੀ ਲਾਜ਼ਮੀ ਹੈ।[48]

ਗੁਰੂ ਸਾਹਿਬ ਨੇ ਹਿੰਦੂ ਧਰਮ ਵਿਚ ਕੀਤੀ ਜਾਂਦੀ ਉਪਰੋਕਤ ਆਰਤੀ ਦਾ ਰੂਪਾਤਰਣ ਕਰਦੇ ਹੋਏ ਇਹ ਸ਼ਬਦ ਉਚਾਰਦੇ ਹਨ:

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ॥
ਧੂਪ ਸਲ ਆਨਲੋ ਪਵਣੁ ਚਵਰੋ ਕਰੇ, ਸਗਲ ਬਨਰਾਇ ਫੂਲੰਤ ਜੋਤੀ।੧।
ਕੈਸੀ ਆਰਤੀ ਹੋਇ॥ ਭਵ ਖੰਡਨਾ ਤੇਰੀ ਆਰਤੀ
ਅਨਹਤਾ ਸਬਦ ਵਾਜੰਤ ਤੇਰੀ॥੯। ਰਹਾਓ

..........................................

...........................................

ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ, ਅਨਦਿਨੋ ਮੋਹਿ ਆਹੀ ਪਿਆਸਾ।
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ।[49]

ਆਪ ਆਰਤੀ ਦਾ ਰੂਪਾਂਤਰਣ ਕਰਦੇ ਹੋਏ ਆਰਤੀ ਦੇ ਥਾਲ ਨੂੰ ਆਸਮਾਨ ਵਿਚ ਦੀਵਿਆਂ ਨੂੰ ਚੰਦ; ਸੂਰਜ ਵਿਚ; ਮੋਤੀਆਂ ਨੂੰ ਤਾਰਿਆਂ ਵਿਚ; ਚੋਰੀ ਨੂੰ ਪਵਨ ਵਿਚ, ਫੁੱਲਾਂ ਨੂੰ ਗਗਨ ਬਨਸਪਤੀ ਵਿਚ, ਧੂਫ਼ ਨੂੰ ਮਹਿਕਦੇ ਜੰਗਲਾਂ ਵਿਚ ਅਤੇ ਭੇਰੀ ਨੂੰ ਅਨਹਦ ਸ਼ਬਦ ਵਿਚ ਰੂਪਾਂਤਰਿਤ ਕਰ ਦਿੱਤਾ ਹੈ। ਰੂਪਾਂਤਰਣ ਦੀ ਇਸ ਵਿਧੀ ਰਾਹੀਂ ਗੁਰੂ ਸਾਹਿਬ ਨੇ ਵਿਸ਼ੇਸ਼ ਸਮੇਂ, ਸਥਾਨ ਨਾਲ ਜੁੜੀਆਂ ਵਸਤੂਆਂ ਨੂੰ ਬ੍ਰਹਿਮੰਡੀ ਵਸਤੂਆਂ ਵਿਚ ਬਦਲ ਦਿੱਤਾ ਹੈ। ਇਸ ਤਰ੍ਹਾਂ

ਜਿਥੇ ਗੁਰੂ ਸਾਹਿਬ ਨੇ ਮਾਨਵ ਸਿਰਜਤ ਵਸਤੂਆਂ ਦੁਆਰਾ ਕੀਤੀ ਜਾ ਰਹੀ ਆਰਤੀ ਦਾ ਰੂਪਾਂਤਰਣ ਬ੍ਰਹਮ ਸਿਰਜਤ ਵਸਤੂਆਂ ਰਾਹੀਂ ਕੀਤਾ ਹੈ ਉਥੇ ਨਾਲ ਹੀ ਉਨ੍ਹਾਂ ਨੇ ਮਨੁੱਖ ਨੂੰ ਅਵਤਾਰੀ ਦੇਵੀ-ਦੇਵਤਿਆਂ ਦੀ ਆਰਤੀ ਛੱਡ ਬ੍ਰਹਮ ਦੀ ਆਰਤੀ ਕਰਨ ਵੱਲ ਪਰੇਰਿਤ ਕੀਤਾ ਹੈ। ਉਨ੍ਹਾਂ ਨੇ ਇਸ ਰੁਪਾਂਤਰਣ ਰਾਹੀਂ ਇਸ ਮਿੱਥ ਨੂੰ ਤੋੜਿਆ ਹੈ ਕਿ ਅਵਤਾਰ/ਦੇਵੀ ਦੇਵਤੇ ਦੀ ਆਰਤੀ ਰਾਹੀਂ ਮਨੁੱਖ ਨੂੰ ਕੁਝ ਨਹੀਂ ਮਿਲ ਸਕਦਾ। ਉਸ ਨੂੰ ਉਸ ਨਿਰਗੁਣ ਬ੍ਰਹਮ ਦੀ ਆਰਤੀ ਕਰਨੀ ਚਾਹੀਦੀ ਹੈ ਜੋ ਮਨੁੱਖ ਨੂੰ ਮੁਕਤੀ ਦੁਆ ਸਕਦਾ ਹੈ।

## (ਛ) ਜਮਰਾਜ ਅਤੇ ਧਰਮਰਾਜ ਸਬੰਧੀ ਮਿੱਥ ਦਾ ਰੂਪਾਂਤਰਣ :

ਹਿੰਦੂ ਮਿਥਿਹਾਸ ਵਿਚ ਪ੍ਰਚੱਲਿਤ ਮਿੱਥ ਅਨੁਸਾਰ ਜਮਰਾਜ ਮਰਨ ਸਮੇਂ ਵਿਅਕਤੀ ਨੂੰ ਲੈ ਕੇ ਧਰਮਰਾਜ ਕੋਲ ਲੈ ਜਾਂਦਾ ਹੈ, ਜੋ ਮਨੁੱਖ ਦੇ ਚੰਗੇ ਮਾੜੇ ਕਰਮਾਂ ਦਾ ਹਿਸਾਬ ਕਿਤਾਬ ਰੱਖਦਾ ਹੈ। ਧਰਮਰਾਜ ਮਨੁੱਖ ਨੂੰ ਕਰਮਾਂ ਅਨੁਸਾਰ ਸਜ਼ਾ ਦਿੰਦਾ ਹੈ। (ਇਸ ਸਬੰਧੀ ਮਿੱਥ ਕਥਾ ਪਹਿਲਾਂ ਪੇਸ਼ ਕੀਤੀਆਂ ਜਾ ਚੁੱਕੀਆਂ ਹਨ)

ਗੁਰੂ-ਬਾਣੀ ਵਿਚ ਜਮਰਾਜ ਅਤੇ ਧਰਮਰਾਜ ਸਬੰਧੀ ਮਿੱਥਾਂ ਦਾ ਰੂਪਾਂਤਰਣ ਹੋਇਆ ਹੈ। ਗੁਰੂ ਸਾਹਿਬ ਅਨੁਸਾਰ ਜਮਰਾਜ ਅਤੇ ਧਰਮਰਾਜ ਬ੍ਰਹਮ ਦੇ ਅਧੀਨ ਹਨ ਅਤੇ ਉਸ ਦੇ ਹੁਕਮ ਅਨੁਸਾਰ ਹੀ ਕਾਰਜ ਕਰਦੇ ਹਨ। ਬ੍ਰਹਮ ਉਨ੍ਹਾਂ ਨੂੰ ਆਪਣੇ ਨਿਯੰਤਰਣ ਵਿਚ ਰੱਖਦਾ ਹੈ।

ਕਲਿ ਮਹਿ ਜਮੁ ਜੰਦਾਰੁ ਹੈ ਹੁਕਮੇ ਕਾਰ ਕਮਾਇ।[50]

..................................................

ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ।[51]

ਇਸ ਤਰ੍ਹਾਂ ਜਮਰਾਜ ਅਤੇ ਧਰਮਰਾਜ ਸਬੰਧੀ ਮਿੱਥ ਦਾ ਰੂਪਾਂਤਰਣ ਕਰਦੇ ਹੋਏ ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਜੋ ਮਨੁੱਖ ਪ੍ਰਭੂ ਦੀ ਭਗਤੀ ਕਰਦਾ ਹੈ ਅਤੇ ਸੇਵਕ ਹੈ ਉਸ (ਗੁਰਮੁਖ) ਦਾ ਜਮਰਾਜ ਅਤੇ ਧਰਮਰਾਜ ਕੁਝ ਨਹੀਂ ਵਿਗਾੜ ਸਕਦੇ। ਪਰ ਜੋ ਮਨੁੱਖ ਪ੍ਰਭੂ ਤੋਂ ਬੇਮੁਖ ਹੈ ਉਸਦੀ ਭਗਤੀ ਨਹੀਂ ਕਰਦਾ, ਉਸ (ਮਨਮੁੱਖ) ਉਪਰ ਜਮਰਾਜ ਅਤੇ ਧਰਮਰਾਜ

ਸਰਦਾਰੀ ਕਰਦੇ ਹਨ। ਗੁਰੂ ਸਾਹਿਬ ਅੱਗੇ ਸਮਝਾਉਂਦੇ ਹਨ ਕਿ ਜੋ ਮਨੁੱਖ ਸੱਚੇ ਗੁਰੂ ਦੀ ਅਗਵਾਹੀ ਹੇਠ ਨਾਮ ਸਿਮਰਨ ਕਰਦੇ ਹਨ, ਜਮਰਾਜ ਅਤੇ ਧਰਮਰਾਜ ਉਸ ਨਾਲ ਮਿਤਰਤਾਈ ਸਬੰਧ ਸਥਾਪਤ ਕਰਦੇ ਹਨ ਅਤੇ ਉਸਦੀ ਸੇਵਾ ਵਿਚ ਸਦਾ ਰਹਿੰਦੇ ਹਨ।

ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ ਮਿਲੈ
ਸੋ ਹਰਿ ਗੁਣ ਗਾਵੈ॥
ਧਰਮ ਰਾਇ ਤਿਨ ਕਾ ਮਿਤੁ ਹੈ
ਜਮ ਮਗਿ ਨ ਪਾਵੈ।[52]
ਜਮਕਾਲੈ ਵਸਿ ਜਗੁ ਬਾਂਧਿਆ ਤਿਸ ਦਾ ਫਰੂ ਨ ਕੋਇ
ਜਿਨਿ ਜਮੁ ਕੀਤਾ ਸੋ ਸੇਵੀਐ ਗੁਰਮੁਖਿ ਦੁਖੁ ਨ ਹੋਇ
ਨਾਨਕ ਗੁਰਮੁਖਿ ਜਮੁ ਸੇਵਾ ਕਰੇ ਜਿਨ ਮਨਿ ਸਚਾ ਹੋਇ।[53]

ਇਸ ਤਰ੍ਹਾਂ ਗੁਰੂ ਸਾਹਿਬ ਨੇ ਜਮਰਾਜ ਅਤੇ ਧਰਮ ਰਾਜ ਦੀ ਮਿੱਥ ਦਾ ਰੂਪਾਂਤਰਣ ਕਰਕੇ ਜਿਥੇ ਜਮਰਾਜ ਅਤੇ ਧਰਮਰਾਜ ਦੇ ਭੈ ਸਬੰਧੀ ਮਿੱਥ ਨੂੰ ਤੋੜਿਆ ਹੈ ਉਥੇ ਨਾਲ ਉਨ੍ਹਾਂ ਮਨੁੱਖ ਨੂੰ ਗੁਰੂ ਦੀ ਸ਼ਰਨ ਵਿਚ ਆ ਕੇ ਪ੍ਰਭੂ ਭਗਤੀ ਅਤੇ ਚਗੇ ਕਰਮ ਕਰਨ ਵੱਲ ਪਰੇਰਿਤ ਵੀ ਕੀਤਾ ਹੈ ਤਾਂ ਜੋ ਜਮਰਾਜ ਅਤੇ ਧਰਮਰਾਜ ਦੇ ਭੈ ਤੋਂ ਦੂਰ ਰਿਹਾ ਜਾ ਸਕੇ।

**(ਜ) ਸਮੁੰਦਰ ਮੰਥਨ ਦੀ ਮਿੱਥ ਦਾ ਰੂਪਾਂਤਰਣ :**

'ਪੁਰਾਣ ਕਥਾਵਾਂ' ਅਨੁਸਾਰ ਦੁੱਧ ਦਾ ਇਕ ਅਜਿਹਾ ਸਮੁੰਦਰ ਕਲਪਿਤ ਕੀਤਾ ਗਿਆ ਗਿਆ ਹੈ, ਜਿਸ ਵਿਚ ਵਿਸ਼ਨੂੰ ਵਿਸ਼੍ਰਾਮ ਕਰਦਾ ਹੈ। ਵਿਸ਼ਨੂੰ ਦੀ ਸਹਾਇਤਾ ਨਾਲ ਦੈਤਾਂ ਅਤੇ ਦੇਵਤਿਆਂ ਨੇ ਇਸ ਸਮੁੰਦਰ ਨੂੰ ਰਿੜਕਿਆ, ਜਿਸ ਵਿਚ ਮਧਾਣੀ ਦੀ ਥਾਂ ਮੰਦਰਾਯ ਪਰਬਤ ਅਤੇ ਨੇਤ੍ਰੈ ਵਜੋਂ ਬਾਸਕ ਨਾਗ ਦੀ ਵਰਤੋਂ ਕੀਤੀ ਗਈ। ਜਦ ਪਹਾੜ ਡੁਬਣ ਲੱਗਾ ਤਾਂ ਵਿਸ਼ਨੂੰ ਨੇ ਕੱਛੂ ਦਾ ਰੂਪ ਧਾਰਣ ਕਰਕੇ ਇਸ ਨੂੰ ਥੰਮਿਆ। ਇਸ ਸਮੁੰਦਰ ਵਿਚੋਂ ਚੌਦਾਂ ਰਤਨ ਨਿਕਲੇ ਜੋ ਦੇਵਤਿਆਂ ਅਤੇ ਦੈਂਤਾਂ ਵਿਚ ਵੰਡੇ ਗਏ।"[54]

ਗੁਰੂ-ਬਾਣੀ ਵਿਚ ਸਮੁੰਦਰ ਮੰਥਨ ਦੀ ਮਿੱਥ ਦਾ ਰੂਪਾਂਤਰਣ ਹੇਠ ਲਿਖਤ ਸ਼ਬਦ ਰਾਹੀਂ ਕੀਤਾ ਗਿਆ ਹੈ:

ਸਮੁੰਦੁ ਵਿਰੋਲਿ ਸਰੀਰ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ।
ਗੁਰ ਗੋਬਿੰਦੁ ਗੁਵਿੰਦੁ ਗੁਰੂ ਹੈ। ਨਾਨਕ ਭੇਦੁ ਨ ਭਾਈ।[55]

ਉਪਰੋਕਤ ਸ਼ਬਦ ਰਾਹੀਂ ਗੁਰੂ ਸਾਹਿਬ ਇਸ ਮਿੱਥ ਦਾ ਰੂਪਾਂਤਰਣ ਕਰਦੇ ਹੋਏ ਲਿਖਦੇ ਹਨ ਕਿ ਮੈਂ ਸਮੁੰਦਰ ਰੂਪੀ ਸਰੀਰ ਨੂੰ ਫਰੋਲ ਕੇ ਵੇਖ ਲਿਆ ਹੈ ਜਿਸ ਵਿਚ ਮੈਨੂੰ ਅਜੀਬ ਤਰ੍ਹਾਂ ਦੀ ਵਸਤੂ ਦਿਖਾਈ ਦਿਤੀ ਹੈ। ਜੋ ਗੁਰੂ ਹੈ। ਗੁਰੂ ਮੈਨੂੰ ਬ੍ਰਹਮ ਹੀ ਲਗਦਾ ਹੈ ਅਤੇ ਬ੍ਰਹਮ ਗੁਰੂ ਹੈ। ਦੋਹਾਂ ਵਿਚ ਮੈਨੂੰ ਕੋਈ ਭੇਦ ਨਜ਼ਰ ਨਹੀਂ ਆਉਂਦਾ।

ਇਸ ਤਰ੍ਹਾਂ ਗੁਰੂ ਸਾਹਿਬ ਨੇ ਮਿੱਥ ਦਾ ਰੂਪਾਂਤਰਣ ਕਰਕੇ ਸਮੁੰਦਰ ਮੰਥਨ ਨੂੰ ਸਰੀਰ ਮੰਥਨ ਕਰਨ ਵਿਚ ਬਦਲ ਦਿੱਤਾ ਹੈ। ਗੁਰੂ ਸਾਹਿਬ ਨੇ ਕਿਹਾ ਹੈ ਕਿ ਆਪਣੇ ਸਰੀਰ ਦਾ ਮੰਥਨ ਕਰੋ ਭਾਵ ਸਰੀਰ ਵਿਚਲੇ ਮਨ ਨੂੰ ਬ੍ਰਹਮ ਦੀ ਭਗਤੀ ਰਾਹੀਂ ਲਿਵ ਲਾ ਕੇ ਫਰੋਲੇ ਤਾਂ ਹੀ ਆਪ ਨੂੰ ਅਜਿਹੀ ਵਸਤ ਪ੍ਰਾਪਤ ਹੋਵੇਗੀ ਜੋ ਗੁਰੂ ਹੋਵੇਗਾ। ਇਸ ਤਰ੍ਹਾਂ ਆਪ ਨੂੰ ਬ੍ਰਹਮ ਅਤੇ ਬ੍ਰਹਮ ਗੁਰੂ ਨਜ਼ਰ ਆਵੇਗਾ। ਗੁਰੂ ਹੀ ਆਪ ਨੂੰ ਬ੍ਰਹਮ ਨਾਲ ਮਿਲਾਵੇਗਾ। ਇਸ ਤਰ੍ਹਾਂ ਬ੍ਰਹਮ ਅਤੇ ਗੁਰੂ ਵਿਚ ਕੋਈ ਭੇਦ ਨਜ਼ਰ ਨਹੀਂ ਰਹੇਗਾ।

## ਗੁਰੂ-ਬਾਣੀ ਵਿਚ ਪੇਸ਼ ਮਿੱਥ ਕਥਾਵਾਂ ਦੇ ਪਰਿਰੂਪਣ ਰਾਹੀਂ ਕਲਾਤਮਕਤਾ

## ਪਰਿਰੂਪਣ:

'ਪਰਿਰੂਪਣ' ਅੰਗਰੇਜ਼ੀ ਪਦ ਰੀਫਲੈਕਸ਼ਨ (reflection) ਦਾ ਸਮਾਨਾਰਥਕ ਹੈ। ਮਾਨਵ ਹਿੰਦੀ ਕੋਸ਼ ਅਨੁਸਾਰ 'ਪਰਿ' ਦੇ ਸ਼ਾਬਦਿਕ ਅਰਥ 'ਕੇ ਤੁਲਯ' ਦੇ ਬਰਾਬਰ', 'ਸਮਾਨ' ਆਦਿ ਕੀਤੇ ਗਏ ਹਨ। ਪਰਿਰੂਪ ਤੋਂ ਭਾਵ ਹੈ, ਅਜਿਹਾ ਕਲਾਪੂਰਨ ਰੇਖਾ ਚਿੱਤਰ ਜਿਸ ਨੂੰ ਆਧਾਰ ਮੰਨ ਕੇ ਜਾਂ ਜਿਸ ਦੇ ਅਨੁਕਰਣ ਤੇ ਕੋਈ ਰਚਨਾ ਖੜ੍ਹੀ ਕੀਤੀ ਜਾਵੇ ... ਭਾਂਤੀ... ਡਿਜਾਇਨ ਆਦਿ।"[56] ਅੰਗਰੇਜ਼ੀ ਪਦ 'ਰਿਫਲੈਕਸ਼ਨ' ਦਾ ਸ਼ਾਬਦਿਕ ਅਰਥ 'ਪ੍ਰਤਿਬਿੰਬ', 'ਪ੍ਰਤਿਰੂਪ', 'ਪਰਾਵਰਤਨ', ਜਾਂ

'ਏਕ ਰੂਪ ਵਿਚ' ਕੀਤੇ ਗਏ ਹਨ।[57] ਇਸ ਤਰ੍ਹਾਂ ਪਰਿਰੂਪਣ ਤੋਂ ਭਾਵ ਹੋਇਆ : ਉਸੇ ਰੂਪ ਵਿਚ, ਸਿੱਧੇ ਰੂਪ ਵਿਚ ਜਾਂ ਪੂਰਵ ਨਿਰਧਾਰਤ ਅਰਥਾਂ ਵਿਚ।

'ਪਰਿਰੂਪਣ' ਵਿਚ ਸਾਹਿਤਕਾਰ ਲੋਕਧਾਰਕ ਸਮੱਗਰੀ ਦੀ ਵਰਤੋਂ ਸਿੱਧੇ ਰੂਪ ਵਿਚ ਕਰਦਾ ਹੈ। ਉਹ ਲੋਕ-ਕਾਵਿ, ਲੋਕ-ਕਹਾਣੀਆਂ, ਮਿੱਥ ਕਥਾਵਾਂ ਆਦਿ ਦੇ ਪਾਤਰਾਂ, ਪਲਾਟ ਅਤੇ ਘਟਨਾਵਾਂ ਨੂੰ ਸਿੱਧੇ ਰੂਪ ਵਿਚ ਆਪਣੀ ਰਚਨਾ ਦਾ ਆਧਾਰ ਬਣਾਉਂਦਾ ਹੈ।

ਗੁਰੂ-ਬਾਣੀ ਵਿਚ ਮਿੱਥ ਦੇ 'ਪਰਿਰੂਪਣ' ਦੀ ਪੇਸ਼ਕਾਰੀ ਇਸ ਤਰ੍ਹਾਂ ਹੋਈ ਹੈ। ਪਰਿਰੂਪਣ ਵਿਧੀ ਰਾਹੀਂ ਗੁਰੂ ਸਾਹਿਬ ਨੇ ਮਿੱਥ ਕਥਾਵਾਂ ਦੀ ਵਰਤੋਂ ਸ਼ਬਦ, ਵਾਕ ਅਤੇ ਬ੍ਰਿਤਾਂਤ ਦੀ ਪੱਧਰ ਤੇ ਕੀਤੀ ਹੈ (ਇਸ ਦਾ ਵਿਸਥਾਰ ਮਿਥਿਹਾਸਕ ਭਾਸ਼ਾ ਜੁਗਤਾਂ ਰਾਹੀਂ ਕਲਾਤਮਕਤਾ ਦੇ ਸਿਰਲੇਖ ਦੇ ਅੰਤਰਗਤ ਅੱਗੇ ਦਿੱਤਾ ਗਿਆ ਹੈ। ਫਿਰ ਵੀ ਕੁਝ ਉਦਾਹਰਣਾਂ ਪੇਸ਼ ਹਨ।

**(ੳ) ਸ਼ਬਦ ਦੀ ਪੱਧਰ ਤੇ ਪਰਿਰੂਪਣ :**

(ੳ) <u>ਸਨਕ</u> <u>ਸਨਾਦਿ</u> <u>ਬ੍ਰਹਮਾਇ</u> <u>ਇੰਦ੍ਰਾਇਕ</u> ਭਗਤ ਰਤੇ ਬਨਿ ਆਈ।[58]

(ਅ) <u>ਬ੍ਰਹਮਾਦਿਕ</u> <u>ਸਨਕਾਦਿਕ</u> <u>ਸਨਕ</u> <u>ਸਨੰਦਨ</u> <u>ਸਨਾਤਨ</u>
<u>ਸਨਤਕਮਾਰ</u> ਤਿਨ ਕਉ ਮਹਲ ਦੁਲਭਾਵਉ।[59]

(ੲ) ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ।।[60]

**(ਅ) ਵਾਕ ਦੀ ਪੱਧਰ ਤੇ ਪਰਿਰੂਪਣ:**

(1) <u>ਬ੍ਰਹਮਾ, ਬਿਸਨੁ ਮਹਾਦੇਉ ਮੋਹਿਆ</u>।[61]

(2) <u>ਬ੍ਰਹਮਾ ਸਿਧ ਮੁਨਿ ਇੰਦ੍ਰਾ ਬੇਅੰਤ ਠਾਕੁਰ ਤੇਰੀ ਗਤਿ ਨਹੀਂ ਪਾਈ</u>।[62]

(3) <u>ਭਾਈ ਰੇ ਗੁਰ ਬਿਨ ਗਿਆਨੁ ਨ ਹੋਇ</u>
<u>ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ</u>।[63]

(ੲ) ਬਿਰਤਾਂਤ ਦੀ ਪੱਧਰ ਤੇ ਪਰਿਰੂਪਣ:

ਗੁਰੂ-ਬਾਣੀ ਵਿਚ ਬਿਰਤਾਂਤ ਦੀ ਪੱਧਰ ਤੇ ਪਰਿਰੂਪਣ ਵਿਧੀ ਦੀ ਵਰਤੋਂ ਕੇਵਲ ਪ੍ਰਹਿਲਾਦ-ਹਰਣਾਖਸ-ਨਰ ਸਿੰਘ ਸਬੰਧੀ ਮਿੱਥ ਕਥਾ ਵਿਚ ਹੀ ਹੋਈ ਹੈ। ਬਾਕੀ ਗੁਰੂ ਸਾਹਿਬਾਨ ਨੇ ਭਾਵੇਂ ਇਸ ਕਥਾ ਨੂੰ ਬਤੌਰ ਸੰਕੇਤ ਅਤੇ ਹਵਾਲੇ ਦੇ ਤੌਰ ਤੇ ਹੀ ਪੇਸ਼ ਕੀਤੇ ਹੈ ਪਰ ਗੁਰੂ ਅਮਰਦਾਸ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 1133 ਅਤੇ 1154 ਉੱਪਰ ਪੂਰੀ ਕਥਾ ਦਾ ਉਲੇਖ ਕਰ ਦਿੱਤਾ ਹੈ। ਇਸ ਮਿੱਥ ਕਥਾ ਵਿਚ ਪ੍ਰਹਿਲਾਦ ਦਾ ਕਮਰੇ ਵਿਚ ਬੰਦ ਕੀਤਾ ਜਾਣਾ, ਪਹਾੜ ਤੋਂ ਡੇਗੇ ਜਾਣਾ, ਸਮੁੰਦਰ ਵਿਚ ਡੋਬੇ ਜਾਣਾ, ਅੱਗ ਵਿਚ ਸਾੜੇ ਜਾਣਾ,ਤੱਤੇ ਥੰਮ ਨਾਲ ਲਾਉਣਾ ਆਦਿ ਕਸ਼ਟਾਂ ਦਾ ਵਰਨਣ ਹੈ ਜਿਹੜੇ ਹਰਣਾਖਸ ਨੂੰ ਪ੍ਰਹਿਲਾਦ ਨੂੰ ਦਿੱਤੇ ਗਏ ਹਨ। ਪ੍ਰੰਤੂ ਪ੍ਰਹਿਲਾਦ ਨੂੰ ਤੱਤੀ ਵਾਓ ਨਹੀਂ ਲਗਦੀ। ਅੰਤ ਭਗਵਾਨ ਨੇ ਲੋਹੇ ਦੇ ਤੱਤੇ ਥੰਮ ਵਿਚੋਂ ਨਿਕਲ ਕੇ ਭਿਆਨਕ ਨਰ ਸਿੰਘ ਦੇ ਰੂਪ ਵਿਚ ਪ੍ਰਗਟ ਹੋ ਕੇ ਹਰਣਾਖਸ ਨੂੰ ਖਤਮ ਕਰ ਦਿੱਤਾ।[64]

ਇਸ ਤਰ੍ਹਾਂ ਉਪਰੋਕਤ ਪ੍ਰਹਿਲਾਦ ਦੀ ਮਿੱਥ ਕਥਾ ਨੂੰ ਬ੍ਰਿਤਾਂਤ ਦੀ ਪੱਧਰ ਤੇ ਪੇਸ਼ ਕਰਕੇ ਪਰਿਰੂਪਣ ਦੀ ਵਰਤੋਂ ਕੀਤੀ ਹੈ।

## ਗੁਰੂ-ਬਾਣੀ ਮਿੱਥ ਵਿਸਥਾਪਨ ਰਾਹੀਂ ਕਲਾਤਮਕਤਾ

ਗੁਰੂ-ਬਾਣੀ ਵਿਚ ਮਿੱਥ ਵਿਸਥਾਪਨ ਰਾਹੀਂ ਵੀ ਕਲਾਤਮਕਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ। ਗੁਰੂ ਸਾਹਿਬ ਨੇ ਹਿੰਦੂ ਧਰਮ ਨਾਲ ਸਬੰਧਿਤ ਮਿੱਥਾਂ ਦਾ ਵਿਸਥਾਪਨ ਕਰਕੇ ਮਿੱਥ ਕਥਾਵਾਂ ਨੂੰ ਨਵੇਂ ਅਰਥਾਂ ਵਿਚ ਪੇਸ਼ ਕੀਤਾ ਹੈ ਜੋ ਇਸ ਪ੍ਰਕਾਰ ਹੈ:

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਵਿਚ 'ਧੌਲ ਧਰਮ' ਦੀ ਪੁਰਾਤਨ ਮਿੱਥ ਦਾ ਵਿਸਥਾਪਨ ਕੀਤਾ ਹੈ। (ਇਹ ਮਿੱਥ ਪਹਿਲਾਂ ਪੇਸ਼ ਕੀਤੀ ਜਾ ਚੁੱਕੀ ਹੈ)। ਮਿੱਥ ਦਾ ਵਿਸਥਾਪਨ ਕਰਦੇ ਹੋਏ ਵਿਚਾਰ ਪੇਸ਼ ਕਰਦੇ ਹਨ ਕਿ ਜੇਕਰ ਧਰਤੀ ਬਲਦ ਦੇ ਸਿੰਗਾਂ ਉੱਪਰ ਟਿਕੀ ਹੋਈ ਹੈ ਤਾਂ ਬਲਦ ਕਿਸ ਦੇ ਆਸਰੇ ਤੇ ਟਿਕਿਆ ਹੈ? ਗੁਰੂ ਸਾਹਿਬ ਨੇ ਧੌਲ ਨੂੰ ਧਰਮ ਨਾਲ ਜੋੜਦੇ

ਸਮਝਾਉਂਦੇ ਹਨ ਕਿ ਅਸਲ ਵਿਚ ਧੌਲ ਹੀ ਧਰਮ ਹੈ ਜਿਸ ਦਾ ਵਿਓਹਾਰ ਦਇਆ ਵਾਲਾ ਹੈ। ਉਸਨੇ ਹੀ ਇਸ ਧਰਤੀ ਨੂੰ ਥੰਮ ਰੱਖਿਆ ਹੈ।

ਧੌਲੁ ਧਰਮ ਦਇਆ ਕਾ ਪੂਤ। ਸੰਤੋਖ ਥਾਪਿ ਰਖਿਆ ਜਿਨਿ ਸੂਤਿ।[65]

ਇਸ ਤੋਂ ਇਲਾਵਾ ਗੁਰੂ ਰਾਮਦਾਸ ਜੀ ਨੇ ਵੀ ਯੁਗ ਨਾਲ ਸਬੰਧਿਤ ਮਿੱਥ ਦਾ ਵਿਸਥਾਪਨ ਵੀ ਕੀਤਾ ਹੈ। ਹਿੰਦੂ ਧਰਮ ਵਿਚ ਪ੍ਰਚੱਲਿਤ ਮਿੱਥ ਅਨੁਸਾਰ ਹਰ ਯੁਗ ਵਿਚ ਅਵਤਾਰ ਪੈਦਾ ਹੁੰਦਾ ਹੈ ਜੋ ਸੰਸਾਰ ਨੂੰ ਤਨਾਓ ਤੇ ਸੰਕਟ ਤੋਂ ਮੁਕਤੀ ਦਿਵਾਉਂਦਾ ਹੈ। ਗੁਰੂ ਰਾਮਦਾਸ ਜੀ ਨੇ ਇਸ ਮਿੱਥ ਦਾ ਵਿਸਥਾਪਨ ਹੇਠ ਲਿਖਤ ਸ਼ਬਦ ਵਿਚ ਕਰਕੇ 'ਅਵਤਾਰ' ਦੀ ਜਗ੍ਹਾ 'ਗੁਰੂ' ਨੂੰ ਸੰਸਾਰ ਨੂੰ ਤਨਾਓ ਤੇ ਸੰਕਟ ਤੋਂ ਮੁਕਤੀ ਦਿਵਾਉਣ ਵਾਲਾ ਦੱਸਿਆ ਹੈ। ਆਪ ਨੇ ਚਾਰ ਯੁੱਗਾਂ ਦਾ ਵਰਨਣ ਕਰਦੇ ਹੋਏ ਗੁਰੂ ਨੂੰ ਸਰਵਸ੍ਰੇਸ਼ਟ ਦੱਸਿਆ ਹੈ ਜੋ ਸੰਕਟ ਮੋਚਨ ਹੈ ਅਤੇ ਜੋ ਆਪਣੇ ਨਾਮ ਅਤੇ ਸ਼ਬਦ ਦੁਆਰਾ ਮਨੁੱਖ ਨੂੰ ਮੁਕਤੀ ਦਾ ਰਾਹ ਦਰਸਾਉਂਦਾ ਹੈ ਅਤੇ ਸਭਨਾਂ ਦੁੱਖਾਂ ਤੋਂ ਛੁਟਕਾਰਾ ਦਿਵਾਉਂਦਾ ਹੈ। ਆਪ ਲਿਖਦੇ ਹਨ:

ਸਤਿਜੁਗ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ।
ਮਨਿ ਤਨਿ ਹਰਿ ਗਾਵਹਿ ਪਰਮ ਸੁਖੁ ਪਾਵਹਿ
ਹਰਿ ਹਿਰਦੈ ਹਰਿ ਗੁਣ ਗਿਆਨੁ ਜੀਉ।

..................................................

..................................................

ਕਲਿ ਜੁਗ ਬੀਜੁ ਬੀਜੇ ਬਿਨੁ ਨਾਵੈ ਸਭੁ ਲਾਹਾ ਮੂਲੁ ਗਵਾਇਆ।
ਜਨ ਨਾਨਕਿ ਗੁਰੁ ਪੂਰਾ ਪਾਇਆ। ਮਨ ਹਿਰਦੈ ਨਾਮੁ ਲਖਾਇ ਜੀਉ।
ਕਲਯੁਗ ਹਰਿ ਕੀਆ ਪਗ ਤ੍ਰੈ ਖਿਸਕੀਆ
ਪਗੁ ਚਉਥਾ ਟਿਕੈ ਟਿਕਾਇ ਜੀਉ।[66]

ਇਸ ਤਰ੍ਹਾਂ ਗੁਰੂ ਸਾਹਿਬ ਨੇ ਇਸ ਵਿਸਥਾਪਨ ਰਾਹੀਂ ਗੁਰੂ ਦੀ ਵਿਸ਼ੇਸ਼ਤਾ ਨੂੰ ਉਜਾਗਰ ਕੀਤਾ ਹੈ। ਉਨ੍ਹਾਂ ਨੇ ਗੁਰੂ ਨੂੰ ਹੀ ਸਭ ਕਸ਼ਟਾਂ ਨੂੰ ਨਿਵਿਰਤ ਕਰਨ ਵਾਲਾ ਅਤੇ ਨਾਮ ਸ਼ਬਦ ਰਾਹੀਂ ਮੁਕਤੀ ਦਿਵਾਉਣ ਵਾਲਾ ਦੱਸਿਆ ਹੈ। ਇਸੇ ਤਰ੍ਹਾਂ ਜਿਥੇ ਗੁਰੂ ਸਾਹਿਬ ਨੇ ਗੁਰੂ ਦੀ ਲੋੜ ਉਪਰ ਜ਼ੋਰ ਦਿਤਾ ਹੈ, ਉਥੇ ਨਾਮ ਸਿਮਰਨ ਅਤੇ 'ਸ਼ਬਦ' ਦੀ ਮਹੱਤਤਾ ਨੂੰ ਵੀ ਦ੍ਰਿੜ੍ਹਾਇਆ ਹੈ।

## ਗੁਰੂ-ਬਾਣੀ ਦੀ ਮਿਥਿਹਾਸਕ ਭਾਸ਼ਾਈ ਜੁਗਤਾਂ ਰਾਹੀਂ ਕਲਾਤਮਕਤਾ

ਭਾਸ਼ਾ ਅਜਿਹਾ ਸੰਚਾਰ ਦਾ ਸਾਧਨ ਹੈ ਜੋ ਮਨੁੱਖ ਨੂੰ ਮਨੁੱਖ ਨਾਲ ਜੋੜਦਾ ਹੈ। ਮਨੁੱਖ ਅਪਣੇ ਹਾਵ ਭਾਵ ਨੂੰ ਦੂਸਰੇ ਮਨੁੱਖ ਨਾਲ ਸਾਂਝੇ ਕਰਨ ਲਈ ਕਈ ਤਰ੍ਹਾਂ ਦੀਆਂ ਭਾਸ਼ਾ ਜੁਗਤਾਂ ਦੀ ਵਰਤੋਂ ਕਰਦਾ ਹੈ। ਇਨ੍ਹਾਂ ਜੁਗਤਾਂ ਵਿਚੋਂ ਮਿਥਿਹਾਸਕ ਭਾਸ਼ਾਈ ਜੁਗਤਾਂ ਇਕ ਹਨ, ਇਨ੍ਹਾਂ ਮਿਥਿਹਾਸਕ ਭਾਸ਼ਾਈ ਜੁਗਤਾਂ ਦੀ ਵਰਤੋਂ ਗੁਰੂ-ਬਾਣੀ ਵਿਚ ਹੋਈ ਹੈ, ਉਨ੍ਹਾਂ ਵਿਚੋਂ ਮਿਥਿਹਾਸਕ ਸ਼ਬਦ, ਵਾਕ, ਪ੍ਰਤੀਕ, ਅਲੰਕਾਰ, ਬਿੰਬ ਆਦਿ ਪ੍ਰਮੁੱਖ ਹਨ। ਇਨ੍ਹਾਂ ਦਾ ਵਰਨਣ ਇਸ ਤਰ੍ਹਾਂ ਕੀਤਾ ਜਾ ਰਿਹਾ ਹੈ:

### (ੳ) ਮਿੱਥ ਤੇ ਭਾਸ਼ਾ :

ਮਿਥਿਹਾਸਕ ਭਾਸ਼ਾਈ ਜੁਗਤਾਂ ਜਾਨਣ ਤੋਂ ਪਹਿਲਾਂ ਅਸੀਂ ਮਿੱਥ ਤੇ ਭਾਸ਼ਾ ਤੇ ਪਰਸਪਰ ਸਬੰਧਾਂ ਬਾਰੇ ਜਾਣਕਾਰੀ ਹਾਸਲ ਕਰਾਂਗੇ।

ਮਿੱਥ ਤੇ ਭਾਸ਼ਾ ਦਾ ਸਬੰਧ ਬਹੁਤ ਨੇੜੇ ਦਾ ਹੈ। ਦੋਵਾਂ ਦੀ ਪ੍ਰਕਿਰਤੀ ਤੇ ਮਹੱਤਵ ਇਕੋ ਜਿਹਾ ਹੈ। ਜਿਸ ਤਰ੍ਹਾਂ ਭਾਸ਼ਾ ਵਿਚ ਵਿਰੋਧਤਾ ਵਾਲੇ ਤੱਤ ਮੌਜੂਦ ਹਨ ਅਤੇ ਇਕਾਲਕ ਨਿਯਮਾਂ ਦੇ ਅੰਤਰਗਤ ਕੰਮ ਕਰਦੇ ਹਨ ਉਸੇ ਤਰ੍ਹਾਂ ਮਿੱਥ ਵਿਚ ਵੀ ਵਿਰੋਧੀ ਤੱਤ ਪਾਏ ਜਾਂਦੇ ਹਨ ਅਤੇ ਇਕਾਲਕ ਨਿਯਮਾਂ ਦੇ ਅੰਤਰਗਤ ਕੰਮ ਕਰਦੇ ਹਨ। ਭਾਸ਼ਾ ਦੀ ਤਰ੍ਹਾਂ ਮਿੱਥ ਦੀ ਵੀ ਸੰਰਚਨਾ ਹੈ ਜੋ ਉਸ ਦੇ ਅਰਥ ਪਾਸਾਰ ਨੂੰ ਸੁਨਿਸਚਿਤ ਕਰਦੀ ਹੈ। ਮਿੱਥ ਦੀ ਸੰਰਚਨਾ ਭਾਸ਼ਾਈ, ਸਮਾਜਿਕ ਤੇ ਸਾਂਸਕ੍ਰਿਤਕ ਕੋਡਾਂ ਰਾਹੀਂ ਅਭਿਵਿਅਕਤੀ ਗ੍ਰਹਿਣ ਕਰਦੀ ਹੈ।

ਭਾਸ਼ਾ ਤੇ ਮਿੱਥ ਦੇ ਸਬੰਧਾਂ ਨੂੰ ਵੱਖ-ਵੱਖ ਵਿਦਵਾਨਾਂ ਨੇ ਇਸ ਤਰ੍ਹਾਂ ਪ੍ਰਗਟਾਇਆ ਹੈ। ਜਿੱਥੇ ਕੈਜੀਰਰ ਨੇ ਮਿੱਥ ਨੂੰ ਪ੍ਰਤੀਕਮੂਲਕ ਖੇਤਰ ਕਿਹਾ ਹੈ, ਜੋ ਭਾਸ਼ਾ ਦੀ ਗਤੀਸ਼ੀਲਤਾ ਕਾਰਣ ਵਿਗਸ ਗਿਆ ਹੈ, ਉਥੇ ਸੂਸਨ ਨੇ ਲੈਂਗਰ ਨੇ ਮਿੱਥ ਨੂੰ ਭਾਸ਼ਾ ਦੀ ਮੁਥਾਜ ਨਹੀਂ ਮੰਨਿਆ ਸਗੋਂ ਇਸ ਨੂੰ ਉਸ ਨੇ ਧਾਰਮਕ ਕਰਮਕਾਂਡੀ ਹੋਂਦ ਮੰਨਿਆ ਹੈ।[67] ਮੈਕਸਮੂਲਰ ਭਾਸ਼ਾ ਤੇ ਮਿੱਥ ਦਾ ਤੁਲਨਾਤਮਕ ਅਤੇ ਇਤਹਾਸਕ ਅਧਿਐਨ ਕਰਦੇ ਹੋਏ ਆਤਰਿਕ ਸੰਗਠਨ (Internal orginization) ਦੇ ਆਧਾਰ ਤੇ ਮਿੱਥ ਨੂੰ ਭਾਸ਼ਾ ਦੇ ਇਤਿਹਾਸਕ ਵਿਕਾਸ ਦਾ ਪਰਿਣਾਮ ਕਹਿੰਦਾ ਹੈ। ਉਸ ਅਨੁਸਾਰ ਮਿੱਥ ਭਾਸ਼ਾ ਦੇ ਅਵਿਵੇਕੀ ਪਾਸਾਰ ਤੇ ਆਤਰਿਕ ਚਰਿੱਤਰ ਦੀ ਧਾਰਨੀ ਹੈ ਕਿਉਂਕਿ ਇਹ ਪਰਾ-ਪ੍ਰਕ੍ਰਿਤਕ ਤੱਤ ਦਾ ਮਾਨਵੀਕਰਣ ਕਰਦੀ ਹੈ।[68]

ਕਲਾਡ ਲੈਵੀ-ਸਤ੍ਰਾਉਸ ਨੇ ਮਿੱਥ ਤੇ ਭਾਸ਼ਾ ਦੇ ਸਬੰਧਾਂ ਨੂੰ ਬਹੁਤ ਵਿਆਪਕ ਪੱਧਰ ਤੇ ਪੇਸ਼ ਕੀਤਾ ਹੈ। ਉਸ ਅਨੁਸਾਰ ਮਨੁੱਖੀ ਮਨ ਭਾਸ਼ਾ ਸੰਰਚਨਾ ਤੇ ਮਿੱਥ ਸੰਰਚਨਾ ਵਿਚ ਇਕੋ ਜਿਹਾ ਅਭਿਵਿਅਕਤ ਹੁੰਦਾ ਹੈ। ਭਾਸ਼ਕ ਚਿਹਨਾਂ ਵਾਂਗ ਮਿੱਥਕ-ਚਿਹਨ ਵੀ ਆਪਹੁਦਰੇ ਹੁੰਦੇ ਹਨ ਅਤੇ ਅੰਤਰ-ਸਬੰਧਾਂ ਵਿਚ ਬੱਝ ਕੇ ਸਾਰਥਕਤਾ ਗ੍ਰਹਿਣ ਕਰਦੇ ਹਨ। ਇਨ੍ਹਾਂ ਅੰਤਰ-ਸਬੰਧਾਂ ਤੋਂ ਬਾਹਰ ਉਨ੍ਹਾਂ ਦੀ ਕੋਈ ਸਾਰਥਕਤਾ ਨਹੀਂ ਹੁੰਦੀ।[69] ਇਸ ਤੋਂ ਇਲਾਵਾ ਲੈਵੀ ਸਤ੍ਰਾਉਸ ਮਿੱਥ ਨੂੰ ਕਿਸੇ ਬ੍ਰਿਤਾਂਤਕ ਕਥਾ ਜਾਂ ਘਟਨਾ-ਕ੍ਰਮ ਤਕ ਹੀ ਮਹਿਦੂਦ ਨਾ ਰਹਿ ਕੇ ਭਾਸ਼ਾ ਵਾਂਗ ਇਕ ਸੰਦੇਸ਼-ਸੰਚਾਰਣ ਦੀ ਵਿਧੀ ਮੰਨਦਾ ਹੈ।[70]

ਰੋਲਾਂ ਬਾਰਤ ਵੀ ਮਿੱਥ ਨੂੰ ਇਕ ਪ੍ਰਕਾਰ ਦੀ ਭਾਸ਼ਾ ਸਿਧ ਕਰਦਾ ਹੋਇਆ ਇਸ ਨੂੰ ਉਤਰ ਭਾਸ਼ਾ ਜਾਂ ਮੈਟਾ ਭਾਸ਼ਾ ਕਹਿੰਦਾ ਹੈ, ਜੋ ਸੰਦੇਸ਼ ਸੰਚਾਰ ਕਰਦੀ ਹੈ। ਇਸ ਤਰ੍ਹਾਂ ਉਹ ਵੀ ਮਿੱਥ ਨੂੰ ਇਕ ਸੰਚਾਰ ਵਿਧੀ ਦੇ ਅਰਥਾਂ ਵਿਚ ਗ੍ਰਹਿਣ ਕਰਦਾ ਹੈ।[71] ਇਸ ਤੋਂ ਇਲਾਵਾ ਉਹ ਮਿੱਥ ਨੂੰ ਇਕ ਚਿਹਨ-ਪ੍ਰਬੰਧ ਮੰਨਦਾ ਹੋਇਆ ਮਿੱਥ ਨੂੰ ਭਾਸ਼ਾਈ ਚਿਹਨ-ਪ੍ਰਬੰਧ ਦੁਆਰਾ ਸਿਰਜਿਆ ਦੁਜੈਲੇ ਪੱਧਰ ਦਾ ਚਿਹਨ ਪ੍ਰਬੰਧ ਕਹਿੰਦਾ ਹੈ।[72] ਉਸ ਨੇ ਇਹ ਸਥਾਪਨਾ ਕੀਤੀ ਹੈ ਕਿ ਭਾਸ਼ਾਈ ਚਿਹਨ-ਪ੍ਰਬੰਧ ਦਾ ਤ੍ਰੈ-ਪਾਸਾਰੀ ਪੈਟਰਨ (ਚਿਹਨਕ, ਚਿਹਨਿਤ ਤੇ ਚਿਹਨ) ਮਿੱਥਕ ਪ੍ਰਬੰਧ ਵਿਚ

ਵੀ ਵੇਖਣ ਨੂੰ ਮਿਲਦਾ ਹੈ ਪਰ ਇਹ ਭਾਸ਼ਾਈ-ਚਿਹਨ ਮਿੱਥ ਵਿਚ ਆ ਕੇ ਚਿਹਨਕ ਬਣ ਜਾਂਦੇ ਹਨ। ਇਹ ਮਿੱਥਕ ਚਿਹਨਕ ਦੂਹਰੀ ਰੂਪ ਵਿਧੀ ਵਿਚ ਪ੍ਰਸਤੁਤ ਹੁੰਦੇ ਹਨ ਅਤੇ ਉਹ ਇਕੋ ਵੇਲੇ ਅਰਥ ਵੀ ਹੁੰਦੇ ਹਨ ਅਤੇ ਰੂਪ ਵੀ ਹਨ। ਇਸੇ ਤਰ੍ਹਾਂ ਉਹ ਚਿਹਨਕ ਨੂੰ ਅਰਥਾਂ ਨਾਲ ਜੋੜਦਾ ਹੈ ਅਤੇ ਮਿੱਥਕ ਪ੍ਰਬੰਧ ਦੇ ਅੰਤਰਗਤ ਰੂਪ ਨਾਲ। ਉਸਦੇ ਅਨੁਸਾਰ ਮਿੱਥ ਦੀ ਬੁਨਿਆਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਸਥਾਪਤ ਅਰਥਾਂ ਨੂੰ ਰੂਪ ਵਿਚ ਰੂਪਾਂਤਰਿਤ ਕਰਦੀ ਜਾਂਦੀ ਹੈ।[73]

ਇਸ ਤਰ੍ਹਾਂ ਰੋਲਾਂ ਬਾਰਤ ਮਿੱਥਕ-ਚਿਹਨਕ ਤੇ ਚਿਹਨਤ ਦੇ ਸੰਜੋਗੀ ਰੂਪ ਨੂੰ ਚਿਹਨ ਦੀ ਥਾਵੇਂ ਚਿਹਨੀਕਰਨ ਮੰਨਦਾ ਹੈ। ਰੋਲਾਂ ਬਾਰਤ ਦੇ ਉਪਰੋਕਤ ਵਿਚਾਰਾਂ ਦੀ ਪ੍ਰੋੜ੍ਹਤਾ ਪੀਰੇ ਗੁਇਰਾ ਨੇ ਕੀਤੀ ਹੈ। ਉਸ ਨੇ ਮਿੱਥ ਨੂੰ ਇਕ ਚਿਹਨਕੀ ਪ੍ਰਕ੍ਰਿਤਕ ਤੇ ਸੰਚਾਰ ਵਿਧੀ ਦੇ ਅਰਥਾਂ ਵਿਚ ਗ੍ਰਹਿਣ ਕੀਤਾ ਹੈ। ਉਸ ਅਨੁਸਾਰ ਮਿੱਥ ਇਕ ਅਰਥ ਪ੍ਰਬੰਧ ਹੈ।[74]

ਉਪਰੋਕਤ ਵਿਚਾਂ ਨੂੰ ਵੇਖੀਏ ਤਾਂ ਪਤਾ ਚਲਦਾ ਹੈ ਕਿ ਭਾਸ਼ਾ ਤੇ ਮਿੱਥ ਦਾ ਸਬੰਧ ਸਕੀਆਂ ਭੈਣਾਂ ਵਾਲਾ ਹੈ ਇਸੇ ਲਈ ਡਾ. ਧਰਮਾਨੰਤ ਸਿੰਘ ਨੇ ਕਿਹਾ ਹੈ ਮਿੱਥ ਭਾਸ਼ਾ ਦੀ ਵੱਡੀ ਭੈਣ ਹੈ। ਇਨ੍ਹਾਂ ਦੋਹਾਂ ਤੋਂ ਬਿਨਾਂ ਗੁਜਾਰਾ ਨਹੀਂ। ਸਤਿ ਦਾ ਪ੍ਰਗਟਾਵਾ ਅਤੇ ਸਿਫਤ ਇਨ੍ਹਾਂ ਤੋਂ ਬਿਨਾ ਨਹੀਂ ਹੋ ਸਕਦੀ। ਰੱਬ ਦੀ ਸਿਫ਼ਤ ਤਾਂ ਕਿਧਰੇ ਰਹੀ ਇਨ੍ਹਾਂ ਬਗੈਰ ਆਦਮੀ ਦੀ ਸਿਫਤ ਕਰਨੀ ਔਖੀ ਹੋ ਜਾਂਦੀ ਹੈ।[75]

ਇਸ ਤਰ੍ਹਾਂ ਮਿੱਥ ਅਤੇ ਭਾਸ਼ਾ ਵਿਚ ਲੱਗ ਭੱਗ ਇਕੋ ਜਿਹੇ ਗੁਣ ਪਾਏ ਜਾਂਦੇ ਹਨ। ਭਾਸ਼ਾ ਦੀ ਸੰਰਚਨਾ ਦੀ ਤਰ੍ਹਾਂ ਮਿੱਥ ਦੀ ਵੀ ਸੰਰਚਨਾ ਹੈ ਜੋ ਅਰਥ ਪਾਸਾਰ ਨੂੰ ਸੁਨਿਸਚਤ ਕਰਦੀ ਹੈ। ਮਿੱਥ ਦੇ ਭਾਸ਼ਾ ਦੀ ਤਰ੍ਹਾਂ ਹੀ ਨਿਯਮ ਹਨ। ਮਨੁੱਖੀ ਮਨ ਭਾਸ਼ਾ ਦੀ ਸੰਰਚਨਾ ਦੀ ਤਰ੍ਹਾਂ ਮਿੱਥ ਸੰਰਚਨਾ ਵਿਚ ਵੀ ਉਸੇ ਤਰ੍ਹਾਂ ਅਭਿਵਿਅਕਤ ਹੁੰਦਾ ਹੈ। ਭਾਸ਼ਾਈ ਚਿਹਨਾਂ ਦੀ ਤਰ੍ਹਾਂ ਮਿੱਥ ਚਿਹਨ ਵੀ ਆਪ ਹੁਦਰੇ ਹਨ। ਮਿੱਥ ਵਿਚ ਭਾਸ਼ਾ ਦੀ ਤਰ੍ਹਾਂ ਸ਼ਬਦ, ਵਾਕ, ਪ੍ਰਤੀਕ, ਬਿੰਬਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਗੁਰੂ-ਬਾਣੀ ਵਿਚ ਮਿਥਿਹਾਸਕ ਭਾਸ਼ਾਈ ਜੁਗਤਾਂ ਦੀ ਸੁਚੱਜੀ ਕਲਾਤਮਕਤਾ ਦੇਖਣ ਨੂੰ ਮਿਲਦੀ ਹੈ। ਇਹ ਕਲਾਤਮਕਤਾ ਮਿੱਥਕ-ਸ਼ਬਦਾਂ, ਮਿੱਥਕ-ਵਾਕਾਂ, ਮਿੱਥਕ-ਪ੍ਰਤੀਕਾਂ, ਮਿੱਥਕ ਬਿੰਬਾਂ ਵਿਚ ਦੇਖੀ ਜਾ ਸਕਦੀ ਹੈ ਜੋ ਇਸ ਪ੍ਰਕਾਰ ਹੈ:

**(ਅ) ਮਿੱਥ ਦੀ ਸ਼ਬਦ ਅਤੇ ਵਾਕ ਦੀ ਪੱਧਰ ਤੇ ਪੇਸ਼ਕਾਰੀ ਰਾਹੀਂ ਕਲਾਤਮਕਤਾ:**

(ਇਨ੍ਹਾਂ ਬਾਰੇ ਉਦਾਹਰਣਾਂ ਸ਼ਬਦ ਅਤੇ ਵਾਕ ਦੀ ਪੱਧਰ ਤੇ ਪਰਿਰੂਪਣ ਵਿਚੋਂ ਵੇਖੀਆਂ ਜਾ ਸਕਦੀਆਂ ਹਨ।)

**(ੲ) ਮਿੱਥਕ ਸ਼ਬਦਾਵਲੀ ਰਾਹੀਂ ਕਲਾਤਮਕਤਾ :**

ਰਕਤਬੀਜ, ਰਘੁਰਾਇ, ਰਾਮ, ਰਿਖੀਕੇਸ਼, ਰਾਵਣ, ਮਹਿਖਾਸਾ, ਮੋਹਨੀ, ਵਾਸੂਦੇਵ, ਮਹਿਖਾਸੁਰ, ਤ੍ਰਿਭਵਨ, ਸ਼ਿਵਪੁਰੀ, ਇੰਦਰ ਪੁਰੀ, ਤ੍ਰੇਤਾ ਯੁਗ, ਕਲਯੁਗ, ਅੰਮ੍ਰਿਤ, ਸਨਤ ਕੁਮਾਰ, ਸਨੰਦਨ, ਸਨਕਾਦਿਨ, ਪਾਰਜਾਤ, ਦੁਆਪਰ, ਸਵਰਗ, ਨਰਕ, ਸ਼ਿਵ ਨਗਰੀ, ਸ਼ਿਵਪੁਰੀ, ਸੁਕਦੇਵ-ਰਿਸ਼ੀ, ਸੁਕਰਚਾਰਯ, ਸੁਰ, ਅਸੁਰ, ਹਰਿਚੰਦਰਉਰੀ, ਕਮਲ, ਕਮਲਾਪਤਿ, ਕਵਲਪਤਿ, ਕਲਪ, ਕਾਮਦੇਵ, ਕਾਲੀਨਾਗ, ਕੁਬਿਜਾ-ਕੁਬੇਰ, ਕਵਲਆਪੀੜ ਕੇਸਵ, ਕੇਸੀ, ਗੌਤਮ, ਰਿਸ਼ੀ, ਗਨਕਾ, ਗਣ, ਗਜਪਤਿ, ਗਣੇਸ਼, ਗਜ ਇੰਦ੍ਰ, ਚੌਰਾਸੀ ਸਿਧ, ਚੌਰਾਸੀ ਲਖ ਜੂਨਾਂ, ਗੋਪੀ ਚੰਦ, ਚੰਦਰ ਰਤਨ, ਚਾਰਅਗਨ, ਚਾਰ ਆਸਰਮ, ਚਾਰ ਖਾਣੀਆਂ, ਬਬਾਣੀਆਂ, ਚਿਤਰ ਗੁਪਤ, ਚੰਡਾਲ, ਚੰਦ੍ਰਹਾਸ, ਚੰਦ੍ਰਵਾਲੀ, ਛਤੀਹ ਯੁਗ, ਅਸਰ, ਅਸਠ ਤੀਰਥ, ਅਵਤਾਰ, ਅਜਾਮਲ, ਈਸਰ, ਇੰਦਰ, ਕਾਲਨੇਮ, ਕਾਲਜਮਨ, ਕੰਸ, ਕਾਮਧੰਨ, ਕੁਵਲੀਆਪੀੜ, ਕਾਮਧੇਨ, ਕੇਸਵਾ, ਕਮਲ ਨੈਨ, ਕੇਦਾਰ ਖੀਰ-ਸਮੁੰਦਰ, ਹਰਿਚਦਉਰੀ, ਗਣਿਕਾ, ਗੋਪਾਲ, ਗੰਧਰਬ, ਗਣ, ਦਮੋਦਰ, ਦ੍ਰੋਪਦੀ, ਦੁਰਜੋਧਨ, ਜਸੁਧਾ, ਜਰਾਸੰਧ, ਧ੍ਰੂ, ਨਾਰਦ, ਪਾਰਬਤੀ, ਪਾਰਜਾਤ, ਪ੍ਰਹਲਾਦ, ਬ੍ਰਹਮਾ, ਬ੍ਰਹਮਲੋਕ, ਬਲੀ, ਬਲਭਦ੍ਰ, ਬਿਦਰ, ਬਿਦ੍ਰਾਬਨ, ਬਿਆਸ, ਬਲਰਾਮ, ਭਾਗੀਰਥ, ਸੀਤਾ, ਰਾਮ ਮਹਾਦੇਵ, ਸ਼ਿਵ ਪਾਰਬਤੀ, ਮੁਰਾਰ, ਕ੍ਰਿਸ਼ਨ, ਬ੍ਰਹਮਾ, ਵਿਸ਼ਨੂੰ ਆਦਿ।

## (6) ਗੁਰੂ-ਬਾਣੀ ਦੀ ਮਿਥਿਹਾਸਕ ਪ੍ਰਤੀਕ ਰਾਹੀਂ ਕਲਾਤਮਕਤਾ

ਪ੍ਰਤੀਕ ਸ਼ਬਦ ਦੀ ਵਿਉਂਤਪਤੀ ਸੰਸਕ੍ਰਿਤ ਦੇ 'ਪ੍ਰਤਿਅੰਚ' ਸ਼ਬਦ ਦੇ ਆਧਾਰ ਤੇ ਹੋਣ ਕਾਰਣ ਇਸ ਦਾ ਅਰਥ ਹੈ 'ਪ੍ਰਤਿਸਥਾਨ': ਅਰਥਾਤ ਇਕ ਵਸਤੂ ਲਈ ਕਿਸੇ ਹੋਰ ਵਸਤੂ ਦੀ ਸਥਾਪਨਾ।[76] ਸੰਸਕ੍ਰਿਤ ਸਾਹਿਤ ਵਿਚ ਪ੍ਰਤੀਕ ਲਈ 'ਉਪਲਕ੍ਸ਼ਣ' ਸ਼ਬਦ ਆਇਆ ਹੈ। ਜਿਸ ਤੋਂ ਭਾਵ ਹੈ ਸ਼ਬਦ ਦੀ ਉਹ ਸ਼ਕਤੀ ਜਿਸ ਦੁਆਰਾ ਨਿਰਦ੍ਰਿਸ਼ਟ ਵਸਤੂ ਤੋਂ ਇਲਾਵਾ ਉਸ ਤਰ੍ਹਾਂ ਦੀਆਂ ਹੋਰ ਵਸਤੂਆਂ ਦਾ ਵੀ ਬੋਧ ਹੋਵੇ।[77] ਪਰ ਅਜੋਕੇ ਸਾਹਿਤਕ ਜਗਤ ਵਿਚ ਪ੍ਰਤੀਕ ਜਿਸ ਭਾਵ ਦਾ ਪ੍ਰਗਟਾਵਾ ਕਰਦਾ ਹੈ, ਉਸ ਨੂੰ ਉਪਲਕ੍ਸ਼ਣ ਦੁਆਰਾ ਗ੍ਰਹਿਣ ਨਹੀਂ ਕੀਤਾ ਜਾ ਸਕਦਾ। ਇਹ ਸ਼ਬਦ ਅੰਗਰੇਜ਼ੀ ਦੇ ਸਿੰਬਲ (Symbol) ਸ਼ਬਦ ਦੇ ਪ੍ਰਯਾਅ ਵਜੋਂ ਵਰਤਿਆ ਗਿਆ ਹੈ। ਸਿੰਬਲ (Symbol) ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ 'ਸਿੰਬੋਲੋਨ' (Symbolon) ਜਾਂ ਸਿੰਬੋਲਿਮ (Symbollin)[78] ਵਿਚੋਂ ਲੱਭਿਆ ਜਾ ਸਕਦਾ ਹੈ। ਐਰਿਕ ਕੈ ਲਰ ਅਨੁਸਾਰ ਇਸ ਸ਼ਬਦ ਦਾ ਯੂਨਾਨੀ ਭਾਸ਼ਾ *ਵਿਚ* ਅਰਥ ਹੈ - "ਇਕੱਠੇ ਆਉਣਾ ਜਾਂ ਇਕੱਠੇ ਲਿਆਉਣਾ।"[79] ਬ੍ਰਿਟੈਨਿਕਾ ਵਿਸ਼ਵ ਕੋਸ਼ ਅਨੁਸਾਰ ਪ੍ਰਤੀਕ (Symbol) ਸ਼ਬਦ ਦੀ ਵਰਤੋਂ ਉਸ ਦਿਸਦੀ ਵਸਤੂ ਲਈ ਹੁੰਦੀ ਹੈ ਜੋ ਮਨ ਦੇ ਸਾਹਮਣੇ ਕਿਸੇ ਅਪ੍ਰਸਤੁਤ ਵਸਤੂ ਦੀ ਸਮਾਨਤਾ ਨੂੰ ਆਪਣੇ ਸਬੰਧ ਸੂਤਰਾਂ ਰਾਹੀਂ ਪ੍ਰਸਤੁਤ ਕਰਦੀ ਹੈ।[80]

ਪੱਛਮੀ ਵਿਦਵਾਨਾਂ ਅਨੁਸਾਰ ਪ੍ਰਤੀਕ ਕਿਸੇ ਅਦ੍ਰਿਸ਼ ਜਾਂ ਅਮੂਰਤ ਸੱਤ ਦਾ ਮੂਰਤੀਕਰਣ ਹੈ ਜੋ ਆਪਣੇ ਸਬੰਧ ਜਾਂ ਪਰੰਪਰਾ ਦੁਆਰਾ ਆਕਾਰ ਗ੍ਰਹਿਣ ਕਰਦਾ ਹੈ। ਪ੍ਰਤੀਕ ਅਰੂਪ ਮਾਨਵੀ ਅਨੁਭੂਤੀਆਂ ਨੂੰ ਪ੍ਰਗਟ ਕਰਨ ਦਾ ਇਕ ਮੂਰਤ ਮਾਧਿਅਮ ਹੈ ਜੋ ਬਾਰ ਬਾਰ ਸਹਿਜ ਵਰਤੋਂ ਰਾਹੀਂ ਨਿਸਚਿਤ ਅਰਥ ਗ੍ਰਹਿਣ ਕਰਦਾ ਹੈ।[81]

ਭਾਰਤੀ ਵਿਦਵਾਨਾਂ ਨੇ ਪ੍ਰਤੀਕ ਸਬੰਧੀ ਜੋ ਵਿਚਾਰ ਪ੍ਰਗਟਾਏ ਹਨ ਉਸ ਦਾ ਆਧਾਰ ਪੱਛਮੀ ਕਾਵਿ ਸ਼ਾਸਤਰ ਵੀ ਹੈ। ਹਿੰਦੀ ਸਾਹਿਤਯ ਕੋਸ਼ ਅਨੁਸਾਰ ਪ੍ਰਤੀਕ ਸ਼ਬਦ ਦੀ ਵਰਤੋਂ ਉਸ ਦ੍ਰਿਸ਼ ਅਥਵਾ ਗੋਚਰ ਵਸਤੂ ਲਈ ਕੀਤੀ ਜਾਂਦੀ ਹੈ, ਜੋ ਕਿਸੇ ਅਦ੍ਰਿਸ (ਅਗੋਚਰ ਜਾਂ ਅਪਸਤੁਤ)

ਵਿਸ਼ੇ ਨੂੰ ਪ੍ਰਗਟਾਉਂਦੀ ਹੈ, ਉਸ ਨਾਲ ਆਪਣੀ ਸਹਿਚਾਰਤਾ ਕਾਇਮ ਕਰਦੀ ਹੈ ਜਾਂ ਇੰਜ ਬਿਆਨ ਕੀਤਾ ਜਾ ਸਕਦਾ ਹੈ ਕਿ ਕਿਸੇ ਹੋਰ ਪੱਧਰ ਦੀ ਸਮਾਨ ਰੂਪ ਵਾਲੀ ਵਸਤੂ ਰਾਹੀਂ ਕਿਸੇ ਹੋਰ ਪੱਧਰ ਦੇ ਵਿਸ਼ੇ ਦੀ ਪ੍ਰਤੀਨਿਧਤਾ ਕਰਨ ਵਾਲੀ ਵਸਤੂ ਪ੍ਰਤੀਕ ਹੈ।[82]

ਡਾ. ਨਿਤ੍ਯ ਆਨੰਦ ਸ਼ਰਮਾ ਅਨੁਸਾਰ ਅਦ੍ਰਿਸ਼, ਅਪ੍ਰਸਤੁਤ, ਅਮੂਰਤ ਜਾਂ ਅਗੋਚਰ ਦੀ ਪ੍ਰਤੀਨਿਧਤਾ ਕਰਨ ਵਾਲੇ ਉਸ ਪ੍ਰਸਤੁਤ ਜਾਂ ਗੋਚਰ ਵਸਤੂ-ਵਿਧਾਨ ਨੂੰ ਪ੍ਰਤੀਕ ਕਿਹਾ ਜਾਂਦਾ ਹੈ ਜੋ ਦੇਸ਼ ਕਾਲ ਅਤੇ ਸੰਸਕ੍ਰਿਤਿਕ ਮਨੋਭਾਵਾਂ ਨਾਲ ਯੁਕਤ ਸਾਡੇ ਮਨ ਵਿਚ ਆਪਣੀ ਚਿਰਕਾਲ ਦੀ ਸਹਿਗਮਾਨਤਾ ਕਾਰਨ ਕਿਸੇ ਤੀਬਰ ਭਾਵਨਾ ਨੂੰ ਜਗਾ ਦਿੰਦਾ ਹੈ।[83]

ਪੰਜਾਬੀ ਵਿਦਵਾਨਾਂ ਵਿਚੋਂ ਡਾ. ਦੀਵਾਨ ਸਿੰਘ ਨੇ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟਾਏ ਹਨ:

> *ਪ੍ਰਤੀਕ ਕਿਸੇ ਸੂਖਮ ਵਸਤੂ ਨੂੰ ਪ੍ਰਗਟਾਉਣ ਵਾਲੀ ਸਥੂਲ ਵਸਤੂ ਹੈ। ਸੂਖਮ ਵਸਤੂ ਕੇਵਲ ਮਨੁੱਖੀ ਅਨੁਭਵ ਵਿਚ ਹੀ ਵਿਦਮਾਨ ਹੈ। ਇਸ ਲਈ ਮਨੁੱਖੀ ਅਨੁਭਵ ਦੀ ਸੂਖਮਤਾ ਨੂੰ ਵਿਅਕਤ ਕਰਨ ਦੀ ਸਮੱਸਿਆ ਕਲਾ ਦੀ ਮੁੱਢਲੀ ਸਮੱਸਿਆ ਹੈ। ਅਨੁਭਵ ਦੀ ਸਿਧੀ ਅਭਿਵਿਅਕਤੀ ਜਾਂ ਪ੍ਰਸਾਰਨ ਸੰਭਵ ਨਹੀਂ। ਇਸ ਲਈ ਠੋਸ, ਸਥੂਲ, ਪ੍ਰਤੀਕ ਰਾਹੀਂ ਪ੍ਰਗਟਾਵੇ ਦਾ ਢੰਗ ਲੱਭਣਾ ਅਵੱਸ਼ਕ ਹੈ। ਇਸ ਤਰ੍ਹਾਂ ਪ੍ਰਤੀਕ ਦੀ ਵਰਤੋਂ ਕਵਿਤਾ ਲਈ ਜ਼ਰੂਰੀ ਹੈ ਖਾਸ ਕਰਕੇ ਸੂਖਮ ਅਨੁਭਵ ਲਈ।*[84]

ਇਸ ਤਰ੍ਹਾਂ ਪ੍ਰਤੀਕ ਤੋਂ ਭਾਵ ਹੈ ਉਹ ਵਸਤੂ ਵਿਧਾਨ ਜਿਸ ਦੀ ਵਰਤੋਂ ਉਸ ਵਸਤੂ ਲਈ ਕੀਤੀ ਜਾਂਦੀ ਹੈ ਜੋ ਸਾਡੇ ਮਨ ਦੇ ਸਨਮੁਖ ਕਿਸੇ ਅਦ੍ਰਿਸ ਵਸਤੂ ਦੀ ਸਮਾਨਤਾ ਨੂੰ ਪੇਸ਼ ਕਰਦਾ ਹੈ। ਇਹ ਸੰਜੋਗ, ਸਬੰਧ, ਪਰੰਪਰਾ ਮੇਲ ਰਾਹੀਂ ਕਿਸੇ ਹੋਰ ਵਸਤੂ ਵੱਲ ਸੰਕੇਤ ਕਰਦਾ ਹੈ। ਇਹ ਆਮ ਤੌਰ ਤੇ ਸਮਾਨਤਾ ਤੇ ਸਮਰੂਪਤਾ ਦੇ ਆਧਾਰ ਤੇ ਸਿਰਜਿਆ ਜਾਂਦਾ ਹੈ। ਇਹ ਕਿਸੇ ਇਕ ਭਾਵ ਜਾਂ

ਵਸਤੂ ਦੀ ਪ੍ਰਤਿਨਿਧਤਾ ਕਰਦਾ ਹੋਇਆ ਸਾਹਿਤ ਰੂਪਾਂ ਵਿਚ ਤੀਬਰਤਾ ਅਤੇ ਭਾਵਾਤਮਕ ਗਹਿਰਾਈ ਲਿਆਉਂਦਾ ਹੈ। ਪ੍ਰਤੀਕ ਦਾ ਉਦੇਸ਼ ਭਾਵ ਜਾਂ ਵਿਚਾਰ ਦੀ ਪ੍ਰਤਿਨਿਧਤਾ ਕਰਨਾ ਹੀ ਨਹੀਂ ਸਗੋਂ ਸਥੂਲ ਵਿਚਾਰਾਂ ਨੂੰ ਸੂਖਮਤਾ ਪ੍ਰਦਾਨ ਵੀ ਕਰਨਾ ਹੈ।

### (ੳ) ਮਿੱਥ ਤੇ ਪ੍ਰਤੀਕ:

ਮਿੱਥ ਤੇ ਪ੍ਰਤੀਕ ਸਬੰਧੀ ਵੀ ਪੱਛਮੀ ਵਿਦਵਾਨਾਂ ਨੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਹੈ। ਅਰਨਸਟ ਕੈਜੀਰਰ ਅਨੁਸਾਰ ਮਿੱਥ ਇਕ ਅਜਿਹੀ ਪ੍ਰਤੀਕਾਤਮਕ ਪ੍ਰਾਪਤੀ ਹੈ ਜਿਸ ਦੀ ਮਾਨਵ-ਜੀਵਨ ਵਿਚ ਨਵੇਕਲੀ ਸਾਰਥਕਤਾ ਹੈ। ਇਹ ਮਾਨਵ-ਜੀਵਨ ਦੀ ਇਕ ਅਜਿਹੀ ਸ਼ਕਤੀ ਹੈ ਜੋ ਮਨੁੱਖ ਦੀਆਂ ਸਾਰੀਆਂ ਕਿਰਿਆਵਾਂ ਨਾਲ ਜਟਿਲ ਸਬੰਧਾਂ ਵਿਚ ਇਓਂ ਬੱਝੀ ਹੁੰਦੀ ਹੈ ਕਿ ਇਸ ਨੂੰ ਭਾਸ਼ਾ, ਕਵਿਤਾ, ਕਲਾ ਅਤੇ ਅਜੋਕੇ ਇਤਿਹਾਸਕ ਚਿੰਤਨ ਤੋਂ ਨਿਖੇੜਿਆ ਨਹੀਂ ਜਾ ਸਕਦਾ। ਇਥੋਂ ਤੱਕ ਕਿ ਵਿਗਿਆਨ ਨੂੰ ਵੀ ਤਾਰਕਿਕ ਤੇ ਨਿਆਂਸ਼ੀਲ ਅਵੱਸਥਾ ਤੱਕ ਪਹੁੰਚਣ ਤੋਂ ਪਹਿਲਾਂ ਮਿੱਥਕ-ਪ੍ਰਕਿਰਿਆ ਰਾਹੀਂ ਲੰਘਣਾ ਪਿਆ।[85] ਉਹ ਮਿੱਥ ਨੂੰ ਮਨੁੱਖ ਦੀ ਪੂਰਵ ਇਤਿਹਾਸਕ ਯੁਗ ਦੀ ਪ੍ਰਾਪਤੀ ਮੰਨਦਾ ਹੋਇਆ ਇਸ ਨੂੰ ਅਜਿਹਾ ਪ੍ਰਤੀਕ-ਪ੍ਰਬੰਧ ਸਿਧ ਕਰਦਾ ਹੈ ਜੋ ਭਾਸ਼ਾ ਦੇ ਨਾਲ-ਨਾਲ ਵਿਕਸਿਤ ਰੂਪ ਧਾਰਨ ਕਰਦਾ ਗਿਆ।[86] ਉਸ ਅਨੁਸਾਰ ਮਿੱਥ ਇਕ ਅਜਿਹਾ ਪ੍ਰਤੀਕ ਰੂਪ ਹੈ ਜਿਸ ਦਾ ਨਿਵੇਕਲਾ ਪ੍ਰਬੰਧ ਹੈ ਪਰ ਇਸ ਨੂੰ ਨਿਰੋਲ ਤਾਰਕਿਕ ਵਿਧੀ ਦੇ ਅਰਥਾਂ ਵਿਚ ਗ੍ਰਹਿਣ ਨਹੀਂ ਕੀਤਾ ਜਾ ਸਕਦਾ ਇਸ ਪ੍ਰਤੀਕ ਰੂਪ ਵਿਚ ਮਨੁੱਖੀ ਅਨੁਭਵ ਦੇ ਸੰਕਲਪੀ ਤੇ ਪ੍ਰਤੱਖੀ ਦੋਵੇਂ ਪਾਸਾਰ ਸੰਯੁਕਤ ਰੂਪ ਵਿਚ ਪੇਸ਼ ਹੋਏ ਹਨ ਅਤੇ ਲੋਕ ਵਿਸ਼ਵਾਸ ਇਸ ਦਾ ਮੂਲ ਅਧਾਰ ਹੋ ਨਿਬੜਦਾ ਹੈ।[87]

ਸੂਸ਼ਨ ਕੇ ਲੈਂਗਰ ਮਿੱਥ ਕੋਈ ਯੂਟੋਪੀਅਨ ਨਹੀਂ ਸਗੋਂ ਤ੍ਰਾਸਦਿਕ ਥੀਮਾਂ ਨੂੰ ਯਥਾਰਥ ਦੀ ਪੱਧਰ ਤੇ ਪੇਸ਼ ਕਰਨ ਵਾਲਾ ਇਕ ਪ੍ਰਤੀਕ ਰੂਪ ਹੈ।[88] ਉਸ ਅਨੁਸਾਰ ਮਿੱਥ ਮਨੁੱਖ ਦੀ ਅਜਿਹੀ ਪ੍ਰਤੀਕਾਤਮਕ ਪ੍ਰਾਪਤੀ ਹੈ ਜੋ ਕਾਲਪਨਿਕ ਕਥਾ ਨੂੰ ਯਥਾਰਥ ਸਾਰਥਕਤਾ ਦੇਣ ਦੇ ਸਿੱਟੇ ਵਜੋਂ ਹੋਂਦ ਵਿਚ ਆਈ।[89]

ਉਪਰੋਕਤ ਵਿਦਵਾਨਾਂ ਨੇ ਮਿੱਥ ਤੇ ਪ੍ਰਤੀਕ ਦੇ ਸਬੰਧਾਂ ਨੇ ਬਹੁਤ ਨੇੜਲਾ ਦੱਸਿਆ ਹੈ। ਇਸ ਤੋਂ ਸਪੱਸ਼ਟ ਹੈ ਕਿ ਮਿੱਥ ਤੇ ਪ੍ਰਤੀਕਾਂ ਦਾ ਸਬੰਧ ਉਸੇ ਤਰ੍ਹਾਂ ਹੈ ਜਿਵੇਂ ਭਾਸ਼ਾ ਤੇ ਪ੍ਰਤੀਕ ਦਾ ਹੈ ਜਿਵੇਂ ਭਾਸ਼ਾ ਵਿਗਿਆਨਕ ਦ੍ਰਿਸ਼ਟੀ ਤੋਂ ਹਰ ਸ਼ਬਦ ਕਿਸੇ ਭਾਵ ਦਾ ਪ੍ਰਤੀਕ ਹੈ। ਉਸੇ ਤਰ੍ਹਾਂ ਮਿੱਥ ਵਿਚਲੇ ਸ਼ਬਦ ਵੀ ਕਿਸੇ ਭਾਵ ਦਾ ਪ੍ਰਤੀਕ ਹਨ, ਉਦਾਹਰਣ ਦੇ ਤੌਰ ਤੇ ਜਿਵੇਂ 'ਓਮ', 'ਅੱਲਾ', 'ਵਾਹਿਗੁਰੂ' ਸ਼ਬਦ ਕ੍ਰਮਵਾਰ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਨੇ ਪ੍ਰਮਾਤਮਾ ਲਈ ਮਿੱਥ ਲਿਆ ਹੈ। 'ਓਮ' ਸ਼ਬਦ ਸੁਣ ਕੇ ਹਿੰਦੂ, ਅੱਲਾ ਸ਼ਬਦ ਸੁਣਕੇ ਮੁਸਲਮਾਨ, 'ਵਾਹਿਗੁਰੂ' ਸ਼ਬਦ ਸੁਣ ਕੇ ਸਿੱਖ ਸ਼ਰਧਾ ਭਾਵਨਾ ਵਿਚ ਆ ਜਾਂਦੇ ਹਨ।

ਮਿੱਥ ਪ੍ਰਤੀਕ ਵਿਚ ਕੁਝ ਅੰਤਰ ਵੀ ਪਾਇਆ ਜਾਂਦਾ ਹੈ। ਜਿਥੇ ਮਿੱਥ ਸਮੂਹਿਕ ਪ੍ਰਵਾਨਗੀ ਅਤੇ ਸਮੂਹਿਕ ਚੇਤੰਨਤਾ ਵਿਚੋਂ ਉਤਪੰਨ ਹੁੰਦੀ ਹੈ ਉਥੇ ਪ੍ਰਤੀਕ ਨਿੱਜੀ ਅਨੁਭਵ ਵਿਚੋਂ ਨਿਕਲਦਾ ਹੈ ਫਿਰ ਵੀ ਜਦੋਂ ਸਾਹਿਤਕਾਰ ਪਰੰਪਰਾਗਤ ਵਿਚਰ ਰਹੀ ਮਿੱਥ ਨੂੰ ਆਪਣੀ ਰਚਨਾ ਵਿਚ ਵਰਤਦਾ ਹੈ ਤਾਂ ਉਹ ਪ੍ਰਚੱਲਿਤ ਮਿੱਥਕ ਪ੍ਰਤੀਕਾਂ ਦੀ ਵਰਤੋਂ ਕਰ ਜਾਂਦਾ ਹੈ। ਉਦਾਹਰਣ ਦੇ ਤੌਰ ਤੇ ਜਿਵੇਂ ਗੁਰੂ ਸਾਹਿਬਾਨ ਨੇ ਗੁਰੂ-ਬਾਣੀ ਵਿਚ ਪ੍ਰਚੱਲਿਤ ਮਿਥਿਹਾਸਕ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ ਜੋ ਅੱਗੇ ਪੇਸ਼ ਹੈ:

### (ਅ) ਗੁਰੂ-ਬਾਣੀ ਵਿਚ ਪ੍ਰਤੀਕ:

ਗੁਰੂ-ਬਾਣੀ ਵਿਚ ਗੁਰੂ ਸਾਹਿਬਾਨ ਦੁਆਰਾ ਜੋ ਪ੍ਰਤੀਕ ਵਰਤੇ ਗਏ ਹਨ ਉਨ੍ਹਾਂ ਦੀ ਅਧਿਆਤਮਕ, ਧਾਰਮਕ, ਸਮਾਜਿਕ ਅਤੇ ਨੈਤਿਕ ਪੱਖੋਂ ਖਾਸ ਮਹੱਤਤਾ ਹੈ। ਗੁਰੂ ਸਾਹਿਬ ਨੇ ਅਧਿਆਤਮਕ, ਨੈਤਿਕ, ਸਦਾਚਾਰ ਪ੍ਰਤੀਮਾਨਕ ਮੁੱਲਾਂ ਨੂੰ ਉਜਾਗਰ ਕਰਨ ਲਈ ਅਜਿਹੇ ਮਿਥਿਹਾਸਕ ਪ੍ਰਤੀਕ ਵਰਤੇ ਹਨ ਜਿਨ੍ਹਾਂ ਰਾਹੀਂ ਮਨੁੱਖ ਨੂੰ ਕੇਵਲ ਸੇਧ ਹੀ ਪ੍ਰਦਾਨ ਨਹੀਂ ਹੁੰਦੀ ਸਗੋਂ ਉਹ ਇਨ੍ਹਾਂ ਵਿਚਲੇ ਉਪਦੇਸ਼ਾਂ ਰਾਹੀਂ ਅਧਿਆਤਮਕ ਮੰਜ਼ਲ ਦੀ ਪ੍ਰਾਪਤੀ ਵੀ ਕਰ ਲੈਂਦਾ ਹੈ।

ਗੁਰੂ ਸਾਹਿਬ ਨੇ ਜੋ ਪ੍ਰਤੀਕ ਵਰਤੇ ਹਨ ਉਹ ਕੇਵਲ ਸਮਕਾਲੀ ਸਮਾਜ ਨਾਲ ਹੀ ਸਬੰਧਿਤ ਨਹੀਂ ਸਗੋਂ ਬੀਤੇ ਯੁਗ ਵਿਚ ਵਾਪਰ ਚੁੱਕੀਆਂ ਇਤਿਹਾਸਕ ਮਿਥਿਹਾਸਕ ਘਟਨਾਵਾਂ ਅਤੇ ਸਖਸ਼ੀਅਤਾਂ ਨਾਲ ਵੀ ਨਾਤਾ ਜੋੜਦੇ ਹਨ।

ਗੁਰੂ-ਬਾਣੀ ਵਿਚਲੇ ਪ੍ਰਤੀਕ ਮਾਨਸਿਕ ਤੇ ਆਤਮਕ ਅਵੱਸਥਾਵਾਂ ਦੀ ਪ੍ਰਤੀਨਿਧਤਾ ਕਰਦੇ ਹਨ। ਇਹ ਪ੍ਰਤੀਕ ਅਸਧਾਰਨ ਓਪਰੇ ਅਤੇ ਦੁਰਲੱਭ ਨਹੀਂ ਸਗੋਂ ਆਮ ਜੀਵਨ ਸਮਾਜ, ਪ੍ਰਾਕ੍ਰਿਤਕ ਆਲੇ ਦੁਆਲੇ ਅਤੇ ਮਿੱਥਕ ਕਥਾਵਾਂ ਵਿਚੋਂ ਲਏ ਗਏ ਹਨ।

ਗੁਰੂ-ਬਾਣੀ ਵਿਚਲੇ ਪ੍ਰਤੀਕ ਪ੍ਰਮਾਰਥਵਾਦੀ ਸਭਿਆਚਾਰਕ ਪ੍ਰਤੀਕ ਹਨ। ਇਨ੍ਹਾਂ ਪ੍ਰਤੀਕਾਂ ਰਾਹੀਂ ਗੁਰੂ ਸਾਹਿਬ ਨੇ ਮਨੁੱਖ ਨੂੰ ਪ੍ਰਮਾਰਥ ਦੀ ਪ੍ਰੇਰਨਾ ਦਿੱਤੀ ਹੈ ਤਾਂ ਕਿ ਮਨੁੱਖ ਦੇਵੀ-ਦੇਵਤੇ/ਅਵਤਾਰ ਦਾ ਖਹਿੜਾ ਛੱਡ ਇਕ ਨਿਰਗੁਣ ਬ੍ਰਹਮ ਨਾਲ ਜੁੜ ਸਕੇ।

ਗੁਰੂ ਸਾਹਿਬ ਨੇ ਹਿੰਦੂ ਮਿਥਿਹਾਸ ਦੇ ਉਲਟ ਕਿ ਦੈਂਤ ਬਦੀ ਦੇ ਪ੍ਰਤੀਕ, ਦੇਵਤੇ-ਨੇਕੀ ਦੇ ਪ੍ਰਤੀਕ ਹਨ, ਦੇਵਤਿਆਂ ਨੂੰ ਵੀ ਬਦੀ ਦੇ ਪ੍ਰਤੀਕ ਦਰਸਾਅ ਕੇ ਨਵੇਕਲੀ ਤਸਵੀਰ ਪੇਸ਼ ਕੀਤੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਗੁਰਮੁਖ ਤੇ ਮਨਮੁੱਖ ਦਾ ਨਵਾਂ ਸੰਕਲਪ ਪੇਸ਼ ਕਰਕੇ ਇਨ੍ਹਾਂ ਨੂੰ ਕ੍ਰਮਵਾਰ ਨੇਕੀ ਤੇ ਬਦੀ ਦੇ ਪ੍ਰਤੀਕ ਦਰਸਾਇਆ ਹੈ

ਗੁਰੂ ਸਾਹਿਬਾਨ ਨੇ ਭਗਤੀ ਭਾਵ ਨੂੰ ਦ੍ਰਿੜ ਕਰਵਾਉਣ ਲਈ ਪ੍ਰਹਿਲਾਦ, ਧ੍ਰੂ, ਗਨਿਕਾਂ, ਕੁਬਜਾਂ, ਅਜਾਮਲ ਆਦਿ ਨੂੰ ਭਗਤੀ ਭਾਵ ਦੇ ਪ੍ਰਤੀਕ ਦਰਸਾਇਆ ਹੈ ਅਤੇ ਮਨੁੱਖ ਨੂੰ ਇਨ੍ਹਾਂ ਤੋਂ ਪ੍ਰੇਰਨਾ ਲੈਣ ਲਈ ਕਿਹਾ ਹੈ।

ਇਸ ਤੋਂ ਇਲਾਵਾ ਗੁਰੂ ਸਾਹਿਬਾਨ ਨੇ ਅਜਿਹੇ ਰਾਜੇ ਰਾਣੀਆਂ ਨੂੰ ਵੀ ਪ੍ਰਤੀਕ ਦੇ ਤੌਰ ਤੇ ਪੇਸ਼ ਕੀਤਾ ਹੈ ਜੋ ਮਨੁੱਖ ਲਈ ਪਰੇਰਨਾ ਦਾ ਸਰੋਤ ਬਣਦੇ ਹਨ। ਉਨ੍ਹਾਂ ਨੇ ਰਾਜਾ ਜਨਕ ਨੂੰ ਗੁਰੂ ਦਾ ਪ੍ਰਤੀਕ: ਹਰੀ ਚੰਦ, ਬਲਿਰਾਜਾ ਨੂੰ ਦਾਨ ਦੇ ਪ੍ਰਤੀਕ, ਰਾਮ ਚੰਦਰ ਨੂੰ ਆਦਰਸ਼ ਤੇ ਨੇਕੀ ਦਾ ਪ੍ਰਤੀਕ, ਹਰਣਾਖਸ਼, ਕੰਸ਼, ਰਾਵਣ, ਦੁਰਯੋਧਨ ਨੂੰ ਅਹੰਕਾਰ ਅਤੇ ਬਦੀ ਦੇ ਪ੍ਰਤੀਕ ਦਰਸਾਅ ਕੇ ਨੈਤਿਕ ਤੇ ਸਦਾਚਾਰਕ ਸਦਗੁਣਾਂ ਦੀ ਪਰੇਰਨਾ ਦਿੱਤੀ ਹੈ।

ਉਪਰੋਕਤ ਤੋਂ ਇਲਾਵਾ ਗੁਰੂ ਸਾਹਿਬ ਨੇ ਰਿਸ਼ੀਆਂ-ਮੁਨੀਆਂ ਨੂੰ ਵੀ ਪ੍ਰਤੀਕ ਦੇ ਤੌਰ ਤੇ ਵਰਤਿਆ ਹੈ ਜਿਵੇਂ ਨਾਰਦ 'ਚੁਗਲੀ ਦਾ ਪ੍ਰਤੀਕ; ਦੁਰਬਾਂਸਾ, ਪਰਸੁਰਾਮ, 'ਗੁੱਸੇ ਦੇ ਪ੍ਰਤੀਕ'; ਧਮਰਰਾਜ 'ਨਿਆਏ ਦਾ ਪ੍ਰਤੀਕ'; ਬਿਦਰ 'ਅਤਿਥੀ ਅਤੇ ਸਤਿਕਾਰ' ਦਾ ਪ੍ਰਤੀਕ ਦਰਸਾਅ ਕੇ

ਚੁਗਲੀ, ਗੁੱਸਾ ਆਦਿ ਵਰਗੇ ਅਵਗੁਣਾਂ ਦਾ ਤਿਆਗ ਕਰਨ ਅਤੇ ਚੰਗੇ ਗੁਣਾਂ ਨੂੰ ਅਪਣਾਉਣ ਤੇ ਜ਼ੋਰ ਦਿੱਤਾ ਹੈ।

ਗੁਰੂ-ਬਾਣੀ ਵਿਚ 'ਪਾਰਜਾਤ', 'ਕਾਮਧੇਨ', 'ਚਿੰਤਾਮਣੀ', ਜਾਂ 'ਹਰਿਚੰਦਉਰੀ' ਨੂੰ ਬਤੌਰ ਪ੍ਰਤੀਕ ਵਰਤਿਆ ਹੈ। ਹਿੰਦੂ ਮਿਥਿਹਾਸ ਅਨੁਸਾਰ ਉਪਰੋਕਤ ਤਿੰਨੋ ਵਸਤਾਂ ਜੋ ਸਮੁੰਦਰ ਮੰਥਨ ਸਮੇਂ ਪ੍ਰਾਪਤ ਹੋਈਆਂ ਹਰ ਤਰ੍ਹਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਵਾਲੀਆਂ ਹਨ। ਗੁਰੂ-ਬਾਣੀ ਵਿਚ ਵੀ ਇਹ ਵਸਤਾਂ ਕਾਮਨਾ ਪੂਰੀਆਂ ਕਰਨ ਦਾ ਪ੍ਰਤੀਕ ਬਣ ਗਈਆਂ ਹਨ। ਗੁਰੂ-ਬਾਣੀ ਵਿਚ 'ਗੁਰ', 'ਨਾਮ' 'ਪ੍ਰਭੂ ਭਗਤੀ' ਨੂੰ 'ਪਾਰਜਾਤ', 'ਕਾਮਧੇਨ', 'ਚਿੰਤਾਮਣੀ' ਦੀ ਤਰ੍ਹਾਂ ਕਾਮਨਾਵਾਂ ਪੂਰੀਆਂ ਕਰਨ ਵਾਲੇ ਮੰਨ ਕੇ ਬਤੌਰ ਪ੍ਰਤੀਕ ਵਰਤਿਆ ਗਿਆ ਹੈ ਜਿਵੇਂ:

(ੳ) ਗੁਰ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰ।[90]

(ਅ) ਪਾਰਜਾਤੁ ਇਹੁ ਹਰਿ ਕੋ ਨਾਮ। ਕਾਮਧੇਨ ਹਰਿ ਹਰਿ ਗੁਣ ਗਾਮ।[91]

(ੲ) ਚਿੰਤਾਮਣਿ ਕਰੁਣ ਮਏ .... ਜਾ ਕੈ ਸਿਮਰਣਿ ਸੁਖ ਭਏ।[92]

(ਸ) ਹਰਿਚੰਦਉਰੀ ਦੇਖਿ ਮੂਠਾ ਕੂੜ ਸੇਜਾ ਰਾਵਿਆ।[93]

ਉਪਰੋਕਤ ਤੋਂ ਇਲਾਵਾ ਗੁਰੂ-ਬਾਣੀ ਵਿਚ ਵਰਤੇ ਮਿਥਿਹਾਸਕ ਪ੍ਰਤੀਕਾਂ ਨੂੰ ਇਸ ਤਰ੍ਹਾਂ ਵਰਤਿਆ ਗਿਆ ਹੈ: (ਇਨ੍ਹਾਂ ਦਾ ਵਿਸਥਾਰ ਸਹਿਤ ਵਰਨਣ ਪਹਿਲਾਂ ਦਿੱਤਾ ਜਾ ਚੁੱਕਾ ਹੈ)।

(ੳ) ਅੰਮ੍ਰਿਤ: ਅੰਮ੍ਰਿਤ ਜੋ ਸਮੁੰਦਰ ਮੰਥਨ ਸਮੇਂ ਨਿਕਲਿਆ ਇਕ ਅਜਿਹਾ ਰਤਨ ਹੈ ਜਿਸ ਨੂੰ ਨੇਕੀ ਦੇ ਪ੍ਰਤੀਕ ਵਜੋਂ ਵਰਤਿਆ ਗਿਆ ਹੈ।

(ਅ) ਬਿਖ: ਬਿਖ ਵੀ ਸਮੁੰਦਰ ਮੰਥਨ ਸਮੇਂ, ਨਿਕਲਿਆ ਇਕ ਰਤਨ ਹੈ ਜਿਸ ਨੂੰ ਬਦੀ ਦੇ ਪ੍ਰਤੀਕ ਦੇ ਤੌਰ ਤੇ ਵਰਤਿਆ ਗਿਆ ਹੈ।

(ੲ) ਮੇਦਨੀ: ਮੇਦਨੀ ਸ਼ਬਦ ਇਸ ਗੱਲ ਦਾ ਪ੍ਰਤੀਕ ਹੈ ਕਿ ਮੇਦਨੀ (ਧਰਤੀ) ਪਾਪ ਤੇ ਪੁੰਨ ਦੀ ਸਾਂਝੀ ਉਪਜ ਹੈ। ਦੇਵਤੇ ਤੇ ਦੈਂਤ ਦੋਵੇਂ ਹੀ ਇਸ ਤੋਂ ਉਤਪੰਨ ਹੋਏ ਹਨ। ਇਸ ਨੂੰ ਪਾਪ ਤੇ ਪੁੰਨ ਦੀ ਸਾਂਝੀ ਉਪਜ ਵਜੋਂ ਵਰਤਿਆ ਗਿਆ ਹੈ।

(ਸ) ਸ਼ਿਵ ਨਗਰੀ: ਸ਼ਿਵ ਨਗਰੀ ਦਸਮ ਦੁਆਰ ਦੀ ਪ੍ਰਤੀਕ ਹੈ ਜਿਥੇ ਨਾਮ ਭਗਤੀ ਕਰਨ ਵਾਲੇ ਪਹੁੰਚਦੇ ਹਨ। ਇਸ ਨੂੰ ਦਸਮ ਦੁਆਰ ਦੇ ਪ੍ਰਤੀਕ ਵਜੋਂ ਵਰਤ ਕੇ ਭਗਤੀ ਕਰਨ ਵੱਲ ਪਰੇਰਿਤ ਕੀਤਾ ਗਿਆ ਹੈ।

(ਹ) ਹਰਿਚੰਦਉਰੀ: ਇਹ ਨਗਰੀ ਛਲ ਤੇ ਭ੍ਰਮ ਵਜੋਂ ਮਾਇਆ ਤੇ ਸੰਸਾਰ ਨੂੰ ਅਸਥਿਰਤਾ ਦਰਸਾਉਣ ਹਿਤ ਪ੍ਰਤੀਕ ਵਜੋਂ ਵਰਤੀ ਗਈ ਹੈ।

(ਕ) ਪਾਰਜਾਤ, ਚਿੰਤਾਮਣੀ: ਪਾਰਜਾਤ, ਚਿੰਤਾਮਣੀ ਨੂੰ 'ਗੁਰੂ' ਦੇ ਪ੍ਰਤੀਕ ਵਜੋਂ ਵਰਤਿਆ ਗਿਆ ਹੈ।

(ਖ) ਧਰਮਰਾਜ: ਧਰਮਰਾਜ ਨਿਆਂ ਦੇ ਪ੍ਰਤੀਕ ਵਜੋਂ ਵਰਤਿਆ ਗਿਆ ਹੈ ਜੋ ਬੁਰੇ ਕੰਮ ਕਰਨ ਵਾਲਿਆਂ ਨੂੰ ਸਜ਼ਾ ਦਿੰਦਾ ਹੈ ਅਤੇ ਨੇਕੀ ਚੰਗੇ ਕੰਮ ਅਤੇ ਭਗਤੀ ਭਾਵ ਦਾ ਸੁਆਗਤ ਕਰਦਾ ਹੈ।

(ਗ) ਗੁਰਮੁਖ: ਗੁਰਮੁਖ ਨੇਕੀ ਦੇ ਪ੍ਰਤੀਕ ਵਜੋਂ ਵਰਤਿਆ ਗਿਆ ਹੈ।

(ਘ) ਮਨਮੁਖ: ਮਨਮੁਖ ਬਦੀ ਦੇ ਪ੍ਰਤੀਕ ਵਜੋਂ ਵਰਤਿਆ ਗਿਆ ਹੈ।

(ਙ) ਮਾਇਆ: ਮਾਇਆ ਨੂੰ ਛੱਲ ਦੇ ਪ੍ਰਤੀਕ ਵਜੋਂ ਵਰਤਿਆ ਗਿਆ ਹੈ।

(ਚ) ਮਹਿਖਾਸੁਰ: ਮਹਿਖਾਸੁਰ ਨੂੰ ਪਾਪ ਦੇ ਪ੍ਰਤੀਕ ਵਜੋਂ ਵਰਤਿਆ ਗਿਆ ਹੈ ਜੋ ਕਈ ਰੂਪਾਂ ਵਿਚ ਫੈਲਦਾ ਹੈ ਅਤੇ ਤਬਾਹੀ ਮਚਾਉਂਦਾ ਹੈ।

(ਛ) ਰਕਤਬੀਜ: ਰਕਤਬੀਜ ਪਾਪ ਦੇ ਵਾਧੇ ਅਤੇ ਫੁਰਤੀ ਦਾ ਪ੍ਰਤੀਕ ਹੈ ਜੋ ਤੇਜੀ ਨਾਲ ਫੈਲਦਾ ਹੈ। ਇਸ ਨੂੰ ਪਾਪ ਦੇ ਵਧਣ ਦੇ ਪ੍ਰਤੀਕ ਵਜੋਂ ਵਰਤਿਆ ਗਿਆ ਹੈ।

(ਇਹਨਾਂ ਪ੍ਰਤੀਕਾਂ ਨਾਲ ਸਬੰਧਿਤ ਮਿੱਥ ਕਥਾਵਾਂ ਪਹਿਲਾਂ ਪੇਸ਼ ਕੀਤੀਆਂ ਜਾ ਚੁੱਕੀਆਂ ਹਨ) ਸਿਖ ਗੁਰੂ-ਬਾਣੀ ਵਿਚ ਹੋਰ ਵੀ ਮਿੱਥਕ ਪ੍ਰਤੀਕ ਵੀ ਵਰਤੇ ਗਏ ਹਨ ਪਰ ਇਕ ਕੇਵਲ ਕੁਝ ਮਿੱਥਿਕ ਪ੍ਰਤੀਕਾਂ ਦਾ ਹੀ ਵਰਨਣ ਕੀਤਾ ਗਿਆ ਹੈ।

ਉਪਰੋਕਤ ਮਿਥਿਹਾਸਕ ਪ੍ਰਤੀਕਾਂ ਬਾਰੇ ਡਾ. ਰਤਨ ਸਿੰਘ ਜੱਗੀ ਇਸ ਤਰ੍ਹਾਂ ਲਿਖਦੇ ਹਨ:

*ਨਿਰਗੁਣਵਾਦੀ ਸੰਤਾਂ ਨੇ ਆਪਣੀਆਂ ਰਹੱਸਾਤਮਕ ਅਤੇ ਅਧਿਆਤਮਕ ਅਨੁਭੂਤੀਆਂ ਨੂੰ ਲੋਕਾਂ ਲਈ ਸਮਝਣਯੋਗ ਬਨਾਉਣ ਲਈ ਰਾਮ, ਕ੍ਰਿਸ਼ਨ, ਆਦਿ ਅਵਤਾਰਾਂ ਨੂੰ ਪ੍ਰਤੀਕਾਂ ਦੇ ਮਾਧਿਅਮ ਦੁਆਰਾ ਪ੍ਰਗਟ ਕੀਤਾ ਹੈ। ਇਹ ਪ੍ਰਤੀਕ ਉਨ੍ਹਾਂ ਦੇ ਅਵਿਅਕਤ ਬ੍ਰਹਮ ਦੇ ਨਾ-ਮਾਤਰ ਹਨ।*[94]

ਡਾ. ਮਲਕੀਤ ਸਿੰਘ ਬਾਜਵਾ ਅਨੁਸਾਰ:

*ਗੁਰਦੇਵ ਦੁਆਰਾ ਵਰਤੇ ਮਿਥਿਹਾਸਕ ਪ੍ਰਤੀਕ ਉਨ੍ਹਾਂ ਦੀ ਸਰੋਦੀ ਕਵਿਤਾ ਦੀ ਸੀਮਾ ਦੇਸ਼ ਕਾਲ ਦੀਆਂ ਹੱਦਾਂ ਤੱਕ ਹੋਣ ਦਾ ਭੁਲੇਖਾ ਪਾਉਂਦੇ ਹਨ। ਪ੍ਰੰਤੂ ਅਸਲ ਵਿਚ ਗੁਰਦੇਵ ਨੇ ਪ੍ਰਭੂ ਪਿਆਰ ਵਿਚ ਕੁਝ ਪ੍ਰਾਚੀਨ ਮਿਥਿਹਾਸਕ ਸ਼ਬਦਾਂ ਨੂੰ ਨਵੇਂ ਵਿਸ਼ਾਲ ਅਰਥ ਪ੍ਰਦਾਨ ਕੀਤੇ ਹਨ।*[95]

ਡਾ. ਬਲਬੀਰ ਸਿੰਘ ਦਿਲ ਦੇ ਅਨੁਸਾਰ, "ਗੁਰਦੇਵ ਦੇ ਪ੍ਰਤੀਕਾਂ ਦੀ ਸੇਧ ਮਨੁੱਖ ਨੂੰ ਪ੍ਰਮਾਰਥ ਦੀ ਪ੍ਰੇਰਨਾ ਕਰਨਾ ਹੈ ਕਿਉਂਕਿ ਗੁਰਦੇਵ ਦੇ ਪ੍ਰਤੀਕ ਮਨੁੱਖ ਨੂੰ ਸ੍ਰਿਸ਼ਟੀ ਦੇ ਕੇਂਦਰ ਅਰਥਾਤ ਪਰਮਾਤਮਾ ਨਾਲ ਜੋੜਨ ਦਾ ਸੁਝਾਓ ਦਿੰਦੇ ਹਨ ਅਤੇ ਇਹ ਜੀਵਨ ਦੀਆਂ ਬੁਨਿਆਦੀ-ਕੀਮਤਾਂ (ਜੋ ਸਦੀਆਂ ਵਿਚ ਭੀ ਨਹੀਂ ਬਦਲੀਆਂ) ਨੂੰ ਸਥਿਰ ਰੱਖਣ ਦਾ ਉਪਦੇਸ਼ ਕਰਦੇ ਹਨ।[96]

ਗੁਰੂ-ਬਾਣੀ ਵਿਚ ਵਰਤੇ ਉਪਰੋਕਤ ਮਿਥਿਹਾਸਕ ਪ੍ਰਤੀਕਾਂ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਇਨ੍ਹਾਂ ਪ੍ਰਤੀਕਾਂ ਦੀ ਪੇਸ਼ਕਾਰੀ ਰਾਹੀਂ ਜਿਥੇ ਗੁਰੂ ਸਾਹਿਬ ਨੇ ਇਕ ਨਿਰਗੁਣ ਬ੍ਰਹਮ ਦੇ ਸੰਕਲਪ ਨੂੰ ਉਭਾਰਿਆ ਹੈ, ਉਥੇ ਉਨ੍ਹਾਂ ਨੇ ਪ੍ਰਭੂ ਭਗਤੀ, ਨਾਮ ਸਿਮਰਨ ਕਰਨ ਵਾਲੇ ਪ੍ਰਭੂ ਭਗਤਾਂ ਨੂੰ ਬਤੌਰ ਪ੍ਰਤੀਕ ਦਰਸਾਅ ਕੇ ਪ੍ਰਭੂ ਭਗਤੀ, ਨਾਮ ਸਿਮਰਨ ਦੇ ਸੰਕਲਪ ਨੂੰ ਵੀ ਉਜਾਗਰ ਕੀਤਾ ਹੈ। ਇਸੇ ਤਰ੍ਹਾਂ ਉਨ੍ਹਾਂ ਨੇ 'ਜਨਕ' ਨੂੰ ਗੁਰੂ ਦੇ ਪ੍ਰਤੀਕ ਦੇ ਤੌਰ ਤੇ ਦਰਸਾਅ ਕੇ ਗੁਰੂ ਧਾਰਨ ਕਰਨ

ਉਪਰ ਜ਼ੋਰ ਦਿੱਤਾ ਹੈ, ਤਾਂ ਕਿ ਮਨੁੱਖ ਗੁਰੂ ਦੁਆਰਾ ਦਿਤੇ ਨਾਮ ਸਿਮਰਨ ਦੇ ਉਪਦੇਸ਼ ਰਾਹੀਂ ਪ੍ਰਭੂ ਨਾਲ ਮਿਲ ਸਕੇ ਅਤੇ ਮੁਕਤੀ ਪ੍ਰਾਪਤ ਕਰ ਸਕੇ।

ਇਸ ਤਰ੍ਹਾਂ ਗੁਰੂ ਸਾਹਿਬ ਸਮੁੱਚੇ ਮਿਥਿਹਾਸਕ ਪ੍ਰਤੀਕਾਂ ਰਾਹੀਂ ਜਿਥੇ ਨਿਰਗੁਣ ਬ੍ਰਹਮ ਦੀ ਭਗਤੀ; ਨਾਮ ਸਿਮਰਨ; ਗੁਰੂ ਦੀ ਲੋੜ; ਨੇਕੀ, ਨੈਤਿਕ ਤੇ ਸਦਾਚਾਰਕ ਗੁਣਾਂ ਨੂੰ ਅਪਣਾਉਣ ਅਤੇ ਬਦੀ, ਗੁੱਸਾ, ਚੁਗਲੀ ਪੰਜ ਵਿਕਾਰਾਂ ਆਦਿ ਦਾ ਤਿਆਗ ਕਰਨ ਉਪਰ ਜ਼ੋਰ ਦਿੰਦੇ ਹਨ, ਉਥੇ ਨਾਲ ਹੀ ਉਹ ਮਨਮੁਖ ਤੇ ਗੁਰਮੁਖ ਦਾ ਨਵਾਂ ਸੰਕਲਪ ਪੇਸ਼ ਕਰਦੇ ਹੋਏ, ਮਨਮੁਖ ਦਾ ਜੀਵਨ ਤਿਆਗਣ ਅਤੇ ਗੁਰਮੁਖ ਦੇ ਗਾਡੀ ਰਾਹ ਤੇ ਚਲਣ ਦਾ ਉਪਦੇਸ਼ ਵੀ ਦਿੰਦੇ ਹਨ। ਸਮੁੱਚੇ ਪ੍ਰਤੀਕਾਂ ਨੂੰ ਦੇਖੀਏ ਤਾਂ ਗੁਰੂ-ਬਾਣੀ ਵਿਚਲੇ ਪ੍ਰਤੀਕ ਪ੍ਰਮਾਰਥਵਾਦੀ ਸਭਿਆਚਾਰ ਦੇ ਪ੍ਰਤੀਕ ਹਨ। ਇਨ੍ਹਾਂ ਪ੍ਰਤੀਕਾਂ ਰਾਹੀਂ ਜਿਥੇ ਗੁਰੂ ਸਾਹਿਬ ਨੇ ਪ੍ਰਮਾਰਥ ਦੀ ਪ੍ਰੇਰਨਾ ਦਿੱਤੀ ਹੈ, ਉਥੇ ਮਨੁੱਖ ਨੂੰ ਸਿੱਧੇ ਰਾਹੇ ਤੇ ਤੁਰਨ ਦਾ ਉਪਦੇਸ਼ ਵੀ ਦਿੱਤਾ ਹੈ।

## ਗੁਰੂ-ਬਾਣੀ ਦੀ ਮਿੱਥਕ ਬਿੰਬਾਂ ਰਾਹੀਂ ਕਲਾਤਮਕਤਾ

ਬਿੰਬਾਂ ਦਾ ਅੰਗਰੇਜ਼ੀ ਸਮਾਨਾਰਥਕ ਸ਼ਬਦ 'Image' ਹੈ। ਇਹ ਬੜਾ ਵਿਆਪਕ ਸ਼ਬਦ ਹੈ ਇਸ ਦੇ ਅੰਤਰਗਤ ਸਮੁੱਚਾ ਮਨੁੱਖੀ ਜੀਵਨ, ਪ੍ਰਕਿਰਤੀ ਅਤੇ ਇਨ੍ਹਾਂ ਨਾਲ ਸਬੰਧਿਤ ਸਾਰੀਆਂ ਵਸਤੂਆਂ ਉਨ੍ਹਾਂ ਦੀਆਂ ਕ੍ਰਿਆਵਾਂ ਅਤੇ ਪ੍ਰਤੀਕ੍ਰਿਆਵਾਂ ਸਮਲ ਕੀਤੀਆਂ ਜਾ ਸਕਦੀਆਂ ਹਨ। ਇਸ ਦਾ ਅਰਥ 'ਛਾਇਆ', 'ਪ੍ਰਤਿਛਾਇਆ' ਜਾਂ 'ਅਨੁਕ੍ਰਿਤੀ' ਹੈ।[97] ਬਿੰਬ ਹਰੇਕ ਖੇਤਰ ਵਿਚ ਵਰਤਿਆ ਜਾਂਦਾ ਹੈ ਪਰ ਅਧਿਆਤਮਕ ਸਾਹਿਤ ਦੇ ਖੇਤਰ ਵਿਚ ਬਿੰਬ ਦੀ ਖਾਸ ਮਹੱਤਤਾ ਹੈ। ਅਸਲ ਵਿਚ ਗੂੜ੍ਹ ਅਤੇ ਗਹਿਰ ਗੰਭੀਰ ਵਿਚਾਰਾਂ ਦੀ ਜਿਨੀ ਸਪੱਸ਼ਟਤਾ ਬਿੰਬ ਰਾਹੀਂ ਹੁੰਦੀ ਹੈ ਉਨ੍ਹੀ ਕਿਸੇ ਹੋਰ ਰਾਹੀਂ ਨਹੀਂ ਹੁੰਦੀ। ਇਸੇ ਲਈ ਗੁਰੂ ਪੀਰਾਂ, ਸੰਤਾਂ, ਸਾਹਿਤਕਾਰਾਂ ਨੇ ਬਿੰਬ ਨੂੰ ਆਪਣੀਆਂ ਰਚਨਾਵਾਂ ਵਿਚ ਵਰਤਿਆ ਹੈ। ਬਿੰਬ ਸਬੰਧੀ ਬਹੁਤ ਸਾਰੇ ਪੱਛਮੀ ਤੇ ਭਾਰਤੀ ਵਿਦਵਾਨਾਂ ਨੇ ਪਰਿਭਾਸ਼ਾਵਾਂ ਦਿੱਤੀਆਂ ਹਨ, ਜੋ ਇਸ ਪ੍ਰਕਾਰ ਹਨ:

ਪ੍ਰਸਿੱਧ ਕਵੀ ਵਰਡਜ਼ਵਰਥ ਨੇ ਕਵਿਤਾ ਨੂੰ ਮਨੁੱਖ ਤੇ ਪ੍ਰਕਿਰਤੀ ਦਾ ਬਿੰਬ ਕਿਹਾ ਹੈ।[98] ਲਿਊਇਸ ਅਨੁਸਾਰ 'ਕਾਵਿਕ ਬਿੰਬਾਂ ਅਹਿਸਾਸਾਂ ਭਰਿਆ ਸ਼ਬਦ ਚਿਤਰ ਹੈ, ਜੋ ਕਿਸੇ ਮਨੁੱਖੀ ਜਜ਼ਬੇ ਦੀ ਮੱਧਮ ਧੁਨੀ ਦੇ ਪ੍ਰਸੰਗ ਵਿਚ ਕਿਸੇ ਹੱਦ ਤੱਕ ਰੂਪਕੀ ਹੈ ਪਰ ਵਿਸ਼ੇਸ਼ ਕਾਵਮਈ-ਵਲਵਲੇ ਜਾਂ ਵੇਗ ਦੀ ਪਕੜ ਵਿਚ ਹੋਣ ਕਰਕੇ ਉਹ ਪਾਠਕ ਦੇ ਮਨ ਵਿਚ ਵੀ ਉਹੋ ਜਿਹੇ ਭਾਵਾਂ ਦਾ ਹੀ ਸੰਚਾਰ ਕਰਦਾ ਹੈ।[99]

ਬਿੰਬ ਦੀ ਕਾਵਿਤਾ ਅਤੇ ਸਾਹਿਤ ਵਿਚ ਮਹੱਤਤਾ ਬਾਰੇ ਵੱਖ-ਵੱਖ ਵਿਦਵਾਨਾਂ ਨੇ ਆਪਣੇ ਵਿਚਾਰ ਪ੍ਰਗਟਾਏ ਹਨ। ਲਿਊਇਸ ਨੇ ਕਿਹਾ ਹੈ ਕਿ ਬਿੰਬ ਕਾਵਿ-ਅਨੁਭਵ ਦਾ ਉਛਾੜ ਨਹੀਂ, ਸਗੋਂ ਉਸ ਨੂੰ ਜਨਮ ਦੇਣ ਵਾਲੀ ਅਨਿਖੜ-ਕੁੱਖ ਹੈ।[100] ਪੀ ਗੁਰੇ ਨੇ ਇਸ ਗਲ ਉਤੇ ਜ਼ੋਰ ਦਿੱਤਾ ਹੈ ਕਿ ਬਿੰਬ ਕਾਵਿ-ਅਨੁਭਵ ਨਾਲ ਇਕ ਜਾਨ ਹੁੰਦਾ ਹੈ ਅਤੇ ਉਸ ਤੋਂ ਵੱਖਰੀ ਕੋਈ ਹੈਸੀਅਤ ਨਹੀਂ ਰੱਖਦਾ।[101] ਡਾ. ਗੁਰਸ਼ਰਨ ਕੌਰ ਜੱਗੀ ਅਨੁਸਾਰ ਬਿੰਬ ਆਪਣੇ ਭਾਵਾਂ ਨੂੰ ਸੁੰਦਰ ਢੰਗ ਨਾਲ ਨਾਲ ਅਭਿਵਿਕਤ ਕਰਨ ਦਾ ਕਵੀ ਕੋਲ ਬਿੰਬ ਦੇ ਰੂਪ ਵਿਚ ਇਕ ਸ਼ਕਤੀਵਰ ਸਾਧਨ ਹੈ। ਉਹ ਇਨ੍ਹਾਂ ਚਿੱਤਰਾਂ ਦੀ ਖਿਚ ਨਾਲ ਪਾਠਕ ਨੂੰ ਮੋਹ ਲੈਂਦਾ ਹੈ ਅਤੇ ਇਕ ਭੁਲਾਵਾ ਜਿਹਾ ਦੇ ਕੇ ਉਸ ਨੂੰ ਚੌਗਿਰਦੇ ਵਿਚ ਲੈ ਜਾਂਦਾ ਹੈ ਜਿਥੇ ਉਹ ਕਵੀ ਦੀ ਅਨੁਭੂਤੀ ਨੂੰ ਪ੍ਰਤੱਖ ਰੂਪਮਾਨ ਹੋਇਆ ਵੇਖ ਸਕੇ।[102]

ਡਾ. ਹਰਿਭਜਨ ਸਿੰਘ ਅਨੁਸਾਰ 'ਜੋ ਆਦਮੀ ਆਦਿ ਬਿੰਬਾਂ ਵਿਚ ਬੋਲਦਾ ਹੈ। ਉਹ ਹਜ਼ਾਰਾਂ ਜੀਭਾਂ ਵਿਚ ਬੋਲਦਾ ਹੈ। ਉਹ ਸਾਨੂੰ ਮੋਹ ਲੈਂਦਾ ਹੈ, ਜਿੱਤ ਲੈਂਦਾ ਹੈ। ਨਾਲੇ ਜਿਸ ਵਿਚਾਰ ਨੂੰ ਉਹ ਪ੍ਰਗਟਾਉਂਦਾ ਹੈ, ਉਹ ਸਧਾਰਨ ਅਤੇ ਛਿਣਭੰਗਰ ਤੋਂ ਪਰਾ ਸਦੀਵਤਾ ਦੇ ਖੇਤਰ ਵਿਚ ਲੈ ਜਾਂਦਾ ਹੈ।[103]

ਹਿੰਦੀ ਦੇ ਆਧੁਨਿਕ ਕਵੀ ਪੰਤ ਨੇ ਬਿੰਬ ਸਬੰਧੀ ਵਿਚਾਰ ਪ੍ਰਗਟ ਕਰਦਿਆਂ ਕਿਹਾ ਹੈ। "ਕਵਿਤਾ ਲਈ ਚਿੱਤਰਭਾਸ਼ਾ (ਬਿੰਬ) ਦੀ ਜ਼ਰੂਰਤ ਭਾਸਦੀ ਹੈ, ਉਸਦੇ ਸ਼ਬਦ ਹੋਣੇ ਚਾਹੀਦੇ ਹਨ, ਜੋ ਬੋਲਦੇ ਹੋਣ, ਸੇਬ ਦੀ ਤਰ੍ਹਾਂ ਜਿਸਦੇ ਰਸ ਦੀ ਮਧੁਰ ਲਾਲੀ ਅੰਦਰ ਨਾ ਸਮਾਂ ਸਕਣ ਕਾਰਣ

ਬਾਹਰ ਝਲਕ ਪਵੇ, ਜੋ ਆਪਣੇ ਆਪ ਨੂੰ ਆਪਣੀ ਹੀ ਧੁਨੀ ਵਿਚ ਅੱਖਾਂ ਸਾਹਮਣੇ ਚਿਤਰ ਸਕੇ, ਜੋ ਝਣਕਾਰ ਵਿਚ ਚਿੱਤਰ ਝਣਕਾਰ ਹੋਵੇ।[104]

ਇਸ ਤਰ੍ਹਾਂ ਬਿੰਬ ਦਾ ਕਵਿਤਾ ਵਿਚ ਮਹੱਤਵ ਪੂਰਨ ਸਥਾਨ ਹੈ ਇਹ ਕਾਵਿ ਦਾ ਬੁਨਿਆਦੀ ਤੱਤ ਹੈ। ਬਿੰਬ ਦੀ ਸੁਚੱਜੀ ਵਰਤੋਂ ਕਰਕੇ ਕਵੀ ਪਾਠਕਾਂ ਨੂੰ ਮੋਹ ਲੈਂਦਾ ਹੈ। ਪਾਠਕ ਅਭੋਲ ਹੀ ਬਿੰਬਾਂ ਦੀ ਮੋਹਕਤਾ ਨਾਲ ਪ੍ਰਭਾਵਤ ਹੋ ਜਾਂਦਾ ਹੈ, ਕਿਉਂਕਿ ਪਾਠਕ ਵਿਚ ਬਿੰਬ ਦਾ ਪ੍ਰਯੋਗ ਕਰਨ ਜਾਂ ਗ੍ਰਹਿਣ ਕਰਨ ਦੀ ਸੁਭਾਵਕ ਪ੍ਰਵਿਰਤੀ ਹੈ। ਚੰਗੇ ਕਵੀ ਦੀ ਪਰਖ ਉਸ ਦੇ ਬਿੰਬਾਂ ਦੀ ਉਤਮਤਾ ਤੋਂ ਹੀ ਹੁੰਦੀ ਹੈ, ਜਦੋਂ ਉਸ ਕਵੀ ਦੇ ਬਿੰਬ ਪਾਠਕ ਦੇ ਜਜ਼ਬਿਆਂ ਨੂੰ ਟੁੰਬਦੇ ਹਨ ਅਤੇ ਤਰਕਵਾਦੀ ਵਿਚਾਰਾਂ ਨੂੰ ਸ਼ਕਤੀ ਪ੍ਰਦਾਨ ਕਰਦੇ ਹਨ।

**(ੳ) ਮਿੱਥ ਅਤੇ ਬਿੰਬ:**

ਮਿੱਥ ਅਤੇ ਬਿੰਬ ਦਾ ਰਿਸ਼ਤਾ ਨਹੁੰ ਮਾਸ ਵਾਲਾ ਹੈ। ਇਹ ਦੋਵੇਂ ਇਕ ਦੂਜੇ ਤੋਂ ਵੱਖ ਨਹੀਂ ਕੀਤੇ ਜਾ ਸਕਦੇ ਕਿਉਂਕਿ ਇਹ ਇਕੋ ਹੀ ਸਮੇਂ ਦੀ ਉਪਜ ਹਨ। ਮਿੱਥਾਂ ਆਦਿ ਕਾਲ ਤੋਂ ਹੀ ਮਨੁੱਖੀ ਸਮਾਜ ਦੀ ਤਸਵੀਰ ਅਤੇ ਸੰਸਕਾਰ ਪੇਸ਼ ਕਰਦੀਆਂ ਆਈਆਂ ਹਨ। ਇਸੇ ਕਰਕੇ ਮਿੱਥਾਂ ਵਿਚ ਮਨੁੱਖੀ ਸੰਸਕਾਰ ਪਾਏ ਜਾਂਦੇ ਹਨ। ਇਸ ਕਰਕੇ ਸੀ. ਜੀ. ਯੁੰਗ ਨੇ ਆਦਿ ਬਿੰਬ (ਸੰਸਕਾਰਾਂ) ਨੂੰ ਪੇਸ਼ ਕਰਨ ਵਾਲੀ ਹਰ ਕਹਾਣੀ ਨੂੰ ਮਿੱਥ ਕਿਹਾ ਹੈ।[105] ਉਹ ਲਿਖਦਾ ਹੈ ਕਿ ਆਦਮ ਯੁੱਗ ਤੋਂ ਲੈ ਕੇ ਵਰਤਮਾਨ ਯੁਗ ਵਿਚ ਸੰਪੂਰਣ ਮਾਨਵ ਸਮਾਜ ਦੇ ਸੰਸਕਾਰ ਇਕੱਤਰ ਰੂਪ ਵਿਚ ਵਿਦਮਾਨ ਹੁੰਦੇ ਹਨ। ਇਹ ਸੰਸਕਾਰ ਬਿੰਬ ਰੂਪ ਹੁੰਦੇ ਹਨ, ਇਸ ਲਈ ਇਨ੍ਹਾਂ ਨੂੰ ਆਦਿ ਬਿੰਬ (archetype) ਰੂਪ ਕਹਿਣਾ ਉਚਿਤ ਹੈ।[106] ਅਰਨਸਟ ਕੈਜੀਰਰ ਨੇ ਵੀ ਮਿੱਥ ਨੂੰ ਕੇਵਲ ਇਕ ਬਿੰਬ ਅਤੇ ਚਿੰਨ੍ਹ ਦੇ ਰੂਪ ਵਿਚ ਵਿਚਾਰਿਆ ਹੈ ਅਤੇ ਉਸ ਨੂੰ ਪ੍ਰਤੀਕਾਤਮਕ ਅਭਿਵਿਅਕਤੀ ਵਜੋਂ ਸਵੀਕਾਰ ਕੀਤਾ ਹੈ।[107]

ਮਿੱਥ ਅਤੇ ਬਿੰਬ ਦੀ ਦੂਸਰੀ ਸਮਾਨਤਾ ਇਹ ਹੈ ਕਿ ਬਿੰਬ ਦੀ ਤਰ੍ਹਾਂ ਮਿੱਥ ਵੀ ਪਾਠਕ ਦੇ ਜਜ਼ਬਿਆਂ ਨੂੰ ਟੁੰਬਣ ਦੀ ਸ਼ਕਤੀ ਰੱਖਦੀ ਹੈ ਅਤੇ ਮਿੱਥ ਵੀ ਬਿੰਬ ਦੀ ਤਰ੍ਹਾਂ ਪਾਠਕ ਨੂੰ ਮੋਹ ਕੇ

ਆਪਣੇ ਕਲਾਵੇ ਵਿਚ ਲੈ ਆਉਂਦੀ ਹੈ। ਇਸੇ ਲਈ ਟੀ. ਐਮ. ਡਬਲਿਊ, ਟਿੱਲੀਅਰਡ ਨੇ ਸਾਹਿਤ ਦਾ ਮਿੱਥਕ ਅਧਿਐਨ ਕਰਦੇ ਹੋਏ ਸਾਹਿਤ ਦੀ ਸਰਬਵਿਆਪਕਤਾ ਵਾਲੀ ਭਾਵਨਾ ਨੂੰ ਟੁੰਬਣ ਵਾਲੀ, ਹਰ ਰਚਨਾ ਨੂੰ ਮਿੱਥ ਕਥਾ ਨਾਲ ਜੋੜਿਆ ਹੈ।[108]

ਮਿੱਥ ਵਿਚ ਬਿੰਬਾਂ ਦਾ ਮਹੱਤਵ ਪੂਰਨ ਯੋਗਦਾਨ ਹੈ। ਮਿੱਥ ਕਥਾ ਤਿੰਨ ਤੱਤਾਂ 'ਨਾਇਕ', 'ਸੰਸਾਰ', 'ਬਿਰਤਾਂਤ' ਉਪਰ ਖੜ੍ਹੀ ਹੈ। 'ਨਾਇਕ' ਅਤੇ 'ਸੰਸਾਰ' ਨੂੰ ਅਸੀਂ ਮਿੱਥ ਵਿਚ ਬਿੰਬ ਰੂਪ ਵਿਚ ਪੇਸ਼ ਕਰ ਸਕਦੇ ਹਾਂ। ਮਿੱਥ ਕਥਾ ਵਿਚ 'ਨਾਇਕ' ਅਤੇ 'ਸੰਸਾਰ' ਦੇ ਬਿੰਬ ਇਕ ਪ੍ਰਕਾਰ ਦੀਆਂ ਜੁਗਤਾਂ ਹਨ ਜਿਨ੍ਹਾਂ ਰਾਹੀਂ ਅਸੀਂ ਮਿੱਥ ਦੇ ਵਿਚ ਬੁਨਿਆਦੀ ਤਬਦੀਲੀਆਂ ਲਿਆ ਸਕਦਾ ਹੈ। ਨਾਇਕ ਅਤੇ ਸੰਸਾਰ ਦੇ ਬਿੰਬਾਂ ਵਿਚਲੀਆਂ ਤਬਦੀਲੀਆਂ ਨਾਲ ਮਿੱਥ ਦੇ ਬਿਰਤਾਂਤ ਅਤੇ ਸੰਰਚਨਾ ਉਪਰ ਸਮੁੱਚਾ ਅਸਰ ਪੈਂਦਾ ਹੈ। ਉਪਰੋਕਤ ਬਿੰਬਾਂ ਰਾਹੀਂ ਮਿੱਥ ਸਿਰਜਕ ਆਪਣੀ ਲੋੜ ਅਨੁਸਾਰ ਤਬਦੀਲੀ ਲਿਆ ਕੇ ਮਿੱਥ ਨੂੰ ਆਕਰਸ਼ਿਤ ਬਣਾ ਲੈਂਦਾ ਹੈ। ਇਸ ਤਰ੍ਹਾਂ ਬਿੰਬ ਮਿੱਥ ਨੂੰ ਸਿਰਜਣ, ਸਿਵਾਰਣ ਅਤੇ ਨਵੀਨਤਾ ਦੇਣ ਵਿਚ ਮੁਖ ਰੋਲ ਅਦਾ ਕਰਦੇ ਹਨ।

ਮਿੱਥ ਅਤੇ ਬਿੰਬ ਵਿਚ ਕੁਝ ਅੰਤਰ ਵੀ ਸਪੱਸ਼ਟ ਦਿਖਾਈ ਦਿੰਦਾ ਹੈ। ਮਿੱਥ ਦਾ ਇਤਿਹਾਸ ਹੈ ਜਦੋਂ ਕਿ ਬਿੰਬ ਕੇਵਲ ਅਮੂਰਤ ਭਾਵਨਾ ਰਖਦਾ ਹੈ। ਮਿੱਥ ਕਿਸੇ ਦੈਵੀ ਨਾਇਕ, ਨਾਇਕਾ ਬਾਰੇ ਬਿਆਨ ਕਰਦੀ ਹੈ ਜਦੋਂ ਕਿ ਬਿੰਬ ਅਜਿਹਾ ਨਹੀਂ ਕਰਦਾ। ਮਿੱਥ ਦੀ ਪੇਸ਼ਕਾਰੀ ਬਿੰਬਾਂ ਤੋਂ ਬਿਨਾਂ ਵੀ ਹੋ ਸਕਦੀ ਹੈ ਜਦੋਂ ਕਿ ਬਿੰਬ ਨੂੰ ਕਿਸੇ ਨਾ ਕਿਸੇ ਸਾਹਿਤ ਰੂਪ ਦੀ ਲੋੜ ਪੈਂਦੀ ਹੈ। ਮਿੱਥ ਇਕੱਲੀ ਹੀ ਕਿਸੇ ਨਾ ਕਿਸੇ ਸੰਦੇਸ਼ ਦਾ ਸੰਚਾਰ ਕਰਦੀਆਂ ਹਨ ਜਦੋਂ ਬਿੰਬ ਬਿਨ੍ਹਾਂ ਕਿਸੇ ਸਾਹਿਤ ਰੂਪ ਦੇ ਸੰਦੇਸ਼ ਦਾ ਸੰਚਾਰ ਨਹੀਂ ਕਰ ਸਕਦਾ।

### ਗੁਰੂ-ਬਾਣੀ ਦੇ ਮਿੱਥਕ ਬਿੰਬ:

ਗੁਰੂ-ਬਾਣੀ ਵਿਚ ਪੇਸ਼ ਮਿੱਥਕ ਬਿੰਬ ਬੜੀ ਕਲਾਤਮਕਤਾ ਨਾਲ ਪੇਸ਼ ਕੀਤੇ ਗਏ ਹਨ। ਗੁਰੂ ਸਾਹਿਬ ਨੇ ਇਨ੍ਹਾਂ ਮਿੱਥਕ ਬਿੰਬਾਂ ਨੂੰ ਪੇਸ਼ ਕਰਕੇ ਆਪਣੀ ਕਲਾ ਦਾ ਪ੍ਰਗਟਾਵਾ ਇਸ ਤਰ੍ਹਾਂ ਕੀਤਾ ਹੈ ਕਿ ਇਨ੍ਹਾਂ ਮਿੱਥਕ ਬਿੰਬਾ ਵਿਚੋਂ ਕੇਵਲ ਦੇਵੀ-ਦੇਵਤੇ/ਅਵਤਾਰਾਂ ਦੀਆਂ ਊਣਤਾਈਆਂ

ਹੀ ਨਜ਼ਰ ਨਹੀਂ ਆਉਂਦੀਆਂ ਸਗੋਂ ਕਾਮ, ਕਰੋਧ, ਲੋਭ, ਮੋਹ, ਅਹੰਕਾਰ ਤੋਂ ਪੀੜਤ ਪਾਤਰ ਵੀ ਨਜ਼ਰ ਆਉਂਦੇ ਹਨ ਜੋ ਪ੍ਰਭੂ ਭਗਤੀ ਤੋਂ ਵਿਹੂਣੇ ਹਨ। ਇਸ ਤੋਂ ਇਲਾਵਾ ਪ੍ਰਭੂ ਭਗਤੀ ਵਿਚ ਵਲੀਨ ਪਾਤਰਾਂ ਦੀ ਤਸਵੀਰ ਵੀ ਨਜ਼ਰ ਆਉਂਦੀ ਹੈ ਜੋ ਪ੍ਰਭੂ ਭਗਤੀ ਕਰਨ ਕਰਕੇ ਮੁਕਤੀ ਪ੍ਰਾਪਤ ਕਰ ਗਏ। ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਬ੍ਰਹਮ ਦੇ ਸਰਗੁਣ ਸਰੂਪ ਸਬੰਧੀ ਮਿੱਥਕ ਬਿੰਬ, ਸ੍ਰਿਸਟੀ ਦੀ ਪੂਰਬਲੀ ਅਵਸਥਾ ਸਬੰਧੀ ਮਿੱਥਕ ਬਿੰਬ, ਆਰਤੀ ਦਾ ਮਿੱਥਕ ਬਿੰਬ, ਟਕਸਾਲ ਦਾ ਮਿੱਥਕ ਬਿੰਬ, ਬ੍ਰਹਮ ਦੇ ਦਰਬਾਰ ਦਾ ਮਿੱਥਕ ਬਿੰਬ, ਰਥ ਤੇ ਰਥਵਾਨ ਦਾ ਮਿੱਥਕ ਬਿੰਬ ਆਦਿ ਪੇਸ਼ ਕਰਕੇ ਬ੍ਰਹਮ ਦੀ ਸਰਵਉੱਚਤਾ ਅਤੇ ਹੋਰ ਸੰਕਲਪਾਂ ਨੂੰ ਉਜਾਗਰ ਕੀਤਾ ਹੈ।

**(ੳ) ਬ੍ਰਹਮ ਦੇ ਸਰਗੁਣ ਸਰੂਪ ਸੰਬੰਧੀ ਮਿੱਥਕ ਬਿੰਬ:**

ਗੁਰੂ-ਬਾਣੀ ਵਿਚ ਬ੍ਰਹਮ ਦੇ ਸਰਗੁਣ ਸਰੂਪ ਸਬੰਧੀ ਮਿੱਥਕ ਬਿੰਬ ਪੇਸ਼ ਕਰਦਿਆਂ ਗੁਰੂ ਜੀ ਨੇ, ਜਿਥੇ ਆਪਣੇ ਆਪ ਨੂੰ ਪਤੀ ਰੂਪ ਵਿਚ ਰਖ ਕੇ ਬ੍ਰਹਮ ਪ੍ਰਤੀ ਆਪਣੇ ਪ੍ਰੇਮ ਦਾ ਇਜਹਾਰ ਕੀਤਾ ਹੈ, ਉਥੇ ਅਨੇਕ ਪ੍ਰਕਾਰ ਦੇ ਸਾਹਿਤਕ ਉਪਮਾਨਾਂ ਨੂੰ ਵਰਤ ਕੇ ਆਪਸੀ ਭਾਵ ਵਿਅਕਤੀ ਨੂੰ ਤੀਬਰਤਾ ਪ੍ਰਦਾਨ ਕੀਤੀ ਹੈ। ਬਾਂਕੇ ਨੇਤ੍ਰ, ਸੁਹਾਵਣੇ ਦੰਦ, ਸੁੰਦਰ ਨੱਕ, ਲੰਬੇ ਵਾਲ ਅਤੇ ਸੁਨਿਹਰੀ ਕਾਇਆ ਦਾ ਵਰਨਣ ਕਰਦੇ ਹੋਏ, ਉਸ ਦੀ ਚਾਲ ਨੂੰ ਹਾਥੀ ਦੀ ਮਸਤਾਨੀ ਚਾਲ ਨਾਲ ਤੇ ਵਾਣੀ ਨੂੰ ਕੋਇਲ ਦੀ ਮਧੁਰਤਾ ਨਾਲ ਉਪਮਾ ਕਰਕੇ ਇਕ ਬਹੁਤ ਸੁੰਦਰ ਨਾਇਕ ਦਾ ਪ੍ਰਭਾਵਸ਼ਾਲੀ ਬਿੰਬ ਇਸ ਤਰ੍ਹਾਂ ਪੇਸ਼ ਕੀਤਾ ਹੈ:

ਤੇਰੇ ਬੰਕੇ ਲੋਇਣ ਦੰਤ ਰੀਸਾਲਾ।
ਸੋਹਣੇ ਨਕ ਜਿਨ ਲੰਮੜੇ ਵਾਲਾ।
ਕੰਚਨ ਕਾਇਆ ਸੁਇਨੇ ਕੀ ਢਾਲਾ।
..................................
.................................
ਬਿਨਵੰਤਿ ਨਾਨਕੁ ਦਾਸੁ ਹਰਿ ਕਾ ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ।[109]

ਉਪਰੋਕਤ ਬਿੰਬ ਰਾਹੀਂ ਗੁਰੂ-ਸਾਹਿਬ ਨੇ ਬ੍ਰਹਮ ਦੇ ਸਰਗੁਣ ਸਰੂਪ ਦੀ ਪੇਸ਼ਕਾਰੀ ਕਰਕੇ ਮਨੁੱਖ ਨੂੰ ਇਕ ਸਰਗੁਣ ਬ੍ਰਹਮ ਦਾ ਸਰੂਪ ਦਰਸਾਇਆ ਹੈ ਤਾਂ ਕਿ ਸਾਧਕ ਆਪਣੀਆਂ ਅੱਖਾਂ ਅੱਗੇ ਉਸ ਬ੍ਰਹਮ ਦਾ ਸਰੂਪ ਰੱਖ ਕੇ ਉਸਦੀ ਭਗਤੀ ਵਿਚ ਲੀਨ ਹੋ ਸਕੇ ਅਤੇ ਇਕ ਬ੍ਰਹਮ ਦੀ ਭਗਤੀ ਪ੍ਰਤੀ ਪ੍ਰੇਰਿਤ ਹੋ ਸਕੇ।

**(ਅ) ਸ੍ਰਿਸ਼ਟੀ ਦੀ ਪੂਰਬਲੀ ਅਵਸਥਾ ਸਬੰਧੀ ਮਿੱਥਕ ਬਿੰਬ:**

ਗੁਰੂ-ਬਾਣੀ ਵਿਚ ਸ੍ਰਿਸ਼ਟੀ ਦੀ ਪੂਰਬਲੀ ਅਵਸਥਾ ਸਬੰਧੀ ਜੋ ਮਿੱਥਕ ਬਿੰਬ ਪੇਸ਼ ਹੋਇਆ ਹੈ ਉਸ ਵਿਚ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੀ ਤਸਵੀਰ ਪੇਸ਼ ਕੀਤੀ ਗਈ ਹੈ ਜਦੋਂ ਬ੍ਰਹਮ ਸੁੰਨ ਅਵਸਥਾ ਵਿਚ ਲੀਨ ਸੀ। ਆਕਾਸ਼, ਪਾਤਾਲ, ਸੂਰਜ, ਚੰਦ, ਦਿਨ ਰਾਤ ਆਦਿ ਕੁਝ ਵੀ ਨਹੀਂ ਸੀ, ਕੇਵਲ ਬ੍ਰਹਮ ਹੀ ਬ੍ਰਹਮ ਸੀ ਇਸ ਸਬੰਧੀ ਮਿੱਥਕ ਬਿੰਬ ਇਸ ਪ੍ਰਕਾਰ ਹੈ:

ਅਰਬਦ ਨਰਬਦ ਧੁੰਧੂਕਾਰਾ। ਧਰਣਿ ਨ ਗਗਨਾ ਹੁਕਮੁ ਅਪਾਰਾ।
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ।੧।
..........................................................
..........................................................।[110]

ਇਸ ਮਿੱਥਕ ਬਿੰਬ ਰਾਹੀਂ ਗੁਰੂ ਸਾਹਿਬ ਨੇ ਸ੍ਰਿਸ਼ਟੀ ਦੀ ਪੂਰਬਲੀ ਅਵਸਥਾ ਦਾ ਜ਼ਿਕਰ ਕਰਕੇ ਪਾਠਕ ਨੂੰ ਸਹਿਜ ਸੁਭਾਅ ਹੀ ਉਸ ਅਵਸਥਾ ਦਾ ਅਨੁਭਵ ਕਰਵਾਅ ਕੇ ਬ੍ਰਹਮ ਦੀ ਸੁੰਨ ਸਮਾਧੀ ਸਮੇਂ ਦੀ ਸਥਿਤੀ ਦਾ ਉਲੇਖ ਕੀਤਾ ਹੈ।

**(ੲ) ਆਰਤੀ ਦਾ ਮਿੱਥਕ ਬਿੰਬ:**

ਆਰਤੀ ਦੇ ਮਿੱਥਕ ਬਿੰਬ ਰਾਹੀਂ ਗੁਰੂ ਸਾਹਿਬ ਨੇ ਮੱਧਕਾਲ ਸਮੇਂ ਅਵਤਾਰ ਅਤੇ ਦੇਵੀ-ਦੇਵਤਿਆਂ ਦੀ ਆਰਤੀ ਨੂੰ ਵਿਅਰਥ ਦੱਸਿਆ ਹੈ। ਮੱਧਕਾਲ ਵਿਚ ਅਵਤਾਰ/ਦੇਵੀ-ਦੇਵਤਿਆਂ ਦੀ ਸ਼ਾਮ ਸਮੇਂ ਆਰਤੀ ਉਤਾਰੀ ਜਾਂਦੀ ਸੀ ਜਗਨ ਨਾਥ ਪੁਰੀ ਦੀ

ਯਾਤਰਾ ਸਮੇਂ ਗੁਰੂ ਜੀ ਨੇ ਪੁਜਾਰੀਆਂ ਦੀ ਵਿਅਰਥ ਅਤੇ ਕੂੜ੍ਹ ਆਰਤੀ ਦੇ ਮੁਕਾਬਲੇ ਬ੍ਰਹਮ ਦੀ ਸਦੀਵੀ ਆਰਤੀ ਦੀ ਤਸਵੀਰ ਇਸ ਤਰ੍ਹਾਂ ਪੇਸ਼ ਕੀਤੀ:

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ

ਧੂਪੁ ਮਲਆਨਲੋ ਪਵਣੁ ਚਵਰੋ ਕਰੇ, ਸਗਲ ਬਨਰਾਇ ਫੂਲੰਤ ਜੋਤੀ।

ਕੈਸੀ ਆਰਤੀ ਹੋਇ॥ ਭਵ ਖੰਡਨਾ, ਤੇਰੀ ਆਰਤੀ

ਅਨਹਤਾ ਸਬਦ ਵਾਜੰਤ ਭੇਰੀ।[111]

ਇਸ ਮਿੱਥਕ ਬਿੰਬ ਦੁਆਰਾ ਗੁਰੂ ਜੀ ਨੇ ਪ੍ਰਕਿਰਤੀ ਦੀ ਅਨੰਤਤਾ ਰਾਹੀਂ ਬ੍ਰਹਮ ਦੀ ਮਹੱਤਤਾ ਨੂੰ ਉਜਾਗਰ ਕੀਤਾ ਹੈ ਅਤੇ ਦੁਨਿਆਵੀ ਆਰਤੀਆਂ ਦਾ ਖੰਡਨ ਕਰਕੇ ਇਕ ਬ੍ਰਹਮ ਦੀ ਆਰਤੀ ਕਰਨ ਵੱਲ ਪਰੇਰਿਤ ਕੀਤਾ ਹੈ। ਇਸ ਨਾਲ ਗੁਰੂ ਜੀ ਨੇ ਪੁਜਾਰੀਆਂ ਦੀ ਵਿਅਰਥ ਅਤੇ ਕੂੜ੍ਹ ਆਰਤੀ ਦੇ ਮੁਕਾਬਲੇ ਪਰਮਾਤਮਾ ਦੀ ਸਦੀਵੀ ਆਰਤੀ ਦੀ ਸ੍ਰੇਸ਼ਟਤਾ ਨੂੰ ਸਥਾਪਤ ਕੀਤਾ ਹੈ। ਗੁਰੂ ਜੀ ਨੇ ਸਮਝਾਇਆ ਹੈ ਕਿ ਅਵਤਾਰਾਂ/ਦੇਵੀ-ਦੇਵਤਿਆਂ ਦੀ ਮੂਰਤੀਆਂ ਪੂਜਣ ਦੀ ਬਜਾਏ ਆਪਣਾ ਧਿਆਨ ਇਕ ਵਿਸ਼ਾਲ ਬ੍ਰਹਮ ਦੀ ਮੂਰਤੀ ਵੱਲ ਕਰੋ, ਜਿਸ ਦਾ ਹੁਸਨ ਅਲੌਕਿਕ ਤੇ ਅਦੁੱਤੀ ਹੈ।

**(ਸ) ਬ੍ਰਹਮ ਦੇ ਦਰਬਾਰ ਦਾ ਮਿੱਥਕ ਬਿੰਬ:**

ਗੁਰੂ-ਬਾਣੀ ਵਿਚ ਗੁਰੂ ਨਾਨਕ ਸਾਹਿਬ ਨੇ ਸਮਕਾਲੀ ਰਾਜਸੀ ਦਰਬਾਰਾਂ ਦੀ ਤਰ੍ਹਾਂ ਬ੍ਰਹਮ ਦੇ ਦਰਬਾਰ ਦਾ ਮਿੱਥਕ ਬਿੰਬ ਬੜੀ ਕਲਾਤਮਕਤਾ ਨਾਲ ਪੇਸ਼ ਕੀਤਾ ਹੈ। ਗੁਰੂ ਨਾਨਕ ਸਾਹਿਬ ਸੋਦੁਰ ਦੀ ਸਾਰੀ ਪਾਉੜੀ ਵਿਚ ਇਕ ਅਰਸ਼ੀ ਦਰਬਾਰ ਦੀ ਤਰ੍ਹਾਂ ਬ੍ਰਹਮ ਦੇ ਦਰਬਾਰ ਦਾ ਮਿੱਥਕ ਬਿੰਬ ਇਸ ਤਰ੍ਹਾਂ ਪੇਸ਼ ਕਰਦੇ ਹਨ:

ਸੋ ਦਰੁ ਤੇਰਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ।

ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ।

ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ।

......................................................

......................................................

ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ।[112]

ਇਸ ਮਿੱਥਕ ਬਿੰਬ ਰਾਹੀਂ ਗੁਰੂ ਸਾਹਿਬ ਨੇ ਬ੍ਰਹਮ ਦੀ ਸਰਵਸ੍ਰੇਸ਼ਟਤਾ ਤੇ ਸਰਵਉੱਚਤਾ ਨੂੰ ਦਰਸਾਇਆ ਹੈ। ਆਪ ਨੇ ਇਸ ਇਲਾਹੀ ਦਰਬਾਰ ਦੇ ਸਨਮੁੱਖ ਦੇਵੀ ਦੇਵਤਿਆਂ/ਅਵਤਾਰਾਂ ਨੂੰ ਹੱਥ ਬੰਨ੍ਹ ਕੇ ਦਰਬਾਰੀਆਂ ਦੀ ਤਰ੍ਹਾਂ ਖੜ੍ਹੋਤੇ ਦਰਸਾਅ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਬ੍ਰਹਮ ਹੀ ਸਰਵਉੱਚ ਹੈ, ਅਵਤਾਰ/ਦੇਵੀ ਦੇਵਤੇ ਉਸ ਦੇ ਹੁਕਮ ਵਿਚ ਬੰਨੇ ਹੋਏ ਹਨ। ਬ੍ਰਹਮ ਇਕ ਸ਼ਹਿਨਸ਼ਾਹ ਦੀ ਤਰ੍ਹਾਂ ਜੋ ਵੀ ਉਨ੍ਹਾਂ ਨੂੰ ਹੁਕਮ ਕਰਦਾ ਹੈ, ਉਹ ਕਰਦਾ ਹੈ। ਉਸ ਸਹਿਨਸ਼ਾਹ ਦਾ ਹੁਕਮ ਸੱਚਾ ਹੈ। ਜੋ ਉਸ ਨੂੰ ਭਾਉਂਦਾ ਹੈ ਉਹ ਹੀ ਕਰਦਾ ਹੈ। ਉਸ ਨੂੰ ਕੋਈ ਹੋਰ ਹੁਕਮ ਨਹੀਂ ਕਰ ਸਕਦਾ ਕਿਉਂਕਿ ਉਹ ਪਾਤਸ਼ਾਹ ਦਾ ਪਾਤਸ਼ਾਹ ਹੈ।

ਇਸ ਬਿੰਬ ਰਾਹੀਂ ਪਹਿਲਾ ਅਰਥ ਇਹ ਨਿਕਲਦਾ ਹੈ ਕਿ ਬ੍ਰਹਮ ਦੀ ਵਡਿਆਈ ਬਹੁਤ ਵੱਡੀ ਹੈ। ਦੂਸਰਾ ਇਹ ਕਿ ਸਮੁੱਚੀ ਸ੍ਰਿਸ਼ਟੀ ਉਸਦੇ ਹੁਕਮ ਅਨੁਸਾਰ ਕਾਰਜ ਕਰਦੀ ਹੈ। ਤੀਸਰਾ ਬ੍ਰਹਮ ਦੀ ਪਾਤਿਸ਼ਾਹੀ ਦਾ ਕੋਈ ਅੰਤ ਨਹੀਂ ਹੈ। ਇਸ ਦੀ ਵਿਸ਼ਾਲਤਾ ਏਨੀ ਹੈ ਕਿ ਕੀ ਕੋਈ ਇਸ ਦਾ ਅੰਤ ਨਹੀਂ ਪਾ ਸਕਦਾ।

### ਰਥ ਤੇ ਰਥਵਾਨ ਦਾ ਮਿੱਥਕ ਬਿੰਬ:

ਗੁਰੂ-ਬਾਣੀ ਵਿਚ ਰਥ ਤੇ ਰਥਵਾਨ ਦੇ ਮਿੱਥਕ ਬਿੰਬ ਰਾਹੀਂ ਗੁਰੂ ਸਾਹਿਬ ਨੇ ਚਹੁੰ ਯੁਗਾਂ ਦੇ ਵੱਖੋ-ਵੱਖਰੇ ਸੁਭਾਅ ਦਾ ਵਰਨਣ ਕੀਤਾ ਹੈ ਜਿਸ ਨੂੰ ਇਕ ਰਥ ਤੇ ਰਥਵਾਨ ਚਲਾ ਰਹੇ ਹਨ। ਇਹ ਮਿੱਥਕ ਬਿੰਬ ਗੁਰੂ ਨਾਨਕ ਸਾਹਿਬ ਨੇ ਇਸ ਤਰ੍ਹਾਂ ਪੇਸ਼ ਕੀਤਾ ਹੈ:

ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕ ਰਥਵਾਹੁ।
ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ।
ਸਤਿਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ॥
ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ

ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ

ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ।[113]

ਇਸ ਵਿਚ ਪੇਸ਼ 'ਰਥ' ਅਤੇ 'ਰਥਵਾਨ' ਦੇ ਬਿੰਬਾਂ ਰਾਹੀਂ ਹਰ ਯੁਗ ਦੀ ਤਸਵੀਰ ਬੜੀ ਕਲਾਤਮਕਤਾ ਨਾਲ ਪੇਸ਼ ਕੀਤੀ ਹੈ। ਉਨ੍ਹਾਂ ਦੇ ਅਨੁਸਾਰ ਹਰ ਯੁਗ ਦਾ ਇਕ 'ਰਥ' ਤੇ ਇਕ 'ਰਥਵਾਨ' ਹੈ। 'ਰਥ' ਤੋਂ ਭਾਵ ਉਸ ਯੁਗ ਵਿਚ ਪਸਰੀ ਬਲਵਾਨ ਰੁਚੀ ਹੈ ਅਤੇ ਰਥਵਾਨ ਉਸ ਦੀ ਸੰਚਾਲਕ ਸ਼ਕਤੀ ਹੈ। ਸਤਿਯੁਗ ਵਿਚ ਮਨੁੱਖ ਸਬਰ ਸੰਤੋਖ ਵਾਲੇ ਸਨ ਅਤੇ ਉਹ ਧਰਮ ਵਿਚ ਰਹਿ ਕੇ ਬ੍ਰਹਮ ਦੀ ਭਜਨ ਬੰਦਗੀ ਕਰਦੇ ਸਨ। ਤ੍ਰੇਤਾ ਵਿਚ ਜਤੀ ਸਤੀ ਰਹਿਣ ਉਤੇ ਬੜਾ ਬਲ ਦਿੱਤਾ ਜਾਂਦਾ ਰਿਹਾ ਹੈ ਜਿਸ ਸਮੇਂ ਸਰੀਰਕ ਬਲ ਵਾਲਿਆ ਦੀ ਕਦਰ ਵਧੇਰੇ ਹੁੰਦੀ ਸੀ। ਦੁਆਪਰ ਯੁਗ ਵਿਚ ਮਨੁੱਖ ਵਿਸ਼ੇ, ਵਿਕਾਰਾਂ ਤੇ ਕਾਬੂ ਪਾਉਣ ਲਈ ਅਤੇ ਬ੍ਰਹਮ ਨਾਲ ਸਾਧਨਾ ਜੋੜਨ ਲਈ ਤਪ ਤੇ ਸਾਧਨਾ ਕਰਦਾ ਸੀ। ਉਸ ਦਾ ਮੁੱਖ ਉਦੇਸ਼ ਉੱਚਾ ਆਚਰਣ ਗ੍ਰਹਿਣ ਕਰਨਾ ਸੀ। ਕਲਿਯੁਗ ਵਿਚ ਮਨੁੱਖ ਦੀ ਬਿਰਤੀ ਕਾਮਦਾਇਕ ਰੁਚੀਆਂ ਵੱਲ ਵਧ ਗਈ ਅਤੇ ਕੂੜ ਨੂੰ ਪ੍ਰਧਾਨਤਾ ਮਿਲ ਗਈ। ਇਸ ਤਰ੍ਹਾਂ ਹਰ ਯੁਗ ਦੇ ਰਥ ਤਰਤੀਬਵਾਰ 'ਸੰਤੋਖ,, 'ਜਤ', 'ਤਪ' ਤੇ 'ਅਗਨ' ਦੱਸੇ ਹਨ ਅਤੇ ਉਨ੍ਹਾਂ ਦੇ ਰਥਵਾਨ, 'ਧਰਮ', 'ਜ਼ੋਰ', 'ਸਤਿ' ਅਤੇ 'ਕੂੜ' ਹਨ। ਇਸ ਤਰ੍ਹਾਂ 'ਰਥ' ਤੇ 'ਰਥਵਾਨ' ਦੇ ਬਿੰਬਾਂ ਰਾਹੀਂ ਚਾਰੇ ਯੁਗਾਂ ਦੀ ਤਸਵੀਰ ਬੜੀ ਕਲਾਤਮਕਤਾ ਨਾਲ ਪੇਸ਼ ਕਰਕੇ ਚਾਰ ਯੁੱਗ ਦੇ ਵੱਖ-ਵੱਖ ਸੁਭਾਅ ਦਾ ਵਰਨਣ ਕੀਤਾ ਹੈ।

### (ਕ) ਮਿੱਥਕ ਪਾਤਰਾਂ ਦਾ ਬਿੰਬ:

ਗੁਰੂ-ਬਾਣੀ ਵਿਚ ਮਿੱਥਕ ਪਾਤਰਾਂ ਦਾ ਬਿੰਬ ਪੇਸ਼ ਕਰਕੇ ਕਈ ਸੰਕਲਪਾਂ ਦਾ ਪ੍ਰਗਟਾਵਾ ਕੀਤਾ ਗਿਆ ਹੈ। ਗਉੜੀ ਰਾਗ ਦੀ ਅਸਟਪਦੀ ਵਿਚ ਬ੍ਰਹਮਾ ਦੇ ਹਉਮੈ ਕਾਰਨ ਕਮਲ ਫੁੱਲ ਵਿਚ 36 ਯੁਗ ਤੱਕ ਫਸੇ ਰਹਿਣ; ਬਲਿਰਾਜਾ ਦੁਆਰਾ ਬਹੁਤੇ ਯੱਗ ਕਰਕੇ ਅਹੰਕਾਰ ਵਿਚ ਗ੍ਰਸਤ ਰਹਿਣ; ਹਰੀ ਚੰਦ ਦੁਆਰਾ ਦਾਨੀ ਹੋਣ ਦੇ ਬਾਵਜੂਦ ਵੀ ਗੁਰੂ ਧਾਰਨਾ ਨਾ ਕਰਨ, ਜਨਮੇਜੇ ਦੁਆਰਾ ਗੁਰੂ ਤੋਂ ਬੇਮੁਖ ਹੋਣ; ਹਰਣਾਖਸ, ਰਾਵਣ, ਮਹਿਖਾਸਾ, ਸਹਿਸਬਾਹੁ, ਮਧੁਕੀਟ, ਜਰਾਸੰਧ, ਕਾਲਜਮਨ, ਰਕਤਬੀਜ, ਕਾਲਨੇਮ, ਕੰਸ, ਕੇਸੁ, ਦੁਰਯੋਧਨ ਆਦਿ ਦੇ ਸੰਕਟਾਂ ਦਾ

ਕਾਰਨ ਵੀ ਹਉਮੈ ਦਰਸਾਇਆ ਹੈ। ਗੁਰੂ ਸਾਹਿਬ ਨੇ ਮਿੱਥਕ ਪਾਤਰਾਂ ਦੇ ਬਿੰਬ ਰਾਹੀਂ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਹਉਮੈ ਅਹੰਕਾਰ ਇਕ ਫਸੇ ਵਿਅਕਤੀ ਦੀ ਮੁਕਤੀ ਨਹੀਂ ਹੋ ਸਕਦੀ। ਦਾਨ ਅਤੇ ਯੱਗ ਹੀ ਮੁਕਤੀ ਪ੍ਰਾਪਤੀ ਦੇ ਸਾਧਨ ਨਹੀਂ ਹਨ। ਇਹ ਸਿਰਫ ਗੁਰੂ ਦੀ ਸ਼ਰਨ ਵਿਚ ਆ ਕੇ ਹੀ ਹੋ ਸਕਦੀ ਹੈ। ਗੁਰੂ ਹੀ ਹਉਮੈ, ਅਹੰਕਾਰ ਦਾ ਆਪਣੇ ਦਿਤੇ ਸ਼ਬਦ ਰਾਹੀਂ ਨਾਸ ਕਰਦਾ ਹੈ ਅਤੇ ਮੁਕਤੀ ਦਾ ਰਾਹ ਦਰਸਾਉਂਦਾ ਹੈ।

ਇਸ ਤੋਂ ਇਲਾਵਾ ਭਗਤੀ ਭਾਵਨਾ ਵਾਲੇ ਪਾਤਰਾਂ - ਧ੍ਰੂ, ਪ੍ਰਹਿਲਾਦ, ਗਨਕਾ, ਅਜਾਮਲ, ਸੁਦਾਮਾ ਆਦਿ ਦੇ ਬਿੰਬ ਪੇਸ਼ ਕਰਕੇ ਭਗਤੀ ਭਾਵਨਾ ਨੂੰ ਦ੍ਰਿੜ ਕਰਵਾਇਆ ਹੈ। (ਵਿਸਥਾਰ ਪਹਿਲਾਂ ਦਿੱਤਾ ਜਾ ਚੁੱਕਾ ਹੈ)। ਉਪਰੋਕਤ ਤੋਂ ਇਲਾਵਾ ਗੁਰੂ-ਬਾਣੀ ਵਿਚ ਹੋਰ ਵੀ ਮਿੱਥਕ ਬਿੰਬ ਪੇਸ਼ ਹੋਏ ਹਨ ਪਰ ਇਥ ਕੁਝ ਵੀ ਮਿੱਥਕ ਬਿੰਬ ਪੇਸ਼ ਕੀਤੇ ਗਏ ਹਨ। ਇਸ ਤਰ੍ਹਾਂ ਗੁਰੂ-ਬਾਣੀ ਵਿਚ ਪੇਸ਼ ਮਿੱਥਕ ਬਿੰਬਾਂ ਨੂੰ ਗਹੁ ਨਾਲ ਵਾਚੀਏ ਇਹ ਪਤਾ ਚਲਦਾ ਹੈ ਕਿ ਗੁਰੂ-ਬਾਣੀ ਦੀ ਬਿੰਬ ਯੋਜਨਾ ਹਰ ਖੇਤਰ, ਵਰਗ ਨੂੰ ਕਲਾਵੇ ਵਿਚ ਲੈਂਦੀ ਹੈ। ਗੁਰੂ ਸਾਹਿਬ ਨੇ ਸੁਚੱਜੀ ਕਲਾਤਮਕਤਾ ਦਾ ਪ੍ਰਗਟਾਵਾ ਕਰਦੇ ਹੋਏ ਬ੍ਰਹਮ ਦੇ ਸਰੂਪ, ਸ੍ਰਿਸ਼ਟੀ ਦੀ ਪੂਰਬਲੀ ਅਵਸਥਾ, ਬ੍ਰਹਮ ਦੇ ਸ਼ਾਹੀ ਦਰਬਾਰ, ਰਥ ਤੇ ਰਥਵਾਨ ਦਾ ਬਿੰਬ ਮਿੱਥਕ ਪਾਤਰਾਂ ਦੇ ਬਿੰਬਾਂ ਨੂੰ ਪੇਸ਼ ਕਰਕੇ ਬ੍ਰਹਮ ਦੀ ਸਰਵਉੱਚਤਾ, ਸ੍ਰੇਸ਼ਟਤਾ ਗੁਰੂ ਦੀ ਮਹੱਤਤਾ ਭਗਤੀ ਭਾਵ, ਹਉਮੈ, ਕਾਮ, ਕਰੋਧ ਲੋਭ ਮੋਹ ਆਦਿ ਦੇ ਸੰਕਲਪਾਂ ਨੂੰ ਦ੍ਰਿੜਾਇਆ ਹੈ। ਉਨ੍ਹਾਂ ਇਨ੍ਹਾਂ ਮਿੱਥਕ ਬਿੰਬ ਰਾਹੀਂ ਅਵਤਾਰ/ਦੇਵੀ ਦੇਵਤਿਆਂ ਦੀ ਪੂਜਾ ਛੱਡ ਇਕ ਬ੍ਰਹਮ ਦੀ ਭਗਤੀ ਕਰਨ ਵੱਲ ਮਨੁੱਖ ਦਾ ਧਿਆਨ ਦਿਵਾਇਆ ਹੈ।

## ਗੁਰੂ-ਬਾਣੀ ਦੀ ਮਿੱਥਕ ਦ੍ਰਿਸ਼ਟਾਂਤਾਂ ਰਾਹੀਂ ਕਲਾਤਮਕਤਾ

ਦ੍ਰਿਸ਼ਟਾਂਤ ਉਹ ਰੂਪ ਹੈ ਜਦੋਂ ਕਿਸੇ ਵਿਚਾਰ ਨੂੰ ਤਰਕਮਈ ਵਿਧੀ ਨਾਲ ਸੁਲਝਾਇਆਂ ਦਲੀਲ ਵਜੋਂ ਵਰਤਿਆ ਜਾਵੇ। ਮਹਾਨ ਕੋਸ਼ ਅਨੁਸਾਰ ਦ੍ਰਿਸ਼ਟਾਂਤ ਦੇ ਅਰਥ ਉਦਾਹਰਣ ਤੇ ਇਕ ਆਰਥਾਲੰਕਾਰ ਦੇ ਰੂਪ ਵਿਚ ਕੀਤੇ ਹਨ। ਕਿਸੇ ਪ੍ਰਸੰਗ ਅਥਵਾ ਵਸਤੂ ਦਾ ਪੂਰਾ ਗਿਆਨ

ਕਰਵਾਉਣ ਲਈ ਕਿਸੇ ਸਮਾਨ ਧਰਮ ਵਾਲੀ ਵਸਤੂ ਦਾ ਕਥਨ ਅਰਥਾਤ ਉਪਮੇਯ ਦਾ ਪ੍ਰਤਿਬਿੰਬ ਰੂਪ ਕੀਤੇ ਹਨ।[114]

ਗੁਰੂ-ਬਾਣੀ ਵਿਚ ਮਿੱਥਕ ਦ੍ਰਿਸ਼ਟਾਂਤਾਂ ਦੀ ਵਰਤੋਂ ਕਰਕੇ ਗੁਰੂ-ਸਾਹਿਬ ਨੇ ਕਲਾਤਮਕਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ। ਇਨ੍ਹਾਂ ਦ੍ਰਿਸ਼ਟਾਂਤਾਂ ਬਾਰੇ ਵਿਸਥਾਰ ਸਹਿਤ ਚਰਚਾ ਪਹਿਲਿਆਂ ਅਧਿਆਇਆਂ ਵਿਚ ਕੀਤਾ ਜਾ ਚੁੱਕਾ ਹੈ। ਪਰ ਫਿਰ ਵੀ ਸੰਖੇਪ ਰੂਪ ਵਿਚ ਇਨ੍ਹਾਂ ਦ੍ਰਿਸ਼ਟਾਂਤਾਂ ਬਾਰੇ ਦੱਸਿਆ ਜਾ ਰਿਹਾ ਹੈ।

ਗੁਰੂ ਸਾਹਿਬ ਦੁਆਰਾ ਪੇਸ਼ ਮਿੱਥਕ ਦ੍ਰਿਸ਼ਟਾਤਾਂ ਦੀ ਕਲਾਤਮਕਤਾ ਇਹ ਹੈ ਕਿ ਇਹਨਾਂ ਦਾ ਇਕ ਇਕ ਸ਼ਬਦ ਅਤੇ ਸਤਰ ਵਿਚ ਅਨੇਕਾਂ ਮਿੱਥਕ ਪਾਤਰਾਂ ਦੇ ਚਰਿਤਰ ਦੀ ਪੇਸ਼ਕਾਰੀ ਕੀਤੀ ਗਈ ਹੈ। ਉਨ੍ਹਾਂ ਨੇ ਮਿੱਥਕ ਦ੍ਰਿਸ਼ਟਾਂਤਾਂ ਦੀ ਵਰਤੋਂ ਕਰਦੇ ਸਮੇਂ ਮਿੱਥ ਦਾ ਪੈਟਰਨ ਵਿਰੋਧਾਤਮਕ ਜਾਂ ਸਮਾਨਾਤਮਕ ਵਾਲਾ ਵਰਤਿਆ ਹੈ। ਇਨ੍ਹਾਂ ਮਿੱਥਕ ਦ੍ਰਿਸ਼ਟਾਂਤਾਂ ਰਾਹੀਂ ਗੁਰੂ ਸਾਹਿਬ ਨੇ ਲੋਕ ਮਨ ਵਿਚ ਵਸ ਚੁਕੀਆ ਮਿੱਥ ਕਥਾਵਾਂ ਨੂੰ ਨਾਕਾਰਾਤਮਕ ਤੇ ਸਾਕਾਰਾਤਮਕ ਦੀ ਰੁਚੀ ਰਾਹੀਂ ਪੇਸ਼ ਕਰਕੇ ਅਧਿਆਤਮਕ ਰਹੱਸ ਦੇ ਚੇਹਰੇ ਨੂੰ ਸਫਲਤਾ ਪੂਰਵਕ ਬੇਨਕਾਬ ਕਰਨ ਦੀ ਕੋਸ਼ਿਸ਼ ਕੀਤੀ ਹੈ।

ਗੁਰੂ-ਬਾਣੀ ਵਿਚ ਗੁਰੂ ਸਾਹਿਬ ਨੇ ਜੋ ਮਿੱਥਕ ਦ੍ਰਿਸ਼ਟਾਂਤ ਪੇਸ਼ ਕੀਤੇ ਹਨ ਉਹ ਅਵਤਾਰ/ਦੇਵੀ-ਦੇਵਤਿਆਂ ਦੀ ਪੂਜਾ ਛੱਡ ਕੇ ਇਕ ਨਿਰਗੁਣ ਬ੍ਰਹਮ ਦੀ ਭਗਤੀ ਕਰਨ ਦੇ ਸੰਦਰਭ ਵਿਚ ਪੇਸ਼ ਹੋਏ ਹਨ। ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਭਗਤੀ ਭਾਵ ਵਾਲੇ ਪਾਤਰਾਂ ਨਾਲ ਸਬੰਧਿਤ ਮਿੱਥਕ ਦ੍ਰਿਸ਼ਟਾਂਤ ਪੇਸ਼ ਕਰਕੇ ਭਗਤੀ ਭਾਵਨਾ ਨੂੰ ਦ੍ਰਿੜ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ। ਕਾਮ, ਕਰੋਧ, ਲੋਭ, ਮੋਹ ਹੰਕਾਰ ਵਸ ਪਾਤਰਾਂ ਦੇ ਮਿੱਥਕ ਦ੍ਰਿਸ਼ਟਾਂਤ ਰਾਹੀਂ ਗੁਰੂ ਸਾਹਿਬ ਨੇ ਸਦਗੁਣਾਂ ਨੂੰ ਅਪਣਾਉਣ ਅਤੇ ਮਨਮੁਖ ਦਾ ਰਾਹ ਤਿਆਗ ਕੇ ਗੁਰਮੁਖ ਦੇ ਰਾਹ ਤੇ ਚੱਲਣ ਦਾ ਉਪਦੇਸ਼ ਦਿੱਤਾ ਹੈ। ਉਪਰੋਕਤ ਤੋਂ ਇਲਾਵਾ ਨੇਕੀ ਤੇ ਬਦੀ ਨਾਲ ਸੰਬੰਧਿਤ ਮਿੱਥਕ ਪਾਤਰਾਂ ਦੇ ਦ੍ਰਿਸ਼ਟਾਤ ਦੀ ਪੇਸ਼ਕਾਰੀ ਕਰਕੇ ਨੇਕੀ ਦੇ ਰਾਹ ਉੱਪਰ ਚਲਣ ਦਾ ਉਪਦੇਸ਼ ਵੀ ਦਿੱਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਿੱਥਕ ਦ੍ਰਿਸ਼ਟਾਤ ਦੀ ਗਿਣਤੀ ਬਹੁਤ ਹੈ ਫਿਰ ਵੀ ਜੋ ਦ੍ਰਿਸ਼ਟਾਂਤ ਇਸ ਥੀਸਜ਼ ਵਿਚ ਪੇਸ਼ ਕੀਤੇ ਗਏ ਹਨ ਉਹ ਇਸ ਪ੍ਰਕਾਰ ਹਨ:

(ੳ) ਅਵਤਾਰਾਂ/ਦੇਵੀ-ਦੇਵਤਿਆਂ ਨਾਲ ਸੰਬੰਧਿਤ ਮਿੱਥਕ ਦ੍ਰਿਸ਼ਟਾਂਤ

(ਅ) ਰਿਸ਼ੀਆਂ ਮੁਨੀਆਂ ਨਾਲ ਸੰਬੰਧਿਤ ਮਿੱਥਕ ਦ੍ਰਿਸ਼ਟਾਂਤ

(ੲ) ਰਾਜਿਆਂ ਰਾਣੀਆਂ ਨਾਲ ਸੰਬੰਧਿਤ ਮਿੱਥਕ ਦ੍ਰਿਸ਼ਟਾਂਤ

(ਸ) ਭਗਤਾਂ ਨਾਲ ਸੰਬੰਧਿਤ ਮਿੱਥਕ ਦ੍ਰਿਸ਼ਟਾਂਤ

(ਹ) ਫੁਟਕਲ ਦ੍ਰਿਸ਼ਟਾਤਾਂ ਜਿਵੇਂ ਖੀਰ-ਸਮੁੰਦਰ ਮੰਥਨ, ਧੌਲ ਧਰਮ, ਚਿਤਰਗੁਪਤ, ਧਰਮਰਾਜ, ਚਿਤਰਗੁਪਤ, ਚੰਦਰਮਾ, ਸ਼ੇਸਨਾਗ, ਚਾਰ ਯੁਗ, ਯਮਰਾਜ ਆਦਿ ਨਾਲ ਸੰਬੰਧਿਤ ਦ੍ਰਿਸ਼ਟਾਂਤ।

(ਨੋਟ ਇਨ੍ਹਾਂ ਦ੍ਰਿਸ਼ਟਾਂਤਾਂ ਦੀ ਵਿਸਥਾਰ ਸਹਿਤ ਪੇਸ਼ਕਾਰੀ ਪਹਿਲਿਆਂ ਅਧਿਆਇਆਂ ਵਿਚ ਕੀਤੀ ਜਾ ਚੁੱਕੀ ਹੈ)

ਉਪਰੋਕਤ ਮਿੱਥਕ ਦ੍ਰਿਸ਼ਟਾਂਤਾਂ ਰਾਹੀਂ ਗੁਰੂ ਸਾਹਿਬ ਨੇ ਅਵਤਾਰ/ਦੇਵੀ ਦੇਵਤਿਆਂ, ਰਿਸ਼ੀਆਂ ਮੁਨੀਆਂ, ਰਾਜਿਆਂ, ਰਾਣੀਆਂ ਦੇ ਚਰਿੱਤਰਾਂ ਨੂੰ ਪੇਸ਼ ਕਰਕੇ ਉਨ੍ਹਾਂ ਦੀਆਂ ਵਿਅਕਤੀਗਤ ਊਣਤਾਈਆਂ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਗੁਰੂ ਸਾਹਿਬ ਨੇ ਇਨ੍ਹਾਂ ਦ੍ਰਿਸ਼ਟਾਂਤਾਂ ਰਾਹੀਂ ਇਹ ਉਪਦੇਸ਼ ਦਿੱਤਾ ਹੈ ਕਿ ਅਵਤਾਰ/ਦੇਵੀ ਦੇਵਤਿਆਂ ਦੀ ਉਪਾਸਨਾ ਛੱਡ ਇਕ ਬ੍ਰਹਮ ਦੀ ਉਪਾਸਨਾ ਕਰਨੀ ਚਾਹੀਦੀ ਹੈ ਜੋ ਜਨਮ ਮਰਨ ਤੋਂ ਰਹਿਤ ਹੈ ਅਤੇ ਸਦੀਵ ਹੈ। ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਕਾਮ, ਕਰੋਧ, ਲੋਭ, ਮੋਹ, ਹੰਕਾਰ ਤੋਂ ਪੀੜਤ ਮਿੱਥਕ ਪਾਤਰਾਂ ਨੂੰ ਪੇਸ਼ ਕਰਕੇ ਇਨ੍ਹਾਂ ਵਿਕਾਰਾਂ ਨੂੰ ਤਿਆਗਣ ਉਪਰ ਜ਼ੋਰ ਦਿੱਤਾ ਹੈ। ਆਪ ਨੇ ਇਨ੍ਹਾਂ ਦ੍ਰਿਸ਼ਟਾਂਤਾਂ ਰਾਹੀਂ ਨੇਕੀ ਦੇ ਰਾਹ ਤੇ ਚੱਲ ਕੇ ਗੁਰਮੁਖ ਦਾ ਜੀਵਨ ਅਪਣਾਉਣ ਅਤੇ ਬਦੀ ਦੇ ਰਾਹ ਤੋਂ ਹਟ ਕੇ ਮਨਮੁਖ ਦੇ ਜੀਵਨ ਨੂੰ ਤਿਆਗਣ ਤੇ ਬਲ ਦਿੱਤਾ ਹੈ। ਗੁਰੂ ਸਾਹਿਬ ਨੇ ਪ੍ਰਭੂ ਭਗਤਾਂ ਨਾਲ ਸੰਬੰਧਿਤ ਦ੍ਰਿਸ਼ਟਾਂਤ ਵੀ ਪੇਸ਼ ਕੀਤੇ ਹਨ ਜਿਨ੍ਹਾਂ ਰਾਹੀਂ ਪ੍ਰਭੂ ਨੂੰ ਭਗਤਾਂ ਦੀ ਰੱਖਿਆ ਕਰਦਿਆਂ ਦਰਸਾਅ ਕੇ ਪ੍ਰਭੂ ਭਗਤੀ ਕਰਨ ਉੱਪਰ ਜ਼ੋਰ ਦਿੱਤਾ ਹੈ।

## ਗੁਰੂ-ਬਾਣੀ ਵਿਚ ਪੇਸ਼ ਮਿੱਥ ਕਥਾਵਾਂ ਦੀ ਸੰਚਾਰ ਜੁਗਤ ਵਜੋਂ ਕਲਾਤਮਕਤਾ

'ਸੰਚਾਰ' ਦੇ ਸਮਨਾਂਤਰ ਅੰਗਰੇਜ਼ੀ ਵਿਚ ਕਮਿਊਨੀਕੇਸ਼ਨ (Communication) ਸ਼ਬਦ ਹੈ ਜੋ ਲਾਤੀਨੀ ਭਾਸ਼ਾ ਦੇ ਸਮਾਨਰਥੀ ਸ਼ਬਦ (communis) ਤੋਂ ਆਇਆ ਮੰਨਿਆ ਗਿਆ ਹੈ ਜਿਸ ਦਾ ਅਰਥ ਸਾਂਝ ਹੈ ਭਾਵ ਉਹ ਤੱਤ ਜਾਂ ਤੱਥ ਜੋ ਦੋ ਵਿਅਕਤੀਆਂ ਦੇ ਵਿਚਕਾਰ ਸਾਂਝਾ ਹੋਵੇ। ਜਦੋਂ ਕੋਈ ਵਿਅਕਤੀ ਵਿਅਕਤੀਗਤ ਰੂਪ ਵਿਚ ਜਾਣਕਾਰੀ, ਗਿਆਨ ਜਾਂ ਵਿਚਾਰ ਦੂਸਰੇ ਵਿਅਕਤੀ ਨਾਲ ਸਾਂਝਾ ਕਰਦਾ ਹੈ ਤਾਂ ਵਿਚਾਰਾਂ ਦਾ ਸੰਚਾਰ ਹੁੰਦਾ ਹੈ ਜਿਸ ਨੂੰ ਸੰਚਾਰ (communication) ਆਖਿਆ ਜਾਂਦਾ ਹੈ।[115]

ਸੰਸਾਰ ਦੇ ਹਰ ਭੌਤਿਕ ਤੇ ਪਰਾਭੌਤਿਕ ਤੱਤ ਸੰਚਾਰ ਦੀ ਕਿਰਿਆ ਵਿਚ ਲੀਨ ਰਹਿੰਦੇ ਹਨ। ਹਰ ਜੀਵ ਜੰਤੂ ਆਪਣੀ ਆਪਣੀ ਵਿਧੀ ਜਾਂ ਜੁਗਤ ਦੁਆਰਾ ਆਪਣੇ ਭਾਵਾਂ, ਵਿਚਾਰਾਂ ਜਾਂ ਸੁਨੇਹਿਆਂ ਦਾ ਸੰਚਾਰ ਆਪਣੇ ਆਪਣੇ ਤਰੀਕੇ ਨਾਲ ਕਰਦਾ ਹੈ।

ਆਦਿ ਕਾਲ ਤੋਂ ਹੀ ਮਨੁੱਖ ਦੇ ਵਿਕਾਸ ਵਿਚ ਸੰਚਾਰ ਇਕ ਪ੍ਰਮੁੱਖ ਜੁਗਤ ਵਜੋਂ ਵਿਦਮਾਨ ਰਿਹਾ ਹੈ। ਆਦਿ ਮਨੁੱਖ ਜਾਨਵਰਾਂ ਦੀ ਤਰ੍ਹਾਂ ਕਈ ਤਰ੍ਹਾਂ ਦੀਆਂ ਸੰਚਾਰ ਜੁਗਤਾਂ ਵਰਤਦਾ ਰਿਹਾ ਹੈ। ਉਹ ਜਾਨਵਰਾਂ ਦੀ ਤਰ੍ਹਾਂ ਕਈ ਤਰ੍ਹਾਂ ਦੀਆਂ ਅਵਾਜ਼ਾਂ ਕੱਢਦਾ, ਇਸ਼ਾਰੇ ਕਰਦਾ ਅਤੇ ਕਈ ਤਰ੍ਹਾਂ ਦੀਆਂ ਤਸਵੀਰਾਂ ਬਣਾ ਕੇ ਆਪਣੇ ਭਾਵਾਂ ਦਾ ਸੰਚਾਰ ਕਰਦਾ। ਹੌਲੀ ਹੌਲੀ ਇਹ ਸੰਚਾਰ ਸਾਧਨ ਵਿਕਸਿਤ ਹੋ ਗਏ। ਆਧੁਨਿਕ ਯੁਗ ਵਿਚ ਭਾਸ਼ਾ, ਕਲਾ, ਲੋਕਧਾਰਾ, ਟੈਲੀਫ਼ੂਨ, ਮੋਬਾਇਲ, ਇੰਟਰਨੈੱਟ, ਕੰਪਿਊਟਰ ਆਦਿ ਨੇ ਮਨੁੱਖ ਦੇ ਭਾਵਾਂ ਦਾ ਸੰਚਾਰ ਕਰਨ ਲਈ ਮਹੱਤਵਪੂਰਨ ਯੋਗਦਾਨ ਪਾਇਆ।

ਮਨੁੱਖ ਦੇ ਜੀਵਨ ਵਿਚ ਸੰਚਾਰ ਦੇ ਦੋ ਰੂਪਾਂ ਦੇ ਵਿਭਿੰਨ ਨਕਸ਼ ਦੇਖੇ ਜਾ ਸਕਦੇ ਹਨ। ਸੰਚਾਰ ਦਾ ਇਕ ਰੂਪ ਉਹ ਹੈ ਜਦੋਂ ਮਨੁੱਖ ਕਿਸੇ ਦੂਸਰੇ ਮਨੁੱਖ ਨਾਲ ਆਪਣੀ ਜ਼ਰੂਰਤ ਲਈ ਸੰਪਰਕ ਕਰਦਾ ਹੈ। ਦੂਸਰਾ ਰੂਪ ਉਹ ਹੈ ਜਦੋਂ ਮਨੁੱਖ ਆਪਣੀ ਖੁਸ਼ੀ ਦਾ ਪ੍ਰਗਟਾਵਾ/ਸੰਚਾਰ ਦੂਸਰੇ ਮਨੁੱਖ ਨਾਲ ਉਸ ਖੁਸ਼ੀ ਨੂੰ ਸਾਂਝਿਆਂ ਕਰਨ ਲਈ ਕਰਦਾ ਹੈ। ਇਸ ਤਰ੍ਹਾਂ ਇਕ ਵਿਵਹਾਰਕ ਤੇ ਦੂਸਰਾ ਕਲਾਤਮਕ ਰੂਪ ਹੈ। ਇਹ ਦੋਵੇਂ ਰੂਪ ਆਰੰਭ ਤੋਂ ਹੀ ਨਿਖੜੇ ਹੋਏ ਹਨ। ਇਨ੍ਹਾਂ ਦੋਹਾਂ ਦੇ

ਕੋਡ, ਵਿਆਕਰਣ ਤੇ ਪੈਟਰਨ ਵੀ ਇਕ ਦੂਸਰੇ ਤੋਂ ਵਖਰੇ ਵਖਰੇ ਹਨ। ਵਿਵਹਾਰਕ ਕਿਸਮ ਦਾ ਸੰਚਾਰ ਜਿਥੇ ਸਪੱਸ਼ਟ ਰੂਪ ਦੇ ਆਦਰਸ਼ ਵੱਲ ਵਿਕਾਸ ਕਰਦਾ ਹੈ ਉਥੇ ਕਲਾਤਮਕ ਸੰਚਾਰ ਸੂਖਮ ਤੋਂ ਸੂਖਮ ਅਨੁਭਵ ਦਾ ਪ੍ਰਗਟਾਅ ਵਿਸਤਰਿਤ ਤੇ ਵਿਸ਼ਾਲ ਪਸਾਰੇ ਰਾਹੀਂ ਸੰਭਵ ਬਣਾਉਂਦਾ ਹੈ। ਇਸ ਤਰ੍ਹਾਂ ਮਨੁੱਖ ਨੇ ਉਪਰੋਕਤ ਦੋਹਾਂ ਵਿਧੀਆਂ ਦਾ ਪ੍ਰਯੋਗ ਕੀਤਾ ਹੈ। ਉਪਰੋਕਤ ਦੋਵੇਂ ਵਿਧੀਆਂ ਇਸ ਪ੍ਰਕਾਰ ਹਨ:

1) ਵਿਵਹਾਰਕ

2) ਕਲਾਤਮਕ ਜਾਂ ਸਾਂਸਕ੍ਰਿਤਕ

**ਸੰਚਾਰ ਦੇ ਪ੍ਰਗਟਾਅ ਮਾਧਿਅਮ :**

ਮਨੁੱਖੀ ਵਿਕਾਸ ਦੇ ਵਿਭਿੰਨ ਪੜਾਵਾਂ ਵਿਚ ਵਿਚਰਦਿਆਂ ਮਨੁੱਖ ਨੇ ਸੰਚਾਰ ਦੇ ਕਈ ਪ੍ਰਗਟਾਅ ਮਾਧਿਅਮ ਦੀ ਵਰਤੋਂ ਕੀਤੀ। ਪਰ ਇਨ੍ਹਾਂ ਵਿਚੋਂ ਦੋ ਪ੍ਰਮੁੱਖ ਪ੍ਰਗਟਾਅ ਮਾਧਿਅਮ ਹੇਠ ਲਿਖਤ ਹਨ:

ੳ) ਭਾਸ਼ਾਈ ਪ੍ਰਗਟਾਅ ਮਾਧਿਅਮ

ਅ) ਗੈਰ-ਭਾਸ਼ਾਈ ਪ੍ਰਗਟਾਅ ਮਾਧਿਅਮ

ਭਾਸ਼ਾਈ ਤੇ ਗੈਰ ਭਾਸ਼ਾਈ ਸੰਚਾਰ ਦੇ ਪ੍ਰਗਟਾਅ ਮਾਧਿਅਮ ਦੀ ਵਰਤੋਂ ਆਦਿ ਕਾਲ ਤੋਂ ਹੁਣ ਤੱਕ ਹੁੰਦੀ ਆ ਰਹੀ ਹੈ। ਪੁਰਾਤਨ ਰਿਸ਼ੀਆਂ, ਮੁਨੀਆਂ, ਪੀਰਾਂ, ਫਕੀਰਾਂ, ਗੁਰੂਆਂ, ਲੇਖਕਾਂ ਤੇ ਹੋਰ ਵਿਅਕਤੀਆਂ ਨੇ ਸੰਚਾਰ ਦੇ ਪ੍ਰਗਟਾਅ ਮਾਧਿਅਮ ਦੀ ਵਰਤੋਂ ਕਰਦੇ ਹੋਏ ਆਪਣੇ ਸੰਦੇਸ਼ ਦਾ ਸੰਚਾਰ ਕੀਤਾ ਹੈ। ਸਿੱਖ ਗੁਰੂ ਸਾਹਿਬਾਨ ਨੇ ਵੀ ਉਪਰੋਕਤ ਮਾਧਿਅਮਾਂ ਦੀ ਵਰਤੋਂ ਗੁਰੂ-ਬਾਣੀ ਵਿਚ ਕੀਤੀ ਹੈ।

ਗੁਰੂ-ਬਾਣੀ ਵਿਚ ਭਾਸ਼ਾਈ ਸੰਚਾਰ ਜੁਗਤਾਂ ਦੀ ਵਰਤੋਂ ਵੱਡੀ ਪੱਧਰ ਤੇ ਹੋਈ ਹੈ। ਭਾਸ਼ਾਈ ਸੰਚਾਰ ਜੁਗਤਾਂ ਦੀ ਵਰਤੋਂ ਕਰਦੇ ਗੁਰੂ ਸਾਹਿਬਾਨ ਨੇ ਪੰਜਾਬੀ ਭਾਸ਼ਾ ਅਤੇ ਉਸ ਨਾਲ ਸੰਬੰਧਿਤ ਉਪਭਾਸ਼ਾਵਾਂ ਦੀ ਵਰਤੋਂ ਕੀਤੀ ਹੈ। ਇਸ ਤੋਂ ਇਲਾਵਾ ਗੁਰੂ ਅਰਜਨ ਸਾਹਿਬਾਨ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਦੇ ਸਮੇਂ ਭਾਰਤ ਦੀਆਂ ਹੋਰ ਭਾਸ਼ਾਵਾਂ ਦੀ ਵਰਤੋਂ ਕਰਕੇ ਸੰਚਾਰ

ਦੀ ਸੀਮਾ ਵਿਚ ਹੋਰ ਵਾਧਾ ਕੀਤਾ ਹੈ। ਗੁਰੂ ਸਾਹਿਬਾਨ ਨੇ ਅਜਿਹਾ ਇਸ ਕਰਕੇ ਕੀਤਾ ਤਾਂ ਕਿ ਹਰੇਕ ਖੇਤਰ, ਵਰਗ ਦੇ ਲੋਕ ਨਾਲ ਸੰਚਾਰ ਸਥਾਪਿਤ ਕਰਕੇ ਬਾਣੀ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਇਆ ਜਾ ਸਕੇ। ਉਨ੍ਹਾਂ ਨੇ ਲੋਕ ਬੋਲੀ ਨਾਲ ਸੰਬੰਧਿਤ ਅਖਾਣ, ਮੁਹਾਵਰੇ, ਪ੍ਰਤੀਕ, ਬਿੰਬ, ਸੰਕੇਤ, ਅਲੰਕਾਰ, ਲੋਕ ਕਾਵਿ ਰੂਪ, ਮਿੱਥ ਕਥਾਵਾਂ, ਆਦਿ ਵਰਤ ਕੇ ਆਪਣੇ ਸੰਦੇਸ਼ ਦਾ ਸੰਚਾਰ ਕੀਤਾ। ਇਸ ਤੋਂ ਇਲਾਵਾ ਗੁਰੂ ਸਾਹਿਬਾਨ ਨੇ ਗੈਰ-ਭਾਸ਼ਾਈ ਮਾਧਿਅਮ ਜਿਵੇਂ ਲੋਕ ਸੰਗੀਤ, ਲੋਕ ਸਾਜ਼ ਆਦਿ ਨੂੰ ਵੀ ਸੰਚਾਰ ਦਾ ਮਾਧਿਅਮ ਬਣਾਇਆ ਹੈ। ਡਾ. ਦਰਸ਼ਨ ਸਿਘ ਏਸ ਬਾਬਤ ਲਿਖਦੇ ਹਨ:

> *ਬਾਣੀ ਰਾਹੀ ਉਨ੍ਹਾਂ ਨੇ (ਭਾਵ ਗੁਰੂ ਸਾਹਿਬਾਨ ਨੇ) ਕਈ ਕਿਸਮ ਦੇ ਪਾਸਾਰ ਸਿਰਜੇ ਹਨ। ਬਿੰਬਾਂ, ਪ੍ਰਤੀਕਾਂ, ਸਨਾਤਨੀ ਤੱਤਾਂ ਅਤੇ ਲੋਕ ਸ਼ੈਲੀਆਂ ਵਿਚੋਂ ਕਈ ਅਜਿਹੇ ਅਜਿਹੇ ਤੱਤ ਉਨ੍ਹਾਂ ਨੇ ਵਰਤੋਂ ਵਿਚ ਲਿਆਂਦੇ ਹਨ ਜਿਨ੍ਹਾਂ ਨਾਲ ਉਨ੍ਹਾਂ ਨੇ ਵਕਤ ਦੀ ਸੰਚਾਰ ਸਮੱਸਿਆ ਦਾ ਸਮਾਧਾਨ ਲੱਭਿਆ। ਇਸ ਤਰ੍ਹਾਂ ਬਾਕੀ ਕਲਾ ਰੂਪਾਂ ਨੂੰ ਵੀ ਉਨ੍ਹਾਂ ਨੇ ਵਰਤੋਂ ਵਿਚ ਲਿਆਂਦਾ। ਵਾਸਤੂ-ਕਲਾ, ਸ਼ਬਦ ਚਿੱਤਰ ਕਲਾ ਅਤੇ ਸੰਗੀਤ ਆਦਿ ਅਜੇਹੀਆਂ ਕਲਾਤਮਕ ਜੁਗਤਾਂ ਹਨ ਜਿਹੜੀਆਂ ਉਨ੍ਹਾਂ ਦੀ ਸੰਚਾਰ ਪ੍ਰਕ੍ਰਿਆ ਨੂੰ ਸਫਲ ਬਣਾਉਣ ਵਿਚ ਸਹਾਈ ਹੁੰਦੀਆਂ ਹਨ।*[116]

ਸੰਚਾਰ ਦੇ ਭਾਸ਼ਾਈ ਤੇ ਗੈਰ ਭਾਸ਼ਾਈ ਪ੍ਰਗਟਾਅ ਮਾਧਿਅਮ ਵਿਚੋਂ ਲੋਕਧਾਰਾ ਪ੍ਰਗਟਾਅ ਮਾਧਿਅਮ ਦੀ ਵਰਤੋਂ ਗੁਰੂ-ਬਾਣੀ ਵਿਚ ਵਧੇਰੇ ਹੋਈ ਹੈ। ਇਸ ਦਾ ਕਾਰਣ ਇਹ ਹੈ ਕਿ ਲੋਕਧਾਰਾ ਦਾ ਮਨ ਨਾਲ ਸੰਬੰਧ ਹੈ, ਜੋ ਸਿੱਧਾ ਲੋਕ ਮਨ ਉੱਪਰ ਪ੍ਰਭਾਵ ਪਾਉਂਦੀ ਹੈ। ਲੋਕਧਾਰਾ ਹਰ ਵਰਗ ਨਾਲ ਸਾਂਝ ਅਤੇ ਸੰਚਾਰ ਸਥਾਪਿਤ ਕਰਨ ਲਈ ਮਹੱਤਵ ਪੂਰਨ ਰੋਲ ਅਦਾ ਕਰਦੀ ਹੈ। ਇਸੇ ਕਰਕੇ ਗੁਰੂ-ਬਾਣੀ ਵਿਚ ਲੋਕਧਾਰਾ ਦੀਆਂ ਵਿਭਿੰਨ ਸੰਚਾਰ ਜੁਗਤਾਂ ਦੀ ਵਰਤੋਂ ਹੋਈ ਹੈ। ਡਾ. ਅੰਮ੍ਰਿਤਪਾਲ ਕੌਰ ਇਸ ਬਾਬਤ ਲਿਖਦੇ ਹਨ:

*ਬਾਣੀ ਵਿਚ ਲੋਕਧਾਰਾਈ ਸੰਚਾਰ ਜੁਗਤ ਦਾ ਅਗਲੇਰਾ ਅਹਿਮ ਤੇ ਵਡੇਰਾ ਕਾਰਨ ਇਹ ਹੈ ਕਿ ਬਾਣੀ ਕਿਸੇ ਜਾਤ ਪਾਤ ਜਾਂ ਵਿਅਕਤੀ ਵਿਸ਼ੇਸ਼ ਦੇ ਹਿਤਾਂ ਨੂੰ ਸਾਹਮਣੇ ਰੱਖ ਕੇ ਨਹੀਂ ਰਚੀ ਗਈ ਅਤੇ ਨਾ ਹੀ ਇਹ ਸਿੱਧੇ ਤੌਰ ਤੇ ਕਿਸੇ ਸ਼੍ਰੇਣੀ ਜਾਂ ਜਮਾਤ ਨੂੰ ਮੁਖਾਤਿਬ ਹੈ। ਇਸ ਦਾ ਉਪਦੇਸ਼ ਤਾਂ ਚੌਹ ਵਰਣਾਂ ਲਈ ਸਾਂਝਾ ਹੈ। ਇਸ ਤਰ੍ਹਾਂ ਇਹ ਸਮੂਹ ਸ਼੍ਰੇਣੀਆਂ ਜਾਤਾਂ ਅਤੇ ਵਿਭਿੰਨ ਸਾਂਸਕ੍ਰਿਤਕ ਜਮਾਤਾਂ ਨਾਲ ਸਾਂਝ ਪਾਉਣ ਲਈ ਬਾਣੀ 'ਲੋਕਧਾਰਾਈ ਸੰਚਾਰ ਜੁਗਤਾਂ' ਦਾ ਪ੍ਰਯੋਗ ਕਰਦੀ ਹੈ।*[17]

ਗੁਰੂ-ਬਾਣੀ ਵਿਚ ਭਾਸ਼ਾਈ ਤੇ ਗੈਰ-ਭਾਸ਼ਾਈ ਪ੍ਰਗਟਾਅ ਮਾਧਿਅਮ ਵਿਚੋਂ ਲੋਕਧਾਰਾਈ ਪ੍ਰਗਟਾਅ ਮਾਧਿਅਮ ਵਿਚੋਂ ਮਿੱਥ ਕਥਾਵਾਂ ਸੰਚਾਰ ਲਈ ਅਹਿਮ ਭੂਮਿਕਾ ਨਿਭਾਉਂਦੀਆਂ ਨਜ਼ਰ ਆਉਂਦੀਆਂ ਹਨ। ਇਸੇ ਕਰਕੇ ਗੁਰੂ ਸਾਹਿਬ ਇਨ੍ਹਾਂ ਮਿੱਥ ਕਥਾਵਾਂ ਨੂੰ ਬਤੌਰ ਹਵਾਲੇ, ਸੰਕੇਤ, ਪ੍ਰਤੀਕ, ਬਿੰਬ, ਦ੍ਰਿਸ਼ਟਾਂਤ ਆਦਿ ਦੇ ਤੌਰ ਤੇ ਵਧੇਰੇ ਵਰਤਦੇ ਹਨ।

ਗੁਰੂ ਸਾਹਿਬ ਨੇ ਮਿੱਥ ਕਥਾਵਾਂ ਦੀ ਵਰਤੋਂ ਸੰਚਾਰ ਦੇ ਸਾਧਨ ਵਜੋਂ ਇਸ ਕਰਕੇ ਕੀਤੀ ਤਾਂ ਕਿ ਬਾਣੀ ਦੇ ਅੰਤਰੀਵ ਭਾਵਾਂ ਅਤੇ ਦਾਰਸ਼ਨਿਕ ਵਿਚਾਰਾਂ ਨੂੰ ਸੌਖੇ ਢੰਗ ਨਾਲ ਲੋਕਾਂ ਤੱਕ ਪਹੁੰਚਾਇਆ ਜਾ ਸਕੇ ਅਤੇ ਉਨ੍ਹਾਂ ਦੇ ਅਧਿਆਤਮਕ ਬੋਧ ਤੇ ਅਨੁਭਵ ਦੇ ਰਾਹ ਨੂੰ ਸੁਖਾਲਾ ਤੇ ਸਹਿਜ ਬਣਾਇਆ ਜਾ ਸਕੇ। ਗੁਰੂ ਜੀ ਨੇ ਨਿਰਗੁਣ ਬ੍ਰਹਮ ਦੀ ਭਗਤੀ ਕਰਨ; ਅਵਤਾਰਵਾਦ, ਮੂਰਤੀ ਪੂਜਾ ਦਾ ਖੰਡਨ ਕਰਨ; ਕਾਮ ਕਰੋਧ, ਲੋਕ-ਮੋਹ, ਹੰਕਾਰ ਦਾ ਤਿਆਗ ਕਰਨ, ਨੇਕੀ ਨੂੰ ਅਪਣਾਉਣ ਅਤੇ ਬਦੀ ਦਾ ਤਿਆਗ ਕਰਨ ਦਾ ਉਪਦੇਸ਼ ਦੇਣ ਲਈ ਮਿੱਥ ਕਥਾਵਾਂ ਨੂੰ ਸੰਚਾਰ ਜਗਤ ਵਜੋਂ ਵਰਤਿਆ।

# ਹਵਾਲੇ ਅਤੇ ਟਿੱਪਣੀਆਂ


1. ਸਤਿੰਦਰ ਸਿੰਘ (ਡਾ.), *ਗੁਰਮਤਿ ਕਾਵਿ ਅੰਕ*, ਪੰ. 189
2. C.G. Jung, ***The Psychological Type***, p. 69
3. Ernst Cassirer, ***Language and Myth***, pp. 17-18
4. ਸੋਹਿੰਦਰ ਸਿੰਘ ਬੇਦੀ (ਡਾ.), *ਮੱਧ ਕਾਲੀਨ ਪੰਜਾਬੀ ਕਥਾ: ਰੂਪ ਤੇ ਪਰੰਪਰਾ*, ਪੰ. 126
5. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ. 350
6. ਉਹੀ, ਪੰ. 433
7. ਉਹੀ, ਪੰ. 1038
8. ਉਹੀ, ਪੰ. 1136
9. ਉਹੀ, ਪੰ.948
10. ਪਿਆਰਾ ਸਿੰਘ ਪਦਮ (ਸੰਪਾ.), *ਗੁਰੂ ਗ੍ਰੰਥ ਸੰਕੇਤ ਕੋਸ਼*, ਪੰ. 41-42 ਵਿਚ ਉਦਹਰਿਤ
11. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ. 964
12. ਉਹੀ, ਪੰ. 8
13. ਉਹੀ, ਪੰ. 7
14. ਉਹੀ, ਪੰ. 1
15. ਰਾਮ ਸਿੰਘ (ਡਾ.), *ਗੁਰੂ ਨਾਨਕ ਬਾਣੀ: ਪਰਖ ਤੇ ਸਮਝ*, ਪੰ. 27
16. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ. 567
17. ਉਹੀ, ਪੰ. 1082-83
18. ਉਹੀ, ਪੰ. 1083
19. ਉਹੀ, ਪੰ. 1021

20. *The Oxford English Dictionary*, Vol. XI (T.U), p. 259-60

and

***The International Encyclopaedia of Social Sciences*** (Ed.) David L. Sills, Vol. 15, p. 102

and

A. H. Hornan E.H. Parnwell, ***The Progressive English Dictionary***, p. 282-283

21. John Sturrock (Ed.), ***Structuralism & Since***, p. 8

22. ਗੁਰਚਰਨ ਸਿੰਘ (ਡਾ.), ***ਗੁਰਬਾਣੀ ਦਾ ਰਹਾਓ ਸ਼ਾਸਤਰ***, ਪੰ. 113

23. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰ. 909

24. ਉਹੀ, ਪੰ. 1049

25. ਉਹੀ, ਪੰ. 1028

26. ਉਹੀ, ਪੰ. 894

27. ਉਹੀ, ਪੰ. 1022

28. ਬਲਵਿੰਦਰ ਕੌਰ ਬਰਾੜ (ਡਾ.), ***ਗੁਰੂ ਨਾਨਕ ਦੇਵ ਜੀ ਦੀ ਬਾਣੀ ਦ ਲੋਕਤਾਤਵਿਕ ਅਧਿਐਨ***, ਪੰ. 90

29. ਸੋਹਿੰਦਰ ਸਿੰਘ ਵਣਜਾਰਾ ਬੇਦੀ, ***ਪੰਜਾਬੀ ਲੋਕਧਾਰਾ ਵਿਸ਼ਵ ਕੋਸ਼***, ਭਾਗ ਪਹਿਲਾ, ਪੰ. 22 ਵਿਚ ਉਦਹਰਿਤ

30. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰ. 508

31. ਉਹੀ, ਪੰ. 11

32. ਉਹੀ, ਪੰ. 1020

33. ਕਾਨ੍ਹ ਸਿੰਘ ਨਾਭਾ (ਭਾਈ), ***ਗੁਰਸ਼ਬਦ ਰਤਨਾਕਰ ਮਹਾਨ ਕੋਸ਼***, ਪੰ. 250 ਉਦਹਰਿਤ

34. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰ. 4

35. ***ਗੁਰੂ ਗ੍ਰੰਥ ਸਾਹਿਬ,*** ਪੰ. 4

36. ਉਹੀ, ਪੰ. 5

37. ਉਹੀ, ਪੰ. 285

38. ਸੋਹਿੰਦਰ ਸਿੰਘ ਵਣਜਾਰਾ ਬੇਦੀ (ਡਾ.), ***ਲੋਕ ਤੱਤ ਤੇ ਗੁਰੂ ਨਾਨਕ***, ਪੰ. 100 ਵਿਚ ਉਦਹਰਿਤ

39. ***ਗੁਰੂ ਗ੍ਰੰਥ ਸਾਹਿਬ,*** ਪੰ. 1023

40. ਉਹੀ, ਪੰ. 902

41. ਉਹੀ, ਪੰ. 841

42. ਉਹੀ, ਪੰ.1028

43. ਉਹੀ, ਪੰ. 707

44. ਉਹੀ, ਪੰ. 1028

45. ਉਹੀ, ਪੰ. 942

46. ਉਹੀ, ਪੰ. 3

47. ਉਹੀ, ਪੰ. 465

48. ***ਗੁਰੂ ਗ੍ਰੰਥ ਸੰਕੇਤ ਕੋਸ਼***, ਪੰ. 37 ਵਿਚ ਉਦਹਰਿਤ

49. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰ. 13

50. ਉਹੀ, ਪੰ. 588

51. ਉਹੀ, ਪੰ. 38

52. ਉਹੀ, ਪੰ. 1091

53. ਉਹੀ, ਪੰ. 588

54. ਕਰਨੈਲ ਸਿੰਘ ਥਿੰਦ (ਡਾ.), ***ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ***, ਪੰ. 83 ਤੇ ਉਦਹਰਿਤ

55. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰ. 442

56. ਰਾਮ ਚੰਦਰ ਵਰਨ (ਸੰਪਾ.), ***ਮਾਨਕ ਹਿੰਦੀ ਕੋਸ਼*** (ਭਾਗ ਤੀਜਾ), ਪੰ. 525

57. ਹਰਦੇਵ ਬਾਹਰੀ, ***ਬ੍ਰਹਤ ਅੰਗ੍ਰੇਜ਼ੀ-ਹਿੰਦੀ ਕੋਸ਼***, ਭਾਗ ਦੂਜਾ, ਪੰ. 1535

58. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰ. 920

59. ਉਹੀ, ਪੰ. 909

60. ਉਹੀ, ਪੰ. 948

61. ਉਹੀ, ਪੰ.394

62. ਉਹੀ, ਪੰ.401

63. ਉਹੀ, ਪੰ. 59

64. ਤਿਨਿ ਕਰਤ ਇਕੁ ਚਲਤੁ ਉਪਾਇਆ, ਅਨਹਦ ਬਾਣੀ ਸਬਦੁ ਸੁਣਾਇਆ
ਮਨਮੁਖਿ ਭੂਲੇ ਗੁਰਮੁਖਿ ਬੁਝਾਇਆ। ਕਾਰਣੁ ਕਰਤਾ ਕਰਦਾ ਆਇਆ (੧)
ਗੁਰ ਕਾ ਸਬਦ ਮੇਰੈ ਅੰਤਰਿ ਧਿਆਨੁ।
ਹਉ ਕਬਹੁ ਨ ਛੋਡਉ ਹਰਿ ਕਾ ਨਾਮੁ (ਰਹਾਉ)
ਪਿਤਾ ਪ੍ਰਹਿਲਾਦੁ ਪੜਣ ਪਠਾਇਆ। ਲੈ ਪਾਟੀ ਪਾਧੈ ਕੈ ਆਇਆ।
ਨਾਮ ਬਿਨਾ ਨਹ ਪੜਉ ਅਚਾਰ
ਮੇਰੀ ਪਟੀਆ ਲਿਖਿ ਦੇਹੁ ਗੋਬਿੰਦ ਮੁਰਾਰਿ।੨।
ਪੁਤ੍ਰ ਪ੍ਰਹਿਲਾਦ ਸਿਉ ਕਹਿਆ ਮਾਇ। ਪਰਵਿਰਤਿ ਨ ਪੜਹੁ ਰਹੀ ਸਮਝਾਇ।
ਨਿਰਭਉ ਦਾਤਾ ਹਰਿ ਜੀਉ ਮੇਰੇ ਨਾਲਿ।
ਜੇ ਹਰਿ ਛੋਡਉ ਤਉ ਕਲਿ ਲਾਗੈ ਗਾਲਿ।੩।

ਪ੍ਰਹਿਲਾਦ ਸਭਿ ਚਾਟੜੇ ਵਿਗਾਰੇ।

ਹਮਾਰਾ ਕਹਿਆ ਨ ਸੁਣੈ ਆਪਣੇ, ਕਾਰਜ ਸਵਾਰੇ।

ਸਭ ਨਗਰੀ ਮਹਿ ਭਗਤਿ ਦ੍ਰਿੜਾਈ।

ਦੁਸਟ ਸਭਾ ਕਾ ਕਿਛੁ ਨ ਵਸਾਈ।੪।

ਸੰਡੈ ਮਰਕੈ ਕੀਈ ਪੂਕਾਰ। ਸਭੈ ਦੈਤ ਰਹੇ ਝਖ ਮਾਰਿ।

ਭਗਤ ਜਨਾ ਕੀ ਪਤਿ ਰਾਖੈ ਸੋਈ। ਕੀਤੇ ਕੈ ਕਹਿਐ ਕਿਆ ਹੋਈ।੫।

ਕਿਰਤ ਸੰਜੋਗੀ ਦੈਤਿ ਰਾਜੁ ਚਲਾਇਆ।

ਹਰਿ ਨ ਬੂਝੈ ਤਿਨਿ ਆਪਿ ਭੁਲਾਇਆ।

ਪੁਤ੍ਰ ਪ੍ਰਹਿਲਾਦ ਸਿਉ ਵਾਦੁ ਰਚਾਇਆ।

ਅੰਧਾ ਨ ਬੂਝੈ ਕਾਲੁ ਨੇੜੇ ਆਇਆ।੬।

ਪ੍ਰਹਲਾਦੁ ਕੋਠੇ ਵਿਚਿ ਰਾਖਿਆ ਬਾਰਿ ਦੀਆ ਤਾਲਾ।

ਨਿਰਭਉ ਬਾਲਕੁ ਮੂਲਿ ਨ ਡਰਈ ਮੇਰੈ ਅੰਤਰਿ ਗੁਰ ਗੋਪਾਲਾ।

ਕੀਤਾ ਹੋਵੈ ਸਰੀਕੀ ਕਰੈ ਅਨਹੋਂਦਾ ਨਾਉ ਧਰਾਇਆ।

ਜੋ ਧੁਰਿ ਲਿਖਿਆ ਸੁ ਆਇ ਪਹੁਤਾ ਜਨ ਸਿਉ ਵਾਦੁ ਰਚਾਇਆ।੭।

ਪਿਤਾ ਪ੍ਰਹਲਾਦ ਸਿਉ ਗੁਰਜ ਉਠਾਈ। ਕਹਾਂ ਤੁਮਾਰਾ ਜਗਦੀਸ ਗੁਸਾਈ।

..........................................................................

..........................................................................

ਭਗਤਾ ਕਾ ਅੰਗੀਕਾਰੁ ਕਰਦਾ ਆਇਆ। ਕਰਤੈ ਅਪਣਾ ਰੂਪੁ ਦਿਖਾਇਆ

***ਗੁਰੂ ਅਮਰਦਾਸ ਜੀ***, ਪੰ. 1154)

65. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰ. 3

66. ਉਹੀ, ਪੰ. 445-46

67. Susanne. K Langer, ***Feeling & Form***, p. 274

68. M ax F. Muller, ***The Science of Language***, p. 11-12

69. "The true constituent of units of myth are not the isolated relation but bundles of such relations and it is only as bundles that these relations can be put to use and combined so as to produce a meaning."
***Levi Strauss, Structural Anthropology,*** p. 211

70. "Indeed myth and rites can also be treated as modes of the communication from gods to men (myths) or from men to gods (rites) with this difference, however that divine intelocutors are not partners, like other within the same system of communication."
Ibid, Vol. II, (1977), p. 66

71. "But what must be firmly estblished at the start is that myth is a system of communiction that it is a message."
Roland Barthes, ***Mythologies***, p. 109

72. Ibid, p. 114

73. Ibid, pp. 121-27

74. Pierre Guiraud, ***Semiology***, pp. 69;99-103

75. ਕੁਲਵੰਤ ਸਿੰਘ (ਡਾ.), ***ਮਿੱਥ ਵਿਗਿਆਨ ਤੇ ਸਾਹਿਤ***, ਪੰ. 31-32 ਵਿਚ ਉਦਹਰਿਤ

76. ਸੁਧਾ ਸਕਸੈਨਾ (ਡਾ.), ਜਾਇਸੀ ਕੀ ਬਿੰਬ ਯੋਜਨਾ, ਪੰ. 97 ਵਿਚ ਉਦਰਹਿਤ

77. ***ਸੰਸਕ੍ਰਿਤ ਸ਼ਬਦਾਰਥ ਕੋਸ਼***, ਪੰ. 250

78. ***The Encyclopaedia Americana***, Vol. XXVI, p. 159

79. Erich Kahler, The Nature of Symbol - (Chapter included in Rollo may's books entitled "***Symbolism in Religion and Literature*** (Edt.), p. 17

80. The Term (Symbol) give to visible object, representing to mind. The Resemblence of something which is not shown but realized by association with it.

***Encyclopaedia of Britannica, Vol. XII, p. 700***

81. ***ਜਾਇਸੀ ਕੀ ਬਿੰਬ ਯੋਜਨਾ***, ਪੰ. 97 ਵਿਚ ਉਦਹਰਿਤ

82. ***ਹਿੰਦੀ ਸਾਹਿਤਯ ਕੋਸ਼***, ਭਾਗ ਪਹਿਲਾ, ਪੰ. 47

83. ਨਿਤ੍ਯ ਅਨੰਕ ਸ਼ਰਮਾ, ***ਆਧੁਨਿਕ ਹਿੰਦੀ ਕਾਵਿ ਮੇਂ ਪ੍ਰਤੀਕ-ਵਿਧਾਨ***, ਪੰ. 21

84. ਡਾ. ਦੀਵਾਨ ਸਿੰਘ (ਡਾ.), ਫਰੀਦ ਦਰਸ਼ਨ, ਪੰ. 138-39

85. "Even Sceicne had to pass through a mythical age before it could reach its logical age alchemy preceded chemistry and astrology preceded astromy."

Ernst Cassirer, ***Myth of State***, p. 22

86. Ibid, ***Language and Myth***, Preface

87. Ibid, ***An Essay of Man***, p. 25

88. Susanne K. Langer, ***Philosophy in a new Kye,*** pp. 175-76

89. Ibid, .76

90. ***ਸ੍ਰੀ ਗੁਰੂ ਗ੍ਰੰਥ ਸਾਹਿਬ,*** ਪੰ. 52

91. ਉਹੀ, ਪੰ. 265

92. ਉਹੀ, ਪੰ. 212

93. ਉਹੀ, ਪੰ. 460

94. ਰਤਨ ਸਿੰਘ ਜੱਗੀ (ਡਾ.), ***ਵਿਚਾਰਧਾਰਾ***, ਪੰ. 114-115

95. ਮਲਕੀਤ ਸਿੰਘ ਬਾਜਵਾ (ਡਾ.), ***ਗੁਰੂ ਅਰਜਨ ਬਾਣੀ ਤੇ ਸਰੋਦਿਕਤਾ***, ਪੰ. 66

96. ਬਲਬੀਰ ਸਿੰਘ ਦਿਲ (ਡਾ.), ***ਅਮਰ ਕਵੀ ਗੁਰੂ ਅਮਰਦਾਸ,*** ਪੰ. 251

97. ***ਜਾਇਸੀ ਕੀ ਬਿੰਬ ਯੋਜਨਾ***, ਪੰ. 33 ਵਿਚ ਉਦਹਰਿਤ

98. Wordsworth, English Critical Essays 19th Centure. ***Poetry is the Image of man and nature***, p. 14

99. C. Day Lewis, ***The Poetic Image***, p. 22

100. Ibid, p. 32

101. P.Gurrey, ***The Appreciation of Poetry***, 1955, p. 39-40

102. ਗੁਰਸ਼ਰਨ ਕੌਰ ਜੱਗੀ (ਡਾ.), ***ਗੁਰੂ ਨਾਨਕ ਦੀ ਕਾਵਿ ਕਲਾ***, ਪੰ. 60

103. ਹਰਿਭਜਨ ਸਿੰਘ (ਡਾ.), 'ਉਦਾਤ ਬਾਰੇ', ***ਪਾਰਗਾਮੀ***, ਪੰ. 21

104. ਪੱਲਬ, ***ਸ੍ਰੀ ਸੁਮਿਤ੍ਰਾਨੰਦਨ ਪੰਤ ਪ੍ਵੇਂਸ,*** ਪੰ. 30

105. Mircea Eliade, ***Myth Reality***, p. 191

106. ਨਗੇਂਦ੍ਰ (ਡਾ.), ***ਮਿੱਥਕ ਔਰ ਸਾਹਿਤਯ,*** ਪੰ. 12 ਉਦਹਰਿਤ

107. Ernst Cassierer, The Validity and Form of Mythical Thought in Richard Ellmann and other (eds), ***The Modern Tradition***, p. 639

108. Ibid, p. 25

109. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰ. 567

110. ਉਹੀ, ਪੰ. 1035

111. ਉਹੀ, ਪੰ. 13

112. ਉਹੀ, ਪੰ. 8

113. ਉਹੀ, ਪੰ. 470

114. ***ਗੁਰਸ਼ਬਦ ਰਤਨਾਕਰ ਮਹਾਨ ਕੋਸ਼***, ਪੰ. 492

115. ***Webster New World Dictionary***, p. 152

116. ਦਰਸ਼ਨ ਸਿੰਘ (ਡਾ.) 'ਮੂਲ ਸ਼ਬਦ', ***ਗੁਰੂ ਨਾਨਕ ਬਾਣੀ ਸੰਚਾਰ ਜੁਗਤਾਂ***, ਪੰ. 14

117. ਅੰਮ੍ਰਿਤਪਾਲ ਕੌਰ (ਡਾ.), ***ਗੁਰਬਾਣੀ ਸੰਚਾਰ ਵਿਗਿਆਨ***, ਪੰ. 157

# ਅੰਤਿਕਾ

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ-ਬਾਣੀ ਵਿਚ ਆਏ ਮਿੱਥਕ ਹਵਾਲਿਆਂ ਅਤੇ ਸੰਕੇਤਾਂ ਦੇ ਸਮੁੱਚੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਗੁਰੂ-ਬਾਣੀ ਵਿਚ ਲੋਕ ਮਨ ਤੇ ਸੁਹਜਮਈ ਪ੍ਰਭਾਵ ਪਾਉਣ ਲਈ ਮਿੱਥ ਕਥਾਵਾਂ ਦੀ ਵਰਤੋਂ ਕੀਤੀ ਗਈ ਹੈ। ਗੁਰੂ ਸਾਹਿਬਾਨ ਅਧਿਆਤਮਕਤਾ ਦੇ ਡੂੰਘੇ ਅਨੁਭਵ ਨੂੰ ਮਹਿਸੂਸ ਕਰਵਾਉਣ ਹਿਤ ਮਿੱਥ ਕਥਾਵਾਂ ਦੀ ਵਰਤੋਂ ਰਾਹੀਂ ਮਨੁੱਖੀ ਮਨ ਵਿਚ ਤੀਬਰ ਜਗਿਆਸਾ ਜਗਾਉਣਾ ਲੋਚਦੇ ਹਨ। ਇਨ੍ਹਾਂ ਮਿੱਥ ਕਥਾਵਾਂ ਨੂੰ ਇਕ ਸਾਧਨ ਵਜੋਂ ਵਰਤ ਕੇ ਗੁਰੂ ਸਾਹਿਬ ਨੇ ਆਪਣੇ ਅਧਿਆਤਮਕ ਅਤੇ ਅਲੌਕਿਕ ਵਿਚਾਰਾਂ ਦੀ ਸੁਹਜਮਈ ਅਭਿਵਿਅੰਜਨਾ ਕੀਤੀ ਹੈ। ਪੁਰਾਤਨ ਮਿਥਿਹਾਸਕ ਕਥਾਵਾਂ ਨੂੰ ਨਵੇਂ ਸੰਦਰਭ ਵਿਚ ਮਿਸਾਲਾਂ ਦੇ ਕੇ ਗੁਰੂ ਸਾਹਿਬ ਨੇ ਮਨੁੱਖ ਨੂੰ ਅਵਤਾਰਾਂ, ਦੇਵੀ ਦੇਵਤਿਆਂ ਦੀ ਪੂਜਾ ਛੱਡ ਕੇ ਇਕ ਬ੍ਰਹਮ (ਰੱਬ) ਦੀ ਭਗਤੀ ਵੱਲ ਪਰੇਰਿਆ ਹੈ।

ਸਮੁੱਚੇ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਮਿੱਥ ਕਥਾਵਾਂ ਨਿਰੀ ਕਲਪਨਾ ਤੇ ਆਧਾਰਿਤ ਹੀ ਨਹੀਂ ਹਨ ਸਗੋਂ ਇਨ੍ਹਾਂ ਵਿਚ ਕਈ ਦਾਰਸ਼ਨਿਕ ਵਿਚਾਰ ਲੁਪਤ ਰੂਪ ਵਿਚ ਸਮਾਏ ਹੁੰਦੇ ਹਨ। ਇਹ ਦਰਸ਼ਨ ਨਾਲ ਸਬੰਧਿਤ ਔਖੇ ਸੰਕਲਪਾਂ ਨੂੰ ਸਰਲ ਅਤੇ ਸੌਖੇ ਢੰਗ ਨਾਲ ਪੇਸ਼ ਕਰਕੇ ਜਗਿਆਸੂ ਮਨ ਵਿਚਲੇ ਵਿਸ਼ੇ ਨੂੰ ਸਪੱਸ਼ਟ ਕਰਦੀਆਂ ਹਨ। ਇਹ ਅਧਿਆਤਮਕ, ਨੈਤਿਕ, ਸਦਾਚਾਰਕ ਆਦਿ ਸੰਦੇਸ਼ ਦੇਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

ਗੁਰੂ-ਬਾਣੀ ਵਿਚ ਆਏ ਮਿੱਥਕ ਹਵਾਲਿਆਂ ਅਤੇ ਸੰਕੇਤਾਂ ਤੇ ਨਜ਼ਰ ਮਾਰੀਏ ਤਾਂ ਪਤਾ ਚਲਦਾ ਹੈ ਕਿ ਗੁਰੂ ਸਾਹਿਬ ਨੇ ਵੈਦਿਕ, ਸਾਮੀ ਮਿੱਥ ਕਥਾਵਾਂ ਦੀ ਵਰਤੋਂ ਦੇ ਨਾਲ-ਨਾਲ ਪੌਰਾਣਿਕ ਮਿੱਥਾਂ ਦੀ ਵਰਤੋਂ ਵੀ ਕੀਤੀ ਹੈ।

ਗੁਰੂ-ਸਾਹਿਬਾਨ ਮਿੱਥ ਕਥਾਵਾਂ ਨੂੰ (ਸਾਕਾਰਾਤਮਕ ਅਤੇ ਨਾਕਾਰਾਤਮਕ) ਦੁਵੱਲੇ ਦ੍ਰਿਸ਼ਟੀਕੋਣ ਤੋਂ ਦੇਖਦੇ ਹਨ। ਆਪ ਮਿੱਥ ਕਥਾਵਾਂ ਨੂੰ ਸਾਕਾਰਾਤਮਕ ਪੱਖ ਤੋਂ ਪੇਸ਼ ਕਰਕੇ ਉਸ ਸਮੇਂ ਦੇ ਪ੍ਰਚੱਲਿਤ ਅਵਤਾਰਾਂ, ਦੇਵੀ ਦੇਵਤਿਆਂ ਨੂੰ ਮਾਨਤਾ ਨਹੀਂ ਦਿੰਦੇ ਸਗੋਂ ਅਜਿਹੇ ਨਾਵਾਂ ਨੂੰ ਬ੍ਰਹਮ ਦੇ ਪ੍ਰਤੀਕ ਵਜੋਂ ਵਰਤਦੇ ਹੋਏ ਭਗਤੀ ਭਾਵ ਨੂੰ ਦ੍ਰਿੜ ਕਰਵਾਉਣ ਅਤੇ ਵਿਸ਼ੇ ਵਿਕਾਰਾਂ ਨੂੰ

ਤਿਆਗਣ ਦਾ ਉਪਦੇਸ਼ ਦਿੰਦੇ ਹਨ। ਆਪ ਨੇ ਅਜਿਹਾ ਇਸ ਕਰਕੇ ਕੀਤਾ ਹੈ ਕਿਉਂਕਿ ਮੱਧਕਾਲ ਦੇ ਲੋਕਾਂ ਦੇ ਮਨਾਂ ਵਿਚ ਬ੍ਰਾਮਣੀਕ ਪ੍ਰਭਾਵਾਂ ਕਾਰਨ ਇਨ੍ਹਾਂ ਪ੍ਰਤੀ ਅਧਿਕ ਸਤਿਕਾਰਤਾ ਸਮਾਈ ਹੋਈ ਸੀ। ਗੁਰੂ ਸਾਹਿਬਾਨ ਨੇ ਇਨ੍ਹਾਂ ਅਵਤਾਰਾਂ, ਦੇਵੀ ਦੇਵਤਿਆਂ ਦੇ ਚਿਹਨ-ਪ੍ਰਬੰਧ ਰਾਹੀਂ ਬ੍ਰਹਮ ਨੂੰ ਆਪਣੇ ਨਾਮ-ਸਿਮਰਕਾਂ (ਭਗਤਾਂ) ਦੀ ਰੱਖਿਆ ਕਰਦਿਆਂ ਵਿਖਾਇਆ ਹੈ। ਨਾਕਾਰਾਤਮਕ ਦ੍ਰਿਸ਼ਟੀਕੋਣ ਅਪਨਾਉਂਦੇ ਹੋਏ ਆਪ ਨੇ ਅਵਤਾਰਾਂ, ਦੇਵੀ ਦੇਵਤਿਆਂ ਵਿਚ ਪਾਈਆਂ ਜਾਂਦੀਆਂ ਕਾਮ, ਕਰੋਧ, ਲੋਭ ਮੋਹ, ਹੰਕਾਰ ਦੀਆਂ ਰੁਚੀਆਂ ਨੂੰ ਮਿੱਥਕ ਚਿਹਨ-ਪ੍ਰਬੰਧਾਂ ਰਾਹੀਂ ਪੇਸ਼ ਕਰਕੇ ਇਹ ਦ੍ਰਿੜ ਕਰਵਾਇਆ ਹੈ ਕਿ ਮਨੁੱਖ ਨੂੰ ਇਨ੍ਹਾਂ ਵਿਸ਼ੇ ਵਿਕਾਰਾਂ ਵਾਲੇ ਅਵਤਾਰਾਂ, ਦੇਵੀ ਦੇਵਤਿਆਂ ਦੀ ਪੂਜਾ ਛੱਡ ਕੇ ਨਾਮ ਸਿਮਰਨ ਅਤੇ ਬ੍ਰਹਮ ਦੀ ਭਗਤੀ (ਸਹਿਜ ਨਾਮ ਸਿਮਰਨ) ਕਰਨ ਵਲ ਰੁਚਿਤ ਹੋਣਾ ਚਾਹੀਦਾ ਹੈ।

ਗੁਰੂ ਸਾਹਿਬ ਨੇ ਬ੍ਰਹਮ, ਸ੍ਰਿਸ਼ਟੀ, ਮਾਇਆ, ਜੀਵਾਤਮਾ, ਮੁਕਤੀ ਨਾਲ ਸਬੰਧਿਤ ਦਾਰਸ਼ਨਿਕ ਵਿਚਾਰਾਂ ਦੀ ਪੇਸ਼ਕਾਰੀ ਕਰਦੇ ਹੋਏ ਬ੍ਰਹਮ ਨੂੰ ਇਕ ਸਦੀਵੀ, ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੂਨੀ ਦਰਸਾਅ ਕੇ ਜਿਥੇ ਬ੍ਰਹਮ ਦੀ ਏਕਤਾ, ਸਰਵਉੱਚਤਾ, ਸ੍ਰੇਸ਼ਟਤਾ ਨੂੰ ਦ੍ਰਿੜਾਇਆ ਹੈ ਉਥੇ ਨਾਲ ਹੀ ਉਨ੍ਹਾਂ ਨੇ ਅਵਤਾਰਾਂ, ਦੇਵੀ ਦੇਵਤਿਆਂ ਦੀ ਜਗ੍ਹਾ ਬ੍ਰਹਮ ਨੂੰ ਸ੍ਰਿਸ਼ਟੀ ਦਾ ਕਰਤਾ, ਧਰਤਾ, ਹਰਤਾ ਸਿੱਧ ਕਰਕੇ ਇਸ ਪ੍ਰਤੀ ਪੁਰਾਤਨ ਮਿੱਥ ਨੂੰ ਨਵੇਂ ਸੰਦਰਭ ਵਿਚ ਵਰਤਿਆ ਹੈ। ਮਾਇਆ ਦੇ ਸੰਕਲਪਾਂ ਦੀ ਪੇਸ਼ਕਾਰੀ ਦੇ ਅੰਤਰਗਤ ਮਾਇਆ ਦੇ ਵਿਭਿੰਨ ਰੂਪਾਂ ਦੀ ਅਭਿਵਿਅਕਤੀ ਕਰਦੇ ਹੋਏ ਮਨੁੱਖ ਨੂੰ ਮਾਇਆ ਦੀਆਂ ਕੋਝੀਆਂ ਚਾਲਾਂ ਤੋਂ ਸੁਚੇਤ ਹੋਣ ਦਾ ਦ੍ਰਿੜ੍ਹ ਸੁਝਾਓ ਵੀ ਦਿੱਤਾ ਹੈ। ਗੁਰੂ ਸਾਹਿਬ ਅਨੁਸਾਰ ਮਾਇਆ ਹੀ ਬ੍ਰਹਮ ਅਤੇ ਜੀਵਾਤਮਾ ਦੇ ਮਿਲਾਪ ਵਿਚ ਕੂੜ ਦੀ ਦੀਵਾਰ ਹੈ। ਜੀਵਾਤਮਾ ਅਤੇ ਮੁਕਤੀ ਨਾਲ ਸਬੰਧਿਤ ਸੰਕਲਪਾਂ ਰਾਹੀਂ ਇਹ ਦਰਸਾਇਆ ਹੈ ਕਿ ਜੀਵਾਤਮਾ ਬ੍ਰਹਮ ਤੋਂ ਵਿਛੜੀ ਹੋਈ ਹੈ ਜਿਸ ਨੇ ਕੁਝ ਸਮੇਂ ਲਈ ਬ੍ਰਹਮ ਦੇ ਹੁਕਮ ਅਨੁਸਾਰ ਇਸ ਅਸਥਾਈ ਘਰ (ਸਰੀਰ) ਵਿਚ ਆਉਣਾ ਹੈ ਅਤੇ ਉਸ ਦੇ ਹੁਕਮ ਅਨੁਸਾਰ ਹੀ ਮੁੜ ਇਹ ਘਰ (ਸਰੀਰ) ਤਿਆਗ ਕੇ ਉਸ ਬ੍ਰਹਮ ਵਿਚ ਲੀਨ ਹੋ ਜਾਣਾ ਹੈ। ਗੁਰੂ ਸਾਹਿਬ ਅਨੁਸਾਰ ਆਤਮਾ ਆਵਾਗਵਨ ਦੇ ਚੱਕਰ ਵਿਚ ਰਹਿੰਦੀ ਹੈ ਅਤੇ ਇਸ ਆਵਾਗਵਣ ਤੋਂ ਬਚਣ ਲਈ ਗੁਰੂ ਦੁਆਰਾ ਦਿੱਤੇ ਸ਼ਬਦ, ਨਾਮ ਸਿਮਰਨ ਰਾਹੀਂ ਛੁਟਕਾਰਾ ਪਾਇਆ ਜਾ ਸਕਦਾ ਹੈ। ਗੁਰੂ ਸਾਹਿਬ ਅਨੁਸਾਰ ਜੀਵਨ-ਮੁਕਤੀ ਗੁਰੂ ਦੁਆਰਾ ਦਿੱਤੇ ਸ਼ਬਦ, ਨਾਮ ਰਾਹੀਂ ਅਤੇ

ਬ੍ਰਹਮ/ਰੱਬ ਦੀ ਭਗਤੀ ਰਾਹੀਂ ਹੋ ਸਕਦੀ ਹੈ। ਗੁਰੂ-ਬਾਣੀ ਅਨੁਸਾਰ ਜੋ ਵਿਅਕਤੀ ਗੁਰੂ ਦੁਆਰਾ ਦਿੱਤੇ ਸ਼ਬਦ ਦੀ ਅਰਾਧਨਾ ਨਹੀਂ ਕਰਦਾ ਉਸ ਨੂੰ ਆਵਾਗਵਣ ਵਿਚ ਭਟਕਣਾ ਪੈਂਦਾ ਹੈ। ਗੁਰੂ ਸਾਹਿਬ ਸਵਰਗ/ਨਰਕ ਦੇ ਸੰਕਲਪ ਦਾ ਰੂਪਾਂਤਰਣ ਕਰਦੇ ਹੋਏ ਸਮਝਾਉਂਦੇ ਹਨ ਕਿ ਸਵਰਗ/ਨਰਕ ਕਿਸੇ ਹੋਰ ਸਥਾਨ ਤੇ ਨਹੀਂ, ਸਵਰਗ/ਨਰਕ ਮਨੁੱਖੀ ਕਰਮਾਂ ਤੇ ਨਿਰਭਰ ਕਰਦਾ ਹੈ। ਇਸ ਤਰ੍ਹਾਂ ਗੁਰੂ ਸਾਹਿਬ ਨੇ ਸਵਰਗ/ਨਰਕ ਦੀ ਮਿੱਥ ਨੂੰ ਬਤੌਰ 'ਭੈ' ਦੇ ਵਰਤਿਆ ਹੈ ਤਾਂ ਕਿ ਲੋਕ ਚੰਗੇ ਮਾੜੇ ਕੰਮਾਂ ਪ੍ਰਤੀ ਸੁਚੇਤ ਹੋ ਸਕਣ।

ਗੁਰੂ-ਬਾਣੀ ਵਿਚ ਅਵਤਾਰਾਂ, ਦੇਵੀ-ਦੇਵਤਿਆਂ, ਰਿਸ਼ੀਆਂ, ਮੁਨੀਆਂ, ਦੈਂਤਾਂ, ਰਾਖਸ਼ਾਂ ਨਾਲ ਸਬੰਧਿਤ ਭਗਤੀ ਭਾਵ, ਨਾਮ ਸਿਮਰਨ, ਕਾਮ, ਕਰੋਧ, ਲੋਭ, ਮੋਹ, ਅਹੰਕਾਰ, ਨੇਕੀ ਬਦੀ, ਗੁਰੂ ਦੀ ਮਹੱਤਤਾ ਆਦਿ ਨਾਲ ਸਬੰਧਿਤ ਮਿੱਥਕ ਹਵਾਲਿਆਂ ਦੇ ਚਿਹਨ-ਪ੍ਰਬੰਧਾਂ ਰਾਹੀਂ ਦਾਰਸ਼ਨਿਕ ਵਿਚਾਰਾਂ ਦੀ ਪੇਸ਼ਕਾਰੀ ਕੀਤੀ ਗਈ ਹੈ। ਉਪਰੋਕਤ ਵਿਸ਼ਿਆਂ ਨਾਲ ਸਬੰਧਿਤ ਮਿਥਿਹਾਸਕ ਉਸਾਰੀ ਪੈਟਰਨਾਂ ਰਾਹੀਂ ਜਿਥੇ ਮਨਮੁੱਖਾਂ ਦੀਆਂ ਕੁਰੀਤੀਆਂ ਅਤੇ ਊਣਤਾਈਆਂ ਨੂੰ ਦਰਸਾਇਆ ਹੈ, ਉਥੇ ਨਾਲ ਹੀ ਇਨ੍ਹਾਂ ਵਿਕਾਰਾਂ ਤੋਂ ਮਨੁੱਖ ਨੂੰ ਸੁਚੇਤ ਹੋਣ ਦਾ ਦਾਰਸ਼ਨਿਕ ਸੰਦੇਸ਼ ਦੇ ਕੇ, ਮਨੁੱਖ ਨੂੰ ਗੁਰਮੁਖ ਹੋਣ ਲਈ ਜ਼ੋਰਦਾਰ ਪ੍ਰੇਰਨਾ ਕੀਤੀ ਹੈ।

ਗੁਰੂ ਸਾਹਿਬ ਮਿਥਿਹਾਸਕ ਅੰਸ਼ਾਂ ਦੀ ਕਲਾਤਮਕਤਾ ਦੇ ਅੰਤਰਗਤ ਬ੍ਰਹਮ ਦੇ ਸਰੂਪ ਅਤੇ ਉਸ ਦੇ ਦਰਬਾਰ ਸਬੰਧੀ ਪੁਨਰ ਸਿਰਜਨਾ ਪੇਸ਼ ਕਰਦੇ ਹਨ। ਇਸ ਨਾਲ ਗੁਰੂ ਸਾਹਿਬ ਨੇ ਬ੍ਰਹਮ ਦੀ ਸਰਵਉੱਚਤਾ ਨੂੰ ਦਰਸਾਉਂਦੇ ਹੋਏ ਬ੍ਰਹਮ ਦੇ ਦਰਬਾਰ ਨੂੰ ਦੁਨਿਆਵੀ ਦਰਬਾਰਾਂ ਦੇ ਮੁਕਾਬਲੇ ਸਰਵਸ੍ਰੇਸ਼ਟ ਦਰਸਾਇਆ ਹੈ। ਗੁਰੂ ਸਾਹਿਬ ਨੇ ਸ੍ਰਿਸ਼ਟੀ ਦੇ ਕਰਤਾ, ਰਚਨਾ ਕਾਲ, ਅਨੰਤਤਾ, ਚਾਰ ਯੁੱਗ, ਨਰਕ/ਸਵਰਗ, ਆਰਤੀ, ਜਮਰਾਜ, ਧਰਮਰਾਜ, ਸਮੁੰਦਰ ਮੰਥਨ, ਅਵਤਾਰਾਂ/ਦੇਵੀ ਦੇਵਤਿਆਂ, ਕ੍ਰਿਸ਼ਨ/ਗੋਪੀਆਂ ਆਦਿ ਨਾਲ ਸਬੰਧਿਤ ਮਿੱਥਾਂ ਦੇ ਰੂਪਾਂਤਰਣ ਰਾਹੀਂ ਪੁਰਾਤਨ ਮਿੱਥਾਂ ਨੂੰ ਡੀਕੋਡ ਕਰਕੇ ਨਵੇਂ ਸੰਦਰਭ ਵਿਚ ਪੇਸ਼ ਕੀਤਾ ਹੈ। ਗੁਰੂ ਸਾਹਿਬਾਨ ਨੇ ਬ੍ਰਹਮ ਨੂੰ ਸ੍ਰਿਸ਼ਟੀ ਦਾ ਕਰਤਾ, ਧਰਤਾ, ਹਰਤਾ ਦਰਸਾਅ ਕੇ ਮਨੁੱਖ ਨੂੰ ਦੇਵੀ ਦੇਵਤਿਆਂ, ਅਵਤਾਰਾਂ ਵਲੋਂ ਮੋੜ ਕੇ ਇਕ ਬ੍ਰਹਮ ਨਾਲ ਲਿਵ ਲਾਉਣ ਦਾ ਦਾਰਸ਼ਨਿਕ ਉਪਦੇਸ਼ ਦਿੱਤਾ ਹੈ।

ਗੁਰਬਾਣੀ ਵਿਚ ਸ਼ਬਦ, ਵਾਕ, ਬਿਰਤਾਂਤ ਦੀ ਪੱਧਰ ਤੇ ਮਿੱਥਾਂ ਦੇ ਪਰਿਰੂਪਣ ਤੋਂ ਇਲਾਵਾ ਮਿੱਥ ਵਿਸਥਾਪਨ ਵੀ ਹੋਇਆ ਹੈ। ਗੁਰਬਾਣੀ ਵਿਚ ਮਿਥਿਹਾਸਕ ਭਾਸ਼ਾਈ ਜੁਗਤਾਂ

ਰਾਹੀਂ ਮਿੱਥ ਦੀ ਸ਼ਬਦ, ਵਾਕ, ਸ਼ਬਦਾਵਲੀ ਦੀ ਪੱਧਰ ਤੇ ਪੇਸ਼ਕਾਰੀ ਤੋਂ ਇਲਾਵਾ ਮਿੱਥਕ ਪ੍ਰਤੀਕਾਂ, ਬਿੰਬਾਂ ਅਤੇ ਦ੍ਰਿਸ਼ਟਾਂਤਾਂ ਦੀ ਵਰਤੋਂ ਵੀ ਕੀਤੀ ਗਈ ਹੈ। ਇਸ ਤੋਂ ਇਲਾਵਾ ਮਿੱਥ ਕਥਾਵਾਂ ਨੂੰ ਸੰਚਾਰ ਜੁਗਤ ਵਜੋਂ ਵਰਤ ਕੇ ਗੁਰੂ-ਸਾਹਿਬਾਨ ਨੇ ਸੁਚੱਜੀ ਕਲਾਤਮਕਤਾ ਦਾ ਪ੍ਰਗਟਾਵਾ ਕਰਕੇ, ਆਪਣੇ ਅਧਿਆਤਮਕ ਵਿਚਾਰਾਂ ਨੂੰ ਪੇਸ਼ ਕੀਤਾ ਹੈ।

ਗੁਰੂ-ਬਾਣੀ ਜਿਥੇ ਪੁਰਾਤਨ ਪਰੰਪਰਾ ਨੂੰ ਨਿਕਾਰਦੀ ਹੋਈ ਮਿੱਥਕ ਹਵਾਲੇ ਅਤੇ ਸੰਕੇਤਾਂ ਦੀ ਵਰਤੋਂ ਰਾਹੀਂ ਪ੍ਰਮਾਤਮਾ ਦੀ ਭਗਤੀ ਨੂੰ ਦ੍ਰਿੜ ਕਰਵਾਉਣ ਵਲ ਰੁਚਿਤ ਹੈ, ਉਥੇ ਬ੍ਰਹਮ ਨੂੰ ਸਰਵਉੱਚ, ਸਰਵਸ੍ਰੇਸ਼ਟ ਦਰਸਾਉਂਦੀ ਹੈ। ਗੁਰੂ-ਬਾਣੀ ਅਵਤਾਰ, ਦੇਵੀ ਦੇਵਤਿਆਂ, ਰਿਸ਼ੀਆਂ, ਮੁਨੀਆਂ, ਰਾਜਿਆਂ ਆਦਿ ਨਾਲ ਸਬੰਧਿਤ ਮਿੱਥਕ ਹਵਾਲਿਆਂ ਅਤੇ ਸੰਕੇਤਾਂ ਰਾਹੀਂ ਉਨ੍ਹਾਂ ਦੀਆਂ ਵਿਸ਼ੇ ਵਿਕਾਰਾਂ ਦੀਆਂ ਰੁਚੀਆਂ ਨੂੰ ਪ੍ਰਗਟਾਉਣ ਤੋਂ ਇਲਾਵਾ ਪ੍ਰਭੂ ਭਗਤਾਂ ਦੀ ਰੱਖਿਆ ਸਬੰਧੀ ਮਿੱਥਕ ਹਵਾਲੇ ਅਤੇ ਸੰਕੇਤ ਦੇ ਕੇ ਬ੍ਰਹਮ ਨੂੰ ਇਕ ਭਗਤ ਰੱਖਿਅਕ ਦੇ ਤੌਰ ਤੇ ਪ੍ਰਪੱਕ ਕਰਵਾਉਂਦੀ ਹੈ।

ਗੁਰੂ-ਬਾਣੀ ਮਿੱਥਾਂ ਨੂੰ ਡੀ ਕੋਡ ਕਰਦੀ ਹੋਈ ਨਵੇਂ ਸੰਰਦਭਾਂ ਨੂੰ ਪੇਸ਼ ਕਰ ਰਹੀ ਹੈ। ਮਿੱਥਾਂ ਦੀ ਸਿਰਜਣਾ, ਨਵ-ਸਿਰਜਣਾ, ਵਿਸਥਾਪਨ ਰਾਹੀਂ ਗੁਰੂ ਸਾਹਿਬ ਹਿੰਦੂ ਮਿਥਿਹਾਸ ਦੇ ਪੁਰਾਤਨ ਸੰਕਲਪਾਂ ਨੂੰ ਤੋੜ ਕੇ ਨਵੇਂ ਸੰਦਰਭਾਂ ਵਿਚ ਪੇਸ਼ ਕਰਦੇ ਹਨ। ਉਨ੍ਹਾਂ ਨੇ ਇਨ੍ਹਾਂ ਮਿੱਥ ਕਥਾਵਾਂ ਰਾਹੀਂ ਅਧਿਆਤਮਕਤਾ, ਨੈਤਿਕਤਾ, ਸਦਾਚਾਰਕਤਾ ਦਾ ਸੰਦੇਸ਼ ਦਿੱਤਾ ਹੈ। ਇਸ ਤਰ੍ਹਾਂ ਗੁਰੂ ਸਾਹਿਬ ਮਨੁੱਖ ਨੂੰ ਪਰਮ-ਮਨੁੱਖ ਅਤੇ ਸਚਿਆਰਾ ਬਣਾਉਣ ਹਿਤ ਅਤੇ ਅਧਿਆਤਮਕਤਾ ਦੇ ਡੂੰਘੇ ਅਨੁਭਵ ਨੂੰ ਮਹਿਸੂਸ ਕਰਵਾਉਣ ਵੱਲ ਰੁਚਿਤ ਹਨ।

ਇਸ ਤਰ੍ਹਾਂ ਗੁਰੂ-ਬਾਣੀ ਵਿਚਲਾ ਮਿੱਥਕ-ਪ੍ਰਬੰਧ ਮਨੁੱਖ ਨੂੰ ਸਮਾਜਿਕ ਸੇਧ ਪ੍ਰਦਾਨ ਕਰਵਾਉਣ ਦੇ ਨਾਲ-ਨਾਲ ਸਮੂਹਿਕ ਮੁਕਤੀ ਦਾ ਰਾਹ ਦਰਸਾਉਂਦਾ ਹੈ ਅਤੇ ਮੱਧਕਾਲੀ ਮਿੱਥਕ ਪ੍ਰਵਚਨਾਂ ਨੂੰ ਨਵੇਂ ਸਰੋਕਾਰਾਂ ਦੇ ਰੂ-ਬ-ਰੂ ਕਰਦਾ ਹੋਇਆ ਪਾਰਲੌਕਿਕ ਸੰਦਰਭਾਂ ਨੂੰ ਮੁਖਾਤਬ ਹੁੰਦਾ ਹੈ।

# ਪੁਸਤਕ ਸੂਚੀ

**ਪੰਜਾਬੀ:**


ਅੰਮ੍ਰਿਤਪਾਲ ਕੌਰ (ਡਾ.), *ਗੁਰਬਾਣੀ ਸੰਚਾਰ ਵਿਗਿਆਨ*, ਸਪਤ ਸਿੰਧੂ ਪਬਲੀਕੇਸ਼ਨ, ਦਿੱਲੀ, 1995

ਸਹਿਗਲ, ਮਨਮੋਹਨ (ਡਾ.), ***ਗੁਰੂ ਗ੍ਰੰਥ ਸਾਹਿਬ: ਇਕ ਸਭਿਆਚਾਰਕ ਸਰਵੇਖਣ,*** ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1989

-------, ***ਸੰਤ ਕਾਵਿ ਦਾ ਦਾਰਸ਼ਨਿਕ ਵਿਸ਼ਲੇਸ਼ਣ,*** ਸੂਰਯ ਪ੍ਰਕਾਸ਼ਨ, ਦਿੱਲੀ, 1973

ਸਤਿੰਦਰ ਸਿੰਘ (ਡਾ.), *ਗੁਰੂ ਨਾਨਕ ਕਾਵਿ ਅਧਿਐਨ*, ਬੂਟਾ ਸਿੰਘ, ਪ੍ਰਤਾਪ ਸਿੰਘ, ਅੰਮ੍ਰਿਤਸਰ, 1969

ਸਾਹਿਬ ਸਿੰਘ (ਪ੍ਰੋ.), ***ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ*** (1 ਤੋਂ 10 ਪੋਥੀਆਂ), ਰਾਜ ਪਬਲਿਸ਼ਰਜ਼, ਜਲੰਧਰ, ਮਿਤੀਹੀਣ

-------, ***ਗੁਰਬਾਣੀ ਵਿਆਕਰਣ,*** ਸਿੰਘ ਬ੍ਰਦਰਜ਼, ਅੰਮ੍ਰਿਤਸਰ, 1979

-------, ***ਗੁਰਬਾਣੀ ਤੇ ਇਤਿਹਾਸ ਬਾਰੇ ਕੁਝ ਹੋਰ ਧਾਰਮਿਕ ਲੇਖ***, ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ, ਮਿਤੀਹੀਣ

ਸੀਤਲ, ਸੋਹਣ ਸਿੰਘ, ***ਗੁਰਬਾਣੀ ਵਿਚ ਪੁਰਾਣਿਕ ਪਾਤਰ ਤੇ ਭਗਤ,*** ਭਾਈ ਚਤਰ ਸਿੰਘ, ਜੀਵਨ ਸਿੰਘ, 1986

ਸ਼ੇਰ ਸਿੰਘ (ਗਿ.), ***ਗੁਰਮਤਿ ਦਰਸ਼ਨ***, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1998

ਸੋਢੀ, ਤੇਜਾ ਸਿੰਘ, ***ਸ੍ਰੀ ਗੁਰੂ-ਬਾਣੀ ਪ੍ਰਕਾਸ਼,*** ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 1983

ਹਰਿਭਜਨ ਸਿੰਘ (ਡਾ.), *ਅਧਿਐਨ ਤੇ ਅਧਿਆਪਨ,* ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1970

-------, *ਮੁੱਲ ਤੇ ਮੁਲਾਂਕਣ*, ਆਰਤੀ ਪਬਲਿਸ਼ਰਜ਼, ਦਿੱਲੀ, 1990

ਹੀਰਾ, ਭਗਤ ਸਿੰਘ, *ਗੁਰਮਤਿ ਵਿਚਾਰਧਾਰਾ*, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1975

ਕੁਲਵੰਤ ਸਿੰਘ (ਡਾ.), *ਮਿਥ ਅਧਿਐਨ ਤੇ ਵਾਰਾਂ ਭਾਈ ਗੁਰਦਾਸ,* ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1982

-------, *ਮਿਥ ਵਿਗਿਆਨ ਤੇ ਸਾਹਿਤ,* ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1985

-------, *ਮਿਥ ਰੂਪਾਕਾਰ ਅਧਿਐਨ ਤੇ ਵਿਸ਼ਲੇਸ਼ਣ*, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2004

ਕੋਹਲੀ, ਸੁਰਿੰਦਰ ਸਿੰਘ (ਡਾ.), *ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ ਕਲਾ*, ਪੰਜਾਬ ਯੂਨੀਵਰਸਿਟੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ, 1969

ਕੌਰ ਸਿੰਘ ਅਕਾਲੀ, *ਗੁਰੂ ਸ਼ਬਦ ਰਤਨਾਕਰ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਮਿਤੀਹੀਣ

ਕੰਵਰ, ਤਰਲੋਕ ਸਿੰਘ (ਸੰਪਾ.), *ਵਿਹਾਰਕੀ, ਹਰਿਭਜਨ ਸਿੰਘ ਦਾ ਕਾਵਿ ਬੋਧ,* ਫਕੀਰ ਸਿੰਘ ਐਂਡ ਸੰਨਜ਼, ਅੰਮ੍ਰਿਤਸਰ, 1980

ਖਹਿਰਾ, ਭੁਪਿੰਦਰ ਸਿੰਘ (ਡਾ.), *ਪੰਜਾਬੀ ਮਿਥ ਕਥਾਵਾਂ ਦੀ ਚਿੰਨ੍ਹ ਜੁਗਤ,* ਪੈਪਸੂ ਬੁਕ ਡਿਪੂ, ਪਟਿਆਲਾ, ਮਿਤੀਹੀਣ

-------, *ਲੋਕਯਾਨ ਭਾਸ਼ਾ ਅਤੇ ਸਭਿਆਚਾਰ*, ਪੈਪਸੂ ਬੁੱਕ ਡਿਪੂ, ਪਟਿਆਲਾ, 1980

ਗਿਲ, ਮਹਿੰਦਰ ਕੌਰ (ਡਾ.) *ਬਾਣੀ ਚਿੰਤਨ*, ਰੱਬੀ ਪ੍ਰਕਾਸ਼ਨ, ਦਿੱਲੀ, ਮਿਤੀਹੀਣ

-------, *ਬਾਣੀ ਵਿਵੇਚਨ*, ਆਰਸੀ ਪਬਲਿਸ਼ਰਜ਼, ਦਿੱਲੀ, 1995

-------, *ਬਾਣੀ ਸਾਰ*, ਨਵਯੁਗ ਪਬਲਿਸ਼ਰਜ਼, ਦਿੱਲੀ, 1980

-------, *ਬਾਣੀ ਰੂਪ ਪ੍ਰਬੰਧ*, ਨੈਸ਼ਨਲ ਬੁਕ ਸ਼ਾਪ, ਦਿੱਲੀ, 1991

ਗੁਪਤਾ, ਸ਼ਾਂਤੀ ਨਾਥ, *ਭਾਰਤੀ ਦਰਸ਼ਨ*, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ,1971

ਗੁਰਚਰਨ ਸਿੰਘ (ਡਾ.), *ਗੁਰਬਾਣੀ ਦਾ ਰਹਾਓ ਸ਼ਾਸਤਰ*, ਵਿਵੀਅਨ ਏਕਤਾ ਪ੍ਰਕਾਸ਼ਨ, ਦਿੱਲੀ, 1979

-------, *ਬਾਣੀ-ਕੇਂਦਰ ਤੇ ਵਿਕੇਂਦਰ*, ਵਿਵੀਅਨ ਏਕਤਾ ਪ੍ਰਕਾਸ਼ਨ, ਦਿੱਲੀ, 1975

ਗੁਰਮੁਖ ਸਿੰਘ (ਡਾ.), *ਸੁਖਮਨੀ ਸਾਹਿਬ ਪ੍ਰਵਚਨ ਤੇ ਪਾਠ ਵਿਆਖਿਆ*, ਵਾਰਿਸ ਸ਼ਾਹ ਫਾਊਂਡੇਸ਼ਨ, 2004

ਜਗਬੀਰ ਸਿੰਘ (ਡਾ.), *ਗੁਰਬਾਣੀ ਵਿਸ਼ਵ-ਦ੍ਰਿਸ਼ਟੀ ਤੇ ਵਿਚਾਰਧਾਰਾ*, ਵੈਲਵਿਸ ਪਬਲਿਸ਼ਰਜ਼, ਦਿੱਲੀ, 1997

-------, *ਬਾਣੀ ਸੰਸਾਰ (ਇਕ ਵਿਸ਼ਲੇਸ਼ਣ)*, ਰਵਿੰਦਰ ਪ੍ਰਕਾਸ਼ਨ, ਦਿੱਲੀ, 1974

-------, *ਗੁਰਬਾਣੀ ਵਿਚ ਨੈਤਿਕਤਾ ਦਾ ਸੰਕਲਪ*, ਨਵਯੁਗ ਪਬਲਿਸ਼ਰਜ਼, ਦਿੱਲੀ, 1969

ਜੋਗਿੰਦਰ ਸਿੰਘ (ਡਾ.), *ਸੁਖਮਨੀ ਸਾਹਿਬ ਦਾ ਦਾਰਸ਼ਨਿਕ ਆਧਾਰ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1986

ਜੱਸੀ, ਗੁਰਸ਼ਰਨ ਕੌਰ (ਡਾ.), *ਗੁਰੂ ਨਾਨਕ ਦੀ ਕਾਵਿ ਕਲਾ*, ਮਦਾਨ ਪਬਲਿਸ਼ਰਜ਼, ਪਟਿਆਲਾ, ਮਿਤੀਹੀਣ

ਜੱਗੀ, ਰਤਨ ਸਿੰਘ (ਡਾ.), *ਵਿਚਾਰਧਾਰਾ*, ਮਦਾਨ ਪਬਲਿਸ਼ਰਜ਼, ਪਟਿਆਲਾ, 1966

-------, ***ਦਸਮ ਗ੍ਰੰਥ ਦਾ ਪੌਰਾਣਿਕ ਅਧਿਐਨ***, ਨਿਊ ਬੁੱਕ ਕੰਪਨੀ, ਜਲੰਧਰ, 1965

-------, ***ਗੁਰੂ ਨਾਨਕ ਦੀ ਵਿਚਾਰਧਾਰਾ***, ਨਵਯੁਗ ਪਬਲਿਸ਼ਰਜ਼, ਦਿੱਲੀ, 1969

ਡੌਨਸਨ ਜੌਨ, ***ਹਿੰਦੂ ਮਿਥਿਹਾਸ ਕੋਸ਼***, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1998

ਢਿਲੋਂ, ਅਮਰਜੀਤ ਸਿੰਘ (ਡਾ.), ***ਪੰਜਾਬ ਦੀ ਲੋਕਧਾਰਾ*** (ਛੇਵੀਂ ਪੰਜਾਬੀ ਵਿਕਾਸ ਕਾਨਫਰੰਸ), ਪਟਿਆਲਾ, 1989

ਤਾਰਨ ਸਿੰਘ (ਡਾ.), ***ਗੁਰੂ ਨਾਨਕ ਚਿੰਤਨ ਤੇ ਕਲਾ***, ਨਿਉ ਬੁਕ ਕੰਪਨੀ, ਜਲੰਧਰ, 1969

-------, ***ਨੇਮ ਤੇ ਪ੍ਰੇਮ***, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1964

-------, ***ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ***, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1963

ਥਿੰਦ, ਕਰਨੈਲ ਸਿੰਘ (ਡਾ.), ***ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ***, ਜੀਵਨ ਮੰਦਿਰ ਪ੍ਰਕਾਸ਼ਨ, ਅੰਮ੍ਰਿਤਸਰ, 1973

-------, ***ਲੋਕਯਾਨ ਅਧਿਐਨ***, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1979

ਦਰਸ਼ਨ ਸਿੰਘ (ਡਾ.), ***ਗੁਰੂ ਨਾਨਕ ਬਾਣੀ ਸੰਚਾਰ ਜੁਗਤਾਂ***, ਪੰਜਾਬੀ ਅਕਾਦਮੀ, ਦਿੱਲੀ, 1992

-------, *ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ,* ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀਹੀਣ

ਦਿਲ, ਬਲਬੀਰ ਸਿੰਘ (ਡਾ.), *ਅਮਰ ਕਵੀ ਗੁਰੂ ਅਮਰਦਾਸ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1992

ਦੀਵਾਨ ਸਿੰਘ (ਡਾ.), *ਫਰੀਦ ਦਰਸ਼ਨ*, ਆਰਸ਼ੀ ਪਬਲਿਸ਼ਰਜ਼, ਨਵੀਂ ਦਿੱਲੀ, ਮਿਤੀਹੀਣ

ਨਾਭਾ, ਕਾਨ੍ਹ ਸਿੰਘ (ਭਾਈ), *ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1999

-------, *ਗੁਰਮੱਤ ਪ੍ਰਭਾਕਰ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1962

ਨਾਹਰ ਸਿੰਘ (ਡਾ.), *ਲੋਕ ਕਾਵਿ ਦੀ ਸਿਰਜਨ ਪ੍ਰਕਿਰਿਆ*, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2006

ਪਦਮ, ਪਿਆਰਾ ਸਿੰਘ ਤੇ ਹੋਰ (ਸੰਪਾ.), *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969

--------, *ਗੁਰੂ ਗ੍ਰੰਥ ਵਿਚਾਰ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969

ਪ੍ਰੀਤਮ ਸਿੰਘ (ਸੰਪਾ.), *ਸਿੱਖ ਫਲਸਫੇ ਦੀ ਰੂਪ ਰੇਖਾ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2000

-------, *ਗੁਰੂ ਨਾਨਕ ਦੀ ਨਿਰਗੁਣਧਾਰਾ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1973

ਪ੍ਰਤਾਪ ਸਿੰਘ (ਗਿ.), *ਗੁਰਮਤਿ ਫਿਲਾਸਫੀ*, ਖਾਲਸਾ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ, 1975

ਪ੍ਰੇਮ ਪ੍ਰਕਾਸ਼ ਸਿੰਘ (ਡਾ.), *ਗੁਰੂ ਨਾਨਕ ਤੇ ਨਿਰਗੁਣਧਾਰਾ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1973

ਬਲਕਾਰ ਸਿੰਘ (ਡਾ.), *ਸਿੱਖ ਧਰਮ ਚਿੰਤਨ ਵਿਚ ਭਗਤੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998

ਬਾਜਵਾ, ਮਲਕੀਤ ਸਿੰਘ (ਡਾ.), *ਗੁਰੂ ਅਰਜਨ ਬਾਣੀ ਤੇ ਸਰੋਦਿਕਤਾ,* ਸੁਰਤਾਲ ਪ੍ਰਕਾਸ਼ਨ, ਜਲੰਧਰ, 1990

-------, *ਮੱਧਕਾਲੀ ਪੰਜਾਬੀ ਕਾਵਿ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005

ਬੇਦੀ, ਸੋਹਿੰਦਰ ਸਿੰਘ (ਡਾ.), *ਗੁਰੂ ਨਾਨਕ ਤੇ ਲੋਕ ਪ੍ਰਵਾਹ,* ਨੈਸ਼ਨਲ ਬੁੱਕ ਸ਼ਾਪ, ਦਿੱਲੀ, 1971

-------, *ਗੁਰੂ ਅਰਜਨ ਬਾਣੀ ਵਿਚ ਲੋਕ ਤੱਤ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1971

-------, *ਮੱਧਕਾਲੀਨ ਪੰਜਾਬੀ ਕਥਾ ਰੂਪ ਤੇ ਪਰੰਪਰਾ,* ਪਰੰਪਰਾ ਪ੍ਰਕਾਸ਼ਨ, ਨਵੀਂ ਦਿੱਲੀ, 1977

-------, *ਲੋਕ ਤੱਤ ਤੇ ਗੁਰੂ ਨਾਨਕ*, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1983

-------, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼* (ਜਿਲਦ ਪਹਿਲੀ ਤੋਂ ਅੱਠਵੀਂ ਤੱਕ), ਲੋਕ ਪ੍ਰਕਾਸ਼ਨ, ਨਵੀਂ ਦਿੱਲੀ, 1978

ਬੇਦੀ, ਕਾਲਾ ਸਿੰਘ (ਡਾ.), *ਗੁਰੂ ਨਾਨਕ ਸ਼ਬਦ ਰਤਨਾਕਰ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਮਿਤੀਹੀਣ

ਬੇਦੀ, ਭਗਤ ਸਿੰਘ (ਡਾ.), *ਮਧਕਾਲੀਨ ਸਾਹਿਤਕ ਪ੍ਰਵਿਰਤੀਆਂ*, ਮਦਾਨ ਪਬਲਿਸ਼ਰਜ਼, ਪਟਿਆਲਾ, ਮਿਤੀਹੀਣ

ਮਨਜੀਤ ਸਿੰਘ (ਡਾ.), *ਜਨਮ ਸਾਖੀ/ਮਿਥ ਵਿਗਿਆਨ,* ਪ੍ਰਿੰਸ ਸਾਹਿਤ ਪ੍ਰਕਾਸ਼ਨ, 1982

-------, *ਮਿਥ ਵਿਗਿਆਨ*, ਪੰਜਾਬ ਸਟੇਟ ਯੂਨੀਵਰਸਿਟੀ, ਟੈਕਸਟ ਬੁੱਕ ਬੋਰਡ, ਚੰਡੀਗੜ੍ਹ, ਮਿਤੀਹੀਣ

ਮਨਮੋਹਨ ਸਿੰਘ (ਡਾ.), *ਗੁਰਮਤਿ ਕਾਵਿ ਵਿਸ਼ਾ ਤੇ ਰੂਪ*, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਮਿਤੀਹੀਣ

ਮਨਮੋਹਨ ਸਿੰਘ, *ਦਸਮ ਗ੍ਰੰਥ ਵਿਚ ਮਿੱਥ ਰੂਪਾਂਤਰਣ*, ਸਿੰਘ ਬ੍ਰਦਰਜ, ਅੰਮ੍ਰਿਤਸਰ, ਮਿਤੀਹੀਣ

ਮਾਸਟਰ, ਮਹਿਤਾਬ ਸਿੰਘ, *ਨਾਵਾਂ ਤੇ ਥਾਵਾਂ ਦਾ ਕੋਸ਼*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1995

ਮੁਖਬੈਨ ਸਿੰਘ, *ਮਿਥ, ਦਰਸ਼ਨ ਤੇ ਚਿਹਨ ਸ਼ਾਸਤਰ*, ਰਵੀ ਸਾਹਿਤ ਪ੍ਰਕਾਸ਼ਨ, 2006

**ਹਿੰਦੀ ਪੁਸਤਕਾਂ:**

ਉਪਾਧਿਆਏ, ਬਲਦੇਵ (ਡਾ.), *ਭਾਰਤੀ ਦਰਸ਼ਨ*, ਬਨਾਰਸ ਪ੍ਰੈਸ, ਬਨਾਰਸ 1954

-------, *ਧਰਮ ਔਰ ਦਰਸ਼ਨ*, ਵਾਰਾਨਸੀ, ਸਾਰਦਾ ਮੰਦਰ, 1961

ਉਮੇਸ਼ ਮਿਸ਼ਰ (ਡਾ.), *ਭਾਰਤੀ ਦਰਸ਼ਨ*, ਹਿੰਦੀ ਸੰਮਤੀ, 1958

ਊਸ਼ਾ ਪੁਰੀ ਵਿਦਿਆਚਸਪਤ, *ਭਾਰਤੀਅ ਮਿੱਥਕ ਕੋਸ਼*, ਸਰਸਵਤੀ ਪ੍ਰਿੰਟਿੰਗ ਪ੍ਰੈਸ, 2004

ਸਹਿਗਲ, ਮਨਮੋਹਨ (ਡਾ.), *ਗੁਰੂ ਗ੍ਰੰਥ ਸਾਹਿਬ ਏਕ ਸੰਸਕ੍ਰਿਤਕ ਸਰਵੇਖਣ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971

ਸਤ੍ਰੇਂਦ੍ਰ (ਡਾ.), *ਮੱਧਕਾਲੀਨ ਹਿੰਦੀ ਸਾਹਿਤਯ ਕਾ ਲੋਕਤਾਤਵਿਕ ਅਧਿਐਨ*, ਵਿਨੋਦ ਪੁਸਤਕ, ਮੰਦਰ ਆਗਰਾ, 1960

ਸੁਧਾ ਸਕਸੈਨਾ (ਡਾ.), *ਜਾਇਸੀ ਕੀ ਬਿੰਬ ਯੋਜਨਾ*, ਵਾਰਨਸੀ ਪ੍ਰੈਸ, ਮਿਤੀਹੀਣ

ਸਰਵਪਾਲੀ ਰਾਧਾ ਕ੍ਰਿਸ਼ਨਨ (ਡਾ.), *ਭਾਰਤੀ ਦਰਸ਼ਨ*, ਕਾਸ਼ੀ ਸਾਰਕਾ ਮੰਦਰ, 1960

ਗੀਤਾ ਪ੍ਰੈਸ, *ਸ੍ਰੀ ਮਦਭਗਵਤ ਗੀਤਾ*, ਗੀਤਾ ਪੈਸ, ਗੋਰਖਪੁਰ, ਮਿਤੀਹੀਣ

-------, *ਭਗਵਤ ਪੁਰਾਣ,* ਗੀਤਾ ਪ੍ਰੈਸ, ਗੋਰਖਪੁਰ

-------, *ਤੈਰਿਤਯ ਉਪਨਿਸ਼ਦ*, ਗੀਤਾ ਪ੍ਰੈਸ, ਗੋਰਖਪੁਰ, ਮਿਤੀਹੀਣ

-------, *ਛਾਂਦੋਗ ਉਪਨਿਸ਼ਦ*, ਗੀਤਾ ਪ੍ਰੈਸ, ਗੋਰਖਪੁਰ, ਮਿਤੀਹੀਣ

-------, *ਬ੍ਰਹਮ ਉਪਨਿਸ਼ਦ*, ਗੀਤਾ ਪ੍ਰੈਸ, ਗੋਰਖਪੁਰ, ਮਿਤੀਹੀਣ

-------, *ਕੇਨ ਉਪਨਿਸ਼ਦ,* ਗੀਤਾ ਪ੍ਰੈਸ, ਗੋਰਖਪੁਰ, ਮਿਤੀਹੀਣ

-------, *ਬ੍ਰਹਦਾਰਵਕ ਉਪਨਿਸ਼ਦ*, ਗੀਤਾ ਪ੍ਰੈਸ, ਗੋਰਖਪੁਰ, ਮਿਤੀਹੀਣ

-------, *ਐਤਰੀਯ ਉਪਨਿਸ਼ਦ*, ਗੀਤਾ ਪ੍ਰੈਸ, ਗੋਰਖਪੁਰ, ਮਿਤੀਹੀਣ

ਗੋਬਿੰਦ ਤ੍ਰਿਗੁਣਾਇਤ (ਡਾ.) , *ਹਿੰਦੀ ਕੀ ਨਿਰਗੁਣ ਕਾਵਿ ਧਾਰਾ ਔਰ ਉਸ ਕੀ ਦਾਰਸ਼ਨਿਕ ਪ੍ਰਿਸ਼ਠਭੂਮੀ,* ਸਾਹਿਤ ਨਿਕੇਤਨ, ਕਾਨਪੁਰ, ਮਿਤੀਹੀਣ

ਚਟੋਪਾਇਆਇ, ਸਤੀਸ਼ ਚੰਦਰ (ਡਾ.), *ਭਾਰਤੀ ਦਰਸ਼ਨ*, ਪਟਨਾ ਪ੍ਰੈਸ, ਪਟਨਾ, 1961

ਜਯ ਰਾਮ ਮਿਸ਼ਰ (ਡਾ.), *ਸ੍ਰੀ ਗੁਰੂ ਗ੍ਰੰਥ ਦਰਸ਼ਨ*, ਸਾਹਿਤਯ ਭਵਨ, ਇਲਾਹਾਬਾਦ, 1960

ਜੱਗੀ, ਰਤਨ ਸਿੰਘ (ਡਾ.), *ਗੁਰੂ ਨਾਨਕ ਕ੍ਰਿਤੱਤਵ, ਵਿਅਕਤੀਤਵ ਔਰ ਚਿੰਤਨ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1975

ਦਵਿੰਦਰ ਕੁਮਾਰੀ ਮਹਿੰਦਰੂ (ਸੰਪਾ.), *ਭਗਤੀ ਕਾਲ ਕੀ ਸੰਪਰਦਾਇਕ ਭਾਵਨਾ,* ਵਾਰਾਨਸੀ ਪ੍ਰੈਸ, ਵਾਰਨਸੀ, ਮਿਤੀਹੀਣ

ਨਗੇਂਦਰ (ਡਾ.), *ਮਿਥ ਔਰ ਸਾਹਿਤਯ,* ਨੈਸ਼ਨਲ ਪਬਲਿਸਿੰਗ ਹਾਊਸ, ਨਵੀਂ ਦਿੱਲੀ, 1979

ਪਲਵ ਸ੍ਰੀ ਸੁਮਿਤ੍ਰ ਨੰਦਨ ਪੰਤ, *ਪ੍ਰਵੇਸ,* ਵਾਰਾਨਸੀ ਪ੍ਰੈਸ, ਵਾਰਨਸੀ, ਮਿਤੀਹੀਣ

ਪ੍ਰਸਾਦਿ ਕਾਲਕਾ ਤੇ ਹੋਰ (ਸੰਪਾ.), *ਗਿਆਨ ਮੰਡਲ*, ਵਾਰਨਾਸੀ, 1997

ਬੜਥਵਾਲ ਪੀਤਾਂਬਰ ਦੱਤ, *ਗੋਰਖ ਬਾਣੀ*, ਹਿੰਦੀ ਸਾਹਿਤ ਸਮਲੇਨ ਪ੍ਰਯਾ, 1945

ਬਾਹਰੀ, ਹਰਦੇਵ (ਡਾ.), *ਬ੍ਰਹਤ ਅੰਗਰੇਜ਼ੀ-ਹਿੰਦੀ ਕੋਸ਼*, ਗਿਆਨ ਮੰਡਲ ਲਿ. ਬਿਕਰਮ ਭਵਨ, ਵਾਰਨਸੀ, 1997

ਭਾਰਤੀ ਧਰਮਵੀਰ (ਡਾ.), *ਹਿੰਦੀ ਸਾਹਿਤ ਕੋਸ਼*, ਗਿਆਨ ਮੰਡਲ, ਵਾਰਾਨਸੀ, ਮਿਤੀਹੀਣ

ਮਿਸ੍ਰ, ਜੈ ਰਾਮ (ਡਾ.), *ਨਾਨਕ ਬਾਣੀ,* ਮਿਤ੍ਰ ਪ੍ਰਕਾਸ਼ਨ, ਦਿੱਲੀ 1961

------, *ਗੁਰੂ ਗ੍ਰੰਥ ਦਰਸ਼ਨ,* ਸਾਹਿਤ ਭਵਨ, ਅੰਮ੍ਰਿਤਸਰ, 1960

ਰਾਓ ਚੰਦਰ ਦੇਵ (ਡਾ.), *ਕਬੀਰ ਔਰ ਰੈਦਾਸ ਇਕ ਤੁਲਨਾਤਮਕ ਅਧਿਐਨ,* ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ, ਮਿਤੀਹੀਣ

ਵਿਲਖੂ, ਸੁਰੈਣ ਸਿੰਘ (ਡਾ.), *ਆਦਿ ਗ੍ਰੰਥ ਕੇ ਪਰੰਪਰਾਗਤ ਤੱਤਵੋਂ ਕਾ ਅਧਿਐਨ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ

ENGLISH BOOKS:

Barthes, Roland, *Image Music Text* (tr.) by Stephen Health, Fontana,Colilns, 1977

-------------, *Mythologies,* Granada, Publishing Limited, Paladin, 1979

Bloomfield Morton W. ed., *The Interpretation of Narrative: Theory and Practice*, Horvard University Press, Cambridge, 1970

Cassirer, Ernst, *An Eassy on Man (An Introduction to a Philosophy of Human Culture),* New Haven Yale University Press, USA, 1945

------------, *Language and Myth,* Translated by Susanne K. Langer, Dover Publications Inc., 1946

Campbell Joseph, *The Masks of God Vol. I,* Primitive Mythology A Conder Books, Cambridge, H.U.P., 1973

Durkheim, Emile, *Elementary Form of Religious Life*, New York, 1915

Eliade, Mircea, *The Quest,* The University of Chicago Press, Chicago, 1969

-------------, *Myth and Reality*, London, George Allen and Unwin Ltd., Ruskin House Museum Street, 1963

------------, *Myths, Dreams & Mysteries*, The Fontana Library of Theology and Philosophy, 1976

Ellmann, Richard and Feidelson (ed.), *The Modern Tradition*, Oxford University Press, New York, 1965

Freud, Sigmund, *New Inrtroductory Lectures on Psycho-analysis,* W.W. Norton & Company Inc., New York, 1933

-------------, *Creative Writers and Day-Dreaming in the Standard Edition of the Psychological Works of Sigmund Freud*, ed James Strachey, Vol. IX London, Hogorth, 1974

Frye, Northrop, *Anatomy of Criticism*, Princeton University Press, Princeton, 1973

---------------, *The Secular Scripture*, Harvard University Press, Cambridge Massachuretts and London, 1976

Guiraud, Pierre, ***Appreciation of Poetry***, Routledge and Kegan Paul, London, 1995

Greenless, Duncan, ***The Gospel of Islam***, XXXIII, The Theosophical Society, 1960

Harbans Singh, ***Guru Nanak and the Origins of Sikh Faith***, Asia Publishing House, 1969

Hawkes, Terence, ***Structuralism and Semiotics***, Methuen and Co., Ltd., 1977

Handy William, J. and West Book, ***Twentieth Century Criticism, Light & Life***, Publishers, New Delhi, 1974

Jung, Carl,G., ***The Modern man in Search of A Soul***, Kegan Paul, Trench, Trubner & Co. Ltd., London, 1933

--------------, ***The Archetypes and the Collective Unconscious,*** Routledge & Kegan Paul, Lonodn, 1959

---------------, ***Four Archetypes*** (tr. by R.F.C. Hull) Routledge and Kegan Paul, London, 1972

Kirk, G.S., ***Myth-Its Meaning and Functions in Ancient and other Cultures,*** University of California Press, Berkeley, 1970,

Kith, A.B., ***History of Sanskrit Literature***, Moti das Banarsi Das, Delhi, 1979

Langer, Susanne K., ***Philosophy in a New Key***, Sixth Printing of the third Ed., Harvard University Press, 1971

Kohli, S.S. (Dr.), *Outline of Sikh Thought,* Punjabi Prakashk ., New Delhi-5, 1966

----------, *Philosophy of Guru Nanak*, Banarsi Dass, Moti Das, 1970

Levi-Strauss, Claude, *The Savage Mind*, The University of Chicago Press, Chicago, 1968

-----------, *Structural Anthropology,* Allen Lane, The Penguin Press, 1969

-----------, *Myth and Meaning*, Routledge and Kegan Paul, London and Henley, 1978

Mcleod, W.H., *The Evolution of the Sikh Community,* Oxford University Press, Delhi-6, 1975

Majumdar, R.C. *Advance History of India*, Macmillin, London, 1967

Matitra S.K., *The Ethic of Hindu*, Moti Das, Banarsi Das, Delhi, 1971

Muller,Max, F., *Lectures on the Science of Language*, Second Series, Longman, Robers & Green, London, 1864

----------, *Science of Thought,* The Open Court Publishing Company, Chicago, 1909

-----------, *The Science of Language*, Munshi Lal and Manohar Lal, Nai Sarak, Delhi-6, 1965

Panov,Victor, G., *Emotions Myth & Theories* (Tr.) by H. Campbell Creighton), Progress Pulication, Moscow, 1976

Radha Krishanan, Sarvpally (Dr.), *Indian Philosophy*, Vol. I, Macmillon Co. George Allen & Unwin Ltd., 1935

Rolo Mays (Ed.), *Symbolism in Religion & Literature,* Yale University Press, New Harven, London,, 1977

Raj Nath (Ed.), *Twentieth Century American Criticism*, Arnold Heinamann Publication (Indian), 1977

Tirlochan Singh, *Sikhism, Theology Concept of Sikhism*, Sikh University Press, 1971

Wellek, Rene & Warren, Austin, *Theory of Literature,* Jonathan Cape Thirty Badford Square, London, 1955

Wilkins, W.J, *Hindu Mythology Vedic & Puranic*, Rupa & Co., Delhi, 1975

Wordsworth, *Poetry in the Image of man and Culture,* Cambridge, H.V.P., 1964

**DICTIONARIES**

*A Dictionary of Literary Terms*, J.A., Cuddon, Indian Book Company, Andre Deutsch, 1977

*A Dictionary of World Literary Terms*, (ed.), Joseph T. Shipley, The Writer, Inc., Boston, 1970

*Literary Terms - A Dictionary*, Karl Beckson and Arthur Ganz Farrar, Straus and Giroux, New York, 1977

*A Sanskrit English Dictionary*, Laknow Akhila Bharti Sanskrit Parishad, 1957

*Oxford English Dictionary,* Oxford Clarendon Press, 1989

*Standard Dictionary of Folklore*, Mythology & Legend, Funk Wagnalls, New English Library, London, 1975

*The Progressive English Dictionary*, Amsterdam North Holand, 1975

*Webster New World Dictionary*, eleveland Collins World, 1973

**ENCYCLOPEDIAS:**

***Encyclopedia Britannica,*** Vol. 15, Encyclopedia Britannica, Inc., U.S.A., 1971

***Encycyclopedia Americana***, Grolier Incorporated, Danbury, 1995

***Encyclopedia of Religion and Ethics***, James Hastings, (Ed. Vol. 2, 7, 8,9, Charles, Scribner's Sons, New York,

***Encyclopedia of the Social Sciences***, Edwin R.A. Seligman (Ed.), Vol. II, The Macmillan Company, New York, 1935

***International Encycolopedia of the Social Sciences***, Free Press, New York, 1979

**ਫੁਟਕਲ ਸਹਾਇਕ ਪੁਸਤਕਾਂ:**

*ਰਿਗਵੇਦ*

*ਅਰਥਵਵੇਦ*

*ਯਜੁਰਵੇਦ*

**ਖੋਜ ਨਿਬੰਧ ਐਮ. ਫਿਲ./ਪੀ-ਐਚ. ਡੀ.**

ਸੰਧੂ, ਗੁਰਦੀਪ ਸਿੰਘ, *ਗੁਰੂ ਨਾਨਕ ਰਚਿਤ ਵਾਰਾਂ ਦਾ ਲੋਕਯਾਨਿਕ ਅਧਿਐਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984 (ਐਮ. ਫਿਲ.)

ਹਰਜਿੰਦਰ ਕੌਰ, *ਆਸ਼ਾ ਦੀ ਵਾਰ ਵਿਚ ਲੋਕ ਤੱਤ, ਜੰਮੂ ਯੂਨੀਵਰਸਿਟੀ, ਜੰਮੂ, 1982-83 (ਐਮ. ਫਿਲ.)*

***Sushil Kaur,*** ***A Study of Historical, Biographical & Mathalogical Names, Places & Events in Guru Granth Sahib in Medieval Culture,*** Guru Nanak Dev University, Amritsar (Ph.D)

ਸੁਰਜੀਤ ਸਿੰਘ, ***ਨਾਨਕ ਬਾਣੀ ਵਿਚ ਲੋਕਧਾਰਾਈ ਸਮਗਰੀ ਦਾ ਰੂਪਾਂਤਰਣ***, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1990 (ਪੀ-ਐਚ. ਡੀ.)

ਹਰਜਿੰਦਰ ਕੌਰ, ***ਗੁਰੂ ਨਾਨਕ ਵਾਰਾਂ ਦਾ ਲੋਕਤਾਤਵਿਕ ਅਧਿਐਨ***, ਜੰਮੂ ਯੂਨੀਵਰਸਿਟੀ, ਜੰਮੂ, 1987 (ਪੀ-ਐਚ. ਡੀ.)

ਬਰਾੜ, ਬਲਵਿੰਦਰ ਕੌਰ, ***ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਲੋਕਤਾਤਵਿਕ ਅਧਿਐਨ***, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਬਲਜਿੰਦਰ ਕੌਰ, ***ਗੁਰੂ ਗ੍ਰੰਥ ਸਾਹਿਬ ਵਿਚ ਆਏ ਧਾਰਮਿਕ ਹਸਤੀਆਂ ਦੇ ਗੁਣਨਾਤਮਕ ਨਾਵਾਂ ਦਾ ਅਧਿਐਨ***, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ (ਪੀ-ਐਚ.ਡੀ.)

ਮਹੀਪਿੰਦਰ ਕੌਰ, ***ਗੁਰੂ ਨਾਨਕ ਬਾਣੀ ਵਿਚ ਮਿੱਥ ਅਤੇ ਸੰਕੇਤਾਂ ਦੀ ਪੇਸ਼ਕਾਰੀ***, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ (ਪੀ-ਐਚ. ਡੀ.)

**ਸਹਾਇਕ ਪੱਤਰਕਾਵਾਂ:**

***ਸਮਦਰਸ਼ੀ***, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਿਵਸ਼ ਨੂੰ ਸਮਰਪਤ ਵਿਸ਼ੇਸ਼ ਅੰਕ (ਫਰਵਰੀ-ਮਾਰਚ 2004)

***ਪੰਜਾਬੀ ਦੁਨੀਆਂ***: ਗੁਰਮਤਿ ਕਾਵਿ ਸਾਹਿਤ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970

***ਪੰਜਾਬੀ ਦੁਨੀਆਂ***: ਨਿਰਗੁਣ ਕਾਵਿ ਅੰਕ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1979

***ਪੰਜਾਬੀ ਦੁਨੀਆਂ***: ਭਗਤੀ ਕਾਵਿ ਅੰਕ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ,1970

***ਪੰਜਾਬੀ ਦੁਨੀਆਂ***: ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ,

***ਖੋਜ ਦਰਪਣ***, ਲੋਕਧਾਰਾ ਵਿਸ਼ੇਸ਼ ਅੰਕ, 1978

P. U. LIBRARY CHANDIGARH

691984